THIRD COP''

# The ltry of Dr. Bhai Vir Singh

A Thesis
submitted for the Degree of
Doctor of Philosophy

to

**Panjab University**

in

**April, 1969.**

*Supervised by :*

DR. R. L. AHUJA
*M. A., Ph D.*
Principal,
D. A. V. College ιcation.
Hoshiarpur ( Panj:

*Submitted by :*

GURCHARAN SINGH MEHTA
*Lecturer in Panjabi*
M. L. National College,
Yamuna Nagar.
( Ambala )

# ਪ੍ਰਸਤਾਵਨਾ

ਡਾਕਟਰ ਭਾਈ ਵੀਰ ਸਿੰਘ ਜੀ ਵਰਤਮਾਨ ਕਾਲ ਦੇ ਪ੍ਰਮੁੱਖ ਪੰਜਾਬੀ ਕਵੀ ਤੇ ਯੁਗ-ਪੁਰਸ਼ ਹਨ, ਜਿਨ੍ਹਾਂ ਨੂੰ ਭਾਰਤ ਦੇ ਪ੍ਰਸਿੱਧ ਵਿਦਵਾਨ ਅਤੇ ਭੂਤ-ਪੂਰਵ ਰਾਸ਼ਟਰਪਤੀ ਡਾਕਟਰ ਰਾਧਾ-ਕ੍ਰਿਸ਼ਨਨ ਭਾਰਤ ਦੀ ਸਨਾਤਨੀ ਵਿਦਵਤਾ ਦਾ ਪ੍ਰਤਿਨਿਧ,[1] ਡਾਕਟਰ ਮੁਲਕ ਰਾਜ ਅਨੰਦ ਨੇ ਕ੍ਰਿਤ-ਤਰੰਗਾਂ ਜੀਵਨ ਤੇ ਵਿਸ਼ਵ ਦੇ ਸਮਤੋਲ ਦਾ ਆਧਾਰ ਮੰਨਣ ਵਾਲੇ ਪੰਜਾਬੀ ਸਾਹਿਤ ਦੇ ਕੋਲੋਸਸ[2] ( ), ਹਰਿੰਦਰ ਨਾਥ ਚਟੋਪਾਧਿਆਏ ਨੇ ਪੰਜਾਂ ਦਰਿਆਵਾਂ ਦੀ ਧਰਤੀ ਦੇ ਛੇਵੇਂ ਦਰਿਆ[3] ਅਤੇ ਡਾ. ਮੋਹਨ ਸਿੰਘ ਦੀਵਾਨਾ ਨੇ ਸਿੱਖ ਨਵ-ਚੇਤਨਤਾ ਦੇ ਥੰਮ੍ਹ ਜੋ ਆਪਣੇ ਜੀਵਨ, ਕਵਿਤਾ ਤੇ ਗਲਪ ਰਾਹੀਂ ਬਹੁਤ ਜਿਗਿਆਸੂਆਂ ਨੂੰ ਜੀਵਨ-ਸੇਧ ਦਾ ਕੇ ਪ੍ਰੇਰਿਤ ਕਰਨ ਵਾਲੇ ਅਤੇ ਪੰਜਾਬੀ ਸਾਹਿਤ ਨੂੰ ਨਵੇਂ ਮਾਰਗਾਂ ਤੇ ਤੋਰਨ ਵਾਲੇ ਮੰਨਿਆ ਹੈ।[4] ਉਨ੍ਹਾਂ ਦੇ ਅਦੁੱਤੀ ਕਾਵਿ ਭੰਡਾਰ ਦਾ ਅਧਿਐਨ ਕਰਨ ਤੇ ਸਾਡੇ ਹੱਥ- ਵਿਚਾਰ ਦੀ ਪ੍ਰਾਪਤੀ ਹੁੰਦੀ ਹੈ। ਉਨ੍ਹਾਂ ਦੇ ਕਾਵਿ ਦਾ ਸਾਹਿਤਿਕ ਹੀ ਨਹੀਂ, ਇਤਿਹਾਸਿਕ ਮਹੱਤਵ ਹੈ।

ਭਾਈ ਸਾਹਿਬ ਵਰਗੀ ਮਹਾਨ ਹਸਤੀ ਅਤੇ ਉਨ੍ਹਾਂ ਦੇ ਕਾਵਿ ਨਾਲ ਸੰਬੰਧ ਰੱਖਣ ਵਾਲੇ ਆਲੋਚਨਾਤਮਕ ਸਾਹਿਤ ਦਾ ਰੂਪ ਵਿਚ ਅਧੂਰਾ ਮੁਕਾਬਲਾ ਹੈ। ਅਨੇਕ ਸ਼ਰਧਾਲੂ ਪਾਠਕਾਂ, ਪ੍ਰੇਮੀਆਂ ਅਤੇ ਆਲੋਚਕਾਂ ਭਾਈ ਸਾਹਿਬ ਦੇ ਕਾਵਿ ਸੰਬੰਧੀ ਸਮੀਖਿਆਤਮਕ ਨਿਬੰਧ ਅਤੇ ਪੁਸਤਕਾਂ ਲਿਖੀਆਂ ਹਨ, ਪਰ ਹੁਣ ਤਕ ਜੋ ਕੁਝ ਲਿਖਿਆ ਗਿਆ ਹੈ, ਉਹ ਬਹੁਤ ਥੋੜ੍ਹਾ ਅਤੇ ਭਾਈ ਸਾਹਿਬ ਦੇ ਕਾਵਿ-ਕਿਰਤਿਤਾਂ ਦੇ ਕਾਰਜ ਦੇ ਮਹੱਤਵ ਨੂੰ ਵੇਖਦਿਆਂ ਬੜਾ ਸੀਮਤ ਹੈ। ਸਭ ਤੋਂ ਪਹਿਲਾਂ ਤਾਂ ਜੋ ਆਲੋਚਨਾ ਵਾਲੀ ਪੁਸਤਕਾਂ ਦੇ ਕਾਵਿ ਸੰਬੰਧੀ ਹੋਈ ਹੈ, ਉਹ ਵਧੇਰੇ ਉਨ੍ਹਾਂ ਦੇ ਕੁਝ ਕਾਵਿ ਨੂੰ ਮੁੱਖ ਰੱਖ ਕੇ ਕੀਤੀ

---

1. " Bhai Vir Singh is one of those representative Indian deriving inspiration from the classical wisdom of our land and living it before our eyes." (Dr. S. Radhakrishnan, Bhai Vir Singh Abhinandhan Granth, P. IX )

2." I have never forgotton some of the lessons taught to us by this Colossus of Modern Punjabi Literature who is Bhai Vir Singh. Creative passion, both for its own sake and for a life purpose is the very core of that rhythm through which the world is sustained and balanced inspite of all its chaos, he says." ( Dr. Mulk Raj Anand, ibid, P. 111 )

3." In the Land of Five Rivers, Bhai Vir Singh may well be said to be the sixth; for he has always been known to his people as a river of culture and learning." ( Harindra Nath Chattopadhya, ibid, P. 171 )

4." The first (Bhai Vir Singh) is a pillar of Sikh Revivalism. Contact with his person, poetry and fiction has meant deep inspiration and a turning point in life to many. He has pioneered Punjabi Literature along many untrodden paths."
( Dr. Mohan Singh Diwana, A History of Punjabi Literature
Second Edition, 1956 )

ਕਈ ਪੁਸਤਕਾਂ ਜਾਂ ਛੋਟੀਆਂ ਪੋਥੀਆਂ ਦੇ ਰੂਪ ਵਿਚ ਪ੍ਰਕਾਸ਼ਿਤ ਹੋ ਚੁੱਕਾ ਹੈ। ਪਰ ਭਾਈ ਸਾਹਿਬ ਦੀਆਂ ਕੁਲ 354 ਕਵਿਤਾਵਾਂ ਐਸੀਆਂ ਹਨ ਜੋ 'ਖ਼ਾਲਸਾ ਸਮਾਚਾਰ' ਵਿਚ ਪ੍ਰਕਾਸ਼ਿਤ ਮਿਲਦੀਆਂ ਹਨ ਅਤੇ ਹੁਣ ਤਕ ਪੁਸਤਕ-ਆਕਾਰ ਵਿਚ ਸੰਗ੍ਰਹਿਤ ਨਹੀਂ ਹੋਈਆਂ। ਭਾਈ ਸਾਹਿਬ ਦੇ ਕਾਵਿ ਦੀ ਸੰਪੂਰਣ ਦੇਣ ਲੱਭਣ ਲਈ ਇਨ੍ਹਾਂ 'ਖ਼ਾਲਸਾ ਸਮਾਚਾਰ' ਵਿਚ ਛਪੀਆਂ ਅਸੰਗ੍ਰਹਿਤ ਕਵਿਤਾਵਾਂ ਨੂੰ ਦ੍ਰਿਸ਼ਟੀਗੋਚਰ ਕਰਨਾ ਜ਼ਰੂਰੀ ਹੈ। ਉਨ੍ਹਾਂ ਦਾ ਸਾਰਾ ਕਾਵਿ ਜੋ ਸੰਗ੍ਰਹਿਤ ਤੇ ਅਸੰਗ੍ਰਹਿਤ ਰੂਪ ਵਿਚ ਮਿਲਦਾ ਹੈ, ਦੀ ਵਿਸ਼ੁੱਧ ਰੂਪ ਵਿਵੇਚਨਾ ਦੀ ਲੋੜ ਹਾਲੀ ਤਕ ਬਣੀ ਰਹੀ ਹੈ। ਉਨ੍ਹਾਂ ਦੇ ਕਾਵਿ ਬਾਰੇ ਜੋ ਆਲੋਚਨਾ ਹੁਣ ਤਕ ਹੋਈ ਹੈ, ਉਸ ਦੁਆਰਾ ਭਾਈ ਸਾਹਿਬ ਦੇ ਕਾਵਿ ਦੇ ਕਈ ਮਹੱਤਵ-ਪੂਰਨ ਤੱਤਾਂ ਦਾ ਉਲੇਖ ਜ਼ਰੂਰ ਹੋਇਆ ਹੈ ਇਸ ਵਿਚ ਕੁਝ ਸਮੀਖਿਆ ਨਿਰੋਲ ਸ਼ਰਧਾਲੂ ਬਿਰਤੀ ਤੋਂ ਹੋਈ ਹੈ ਅਤੇ ਕੁਝ ਵਧੇਰੇ ਪੂਰਵ-ਨਿਸ਼ਚਿਤ ਪ੍ਰਗਤੀਵਾਦੀ ਤੱਥਾਂ ਦੇ ਆਧਾਰ ਤੇ, ਜਿਸ ਕਰਕੇ ਉਨ੍ਹਾਂ ਦੇ ਕਾਵਿ ਨਾਲ ਪੂਰਾ ਨਿਆਂ ਨਹੀਂ ਹੋ ਸਕਿਆ।

ਇਵੇਂ ਭਾਈ ਸਾਹਿਬ ਦੇ ਕਾਵਿ ਦਾ ਜੋ ਅਧਿਐਨ ਹੋਇਆ ਹੈ, ਉਹ ਉਨ੍ਹਾਂ ਦੇ ਗੌਰਵ ਅਨੁਕੂਲ ਨਹੀਂ। ਹੁਣ ਤਕ ਉਨ੍ਹਾਂ ਦੇ ਕਾਵਿ ਸੰਬੰਧੀ ਕੋਈ ਐਸੀ ਪੁਸਤਕ ਪ੍ਰਾਪਤ ਨਹੀਂ ਹੁੰਦੀ, ਜਿਸ ਵਿਚ ਉਨ੍ਹਾਂ ਦੇ ਕਾਵਿ-ਸੰਗ੍ਰਹਿਤ ਤੇ ਅਸੰਗ੍ਰਹਿਤ ਦੇ ਸਾਰੇ ਪੱਖਾਂ ਦਾ ਅਧਿਐਨ ਹੋਵੇ। ਇਸ ਖੇਤਰ ਵਿਚ ਕਈ ਵਿਸ਼ੇ ਹਾਲੀ ਤਕ ਛੋਹਿਆ ਹੀ ਨਹੀਂ ਗਇਆ। ਭਾਈ ਸਾਹਿਬ ਦੇ ਵਿਅਕਤਿਤਵ ਦਾ ਇਤਿਹਾਸਿਕ-ਰਾਜਨੀਤਿਕ, ਸਮਾਜਿਕ ਅਤੇ ਸਾਹਿਤਿਕ ਪਿਛੋਕੜ, ਉਨ੍ਹਾਂ ਦੇ ਕਾਵਿ ਰਾਹੀਂ ਪ੍ਰਗਟਿਆ ਉਨ੍ਹਾਂ ਦਾ ਸੰਪੂਰਣ ਦਰਸ਼ਨ, ਉਨ੍ਹਾਂ ਦੁਆਰਾ ਪ੍ਰਯੁਕਤ ਕਾਵਿ ਰੂਪਾਂ ਤੇ ਸ਼ੈਲੀ ਵੈਭਵ ਦਾ ਉਦਘਾਟਨ, ਭਾਸ਼ਾ, ਸੌਸ਼ਠਵ, ਛੰਦਾਂ ਅਤੇ ਉਨ੍ਹਾਂ ਦੇ ਪ੍ਰਕ੍ਰਿਤੀ-ਕਾਵਿ ਦੇ ਸਾਰੇ ਪੱਖਾਂ ਦੀ ਸੰਪੂਰਣ ਵਿਵੇਚਨਾ ਦੀ ਆਵੱਸ਼ਕਤਾ ਰਹੀ ਹੈ।

ਭਾਈ ਸਾਹਿਬ ਦੇ ਕਾਵਿ ਦਾ ਪ੍ਰਸਤੁਤ ਅਧਿਐਨ ਪੂਰਵ-ਲਿਖਤ ਅਭਾਵ ਦੀ ਪੂਰਤੀ ਦਾ ਇਕ ਨਿੱਕਾ ਜਿਹਾ ਯਤਨ ਹੈ। ਇਸ ਅਧਿਐਨ ਵਿਚ ਭਾਈ ਸਾਹਿਬ ਦੇ ਸੰਪੂਰਣ ਕਾਵਿ-ਸੰਗ੍ਰਹਿਤ ਤੇ ਅਸੰਗ੍ਰਹਿਤ ਸਨਮੁਖ ਰੱਖਿਆ ਗਇਆ ਹੈ। ਉਨ੍ਹਾਂ ਦੇ ਪ੍ਰਕਾਸ਼ਿਤ ਤੇ ਸੰਗ੍ਰਹਿਤ ਕਾਵਿ ਦੇ ਨਾਲ ਹੀ ਛੋਟੀਆਂ ਪੋਥੀਆਂ ਦੇ ਰੂਪ ਵਿਚ ਛਪੀਆਂ ਕਵਿਤਾਵਾਂ ਅਤੇ ਇਨ੍ਹਾਂ ਦੇ ਨਾਲ 'ਖ਼ਾਲਸਾ ਸਮਾਚਾਰ' ਸਪਤਾਹਕ ਵਿਚ ਭਾਈ ਸਾਹਿਬ ਦੇ ਗੁਰਪੁਰੀ ਸਿਧਾਰਣ ਤੋਂ ਪਹਿਲਾਂ ਅਤੇ ਬਾਅਦ ਵਿਚ 21-12-1967 ਤਕ ਦੀਆਂ ਪ੍ਰਕਾਸ਼ਿਤ ਕਵਿਤਾਵਾਂ ਜੋ ਹੁਣ ਤਕ ਅਸੰਗ੍ਰਹਿਤ ਹਨ, ਨੂੰ ਵੀ ਖੋਜ ਕੇ ਵਿਵੇਚਨ ਦੇ ਅੰਤਰਗਤ ਲਿਆਂਦਾ ਗਇਆ ਹੈ। ਇਨ੍ਹਾਂ ਅਸੰਗ੍ਰਹਿਤ ਕਵਿਤਾਵਾਂ ਦੀ ਸੂਚੀ ਪਰਿਸ਼ਿਸ਼ਟ ਨੰ. 1 ਵਿਚ ਦਿੱਤੀ ਗਈ ਹੈ। ਇਸ ਮੰਤਵ ਲਈ 'ਖ਼ਾਲਸਾ ਸਮਾਚਾਰ' ਦੀਆਂ 1899 ਈ. ਤੋਂ ਲੈ ਕੇ ਹੁਣ ਤਕ ਦੀਆਂ ਸਾਰੀਆਂ ਜਿਲਦਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਗਇਆ। ਭਾਈ ਸਾਹਿਬ ਦੇ ਸੰਬੰਧ ਵਿਚ ਪੁਸਤਕਾਂ, ਪੱਤਰ-ਪੱਤਰਕਾਵਾਂ ਤੇ ਟ੍ਰੈਕਟਾਂ ਵਿਚ ਬਿਖਰੀ ਸਾਰੀ ਪ੍ਰਕਾਸ਼ਿਤ ਸਮਗ੍ਰੀ ਦੇ ਅਧਿਐਨ ਦਾ ਯਤਨ ਵੀ ਕੀਤਾ ਹੈ। ਇਸ ਦੇ ਨਾਲ ਹੀ ਹੱਥ-ਲਿਖਤ ਪੱਤਰ-ਵਿਹਾਰ

ਦੇ ਰੂਪ ਵਿਚ ਸਮੀਖਿਆਵਾਂ, ਡਾਇਰੀਆਂ ਅਤੇ ਕਵੀ ਜੀ ਦੇ ਨਾਲ ਮਿਲਣ ਜੁਲਣ ਵਾਲੇ ਅਤੇ ਵਾਰਤਾਲਾਪ ਕਰਨ ਵਾਲਿਆਂ ਨਿਕਟੀ ਸੱਜਣਾਂ ਤੇ ਸੰਬੰਧੀਆਂ ਤੋਂ ਕਈ ਮਹੱਤਵ- ਪੂਰਣ ਸੂਚਨਾਵਾਂ ਅਤੇ ਉਨ੍ਹਾਂ ਦੇ ਜੀਵਨ ਤੇ ਰਚਨਾ ਵਿਸ਼ਿਅਕ ਪ੍ਰਾਪਤ ਕੀਤੇ ਤੱਥਾਂ ਦਾ ਉਪਯੋਗ ਵੀ ਕੀਤਾ ਗਿਆ ਹੈ।

ਇਸ ਅਧਿਐਨ ਦੀਆਂ ਵਿਸ਼ੇਸ਼ਤਾਈਆਂ ਨਿਮਨ- ਲਿਖਤ ਹਨ:

1. ਭਾਈ ਸਾਹਿਬ ਦੇ ਕਾਵਿ- ਵਿਅਕਤਿਤਵ ਦਾ ਇਤਿਹਾਸਿਕ, ਰਾਜਨੀਤਿਕ, ਸਮਾਜਿਕ ਤੇ ਸਾਹਿਤਿਕ ਪਿਛੋਕੜ, ਜੀਵਨ ਦਾ ਵਿਵਰਣ ਅਤੇ ਕਾਲ- ਕ੍ਰਮ ਅਨੁਸਾਰ ਸਾਰੀਆਂ ਕਾਵਿ-ਕਿਰਤਾਂ ਦਾ ਪਰਿਚਯ।
2. ਭਾਈ ਸਾਹਿਬ ਦੇ ਕਾਵਿ ਦੁਆਰਾ ਪ੍ਰਗਟ ਹੋਇਆ ਉਨ੍ਹਾਂ ਦਾ ਜੀਵਨ- ਦਰਸ਼ਨ ਅਰਥਾਤ ਦਾਰਸ਼ਨਿਕ ਤੇ ਧਾਰਮਿਕ, ਸਮਾਜਿਕ ਤੇ ਸਦਾਚਾਰਕ ਅਤੇ ਰਾਜਨੀਤਿਕ ਦ੍ਰਿਸ਼ਟੀਕੋਣ ਦਾ ਵਿਵੇਚਨ।
3. ਭਾਈ ਸਾਹਿਬ ਦਾ ਕਾਵਿ- ਸਿੱਧਾਂਤ ਅਤੇ ਉਨ੍ਹਾਂ ਦੁਆਰਾ ਪ੍ਰਯੁਕਤ ਕਾਵਿ- ਰੂਪਾਂ: ਮਹਾਂ-ਕਾਵਿ, ਲੰਮੇਰੀਆਂ ਕਵਿਤਾਵਾਂ ਅਤੇ ਛੋਟੀਆਂ ਕਵਿਤਾਵਾਂ ਦਾ ਵਿਵੇਚਨ।
4. ਭਾਈ ਸਾਹਿਬ ਦੇ ਕਾਵਿ ਦਾ ਮੂਲ੍ਯ- ਵੈਭਵ, ਅਲੰਕਾਰ ਯੋਜਨਾ, ਭਾਸ਼ਾ, ਅਤੇ ਛੰਦ ਰਚਨਾ ਦੀਆਂ ਵਿਸ਼ੇਸ਼ਤਾਈਆਂ।
5. ਭਾਈ ਸਾਹਿਬ ਦਾ ਕਾਵਿ ਅਤੇ ਪ੍ਰਕ੍ਰਿਤੀ- ਚਿਤ੍ਰਨ।

ਅੰਤ ਵਿਚ 'ਉਪਸੰਹਾਰ' ਦੀ ਯੋਜਨਾ ਕੀਤੀ ਹੈ, ਜਿਸ ਵਿਚ ਭਾਈ ਸਾਹਿਬ ਦੇ ਸੰਪੂਰਣ ਕਾਵਿ ਵਿਕਾਸ ਨੂੰ ਮੁੱਖ ਰਖਦਿਆਂ ਉਨ੍ਹਾਂ ਦੇ ਪੰਜਾਬੀ ਕਾਵਿ ਨੂੰ ਦਿੱਤੇ ਯੋਗ- ਦਾਨ ਦਾ ਨਿਰਧਾਰਨ ਕੀਤਾ ਹੈ।

ਪ੍ਰਸਤੁਤ ਅਧਿਐਨ ਵਿਚ ਵਿਵੇਚਨ ਦੀ ਵਿਗਿਆਨਕ- ਪ੍ਰਣਾਲੀ ਨੂੰ ਹੀ ਨਿਭਾਉਣ ਦਾ ਯਤਨ ਕੀਤਾ ਹੈ। ਪੂਰਵ- ਨਿਸ਼ਚੇ ਤੱਥਾਂ ਦੇ ਆਰੋਪਣਾ ਦੀ ਥਾਂ ਜੋ ਕੁਝ ਵੀ ਲਿਖਿਆ ਹੈ ਤੇ ਜੋ ਸਿੱਟੇ ਪ੍ਰਾਪਤ ਹੋਏ ਹਨ, ਇਹ ਸਭ ਕਵੀ ਦੀ ਰਚਨਾ ਦੇ ਵਿਵੇਚਨ ਦਾ ਸੁਭਾਵਿਕ ਪ੍ਰੀਣਾਮ ਹਨ।

ਇਹ ਵੀ ਨਿਵੇਦਨ ਹੈ ਕਿ ਇਸ ਅਧਿਐਨ ਲਈ ਭਾਈ ਵੀਰ ਸਿੰਘ ਵਿਸ਼ਿਅਕ ਪੂਰਵ- ਲਿਖਤ ਸਾਰੇ ਵਿਦਵਾਨਾਂ ਦੀਆਂ ਕਿਰਤਾਂ ਅਤੇ ਯਥਾ- ਸਥਾਨ ਹੋਰ ਵੀ ਕਈ ਵਿਦਵਾਨਾਂ ਦੇ ਗ੍ਰੰਥਾਂ ਦੀ ਸਹਾਇਤਾ ਲਈ ਗਈ ਹੈ। ਵਿਸਤ੍ਰਿਤ ਸਹਾਇਕ ਪੁਸਤਕ- ਸੂਚੀ ਪਰਿਸ਼ਿਸ਼ਟ ਨੰ. 2 ਵਿਚ ਦਿੱਤੀ ਗਈ ਹੈ।

ਇਹ ਸ਼ੋਧ- ਪ੍ਰਬੰਧ ਪੰਜਾਬੀ ਦੇ ਵਿਦਵਾਨ ਡਾ. ਰੋਸ਼ਨ ਲਾਲ ਜੀ ਆਹੂਜਾ ਦੇ ਨਿਰਦੇਸ਼ਨ ਵਿਚ ਲਿਖਿਆ ਹੈ ਅਤੇ ਇਹ ਉਨ੍ਹਾਂ ਦੀ ਹੀ ਪ੍ਰੇਰਨਾ ਅਤੇ ਸਾਰਥਕ ਪ੍ਰਦਰਸ਼ਨ ਦਾ ਪ੍ਰੀਣਾਮ ਹੈ। [illegible] ਸਾਹਿਤ ਹੋਰ ਸਵੱਛ ਦ੍ਰਿਸ਼ਟੀ ਦੇ ਨਾਲ ਭਾਵਾਤਮਕ- ਪੂਰਣ ਵਿਚਾਰ ਵੀ ਹੈ; ਸ਼ਿਸ਼ ਹੋਣ ਦੇ ਨਾਤੇ ਲੇਖਕ ਉਸ ਦਾ ਸਹਜ ਅਧਿਕਾਰੀ ਬਣਿਆ ਹੈ। ਇਸ ਨਿਬੰਧ ਵਿਚ ਜੋ ਵੀ ਖੂਬੀ ਹੈ, ਇਹ ਉਨ੍ਹਾਂ ਦੀ ਸੁਚੱਜੀ ਅਗਵਾਈ ਦੇ ਕਾਰਨ ਹੀ ਹੈ।

ਇਸ ਦੇ ਨਾਲ ਹੀ ਲੇਖਕ ਵਿਸ਼ੇਸ਼ ਤੌਰ ਤੇ ਡਾ. ਸੁਰਿੰਦਰ ਸਿੰਘ ਕੋਹਲੀ ਜਿਨ੍ਹਾਂ ਨੇ ਹਮੇਸ਼ਾ ਪਿਆਰ ਤੇ ਹਮਦਰਦੀ ਨਾਲ ਸੁੱਚਜੇ ਸੁਝਾਅ ਦਿੱਤਿਆਂ ਇਸ ਕੰਮ ਨੂੰ ਤੋੜ- ਪਹੁੰਚਾਉਣ ਦਾ ਉਤਸ਼ਾਹ

ਦਿੱਤਾ ਹੈ, ਡਾ. ਬਲਬੀਰ ਸਿੰਘ ਜੀ ਜਿਨ੍ਹਾਂ ਨੇ ਅਨੇਕ ਰੁਝੇਵਿਆਂ ਦੇ ਬਾਵਜੂਦ ਵੀ ਸਮਾਂ ਦੇ ਕੇ ਭਾਈ ਸਾਹਿਬ ਦੇ ਜੀਵਨ ਤੇ ਰਚਨਾ ਸੰਬੰਧੀ ਭਰੋਸੇਯੋਗ ਸੂਚਨਾਵਾਂ ਦਿੱਤੀਆਂ ਹਨ, ਡਾ. ਹਰਚਰਨ ਸਿੰਘ ਜੀ ਜਿਨ੍ਹਾਂ ਨੇ ਕਈ ਨਵੇਂ ਸੁਝਾਅ ਦਿੱਤੇ ਹਨ ਅਤੇ ਗਿਆਨੀ ਮਹਾਂ ਸਿੰਘ ਜੀ, ਜਿਨ੍ਹਾਂ ਦੇ ਸਹਿਯੋਗ ਨਾਲ ਲੇਖਕ 'ਖਾਲਸਾ ਸਮਾਚਾਰ' ਦੀਆਂ ਸਾਰੀਆਂ ਪੁਰਾਣੀਆਂ ਜਿਲਦਾਂ ਨੂੰ ਵੇਖ ਸਕਿਆ ਹੈ, ਦਾ ਅਤੀ ਧੰਨਵਾਦੀ ਹੈ। ਇਨ੍ਹਾਂ ਤੋਂ ਛੁੱਟ ਜਿਨ੍ਹਾਂ ਵੀ ਹੋਰ ਵਿਦਵਾਨਾਂ ਤੇ ਸੱਜਣਾਂ ਨੂੰ ਮਿਲ ਕੇ ਭਾਈ ਸਾਹਿਬ ਦੇ ਕਾਵਿ ਸੰਬੰਧੀ ਜੋ ਰੌਸ਼ਨੀ ਪ੍ਰਾਪਤ ਕੀਤੀ ਹੈ, ਲੇਖਕ ਉਨ੍ਹਾਂ ਦਾ ਆਭਾਰੀ ਹੈ।

ਇਥੇ ਇਸ ਗੱਲ ਦਾ ਉਲੇਖ ਕਰਨਾ ਜ਼ਰੂਰੀ ਹੈ ਕਿ ਪੰਜਾਬੀ ਵਿਚ ਸ਼ਬਦ- ਜੋੜਾਂ ਦੀ ਸਮੱਸਿਆ ਬਣੀ ਹੋਈ ਹੈ ਅਤੇ ਇਸ ਪੱਖ ਤੋਂ ਅਸੀਂ ਸੰਕ੍ਰਾਂਤੀ ਕਾਲ ਵਿਚੋਂ ਲੰਘ ਰਹੇ ਹਾਂ। ਇਸ ਸ਼ੋਧ- ਪ੍ਰਬੰਧ ਵਿਚ ਜਿੱਥੋਂ ਤਕ ਹੋ ਸਕਿਆ ਹੈ, ਸ਼ਬਦ- ਜੋੜਾਂ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ 'ਪੰਜਾਬੀ ਸ਼ਬਦ- ਜੋੜ ਕੋਸ਼' ਨੂੰ ਹੀ ਆਧਾਰ ਬਣਾਇਆ ਗਇਆ ਹੈ। ਦੂਜਾ ਭਾਈ ਸਾਹਿਬ ਦੀਆਂ ਕਾਵਿ- ਰਚਨਾਵਾਂ ਦੇ ਕਈ ਸੰਸਕਰਣ ਪ੍ਰਕਾਸ਼ਿਤ ਹੋ ਚੁੱਕੇ ਹਨ, ਨਿਰਦੇਸ਼ ( Reference ) ਦੀ ਸਹਾਇਤਾ ਲਈ ਬਿਨੈ ਹੈ ਕਿ ਲੇਖਕ ਨੇ 'ਰਾਣਾ ਸੂਰਤ ਸਿੰਘ', ਅਪ੍ਰੈਲ, 1958; 'ਲਹਿਰਾਂ ਦੇ ਹਾਰ' ਅਕਤੂਬਰ, 1945, 'ਮਟਕ ਹੁਲਾਰੇ' ਸਾਵਣ, ਸੰਮਤ 473 ਨ., 'ਬਿਜਲੀਆਂ ਦੇ ਹਾਰ' ਸਤੰਬਰ, 1961, 'ਮੇਰੇ ਸਾਂਈਆਂ ਜੀਉ' ਅਕਤੂਬਰ, 1960, 'ਨਿਨਾਣ ਭਰਜਾਈ ਦਾ ਸਿਖੵਾਦਾਇਕ ਵਾਰਤਾਲਾਪ' ਅਗਸਤ, 1951, 'ਪ੍ਰੀਤ ਵੀਣਾ' ਸਤੰਬਰ, 1960, 'ਕੰਤ ਮਹੇਲੀ' ਜਨਵਰੀ, 1958 ਵਾਲੇ ਸੰਸਕਰਣ ਨੂੰ ਆਧਾਰ ਬਣਾਇਆ ਹੈ ਅਤੇ ਟੂਕਾਂ ਲਈ ਇਨ੍ਹਾਂ ਵਿਚੋਂ ਹੀ ਹਵਾਲੇ ਦਿੱਤੇ ਹਨ।

ਗੁਰਚਰਨ ਸਿੰਘ ਮਹਿਤਾ
ਪੰਜਾਬੀ ਵਿਭਾਗ,
ਮੁਕੰਦ ਲਾਲ ਨੈਸ਼ਨਲ ਕਾਲਜ,
ਜਮਨਾ ਨਗਰ (ਅੰਬਾਲਾ)

## ਵਿਸ਼ੇ - ਸੂਚੀ

## ਅਧਿਆਇ ਪਹਿਲਾ

( ਭਾਈ ਵੀਰ ਸਿੰਘ ਕਾਵਿ ਦੀ ਪਿਠ- ਭੂਮੀ— ਜੀਵਨ— ਕਾਵਿ- ਰਚਨਾ )

### ਪਿਠ- ਭੂਮੀ


(ੳ) **19ਵੀਂ ਸ਼ਤਾਬਦੀ ਦਾ ਦੂਜਾ ਅੱਧ** — ਪੰਜਾਬ ਵਿਚ ਅੰਗ੍ਰੇਜ਼ਾਂ ਦਾ ਆਗਮਨ ਅਤੇ ਨਵੇਂ ਮਹੌਲ ਦੀ ਉਤਪਤੀ— ਈਸਾਈ ਮੱਤ ਦਾ ਪ੍ਰਚਾਰ— 1857 ਈ. ਦਾ ਗ਼ਦਰ ਤੇ ਇਸ ਦਾ ਪ੍ਰਤਿਕਰਮ— ਸਰਕਾਰੀ ਖ਼ਰਚੇ ਤੇ ਆਮਦਨ— ਪੱਛਮੀ ਵਿਦਿਆ ਦੀ ਦੇਣ — ਪੱਤਰਕਾਰੀ — ਭਾਰਤੀ ਪੁਨਰ- ਜਾਗ੍ਰਿਤੀ— ਸਮਾਜਿਕ ਤੇ ਧਾਰਮਿਕ ਲਹਿਰਾਂ— ਹਿੰਦੂਆਂ ਦੀਆਂ ਲਹਿਰਾਂ — ਬ੍ਰਹਮੋ ਸਮਾਜ— ਆਰੀਆ ਸਮਾਜ — ਸਨਾਤਨ ਧਰਮ ਸਭਾ — ਦੇਵ ਸਮਾਜ— ਸਤ ਸਭਾ ਤੇ ਹਿੰਦੂ ਸਭਾ — ਰਾਮਾਕ੍ਰਿਸ਼ਨ ਮਿਸ਼ਨ ਦੀ ਲਹਿਰ — ਸਿੱਖਾਂ ਦੀਆਂ ਲਹਿਰਾਂ — ਨਿਰੰਕਾਰੀ ਲਹਿਰ — ਨਾਮਧਾਰੀ ਜਾਂ ਕੂਕਾ ਲਹਿਰ — ਸਿੰਘ ਸਭਾ ਲਹਿਰ — ਮੁਸਲਮਾਨਾਂ ਦੀਆਂ ਲਹਿਰਾਂ — ਅਲੀਗੜ੍ਹ ਲਹਿਰ — ਵਹਾਬੀ ਲਹਿਰ — ਕਾਦਿਆਨੀ ਜਾਂ ਅਹਿਮਦੀਆ ਲਹਿਰ — ਮੁਸਲਮਾਨਾਂ ਦੀਆਂ ਹੋਰ ਲਹਿਰਾਂ — ਰਾਜਸੀ ਲਹਿਰਾਂ — ਮੁੱਢਲੀਆਂ ਰਾਜਸੀ ਲਹਿਰਾਂ — ਇੰਡੀਅਨ ਨੈਸ਼ਨਲ ਕਾਂਗਰਸ — ਵੀਹਵੀਂ ਸ਼ਤਾਬਦੀ ਦਾ ਪਹਿਲਾ ਅੱਧ — ਰਾਜਸੀ ਦਸ਼ਾ — ਵਿਦਿਅਕ ਤੇ ਸਭਿਆਚਾਰਕ ਦਸ਼ਾ — ਸਾਹਿਤ ਤੇ ਕਾ ਦੀ ਸਮੁੱਚੀ ਸਥਿਤੀ — ਸਾਰ 1— 20

(ਅ) **19ਵੀਂ ਸ਼ਤਾਬਦੀ ਦੇ ਅੰਤ ਤਕ ਦੀ ਪੰਜਾਬੀ ਕਾਵਿ- ਪਰੰਪਰਾ** - ਅਧਿਆਤਮਿਕ ਤੇ ਧਾਰਮਿਕ ਕਵਿਤਾ — ਗੁਰੂ ਗ੍ਰੰਥ ਸਾਹਿਬ ਦੀ ਕਵਿਤਾ — ਸੂਫ਼ੀ ਕਾਵਿ ਹੋਰ ਧਾਰਮਿਕ ਤੇ ਸੁਧਾਰਕ ਕਵਿਤਾ — ਕਿੱਸਾ- ਕਾਵਿ— ਬੀਰ-ਰਸੀ ਕਾਵਿ — ਵਾਰਾਂ— ਜੰਗਨਾਮੇ — ਪ੍ਰਸੰਗ — ਲੋਕ ਗੀਤਾਂ ਦੀ ਕਵਿਤਾ — ਛੰਦ- ਬੱਧ ਇਤਿਹਾਸ — ਪੱਛਮੀ ਰੋਮਾਂਸ- ਵਾਦ ਤੇ ਉਰਦੂ ਕਵਿਤਾ ਦਾ ਪ੍ਰਭਾਵ — ਅਖਾੜਿਆਂ ਦੀ ਤੇ ਸਟੇਜੀ ਕਵਿਤਾ — ਸਾਰ 21— 31

(ੲ) **ਜੀਵਨ ਤੇ ਕਾਵਿ ਰਚਨਾ**
ਵੰਸ਼- ਪਰਿਚਯ— ਜਨਮ— ਵਿਦਿਆ ਪ੍ਰਾਪਤੀ— ਵਿਹਾਰ— ਅੰਮ੍ਰਿਤਸਰ ਦਾ ਪਿਆਰ— ਸਭਿਆਚਾਰ- ਸ਼ੀਲ ਵਿਅਕਤਿਤਵ — ਪ੍ਰਕ੍ਰਿਤੀ ਪ੍ਰੇਮ— ਸੰਗੀਤ ਪ੍ਰੇਮ — ਸਮਾਜਿਕ ਤੇ ਰਾਜਨੀਤਿਕ ਜੀਵਨ — ਕਵੀ ਜੀਵਨ — ਕਾਵਿ ਰਚਨਾਵਾਂ— 'ਨਿਨਾਣ ਭਰਜਾਈ' ਦਾ ਸਿਖਿਆਦਾਇਕ ਵਾਰਤਾਲਾਪ' — 'ਰਾਣਾ ਸੂਰਤ ਸਿੰਘ'— 'ਲਹਿਰਾਂ ਦੇ ਹਾਰ'— 'ਮਟਕ ਹੁਲਾਰੇ'—'ਬਿਜਲੀਆਂ ਦੇ ਹਾਰ'— 'ਪ੍ਰੀਤ ਵੀਣਾ'— 'ਕੰਬਦੀ ਕਲਾਈ'— 'ਕੰਤ ਮਹੇਲੀ'—'ਮੇਰੇ ਸਾਂਈਆਂ ਜੀਉ'—'ਪ੍ਰਕਾਸ਼

ਸਮਾਚਾਰ' ਵਿਚ ਹੋਰ ਛਪੀਆਂ ਅਸੰਗ੍ਰਹਿਤ ਕਵਿਤਾਵਾਂ — ਹੋਰ ਰਚਨਾਵਾਂ — ਸਾਹਿਤਿਕ ਸੰਬੰਧ — ਸਨਮਾਨ — ਅੰਤ — 32—53

## ਅਧਿਆਇ ਦੂਜਾ

(ਜੀਵਨ — ਦਰਸ਼ਨ)

(ੳ) ਦਾਰਸ਼ਨਿਕ ਤੇ ਧਾਰਮਿਕ ਵਿਚਾਰ —

ਦਰਸ਼ਨ ਤੇ ਧਰਮ ਦਾ ਸੰਬੰਧ — ਸਮਕਾਲੀ ਸਥਿਤੀ — ਦਾਰਸ਼ਨਿਕ ਤੇ ਧਾਰਮਿਕ ਪਿਛੋਕੜ — ਵਿਸ਼ਲੇਸ਼ਣ — ਈਸ਼ਵਰ — ਨਿਰਗੁਣ - ਸਰਗੁਣ — ਅਕਾਲ — ਸਰਬ-ਕਰਤਾ — ਸਰਬ-ਵਿਆਪਕ — ਸਰਬ-ਗਿਆਤਾ ਤੇ ਸਰਬ-ਹਿਤੈਸ਼ੀ — ਖਿਮਾ-ਸਰੂਪ — ਪ੍ਰੇਮ ਸਰੂਪ — ਰਸ-ਦਾਤਾ — ਜਗਤ — ਵਿਭਿੰਨ ਸਿੱਧਾਂਤ — ਪਰਿਵਰਤਨ ਦੇ ਨਿਯਮ ਅਧੀਨ — ਛਲੀਆ — ਹਉਮੈਂ ਉਤਪਾਦਕ — ਮਾਇਆ ਦੀ ਪਛਾਣ — ਕੁਦਰਤਾਂ ਦੀ ਘਾਟੀ — ਜੀਵ-ਆਤਮਾ — ਪਰਮਜੋਤ ਦਾ ਅੰਸ਼ — ਸਰਬ ਉੱਤਮ ਪ੍ਰਾਣੀ — ਹੁਸਨ — ਅਹਿਸਾਸ ਦੀ ਜਾਗ੍ਰਿਤੀ — ਹਉਮੈਂ — ਸੰਸਾਰ ਸੰਘਰਸ਼ ਦਾ ਮੂਲ — ਮਨ ਦੀ ਅਸ਼ਾਂਤੀ ਦਾ ਮੂਲ — ਸਤਿਗੁਰ ਦੁਆਰਾ ਹਉਮੈਂ ਤੋਂ ਛੁਟਕਾਰਾ ਤੇ ਪਰਉਪਕਾਰ ਦੇ ਜਜ਼ਬੇ ਦੀ ਉਤਪਤੀ — ਮੌਤ — ਸੱਚੇ ਖੰਡ ਦਾ ਦੁਆਰ — ਆਦਰਸ਼ਕ ਮਾਨਵ — ਗੁਰਮੁਖ ਦੀ ਰੂਪ ਰੇਖਾ — ਗੁਰਮੁਖ ਤੇ ਮਨਮੁਖ — ਰੱਬੀ ਰਜ਼ਾ ਦਾ ਵਿਸ਼ਵਾਸੀ — ਪਰਉਪਕਾਰੀ — ਨਿਮਰਤਾ ਭਰਪੂਰ — ਆਦਰਸ਼ ਪ੍ਰਾਪਤੀ ਦੇ ਸਾਧਨ — ਗੁਰੂ — ਪ੍ਰਭੂ ਦਾ ਪ੍ਰਤਿਨਿਧ — ਨਾਮ — ਪ੍ਰਭੂ ਦਾ ਯਾਦ ਸੰਕੇਤ — ਪ੍ਰਭੂ ਨਾਲ ਜੋੜਨ ਵਾਲਾ — ਲਿਵ ਉਪਜਾਇਕ — ਪ੍ਰੇਮ ਤੇ ਬਿਰਹਾ — ਪ੍ਰੇਮ ਨਿਸ਼ਾਨਾ — ਪ੍ਰੇਮ ਸੱਤਾ — ਅਫ਼ਲਾਤੂਨ ਦਾ ਪ੍ਰੇਮ ਸਿੱਧਾਂਤ — ਪ੍ਰੇਮ ਦੀ ਮਾਨਵ ਹਿਰਦੇ ਵਿਚ ਹੋਂਦ — ਦਰਸ਼ਨ ਦੀ ਤਾਂਘ — ਬਿਰਹਾ ਦੀ ਉਪਜ — 'ਪ੍ਰੇਮ ਲਗੇ ਨਿਤ ਵਧਦੇ ਜਾਈ' — ਇਸਤ੍ਰੀ ਰੂਪ ਵਿਚ ਅਰਜੋਈ — ਪ੍ਰੇਮ ਦੇ ਵਿਭਿੰਨ ਸਰੂਪ — ਗਿਆਨ — ਸਿਰਫ਼ ਗਿਆਨ ਰਾਹੀਂ ਪ੍ਰਭੂ ਪ੍ਰਾਪਤੀ ਅਸੰਭਵ — ਆਤਮਿਕ ਗਿਆਨ ਤੇ ਮਨ-ਸੰਜਮ — ਅਧਿਆਤਮਿਕ ਗਿਆਨ ਦੀਆਂ ਪੰਜ ਸਥਿਤੀਆਂ — ਜੋਗ — ਜੋਗ ਤੇ ਹਠ — ਹਠ-ਰਸ ਵਿਚ ਦੁਵੱਲੀ ਝਾਕ — ਇਕਾਂਤ ਤੇ ਤਿਆਗ ਦਾ ਅੰਤਰ — ਆਤਮਿਕ ਇਕਾਂਤ ਦੀ ਲੋੜ — ਹੁਕਮ ਤੇ ਸ਼ੁਕਰ — ਸ਼ਿਕਵੇ ਦੀ ਥਾਂ ਸ਼ੁਕਰ — ਸਤਿਸੰਗ — ਰਾਗ-ਕੀਰਤਨ — ਭਗਤੀ ਤੇ ਕੀਰਤਨ — ਸੱਚਾ ਰਾਗ — ਅਰਦਾਸ — ਪ੍ਰਭੂ ਦੀ ਟੇਕ — ਖੇੜਾ — ਸਾਰ — 54— 108

(ਅ) ਸਮਾਜਿਕ ਤੇ ਸਦਾਚਾਰਕ ਵਿਚਾਰ —

ਸਮਾਜ ਤੇ ਮਰਿਆਦਾ — ਸਾਂਝ ਭਾਵ — ਹੱਕ ਦੀ ਪਛਾਣ — ਮਰਿਆਦਾ ਤੇ ਵਿਅਕਤੀਗਤ ਸੁਤੰਤ੍ਰਤਾ — ਪਰਿਵਾਰ ਕਲਪਨਾ — ਨਾਰੀ ਦਾ ਸਥਾਨ — ਸਮਾਜ ਤੇ ਵਿਦਿਆ — ਸਮਾਜ ਤੇ ਗਰੀਬੀ — ਅਨਾਥਾਂ ਦੀ ਸਹਾਇਤਾ — ਆਚਰਣ ਦੀ ਉਸਾਰੀ — ਸਵੈ-ਸੁਤੰਤ੍ਰ ਬਣਨ ਦੀ ਲੋੜ — ਮੁਸ਼ੱਕਤ ਦੀ ਲੋੜ — ਨਿਮਰਤਾ ਦੀ ਲੋੜ — ਨੇਕੀ ਦੀ ਲੋੜ — ਰੀਤੀਨੀਤੀ ਤੇ ਸ਼ਿਸ਼ਟਾਚਾਰ — ਨਸ਼ਿਆਂ ਦੀ ਨਿਖੇਧੀ — ਸਾਰ — 109—115

(ੲ) <u>ਰਾਜਨੀਤਿਕ ਵਿਚਾਰ</u> —

ਮੁਸਲਮਾਨੀ ਤੇ ਅੰਗ੍ਰੇਜ਼ੀ ਸਾਮਰਾਜ ਦੀ ਗ਼ੁਲਾਮੀ— ਸਵਤੰਤ੍ਰਤਾ ਲਈ ਤੜਪ— ਕੌਮੀਅਤ ਦੀ ਭਾਵਨਾ— 1947 ਦੀ ਭਾਰਤ- ਵੰਡ ਦਾ ਦੁੱਖ— ਆਦਰਸ਼ਕ ਰਾਜ ਦੀ ਰੂਪ ਰੇਖਾ— ਅੰਤਰ- ਦੇਸ਼ੀ ਭਾਵਨਾ— ਇਕ ਸਾਂਝੇ ਵਿਸ਼ਵ ਰਾਜ ਦੀ ਕਲਪਨਾ— ਸਾਰ— 116—123

## <u>ਅਧਿਆਇ ਤੀਜਾ</u>

( ਕਾਵਿ- ਰਚਨਾਵਾਂ ਦਾ ਵਿਵੇਚਨ )

(ੳ) <u>ਕਾਵਿ ਸਿੱਧਾਂਤ</u>— ਕਾਵਿ ਰਚਨਾਵਾਂ ਦਾ ਵਿਵੇਚਨ 124—128

(ਅ) <u>ਮਹਾਂਕਾਵਿ 'ਰਾਣਾ ਸੂਰਤ ਸਿੰਘ'</u>—

'ਰਾਣਾ ਸੂਰਤ ਸਿੰਘ' ਦਾ ਕਾਵਿ ਰੂਪ— 'ਰਾਣਾ ਸੂਰਤ ਸਿੰਘ' ਦਾ ਆਕਾਰ ਤੇ ਵਸਤੂ ਯੋਜਨਾ— 'ਰਾਣਾ ਸੂਰਤ ਸਿੰਘ' ਦੀ ਕਥਾ— ਕਥਾ ਵਿਸ਼ਲੇਸ਼ਣ— ਮੌਤ ਦੀ ਸਮੱਸਿਆ— ਕਥਾ ਦਾ ਵਿਕਾਸ— 'ਰਾਣਾ ਸੂਰਤ ਸਿੰਘ' ਦੀ ਕਥਾ ਤੇ ਰਾਸ਼ਟਰੀ ਸਥਿਤੀ— 'ਰਾਣਾ ਸੂਰਤ ਸਿੰਘ' ਦੀ ਕਥਾ ਤੇ ਪੰਜਾਬ ਦੀ ਸਥਿਤੀ— 'ਰਾਣਾ ਸੂਰਤ ਸਿੰਘ' ਦਾ ਚਿੰਤਨ— ਦਾਰਸ਼ਨਿਕ ਦ੍ਰਿਸ਼ਟੀ— ਸਾਮਜਸਯ ਦਾ ਸਿੱਧਾਂਤ— ~~ਦਾਰਸ਼ਨਿਕ ਦ੍ਰਿਸ਼ਟੀ~~— ਮਨੋਵਿਗਿਆਨਕ ਵਿਸ਼ਲੇਸ਼ਣ— ਚਿੰਤਾ ਤੇ ਚੇਤੰਨਤਾ— ਆਸ਼ਾ— ਸ਼ਰਧਾ— ਟੋਟ— ਚੇਤਨਾ—ਲਿਵ— ਸੁਪਨਿਆਂ ਦੀ ਕਲਪਨਾ— ਸਮਾਜਿਕ ਤੇ ਸਮੱਸਿਆਵਾਂ— 'ਰਾਣਾ ਸੂਰਤ ਸਿੰਘ' ਦੀ ਕਲਾ— ਵਸਤੂ ਸੰਗਠਨ— ਮੁੱਢ— ਕਰਮ ਸ਼ੰਧਤਾ ਮਧ— ਅੰਤ— ਕਥਾ ਦੀ ਸਰਲਤਾ— ਪਰਾ- ਪ੍ਰਕ੍ਰਿਤਕ ਅੰਸ਼ ਦੀ ਅਣਹੋਂਦ— ਸਥਾਨ ਦੀ ਏਕਤਾ ਕਥਾ- ਦੋਸ਼— ਪਾਤਰ-ਨਿਰੂਪਣ— ਦ੍ਰਿਸ਼- ਵਰਣਨ— ਪ੍ਰਕ੍ਰਿਤੀ ਚਿੱਤ੍ਰਨ— ਚਰਿੱਤ੍ਰ ਚਿੱਤ੍ਰਨ— ਰਾਣਾ ਸੂਰਤ ਸਿੰਘ— ਰਾਣੀ ਰਾਜ ਕੌਰ— ਰਾਣੀ ਚੰਦਰ ਕੌਰ— ਹੋਰ ਪਾਤਰ— ਰਸ— ਅਲੰਕਾਰ—ਭਾਸ਼ਾ— ਮਹਾਂਕਾਵਿ ਪਰੰਪਰਾ ਤੇ 'ਰਾਣਾ ਸੂਰਤ ਸਿੰਘ'— ਪੱਛਮੀ ਮਹਾਂਕਾਵਿ— ਭਾਰਤੀ ਮਹਾਂਕਾਵਿ— 'ਰਾਣਾ ਸੂਰਤ ਸਿੰਘ' ਨਾਲ ਪੰਜਾਬੀ ਮਹਾਂਕਾਵਿ ਪਰੰਪਰਾ ਦਾ ਮੁੱਢ— 'ਰਾਣਾ ਸੂਰਤ ਸਿੰਘ' ਦਾ ਪੰਜਾਬੀ ਮਹਾਂਕਾਵਿ ਤੇ ਪ੍ਰਭਾਵ— 128—162

(ੲ) <u>ਲੰਮੇਰੀਆਂ ਕਵਿਤਾਵਾਂ</u>

ਲੰਮੇਰੀ ਕਵਿਤਾ ਕੀ ਹੈ— ਲੰਮੇਰੀਆਂ ਕਵਿਤਾਵਾਂ ਦੀਆਂ ਤਿੰਨ ਸ਼੍ਰੇਣੀਆਂ— ਸੰਵਾਦਾਤਮਕ— ਨਾਟਕੀ ਏਕਾਲਾਪ— ਸੰਵਾਦਾਤਮਕ ਮਿਸ਼ਰਤ— ਸੰਵਾਦਾਤਮਕ ਕਵਿਤਾਵਾਂ— 'ਹਿਮਾਲਯ—ਗੰਗਾ—ਸਮੁੰਦਰ'— 'ਬੁਲਬੁਲ ਤੇ ਰਾਹੀ'— 'ਪੁਸ਼ਪਾਵਤੀ- ਚੰਦ੍ਰਾਵਤੀ'— 'ਬਿਸਮਿਲ ਮੋਰ'— 'ਗੁੰਗਿਆ ਤੋਤਾ'— 'ਅਟਕ' 'ਮਰਦ ਦਾ ਕੁੱਤਾ'— 'ਪਿਆਰ ਤੇ ਕੁਦਰਤ ਦੀਆਂ ਦੇਵੀਆਂ ਦਾ ਸੰਵਾਦ'— 'ਗੰਗਾ ਰਾਮ'— 'ਨਿਨਾਣ ਭਰਜਾਈ'— 'ਬਿਹਬਲ ਬਿਰਹਨੀ ਤੇ ਕੋਇਲ'— 'ਫਰਿਆਦ'— 'ਏਹ ਨੈਣ ਬਿਦੇਸੀ'—

ਨਾਟਕੀ ਇਕਾਂਲਾਪ ਅਥਵਾ ਆਤਮ- ਸੰਲਾਪਾਤਮਿਕ ਕਵਿਤਾਵਾਂ— 'ਜਮਨਾ ਕਲਗੀਆਂ ਵਾਲੇ ਦੇ ਦੀਦਾਰ ਦੀ ਸਿੱਕ ਵਿਚ'— 'ਨਰਗਸ(ਕੁਤਾਂਧ ਨੈਣੀ)'— 'ਫਰਾਮੁਰਜ਼ ਦੀ ਵਿਲਕਣੀ'— 'ਕੰਤ ਮਹੇਲੀ'— 'ਮਿੱਠੀਆਂ ਪ੍ਰਤੀਕਾਂ'— 'ਅਰਦਾਸ'— 'ਆਰਤ ਪਤਿਤਾਂ'— 'ਫੈਲਣ ਆਇਆ'— 'ਕੁਤਬ ਦੀ ਲਾਠ'— 'ਦੁਮੇਲ ਦੇ ਪਾਣੀਆਂ ਦੇ ਨਾਦ' (ਕਸ਼ਮੀਰ ਦਾ ਇਤਿਹਾਸ)— ਵਰਣਨਾਤਮਿਕ-ਚਿਰਤਾਤਕ— ਸੰਬਾਦਾਤਮਿਕ ਗੁਣਾਂ ਵਾਲੀਆਂ ਮਿਸ਼ਰਤ ਕਵਿਤਾਵਾਂ— 'ਜੀਵਨ ਕੀ ਹੈ'?— 'ਅਰਸ਼ੀ ਪਾਰਾਂ ਦੇ ਵਿਛੋੜੇ'— 'ਪਦਮ ਬ੍ਰਿਛ ਦੀ ਬਹਾਰ'— 'ਬੇਲਾ ਭੁਆਨੀ'— 'ਨਨੀ'— 'ਨਿਸ਼ਾਤ ਬਾਗ ਤੇ ਨੂਰ ਜਹਾਂ'— 'ਪ੍ਰੀਤ ਵੀਣਾ'— 'ਸੌਦਾਗਰੀ ਬੀਸਾਂ'— ਸਾਰ— 163— 208

(ਸ) ਛੋਟੀਆਂ ਕਵਿਤਾਵਾਂ

ਸਾਧਾਰਣ ਛੋਟੀ ਕਵਿਤਾ ਤੇ ਗੀਤ— ਸਾਹਿਤਿਕ ਗੀਤ— ਲੋਕ- ਗੀਤ— ਧਾਰਮਿਕ ਸੰਗੀਤਕ ਗੀਤ— ਅਸਰੋਦੀ ਕਵਿਤਾਵਾਂ— ਉਪਦੇਸ਼ਾਤਮਿਕ ਤੇ ਨੀਤੀਪਰਕ ਕਵਿਤਾਵਾਂ— ਦੇਸ਼ ਭਗਤੀ ਪਰਕ ਕਵਿਤਾਵਾਂ— ਸਾਮਿਅਕ ਪਦ— ਰਚਨਾ— ਫੁਟਕਲ ਦੋਹੇ ਤੇ ਸੋਰਠੇ— ਸਾਰ— 209— 238

ਅਧਿਆਇ ਚੌਥਾ

( ਕਾਵਿ – ਕਲਾ )

(ੳ) ਅਭਿਵਿਅੰਜਨਾ ਕੌਸ਼ਲ—

ਬਿੰਬਾਵਲੀ— ਦ੍ਰਿਸ਼ ਚਿੱਤ੍ਰਨ— ਵਰਣ ਯੋਜਨਾ— ਅਲੰਕਾਰ— ਉਪਮਾ— ਰੂਪਕ— ਮਾਨਵੀਕਰਨ— ਸਾਰ— 239-257

(ਅ) (1) ਭਾਸ਼ਾ

ਪੰਜਾਬੀ ਭਾਸ਼ਾ ਦੇ ਤਿੰਨ ਮੁਹਾਣ— ਠੇਠ ਪੰਜਾਬੀ ਦੀ ਵਰਤੋਂ ਦੀ ਘਾਟ— ਠੇਠ ਪੰਜਾਬੀ ਦੀ ਸਾਹਿਤਿਕ ਰੂਪ ਵਿਚ ਵਰਤੋਂ ਦਾ ਮੁੱਢ— ਕਾਵਿ- ਭਾਸ਼ਾ ਦੀ ਵਿਭਿੰਨਤਾ— ਸੰਸਕ੍ਰਿਤ-ਬ੍ਰਿਜੀ ਦੇ ਸ਼ਬਦ— ਫ਼ਾਰਸੀ-ਉਰਦੂ ਸ਼ਬਦ— ਦੇਸ਼ਜ ਸ਼ਬਦ— ਉਪਭਾਖਾਵਾਂ ਦੇ ਸ਼ਬਦ— ਲਹਿੰਦੀ ਸ਼ਬਦਾਵਲੀ ਤੇ ਕਿਰਿਆਵਾਂ— ਪੋਠੋਹਾਰੀ ਸ਼ਬਦਾਵਲੀ ਤੇ ਕਿਰਿਆਵਾਂ— ਦੁਆਬੀ ਸ਼ਬਦਾਵਲੀ ਤੇ ਕਿਰਿਆਵਾਂ— ਗੁਰਬਾਣੀ ਦੀ ਪਦਾਵਲੀ ਦੀ ਵਰਤੋਂ— ਸ਼ਬਦਾਂ ਦੇ ਵਚਿੱਤ੍ਰ ਪ੍ਰਯੋਗ— ਅਪ੍ਰਚਲਿਤ ਸ਼ਬਦਾਂ ਦੀ ਵਰਤੋਂ— ਸਮਾਸ-ਪ੍ਰਯੋਗ— ਸ਼ਬਦ— ਦੋਸ਼— 258—271

(2) ਭਾਸ਼ਾ- ਸੌਸ਼ਠਵ

ਸ਼ਬਦ- ਅਲੰਕਾਰ— ਅਨੁਪ੍ਰਾਸ— ਯਮਕ— ਵੀਪਸਾ— ਧੁਨੀ-ਅਰਥ ਵਿਅੰਜਕ ਸ਼ਬਦ— ਮੁਹਾਵਰੇ ਤੇ ਅਖਾਣ— ਪ੍ਰਸੰਗ ਗਰਭਿਤ ਸ਼ਬਦ— ਸਾਰ 271—278

(ੲ) ਛੰਦ

ਪੰਜਾਬੀ ਵਿਚ ਵਰਤੇ ਤਿੰਨ ਕਿਸਮਾਂ ਦੇ ਛੰਦ— ਹਿੰਦੀ ਸੰਸਕ੍ਰਿਤ ਦੇ ਆਧਾਰ ਤੇ ਪੰਜਾਬੀ ਵਿਚ ਅਪਣਾਏ ਛੰਦ— ਸਿਰਖੰਡੀ— ਦਵੈਯਾ— ਗੀਆ ਮਾਲਤੀ— ਲਲਿਤ ਪਦ— ਦੋਹਿਰਾ— ਸੋਰਠਾ— ਚੌਪੈ— ਮਾਤ੍ਰਿਕ ਸਵੈਯਾ— ਹੰਸ ਗਤਿ— ਕਬਿੱਤ— ਦਿਗਪਾਲ— ਉਰਦੂ- ਫ਼ਾਰਸੀ ਦੇ ਆਧਾਰ ਤੇ ਅਪਣਾਏ ਛੰਦ ਤੇ ਕਾਵਿ ਭੇਦ— ਬੈਂਤ— ਰੁਬਾਈ— ਗ਼ਜ਼ਲ— ਪੱਛਮੀ ਪ੍ਰਭਾਵ ਹੇਠਾਂ ਅਪਣਾਇਆ ਮੁਕਤ ਛੰਦ— ਤੁੱਕ ਤੇ ਤੁਕਾਂਤ— ਸਾਰ— 279— 297

## ਅਧਿਆਇ ਪੰਜਵਾਂ

### ( ਪ੍ਰਕ੍ਰਿਤੀ- ਚਿੱਤ੍ਰਨ)

ਪ੍ਰਕ੍ਰਿਤੀ ਕੀ ਹੈ ? — ਪ੍ਰਕ੍ਰਿਤੀ ਤੇ ਕਵਿਤਾ — ਭਾਰਤੀ ਕਾਵਿ ਤੇ ਪ੍ਰਕ੍ਰਿਤੀ-ਚਿੱਤ੍ਰਨ— ਪੰਜਾਬੀ ਕਵਿਤਾ ਤੇ ਪ੍ਰਕ੍ਰਿਤੀ-ਚਿੱਤ੍ਰਨ— ਪੱਛਮੀ ਕਵਿਤਾ ਤੇ ਪ੍ਰਕ੍ਰਿਤੀ-ਚਿੱਤ੍ਰਨ— ਭਾਈ ਸਾਹਿਬ ਦੀ ਦ੍ਰਿਸ਼ਟੀ ਵਿਚ ਪ੍ਰਕ੍ਰਿਤੀ— ਪ੍ਰਕ੍ਰਿਤੀ ਪ੍ਰੇਮ— ਪ੍ਰਕ੍ਰਿਤੀ-ਚਿੱਤ੍ਰਨ ਦਾ ਮਹਾਨ— ਰੂਪ ਵਿਸਥਾਰ— ਪ੍ਰਕ੍ਰਿਤੀ-ਚਿੱਤ੍ਰਨ ਦੇ ਵਿਭਿੰਨ ਪ੍ਰਯੋਗ— ਆਲੰਬ ਅਹਲਾਦ ਭਾਵ— ਪ੍ਰਕ੍ਰਿਤਕ ਵਸਤੂਆਂ ਦਾ ਵੇਰਵਾ— ਸੂਖਮ ਦਰਸ਼ਿਤਾ— ਗਤੀ ਵਿਧੀ— ਵਰਣ— ਭਾਵਨਾ— ਨਾਦ ਵਿਅੰਜਨਾ— ਉਦੀਪਨ ਰੂਪ ਵਿਚ ਪ੍ਰਕ੍ਰਿਤੀ— ਸੰਵਿਦਨਾਤਮਿਕ ਪ੍ਰਣਾਲੀ — ਰਹੱਸਾਤਮਿਕ ਸੰਕੇਤ— ਉਪਦੇਸ਼ਾਤਮਿਕ ਪ੍ਰਕ੍ਰਿਤੀ-ਚਿੱਤ੍ਰਨ— ਪ੍ਰਕ੍ਰਿਤੀ ਦਾ ਮਾਨਵੀਕਰਨ— ਚੇਤਨੀਕਰਨ— ਮੂਰਤੀ-ਕਰਨ— ਪ੍ਰਤੀਕਾਤਮਿਕ ਤੇ ਅਲੰਕਾਰਕ ਪ੍ਰਕ੍ਰਿਤੀ - ਚਿੱਤ੍ਰਨ— ਨਿਸ਼ਕਰਸ਼— 298— 325

*************

ਉਪਸੰਹਾਰ 326— 338

*************

ਪਰਿਸ਼ਿਸ਼ਟ ਨੰ: 1

ਭਾਈ ਵੀਰ ਸਿੰਘ ਜੀ ਦੀਆਂ 'ਖ਼ਾਲਸਾ ਸਮਾਚਾਰ' ਸਪਤਾਹਕ ਵਿਚ ਛਪੀਆਂ ਕਵਿਤਾਵਾਂ ਜੋ ਹਾਲੀ ਤਕ ਕਿਸੇ ਪੁਸਤਕ ਆਕਾਰ ਵਿਚ ਸੰਗ੍ਰਹਿਤ ਨਹੀਂ ਹੋਈਆਂ ਦੀ ਸੂਚੀ— ੳ— ਚ

ਪਰਿਸ਼ਿਸ਼ਟ ਨੰ: 2

ਸਹਾਇਕ ਪੁਸਤਕ ਸੂਚੀ ੳ— ਚ

# ਅਧਿਆਇ ਪਹਿਲਾ

## ( ਭਾਈ ਵੀਰ ਸਿੰਘ ਕਾਵਿ ਦੀ ਪਿਠ- ਭੂਮੀ— ਜੀਵਨ— ਕਾਵਿ- ਰਚਨਾ )

### (ੳ) ਪਿਠ- ਭੂਮੀ

ਕਾਵਿ ਦੇ ਨਿਰਮਾਣ ਵਿਚ ਪਿਠ- ਭੂਮੀ ਤੇ ਪਰੰਪਰਾ ਦਾ ਵਿਸ਼ੇਸ਼ ਯੋਗ ਰਹਿੰਦਾ ਹੈ। ਕਵੀ ਇਕ ਪਾਸੇ ਜੇ ਪਰੰਪਰਾ ਤੋਂ ਪ੍ਰਭਾਵਿਤ ਹੋ ਸਕਦਾ ਹੈ ਤਾਂ ਨਾਲ ਹੀ ਦੇਸ਼- ਕਾਲ ਦੀਆਂ ਪਰਿਸਥਿਤੀਆਂ ਪਿਠ- ਭੂਮੀ ਦਾ ਕਾਰਜ ਕਰਦੀਆਂ ਹਨ। ਕਾਵਿ ਵਿਚ, ਇਨ੍ਹਾਂ ਦਾ ਸਰੂਪ ਕਿਸੇ ਨਾ ਕਿਸੇ ਤਰ੍ਹਾਂ ਆਭਾਸਿਤ ਹੁੰਦਾ ਰਹਿੰਦਾ ਹੈ। ਆਪਣੇ ਅਤੀਤ ਤੋਂ ਪ੍ਰੇਰਨਾ ਲੈਂਦਿਆਂ ਕਵੀ ਯੁਗ ਦੇ ਅਨੁਕੂਲ ਨਵ- ਨਿਰਮਾਣ ਵਿਚ ਸੰਲਗਨ ਹੁੰਦਾ ਹੈ। ਇਸ ਕਰਮ ਵਿਚ ਕਲਾ ਕਿਰਿਆਸ਼ੀਲ ਸਵੀਕ੍ਰਿਤੀ ਅਤੇ ਵਿਦ੍ਰੋਹ ਦੇ ਦੋ ਵਿਰੋਧੀ ਮਾਰਗਾਂ ਤੇ ਚਲਦੀ ਹੈ।[1] ਕਲਾਕਾਰ ਦਾ ਕਰਤਵ ਕੇਵਲ ਪੁਰਾਣੇ ਮਿਆਰਾਂ ਦੀ ਪਾਲਣਾ ਹੀ ਨਹੀਂ ਸਗੋਂ ਨਵੀਆਂ ਲੋੜਾਂ ਦੇ ਅਨੁਸਾਰ ਨਵੇਂ ਮਾਰਗਾਂ ਦਾ ਨਿਰਦੇਸ਼ ਕਰਨਾ ਵੀ ਹੈ। ਇਸੇ ਲਈ ਹਰੇਕ ਉਚੇ ਕਵੀ ਦੀ ਕਲਾ ਵਿਚ ਅਤੀਤ ਤੇ ਨਵੀਨਤਾ ਦੇ ਬੀਜ ਸਮਾਏ ਹੁੰਦੇ ਹਨ।[2]

ਭਾਈ ਸਾਹਿਬ ਦਾ ਜਨਮ ਉਨ੍ਹੀਵੀਂ ਸ਼ਤਾਬਦੀ ਦੇ ਦੂਜੇ ਭਾਗ ਵਿਚ ਹੋਇਆ ਸੀ ਅਤੇ ਵੀਹਵੀਂ ਸ਼ਤਾਬਦੀ ਦੇ ਅਰਧ- ਭਾਗ ਤੋਂ ਕੁਝ ਬਾਅਦ ਹੀ ਉਨ੍ਹਾਂ ਦਾ ਜੀਵਨ- ਕਾਲ ਸਮਾਪਤ ਹੋ ਗਇਆ ਸੀ। ਇਸ ਲਈ ਇਸ ਕਾਲ ਦੀ ਪਿਠ- ਭੂਮੀ ਅਤੇ ਪ੍ਰਾਪਤ ਕਾਵਿ- ਪਰੰਪਰਾ ਨੂੰ ਭਾਈ ਸਾਹਿਬ ਦੇ ਵਿਅਕਤਿਤਵ ਨੂੰ ਸਮਝਣ ਲਈ ਦ੍ਰਿਸ਼ਟੀਗੋਚਰ ਕਰਨਾ ਜ਼ਰੂਰੀ ਹੈ। ਉਨ੍ਹੀਵੀਂ ਸ਼ਤਾਬਦੀ ਦੇ ਅੰਤ ਤਕ ਭਾਈ ਸਾਹਿਬ ਦੇ ਮਾਨਸਿਕ ਮੰਦਰ ਦੀ ਰੂਪ- ਰੇਖਾ ਉਸਰ ਚੁਕੀ ਸੀ ਤੇ ਉਹ ਇਕ ਵਿਸ਼ੇਸ਼ ਵਿਅਕਤਿਤਵ ਨੂੰ ਲੈਕੇ ਪੰਜਾਬੀ ਕਾਵਿ ਵਿਚ ਪ੍ਰਵੇਸ਼ ਕਰ ਚੁਕੇ ਸਨ। ਵੀਹਵੀਂ ਸ਼ਤਾਬਦੀ ਦੇ ਮੁੱਢ ਨਾਲ ਉਸ ਵਿਚ ਨਿਰੰਤਰ ਵਿਕਾਸ ਹੁੰਦਾ ਗਇਆ। ਇਸ ਲਈ ਉਨ੍ਹੀਵੀਂ ਸ਼ਤਾਬਦੀ ਦੇ ਦੂਜੇ ਭਾਗ ਦੀ ਕੁਝ ਵਿਸਤ੍ਰਿਤ ਅਤੇ ਵੀਹਵੀਂ ਸ਼ਤਾਬਦੀ ਦੇ ਪਹਿਲੇ ਖੰਡ ਦੀ ਕੁਝ ਸੰਖਿਪਤ ਜਹੀ ਚਰਚਾ ਪ੍ਰਸਤੁਤ ਹੈ।

#### 19ਵੀਂ ਸ਼ਤਾਬਦੀ ਦਾ ਦੂਜਾ ਖੰਡ—

#### ਪੰਜਾਬ ਵਿਚ ਅੰਗ੍ਰੇਜ਼ਾਂ ਦਾ ਆਗਮਨ ਅਤੇ ਨਵੇਂ ਮਹੌਲ ਦੀ ਉਤਪਤੀ—

1849 ਈ. ਵਿਚ ਪੰਜਾਬ ਤੇ ਅੰਗ੍ਰੇਜ਼ਾਂ ਦਾ ਕਬਜ਼ਾ ਹੋ ਜਾਣ ਨਾਲ ਅੰਗ੍ਰੇਜ਼ਾਂ ਦਾ ਰਾਜ ਸਾਰੇ ਭਾਰਤ ਤੇ ਛਾ ਗਇਆ। ਪੰਜਾਬ ਵਿਚ ਅੰਗ੍ਰੇਜ਼ੀ ਰਾਜ ਸਥਾਪਤ ਹੋਣ ਤੇ ਸ਼ਾਸਨ ਤੇ ਆਮਦਨ ਲਈ ਡਾਕ, ਤਾਰ, ਰੇਲਵੇ ਤੇ

---

1. " Art moves from stage to stage--- by two opposing paths, the way of constructive acceptance and the way of revolt."
   ( John Livingstone Lowes, Convention and Revolt in Poetry, P.67)

2. " To conform merely would for the n-ew work not really to conform at all; it would not be new and would therefore not be a work of art."
   (T.S. Eliot, Tradition and Individual Talent, Selected Prose, P.24 (Penguin Books)

ਨਹਿਰਾਂ ਦੇ ਨਵੇਂ ਕੰਮ ਸ਼ੁਰੂ ਕੀਤੇ ਗਏ, ਜਿਨ੍ਹਾਂ ਨਾਲ ਪੰਜਾਬ ਵਿਚ ਨਵੇਂ ਮਹੌਲ ਦਾ ਮੁੱਢ ਬੱਝ ਗਇਆ। ਪਹਿਲਾਂ ਜਿੱਥੇ ਸਿਰਫ਼ ਸਰਦਾਰਾਂ, ਜਾਗੀਰਦਾਰਾਂ, ਕਾਮਿਆਂ ਤੇ ਹਟਵਾਣੀਆਂ ਦੀਆਂ ਹੀ ਸ਼੍ਰੇਣੀਆਂ ਸਨ, ਹੁਣ ਇਨ੍ਹਾਂ ਨਵੇਂ ਕੰਮਾਂ ਕਰਕੇ ਨਹਿਰਾਂ, ਰੇਲਾਂ, ਸੜਕਾਂ ਤੇ ਇਮਾਰਤਾਂ ਦੇ ਠੇਕਿਆਂ ਲਈ ਠੇਕੇਦਾਰਾਂ, ਵਲੈਤੀ ਮਾਲ ਨੂੰ ਬਾਜ਼ਾਰਾਂ ਵਿਚ ਪਹੁੰਚਾਉਣ ਲਈ ਕਮਿਸ਼ਨ ਏਜੰਟਾਂ ਤੇ ਥੋਕ ਵਪਾਰੀਆਂ ਆਦਿਕ ਦੀਆਂ ਅਤੇ ਹੋਰ ਕੰਮਾਂ ਲਈ ਕਈ ਹੋਰ ਵਿਹਾਰਕ-ਸ਼੍ਰੇਣੀਆਂ ਉਤਪੰਨ ਹੋਈਆਂ।[3]

## ਈਸਾਈ ਮੱਤ ਦਾ ਪ੍ਰਚਾਰ—

ਅੰਗ੍ਰੇਜ਼ਾਂ ਦਾ ਮੰਤਵ ਰਾਜ ਅਧਿਕਾਰ ਪ੍ਰਾਪਤ ਕਰਕੇ ਸਾਰੇ ਭਾਰਤ ਵਿਚ ਈਸਾਈ ਧਰਮ ਦਾ ਝੰਡਾ ਝੁਲਾਉਣਾ ਸੀ। ਈਸਟ ਇੰਡੀਆ ਕੰਪਨੀ ਦੇ ਬੋਰਡ ਆਫ਼ ਡਾਇਰੈਕਟਰਜ਼ ਦੇ ਚੇਅਰਮੈਨ ਰਾਸ ਮੈਂਗਲਜ਼ ਨੇ 1857 ਈ. ਵਿਚ ਬਰਤਾਨਵੀ ਪਾਰਲੀਮੈਂਟ ਵਿਚ ਸਪਸ਼ਟ ਕਿਹਾ ਸੀ ਕਿ " ਪਰਮਾਤਮਾ ਨੇ ਹਿੰਦੁਸਤਾਨ ਦਾ ਵਿਸ਼ਾਲ ਰਾਜ ਬਰਤਾਨੀਆਂ ਦੇ ਸਪੁਰਦ ਇਸੇ ਲਈ ਕੀਤਾ ਹੈ ਕਿ ਈਸਾ ਦੇ ਧਰਮ ਦਾ ਝੰਡਾ ਭਾਰਤ ਦੇ ਇਕ ਕੋਨੇ ਤੋਂ ਲੈ ਕੇ ਦੂਜੇ ਕੋਨੇ ਤਕ ਝੁਲਾਇਆ ਜਾ ਸਕੇ।[4]" ਅੰਗ੍ਰੇਜ਼ਾਂ ਨੇ ਪੰਜਾਬ ਵਿਚ ਈਸਾਈ ਮੱਤ ਦੇ ਪ੍ਰਚਾਰ ਲਈ ਸਰਹੱਦੀ ਲਾਈਨ ਜੋ ਸ਼ਿਮਲੇ ਤੋਂ ਕਰਾਚੀ ਜਾਂਦੀ ਸੀ ਤੇ ਛੇ ਅੱਡੇ: ਕੋਟ ਗੜ੍ਹ, ਕਾਂਗੜਾ, ਬੰਨੂੰ, ਡੇਰਾ ਇਸਮਾਈਲ ਖ਼ਾਨ, ਮੁਲਤਾਨ ਅਤੇ ਖ਼ਾਨਪੁਰ ਕਾਇਮ ਕੀਤੇ। ਇਨ੍ਹਾਂ ਤੋਂ ਛੁਟ ਪੰਜ ਅੱਡੇ ਪੰਜਾਬ ਦੇ ਵਿਚਕਾਰ ਬਟਾਲਾ, ਨਾਰੋਵਾਲ, ਕਲਾਰਕਾਬਾਦ, ਤਰਨ ਤਾਰਨ ਤੇ ਪਿੰਡ ਦਾਦਨ ਖ਼ਾਨ ਵਿਖੇ ਬਣਾਏ। ਅੰਮ੍ਰਿਤਸਰ, ਲਾਹੌਰ, ਪਿਸ਼ਾਵਰ, ਕਸ਼ਮੀਰ, ਡੇਰਾ ਗਾਜ਼ੀਖ਼ਾਨ, ਹੈਦਰਾਬਾਦ ਸਿੰਧ ਤੇ ਕਰਾਚੀ ਇਨ੍ਹਾਂ ਤੋਂ ਅੱਡਰੇ ਸਨ। ਸਭ ਤੋਂ ਵੱਡਾ ਅੱਡਾ ਲੁਧਿਆਣੇ ਦਾ ਸੀ।[5]

ਇਸ ਤੋਂ ਛੁਟ ਫ਼ੌਜ ਵਿਚ ਈਸਾਈ ਮੱਤ ਦਾ ਪ੍ਰਚਾਰ ਇੱਥੋਂ ਤਕ ਸਿੱਧਾ ਸੀ ਕਿ ਜੋ ਸਿਪਾਹੀ ਈਸਾਈ ਬਣਨ ਲਈ ਰਜ਼ਾਮੰਦ ਹੋ ਜਾਂਦਾ ਸੀ, ਉਸ ਲਈ ਤਰੱਕੀ ਬਹੁਤ ਆਸਾਨ ਹੋ ਜਾਂਦੀ ਸੀ।[6] ਅੰਗ੍ਰੇਜ਼ ਅਫ਼ਸਰ ਫ਼ੌਜੀਆਂ ਪਾਸ ਇਕ ਹੱਥ ਵਿਚ ਤਰੱਕੀ ਦੀ 'ਆਰਡਰ ਬੁੱਕ' ਅਤੇ ਦੂਜੇ ਹੱਥ ਵਿਚ ਬਾਈਬਲ ਲੈ ਕੇ ਜਾਂਦੇ ਸਨ।[7]

---

3. ਡਾ. ਬਲਬੀਰ ਸਿੰਘ, ਸ੍ਰੀ ਚਰਣ ਹਰਿ ਵਿਸਥਾਰ, ਜਿਲਦ 1, ਸੈਂਚੀ 2, ਪੰਨਾ 25.

4. " Providence has entrusted the extensive Empire of Hindustan to England in order that the banner of Christ should wave triumphant from one end of India to the other".
(Extract from the speech of Ross Mangles, Chairman of the Board of Directors in the British Parliament in 1o57, quoted by V.D. Savarkar, the Indian war of Independence 56.)

5. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ, 158, ਪ੍ਰਾਪਤ ਰਾਬਰਟ ਕਲਾਰਕ, ਦੀ ਪੰਜਾਬ ਐਂਡ ਸਿੰਧ ਮਿਸ਼ਨਜ਼, (1888)।

6. DR. M.M. Ahluwalia, Freedom Movement in India(Thesis) P.24 (1o58-1909)

7. " High British officers went about with the Order Book in one hand and Bible in the other."
(Malleson and Kaye, A History of the Indian Mutiny of 1o57-58, 1,352.

8. DR. G.S. Chhabra, The Advanced History of the Punjab, Vol.1,P.30

ਇਸੇ ਪ੍ਰਚਾਰ ਦੇ ਅਧੀਨ ਹੀ 8 ਮਾਰਚ,1853 ਨੂੰ ਮਹਾਰਾਜਾ ਦਲੀਪ ਸਿੰਘ ਨੂੰ ਜ਼ਬਰਦਸਤੀ ਈਸਾਈ ਮੱਤ ਵਿਚ ਸ਼ਾਮਿਲ ਕੀਤਾ ਗਇਆ।[8] ਈਸਾਈ ਮਿਸ਼ਨਰੀ ਤਾਂ ਸਿੱਧਾ ਕਹਿੰਦੇ ਸਨ ਕਿ "ਬਰਤਾਨਵੀ ਰੇਲਵੇ ਤੇ ਸਮੁੰਦਰੀ ਜਹਾਜ਼ ਸਭ ਤਰ੍ਹਾਂ ਦੀਆਂ ਨਸਲਾਂ ਵਿਚ ਆਰਥਿਕ ਉਨਤੀ ਦੇ ਸਾਧਨ ਹੋਣ ਦੇ ਨਾਲ ਹੀ ਇਕੋ ਧਰਮ ਅਧੀਨ ਆਤਮਿਕ ਏਕਤਾ ਸਥਾਪਤ ਕਰਨ ਦਾ ਅਸਿੱਧਾ ਮਾਧਿਅਮ ਸਨ।"[9]

ਇਉਂ ਈਸਾਈ ਮੱਤ ਦੇ ਪ੍ਰਚਾਰ ਨੇ ਅੰਗ੍ਰੇਜ਼ਾਂ ਵੱਲੋਂ ਧਾਰਮਿਕ ਸੁਧਾਰ ਜਿਵੇਂ ਸਤੀ, ਬੱਚਿਆਂ ਅਤੇ ਜਾਨਵਰਾਂ ਦੀ ਬਲੀ ਨੂੰ ਰੋਕਣ ਦੇ ਯਤਨਾਂ ਪ੍ਰਤਿ ਲੋਕਾਂ ਦੇ ਹਿਰਦਿਆਂ ਵਿਚ ਸ਼ੰਕੇ ਉਤਪੰਨ ਕਰ ਦਿੱਤੇ। ਮੁੱਢ ਵਿਚ ਰੇਲਾਂ, ਡਾਕ ਤੇ ਤਾਰ ਦੇ ਸ਼ੁਰੂ ਕੀਤੇ ਸਿਲਸਿਲੇ ਨੂੰ ਵੀ ਲੋਕੀ ਘਿਰਣਾ ਨਾਲ ਵੇਖਣ ਲਗ ਪਏ। ਲੋਕਾਂ ਵਿਚ ਇਹ ਸ਼ੰਕਾ ਵਧ ਗਇਆ ਕਿ ਇਹ ਸਭ ਅੰਗ੍ਰੇਜ਼ਾਂ ਵਲੋਂ ਭਾਰਤ- ਵਾਸੀਆਂ ਦੇ ਧਰਮਾਂ ਨੂੰ ਖ਼ਤਮ ਕਰਕੇ ਲੋਕਾਂ ਨੂੰ ਈਸਾਈ ਬਣਾਉਣ ਦੇ ਸਾਧਨ ਸਨ।

## 1857 ਦਾ ਗ਼ਦਰ ਤੇ ਇਸ ਦਾ ਪ੍ਰਤਿਕਰਮ-

ਅੰਗ੍ਰੇਜ਼ੀ ਸਾਮਰਾਜ ਵਿਰੁਧ ਰਾਜਸੀ ਤੇ ਧਾਰਮਿਕ ਨਫ਼ਰਤ ਦਾ ਪਹਿਲਾ ਪ੍ਰਤਿਕਰਮ 1857 ਈ. ਦੇ ਗ਼ਦਰ ਦੇ ਰੂਪ ਵਿਚ ਹੋਇਆ। ਇਹ ਭਾਰਤ ਵਾਸੀਆਂ ਦਾ ਅੰਗ੍ਰੇਜ਼ਾਂ ਹੱਥੋਂ ਛੁਟਕਾਰਾ ਪ੍ਰਾਪਤ ਕਰਨ ਦਾ ਇਕ ਯਤਨ ਸੀ, ਭਾਵੇਂ ਅੰਗ੍ਰੇਜ਼ ਨੇ ਯੁਕਤੀ ਨਾਲ ਇਸ ਨੂੰ ਨਿਸਫਲ ਬਣਾ ਦਿੱਤਾ ਸੀ। ਗ਼ਦਰ ਦਾ ਇਕ ਅਸਰ ਇਹ ਹੋਇਆ ਕਿ ਬਰਤਾਨਵੀ ਸਰਕਾਰ ਨੇ 2 ਅਗਸਤ,1858 ਈ. ਨੂੰ ਭਾਰਤ ਦੀ ਵਾਗ ਡੋਰ 'ਈਸਟ ਇੰਡੀਆ ਕੰਪਨੀ' ਪਾਸੋਂ ਲੈ ਕੇ ਸਿੱਧੀ ਆਪਣੇ ਹੱਥ ਵਿਚ ਕਰ ਲਈ ਅਤੇ ਭਾਰਤਵਾਸੀਆਂ ਨੂੰ ਇਕ ਚੰਗੇ ਸ਼ਾਸ਼ਨ ਦਾ ਵਿਸ਼ਵਾਸ਼ ਦਵਾਇਆ।[10]

ਇਸ ਦੇ ਬਾਵਜੂਦ ਵੀ ਗ਼ਦਰ ਨੇ ਅੰਗ੍ਰੇਜ਼ਾਂ ਤੇ ਭਾਰਤ-ਵਾਸੀਆਂ ਵਿਚ ਇਕ ਹਮੇਸ਼ਾ ਕਾਇਮ ਰਹਿਣ ਵਾਲੀ ਤਰੇੜ ਪੈਦਾ ਕਰ ਦਿੱਤੀ। ਅੰਗ੍ਰੇਜ਼ੀ ਸਰਕਾਰ ਦਾ ਇੱਥੋਂ ਦੇ ਲੋਕਾਂ ਤੋਂ ਵਿਸ਼ਵਾਸ਼ ਉਠ ਗਇਆ ਤੇ ਸ਼ਾਸਨ ਵਿਚ ਅਧਿਕਾਰ ਵਾਲੀਆਂ ਆਸਾਮੀਆਂ ਵਧੇਰੇ ਅੰਗ੍ਰੇਜ਼ਾਂ ਨੂੰ ਹੀ ਮਿਲਣ ਲਗੀਆਂ।[11] ਲੋਕਾਂ ਤੇ ਕਾਬੂ ਰੱਖਣ ਲਈ 'ਪਾੜੋ

---

9."The missionaries published a manifesto which went to prove that the Railways and steamships of the European by facilitating the material union of all the races of men, were to be indirect instrument for accomplishing the spiritual union under one faith." (Holmes T.Rice, A History of Mutiny 70, quoting J.A.R.Marriot, The English in India, P.168)

10.Cambridge History, edited by H.H. Dodwell, Vol. VI,212.

11." In 1895, in the Civil Departments of the Government of India only 55 Indians out of a total of more than 1200 drew an annual salary of Rs. 10,000 or above. In the Military Department, there was only one such Indian out of a total of 855." (Evidence of Mr. Gokhale before the Royal Commission, 1897, question No. 18331, 18.4.1897.)

ਤੇ ਰਾਜ ਕਰੋ ' ਦੀ ਨੀਤੀ ਜੋ ਪਹਿਲਾਂ ਹੀ ਅੰਗ੍ਰੇਜ਼ਾਂ ਨੇ ਅਪਣਾਈ ਹੋਈ ਸੀ, ਨੂੰ ਹੋਰ ਤੇਜ਼ ਕੀਤਾ।[12] ਇਸ ਦੀ ਵੱਡੀ ਉਦਾਹਰਣ ਇਹ ਹੈ ਕਿ 1857 ਈ. ਤੋਂ ਪਹਿਲਾਂ ਫ਼ੌਜ ਵਿਚ ਜਿਥੇ ਹਿੰਦੂ,ਮੁਸਲਮਾਣ ਤੇ ਸਿੱਖ ਸਭ ਇਕੱਠੇ ਇਕੋ ਪਲਟਣ ਵਿਚ ਹੁੰਦੇ ਸਨ, ਉਥੇ ਗ਼ਦਰ ਤੋਂ ਬਾਅਦ ਦੇ ਪੁਨਰ- ਗਠਨ ਦੇ ਅਨੁਸਾਰ ਰਜਮੈਂਟਾਂ ਅਤੇ ਕੰਪਨੀਆਂ ਵੱਖ ਵੱਖ ਧਰਮਾਂ ਅਤੇ ਪ੍ਰਾਂਤਾਂ ਵਾਲਿਆਂ ਅਨੁਸਾਰ ਵੱਖਰੀਆਂ ਵੱਖਰੀਆਂ ਕਰ ਦਿੱਤੀਆਂ ਗਈਆਂ।[13]

ਫ਼ੌਜ ਤੋਂ ਬਾਹਰ ਵੀ ਹਿੰਦੂਆਂ,ਸਿੱਖਾਂ ਤੇ ਮੁਸਲਮਾਣਾਂ ਵਿਚ ਕਦੇ ਇਕ ਨੂੰ ਹਵਾ ਦੇ ਕੇ ਅਤੇ ਕਦੇ ਦੂਜੇ ਨੂੰ ਹਵਾ ਦੇ ਕੇ ਉਨ੍ਹਾਂ ਵਿਚ ਆਪਸੀ ਫੁੱਟ ਤੇ ਨਫ਼ਰਤ ਪੈਦਾ ਕੀਤੀ ਜਾਣ ਲੱਗੀ। ਭਾਰਤਵਾਸੀਆਂ ਵਿਚ ਨੀਵੇਂ- ਪਣ ਦਾ ਅਹਿਸਾਸ ਪੈਦਾ ਕਰਨ ਲਈ ਅੰਗ੍ਰੇਜ਼ਾਂ ਨੇ ਨਸਲੀ ਹੰਕਾਰ ਅਧੀਨ ਉਨ੍ਹਾਂ ਨੂੰ ਕਾਲਾ,ਕੁਲੀ ਤੇ ਹੋਰ ਤ੍ਰਿਸਕਾਰ ਵਾਲੇ ਨਾਵਾਂ ਨਾਲ ਬੁਲਾਉਣਾ ਸ਼ੁਰੂ ਕਰ ਦਿੱਤਾ। ਇਹ ਨਸਲੀ ਵਿਤਕਰਾ ਭਾਰਤ ਤਕ ਹੀ ਨਹੀਂ, ਜਿਥੇ ਜਿਥੇ ਵੀ ਅੰਗ੍ਰੇਜ਼ੀ ਸਾਮਰਾਜ ਸੀ,ਉਥੇ ਫੈਲਾਇਆ ਗਇਆ।

<u>ਸਰਕਾਰੀ ਖ਼ਰਚੇ ਤੇ ਆਮਦਨ-</u>

ਇਸ ਦੇ ਨਾਲ ਹੀ ਅੰਗ੍ਰੇਜ਼ੀ ਸਾਮਰਾਜ ਵਿਚ ਨਵੇਂ ਕੰਮਾਂ ਕਾਰਨ ਖ਼ਰਚੇ ਵਧ ਰਹੇ ਸਨ। ਅੰਗ੍ਰੇਜ਼ੀ ਸਾਮਰਾਜ ਦੇ ਫੈਲਾਵੇ ਲਈ ਦੂਜੀ ਅਫ਼ਗਾਨ ਜੰਗ ਤੇ ਦੂਜੀ ਬਰਮੀ ਜੰਗ ਤੇ ਵੀ ਕਾਫ਼ੀ ਖ਼ਰਚਾ ਹੋਇਆ ਸੀ।[14] ਪਹਿਲਾਂ ਜ਼ਮੀਨੀ ਮਾਮਲੇ ਵਿਚ ਵਾਧਾ ਕੀਤਾ ਗਇਆ। ਫਿਰ 1861 ਈ. ਵਿਚ ਆਮਦਨ- ਕਰ ਦੀ ਤਰ੍ਹਾਂ "ਅਸੈਸਡ ਟੈਕਸ" ਲਾਇਆ ਗਇਆ, ਜੋ 1872-73 ਵਿਚ ਹਟਾ ਦਿੱਤਾ ਗਇਆ ਸੀ। ਇਸ ਨੂੰ ਲਾਰਡ ਲਿਟਨ ਦੀ ਸਰਕਾਰ ਨੇ 1878 ਈ. ਵਿਚ ਦੋਬਾਰਾ ਫਿਰ ਵਪਾਰੀਆਂ ਦੇ 'ਲਾਈਸੈਂਸ ਟੈਕਸ' ਦੇ ਰੂਪ ਵਿਚ ਸ਼ੁਰੂ ਕੀਤਾ ਜੋ 1886 ਈ. ਵਿਚ ਸਾਰੀ ਗੈਰ- ਜ਼ਰਾਇਤੀ ਆਮਦਨ ਤੇ ਆਮਦਨ- ਕਰ ( Income Tax ) ਦੇ ਰੂਪ ਵਿਚ ਲਾਗੂ ਹੋ ਗਇਆ।[15]

---

12." Our Empire in India was indeed founded upon the old principle of <u>divide at et impera</u>..."
(Extract from the speech of Lord Disraeli in the Biritish Parliament vide the Parliamentary Debates, Hansard, 27.7.1857, P. 44)

13." The Re-Organisation introduced by the Government after 1857 destroyed the sentiment of unity. Regiments, battalions and companies came to be based on sectarion caste and class distinctions."
( J.P. Suda, The Indian Constitutional Development and National Movement, P.21)

14. Mr. J. Ram-say Macdonald termed it the "Epoch of Bombastic Imperialism at the expense of India" vide The Awakening of India, P.94.

15. M.M. Ahluwalia, Freedom Movement in India (1857-1908), Thesis, P.101

ਵੱਡੇ ਵਪਾਰ, ਕਾਰਖ਼ਾਨੇ ਤੇ ਖਾਣਾਂ ਅਰੇ ਹੀ ਵਧੇਰੇ ਅੰਗਰੇਜ਼ਾਂ ਦੇ ਕਬਜ਼ੇ ਵਿਚ ਸਨ। ਉਨ੍ਹਾਂ ਨੇ ਵਪਾਰ ਤੇ ਆਮਦਨ ਲਈ ਲੋਕਾਂ ਦਾ ਰਜੂਹ ਤੰਬਾਕੂ, ਅਫ਼ੀਮ ਤੇ ਹੋਰ ਨਸ਼ਿਆਂ ਵਲ ਕੀਤਾ।[16] ਪੋਸਤ ਦੇ ਵਪਾਰ ਬਾਰੇ ਦਾਦਾ ਭਾਈ ਨਾਰੋਜੀ ਨੂੰ ਇੱਥੋਂ ਤਕ ਕਹਣਾ ਪਇਆ ਕਿ " ਪੋਸਤ ਦੇ ਵਪਾਰ ਦਾ ਦੋਸ਼ ਅੰਗਰੇਜ਼ਾਂ ਦੇ ਸਿਰ ਇਕ ਦੋਸ਼ ਹੈ, ਪਰ ਭਾਰਤੀਆਂ ਦਾ ਇਸ ਵਿਚ ਹਥਿਆਰ ਬਣਨਾ ਇਕ ਗੁਨਾਹ ਹੈ।"[17] ਨਸ਼ਿਆਂ ਦੀ ਵਧੇਰੇ ਵਰਤੋਂ ਨਾਲ ਭਾਰਤੀ ਆਚਾਰ ਵਿਚ ਵੀ ਗਿਰਾਵਟ ਆਉਣ ਲੱਗੀ। ਆਮਦਨ ਦਾ ਵਧੇਰੇ ਭਾਗ ਅੰਗਰੇਜ਼ਾਂ ਦੀ ਭਲਾਈ ਤੇ ਹੀ ਖਰਚ ਹੁੰਦਾ ਸੀ। ਇਸ ਨਾਲ ਆਮ ਲੋਕਾਂ ਦੀ ਗ਼ਰੀਬੀ ਹੋਰ ਵਧਣ ਲੱਗੀ ਤੇ ਸਾਧਾਰਣ ਲੋਕਾਂ ਵਿਚ ਅਸੰਤੁਸ਼ਟਤਾ ਪੈਦਾ ਹੋ ਗਈ।

<u>ਪੱਛਮੀ ਵਿਦਿਆ ਦੀ ਦੇਣ-</u>

ਪ੍ਰਾਚੀਨ ਸਮਿਆਂ ਤੋਂ ਭਾਰਤ ਵਿਚ ਵਿਦਿਆ ਵਧੇਰੇ ਧਾਰਮਿਕ ਹੋਣ ਕਰਕੇ ਧਾਰਮਿਕ ਸ਼੍ਰੇਣੀ ਰਾਹੀਂ ਹੀ ਦਿੱਤੀ ਜਾਂਦੀ ਸੀ। ਇਸ ਦਾ ਕੇਂਦ੍ਰ ਮੰਦਰ, ਮਸੀਤਾਂ ਤੇ ਗੁਰਦੁਆਰੇ ਸਨ। ਉਚੇਰੀ ਧਾਰਮਿਕ ਵਿਦਿਆ ਲਈ ਸਾਧਾਂ, ਸੂਫ਼ੀਆਂ, ਮੌਲਵੀਆਂ ਤੇ ਗਿਆਨੀਆਂ ਦੇ ਡੇਰੇ ਅਤੇ ਗੱਦੀਆਂ ਹੁੰਦੀਆਂ ਸਨ। ਇਸ ਦਾ ਮਨੋਰਥ ਪੜ੍ਹਨ ਵਾਲਿਆਂ ਨੂੰ ਆਪਣੇ ਆਪਣੇ ਧਰਮ ਵਿਚ ਪੱਕਾ ਕਰਨਾ ਹੀ ਵਧੇਰੇ ਹੁੰਦਾ ਸੀ।[18]

ਵਿਦਿਆ ਨੂੰ ਸਰਕਾਰੀ ਫ਼ਰਜ਼ ਸਮਝਣ ਦਾ ਸੰਕਲਪ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਦੀ ਉਪਜ ਹੈ।[19] ਈਸਾਈ ਮਿਸ਼ਨਰੀਆਂ ਦਾ ਵੀ ਵਿਦਿਆ ਦੇ ਪ੍ਰਸਾਰ ਨਾਲ ਡੂੰਘਾ ਸੰਬੰਧ ਰਹਿਆ ਹੈ। ਇਕ ਤਾਂ ਉਹ ਦੇਸੀ ਭਾਸ਼ਾਵਾਂ ਦੇ ਅਧਿਐਨ ਰਾਹੀਂ ਬਾਈਬਲ ਦੇ ਉਲੱਥੇ ਕਰਕੇ ਲੋਕਾਂ ਵਿਚ ਪ੍ਰਚਾਰ ਅਤੇ ਦੂਜਾ ਅੰਗਰੇਜ਼ੀ ਦੀ

---

16. "The excise revenue which was £ 1,755,000 in 1875 rose to £ 4,289,000 in 1901. There was an increase of 140% in thirty years."
(Extract from the speech of Mr. Caine in The British Parliament, Hansard, 10.11.1892, P. 525)

17. Dadabhai Naroji, Poverty and Un-British Rule in India, 215.

18. " Neither individuality nor a rationalistic outlook could develop among the pupils in these schools of Pre-British India. The education imparted was to make pupils staunch Hindus or Muslims and uncritical subscribers to their respective religions".
(A.R. Desai, Social Background of Indian Nationalism, P.123)

19. Imperial Gaztteer of India(1886), VI, 472-74.

ਵਿਦਿਆ ਰਾਹੀਂ ਲੋਕਾਂ ਦੀ ਪੱਛਮੀ ਗਿਆਨ ਨਾਲ ਜਾਣਕਾਰੀ ਕਰਾਉਣਾ ਚਾਹੁੰਦੇ ਸਨ।[20] 1860 ਈ. ਵਿਚ ਪੰਜਾਬ ਦਾ ਵਿਦਿਆ ਵਿਭਾਗ ਕਾਇਮ ਹੋਇਆ ਅਤੇ ਮਿਡਲ ਤਕ ਦੀ ਵਿਦਿਆ ਦਾ ਪ੍ਰਬੰਧ ਕੀਤਾ ਗਇਆ।[21] ਪੰਜਾਬ ਵਿਚ ਵਿਦਿਆ ਪ੍ਰਾਪਤੀ ਦਾ ਮਾਧਿਅਮ ਉਰਦੂ ਸੀ, ਕਿਉਂਕਿ ਉਰਦੂ ਨੂੰ ਅੰਗ੍ਰੇਜ਼ੀ ਸਰਕਾਰ ਨੇ ਇੱਥੇ ਦੀ ਸ਼ਾਸਨ- ਭਾਸ਼ਾ ਮੰਨ ਲਇਆ ਸੀ। 1864 ਈ. ਵਿਚ ਓਰੀਐਂਟਲ ਕਾਲਜ, ਲਾਹੋਰ ਦੇਸੀ ਜ਼ੁਬਾਨਾਂ ਦੀ ਉਨਤੀ ਲਈ ਖੋਲ੍ਹਿਆ ਗਇਆ ਅਤੇ ਇਸ ਦੇ ਪ੍ਰਿੰਸੀਪਲ ਡਾਕਟਰ ਲਾਈਟਨਰ ਦੇ ਯਤਨਾਂ ਨਾਲ ਪੰਜਾਬੀ ਦੀਆਂ ਪਹਲੀਆਂ ਜਮਾਤਾਂ 1877 ਈ. ਵਿਚ ਸ਼ੁਰੂ ਹੋਈਆਂ। 1882 ਈ. ਵਿਚ ਪੰਜਾਬ ਯੂਨੀਵਰਸਿਟੀ ਦੀ ਸਥਾਪਣਾ ਨਾਲ ਉਚੇਰੀ ਵਿਦਿਆ ਦਾ ਬਾਕਾਇਦਾ ਪ੍ਰਬੰਧ ਸ਼ੁਰੂ ਹੋ ਗਇਆ।

ਅੰਗ੍ਰੇਜ਼ੀ ਰਾਜ ਵਿਚ ਪੱਛਮੀ ਵਿਦਿਆ ਨੇ ਭਾਰਤ-ਵਾਸੀਆਂ ਲਈ ਪੁਨਰ- ਜਾਗ੍ਰਤੀ ਦਾ ਕੰਮ ਕੀਤਾ। ਅੰਗ੍ਰੇਜ਼ੀ ਜ਼ੁਬਾਨ ਤੇ ਚੰਗੇ ਆਵਾਜਾਈ ਦੇ ਸਾਧਨਾਂ ਨਾਲ ਸਾਰੇ ਭਾਰਤਵਾਸੀ ਇਕ ਇਕਾਈ ਵਿਚ ਪਰੋਤੇ ਗਏ। ਅੰਦਰੂਨੀ ਅਮਨ ਨੇ ਸਮਾਜਿਕ ਤੇ ਧਾਰਮਿਕ ਰਸਮਾਂ ਦੇ ਸੁਧਾਰ ਲਈ ਪ੍ਰੇਰਿਆ। ਰੇਲ, ਡਾਕ, ਤਾਰ ਦੇ ਸਿਲਸਿਲੇ ਨਾਲ ਉਦਯੋਗਿਕ ਵਿਕਾਸ ਕੁਝ ਕੁ ਆਰਥਿਕ ਕ੍ਰਾਂਤੀ ਦਾ ਸਾਧਨ ਸਾਬਤ ਹੋਇਆ। ਇਸ ਨਾਲ ਪ੍ਰਾਚੀਨ ਜਾਗੀਰਦਾਰੀ ਦੀ ਪ੍ਰਥਾ ਤੇ ਸਵੈ- ਸੰਤੁਸ਼ਟਤਾ ਦੀ ਭਾਵਨਾ ਖ਼ਤਮ ਹੋ ਗਈ। ਪੱਛਮੀ ਵਿਦਿਆ ਰਾਹੀਂ ਹੀ ਬਰਤਾਨਵੀ ਇਤਿਹਾਸ ਤੇ ਰਾਜਨੀਤਿਕ ਵਿਗਿਆਨ ਤੋਂ ਲੋਕਾਂ ਨੂੰ ਗਿਆਨ ਹੋਇਆ ਕਿ ਬਰਤਾਨੀਆਂ ਵਿਚ ਕਿਵੇਂ ਸਹਜੇ ਹੀ ਅਸੀਮਤ ਰਾਜ- ਤੰਤ੍ਰ ਪਰਿਵਰਤਤ ਹੋ ਕੇ ਸੀਮਤ ਰਾਜ- ਤੰਤ੍ਰ ਵਿਚ ਤਬਦੀਲ ਹੋਇਆ ਸੀ ਜੋ ਅਮਲ ਵਿਚ ਗਣ- ਤੰਤ੍ਰ ਵਰਗਾ ਹੀ ਹੈ।[22] ਇਸ ਨਾਲ ਭਾਰਤੀਆਂ ਲਈ ਅੰਗ੍ਰੇਜ਼ਾਂ ਨਾਲ ਸਮਝੌਤਾ ਕਰਨਾ ਮੁਸ਼ਕਲ ਹੋ ਗਇਆ, ਜੋ ਭਾਰਤ ਵਿਚ ਨਿਰ- ਅੰਕੁਸ਼ ਅਧਿਕਾਰੀ ( Despot ) ਸਨ, ਪਰ ਬਰਤਾਨੀਆਂ ਵਿਚ ਪਰਜਾ- ਤੰਤ੍ਰਵਾਦੀ।

ਪੱਤਰਕਾਰੀ—

ਵਿਦਿਆ ਦੀ ਉਨਤੀ ਨਾਲ ਪੱਤਰਕਾਰੀ ਨੇ ਵੀ ਕਾਫ਼ੀ ਵਿਕਾਸ ਕੀਤਾ। ਪੱਤਰਕਾਰੀ ਜਿੱਥੇ ਲੋਕਾਂ ਵਿਚ ਪ੍ਰਾਂਤਕ ਤੇ ਅੰਤਰ- ਪ੍ਰਾਂਤਕ ਸਾਂਝ ਦੇ ਵਿਕਾਸ ਦਾ ਚੰਗਾ ਵਸੀਲਾ ਸੀ, ਉਥੇ ਇਸ ਦੇ ਅਗਾਂਹ-ਵਧੂ ਵਿਚਾਰਾਂ ਕਾਰਨ ਬੌਧਿਕ ਰੁਚੀ ਰੱਖਣ ਵਾਲਿਆਂ ਅਤੇ ਸਾਧਾਰਣ ਲੋਕਾਂ ਵਿਚ ਕੁਝ ਕੁ ਰਾਜਸੀ ਜਾਗ੍ਰਤੀ ਉਤਪੰਨ ਹੋਈ।[23] ਪੰਜਾਬ ਵਿਚ ਪਹਲਾ ਅੰਗ੍ਰੇਜ਼ੀ ਅਖ਼ਬਾਰ 'ਦੀ ਲਾਹੋਰ ਕਰਾਨੀਕਲ' 1849 ਈ. ਵਿਚ ਸ਼ੁਰੂ ਹੋਇਆ

---

20. Imperial Gazetteer of India ( 1886), VI, 472-74

21. ਉਹੀ

22. " The study of English history revealed to the Indian a gradual tranition from an unlimited monarchy to a limited monarchy differing scarcely from a republic."
(Chirol Valentine, Indian Unrest, P. 852)

23. A.R.Desai, Social Background of Indian Nationalism, P. 219).

ਜੋ 1865 ਈ. ਵਿਚ 'ਇੰਡੀਅਨ ਪਬਲਿਕ ਓਪੀਨੀਅਨ' ਨੂੰ ਵੇਚਿਆ ਗਇਆ ਅਤੇ ਜੋ ਬਾਅਦ ਵਿਚ 'ਦੀ ਸਿਵਲ ਐਂਡ ਮਿਲਟਰੀ ਗਜ਼ਟ' ਨਾਲ ਮਿਲ ਗਇਆ ਸੀ।[24] ਇਸ ਤੋਂ ਬਾਅਦ ਸ. ਦਿਆਲ ਸਿੰਘ ਮਜੀਠੀਏ ਨੇ 'ਦੀ ਟ੍ਰਿਬਿਊਨ' ਨੂੰ 1881 ਈ. ਵਿਚ ਸ਼ੁਰੂ ਕੀਤਾ।

ਪੰਜਾਬੀ ਵਿਚ 1867 ਈ. ਵਿਚ ਅਖ਼ਬਾਰ 'ਸ੍ਰੀ ਦਰਬਾਰ ਸਾਹਿਬ' ਸ਼ੁਰੂ ਹੋਇਆ, ਪਰ ਪੰਜਾਬੀ ਪੱਤਰਕਾਰੀ ਦੀ ਵਧੇਰੇ ਉੱਨਤੀ ਸਿੰਘ ਸਭਾ ਲਹਿਰ ਦੇ ਅਸਰ ਹੇਠਾਂ ਹੀ ਹੋਈ ਸੀ। ਇਸ ਦੇ ਪ੍ਰਭਾਵ ਹੇਠਾਂ 'ਸੁਕ੍ਰਿਤਪ੍ਰਬੋਧਨੀ'(1875), 'ਅਖ਼ਬਾਰ ਕਾਰੂਧ ਰਦ੍ਰੂਦਧ(1876), 'ਗੁਰਮੁਖੀ'(1880), 'ਵਿਦਿਆਰਕ(1889), 'ਸੁਧਾਰਕ(1886), 'ਖ਼ਾਲਸਾ ਅਖ਼ਬਾਰ'(1886), 'ਸੁਧਾਰ ਪਤ੍ਰਕਾ(1891) ਆਦਿਕ ਹੋਂਦ ਵਿਚ ਆਏ ਸਨ। ਭਾਈ ਸਾਹਿਬ ਨੇ 'ਖ਼ਾਲਸਾ ਸਮਾਚਾਰ' ਨੂੰ 1899 ਈ. ਵਿਚ ਸ਼ੁਰੂ ਕੀਤਾ ਸੀ।[25] ਪੰਜਾਬੀ ਦੇ ਇਨ੍ਹਾਂ ਅਖ਼ਬਾਰਾਂ ਦਾ ਮਨੋਰਥ ਸਿੱਖ ਧਰਮ ਤੇ ਸਿੱਖ ਇਤਿਹਾਸ ਦਾ ਪ੍ਰਚਾਰ ਅਤੇ ਸਮਾਜ ਵਿਚ ਉਸ ਵੇਲੇ ਦੀਆਂ ਕੁਰੀਤੀਆਂ ਨੂੰ ਦੂਰ ਕਰਨਾ ਸੀ।

ਭਾਰਤੀ ਪੁਨਰ- ਜਾਗ੍ਰਤੀ— ਸਮਾਜਿਕ ਤੇ ਧਾਰਮਿਕ ਲਹਿਰਾਂ —

ਪੱਛਮੀ ਵਿਦਿਆ, ਵਿਚਾਰਾਂ ਤੇ ਭਾਸ਼ਾ ਨੇ ਭਾਰਤ ਦੇ ਲੋਕਾਂ ਵਿਚ ਪੁਨਰ- ਜਾਗ੍ਰਤੀ ਦਾ ਕੰਮ ਕੀਤਾ। ਭਾਰਤੀਆਂ ਨੇ ਪਰਾਧੀਨਤਾ ਨੂੰ ਖ਼ਤਮ ਕਰਨ ਲਈ ਅਤੇ ਪੱਛਮੀ ਪ੍ਰਭਾਵਾਂ ਤੇ ਈਸਾਈ ਮੱਤ ਦੇ ਫੈਲਾਵੇ ਦੇ ਰਸਤੇ ਵਿਚ ਠੱਲ੍ਹ ਪਾਉਣ ਲਈ ਸਮਾਜਿਕ ਤੇ ਧਾਰਮਿਕ ਸੁਧਾਰ ਅਤੇ ਵਿਦਿਆ ਦੇ ਪ੍ਰਚਾਰ ਨੂੰ ਜ਼ਰੂਰੀ ਸਮਝਿਆ। ਇਸ ਮੰਤਵ ਲਈ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਵਿਚ ਕਈ ਲਹਿਰਾਂ ਸ਼ੁਰੂ ਹੋਈਆਂ।

ਹਿੰਦੂਆਂ ਦੀਆਂ ਲਹਿਰਾਂ —

ਬ੍ਰਹਮੋ ਸਮਾਜ— ਰਾਜਾ ਰਾਮ ਮੋਹਨ ਰਾਇ ਨੇ 1828 ਈ. ਵਿਚ ਬ੍ਰਹਮੋ ਸਮਾਜ ਦੀ ਨੀਂਹ ਬੰਗਾਲ ਵਿਚ ਰੱਖੀ ਸੀ, ਜੋ ਵੇਦਾਂਤ, ਈਸਾਈ ਮੱਤ ਅਤੇ ਪੱਛਮੀ ਉਪਯੋਗਤਾਵਾਦ ਦੇ ਅਸੂਲਾਂ ਦਾ ਇਕ ਚੰਗਾ ਸੁਮਿਸ਼੍ਰਣ ਸੀ।[26] ਬ੍ਰਹਮੋ ਸਮਾਜ ਵੇਦਾਂਤ ਧਰਮ ਨੂੰ ਸਵੀਕਾਰ ਕਰਦਾ ਸੀ, ਪਰ ਮੂਰਤੀ- ਪੂਜਾ ਦੇ ਵਿਰੁੱਧ ਸੀ।

---

24. M.P. Kohli, Influence of the West on Punjabi Literature(1857-1957) Thesis, P.20

25. ਗਿਆਨੀ ਨਾਹਰ ਸਿੰਘ, ਪੰਜਾਬੀ ਦੁਨੀਆਂ ਪੱਤਰਕਾਰੀ ਅੰਕ, ਅਗਸਤ, 1968, ਪੰਨਾ- 1-2

26. " Brahmosmaj was a fine blending of Vedanta, Christianity and the Western Utilitarianism."
( Aurobindo Ghose, The Renaissance of India, P. 47 )

ਸੁਖੂਸੀ ਆਜ਼ਾਦੀ ਦੀ ਇਸ ਲਹਿਰ ਦਾ ਇਤਿਹਾਸਿਕ ਪ੍ਰਤਿਕਰਮ ਹੀ ਸਵ੍ਰਾਜ ਪ੍ਰਾਪਤੀ ਦੀ ਲਹਿਰ ਵਿਚ ਹੋਇਆ ਸੀ।[27] ਬ੍ਰਹਮੋ ਸਮਾਜ ਦੇ ਅਸਰ ਹੇਠਾਂ ਹੀ 1864 ਈ. ਵਿਚ ਮਦਰਾਸ ਵਿਖੇ 'ਵੇਦ-ਸਮਾਜ' ਅਤੇ ਬੰਬਈ ਵਿਚ 'ਪ੍ਰਾਰਥਨਾ ਸਮਾਜ' ਹੋਂਦ ਵਿਚ ਆਏ ਸਨ।[28] [redacted] ਬ੍ਰਹਮੋ ਸਮਾਜ ਦਾ ਪੰਜਾਬ ਵਿਚ ਪਹਿਲਾ ਮੰਦਰ 1872 ਈ. ਵਿਚ ਅਨਾਰਕਲੀ ਲਾਹੌਰ ਵਿਖੇ ਬਣਿਆ ਸੀ। ਇਸ ਲਹਿਰ ਦੇ ਅਸਰ ਹੇਠਾਂ ਕੁਝ ਹੋਰ ਲੋਕਾਂ ਨਾਲ ਸ. ਦਿਆਲ ਸਿੰਘ ਮਜੀਠੀਆ ਵੀ ਬ੍ਰਹਮੋ ਸਮਾਜੀ ਬਣਿਆ ਸੀ,[29] ਪਰ ਇਹ ਲਹਿਰ ਪੰਜਾਬ ਵਿਚ ਬਹੁਤ ਨਾ ਫੈਲ ਸਕੀ।

## ਆਰੀਆ ਸਮਾਜ-

ਬ੍ਰਹਮੋ ਸਮਾਜ ਦੇ ਪ੍ਰਤਿ-ਕਿਰਿਆ ਸਰੂਪ ਸੁਆਮੀ ਦਇਆ ਨੰਦ ਨੇ 1874 ਈ. ਵਿਚ ਅਲਾਹਾਬਾਦ ਤੋਂ 'ਸਤਿਆਰਥ-ਪ੍ਰਕਾਸ਼' ਪ੍ਰਕਾਸ਼ਿਤ ਕਰ ਕੇ ਆਰੀਆ ਸਮਾਜ ਦੀ 1875 ਈ. ਵਿਚ ਬੰਬਈ ਅਤੇ 1878 ਈ. ਵਿਚ ਲਾਹੌਰ ਵਿਖੇ ਸਥਾਪਣਾ ਕੀਤੀ।[30] ਉਨ੍ਹਾਂ ਦਾ ਨਿਸ਼ਾਨਾ ਭਾਰਤ ਵਿਚ ਈਸਾਈਅਤ ਦੇ ਪ੍ਰਭਾਵ ਦੀ ਰੋਕ-ਥਾਮ ਕਰਕੇ ਪ੍ਰਾਚੀਨ ਸੰਸਕ੍ਰਿਤਕ ਵਿਚਾਰਧਾਰਾ ਜਿਸ ਦਾ ਸੋਮਾ ਵੇਦ ਸਨ, ਵਲ ਰੁਚੀ ਪੈਦਾ ਕਰਨਾ ਸੀ।[31] ਇਸ ਲਹਿਰ ਦਾ ਉਦੇਸ਼ ਵੇਦ-ਦਰਸ਼ਨ ਦਾ ਅਧਿਐਨ, ਸਾਦਾ ਜੀਵਨ, ਪੱਛਮੀ ਪ੍ਰਭਾਵਾਂ ਦੀ ਵਿਰੋਧਤਾ, ਜਾਤ ਪਾਤ ਤੇ ਹੋਰ ਰੂੜ੍ਹੀਵਾਦੀ ਅਗਿਆਨਤਾ ਦਾ ਵਿਰੋਧ, ਸ਼ੁੱਧੀ ਅੰਦੋਲਨ ਅਧੀਨ ਈਸਾਈ ਬਣ ਚੁਕੇ ਲੋਕਾਂ ਨੂੰ ਹਿੰਦੂ ਮੱਤ ਵਿਚ ਵਾਪਿਸ ਆਉਣ ਲਈ ਪ੍ਰੇਰਨਾ ਦੇਣਾ ਅਤੇ ਵਿਦਿਆ ਪ੍ਰਚਾਰ ਸੀ।[32]

ਆਰੀਆ ਸਮਾਜ ਦੇ ਅਸਰ ਹੇਠਾਂ ਦਇਆ ਨੰਦ ਐਂਗਲੋ ਵੈਦਿਕ ਸੰਸਥਾ ਨੇ ਪੱਛਮੀ ਵਿਦਿਆ ਤੇ ਸੰਸਕ੍ਰਿਤ ਦੇ ਪ੍ਰਚਾਰ ਲਈ ਕਈ ਸਕੂਲ ਅਤੇ ਕਾਲਜ ਖੋਲ੍ਹੇ ਜੋ ਹੁਣ ਤਕ ਸਾਡੇ ਵਿਦਿਅਕ ਖੇਤਰ ਵਿਚ ਬੜੀ ਮਹੱਤਤਾ ਰੱਖਦੇ ਹਨ। ਆਰੀਆ ਸਮਾਜ ਦੀ ਹਿੰਦੂਆਂ ਵਿਚ ਪੈਦਾ ਕੀਤੀ ਜਾਗ੍ਰਤੀ ਕਾਰਨ ਹੀ "ਅੰਗ੍ਰੇਜ਼ੀ ਸਰਕਾਰ ਆਰੀਆ ਸਮਾਜ ਨਾਲ ਕਦੇ ਖੁਸ਼ ਨਹੀਂ ਸੀ।[33]" ਇਹ ਲਹਿਰ ਬੜੀ ਤੇਜ਼ੀ ਨਾਲ ਫੈਲੀ ਤੇ ਹਿੰਦੂਆਂ ਦਾ ਕਾਫ਼ੀ ਵਰਗ ਇਸ ਦੇ ਪ੍ਰਭਾਵ ਹੇਠ ਆ ਗਿਆ। ਸ਼ੁੱਧੀ ਅੰਦੋਲਨ ਚਲਾ ਕੇ ਆਰੀਆ ਸਮਾਜ ਨੇ ਈਸਾਈਅਤ ਦੇ ਨਾਲ

---

27. B.C. Pal, Brahmosmaj and the Battle of Swaraj, P.P. 3-5.
28. O. Malley, Modern India and the West, PP. 67-68.
29. M.P. Kohli, The Influence of the West on Punjabi Literature (1857-1957), Thesis, P.21.
30. R.W. Frazer, Indian Thought-Past and Present, P. 315.
31. " His ( Dayananda's ) aim was to rally India against the encroaching inroads of Christianity to obtain defence of her own traditional line of thought as divinely inspired by the Vedas." ( Ibid, P.322 ).
32. G.C. Narang, Real Hinduism, P. 188.
33. Lajpat Rai, The Arya Samaj, P. 155.

ਸਿੱਖ ਮੱਤ ਤੇ ਇਸਲਾਮ ਉਤੇ ਵੀ ਹਮਲੇ ਸ਼ੁਰੂ ਕਰ ਦਿੱਤੇ,ਜਿਸ ਦੇ ਪ੍ਰਤਿਕਰਮ ਵਜੋਂ ਮੁਸਲਮਾਨਾਂ ਤੇ ਸਿੱਖਾਂ ਵਿਚ ਇਸ ਲਹਰ ਪ੍ਰਤਿ ਘਿਰਣਾ ਪੈਦਾ ਹੋ ਗਈ। ਪਰ ਹਿੰਦੂਆਂ ਦੀ ਜਾਗ੍ਰਤੀ ਵਿਚ ਆਰੀਆ ਸਮਾਜ ਨੇ ਬੜਾ ਹਿੱਸਾ ਪਾਇਆ ਹੈ।

<u>ਸਨਾਤਨ ਧਰਮ ਸਭਾ</u>–

ਆਰੀਆ ਸਮਾਜ ਦੀ ਪ੍ਰਾਚੀਨ ਹਿੰਦੂ ਮੱਤ ਦੀ ਮੂਰਤੀ- ਪੂਜਾ ਦੀ ਨਿਖੇਧੀ ਦੇ ਪ੍ਰਤਿਕਰਮ ਵਜੋਂ 1889 ਈ. ਵਿਚ ਲਾਹੌਰ ਵਿਖੇ ਪ੍ਰਾਚੀਨ ਸਨਾਤਨੀ ਰਹੁ-ਰੀਤੀ ਨੂੰ ਕਾਇਮ ਰੱਖਣ ਲਈ ਅਤੇ ਆਧੁਨਿਕ ਵਿਦਿਆ ਦੇ ਪ੍ਰਸਾਰ ਲਈ 'ਸਨਾਤਨ ਧਰਮ ਸਭਾ' ਦੀ ਲਹਰ ਸ਼ੁਰੂ ਹੋਈ,ਜਿਸ ਦੇ ਪ੍ਰਭਾਵ ਹੇਠ ਧਰਮ ਪ੍ਰਚਾਰ ਦੇ ਨਾਲ ਕਈ ਸਕੂਲ ਤੇ ਕਾਲਜ ਵੀ ਖੁਲ੍ਹੇ।

<u>ਦੇਵ ਸਮਾਜ</u>–

ਬ੍ਰਹਮੋ ਸਮਾਜ ਦੇ ਅਸਰ ਹੇਠਾਂ ਪੰਡਤ ਸਤਿਆ ਨੰਦ ਅਗਨਿਹੋਤਰੀ ਨੇ 16 ਫ਼ਰਵਰੀ,1887 ਈ. ਨੂੰ ਲਾਹੌਰ ਵਿਖੇ 'ਦੇਵ ਸਮਾਜ' ਦੀ ਨੀਂਹ ਰੱਖੀ, ਜਿਸ ਦਾ ਮੰਤਵ ਸਭ ਧਰਮਾਂ ਦੇ ਵਿਸ਼ਵਾਸਾਂ ਦੀ ਕਦਰ,ਵਿਦਿਆ ਪ੍ਰਚਾਰ ਅਤੇ ਆਰੀਆ ਸਮਾਜ ਨੂੰ ਫ਼ਿਰਕੂ ਟੋਲਾ ਸਮਝ ਕੇ ਇਸ ਦੇ ਵਿਚਾਰਾਂ ਦੀ ਵਿਰੋਧਤਾ ਕਰਨਾ ਸੀ। ਸਤਿਆਨੰਦ ਦਾ ਧਾਰਮਿਕ ਵਿਸ਼ਵਾਸ਼ ਸੀ ਕਿ ਮਾਦਾ ਅਤੇ ਸ਼ਕਤੀ ਹੀ ਅਸਲੀ ਸਤ ਹਨ,ਪ੍ਰਭੂ ਜਾਂ ਦੇਵਤਿਆਂ ਦੀ ਕੋਈ ਹੋਂਦ ਨਹੀਂ।[34]

<u>ਸਤ ਸਭਾ ਤੇ ਹਿੰਦੂ ਸਭਾ</u>–

ਹਿੰਦੂਆਂ ਵਿਚ ਧਰਮ ਪ੍ਰਚਾਰ ਅਤੇ ਦੇਸੀ ਬੋਲੀਆਂ ਰਾਹੀਂ ਪੱਛਮੀ ਵਿਦਿਆ ਨਾਲ ਜਾਣਕਾਰੀ ਲਈ 1866 ਈ. ਵਿਚ ਲਾਹੌਰ ਵਿਖੇ 'ਸਤ ਸਭਾ' ਅਤੇ ਸੰਸਕ੍ਰਿਤ ਵਿਦਿਆ ਦੇ ਪ੍ਰਚਾਰ ਲਈ 1880 ਈ. ਵਿਚ 'ਹਿੰਦੂ ਸਭਾ' ਦੀ ਕਾਇਮ ਹੋਈ।[35]

<u>ਰਾਮਾ ਕ੍ਰਿਸ਼ਨ ਮਿਸ਼ਨ ਦੀ ਲਹਰ</u>–

ਸੁਆਮੀ ਰਾਮਾਕ੍ਰਿਸ਼ਨ ਦੀ ਮੌਤ (1886) ਤੇ ਉਨ੍ਹਾਂ ਦੇ ਸ਼ਰਧਾਲੂਆਂ ਨੇ ਸੁਆਮੀ ਵਿਵੇਕਾਨੰਦ ਦੀ ਸਰਪਰਸਤੀ ਵਿਚ ਈਸਾਈਅਤ ਨਾਲ ਟੱਕਰ ਲੈਣ ਲਈ ਪ੍ਰਾਚੀਨ ਭਾਰਤੀ ਧਰਮ ਦੀ ਸੁਰੱਖਿਅਤਾ ਲਈ

---

34." Satyanand Agnihotri believed that matter and force were the only reality that existed, there was no such thing as God or Gods." ( J.N. Farquhar, Modern Religious Movements in India,P P 180-181.)

35. DR. G.S. Chhabra, The Advanced History of the Punjab, Vol.II, PP. 362-63.

ਪ੍ਰਚਾਰ ਦਾ ਬੀੜਾ ਚੁਕਦਿਆਂ ਭਾਰਤੀਆਂ ਦੀ ਏਕਤਾ ਤੇ ਜ਼ੋਰ ਦਿੱਤਾ।[36] 1893 ਈ. ਵਿਚ ਸੁਆਮੀ ਵਿਵੇਕਾਨੰਦ ਨੇ 'ਸ਼ਿਕਾਗੋ ਸਰਬਧਰਮ ਸੰਮੇਲਨ' ਵਿਚ ਭਾਗ ਲੈਣ ਤੋਂ ਉਪਰੰਤ 1894 ਈ. ਵਿਚ ਅਮਰੀਕਾ ਵਿਖੇ ਪਹਿਲੀ 'ਵੇਦਾਂਤ ਸੋਸਾਇਟੀ' ਸਥਾਪਤ ਕੀਤੀ।[37] ਫਿਰ 1897 ਈ. ਵਿਚ ਬੰਗਾਲ ਵਿਖੇ 'ਰਾਮਾ ਕ੍ਰਿਸ਼ਨ ਮਿਸ਼ਨ' ਸ਼ੁਰੂ ਕੀਤਾ ਗਇਆ। ਵਿਵੇਕਾਨੰਦ ਪ੍ਰਚਾਰ ਦੀ ਖ਼ਾਤਰ ਚਾਰ ਵੇਰਾਂ 1897 ਈ. ਵਿਚ ਤੇ ਇਕ ਵੇਰਾਂ 1898 ਈ. ਵਿਚ ਪੰਜਾਬ ਆਏ ਸਨ।[38]

<u>ਸਿੱਖਾਂ ਦੀਆਂ ਲਹਰਾਂ—</u>

<u>ਨਿਰੰਕਾਰੀ- ਲਹਰ</u>

ਸਿੱਖਾਂ ਵਿਚ ਨਿਰੰਕਾਰੀ ਲਹਰ ਨੂੰ ਬਾਬਾ ਦਿਆਲ(1773-1855) ਨੇ ਰਾਵਲਪਿੰਡੀ ਵਿਚ 'ਨਿਰੰਕਾਰੀ ਦਰਬਾਰ' ਦੀ ਸਥਾਪਣਾ ਨਾਲ ਸ਼ੁਰੂ ਕੀਤਾ, ਜਿਸ ਦਾ ਮਨੋਰਥ ਈਸਾਈਆਂ ਦੇ ਪ੍ਰਚਾਰ ਦਾ ਟਾਕਰਾ, ਸਿੱਖਾਂ ਵਿਚ ਦਾਖ਼ਲ ਹੋ ਚੁੱਕੀਆਂ ਗਲਤ- ਰੀਤਾਂ ਦਾ ਸੁਧਾਰ ਅਤੇ ਇਕ ਨਿਰੰਕਾਰ ਦੀ ਉਪਾਸ਼ਨਾ ਉਤੇ ਜ਼ੋਰ ਦੇਣਾ ਸੀ।[39] ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖਾਂ ਵਿਚ ਕਈ ਗੱਦੀਆਂ ਜਿਵੇਂ ਬਾਬਾ ਵੀਰ ਸਿੰਘ ਨੌਰੰਗਾਬਾਦੀਆ, ਬਾਬਾ ਸਾਹਿਬ ਸਿੰਘ ਊਨੇ ਵਾਲੇ ਅਤੇ ਹੋਰ ਅਨੰਦਪੁਰ, ਕਰਤਾਰਪੁਰ ਤੇ ਗੁਰੂ ਹਰ ਸਹਾਇ ਦੇ ਸੋਢੀਆਂ ਆਦਿ ਦੀਆਂ ਚਲ ਪਈਆਂ ਸਨ।[40] 'ਨਿਰੰਕਾਰੀ ਦਰਬਾਰ' ਵਾਲੇ ਸ਼ੁੱਧ ਸਿੱਖੀ ਦੇ ਪ੍ਰਚਾਰ ਲਈ ਇਨ੍ਹਾਂ ਦੇ ਵਿਰੋਧੀ ਸਨ। ਇਹ ਲਹਰ ਲੋਕਾਂ ਵਿਚ ਕਾਫ਼ੀ ਫੈਲੀ ਪਰ ਇਸ ਨੇ ਦੂਜੀਆਂ ਗੱਦੀਆਂ ਨੂੰ ਖ਼ਤਮ ਕਰਦਿਆਂ ਸਿੱਖੀ ਮਰਿਆਦਾ ਦੇ ਵਿਰੁਧ ਆਪਣੀ ਗੱਦੀ ਹੀ ਚਲਾ ਦਿੱਤੀ, ਜੋ ਹੁਣ ਤਕ ਚਲ ਰਹੀ ਹੈ।[41]

<u>ਨਾਮਧਾਰੀ ਜਾਂ ਕੂਕਾ ਲਹਰ—</u>

ਨਾਮਧਾਰੀ ਜਾਂ ਕੂਕਾ ਲਹਰ ਨੂੰ 1857 ਈ. ਵਿਚ ਬਾਬਾ ਰਾਮ ਸਿੰਘ ਨੇ ਭੈਣੀ ਸਾਹਿਬ ਵਿਖੇ ਸ਼ੁਰੂ ਕੀਤਾ। ਧਾਰਮਿਕ ਖੇਤਰ ਵਿਚ ਇਸ ਲਹਰ ਨੇ ਨਾਮ ਬਾਣੀ ਦਾ ਕੀਰਤਨ, ਸਮਾਜਿਕ ਘੇਰੇ ਵਿਚ ਅਨੰਦ ਦੇ ਅਨੁਸਾਰ ਵਿਆਹ ਰੀਤੀ, ਲੜਕੀਆਂ ਨਾ ਵੇਚਣਾ, ਸ਼ਰਾਬ, ਤੰਬਾਕੂ ਤੇ ਵਿਭਚਾਰ ਤੋਂ ਬਚਣਾ ਅਤੇ ਰਾਜਸੀ

---

36." The time has come for the Hinduism of the Rishis to become dynamic. Shall we stand by whilst alien hands attempt to destroy the formtress of the ancient faith....In order to rise again India must be strong and united...". ( Extract from the speech of Swami Vivekananda delivered in Madras in 1896 vide G.C. Narang, Real Hinduism, PP.203-204).

37. G.C. Narang, Real Hinduism, PP.207.

38. The Article of DR. Trilochan Singh, The Tribune, Jan.17, 1963.

39. " He (Baba Dyal) Preached against idolatry and sought to restore the worship of one Nirankar or God in spirit." (Teja Singh, Essays in Sikhism, P. 120 )

40. G.S. Chhabra, The Advanced History of the Punjab, Vol.II,P.365.

41. ਉਹੀ

ਖੇਤਰ ਵਿਚ ਅੰਗ੍ਰੇਜ਼ੀ ਰਾਜ ਦੇ ਵਿਰੋਧ ਵਿਚ ਰੇਲਾਂ,ਅਦਾਲਤਾਂ,ਡਾਕ ਅਤੇ ਬਦੇਸ਼ੀ ਮਿਲਾਂ ਦੇ ਕਪੜੇ ਦਾ ਬਾਈਕਾਟ ਸ਼ੁਰੂ ਕੀਤਾ।[42] ਨਾਮਧਾਰੀ ਲਹਰ ਦੇ ਨੇਤਾਵਾਂ ਨੇ ਅੰਗ੍ਰੇਜ਼ੀ ਰਾਜ ਨੂੰ ਖ਼ਤਮ ਕਰਨ ਲਈ ਗ਼ਦਰ ਦੀ ਪੂਰੀ ਯੋਜਨਾ ਬਣਾਈ ਸੀ ਪਰ ਅੰਦਰੂਨੀ ਧੜੇਬੰਦੀ ਕਾਰਨ ਉਹ ਸਿਰੇ ਨਾ ਚੜ੍ਹ ਸਕੀ। ਨਾਮਧਾਰੀਆਂ ਨੂੰ ਅੰਗ੍ਰੇਜ਼ ਬਾਗ਼ੀ ਹੀ ਸਮਝਦੇ ਸਨ। ਪੰਜ ਤੋਂ ਵਧ ਨਾਮਧਾਰੀਆਂ ਦਾ ਇਕੱਠ ਵਿਵਰਜਿਤ ਸੀ ਤੇ ਸਰਕਾਰ ਵੱਲੋਂ ਉਨ੍ਹਾਂ ਤੇ ਕਰੜੀ ਅੱਖ ਰੱਖੀ[43] ਜਾਂਦੀ ਸੀ। ਨਾਮਧਾਰੀ,ਬਾਬਾ ਰਾਮ ਸਿੰਘ ਨੂੰ ਸਿੱਖ ਗੁਰੂਆਂ ਤੋਂ ਬਾਅਦ ਗੁਰੂ ਮੰਨਦੇ ਹਨ ਤੇ ਉਨ੍ਹਾਂ ਦੀ ਅਗੋਂ ਗੱਦੀ ਹੁਣ ਤਕ ਚਲ ਰਹੀ ਹੈ। ਇਸ ਲਈ ਆਮ ਸਿੱਖਾਂ ਦਾ ਨਾਮਧਾਰੀਆਂ ਨਾਲ ਮੱਤ ਭੇਦ ਹੀ ਰਹਿਆ ਹੈ।

<u>ਸਿੰਘ ਸਭਾ ਲਹਿਰ</u>—

ਨਾਮਧਾਰੀ ਲਹਰ ਦਾ ਜ਼ੋਰ ਘਟਣ ਨਾਲ ਸਿੱਖਾਂ ਵਿਚ ਈਸਾਈ ਮੱਤ ਦੇ ਪ੍ਰਚਾਰ ਨੂੰ ਰੋਕਣ ਅਤੇ ਸਿੱਖ ਮੱਤ ਦੇ ਸੁਧਾਰ ਲਈ ਸਿੰਘ ਸਭਾ ਲਹਰ ਸ਼ੁਰੂ ਹੋਈ। ਲੁਧਿਆਣੇ ਦੇ ਈਸਾਈ ਮਿਸ਼ਨ ਅਤੇ ਹੋਰ ਈਸਾਈ ਅੱਡਿਆਂ ਤੋਂ ਧਰਮ ਪ੍ਰਚਾਰ,ਮਹਾਰਾਜਾ ਦਲੀਪ ਸਿੰਘ ਨੂੰ ਈਸਾਈ ਬਣਾਉਣਾ,ਈਸਾਈ ਪ੍ਰਚਾਰ ਲਈ ਦਰਬਾਰ ਸਾਹਿਬ ਵਿਚ ਅੰਗ੍ਰੇਜ਼ਾਂ ਦਾ ਬੁੰਗਾ ਲੈਣਾ,ਦਰਬਾਰ ਸਾਹਿਬ ਵਿਚ ਨਾਸਤਕਾਂ ਜਿਵੇਂ ਗੁਲਾਬ ਦਾਸੀਆਂ, ਕਾਰੂ ਕਟੀਆਂ ਤੇ ਹੋਰ ਅਨਮਤੀਆਂ ਦਾ ਪ੍ਰਚਾਰ,ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਪੁਰਾਣਾਂ ਦੀ ਕਥਾ ਅਤੇ ਹਰ ਸੰਪਰਦਾਇ,ਹਰ ਮੱਤ ਤੇ ਹਰ ਖਿਆਲ ਦੇ ਆਦਮੀ ਦਾ ਆਪਣੀ ਹੀ ਕਿਸਮ ਦੀ ਪੂਜਾ,ਪਾਠ ਯਗ ਤੇ ਹਵਨ ਕਰਨ ਦੀ ਗ਼ਲਤ ਪ੍ਰਥਾ ਨੂੰ ਸਿੱਖਾਂ ਨੇ ਮਹਸੂਸ ਕੀਤਾ।[44] ਫਿਰ ਇੱਥੋਂ ਤਕ ਕਿ 1872 ਈ. ਵਿਚ ਪੰਡਤ ਸ਼ਰਧਾ ਰਾਮ ਫਲੌਰੀ ਨੇ ਅੰਗ੍ਰੇਜ਼ਾਂ ਦੀ ਸ਼ਹ ਤੇ ਗੁਰੂ ਕੇ ਬਾਗ਼ ਵਿਚ ਕਥਾ ਕਰਦਿਆਂ ਸਿੱਖ ਗੁਰੂਆਂ ਦੀ ਸਿੱਧੀ ਨਿੰਦਿਆ ਤੇ ਬੁਰਾਈ ਸ਼ੁਰੂ ਕਰ ਦਿੱਤੀ।[45] ਇਸ ਘਟਨਾਂ ਨੇ ਅੰਮ੍ਰਿਤਸਰ ਦੇ ਸਿੱਖਾਂ ਨੂੰ ਹਰਕਤ ਵਿਚ ਆਉਣ ਲਈ ਵੰਗਾਰਿਆ।[46] ਇਸ ਦੇ ਨਾਲ ਹੀ 1873 ਈ. ਵਿਚ ਈਸਾਈ ਪ੍ਰਚਾਰ ਦੇ ਜ਼ੋਰ ਹੇਠਾਂ ਅੰਮ੍ਰਿਤਸਰ

---

42. ਪੰਜਾਬੀ ਸਾਹਿਤ ਦਾ ਇਤਿਹਾਸ,ਆਧੁਨਿਕ ਕਾਲ,ਤੀਜੀ ਜਿਲਦ,ਭਾਸ਼ਾ ਵਿਭਾਗ,ਪੰਨਾ 13.

43. " Namdharis were treated as members of a seditious party and their assembly of more than five was forbidden. Their movements were watched, reported and regularised from village to village" ( Shakuntla, A Brief Account of Namdharis, P. 15)

44. ਡਾ. ਬਲਬੀਰ ਸਿੰਘ,ਸ੍ਰੀ ਚਰਣ ਹਰਿ ਵਿਸਥਾਰ,ਜਿਲਦ 1 ਸੈਂਚੀ 2,ਪੰਨਾ 62

45. ਉਹੀ, 61.

46. Khushwant Singh, The Sikhs, P. 96.

ਦੇ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀਆਂ: ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ ਨੇ ਈਸਾਈ ਮੱਤ ਧਾਰਨ ਕਰਨ ਦਾ ਇਰਾਦਾ ਬਣਾਇਆ,[47] ਭਾਵੇਂ ਉਨ੍ਹਾਂ ਨੂੰ ਇਹ ਕਰਨੋਂ ਰੋਕ ਲਿਆ ਗਿਆ ਪਰ ਇਸ ਦੁਰਘਟਨਾ ਨੇ ਇਕ ਵੇਰਾਂ ਸਾਰੇ ਪੰਜਾਬ ਦੇ ਸਿੱਖਾਂ ਵਿਚ ਹਲਚਲ ਫੈਲਾ ਦਿੱਤੀ। ਇਨ੍ਹਾਂ ਘਟਨਾਵਾਂ ਦੇ ਫਲਸਰੂਪ 1873 ਈ. ਵਿਚ ਪਹਿਲੀ 'ਸਿੰਘ ਸਭਾ' ਅੰਮ੍ਰਿਤਸਰ ਵਿਚ ਸ. ਠਾਕੁਰ ਸਿੰਘ ਸੰਧਾਂਵਾਲੀਆ ਦੀ ਪ੍ਰਧਾਨਗੀ ਹੇਠ ਸਥਾਪਤ ਹੋਈ।[48]

ਇਸ ਤੋਂ ਬਾਅਦ ਭਾਈ ਗੁਰਮੁਖ ਸਿੰਘ ਦੇ ਸਹਿਯੋਗ ਨਾਲ ਪੰਜਾਬ ਦੇ ਵੱਡੇ ਸ਼ਹਿਰਾਂ ਵਿਚ ਸਿੰਘ ਸਭਾਵਾਂ ਕਾਇਮ ਹੋਣੀਆਂ ਸ਼ੁਰੂ ਹੋਈਆਂ ਤੇ ਨਾਲ ਹੀ ਖਾਲਸਾ ਸਕੂਲ ਵੀ ਖੁਲ੍ਹਣ ਲੱਗੇ। 1879 ਵਿਚ ਸਿੰਘ ਸਭਾ, ਲਾਹੌਰ ਕਾਇਮ ਹੋਈ।[49] ਲਾਹੌਰ ਤੇ ਅੰਮ੍ਰਿਤਸਰ ਦੀਆਂ ਸਿੰਘ ਸਭਾਵਾਂ ਦੇ ਕੰਮਾਂ ਦੀ ਸਾਂਝ ਲਈ 1880 ਈ. ਵਿਚ 'ਜਨਰਲ ਸਭਾ' ਹੋਂਦ ਵਿਚ ਆਈ, ਪਰ ਜਦ ਇਹ ਦੋਵੇਂ ਸਿੰਘ ਸਭਾਵਾਂ ਵਿਚ ਏਕਤਾ ਨੂੰ ਕਾਇਮ ਨਾ ਰੱਖ ਸਕੀ ਤਾਂ 1883 ਈ. ਵਿਚ 'ਖਾਲਸਾ ਦੀਵਾਨ ਅੰਮ੍ਰਿਤਸਰ' ਬਣਿਆ।[50] ਲਾਹੌਰ ਦੀ ਸਿੰਘ ਸਭਾ ਵਾਲਿਆਂ ਨੇ ਇਸ ਨਾਲ ਅਸਹਿਮਤ ਹੁੰਦਿਆਂ 1886 ਈ. ਵਿਚ 'ਖਾਲਸਾ ਦੀਵਾਨ' ਲਾਹੌਰ ਸਥਾਪਤ ਕੀਤਾ। 1892 ਈ. ਵਿਚ ਖਾਲਸਾ ਕਾਲਿਜ, ਅੰਮ੍ਰਿਤਸਰ ਦੇ ਕਾਇਮ ਹੋਣ ਨਾਲ ਖਾਲਸਾ ਦੀਵਾਨ, ਲਾਹੌਰ ਦਾ ਜ਼ੋਰ ਵੱਧ ਗਇਆ। ਇਨ੍ਹਾਂ ਸੰਸਥਾਵਾਂ ਦੀ ਆਪਸੀ ਵਿਰੋਧਤਾ ਕਾਰਨ 30 ਅਕਤੂਬਰ, 1902 ਈ. ਵਿਚ 'ਚੀਫ਼ ਖਾਲਸਾ ਦੀਵਾਨ' ਹੋਂਦ ਵਿਚ ਆਇਆ।[51]

ਇਨ੍ਹਾਂ ਝਗੜਿਆਂ ਦੇ ਬਾਵਜੂਦ ਵੀ ਸਿੰਘ ਸਭਾ ਲਹਿਰ ਨੇ ਸਿੱਖਾਂ ਵਿਚ ਧਾਰਮਿਕ ਤੇ ਵਿਦਿਅਕ ਜਾਗ੍ਰਿਤੀ ਅਤੇ ਪੰਜਾਬੀ ਦੇ ਪ੍ਰਚਾਰ ਲਈ ਬੜਾ ਕੰਮ ਕੀਤਾ। ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਸਿੱਖ ਸਮਝਦੇ ਸਨ ਕਿ ਪੱਛਮੀ ਵਿਦਿਆ ਦੀ ਪ੍ਰਾਪਤੀ ਨਾਲ ਹੀ ਉਹ ਦੇਸ਼ ਦੇ ਰਾਜਸੀ ਜੀਵਨ ਵਿਚ ਚੰਗੀ ਤਰ੍ਹਾਂ ਭਾਗ ਲੈ ਸਕਦੇ ਸਨ।[52] ਮੁੱਢ ਵਿਚ ਰਾਜਸੀ ਖੇਤਰ ਵਿਚ ਅੰਗ੍ਰੇਜ਼ ਸਰਕਾਰ ਵਿਰੁੱਧ ਸਿੱਧਾ ਬੋਲਣਾ ਸਿੰਘ ਸਭਾ ਦੇ ਨਿਯਮਾਂ ਅਨੁਸਾਰ ਵਿਵਰਜਤ ਸੀ।[53]

---

47. Harbans Singh, The Heritage of the Sikhs, P. 189.

48. Teja Singh, Essays in Sikhism, 130.

49. ਉਹੀ, ਪੰਨਾ 132

50. G.S. Chhabra, The Advanced History of the Punjab, Vol.II, PP860-66

51. Teja Singh, Essays in Sikhism, P. 189.

52. ਉਹੀ, ਪੰਨਾ 123

53. " It was provided in the fundamental rules that nothing against the Government could be discussed in the Singh Sabha meetings" ( ibid, 182 ), Report Sri Guru Singh Sabha, Lahore ( 1880 ), 54-55 reproduced by G.S.Chhabra, The Advanced History of the Panjab, Vol, II, PP 864-865.

## ਮੁਸਲਮਾਨਾਂ ਦੀਆਂ ਲਹਰਾਂ—

### ਅਲੀਗੜ੍ਹ ਲਹਰ—

ਮੁਸਲਮਾਨਾਂ ਵਿਚ ਈਸਾਈਅਤ ਦੇ ਪ੍ਰਚਾਰ ਦੀ ਰੋਕਥਾਮ ਅਤੇ ਧਾਰਮਿਕ ਸੁਧਾਰ ਲਈ ਸਰ ਸਈਅਦ ਅਹਮਦ (1817- 1898) ਨੇ ਅਲੀਗੜ੍ਹ ਲਹਰ ਨੂੰ ਚਲਾਇਆ। ਅਗਾਂਹ- ਵਧੂ ਵਿਚਾਰਾਂ ਦੇ ਧਾਰਨੀ ਹੋਣ ਕਰਕੇ ਉਨ੍ਹਾਂ ਮੁਸਲਮਾਨਾਂ ਨੂੰ ਕੱਟੜਤਾ ਛੱਡ ਕੇ ਨਵੀਂ ਪੱਛਮੀ ਵਿਦਿਆ ਤੋਂ ਲਾਭ ਉਠਾਉਣ ਲਈ ਚੇਤੰਨ ਕੀਤਾ।[54] ਉਨ੍ਹਾਂ ਦੇ ਯਤਨਾਂ ਨਾਲ ਹੀ ਅਲੀਗੜ੍ਹ ਯੂਨੀਵਰਸਿਟੀ ਦੀ ਸਥਾਪਨਾ ਹੋਈ ਸੀ। ਉਨ੍ਹਾਂ ਨੇ ਮੁਸਲਮਾਨਾਂ ਲਈ ਵੱਖਰੇ ਹੱਕਾਂ ਦਾ ਨਾਅਰਾ ਵੀ ਲਾਇਆ। ਪੁਰਾਣੇ ਵਿਚਾਰਾਂ ਵਾਲੇ ਮੁਸਲਮਾਨਾਂ ਵੱਲੋਂ ਸਰ ਸਈਅਦ ਅਹਮਦ ਦੀ ਲਹਰ ਦਾ ਵਿਰੋਧ ਹੋਇਆ ਅਤੇ ਉਨ੍ਹਾਂ ਨੇ ਇਸਲਾਮ ਨੂੰ ਰੂੜ੍ਹੀ-ਵਾਦੀ ਕੱਟੜਤਾ ਨਾਲ ਅਪਣਾਉਂਦਿਆਂ ਈਸਾਈਅਤ ਦੇ ਨਾਲ ਪੱਛਮੀ ਵਿਦਿਆ ਦੀ ਵੀ ਨਿਖੇਧੀ ਕੀਤੀ।

### ਵਹਾਬੀ ਲਹਰ—

ਮੁਸਲਮਾਨਾਂ ਵਿਚ ਵਹਾਬੀ ਲਹਰ, ਜਿਸ ਦਾ ਮੁੱਢ 19ਵੀਂ ਸ਼ਤਾਬਦੀ ਦੇ ਤੀਜੇ ਦਹਾਕੇ ਵਿਚ ਹੋਇਆ ਸੀ, ਵੀ ਚਲ ਰਹੀ ਸੀ। ਇਸ ਦਾ ਮੰਤਵ ਇਕ ਖੁਦਾ ਵਿਚ ਵਿਸ਼ਵਾਸ਼ ਤੇ ਹੋਰ ਸਭ ਤਰ੍ਹਾਂ ਦੇ ਗਲਤ ਰਸਮੋਂ ਰਿਵਾਜ ਤੇ ਬਾਹਰਮੁਖੀ ਕਰਮ ਕਾਂਡ ਜੋ ਇਸਲਾਮੀ ਸਮਾਜ ਵਿਚ ਪ੍ਰਵੇਸ਼ ਕਰ ਚੁੱਕੇ ਸਨ, ਨੂੰ ਖ਼ਤਮ ਕਰਨਾ ਸੀ।[55] ਇਸ ਲਹਰ ਨੇ ਪਹਲੇ ਸਿੱਖਾਂ ਅਤੇ ਪਿੱਛੋਂ ਅੰਗ੍ਰੇਜ਼ਾਂ ਦੇ ਵਿਰੁਧ ਮੁਸਲਮਾਨਾਂ ਵਿਚ ਬੜਾ ਜੋਸ਼ ਪੈਦਾ ਕੀਤਾ। ਵਹਾਬੀਆਂ ਨੇ ਅੰਗ੍ਰੇਜ਼ਾਂ ਵਿਰੁਧ 1857 ਈ. ਦੇ ਗ਼ਦਰ ਦੇ ਪੈਮਾਨੇ ਤੋਂ ਵੀ ਜ਼ਿਆਦਾ ਗੜਬੜ ਕਰਨ ਦੀ ਯੋਜਨਾ ਬਣਾਈ ਹੋਈ ਸੀ, ਪਰ ਅੰਗ੍ਰੇਜ਼ਾਂ ਨੇ ਸਮੇਂ ਨਾਲ ਹਰਕਤ ਵਿਚ ਆ ਕੇ ਇਸ ਯੋਜਨਾ ਨੂੰ ਨਿਸਫਲ ਬਣਾ ਦਿੱਤਾ ਸੀ।[55] ਇਸ ਲਹਰ ਦਾ ਸ਼ੁਰੂ ਵਿਚ ਬੜਾ ਅਸਰ ਸੀ ਪਰ 19ਵੀਂ ਸ਼ਤਾਬਦੀ ਦੇ ਪਿਛਲੇ ਦਹਾਕਿਆਂ ਵਿਚ ਇਹ ਕਮਜ਼ੋਰ ਪੈ ਗਈ ਸੀ ਅਤੇ ਆਜ਼ਾਦੀ ਦੇ ਸੰਘਰਸ਼ ਦੇ ਸ਼ੁਰੂ ਹੋਣ ਤਕ ਇਸ ਦਾ ਪ੍ਰਭਾਵ ਨਾਂ- ਮਾਤ੍ਰ ਹੀ ਰਹ ਗਿਆ ਸੀ।

---

54. " He (Sir Syed) impelled the Indian Muslims to avail themselves of the opportunities presented in the field of Western knowledge and ideals."
( Nate-son, Eminent Musalmans, PP. 891-92 )

55. " The Wahabis stood for absolute reliance upon one God and absolute rejection of all the forms, ceremonies and outward observances with which the Muslim society had overlaid the pure faith of Mussalmans."
( W.W. Hunter, The Indian Musalmans, P. 57 )

55* R.C. Majumdar, History of the Freedom Movement in India, Vol. I, P. 260.

## ਕਾਦਿਆਨੀ ਜਾਂ ਅਹਮਦੀਆਂ ਲਹਰ–

ਕਾਦਿਆਨੀ ਜਾਂ ਅਹਮਦੀਆਂ ਲਹਰ ਨੂੰ ਮਿਰਜ਼ਾ ਗੁਲਾਮ ਅਹਮਦ(1839-1908) ਨੇ ਕਾਦੀਆਂ ਜ਼ਿਲਾ ਗੁਰਦਾਸਪੁਰ ਵਿਚ 1889 ਈ. ਵਿਚ ਸ਼ੁਰੂ ਕੀਤਾ ਸੀ।[55(ਅ)] ਉਨ੍ਹਾਂ ਦਾ ਮਨੋਰਥ ਮੁਸਲਮਾਣਾਂ ਨੂੰ ਪੱਛਮੀ ਵਿਦਿਅਕ ਜਾਗ੍ਰਤੀ ਅਤੇ ਪੁਰਾਣੀ ਮੁਸਲਮਾਣੀ ਸੰਸਕ੍ਰਿਤੀ ਦਾ ਸੰਜੋਗ ਕਰਕੇ ਇਕ ਵਿਚਕਾਰਲੇ ਮਾਰਗ ਤੇ ਤੋਰਨਾ ਸੀ। ਉਹ ਸਰ ਸਈਅਦ ਅਹਮਦ ਵਾਂਗ ਨਿਰੋਲ ਪੱਛਮੀ ਵਿਦਿਅਕ ਪ੍ਰਣਾਲੀ ਨੂੰ ਹੀ ਅਪਣਾਉਣ ਜਾਂ ਬੁੱਧੀਵਾਦੀ ਢੰਗ ਨਾਲ ਇਸਲਾਮ ਨੂੰ ਅਪਣਾਉਣ ਦੇ ਵਿਰੁਧ ਸਨ।[55(ੲ)] ਇਸ ਲਹਰ ਦੇ ਪ੍ਰਭਾਵ ਹੇਠ ਮੁਸਲਮਾਣਾਂ ਵਿਚ ਇਕ ਨਵਾਂ ਫ਼ਿਰਕਾ ਕਾਦਿਆਨੀ ਹੋਂਦ ਵਿਚ ਆ ਗਇਆ। ਇਸ ਲਹਰ ਦਾ ਅਸਰ ਪੰਜਾਬ ਤੋਂ ਬਾਹਰ ਦੇ ਮੁਸਲਮਾਣਾਂ ਉਤੇ ਵੀ ਕਾਫ਼ੀ ਹੋਇਆ ਸੀ।

ਇਨ੍ਹਾਂ ਮੁਸਲਮਾਣੀ ਲਹਰਾਂ ਤੋਂ ਛੁਟ ਪੰਜਾਬ ਵਿਚ ਮੁਸਲਮਾਣੀ ਧਰਮ ਪ੍ਰਚਾਰ ਅਤੇ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਲਈ 1866 ਈ. ਵਿਚ 'ਅੰਜਮਨਿ- ਇਸਲਾਮੀਆ' ਲਾਹੌਰ, 1869 ਈ. ਵਿਚ 'ਅੰਜਮਨਿ- ਹਮਾਇਤਿ- ਇਸਲਾਮ', ਲਾਹੌਰ ਅਤੇ 1888 ਈ. ਵਿਚ 'ਅੰਜਮਨਿ- ਖ਼ਾਦਿਮ-ਅਮ- ਇਸਲਾਮੀਆ', ਲਾਹੌਰ ਹੋਂਦ ਵਿਚ ਆਈਆਂ।[56]

## ਰਾਜਸੀ ਲਹਰਾਂ –

ਮੁੱਢਲੀਆਂ ਰਾਜਸੀ ਲਹਰਾਂ. 1843 ਈ. ਵਿਚ ਬੰਗਾਲ ਵਿਖੇ 'ਬ੍ਰਿਟਿਸ਼ ਇੰਡੀਆ ਸੋਸਾਇਟੀ' ਦੀ ਸਥਾਪਣਾ ਹੋਈ ਸੀ ਜੋ 1851 ਈ. ਵਿਚ 'ਬ੍ਰਿਟਿਸ਼ ਇੰਡੀਅਨ ਐਸੋਸੀਏਸ਼ਨ' ਦੇ ਬਣਨ ਨਾਲ ਖ਼ਤਮ ਹੋ ਗਈ ਸੀ। ਫਿਰ 'ਅੰਮ੍ਰਿਤਬਾਜ਼ਾਰ ਪਤ੍ਰਿਕਾ' ਵਾਲੇ ਸ਼ਿਸ਼ੀਰ ਕੁਮਾਰ ਘੋਸ਼ ਦੀ ਚਲਾਈ 'ਬੰਗਾਲੀ ਨੈਸ਼ਨਲ ਲੀਗ' ਦੇ ਥੋੜ੍ਹੀ ਦੇਰ ਚਲਣ ਉਪਰੰਤ 26 ਜੁਲਾਈ, 1875 ਈ. ਵਿਚ ਐਸ.ਐਨ. ਬੈਨਰਜੀ ਨੇ 'ਦੀ ਇੰਡੀਅਨ ਐਸੋਸੀਏਸ਼ਨ' ਨੂੰ ਬੰਗਾਲ ਵਿਚ ਹੀ ਸ਼ੁਰੂ ਕੀਤਾ।[57] ਇਨ੍ਹਾਂ ਲਹਰਾਂ ਦੇ ਪ੍ਰਭਾਵ ਸਦਕਾ ਰਾਜਸੀ

---

55(ਅ) Encyclopaedia of Religion and Ethics, Vol. X, P. 590.

55(ੲ) " his ( Mirza Gulam Ahmad's ) teaching is an attempt to find, amidst the irresistible inrush of Western education and Christian thought, a middle path between impossible orthodoxy and the extreme rationalism of Sir Syed Ahmed Khan." ( J.N. Farquhar, Modern Religious Movements in India, P. 146 )

56. G.S. Chhabra, The Advanced History of the Punjab, Vol.II, PP. 391-98.

57. H. Mukarjee, India Struggles for Freedom, PP. 65-66.

ਵਿਚਾਰ ਰੱਖਣ ਵਾਲਿਆਂ ਲੋਕਾਂ ਵਿਚ ਕੁਝ ਚੇਤੰਨਤਾ ਜ਼ਰੂਰ ਪੈਦਾ ਹੋਣੀ ਸ਼ੁਰੂ ਹੋਈ।

## ਇੰਡੀਅਨ ਨੈਸ਼ਨਲ ਕਾਂਗਰਸ–

ਇਸ ਤੋਂ ਬਾਅਦ ਏ.ਓ.ਹਿਊਮ ਨੇ 1885 ਈ. ਵਿਚ 'ਇੰਡੀਅਨ ਨੈਸ਼ਨਲ ਕਾਂਗਰਸ' ਨੂੰ ਸ਼ੁਰੂ ਕੀਤਾ[58], ਜੋ ਬਾਅਦ ਵਿਚ ਇਕ ਕੌਮੀ ਲਹਿਰ ਦੇ ਰੂਪ ਵਿਚ ਵਿਕਸਿਤ ਹੋਈ ਸੀ। ਕਾਂਗਰਸ ਦੇ ਮੁੱਢਲੇ ਨੇਤਾਵਾਂ ਸੁਰਿੰਦਰ ਨਾਥ ਬੈਨਰਜੀ[59], ਸਰ ਫੀਰੋਜ਼ ਸ਼ਾਹ ਮਹਿਤਾ[60], [illegible] ਪੰਡਤ ਮਦਨ ਮੋਹਨ ਮਾਲਵੀਆ[61], ਗੋਖਲੇ ਆਦਿ ਦੇ ਅਨੁਸਾਰ ਕਾਂਗਰਸ ਦਾ ਮਨੋਰਥ ਅੰਗ੍ਰੇਜ਼ੀ ਸਰਕਾਰ ਦਾ ਵਫ਼ਾਦਾਰ ਰਹਿੰਦਿਆਂ ਰਾਜਸੀ ਹੱਕਾਂ, ਚੰਗੇ ਸ਼ਾਸਨ ਤੇ ਲੋਕ- ਭਲਾਈ ਦੀਆਂ ਮੰਗਾਂ ਦੀ ਪੂਰਤੀ ਸੀ। ਕਾਂਗਰਸ ਨੇ ਦੇਸ਼-ਵਾਸੀਆਂ ਦੀਆਂ ਤਕਲੀਫ਼ਾਂ ਉਤੇ ਵਿਚਾਰ ਕਰਕੇ ਉਨ੍ਹਾਂ ਨੂੰ ਸਰਕਾਰ ਤਕ ਪਹੁੰਚਾਣ ਲਈ ਦੇਸ਼ ਦੇ ਸਭ ਹਿੱਸਿਆਂ ਦੇ ਰਾਜਸੀ ਆਗੂਆਂ ਨਾਲ ਸਾਲ ਵਿਚ ਇਕ ਵੇਰਾਂ ਕਾਨਫ਼ਰੰਸ ਕਰਨ ਦੀ ਪ੍ਰਥਾ ਨੂੰ ਵੀ ਸ਼ੁਰੂ ਕੀਤਾ।

## ਵੀਹਵੀਂ ਸ਼ਤਾਬਦੀ ਦਾ ਪਹਿਲਾ ਖੰਡ–

### ਰਾਜਸੀ ਦਸ਼ਾ–

ਰਾਜਨੀਤਿਕ ਖੇਤਰ ਵਿਚ ਵਧਦੀ ਹੋਈ ਨਵੀਂ ਸ਼ਤਾਬਦੀ ਇਕ ਨਵੀਨ ਚੇਤਨਾ ਵੇਖ ਰਹੀ ਸੀ। 1905 ਈ. ਵਿਚ ਲਾਰਡ ਕਰਜ਼ਨ ਦੀ 'ਬੰਗਾਲ- ਵੰਡ' ਤੇ ਮੁਸਲਮਾਣ ਖ਼ੁਸ਼ ਸਨ, ਭਾਵੇਂ ਇਸ ਨਾਲ

---

58. M.M. Ahluwalia, Freedom Movement in India( 1857-1909 ),Thesis,P.84.
59. " It is not severence that we look forward to--but unification, permanent embodiment as an integeral part of the great Empire that has given the rest of the world the models of free institutions"

( Extract from the speech of Surindernath Bannerjee vide A.R.Desai social background of Indian Nationalism, P. 294 )

60. " I accept British Rule as Ranade did, as dispensation so wonderful ---It would be folly not to accept it as declaration of God's will."
( Extract from the speech of Sir Pherozshah Mehta vide Report of the 20th Indian National Congress, 1904, 10.)

61. " The Foundation of the Congress rests on loyalty to the British Government--- I do believe that British rule is meant for the good of India--- Our duty to our country itself demands that we should loyally accept this rule".
( Extract from the speech of Pandit Madan Mohan Malviya vide Nateson, The Indian National Congress, 978-79)

ਅੰਗ੍ਰੇਜ਼ਾਂ ਪ੍ਰਤਿ ਹਿੰਦੂ ਨੇਤਾਵਾਂ ਵਿਚ ਨਫ਼ਰਤ ਵਧ ਗਈ ਸੀ। ਹਿੰਦੂਆਂ ਨਾਲ ਇਸ ਮਤ- ਭੇਦ ਦੇ ਕਾਰਨ ਹੀ 1906 ਵਿਚ ਮੁਸਲਮਾਨਾਂ ਨੇ ਢਾਕੇ ਵਿਚ 'ਮੁਸਲਿਮ ਲੀਗ' ਦੀ ਸਥਾਪਨਾ ਕੀਤੀ।[62]

ਇਸ ਤੋਂ ਛੁੱਟ ਕਾਂਗਰਸ ਵਿਚ ਇਕ ਨਵੀਨ ਕ੍ਰਾਂਤੀਕਾਰੀ ਵਿਚਾਰਧਾਰਾ ਵਾਲੇ ਧੜੇ ਦੇ ਪ੍ਰਵੇਸ਼ ਨਾਲ ਇਸ ਦੇ ਦੋ ਵਰਗ ਹੋ ਗਏ। ਨਵੇਂ ਨੇਤਾ ਤਿਲਕ,ਲਾਜਪਤ ਰਾਏ, ਬਿਪਨ ਚੰਦਰ ਪਾਲ ਆਦਿਕ ਕ੍ਰਾਂਤੀਕਾਰੀ ਅੰਦੋਲਨ ਦੇ ਅਨੁਯਾਈ ਸਨ ਅਤੇ ਕਾਂਗਰਸ ਦੇ ਮੁੱਢਲੇ ਨੇਤਾ ( Moderates ) ਸ਼ਾਂਤ ਤੇ ਵੈਧਾਨਿਕ ਉਪਾਵਾਂ ਨਾਲ ਸਵਰਾਜ ਪ੍ਰਾਪਤ ਕਰਨਾ ਚਾਹੁੰਦੇ ਸਨ। ਤਿਲਕ ਨੇ ਕ੍ਰਾਂਤੀਕਾਰੀ ਅੰਦੋਲਨ ਨੂੰ ਤੇਜ਼ ਕਰਦਿਆਂ ਅੰਗ੍ਰੇਜ਼ੀ ਸਰਕਾਰ ਨੂੰ ਗੈਰ- ਵੈਧਾਨਿਕ ਦੱਸਦਿਆਂ ਇਸ ਤੋਂ ਮੁਕਤੀ ਪ੍ਰਾਪਤ ਕਰਨ ਦਾ ਨਾਅਰਾ ਲਾਇਆ[63] ਅਤੇ ਲਾਜਪਤ ਰਾਏ ਨੇ ਸੁਤੰਤ੍ਰਤਾ ਸੰਘਰਸ਼ ਨੂੰ ਤੇਜ਼ ਕਰਕੇ ਕੁਝ ਮਰਦਾਨਗੀ ਦੱਸਣ ਦੀ ਮੰਗ ਕੀਤੀ।[64] ਇਸ ਮੰਗ ਦਾ ਪ੍ਰਭਾਵ ਇੱਥੋਂ ਤਕ ਹੋਇਆ ਕਿ ਦਾਦਾ ਭਾਈ ਨਾਰੋਜੀ ਵਰਗੇ ਮੁੱਢਲੇ ਸ਼ਾਂਤ ਪ੍ਰਵ੍ਰਿਤੀ ਵਾਲੇ ਨੇਤਾ ਨੇ ਵੀ 1906 ਈ. ਦੀ ਕਲਕੱਤਾ ਕਾਂਗਰਸ ਵਿਚ ਸਵਰਾਜ ਪ੍ਰਾਪਤੀ ਦੇ ਨਾਅਰੇ ਦਾ ਸਮਰਥਨ ਕਰ ਦਿੱਤਾ।[65] ਕਾਂਗਰਸ ਵਿਚ ਇਹ ਦੋਵੇਂ ਧੜੇ ਪਹਿਲਾਂ ਕੁਝ ਦੇਰ ਨਾਲ ਨਾਲ ਚਲਦੇ ਰਹੇ,ਪਰ 1907 ਈ. ਦੀ 'ਸੂਰਤ ਕਾਂਗਰਸ' ਵਿਚ ਇਹ ਵੱਖਰੇ ਹੋ ਗਏ।

ਅੰਗ੍ਰੇਜ਼ਾਂ ਨੇ 1909 ਈ. ਵਿਚ ਮਾਰਲੇ- ਮਿੰਟੋ ਸੁਧਾਰ ਰਾਹੀਂ ਭਾਰਤੀਆਂ ਨੂੰ ਕੁਝ ਅਧਿਕਾਰ ਦੇਣ ਦਾ ਯਤਨ ਕੀਤਾ,ਪਰ ਨਾਲ ਹੀ ਹਿੰਦੂਆਂ,ਮੁਸਲਮਾਨਾਂ ਤੇ ਸਿੱਖਾਂ ਵਿਚ ਫੁੱਟ ਪਾਉਣ ਲਈ ਫਿਰਕੂ ਨਿਰਵਾਚਨ ਖੇਤਰ ਬਣਾ ਦਿੱਤੇ।[66] ਹਿੰਦੂਆਂ ਦੀ ਬਹੁ- ਸੰਖਿਆ ਨਾਲ ਟੱਕਰ ਲੈਣ ਲਈ ਮੁਸਲਮਾਨਾਂ ਨੂੰ ਉਕਸਾਇਆ ਗਿਆ।[67]

---

62. Jagdish Sharma, India's Struggle for Freedom, Vol. III, P. 1017.

63. "The Government of India is irresponsible and non-constitutional --- we have to take our rights from them". ( Extract from the speech of B.G. Tilak vide D.P.Karmarkar, Bal Gangadhar Tilak, P. 1507 )

64. " --- in our utterances, in our agitation and in our fight and struggle for liberty, we ought to be more manly than we have here to after". (Extract from the speech of Lala Lajpat Rai, Report ofthe 21st. Indian National Congress at Benaras, 1905, P. 26 and 73 )

65. "We do not ask for favours, we want only justice. We want self-government or Swaraj like that of the United Kingdom--- Freedom is the very breath of our life.We stand to liberty." ( Extract from the speech of Dadabhai Naroji at Calcutta Congress of 1906 vide Satya Pal and Probodh Chander, Sixty years of Congress,P. 168.)

66. By the year 1906, the Government of India had affirmed to the Secretary of State, their adherence to the theory of communal representation". ( K.B. Krishna, Problems of Minorities, P. 102 )

67. M.L. Dalal, Whither Minorities ( 1940), P. 66.

ਉਪਰ ਕ੍ਰਾਂਤੀਕਾਰੀ ਅੰਦੋਲਨ ਦੀ ਜ਼ੋਰ ਪਕੜ ਗਇਆ। 1912 ਈ. ਵਿਚ ਲਾਰਡ ਹਾਰਡਿੰਗ ਤੇ ਬੰਬ ਸੁੱਟਿਆ ਗਇਆ। 1912-13 ਵਿਚ ਬਾਬਾ ਸੋਹਣ ਸਿੰਘ ਭਕਨਾ, ਬਾਬਾ ਗੁਰਦਿੱਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਪ੍ਰੋ. ਹਰਦਿਆਲ ਨੇ ਅਮਰੀਕਾ ਵਿਚ 'ਗ਼ਦਰ ਪਾਰਟੀ' ਬਣਾ ਕੇ ਅੰਗ੍ਰੇਜ਼ਾਂ ਵਿਰੁੱਧ ਘਿਰਣਾ ਭਰਪੂਰ ਇਨਕਲਾਬੀ ਲਿਖਤਾਂ ਰਾਹੀਂ ਅੰਦੋਲਨ ਚਲਾ ਦਿੱਤਾ।[68] ਇਸੇ ਲਹਰ ਦੇ ਅਸਰ ਵਜੋਂ ਭਗਤ ਸਿੰਘ ਤੇ ਚੰਦਰ ਸ਼ੇਖਰ ਆਜ਼ਾਦ ਵਰਗੇ ਕ੍ਰਾਂਤੀਕਾਰੀ ਹਿੰਸਕ ਕ੍ਰਾਂਤੀ ਲਈ ਪ੍ਰਯਤਨਸ਼ੀਲ ਹੋਏ। ਇਹ ਨਵਯੁਵਕ ਦਲ ਜੀਵਨ ਦੇ ਕੇ ਸ੍ਵਤੰਤਰਤਾ ਨੂੰ ਪ੍ਰਾਪਤ ਕਰ ਲੈਣ ਲਈ ਤਤਪਰ ਸੀ, ਪਰ ਇਨ੍ਹਾਂ ਵਾਲੀ ਖ਼ੂਨ ਦੀ ਹੋਲੀ ਬਹੁਤ ਦੇਰ ਤਕ ਖੇਡੀ ਨਾ ਜਾ ਸਕੀ।

ਕ੍ਰਾਂਤੀਕਾਰੀਆਂ ਦੇ ਟਾਕਰੇ ਤੇ ਗਾਂਧੀ ਜੀ ਨੇ ਰਾਜਸੀ ਖੇਤਰ ਵਿਚ ਪ੍ਰਵੇਸ਼ ਕਰਕੇ ਸਤ, ਅਹਿੰਸਾ, ਅਸਹਯੋਗ, ਸਤਿਆਗ੍ਰਹ ਦੇ ਵੈਧਾਨਿਕ ਢੰਗਾਂ ਨਾਲ ਸ੍ਵਤੰਤਰਤਾ ਅੰਦੋਲਨ ਨੂੰ ਚਲਾਇਆ ਤੇ ਉਨ੍ਹਾਂ ਦੇ ਮਹਾਨ ਵਿਅਕਤਿਤਵ ਨੇ ਸਾਰੇ ਦੇਸ਼ ਨੂੰ ਪਿਛੇ ਲਾ ਲਇਆ।[69] ਗਾਂਧੀ ਜੀ ਨੇ ਅੰਗ੍ਰੇਜ਼ਾਂ ਦੇ ਪੈਦਾ ਕੀਤੇ ਭਾਰਤੀਆਂ ਵਿਚ ਜਾਤੀ ਭੇਦ-ਭਾਵ ਨੂੰ ਖ਼ਤਮ ਕਰਨ ਦੇ ਨਾਲ ਅਛੂਤ ਸੁਧਾਰ ਤੇ ਵਿਦਿਆ ਪ੍ਰਸਾਰ ਵਲ ਵੀ ਵਿਸ਼ੇਸ਼ ਧਿਆਨ ਦਿੱਤਾ।

ਧਾਰਮਿਕ ਤੇ ਸਮਾਜ ਸੁਧਾਰ ਦਾ ਕਾਰਜ ਪੂਰਵ ਵਿਕਸਿਤ ਸੰਪਰਦਾਇਕ ਲਹਰਾਂ ਵੀ ਇਸ ਕਾਲ ਵਿਚ ਕਰ ਰਹੀਆਂ ਸਨ। ਸਿੱਖਾਂ ਵਿਚ 'ਸਿੰਘ ਸਭਾ' ਲਹਰ ਵਿਚੋਂ ਹੀ 1921 ਈ. ਵਿਚ 'ਅਕਾਲੀ ਲਹਰ' ਜੋ ਗੁਰਦੁਆਰਾ ਸੁਧਾਰ ਲਹਰ ਦੇ ਰੂਪ ਵਿਚ ਚਮਕੀ ਸੀ, ਪੈਦਾ ਹੋ ਗਈ। 'ਅਕਾਲੀ ਲਹਰ' ਦੇ ਅਸਰ ਹੇਠਾਂ ਸਿੱਖਾਂ ਨੇ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਾ ਲਇਆ।[70] 'ਅਕਾਲੀ ਲਹਰ' ਨੇ ਜਿਸ ਸ਼ਾਂਤਮਈ ਢੰਗ ਨਾਲ ਸ੍ਵਤੰਤਰਤਾ ਦੇ ਜਜ਼ਬੇ ਨੂੰ ਤੀਬਰ ਕੀਤਾ, ਉਸ ਦੀ ਕਾਂਗਰਸੀ ਨੇਤਾਵਾਂ ਨੇ ਵੀ ਬੜੀ ਸ਼ਲਾਘਾ ਕੀਤੀ ਸੀ।[71]

ਇਵੇਂ ਜਿੱਥੇ ਇਕ ਪਾਸੇ ਦੇਸ਼ ਦੀਆਂ ਵਿਭਿੰਨ ਸ਼ਕਤੀਆਂ ਸ੍ਵਤੰਤਰਤਾ ਲਈ ਯਤਨ ਕਰ ਰਹੀਆਂ ਸਨ, ਉਥੇ ਧਰਮ ਦੇ ਅਨੁਸਾਰ ਨਿਰਵਾਚਨ ਖੇਤਰਾਂ ਦੇ ਬਟਵਾਰੇ ਦਾ ਪ੍ਰੀਣਾਮ ਮੁਸਲਿਮ ਲੀਗ

---

68. ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ, ਆਧੁਨਿਕ ਕਾਲ, ਪੰਨਾ 15.
69. Jawahar Lal Nehru, An Autobiography, P. 45.
70. Jagdish Sharma, India's Struggle for Freedom, Vol.II, P. 579.
71. This Congress records with pride and admiration its appreciation of the unexempled bravery of the Akali Martyars and the great and noble example of non-violence set by them for the benefit of whole nation".
(Resolution No. 37 of Gaya Congress, 1922, ibid, P. 580.)

ਵਲੋਂ ਪਾਕਿਸਤਾਨ ਦੀ ਮੰਗ ਵਿਚ ਹੋਇਆ।[72] ਇਸ ਮੰਗ ਨੇ ਮੁਸਲਿਮ ਲੀਗ ਨੂੰ ਹੋਰ ਮਜ਼ਬੂਤ ਕਰ ਦਿੱਤਾ ਤੇ ਬਹੁਤ ਸਾਰੇ ਮੁਸਲਮਾਨ ਕਾਂਗਰਸ ਛੋੜ ਕੇ ਮੁਸਲਿਮ ਲੀਗ ਵਿਚ ਸ਼ਾਮਲ ਹੋ ਗਏ। ਕੁਝ ਐਸੀ ਹਵਾ ਚਲੀ ਕਿ 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ' ਗਾਉਣ ਵਾਲੇ ਸਰ ਮੁਹੰਮਦ ਇਕਬਾਲ ਨੇ ਹੀ 1930 ਈ. ਵਿਚ ਅਲਾਹਬਾਦ ਦੇ ਮੁਸਲਿਮ ਲੀਗ ਸੈਸ਼ਨ ਵਿਚ ਮੁਸਲਮਾਨਾਂ ਲਈ ਵੱਖਰੇ ਰਾਜ ਦਾ ਨਾਅਰਾ ਲਾ ਦਿੱਤਾ।[73] ਇਸੇ ਆਧਾਰ ਤੇ ਫਿਰ ਮਾਰਚ, 1940 ਦੇ ਲਾਹੌਰ ਮੁਸਲਿਮ-ਲੀਗ ਸੈਸ਼ਨ ਵਿਚ ਮੁਹੰਮਦ ਜਿਨਾਹ ਨੇ ਪਾਕਿਸਤਾਨ ਦੀ ਕਾਇਮੀ ਦਾ ਸਿੱਧਾ ਮਤਾ ਪੇਸ਼ ਕਰ ਦਿੱਤਾ।[74] ਦੇਸ਼ ਦੇ ਬਟਵਾਰੇ ਦੇ ਬੀਜ ਬੋ ਦਿੱਤੇ ਗਏ। 15 ਅਗਸਤ, 1947 ਈ. ਨੂੰ ਦੇਸ਼ ਆਜ਼ਾਦ ਹੋ ਗਇਆ ਪਰ ਜਾਤੀ-ਭੇਦ ਦੀ ਬਿਨਾ ਤੇ ਵਿਭਾਜਿਤ ਹੋ ਕੇ ਭਾਰਤ ਅਤੇ ਪਾਕਿਸਤਾਨ ਦੇ ਰੂਪ ਵਿਚ।

<u>ਵਿਦਿਅਕ ਤੇ ਸਭਿਆਚਾਰਕ ਦਸ਼ਾ—</u>

ਇਸ ਕਾਲ ਵਿਚ ਲਲਿਤ ਕਲਾਵਾਂ ਤੇ ਵਿਦਿਆ ਦੇ ਖੇਤਰ ਵਿਚ ਵਿਸ਼ੇਸ਼ ਪ੍ਰਗਤੀ ਹੋਈ। ਹਰੇਕ ਵਿਸ਼ੇ ਦੀ ਉਚੇਰੀ ਵਿਦਿਆ ਲਈ ਮਹਾਂ-ਵਿਦਿਆਲਯ ਅਤੇ ਵਿਸ਼ਵ ਵਿਦਿਆਲਯ ਹੋਂਦ ਵਿਚ ਆਏ। ਵਿਭਿੰਨ ਵਿਸ਼ਿਆਂ ਦੇ ਨਾਲ ਹੀ ਪ੍ਰਾਚੀਨ ਭਾਸ਼ਾ ਅਤੇ ਸਾਹਿਤ, ਧਰਮ ਅਤੇ ਦਰਸ਼ਨ ਦਾ ਵੀ ਨਵੀਂ ਪੱਧਤੀ ਦੇ ਅਨੁਸਾਰ ਅਧਿਐਨ ਸ਼ੁਰੂ ਹੋਇਆ। ਇਸ ਕਾਲ ਵਿਚ ਵਿਗਿਆਨ ਦਾ ਵਿਸ਼ੇਸ਼ ਵਿਕਾਸ ਹੋਇਆ, ਜਿਸ ਦੇ ਸਿੱਟੇ ਵਜੋਂ ਚਿਕਿਤਸਾ-ਸ਼ਾਸਤ੍ਰ, ਇੰਜਨੀਅਰਿੰਗ, ਰਸਾਇਣ ਸ਼ਾਸਤ੍ਰ, ਭੌਤਿਕ ਸ਼ਾਸਤ੍ਰ, ਪ੍ਰਾਣੀ ਸ਼ਾਸਤ੍ਰ, ਬਨਸਪਤਿ ਸ਼ਾਸਤ੍ਰ ਦੇ ਅਧਿਐਨ ਦਾ ਪ੍ਰਬੰਧ ਕੀਤਾ ਗਇਆ। ਸਰ ਜਗਦੀਸ਼ ਚੰਦਰ ਬੋਸ, ਪ੍ਰੋ. ਸੀ.ਵੀ. ਰਮਨ ਅਤੇ ਸ੍ਰੀ ਨਿਵਾਸ ਰਾਮਾਨੁਜਨ ਨੇ ਮੌਲਿਕ ਆਵਿਸ਼ਕਾਰਾਂ ਦੁਆਰਾ ਵਿਸ਼ਵ ਵਿਗਿਆਨ ਖੇਤਰ ਵਿਚ ਉਚ-ਸਥਾਨ ਪ੍ਰਾਪਤ ਕੀਤੇ।

---

72. " Pakistan is the logical consequence of communal electorate."
( DR. H.N. Brailsford, Subject India ( 1946 ), Preface)

73. " Self Government within the British Empire or without British Empire, the formation of a consolidated North West Indian state appears to me to be a final destiny of the Muslims at least of North-West India".
( Extract of Sir Mohammad Iqbal's Presidential Address delivered in 1930 at the Allahabad session of the All India Muslim League vide Jagdish Sharma, India's Struggle for Freedom, Vol.II, P. 490)

74. "The only course open to us all is to allow the major nations separate homelands by dividing India into autonomous national states."
(Extract from Mr. Jinnah's Presidential speech delivered at Muslim League session, Lahore, March, 1940 )

## ਸਾਹਿਤ ਤੇ ਕਲਾ ਦੀ ਸਮੁੱਚੀ ਸਥਿਤੀ-

ਇਸ ਸਮੇਂ ਪੱਛਮੀ ਦੇਸ਼ਾਂ ਦੇ ਸਾਹਿਤ ਦੇ ਸਕੂਲਾਂ ਤੇ ਕਾਲਜਾਂ ਵਿਚ ਅਧਿਐਨ ਨਾਲ ਭਾਰਤੀ ਸਾਹਿਤ ਦੇ ਖੇਤਰ ਵਿਚ ਨਵੀਂ ਸਫੂਰਤੀ ਆਈ ਅਤੇ ਵਿਵਿਧ ਸਾਹਿਤ ਰੂਪਾਂ ਦਾ ਵਿਕਾਸ ਹੋਇਆ। ਕਵਿਤਾ ਦੇ ਖੇਤਰ ਵਿਚ ਜਾਤੀ-ਭਾਵਨਾ ਦੀ ਥਾਂ ਦਰਸ਼ਨ ਅਤੇ ਚਿੰਤਨ ਨੂੰ ਸਥਾਨ ਮਿਲਣ ਲੱਗਾ। ਵਰਡ-ਸੱਵਰਥ ਦੀ ਭਾਵਨਾ ਤੋਂ ਉਤੇ ਉਠ ਕੇ ਪ੍ਰਕ੍ਰਿਤੀ ਦੇ ਨੈਸਰਗਿਕ ਸਰੂਪ ਤੋਂ ਸੰਪੰਨ ਅੰਗ੍ਰੇਜ਼ੀ ਕਵੀਆਂ ਦਾ ਰੋਮਾਂਸਵਾਦ ਨਵੀਨ ਪ੍ਰੇਰਨਾ ਪ੍ਰਦਾਨ ਕਰ ਰਿਹਾ ਸੀ। ਭਾਰਤੀ ਅਦਵੈਤ-ਵਾਦ ਅਤੇ ਪੱਛਮੀ ਮਾਨਵਤਾ-ਵਾਦ ਦੁਆਰਾ ਕਵੀ ਸ਼ਾਸ਼ਵਤ( Eternal ) ਭਾਵਨਾ ਨੂੰ ਕਾਵਿ ਦਾ ਆਧਾਰ ਬਣਾਉਣ ਲਈ ਪ੍ਰਯਤਨਸ਼ੀਲ ਸਨ। ਇਸ ਪ੍ਰਕਾਰ ਕਵਿਤਾ ਨੂੰ ਇਕ ਨਵੀਨ ਵਿਆਪਕ ਖੇਤਰ ਮਿਲ ਰਿਹਾ ਸੀ। ਰਾਬਿੰਦਰ ਨਾਥ ਟੈਗੋਰ ਨੇ 'ਗੀਤਾਂਜਲੀ' ਰਾਹੀਂ ਨੋਬਲ ਪੁਰਸਕਾਰ ਜਿੱਤ ਕੇ ਭਾਰਤੀ ਕਾਵਿ ਲਈ ਉੱਚ ਸਨਮਾਨ ਨੂੰ ਪ੍ਰਾਪਤ ਕੀਤਾ ਅਤੇ ਸਰ ਮੁਹੰਮਦ ਇਕਬਾਲ ਨੇ ਉਰਦੂ ਕਾਵਿ ਵਿਚ ਨਵੀਆਂ ਲੀਹਾਂ ਪਾਈਆਂ।

### ਸਾਰ-

ਸੰਖੇਪ ਵਿਚ 19ਵੀਂ ਸ਼ਤਾਬਦੀ ਦੇ ਦੂਜੇ ਅੱਧ ਦੀ ਕੁਝ ਵਿਸਤ੍ਰਿਤ ਤੇ 20ਵੀਂ ਸ਼ਤਾਬਦੀ ਦੇ ਪਹਿਲੇ ਅੱਧ ਦੀ ਸੰਖਿਪਤ ਜਹੀ ਚਰਚਾ ਤੋਂ ਸਪਸ਼ਟ ਹੈ ਕਿ 19ਵੀਂ ਸ਼ਤਾਬਦੀ ਦੇ ਦੂਜੇ ਅੱਧ ਵਿਚ ਅੰਗ੍ਰੇਜ਼ਾਂ ਦੇ ਪੰਜਾਬ ਉਤੇ ਕਾਬਜ਼ ਹੋ ਜਾਣ ਨਾਲ ਕਈ ਤਬਦੀਲੀਆਂ ਆਈਆਂ। ਅੰਗ੍ਰੇਜ਼ਾਂ ਨੇ ਇੱਥੋਂ ਦੀ ਜ਼ਰਖੇਜ਼ ਤੇ ਉਪਜਾਊ ਭੂਮੀ ਤੋਂ ਲਾਹਾ ਲੈਣ ਲਈ ਰੇਲਾਂ,ਸੜਕਾਂ,ਨਹਿਰਾਂ,ਡਾਕ ਤੇ ਤਾਰ ਦੇ ਸਿਲਸਿਲੇ ਨੂੰ ਤੇਜ਼ੀ ਨਾਲ ਸ਼ੁਰੂ ਕੀਤਾ ਤਾਂ ਜੋ ਜਿੱਥੇ ਇਕ ਧਿਰ ਵਧ ਤੋਂ ਵਧ ਆਮਦਨ ਪ੍ਰਾਪਤ ਕੀਤੀ ਜਾ ਸਕੇ,ਉਥੇ ਨਾਲ ਹੀ ਇਨ੍ਹਾਂ ਨਵੇਂ ਕੰਮਾਂ ਰਾਹੀਂ ਲੋਕਾਂ ਨੂੰ ਨਵੇਂ ਪਦਾਰਥਕ ਲਾਭਾਂ ਕਾਰਨ ਖੁਸ਼ ਕਰਕੇ ਅੰਗ੍ਰੇਜ਼ੀ ਸਭਿਆਚਾਰ ਤੇ ਸੰਸਕ੍ਰਿਤੀ ਨੂੰ ਫੈਲਾਇਆ ਜਾ ਸਕੇ। ਈਸਾਈ ਮੱਤ ਦੇ ਫੈਲਾਵੇ ਅਤੇ ਪੱਛਮੀ ਜੀਵਨ ਤੇ ਸਭਿਆਚਾਰਕ ਪ੍ਰਭਾਵਾਂ ਨੂੰ ਇੱਥੋਂ ਦੇ ਜੀਵਨ ਤੇ ਠੋਸਣ ਲਈ ਅੰਗ੍ਰੇਜ਼ੀ ਵਿਦਿਅਕ ਪ੍ਰਣਾਲੀ ਨੂੰ ਵੀ ਸ਼ੁਰੂ ਕੀਤਾ ਗਇਆ ਅਤੇ ਨਾਲ ਹੀ ਭਾਰਤੀ ਸਭਿਆਚਾਰ ਤੇ ਸੰਸਕ੍ਰਿਤੀ ਨੂੰ ਨੀਵਾਂ ਦੱਸਣ ਦੇ ਯਤਨ ਕੀਤੇ ਗਏ। ਅੰਗ੍ਰੇਜ਼ਾਂ ਨੇ ਰਣਜੀਤ ਸਿੰਘ ਕਾਲ ਵਿਚ ਉਪਜੀ ਪੰਜਾਬੀਆਂ ਦੀ ਸਾਂਝ ਨੂੰ ਆਪਣੇ ਲਈ ਖਤਰਨਾਕ ਸਮਝਦਿਆਂ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦੇ ਆਧਾਰ ਤੇ ਲੋਕਾਂ ਵਿਚ ਫ਼ਿਰਕੂ ਤੇ ਧਾਰਮਿਕ ਖਿਚੋਤਾਣ ਨੂੰ ਵਧਾਉਣ ਦਾ ਯਤਨ ਕੀਤਾ।

ਅੰਗ੍ਰੇਜ਼ਾਂ ਦੇ ਪੰਜਾਬ ਤੇ ਕਾਬਜ਼ ਹੋਣ ਤੇ ਵੀ ਪੰਜਾਬੀਆਂ ਦੇ ਦਿਲਾਂ ਵਿਚ ਆਜ਼ਾਦੀ ਲਈ ਤੜਪ ਸੁਲਗ ਰਹੀ ਸੀ। 1857 ਈ. ਦੇ ਗ਼ਦਰ ਤੇ ਕੂਕਾ ਲਹਿਰ ਦੇ ਇਨਕਲਾਬੀ ਯਤਨ ਇਸ ਦਿਸ਼ਾ ਵਲ ਹੀ ਕੁਝ ਕਦਮ ਸਨ, ਭਾਵੇਂ ਅੰਗ੍ਰੇਜ਼ ਨੇ ਸ਼ਕਤੀ ਨਾਲ ਇਨ੍ਹਾਂ ਨੂੰ ਕੁਚਲ ਦਿੱਤਾ ਸੀ। ਅੰਗ੍ਰੇਜ਼ਾਂ ਵਲੋਂ ਈਸਾਈ ਮੱਤ ਦੇ ਪ੍ਰਚਾਰ,ਪੱਛਮੀ ਜੀਵਨ ਤੇ ਸਭਿਆਚਾਰਕ ਪ੍ਰਭਾਵਾਂ ਦੇ ਠੋਸਣ ਦੇ ਵਿਰੋਧ ਵਿਚ ਹਿੰਦੂਆਂ, ਸਿੱਖਾਂ ਤੇ ਮੁਸਲਮਾਣਾਂ ਵਿਚ ਜੋ ਧਾਰਮਿਕ ਤੇ ਸਮਾਜਿਕ ਲਹਿਰਾਂ ਚਲੀਆਂ ਸਨ, ਨੇ ਆਪਣੇ ਆਪਣੇ ਧਰਮ

ਤੇ ਸੰਸਕ੍ਰਿਤੀ ਦੀ ਸ਼ੁੱਧ ਵਿਆਖਿਆ ਕਰਕੇ ਲੋਕਾਂ ਨੂੰ ਆਪਣੇ ਆਪਣੇ ਧਰਮ ਵਿਚ ਪੱਕਿਆਂ ਕੀਤਾ। ਇਨ੍ਹਾਂ ਨੇ ਧਾਰਮਿਕ ਸ਼ੁੱਧਤਾ ਲਈ ਵਿਅਰਥ ਕਰਮ ਕਾਂਡ ਤੇ ਰਸਮ- ਰੀਤੀਆਂ ਦੇ ਖੰਡਣ ਰਾਹੀਂ ਵਿਅਕਤੀ ਦੇ ਸੁਧਾਰ ਦੇ ਯਤਨ ਕੀਤੇ ਅਤੇ ਲੋਕਾਂ ਵਿਚ ਆਪਣੇ ਧਰਮ ਤੇ ਸੰਸਕ੍ਰਿਤੀ ਦਾ ਪਿਆਰ ਜਗਾ ਕੇ ਦੇਸ਼- ਪਿਆਰ ਵਲ ਪ੍ਰੇਰਿਆ। ਪਰ ਇਸ ਦੇ ਨਾਲ ਹੀ ਇਨ੍ਹਾਂ ਲਹਿਰਾਂ ਨੇ ਈਸਾਈ ਮੱਤ ਦੇ ਵਿਰੋਧ ਨਾਲ ਦੂਜਿਆਂ ਧਰਮਾਂ ਵਿਰੁਧ ਖਿਚੋਤਾਣ ਵਧਾ ਕੇ ਫ਼ਿਰਕਾ- ਪ੍ਰਸਤੀ ਦੇ ਬੀਜ ਬੋ ਦਿੱਤੇ। ਸਾਂਝਾ ਸਭਿਆਚਾਰ ਹੋਣ ਉਤੇ ਵੀ ਬੋਲੀ ਅਤੇ ਸੰਸਕ੍ਰਿਤੀ ਦੇ ਵਖੇਂਵਿਆਂ ਦੇ ਦਾਅਵੇ ਕੀਤੇ ਜਾਣ ਲੱਗੇ ਅਤੇ ਫ਼ਿਰਕੂ ਆਧਾਰ ਤੇ ਹੀ ਸਕੂਲ ਤੇ ਕਾਲਜ ਖੋਲ੍ਹੇ ਜਾਣੇ ਸ਼ੁਰੂ ਹੋਏ। ਇਸ ਨਾਲ ਅੰਗ੍ਰੇਜ਼ਾਂ ਨੂੰ 'ਪਾੜੋ ਤੇ ਰਾਜ ਕਰੋ' ਦੀ ਨੀਤੀ ਰਾਹੀਂ ਫ਼ਿਰਕੂ ਖਿਚੋਤਾਣ ਨੂੰ ਤੇਜ਼ ਕਰਨ ਦਾ ਮੌਕਾ ਮਿਲ ਗਇਆ।

ਪੱਛਮੀ ਪ੍ਰਭਾਵਾਂ, ਵਿਦਿਆ ਤੇ ਸਮਾਜਿਕ ਲਹਿਰਾਂ ਨੇ ਲੋਕਾਂ ਵਿਚ ਜਾਗ੍ਰਤੀ ਵੀ ਪੈਦਾ ਕੀਤੀ। ਅੰਗ੍ਰੇਜ਼ੀ ਸਾਮਰਾਜ ਦਾ ਪੱਕੇ ਪੈਰਾਂ ਤੇ ਖੜਾ ਹੋਣ ਕਰਕੇ ਹਾਲੀ ਅੰਗ੍ਰੇਜ਼ ਵਿਰੁੱਧ ਜਜ਼ਬਾ ਪ੍ਰਗਟ ਕਰਨਾ ਸੰਭਵ ਨਹੀਂ ਸੀ। ਇਸ ਸਮੇਂ ਤਕ ਦੀਆਂ ਧਾਰਮਿਕ,ਸੁਧਾਰਕ ਲਹਿਰਾਂ ਅਤੇ ਨਿਰੋਲ ਰਾਜਸੀ ਸੰਸਥਾ ਕਾਂਗਰਸ ਤਕ ਦਾ ਕਰਮ ਖੇਤਰ ਵਧੇਰੇ ਧਾਰਮਿਕ,ਸਮਾਜਿਕ ਤੇ ਰਾਜਸੀ ਸੁਧਾਰ ਤਕ ਹੀ ਸੀਮਤ ਸੀ। ਲੋਕਾਂ ਵਿਚ ਆਜ਼ਾਦੀ ਦਾ ਜਜ਼ਬਾ ਵਿਦਮਾਨ ਜ਼ਰੂਰ ਸੀ ਤੇ ਉਸ ਦੇ ਪ੍ਰਗਟਾਵੇ ਲਈ ਦੇਸ਼ ਦੀਆਂ ਖਿੰਡੀਆਂ- ਸ਼ਕਤੀਆਂ ਸੰਗਠਿਤ ਕੀਤੀਆਂ ਜਾ ਰਹੀਆਂ ਸਨ।

20ਵੀਂ ਸ਼ਤਾਬਦੀ ਦੇ ਮੁੱਢ ਵਿਚ ਆਜ਼ਾਦੀ ਦੀ ਚੇਤਨਾ ਵਿਚ ਵਾਧਾ ਹੋਇਆ। ਕਾਂਗਰਸ ਵਿਚ ਕ੍ਰਾਂਤੀਕਾਰੀ ਧੜੇ ਦੇ ਪ੍ਰਵੇਸ਼, ਗ਼ਦਰ ਪਾਰਟੀ ਲਹਿਰ, ਮਹਾਤਮਾ ਗਾਂਧੀ ਦਾ ਰਾਜਸੀ ਸੰਘਰਸ਼ ਵਿਚ ਸ਼ਾਮਲ ਹੋਣਾ, ਸਿੱਖਾਂ ਦੀ ਅਕਾਲੀ ਲਹਿਰ ਦੇ ਯਤਨਾਂ ਆਦਿ ਦਾ ਸਦਕਾ ਆਜ਼ਾਦੀ ਲਈ ਸਿੱਧਾ ਨਾਅਰਾ ਲਗ ਗਇਆ। ਜਿੱਥੇ ਇਕ ਬੰਨੇ ਆਜ਼ਾਦੀ ਦਾ ਅੰਦੋਲਨ ਤੇਜ਼ ਹੋਇਆ,ਉਥੇ ਦੂਜੇ ਬੰਨੇ ਹਿੰਦੂ ਮੁਸਲਿਮ ਖਿਚੋਤਾਣ ਵਧਣ ਕਰਕੇ ਪਾਕਿਸਤਾਨ ਦੀ ਮੰਗ ਵੀ ਸ਼ੁਰੂ ਹੋ ਗਈ। ਅੰਗ੍ਰੇਜ਼ ਇਸ ਫ਼ਿਰਕੂ ਫੁਟ ਕਾਰਨ ਆਜ਼ਾਦੀ ਨੂੰ ਪਿੱਛੇ ਪਾਈ ਗਏ। ਅੰਤ ਵਿਚ ਦੇਸ਼ ਆਜ਼ਾਦ ਹੋਇਆ ਪਰ ਇਕ ਭਾਰਤ ਦੀ ਥਾਂ ਭਾਰਤ ਤੇ ਪਾਕਿਸਤਾਨ ਦੇ ਰੂਪ ਵਿਚ।

ਇਸ ਕਾਲ ਵਿਚ ਆਜ਼ਾਦੀ ਦੇ ਸੰਘਰਸ਼ ਦੇ ਨਾਲ ਪੱਛਮੀ ਪ੍ਰਭਾਵਾਂ ਕਰਕੇ ਵਿਦਿਅਕ ਸਭਿਆਚਾਰਕ ਤੇ ਸਾਹਿਤ ਦੇ ਖੇਤਰ ਵਿਚ ਬੜਾ ਵਾਧਾ ਹੋਇਆ, ਜਿਸ ਨੇ ਇੱਥੇ ਦੇ ਲੋਕਾਂ ਦੀ ਜੀਵਨ-ਚਾਲ ਨੂੰ ਨਵੀਂ ਰੋਸ਼ਨੀ ਰਾਹੀਂ ਜਾਗ੍ਰਤ ਕਰਨ ਵਿਚ ਬੜੀ ਸਹਾਇਤਾ ਕੀਤੀ।

## (ਘ) ਉਨ੍ਹੀਵੀਂ ਸ਼ਤਾਬਦੀ ਦੇ ਅੰਤ ਤਕ ਦੀ ਪੰਜਾਬੀ ਕਾਵਿ- ਪਰੰਪਰਾ —

ਉਨ੍ਹੀਵੀਂ ਸ਼ਤਾਬਦੀ ਦੇ ਦੂਜੇ ਅੱਧ ਅਤੇ ਵੀਹਵੀਂ ਸ਼ਤਾਬਦੀ ਦੇ ਪਹਿਲੇ ਅੱਧ ਦੀ ਪਿਠ-ਭੂਮੀ ਨੂੰ ਦ੍ਰਿਸ਼ਟੀਗੋਚਰ ਕਰਨ ਉਪਰੰਤ ਭਾਈ ਸਾਹਿਬ ਦੇ ਕਾਵਿ ਨੂੰ ਸਮਝਣ ਲਈ ਭਾਈ ਸਾਹਿਬ ਤੋਂ ਪਹਿਲਾਂ ਉਨ੍ਹੀਵੀਂ ਸ਼ਤਾਬਦੀ ਦੇ ਅੰਤ ਤਕ ਦੇ ਸਮੇਂ ਦੀ ਪੰਜਾਬੀ ਕਾਵਿ ਪਰੰਪਰਾ ਉਤੇ ਨਜ਼ਰ ਮਾਰਨੀ ਵੀ ਜ਼ਰੂਰੀ ਹੈ।

### ਅਧਿਆਤਮਿਕ ਤੇ ਧਾਰਮਿਕ ਕਵਿਤਾ —

### ਗੁਰੂ ਗ੍ਰੰਥ ਸਾਹਿਬ ਦੀ ਕਵਿਤਾ —

ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂਆਂ ਅਤੇ ਬਾਰ੍ਹਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਤਕ ਹੋਏ ਭਾਰਤ ਦੇ ਵੱਖ ਵੱਖ ਹਿੱਸਿਆਂ ਦੇ ਭਗਤਾਂ ਦੀ ਬਾਣੀ ਅੰਕਿਤ ਹੈ। ਇਸ ਬਾਣੀ ਦਾ ਵਿਸ਼ਾ- ਵਸਤੂ ਅਧਿਆਤਮਿਕ ਅਤੇ ਸਰੂਪ ਭਗਤੀ ਰਸ ਵਾਲਾ ਹੈ। ਇਸ ਵਿਚ ਪ੍ਰਭੂ ਪ੍ਰਾਪਤੀ ਲਈ ਭਾਰਤੀ ਦਰਸ਼ਨ ਅਨੁਸਾਰ ਤਿੰਨ ਮਾਰਗਾਂ: ਗਿਆਨ,ਕਰਮ ਤੇ ਪ੍ਰੇਮ ਵਿਚੋਂ ਪ੍ਰੇਮ ਮਾਰਗ ਨੂੰ ਪ੍ਰਧਾਨਤਾ ਦਿੰਦਿਆਂ ਪ੍ਰਭੂ ਨੂੰ ਪਿਰ ਤੇ ਆਤਮਾ ਨੂੰ ਇਸਤਰੀ ਜਾਣ ਕੇ ਆਤਮਿਕ ਰਮਜ਼ਾਂ ਨੂੰ ਭਾਵੁਕਤਾ ਤੇ ਸੁਭਾਉ ਢੰਗ ਨਾਲ ਭਰੇ ਹੋਏ ਕਾਵਿਕ ਚਿੰਨ੍ਹਾਂ ਰਾਹੀਂ ਖੋਲ੍ਹਿਆ ਗਇਆ ਹੈ। ਇੱਥੇ ਸ਼ਬਦ- ਚਿੱਤ੍ਰ ਤੇ ਅਲੰਕਾਰ ਘਰੋਗੀ ਜੀਵਨ ਅਤੇ ਕੁਦਰਤ ਦੇ ਪਾਸਾਰੇ ਵਿਚੋਂ ਲਏ ਗਏ ਹਨ। " ਗੁਰੂ ਗ੍ਰੰਥ ਸਾਹਿਬ ਦਾ ਵਡਾ ਭਾਗ ਸੰਤ ਭਾਸ਼ਾ ਵਿਚ ਹੈ ਪਰ ਕੁਝ ਰਚਨਾਵਾਂ ਪੱਛਮੀ ਹਿੰਦੀ, ਪੂਰਬੀ ਹਿੰਦੀ, ਪੱਛਮੀ ਪੰਜਾਬੀ,ਪੂਰਬੀ ਪੰਜਾਬੀ ਅਤੇ ਸਿੰਧੀ ਵਿਚ ਵੀ ਮਿਲਦੀਆਂ ਹਨ।"[75] ਛੰਦਾਂ ਵਿਚੋਂ ਇਸ ਵਿਚ ਵਧੇਰੇ ਸਲੋਕ,ਸਵੈਯਾ,ਅੜਿਲ,ਕੁੰਡਲੀਆ,ਚੌਪਈ, ਦਵੱਯਾ,ਤਾਟੰਕ,ਚਿਤ੍ਰਕਲਾ,ਝੂਲਣਾ, ਨਿਸ਼ਾਨੀ ਆਦਿਕ ਦੀ ਵਰਤੋਂ ਮਿਲਦੀ ਹੈ। ਭਗਤਾਂ ਨੇ ਛੰਦਾਂ ਬੰਦੀ ਦੇ ਨਿਯਮਾਂ ਦੀ ਪ੍ਰਵਾਹ ਨਹੀਂ ਕੀਤੀ। ਉਹ ਲੋਕ ਕਵੀ ਸਨ, ਜਿਨ੍ਹਾਂ ਨੇ ਹਰਮਨ- ਪਿਆਰੀਆਂ ਤਰਜ਼ਾਂ ਉਤੇ ਆਪਣੀ ਕਾਵਿ-ਰਚਨਾ ਕੀਤੀ ਸੀ।[76] ਗੁਰੂ ਗ੍ਰੰਥ ਸਾਹਿਬ ਵਿਚ ਕਵਿਤਾ ਦੇ ਸਭ ਤਰ੍ਹਾਂ ਦੇ ਵਰਤੀਂਦੇ ਭੇਦਾਂ ਜਿਵੇਂ ਬਾਰਾਂਮਾਹ, ਆਰਤੀ,ਘੋੜੀਆਂ,ਸੱਦ, ਰੁਤੀਂ,ਥਿਤੀ,ਪਹਰੇ,ਪਟੀ,ਵਾਰ,ਗੋਸ਼ਟ,ਅਲਾਹੁਣੀ,ਸਤਵਾਰਾ ਆਦਿਕ ਨੂੰ ਵਰਤਿਆ ਗਇਆ ਹੈ।[77] ਗੁਰੂ ਗ੍ਰੰਥ ਸਾਹਿਬ ਦੀ ਕਵਿਤਾ ਰਾਗ- ਬੱਧ ਹੋਣ ਕਰਕੇ ਸੰਗੀਤਕ ਗੁਣਾਂ ਨਾਲ ਭਰਪੂਰ ਹੈ। ਇਹ ਕਵਿਤਾ ਇਕ ਸਦੀਵੀ ਤੇ ਮਹਾਨ ਪਰੰਪਰਾ ਦੀ ਕਵਿਤਾ ਹੈ।

### ਸੂਫ਼ੀ ਕਾਵਿ—

ਪੰਜਾਬੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਕਾਵਿਧਾਰਾ ਦੇ ਨਾਲ ਹੀ ਸੂਫ਼ੀ ਕਾਵਿਧਾਰਾ ਵੀ

---

75. ਡਾ. ਸੁਰਿੰਦਰ ਸਿੰਘ ਕੋਹਲੀ ਦਾ ਲੇਖ 'ਗੁਰੂ ਗ੍ਰੰਥ ਸਾਹਿਬ(ਇਕ ਅਧਿਐਨ)',ਪਰਖ- ਪੜਚੋਲ,ਪੰਜਾਬ ਯੂਨੀਵਰਸਿਟੀ,ਪੰਨਾ 180.
76. ਉਹੀ,ਪੰਨਾ 181
77. ਡਾ. ਗੋਪਾਲ ਸਿੰਘ,ਪੰਜਾਬੀ ਸਾਹਿਤ ਦਾ ਇਤਿਹਾਸ(1700 ਈ. ਤਕ)ਪੰਜਾਬ ਯੂਨੀਵਰਸਿਟੀ,ਪੰ:70

ਮਿਲਦੀ ਹੈ।" ਸੂਫ਼ੀ ਮੱਤ ਈਰਾਨ ਵਿਚ ਪੈਦਾ ਹੋਇਆ, ਜਿੱਥੇ ਸਾਮੀ ਨਸਲ ਦੇ ਅਰਬੀ ਖ਼ਿਆਲਾਂ ਦਾ ਟਾਕਰਾ ਆਰੀਆ ਨਸਲ ਦੀ ਈਰਾਨੀ ਤਹਜ਼ੀਬ ਨਾਲ ਹੋਇਆ। ਸਾਮੀ ਜਾਂ (ਸੈਮਟਿਕ) ਨਸਲ ਦੇ ਲੋਕ ਰੱਬ ਨੂੰ ਕੁਦਰਤ ਤੋਂ ਬਾਹਰ ਤੇ ਉਚਾ ਮੰਨਦੇ ਸਨ ਅਤੇ ਆਰੀਆ ਨਸਲ ਦੇ ਲੋਕ ਰੱਬ ਨੂੰ ਕੁਦਰਤ ਦੇ ਅੰਦਰ ਪਸਰਿਆ ਹੋਇਆ ਵੇਖਦੇ ਸਨ। ਜਦ ਇਸਲਾਮ ਦਾ ਪ੍ਰਚਾਰ ਈਰਾਨ ਵਿਚ ਹੋਇਆ ਤਾਂ ਉਥੇ ਇਨ੍ਹਾਂ ਦੋਹਾਂ ਖ਼ਿਆਲਾਂ ਦਾ ਮੇਲ ਹੋ ਗਇਆ, ਇਸ ਤੋਂ ਸੂਫ਼ੀ ਖਿਆਲ ਦੀ ਨੀਂਹ ਬੱਝੀ। ਸੂਫ਼ੀ ਮੱਤ ਵਿਚ ਰੱਬ ਨੂੰ ਸਭ ਦੇ ਅੰਦਰ ਤੇ ਸਭ ਦੇ ਬਾਹਰ ਹੀ ਨਹੀਂ ਮੰਨਿਆ ਗਇਆ, ਸਗੋਂ ਵੇਦਾਂਤੀਆਂ ਵਾਂਗਰ ਸਭ ਕੁਝ ਰੱਬ ਹੀ ਰੱਬ ਮੰਨਿਆ ਗਇਆ।"[78] ਇਸਲਾਮੀ ਰਾਜ ਦੇ ਫੈਲਾਵੇ ਨਾਲ ਸੂਫ਼ੀ ਮੱਤ ਵੀ ਭਾਰਤ ਵਿਚ ਫੈਲਿਆ। ਮੁੱਢਲੇ ਸੂਫ਼ੀ ਸ਼ੇਖ ਫ਼ਰੀਦ ਵਾਂਗ ਇਸਲਾਮ ਦੇ ਤਕੜੇ ਪ੍ਰਚਾਰਕ ਸਨ। ਮਗਰਲੇ ਸੂਫ਼ੀਆਂ ਨੇ ਇਸਲਾਮੀ ਪ੍ਰਚਾਰ ਨੂੰ ਛੱਡ ਕੇ ਭਾਰਤੀ ਦਰਸ਼ਨਾਂ ਅਤੇ ਧਰਮਾਂ ਨੂੰ ਸਮਝਦਿਆਂ ਆਵਾਗਉਣ, ਪੁਨਰ ਜਨਮ ਅਤੇ ਕਰਮ ਦੇ ਮਸਲਿਆਂ ਨੂੰ ਸਵੀਕਾਰ ਕੀਤਾ।[79] ਇਸ ਅਸਰ ਹੇਠ ਸੂਫ਼ੀਆਂ ਨੇ ਭਗਤਾਂ ਵਾਂਗ ਸਾਂਝੇ ਪ੍ਰਭੂ ਦੇ ਗੀਤ ਗਾਏ।

ਪੰਜਾਬੀ ਸੂਫ਼ੀ ਕਵਿਤਾ ਦੇ ਖੇਤਰ ਵਿਚ ਸ਼ੇਖ ਫ਼ਰੀਦ ਤੋਂ ਪਿੱਛੋਂ ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਅਤੇ ਅਲੀ ਹੈਦਰ ਆਦਿਕ ਪ੍ਰਸਿੱਧ ਪੰਜਾਬੀ ਸੂਫ਼ੀ ਕਵੀ ਹੋਏ ਸਨ। ਸ਼ੇਖ ਫਰੀਦ ਜੀ ਦੇ ਸਲੋਕਾਂ ਤੋਂ ਬਾਅਦ ਸੂਫ਼ੀ ਕਵਿਤਾ ਦਾ ਪ੍ਰਧਾਨ ਰੂਪ ਕਾਫ਼ੀ ਹੀ ਰਹਿਆ ਸੀ। ਲੋਕ ਕਾਵਿ ਰੂਪਾਂ ਵਿਚੋਂ ਸੂਫ਼ੀਆਂ ਨੇ ਸੀਹਰਫ਼ੀਆਂ ਬਾਰਾਮਾਹ ਤੇ ਸਤਵਾਰੇ ਦੇ ਰੂਪ ਨੂੰ ਵਰਤਿਆ ਸੀ। ਸੂਫ਼ੀ ਕਵੀਆਂ ਨੇ ਕਈ ਤਰ੍ਹਾਂ ਦੇ ਛੰਦਾਂ ਦੇ ਪ੍ਰਯੋਗ ਦੇ ਨਾਲ ਅਲੰਕਾਰ ਤੇ ਰੂਪਕ ਪੇਂਡੂ ਜੀਵਨ-ਪਾਸਾਰੇ ਵਿਚੋਂ ਲੈਂਦਿਆਂ ਭਗਤਾਂ ਵਾਂਗ ਜਗਿਆਸੂ ਨੂੰ ਇਸਤਰੀ ਰੂਪ ਵਿਚ ਵੇਖਿਆ ਸੀ। ਸੂਫ਼ੀ ਕਾਵਿ ਵਿਚ ਠੇਠ ਪੰਜਾਬੀ ਦਾ ਸਰੂਪ ਚੰਗਾ ਨਿਖਰਿਆ ਸੀ, ਪਰ ਇਸ ਦੇ ਨਾਲ ਹੀ ਲਹਿੰਦੀ, ਫ਼ਾਰਸੀ ਤੇ ਅਰਬੀ ਸ਼ਬਦਾਂ ਦਾ ਪ੍ਰਯੋਗ ਵੀ ਕਾਫ਼ੀ ਹੋਇਆ ਸੀ।

<u>ਹੋਰ ਧਾਰਮਿਕ ਤੇ ਸੁਧਾਰਕ ਕਵਿਤਾ—</u>

ਇਨ੍ਹਾਂ ਤੋਂ ਛੁਟ ਪੰਜਾਬੀ ਵਿਚ ਹਿੰਦੂ, ਸਿੱਖ ਤੇ ਮੁਸਲਮਾਣ ਕਵੀਆਂ ਨੇ ਆਪੋ ਆਪਣੇ ਧਰਮ ਨਾਲ ਸੰਬੰਧਿਤ ਕਵਿਤਾ ਵੀ ਲਿਖੀ ਜੋ ਬਿਆਨੀਆ ਅਤੇ ਸਰੋਦੀ ਦੋਹਾਂ ਰੂਪਾਂ ਵਿਚ ਮਿਲਦੀ ਹੈ। ਹਿੰਦੂਆਂ ਨੇ ਧਾਰਮਿਕ ਸਾਹਿਤ ਦੀ ਉਤਪਤੀ ਲਈ ਸੰਸਕ੍ਰਿਤ ਭੰਡਾਰੇ ਵਿਚੋਂ ਪੁਰਾਣਿਕ ਕਥਾਵਾਂ, ਰਾਮਾਇਣ, ਮਹਾਂਭਾਰਤ, ਗੀਤਾ, ਯੋਗ ਵਸ਼ਿਸ਼ਟ ਆਦਿਕ ਨੂੰ ਕਾਵਿ ਬੱਧ ਕੀਤਾ। ਵੈਸ਼ਣਵਾਂ ਨੇ ਰਾਮ ਸਾਹਿਤ ਤੇ ਕ੍ਰਿਸ਼ਨ ਸਾਹਿਤ ਅਤੇ ਸ਼ੈਵ ਤੇ ਸ਼ਾਕਤ ਮੱਤ ਵਾਲਿਆਂ ਨੇ ਸ਼ਿਵਜੀ ਅਤੇ ਦੇਵੀ ਦੇ ਬਾਰਾਂਮਾਹੇ ਲਿਖੇ।[80] ਅਜੇਹੀ ਧਾਰਮਿਕ ਕਵਿਤਾ ਦੀ ਰਚਨਾ ਵਧੇਰੇ

---

78. ਪ੍ਰਿੰ. ਤੇਜਾ ਸਿੰਘ ਦਾ ਲੇਖ, ਪੰਜਾਬੀ ਵਿਚ ਕਾਫ਼ੀ, ਸਾਹਿਤ ਦਰਸ਼ਨ

79. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ (1701-1850), ਪੰਜਾਬ ਯੂਨੀਵਰਸਿਟੀ, ਪੰਨਾ 26

80. ਉਹੀ, ਪੰਨਾ 124.

ਸੀਹਰਫ਼ੀਆਂ ਤੇ ਬਾਰਾਮਾਹਿਆਂ ਦੇ ਰੂਪ ਵਿਚ ਹੀ ਹੋਈ ਸੀ।

ਮੁਸਲਮਾਣਾਂ ਨੇ ਇਸਲਾਮ ਦੇ ਪ੍ਰਚਾਰ ਲਈ ਇਸਲਾਮ ਦੀਆਂ ਪ੍ਰਸਿੱਧ ਕਥਾਵਾਂ ਅਤੇ ਧਾਰਮਿਕ ਮਸਲਿਆਂ ਨੂੰ ਕਵਿਤਾ ਵਿਚ ਉਲੀਕਿਆ। ਨਾਨਕ- ਕਾਲ ਵਿਚ ਮੌਲਾਨਾ ਅਬਦੁਲਾ ਨੇ ਇਸ ਪਿਰਤ ਨੂੰ ਸ਼ੁਰੂ ਕੀਤਾ,ਜੋ ਬਾਅਦ ਵਿਚ ਗ਼ੁਲਾਮ ਕਾਦਰ ਸ਼ਾਹ ਦੀ 'ਜਵਾਹਰ ਤਸੱਵੁਫ਼', ਮੌਲਵੀ ਗ਼ੁਲਾਮ ਮੁਹੀ-ਉਦ੍ਦੀਨ ਦੇ 'ਰਸਾਲਾ ਜਾਦੁਲ-ਹਾਜ', ਮੌਲਵੀ ਨੂਰ ਮੁਹੰਮਦ ਦੀ 'ਆਬੇ ਹਯਾਤ' ਤੇ 'ਮਫ਼ਾਦ ਸ਼ਰੀਅਤ', ਮੌਲਵੀ ਮੁਸਲਮ ਦੀਆਂ 'ਗੁਲਜ਼ਾਰ ਮੁਹੰਮਦੀ', 'ਗੁਲਜ਼ਾਰ ਮੂਸਾ'[81] ਆਦਿਕ ਰਾਹੀਂ ਵਿਕਸਿਤ ਹੋਈ।ਮੁਸਲਮਾਣੀ ਧਾਰਮਿਕ ਕਵਿਤਾ ਵਿਚ ਮੌਲਵੀ ਨੂਰ ਮੁਹੰਮਦ,ਅਬਦੁਲ ਹਕੀਮ,ਕਾਦਰ ਯਾਰ ਆਦਿਕ ਦੇ ਮਿਅਰਾਜਨਾਮਿਆਂ ਦਾ ਵੀ ਵਿਸ਼ੇਸ਼ ਸਥਾਨ ਹੈ,ਜਿਨ੍ਹਾਂ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਉਸ ਮਿਅਰਾਜ ਰਾਤ ਦਾ ਜ਼ਿਕਰ ਹੈ, ਜਦ ਉਹ ਜਬਰਾਈਲ ਦੀ ਸੰਗਤ ਵਿਚ ਅੱਲਾ- ਤਆਲਾ ਨੂੰ ਮਿਲਣ ਜਾਂਦੇ ਹਨ।[82] ਮੁਸਲਮਾਣੀ ਧਾਰਮਿਕ ਰਚਨਾਵਾਂ ਦੀ ਪੰਜਾਬੀ ਤੇ ਅਰਬੀ- ਫ਼ਾਰਸੀ ਦਾ ਰੰਗ ਵਧੇਰੇ ਹੁੰਦਾ ਸੀ।

ਸਿੱਖਾਂ ਵਿਚ ਅਜੇਹੀ ਕਵਿਤਾ ਉਦਾਸੀਆਂ,ਨਿਰਮਲਿਆਂ,ਸੇਵਾ- ਪੰਥੀਆਂ ਤੇ ਸੰਪਰਦਾਈ-ਗਿਆਨੀਆਂ ਦੇ ਹੱਥਾਂ ਵਿਚ ਉਸਰੀ ਸੀ। ਹਿੰਦੂਆਂ ਵਿਚ ਜਿੱਥੇ ਸਰਗੁਣ ਧਾਰਾ ਦੀ ਕਵਿਤਾ ਰਾਮ ਅਤੇ ਕ੍ਰਿਸ਼ਨ ਦੇ ਅਸਤੋਤਰਾਂ ਰਾਹੀਂ ਪ੍ਰਗਟ ਹੋਈ ਸੀ, ਉਥੇ ਸਿੱਖਾਂ ਵਿਚ ਸਰਗੁਣ ਧਾਰਾ ਨੇ ਗੁਰ- ਉਪਮਾ ਦਾ ਰੂਪ ਧਾਰਿਆ ਸੀ। ਨਿਰਮਲਿਆਂ ਨੇ ਇਕ ਸ਼੍ਰੇਣੀ ਦੀ ਭਾਂਤ ਅੰਮ੍ਰਿਤਸਰ,ਅਨੰਦਪੁਰ,ਗੁਜਰਾਤ,ਸਿਆਲਕੋਟ,ਰਾਵਲਪਿੰਡੀ, ਪਟਿਆਲਾ ਅਤੇ ਬਠਿੰਡੇ ਨੂੰ ਸ਼ਾਂਤ ਅਤੇ ਗੁਣਵੀਆਂ ਥਾਵਾਂ ਸਮਝ ਕੇ ਭੂਤਕਾਲ ਦੀਆਂ ਧਾਰਮਿਕ ਰੁਚੀਆਂ ਨੂੰ ਚਮਕਾ ਕੇ ਦੱਸਣ ਲਈ ਚੁਣਿਆ ਹੋਇਆ ਸੀ।[83] ਉਦਾਸੀਆਂ ਦਾ ਮਹੰਤ ਪ੍ਰੀਤਮ ਦਾਸ ਦਾ ਅਖਾੜਾ ਸੰਮਤ 1836 ਵਿਚ,ਨਯਾਉਦਾਸੀਨ ਅਖਾੜਾ ਸੰਮਤ 1866 ਵਿਚ,ਸੰਤੋਖ ਦਾਸ ਅਖਾੜਾ ਸੰਮਤ 1838 ਵਿਚ,ਸੰਗਲ ਵਾਲਾ ਅਖਾੜਾ ਸੰਮਤ 1843 ਵਿਚ ਅਤੇ ਨਿਰਵਾਣ ਅਖਾੜਾ ਸੰਮਤ 1850 ਵਿਚ ਹੋਂਦ ਵਿਚ ਆਇਆ ਸੀ।[84] ਸੇਵਾ ਪੰਥੀਆਂ ਦਾ ਪ੍ਰਸਿੱਧ ਡੇਰਾ ਥਲ ਸੀ,[85] ਪਰ ਇਸ ਦੇ ਨਾਲ ਹੋਰ ਵੀ ਕਈ ਡੇਰੇ ਸਨ,ਜਿਨ੍ਹਾਂ ਵਿਚੋਂ ਅੰਮ੍ਰਿਤਸਰ ਵਿਚ ਸੰਤ ਰਾਮ ਦਿਆਲ ਜੀ ਦਾ ਡੇਰਾ ਕਾਫ਼ੀ ਪ੍ਰਸਿੱਧਤਾ ਰਖਦਾ ਸੀ।[86]

ਇਨ੍ਹਾਂ ਡੇਰਿਆਂ ਦੀ ਧਾਰਮਿਕ ਕਵਿਤਾ ਦੇ ਵਿਚਾਰ ਆਮ ਕਰਕੇ ਗੁਰੂ ਵਿਚ ਸ਼ਰਧਾ, ਮੌਤ ਦੀ ਹਕੀਕਤ ਨੂੰ ਪਛਾਣਨਾ,ਸੰਸਾਰ ਤੇ ਮਾਇਆ ਦੀ ਅਸਥਿਰਤਾ,ਸੰਸਾਰਕ ਸੰਬੰਧੀਆਂ ਦੀ ਬੇਵਫ਼ਾਈ ਤੇ

---

81. ਅਬਦੁਲ ਗ਼ਫ਼ੂਰ ਕੁਰੈਸ਼ੀ,ਪੰਜਾਬੀ ਜ਼ਬਾਨ ਦਾ ਅਦਬ ਤੇ ਤਵਾਰੀਖ਼,ਪੰਨਾ 216- 21
82. ਡਾ. ਸੁਰਿੰਦਰ ਸਿੰਘ ਕੋਹਲੀ,ਪੰਜਾਬੀ ਸਾਹਿਤ (1701-1850),ਪੰਨਾ 15.
83. DR. Mohan Singh, A History of Punjabi Literature, P. 68.
84. ਭਾਈ ਕਾਨ੍ਹ ਸਿੰਘ ਨਾਭਾ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼,ਪੰਨਾ 78
85. ਉਹੀ
86. ਡਾ. ਬਲਬੀਰ ਸਿੰਘ,ਸ੍ਰੀ ਚਰਣ ਹਰਿ ਵਿਸਥਾਰ,ਜਿਲਦ 1,ਸੈਂਚੀ 1,ਪੰਨਾ 78.

ਰਰਜ਼ ਦੇ ਬੰਧਨ ਆਦਿ ਹੁੰਦੇ ਸਨ। ਇਸ ਧਾਰਾ ਦੇ ਕਵੀਆਂ ਵਿਚ 1850 ਈ. ਤੋਂ ਪੂਰਵ ਸਾਧੂ ਗੁਰੀਬ ਦਾਸ, ਨਿਰਮਲੇ ਸੰਤ ਬੁੱਧ ਸਿੰਘ, ਗੁਲਾਬ ਸਿੰਘ ਅਤੇ 1850 ਤੋਂ ਪਿੱਛੋਂ ਗਿਰਧਰ ਕਵੇ, ਸਾਧੂ ਈਸ਼ੁਰ ਦਾਸ, ਕਿਸ਼ਨ ਸਿੰਘ ਆਰਿਫ਼, ਧਨ ਸਿੰਘ ਅਤੇ ਭਾਈ ਸਾਹਿਬ ਦੇ ਦਾਦਾ ਬਾਬਾ ਕਾਹਨ ਸਿੰਘ, ਪਿਤਾ ਡਾ. ਚਰਨ ਸਿੰਘ ਅਤੇ ਨਾਨਾ ਗਿਆਨੀ ਹਜ਼ਾਰਾ ਸਿੰਘ ਦੇ ਨਾਂ ਪ੍ਰਸਿੱਧ ਸਨ। ਇਨ੍ਹਾਂ ਕਵੀਆਂ ਨੇ ਕਈ ਪ੍ਰਕਾਰ ਦੇ ਛੰਦਾਂ ਤੇ ਕਾਵਿ ਭੇਦਾਂ- ਕੁੰਡਲੀਏ, ਛਪਯ, ਬਾਰਾਮਾਹੇ, ਸੀਹਰਫ਼ੀਆਂ, ਸਤਵਾਰੇ ਆਦਿ ਦੀ ਵਰਤੋਂ ਕੀਤੀ ਸੀ।[87] ਇਨ੍ਹਾਂ ਦੀ ਕਵਿਤਾ ਦੀ ਬੋਲੀ ਵਿਚ ਪੰਜਾਬੀ ਦੇ ਨਾਲ ਬ੍ਰਿਜੀ ਦੇ ਰੰਗ ਦਾ ਜ਼ੋਰ ਹੁੰਦਾ ਸੀ।

<u>ਕਿੱਸਾ- ਕਾਵਿ-</u>

ਉਨ੍ਹੀਵੀਂ ਸ਼ਤਾਬਦੀ ਦੇ ਅੰਤ ਤਕ ਦੇ ਪੰਜਾਬੀ ਕਿੱਸਾ- ਕਾਵਿ ਨੂੰ ਸਮਝਣ ਲਈ ਦੋ ਹਿੱਸਿਆਂ: 1850 ਈ. ਤੋਂ ਪੂਰਵ ਅਤੇ 1850 ਈ. ਤੋਂ 1900 ਤਕ ਵੰਡ ਲੈਣਾ ਉਚਿਤ ਹੈ। ਪੰਜਾਬੀ ਕਿੱਸਾ- ਕਾਵਿ ਦੀ ਪਰੰਪਰਾ ਫ਼ਾਰਸੀ ਮਸਨਵੀਆਂ ਦੇ ਅਸਰ ਹੇਠਾਂ ਸ਼ੁਰੂ ਹੋਈ ਸੀ ਤੇ ਉਨ੍ਹਾਂ ਦੇ ਢਾਂਚੇ ਅਨੁਸਾਰ ਪੰਜਾਬੀ ਜੀਵਨ ਵਿਚੋਂ ਹੀਰ ਰਾਂਝਾ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ ਆਦਿਕ ਨੂੰ ਪੰਜਾਬੀ ਕਿੱਸਾਕਾਰਾਂ ਨੇ ਉਲੀਕਣਾ ਸ਼ੁਰੂ ਕੀਤਾ।[88] 1850 ਈ. ਤਕ ਦੇ ਪ੍ਰਸਿੱਧ ਕਿੱਸਾਕਾਰ— ਦਮੋਦਰ, ਪੀਲੂ, ਹਾਫ਼ਜ਼ ਬਰਖ਼ੁਰਦਾਰ, ਮੁਕਬਲ, ਵਾਰਿਸ, ਹਾਸ਼ਮ, ਕਾਦਰ ਯਾਰ ਅਤੇ ਅਹਮਦਯਾਰ ਸਨ, ਜਿਨ੍ਹਾਂ ਵਿਚੋਂ ਬਹੁਤੇ ਮੁਸਲਮਾਣ ਹੀ ਸਨ। ਉਨ੍ਹਾਂ ਨੇ ਪੰਜਾਬੀ ਪ੍ਰੀਤ- ਕਹਾਣੀਆਂ ਦੇ ਨਾਲ ਹੀ ਸਾਮੀ ਕਹਾਣੀਆਂ ਨੂੰ ਵੀ ਅਭਿਵਿਅਕਤ ਕੀਤਾ ਸੀ। ਪੰਜਾਬੀ ਕਿੱਸਿਆਂ ਦੀ ਪ੍ਰੇਰਨਾ- ਸ਼ਕਤੀ ਭਾਵੇਂ ਫ਼ਾਰਸੀ ਸਾਹਿਤ ਸੀ, ਪਰ ਇਨ੍ਹਾਂ ਰਾਹੀਂ ਪੰਜਾਬੀ ਜੀਵਨ ਤੇ ਸਭਿਆਚਾਰ ਦੀ ਤਸਵੀਰ ਨੂੰ ਵੀ ਅੰਕਿਤ ਕੀਤਾ ਗਇਆ ਸੀ। ਬੋਲੀ ਤੇ ਸ਼ੈਲੀ ਦੇ ਪੱਖੋਂ ਕਿੱਸਾ- ਕਾਵਿ ਉਤੇ ਫ਼ਾਰਸੀ ਦਾ ਪ੍ਰਭਾਵ ਕਾਫ਼ੀ ਸੀ। ਕਿੱਸਿਆਂ ਵਿਚ ਨਾਇਕਾਵਾਂ ਦੀ ਸੁੰਦਰਤਾ ਨੂੰ ਉਲੀਕਦਿਆਂ ਫ਼ਾਰਸੀ ਉਪਮਾਵਾਂ ਤੇ ਰੂਪਕਾਂ ਦੀ ਭਰਮਾਰ ਰੂਪ ਵਿਚ ਵਰਤੋਂ ਕੀਤੀ ਜਾਂਦੀ ਸੀ। ਕਿੱਸਾ- ਕਾਵਿ ਲਈ ਵਰਤੇ ਛੰਦਾਂ ਵਿਚ ਦਵੱਈਆ ਤੇ ਬੈਂਤ ਦੀ ਪ੍ਰਧਾਨਤਾ ਰਹੀ ਸੀ।

1850 ਈ. ਤੋਂ ਉਪਰੰਤ ਅੰਗ੍ਰੇਜ਼ੀ ਰਾਜ ਸ਼ੁਰੂ ਹੋਣ ਨਾਲ ਵੀ ਕਿੱਸਾ- ਕਾਰੀ ਦਾ ਦੌਰ ਗਰਮ ਰਹਿਆ। 1850 ਈ. ਤੋਂ 1900 ਈ. ਤਕ ਦੇ ਸਮੇਂ ਵਿਚ ਪ੍ਰਮੁੱਖ ਕਿੱਸਾਕਾਰ ਫ਼ਜ਼ਲ ਸ਼ਾਹ, ਕਿਸ਼ਨ ਸਿੰਘ ਆਰਿਫ਼, ਭਗਵਾਨ ਸਿੰਘ, ਕਾਹਨ ਸਿੰਘ, ਕਾਲੀ ਦਾਸ ਗੁਜਰਾਂਵਾਲੀਆ, ਦੌਲਤ ਰਾਮ, ਮੁਹੰਮਦ ਬੂਟਾ ਗੁਜਰਾਤੀ, ਮੀਆਂ ਹਦਾਇਤ- ਉਲਾ ਤੇ ਕਿਸ਼ੋਰ ਚੰਦ ਸਨ।[89] ਇਸ ਸਮੇਂ ਦੇ ਕਿੱਸਿਆਂ ਦੇ ਖੇਤਰ ਵਿਚ ਇਕ ਤਬਦੀਲੀ ਇਹ ਆਈ ਕਿ ਮੁਸਲਮਾਣਾਂ ਦੇ ਨਾਲ ਸਿੱਖ ਤੇ ਹਿੰਦੂ ਕਵੀ ਵੀ ਕਿੱਸੇ ਲਿਖਣ ਲਗ ਪਏ ਸਨ। ਕਿੱਸਿਆਂ

---

87. ਭਾਸ਼ਾ ਵਿਭਾਗ, ਪੰਜਾਬ ਸਾਹਿਤ ਦਾ ਇਤਿਹਾਸ, ਜਿਲਦ ਤੀਜੀ, ਪੰਨਾ 60

88. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ (1701- 1850), ਪੰਨਾ- 14

89. ਭਾਸ਼ਾ ਵਿਭਾਗ, ਪੰਜਾਬੀ ਸਾਹਿਤ ਦਾ ਇਤਿਹਾਸ, ਜਿਲਦ ਤੀਜੀ, ਪੰਨਾ 30- 57.

ਵਿਚ ਜਿੱਥੇ ਪੁਰਾਤਨ ਕਿੱਸੇ ਹੀਰ ਰਾਂਝਾ, ਲੈਲਾ ਮਜਨੂੰ,ਸੋਹਣੀ ਮਹੀਂਵਾਲ,ਸੱਸੀ ਪੁੰਨੂੰ ਮੁੜ ਮੁੜ ਲਿਖੇ ਗਏ,ਉਥੇ ਹੁਣ ਪੁਰਾਤਨ ਮਿਥਿਹਾਸ,ਧਾਰਮਿਕ ਇਤਿਹਾਸ,ਲੋਕ- ਕਥਾਵਾਂ ਦੇ ਭੰਡਾਰ ਨੂੰ ਵੀ ਕਿੱਸਿਆਂ ਦੀਆਂ ਕਥਾਵਾਂ ਵਿਚ ਗੁੰਦ ਕੇ ਪੇਸ਼ ਕੀਤਾ ਜਾਣ ਲੱਗਾ। ਇਸ ਪ੍ਰਭਾਵ ਹੇਠ ਨਵੇਂ ਕਿੱਸੇ— ਹਕੀਕਤ ਰਾਏ, ਰੂਪ ਬਸੰਤ,ਰਾਜਾ ਰਸਾਲੂ,ਪ੍ਰਹਲਾਦ ਭਗਤ,ਰਾਜਾ ਹਰੀ ਚੰਦ ਆਦਿਕ ਵੀ ਲਿਖੇ ਗਏ। ਮੁਸਲਮਾਨ ਜਿੱਥੇ 'ਇਸ਼ਕ ਮਿਜ਼ਾਜੀ' ਨੂੰ ਵਧੇਰੇ ਚਿਤਰਦੇ ਸਨ, ਉਥੇ ਹਿੰਦੂ ਸਿੱਖ ਕਿੱਸਾਕਾਰ 'ਇਸ਼ਕ ਹਕੀਕੀ' ਦੇ ਰੰਗ ਤੇ ਜ਼ੋਰ ਦਿੰਦੇ ਸਨ[90]। ਇਸ ਸਮੇਂ ਦੇ ਕਿੱਸਿਆਂ ਵਿਚ ਬੋਲੀ ਦੇ ਪੱਖੋਂ ਇਹ ਪਰਿਵਰਤਨ ਹੋਇਆ ਕਿ ਜਿੱਥੇ ਮੁਸਲਮਾਨ ਕਿੱਸਾਕਾਰ ਪੰਜਾਬੀ ਦੇ ਨਾਲ ਫ਼ਾਰਸੀ ਸ਼ਬਦਾਵਲੀ ਦੀ ਵਧੇਰੇ ਵਰਤੋਂ ਕਰਦੇ ਸਨ,ਉਥੇ ਹਿੰਦੂ ਸਿੱਖ ਕਿੱਸਾਕਾਰ ਠੇਠ ਪੰਜਾਬੀ ਵਰਤਦੇ ਸਨ, ਜਿਸ ਤੇ ਹਿੰਦਵੀ ਦਾ ਕੁਝ ਕੁਝ ਪ੍ਰਭਾਵ ਪਾਇਆ ਹੁੰਦਾ ਸੀ[91]। ਰੂਪਕ ਖੇਤਰ ਵਿਚ ਨਵੇਂ ਛੰਦਾਂ ਦਾ ਪ੍ਰਯੋਗ ਅਤੇ ਅਲੰਕਾਰਕ ਅਡੰਬਰ ਦੇ ਨਾਲ ਲਫ਼ਜ਼ੀ ਕਾਰੀਗਰੀ ਇਨ੍ਹਾਂ ਕਿੱਸਿਆਂ ਵਿਚ ਵਧ ਗਈ ਸੀ। ਹੁਣ ਛੰਦਾਂ ਵਿਚੋਂ ਦੱਵਯੇ ਤੇ ਬੈਂਤ ਦੇ ਨਾਲ ਕਬਿੱਤ,ਕੋਰੜੇ, ਛਪੈ,ਸੋਲਹੇ,ਕੁੰਡਲੀਏ ਤੇ ਦੋਹਰਿਆਂ ਦੀ ਵਰਤੋਂ ਦੇ ਨਾਲ ਸੀਹਰਫ਼ੀਆਂ ਬਾਰਾਂਮਾਹ ਤੇ ਸਤਵਾਰਿਆਂ ਦੇ ਰੂਪ ਨੂੰ ਵੀ ਅਪਣਾਇਆ ਗਇਆ । ਉਸਤਾਦੀ ਸ਼ਾਗਿਰਦੀ ਦਾ ਸਿਲਸਲਾ ਸ਼ੁਰੂ ਹੋਣ ਨਾਲ ਰੂਪਕ ਪਕਿਆਈ ਵਿਚ ਵਾਧਾ ਹੋਇਆ। ਇਨ੍ਹਾਂ ਤਬਦੀਲੀਆਂ ਦੇ ਬਾਵਜੂਦ ਵੀ ਸਵੀਕਾਰ ਕਰਨਾ ਪੈਂਦਾ ਹੈ ਕਿ ਇਸ ਕਾਲ ਵਿਚ ਦਮੋਦਰ,ਵਾਰਿਸ ਤੇ ਹਾਸ਼ਮ ਵਾਲੀਆਂ ਕਾਵਿ ਸਿਖਰਾਂ ਨੂੰ ਨਹੀਂ ਛੋਹਿਆ ਜਾ ਸਕਿਆ। ਇਸ ਦਾ ਮੁੱਖ ਕਾਰਨ ਛਾਪੇਖਾਨੇ ਦਾ ਸ਼ੁਰੂ ਹੋਣਾ ਸੀ ਤੇ ਹਰ ਕਿੱਸਾਕਾਰ ਦਾ ਕਿੱਸਿਆਂ ਦੀ ਰਚਨਾ ਵਿਚ ਗੁਣਾਤਮਿਕ ਪੱਖ ਦੀ ਥਾਂ ਗਿਣਾਤਮਿਕ ਪੱਖ ਨੂੰ ਵਧੇਰੇ ਮੁੱਖ ਰਖਣਾ ਸੀ।

<u>ਬੀਰ- ਰਸੀ ਕਾਵਿ</u> -

<u>ਵਾਰਾਂ— ਜੰਗਨਾਮਿਆਂ— ਪ੍ਰਸੰਗਾਂ ਦੀ ਕਵਿਤਾ—</u>

<u>ਵਾਰਾਂ</u>

ਬੀਰ ਰਸੀ ਕਾਵਿ ਵਾਰਾਂ ਦੇ ਰੂਪ ਵਿਚ ਪੰਜਾਬੀ ਦੇ ਮੁੱਢ ਤੋਂ ਪ੍ਰਾਪਤ ਹੁੰਦਾ ਹੈ।ਪੰਜਾਬ ਦਾ ਭਾਰਤ ਦੀ ਉੱਤਰ ਪਛਮੀ ਸੀਮਾਂ ਤੇ ਸਥਿਤ ਹੋਣ ਕਰਕੇ ਪੰਜਾਬੀਆਂ ਨੂੰ ਬਦੇਸ਼ੀ ਹਮਲਾ-ਆਵਰਾਂ ਨਾਲ ਰਣ-ਭੂਮੀ ਵਿਚ ਸਦਾ ਨਿਤਰਨਾ ਪਇਆ ਹੈ। ਇਸ ਲਈ ਮੁੱਢ ਤੋਂ ਸੂਰਮਿਆਂ ਦੀਆਂ ਵਾਰਾਂ ਗਾਈਆਂ ਜਾਣੀਆਂ ਸੁਭਾਵਿਕ ਹਨ[92]। ਵਾਰ ਵਿਚ ਲੜਾਈ ਤੇ ਬਹਾਦਰੀ ਦੇ ਵਰਣਨ ਵਿਚ ਇਤਿਹਾਸ ਅਤੇ ਮਿਥਿਹਾਸ ਦੀ ਵਰਤੋਂ ਨੇਕੀ ਤੇ ਬਦੀ ਦੀ ਟੱਕਰ,ਪਉੜੀ ਦੇ ਤੋੜੇ ਵਾਂਗੂੰ ਹਰ ਪਉੜੀ ਦਾ ਕਥਾ ਨੂੰ ਅੱਗੇ ਤੋਰਨਾ,ਨਿਸ਼ਾਨੀ ਛੰਦ ਦੇ ਨਾਲ ਸਿਰਖੰਡੀ,ਦੋਹਿਰੇ ਤੇ ਸੋਰਠੇ ਦੀ ਵਰਤੋਂ,ਸ਼ਬਦਾਵਲੀ ਵਿਚ ਕਰੜੇ ਸ਼ਬਦਾਂ ਦੇ ਪ੍ਰਯੋਗ ਰਾਹੀਂ ਜੋਸ਼ ਤੇ ਜੰਗ

---

90. ਭਾਸ਼ਾ ਵਿਭਾਗ,ਪੰਜਾਬੀ ਸਾਹਿਤ ਦਾ ਇਤਿਹਾਸ,ਜਿਲਦ ਤੀਜੀ,ਪੰਨਾ 29

91. ਉਹੀ

92. ਡਾ. ਸੁਰਿੰਦਰ ਸਿੰਘ, ਪੰਜਾਬੀ ਸਾਹਿਤ(1701-1850),ਪੰਨਾ 94-95

ਦਾ ਪ੍ਰਭਾਵ, ਉਨ੍ਹਾਂ ਦੀ ਸਿਫ਼ਤ ਲਈ ਅਤਿ-ਕਥਨੀ ਅਲੰਕਾਰ ਦਾ ਉਪਯੋਗ, ਉਪਮਾ ਅਲੰਕਾਰ ਦੀ ਅਧਿਕ ਵਰਤੋਂ, ਤੁਕਾਂਤ ਤੇ ਕਈ ਥਾਂ ਮੱਧ-ਅਨੁਪ੍ਰਾਸ ਦੇ ਮਿਲਣ ਦੇ ਗੁਣ ਮਿਲਦੇ ਹਨ।[93]

ਪੂਰਬ ਨਾਨਕ-ਕਾਲ ਵਿਚ ਕੇਵਲ ਬੀਰ-ਰਸੀ ਵਾਰਾਂ ਹੀ ਲਿਖੀਆਂ ਮਿਲਦੀਆਂ ਹਨ, ਜਿਨ੍ਹਾਂ ਦੇ ਹਵਾਲੇ ਗੁਰੂ ਗ੍ਰੰਥ ਸਾਹਿਬ ਦੀਆਂ ਨੌ ਵਾਰਾਂ ਤੋਂ ਪ੍ਰਾਪਤ ਹੁੰਦੇ ਹਨ। ਨਾਨਕ-ਕਾਲ ਵਿਚ ਗੁਰੂ ਸਾਹਿਬਾਨ ਅਤੇ ਭਾਈ ਗੁਰਦਾਸ ਜੀ ਨੇ ਵਾਰਾਂ ਨੂੰ ਧਾਰਮਿਕ ਖੇਤਰ ਵਿਚ ਲਿਆ ਕੇ ਚੰਗਿਆਈ ਤੇ ਬੁਰਿਆਈ, ਸੱਚ ਤੇ ਕੂੜ ਦੇ ਘੋਲਾਂ ਦੇ ਉਲੇਖ ਨਾਲ ਸਿੱਧਾਂਤ ਤੇ ਵਿਚਾਰ-ਪ੍ਰਗਟਾਵੇ ਦਾ ਸਾਧਨ ਬਣਾਇਆ। ਇਨ੍ਹਾਂ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰਮਾਣਿਕ 'ਚੰਡੀ ਦੀ ਵਾਰ' ਸਿਰਖੰਡੀ ਛੰਦ ਵਿਚ ਪ੍ਰਾਪਤ ਹੁੰਦੀ ਹੈ। ਇਹ ਪਰੰਪਰਾ ਫਿਰ ਨਜਾਬਤ ਦੀ 'ਵਾਰ ਨਾਦਰ ਸ਼ਾਹ', ਗੁਲਾਮ ਮੁਹੰਮਦ ਦੀ 'ਚੱਠਿਆਂ ਦੀ ਵਾਰ', ਅਗਰੇ ਦੀ ਵਾਰ 'ਹਕੀਕਤ ਰਾਏ' ਵਿਚ ਵਿਕਸਿਤ ਹੋਈ ਮਿਲਦੀ ਹੈ। ਰਣਜੀਤ ਸਿੰਘ-ਕਾਲ ਵਿਚ ਵੀ ਕੁਝ ਵਾਰਾਂ ਲਿਖੀਆਂ ਗਈਆਂ ਸਨ ਪਰ ਅੰਗ੍ਰੇਜ਼ਾਂ ਦੇ ਪੰਜਾਬ ਉਤੇ ਕਬਜ਼ੇ ਉਪਰੰਤ ਵਾਰਾਂ ਦੀ ਰਚਨਾ ਘਟ ਗਈ ਸੀ।

ਜੰਗਨਾਮੇ-

ਫ਼ਾਰਸੀ ਨਾਮਿਆਂ ਦੇ ਆਧਾਰ ਤੇ ਪੰਜਾਬੀ ਵਿਚ ਜੰਗਨਾਮਿਆਂ ਦੀ ਪਰੰਪਰਾ ਵੀ ਮਿਲਦੀ ਹੈ। ਪਹਿਲਾਂ ਮੁਸਲਮਾਨਾਂ ਦੇ ਵਡੇ ਵਡੇਰਿਆਂ ਦੀਆਂ ਧਾਰਮਿਕ ਲੜਾਈਆਂ ਦਾ ਹਾਲ ਜੰਗਨਾਮਿਆਂ ਵਿਚ ਅੰਕਿਤ ਹੁੰਦਾ ਸੀ, ਪਰ ਪਿਛੋਂ ਕਵੀਆਂ ਨੇ ਕਿਸੇ ਵੀ ਲੜਾਈ ਲਈ ਜੰਗਨਾਮਾ ਸ਼ਬਦ ਦੀ ਵਰਤੋਂ ਸ਼ੁਰੂ ਕਰ ਦਿੱਤੀ। ਪੰਜਾਬੀ ਵਿਚ ਸਭ ਤੋਂ ਪਹਿਲਾ 'ਜੰਗਨਾਮਾ ਮੁਕਬਲ' ਮਿਲਦਾ ਹੈ, ਜਿਸ ਵਿਚ ਹਸਨ ਹੁਸੈਨ ਦੀ ਸ਼ਹੀਦੀ ਦਾ ਜ਼ਿਕਰ ਹੈ।[94] ਇਹੋ ਕਥਾ ਫਿਰ ਹਾਮਦ ਦੇ 'ਜੰਗ ਹਾਮਦ' ਵਿਚ ਮਿਲਦੀ ਹੈ। ਇਸ ਤੋਂ ਬਾਅਦ ਇਤਿਹਾਸਕ ਜੰਗਾਂ ਨੂੰ ਜੰਗਨਾਮਿਆਂ ਦੇ ਰੂਪ ਵਿਚ ਕਾਹਨ ਸਿੰਘ ਬੰਗਿਆਂ ਵਾਲੇ ਨੇ 'ਜੰਗ ਨਾਮਾ ਲਾਹੌਰ', ਖਜ਼ਾਨ ਸਿੰਘ ਨੇ 'ਜੰਗ ਨਾਮਾ ਦਿੱਲੀ', ਸ਼ਾਹ ਮੁਹੰਮਦ ਨੇ 'ਅੰਗ੍ਰੇਜ਼ਾਂ ਤੇ ਸਿੰਘਾਂ ਦੀ ਲੜਾਈ' ਤੇ ਮਟਕ ਨੇ 'ਜੰਗ ਸਿੰਘਾਂ ਤੇ ਫ਼ਰੰਗੀਆਂ' ਆਦਿ ਵਿਚ ਉਲੀਕਿਆ ਸੀ।[95]

ਜੰਗਨਾਮਿਆਂ ਵਿਚ ਇਤਿਹਾਸਿਕ ਤੇ ਧਾਰਮਿਕ ਜੰਗਾਂ ਦਾ ਬਿਆਨ ਹੋਣ ਕਰਕੇ ਬੀਰ-ਰਸ, ਦੇਸ਼-ਪਿਆਰ ਦਾ ਜਜ਼ਬਾ ਤੇ ਓਜਮਈ ਰੰਗ ਕਾਫ਼ੀ ਮਿਲਦਾ ਹੈ। ਜੰਗਨਾਮਿਆਂ ਲਈ ਪ੍ਰਧਾਨ ਛੰਦ ਬੈਂਤ ਤੇ ਨਿਸ਼ਾਨੀ ਹੀ ਸਨ। ਇਨ੍ਹਾਂ ਵਿਚ ਇਤਿਹਾਸਿਕ ਤੇ ਮਿਥਿਹਾਸਕ ਹਵਾਲੇ ਆਮ ਦਿੱਤੇ ਜਾਂਦੇ ਸਨ।

ਪ੍ਰਸੰਗ-

ਜੰਗਨਾਮਿਆਂ ਦੇ ਨਾਲ ਹੀ ਇਤਿਹਾਸਿਕ ਘਟਨਾਵਾਂ ਨੂੰ 'ਪ੍ਰਸੰਗਾਂ' ਦੇ ਰੂਪ ਵਿਚ ਢਾਡੀ ਕਵੀਆਂ ਨੇ ਉਲੀਕਿਆ ਹੈ, ਜਿਵੇਂ 'ਚਮਕੌਰ ਦੀ ਜੰਗ', 'ਭਾਈ ਮਨੀ ਸਿੰਘ ਦੀ ਸ਼ਹੀਦੀ', 'ਸਾਹਿਬਜ਼ਾਦਿਆਂ ਦੀ

---

93. ਭਾਸ਼ਾ ਵਿਭਾਗ, ਪੰਜਾਬੀ ਸਾਹਿਤ ਦਾ ਇਤਿਹਾਸ, ਮਧਕਾਲ, ਬੀਰ ਕਾਵਿ, ਪੰਨਾ- 9

94. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ (1701- 1850), ਪੰਨਾ 106

95. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (1701-1850), ਪੰਨਾ- 101-120

ਸ਼ਹੀਦੀ', ਪ੍ਰਸੰਗ ਬਾਬਾ ਦੀਪ ਸਿੰਘ ਆਦਿਕ।[96] ਪ੍ਰਸੰਗ ਢਾਡੀਆਂ ਦੇ ਗਾਉਣ ਦੀ ਵਸਤੂ ਹੈ। ਪ੍ਰਸੰਗਾਂ ਵਿਚ ਪੱਧਰੇ ਸਾਦੇ ਬਿਆਨ ਲਈ ਦੋਹਿਰਾ, ਹੱਲੇ ਦੇ ਬਿਆਨ ਲਈ ਕੋਰੜਾ, ਸਵੱਈਆ ਤੇ ਕਬਿਤ, ਵੰਗਾਰ ਤੇ ਲਲਕਾਰ ਲਈ ਨਿਸ਼ਾਨੀ, ਅਰਦਾਸ ਬੇਨਤੀ ਲਈ ਚੌਪਈ ਅਤੇ ਘਮਸਾਨ ਲਈ ਸਿਰਖੰਡੀ ਦੀ ਵਰਤੋਂ ਕੀਤੀ ਜਾਂਦੀ ਸੀ।[97]

<u>ਲੋਕ ਗੀਤਾਂ ਦੀ ਕਵਿਤਾ–</u>

ਪੰਜਾਬੀ ਲੋਕ- ਗੀਤ ਸਾਡੀ ਰਹਣੀ ਬਹਣੀ, ਹਾਵ- ਭਾਵ, ਰੁੱਤਾਂ- ਤਿਉਹਾਰ, ਜੰਮਣ- ਮਰਣ, ਪੈਲੀਆਂ- ਫਸਲਾਂ, ਮੇਲ- ਵਿਛੋੜੇ, ਹਾਸੇ-ਰੋਸੇ, ਨਾਚ ਤੇ ਤਮਾਸ਼ਿਆਂ ਨਾਲ ਜੁੜੇ ਹੋਏ ਹਨ।[98] ਲੋਕ ਕਵਿਤਾ ਤੀਵੀਆਂ ਤੇ ਮਰਦਾਂ ਦੀ ਵੱਖੋ ਵੱਖ ਹੈ। ਤੀਵੀਆਂ ਦੀ ਕਵਿਤਾ ਵਿਚ ਘੋੜੀਆਂ, ਸੁਹਾਗ, ਕਾਮਣ, ਸਿੱਠਣੀਆਂ, ਢੋਲੇ, ਅਲਾਹੁਣੀਆਂ ਤੇ ਟੱਪੇ ਮਿਲਦੇ ਹਨ। ਮਰਦ ਦੀ ਜਿਨਸ ਵਿਚ ਜੋ ਲੋਕ ਗੀਤ ਮਿਲਦੇ ਹਨ, ਉਹ ਤੀਵੀਆਂ ਦੀ ਕਵਿਤਾ ਨਾਲੋਂ ਭਾਰੀ ਹੁੰਦੇ ਹਨ। ਉਥੇ ਢੋਲਕੀ ਦੀ ਥਾਂ ਢੋਲ ਮੱਲ ਲੈਂਦਾ ਹੈ। ਉਨ੍ਹਾਂ ਦੀ ਕਵਿਤਾ ਵਿਚ ਬਾਘੀ, ਧਮਾਲ, ਧਮਾਕੜਾ, ਭੰਗੜਾ, ਲੁੱਡੀ, ਜਲੀ ਆਦਿ ਦਿਲ ਪਰਚਾਵੇ ਦੇ ਸਮਾਨ ਹਨ। ਇਸ ਦੇ ਨਾਲ ਹੀ ਵੰਝਲੀ ਅਲਗੋਜ਼ਾ, ਤੂੰਬਾ, ਕਾਟੇ, ਸੁਰਾਂ, ਸੱਦਾਂ, ਬੋਲੀਆਂ, ਢੋਲੇ ਤੇ ਢੋਕਾਂ ਅਨੁਸਾਰ ਵੀ ਗੀਤ ਜੋੜ ਲਏ ਜਾਂਦੇ ਹਨ।[99]

ਪੰਜਾਬੀ ਲੋਕ ਗੀਤਾਂ ਦੇ ਵਿਸ਼ੇ ਸਦੀਵੀ ਤੇ ਵਿਆਪਕ ਹਨ। ਸਦੀਆਂ ਤਕ ਅਣਲਿਖੇ ਤੇ ਅਣਸਾਂਭੇ ਰਹਣ ਕਰਕੇ ਅਤੇ ਹਰ ਪ੍ਰਾਣੀ ਦੀ ਮਨ- ਮਰਜ਼ੀ ਦੀ ਵਰਤੋਂ ਕਾਰਨ ਇਨ੍ਹਾਂ ਦਾ ਰੂਪ ਵਟਦਾ ਰਹਿਆ ਹੈ। ਇਸ ਦੇ ਬਾਵਜੂਦ ਵੀ ਸਪਸ਼ਟ ਬਿਆਨ, ਸੰਗੀਤਕ ਵੇਗ, ਸਹਜ ਸੁਭਾਵਿਕ ਲਹਜਾ, ਵੰਨ ਸੁਵੰਨੇ ਛੰਦ-ਤੋਲ ਤੇ ਆਪ ਮੁਹਾਰੇ ਮੂੰਹ ਚੜ੍ਹਨ ਦੀ ਸ਼ਕਤੀ ਇਨ੍ਹਾਂ ਦੀਆਂ ਵਿਸ਼ੇਸ਼ਤਾਈਆਂ ਹਨ। ਲੋਕ- ਗੀਤਾਂ ਦੀ ਹਰਮਨ- ਪ੍ਰਿਯਤਾ ਕਾਰਨ ਹੀ ਗੁਰੂਆਂ, ਸੂਫੀਆਂ ਤੇ ਕਿੱਸਾਕਾਰਾਂ ਨੇ ਇਨ੍ਹਾਂ ਦੀਆਂ ਧੁਨਾਂ ਤੇ ਢਾਂਚਿਆਂ ਨੂੰ ਅਪਣਾਇਆ ਹੈ।

<u>ਛੰਦ- ਬੱਧ ਇਤਿਹਾਸ–</u>

ਪੰਜਾਬੀ ਵਿਚ ਛੰਦ- ਬੱਧ ਇਤਿਹਾਸ ਦੀ ਪਰਿਪਾਟੀ ਨੂੰ ਕਵੀ ਸੰਤੋਖ ਸਿੰਘ(1788-1843) ਨੇ 'ਗੁਰੂ ਨਾਨਕ ਪ੍ਰਕਾਸ਼' (1823) ਅਤੇ 'ਗੁਰ ਪ੍ਰਤਾਪ ਸੂਰਜ ਗ੍ਰੰਥ' (1843)[100] ਅਤੇ ਰਤਨ ਸਿੰਘ ਭੰਗੂ ਨੇ 'ਪੰਥ ਪ੍ਰਕਾਸ਼(1809)[101] ਦੀ ਰਚਨਾ ਰਾਹੀਂ ਸ਼ੁਰੂ ਕੀਤਾ ਸੀ, ਜਿਨ੍ਹਾਂ ਵਿਚ ਸਿੱਖ ਇਤਿਹਾਸ ਦਾ ਸਵਿਸਥਾਰ ਬਿਆਨ ਮਿਲਦਾ ਹੈ। ਇਨ੍ਹਾਂ ਰਚਨਾਵਾਂ ਵਿਚ ਕਾਵਿ ਸੁਹਜਾਤਮਿਕਤਾ ਨਾਲੋਂ ਇਤਿਹਾਸਿਕ ਸਾਮਗ੍ਰੀ ਨੂੰ ਪੇਸ਼ ਕਰਨ ਦੀ ਇੱਛਾ ਵਧੇਰੇ ਦਿਸਦੀ ਹੈ। ਵੈਸੇ ਇਹ ਦੋਵੇਂ ਕਵੀ ਕਾਵਿ ਦੇ ਪੰਡਤ ਅਤੇ ਕਵਿਤਾ ਰਚਣ ਦੇ ਅਲੌਕਿਕ ਸ਼ਕਤੀ ਦੇ ਸੁਆਮੀ ਸਨ। ਇਨ੍ਹਾਂ ਦੀ ਬੋਲੀ ਵਿਚ ਪੰਜਾਬੀ ਨਾਲੋਂ ਬ੍ਰਿਜੀ ਦੇ ਰੰਗ ਦਾ ਜ਼ੋਰ ਸੀ। ਇਹ ਰਚਨਾਵਾਂ ਭਾਈ ਸਾਹਿਬ ਦੇ ਮੁੱਢਲੇ ਅਧਿਐਨ ਦੇ ਘੇਰੇ ਵਿਚ ਸਨ, ਇਸ ਲਈ ਇਨ੍ਹਾਂ

---

96. ਪਰਖ- ਪੜਚੋਲ, ਪੰਜਾਬ ਯੂਨੀਵਰਸਿਟੀ, ਪੰਨਾ 148
97. ਉਹੀ
98. ਪੁਰਾਣਾ ਮਾਖਿਉਂ, ਪੰਜਾਬ ਯੂਨੀਵਰਸਿਟੀ, ਪੰਨਾ- 155
99. ਮੌਲਾ ਬਖਸ਼ ਕੁਸ਼ਤਾ, ਪੰਜਾਬ ਦੇ ਹੀਰੇ, ਭੂਮਿਕਾ
100. ਭਾਈ ਕਾਹਨ ਸਿੰਘ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 187-183
101. ਉਹੀ, ਪੰ। 594-595

ਰਚਨਾਵਾਂ ਦੇ ਕਾਵਿ ਦਾ ਉਨ੍ਹਾਂ ਉਤੇ ਕੁਝ ਅਸਰ ਹੋਣਾ ਸੁਭਾਵਿਕ ਸੀ।

**<u>ਪੱਛਮੀ ਰੋਮਾਂਸਵਾਦ ਤੇ ਉਰਦੂ ਕਵਿਤਾ ਦਾ ਪ੍ਰਭਾਵ —</u>**

ਉਨ੍ਹੀਵੀਂ ਸ਼ਤਾਬਦੀ ਦੇ ਅੰਤ ਵਿਚ ਅੰਗ੍ਰੇਜ਼ੀ ਸਵਛੰਦਤਾ-ਵਾਦ ਦਾ ਪ੍ਰਭਾਵ ਭਾਰਤੀ ਕਵਿਤਾ ਉਤੇ ਪੱਛਮੀ ਵਿਦਿਆ ਰਾਹੀਂ ਪੈ ਰਹਿਆ ਸੀ। ਰੋਮਾਂਸਵਾਦ ਨੇ ਅੰਗ੍ਰੇਜ਼ੀ ਗੀਤ ਕਾਵਿ ਵਿਚ ਇਕ ਨਵਾਂ ਦੁਆਰ ਖੋਲ੍ਹਿਆ ਸੀ। ਅਨੁਭੂਤੀ ਦੀ ਸੱਚਾਈ ਅਤੇ ਤੀਬਰਤਾ ਨੂੰ ਹੀ ਕਵਿਤਾ ਦਾ ਪ੍ਰਾਣ ਮੰਨ ਲੈਣ ਵਾਲੇ ਵਰਡਜ਼ਵਰਥ, ਕੀਟਸ, ਸ਼ੈਲੇ ਤੇ ਬਾਇਰਨ ਦਾ ਸਵਰ ਅੱਜ ਵੀ ਆਪਣੀ ਸੰਗੀਤਾਤਮਿਕਤਾ ਵਿਚ ਅਮਰ ਹੈ।

ਪੰਜਾਬ ਵਿਚ ਅੰਗ੍ਰੇਜ਼ੀ ਰੋਮਾਂਸਵਾਦ ਦੀਆਂ ਕਾਵਿ ਪ੍ਰਵਿਰਤੀਆਂ ਦਾ ਅਸਰ ਪਹਿਲਾਂ ਉਰਦੂ ਕਵਿਤਾ ਤੇ ਹੋਇਆ, ਕਿਉਂਕਿ ਉਰਦੂ ਉਸ ਸਮੇਂ ਸਰਕਾਰੀ ਭਾਸ਼ਾ ਹੋਣ ਕਰਕੇ ਤੇਜ਼ੀ ਨਾਲ ਪ੍ਰਫੁੱਲਤ ਹੋ ਰਹੀ ਸੀ। 1857 ਈ. ਦੇ ਗ਼ਦਰ ਤੋਂ ਬਾਅਦ ਹਾਲੀ ਨੂੰ ਪੰਜਾਬ ਦੇ ਵਿਦਿਆ ਵਿਭਾਗ ਦੇ ਸ਼ੁਰੂ ਹੋਣ ਨਾਲ ਗੌਰਮਿੰਟ ਬੁੱਕ ਡਿਪੋ, ਲਾਹੌਰ ਵਿਚ ਨੌਕਰੀ ਮਿਲ ਗਈ, ਜਿਥੇ ਉਨ੍ਹਾਂ ਦਾ ਕੰਮ ਅੰਗ੍ਰੇਜ਼ੀ ਤੋਂ ਉਰਦੂ ਵਿਚ ਉਲੱਥਾ ਕੀਤੀਆਂ ਪੁਸਤਕਾਂ ਦੀ ਇਬਾਰਤ ਨੂੰ ਬਾਮੁਹਾਵਰਾ ਅਤੇ ਰੋਜ਼ ਮੱਰ੍ਹਾ ਦੇ ਮੁਆਫ਼ਕ ਠੀਕ ਕਰਨ ਦਾ ਸੀ।[102] ਇਸ ਕੰਮ ਰਾਹੀਂ ਅੰਗ੍ਰੇਜ਼ੀ ਵਿਚਾਰ ਤੇ ਅਭਿਵਿਅਕਤੀ ਦੇ ਸਾਧਨਾਂ ਨੇ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਕੀਤਾ। ਇਸੇ ਪ੍ਰਭਾਵ ਹੇਠ ਉਨ੍ਹਾਂ ਨੇ ਉਰਦੂ ਕਵਿਤਾ ਨੂੰ ਆਪਣੀ ਪਹਿਲੀ ਕਿਰਤ 'ਮਸਦਸਿ ਹਾਲੀ' ਵਿਚ ਨਵੇਂ ਢੰਗ ਦੇ ਅਨੁਸਾਰ ਢਾਲਣ ਦਾ ਯਤਨ ਕੀਤਾ।[103] ਇਸ ਦੇ ਨਾਲ ਹੀ ਮਈ, 1874 ਵਿਚ ਮੌਲਾਨਾ ਮੁਹੰਮਦ ਹੁਸੈਨ 'ਆਜ਼ਾਦ' ਨੇ ਹਾਲੀ, ਰਾਇ ਸਾਹਿਬ ਮੁਨਸ਼ੀ ਪਿਆਰੇ ਲਾਲ, ਪੰਡਤ ਮਨਫੂਲ ਚੰਦ ਅਤੇ ਮੌਲਵੀ ਕਰੀਮੁਦੀਨ ਦੇ ਸਹਯੋਗ ਨਾਲ ਉਰਦੂ ਦੀ 'ਅੰਜਮਨਿ ਪੰਜਾਬ' ਨੂੰ ਸ਼ੁਰੂ ਕੀਤਾ।[104]

ਨਵੇਂ ਪ੍ਰਭਾਵਾਂ ਹੇਠ ਉਰਦੂ ਕਵੀਆਂ ਨੇ ਅਨੁਭਵ ਕੀਤਾ ਕਿ ਫ਼ਜ਼ੂਲ ਤੇ ਵਾਧੂ ਤਸ਼ਬੀਹਾਂ, ਇਸਤਿਆਰਿਆਂ ਅਤੇ ਲਫ਼ਜ਼ੀ ਅਡੰਬਰਾਂ ਨੂੰ ਖ਼ਤਮ ਕਰਨਾ ਜ਼ਰੂਰੀ ਹੈ। ਨਵੇਂ ਵਿਸ਼ਿਆਂ ਲਈ ਪੁਰਾਣੇ ਮਸਨਵੀ ਅਤੇ ਮਸਦਸ ਦੇ ਰੂਪਾਂ ਦੀ ਥਾਂ ਗ਼ਜ਼ਲ, ਰੁਬਾਈ ਅਤੇ ਕਿਤੇ ਦੇ ਕਾਵਿ- ਰੂਪਾਂ ਨੂੰ ਅਪਣਾਇਆ ਗਇਆ। 'ਨੈਚਰਲ ਸ਼ਾਇਰੀ' ਦੀ ਨਵੀਂ ਪ੍ਰਥਾ ਦੇ ਨਾਲ ਦਾਰਸ਼ਨਿਕ, ਰਿਆਨੀਆ, ਇਤਿਹਾਸਿਕ, ਨੈਤਿਕ ਤੇ ਰਾਜਸੀ ਪੱਖਾਂ ਨੂੰ ਵੀ ਕਾਵਿ ਵਿਚ ਸਥਾਨ ਦਿੱਤਾ ਜਾਣ ਲੱਗਾ। ਫਿਰ ਨਾਲ ਹੀ ਉਰਦੂ ਦੇ ਪ੍ਰਚਾਰ ਲਈ ਮੌਲਾਨਾ ਮੁਹੰਮਦ ਹੁਸੈਨ 'ਆਜ਼ਾਦ' ਨੇ 1874 ਈ. ਵਿਚ ਲਾਹੌਰ ਵਿਖੇ ਉਰਦੂ ਮੁਸ਼ਾਇਰਿਆਂ ਨੂੰ ਸ਼ੁਰੂ ਕੀਤਾ।[105]

---

102. ਸ਼ਮੀਮੇ ਅਦਬ, ਸੰਪਾਦਕ ਤਲੋਕ ਚੰਦ ਮਹਰੂਮ, ਪੰਨਾ- 197-198

103. ਰਾਮ ਬਾਬੂ ਸਕਸੈਨਾ, ਤਵਾਰੀਖ਼ ਉਰਦੂ ਅਦਬ, ਪੰਨਾ 410

104. ਰਾਮ ਬਾਬੂ ਸਕਸੈਨਾ, ਤਵਾਰੀਖ ਉਰਦੂ ਅਦਬ, ਪੰਨਾ 417

105. ਉਹੀ

ਉਰਦੂ ਦੇ ਨਵੇਂ ਪ੍ਰਭਾਵਾਂ ਦੇ ਪ੍ਰਤਿਕਰਮ ਵਜੋਂ ਪਹਲਾਂ ਪੰਜਾਬੀ ਵਿਚ ਕਵੀ ਦਰਬਾਰਾਂ ਦੀ ਪਰੰਪਰਾ ਸ਼ੁਰੂ ਹੋਈ। ਪੰਜਾਬੀ ਵਿਚ ਬੈਂਤ-ਬਾਜ਼ੀ ਦਾ ਰਿਵਾਜ ਪੁਰਾਣਾ ਸੀ ਤੇ ਕਵੀ ਮੇਲਿਆਂ ਦੇ ਮੌਕਿਆਂ ਤੇ ਸੁਰੀਲੀ ਆਵਾਜ਼ ਨਾਲ ਬੈਂਤ ਸੁਣਾਇਆ ਕਰਦੇ ਸਨ। ਅਜੇਹੇ ਮੇਲੇ ਚਿੰਤਪੁਰਨੀ(ਹੁਸ਼ਿਆਰਪੁਰ),ਕਾਸਤੀਵਾਲ(ਗੁਰਦਾਸਪੁਰ),ਅਚੱਲ ਵਟਾਲੇ,ਮੁਕਤਸਰ,ਛਪਾਰ(ਲੁਧਿਆਣਾ),ਚਵਿੰਡਾ ਦੇਵੀ ਆਦਿਕ ਥਾਵਾਂ ਉਤੇ ਲਗਦੇ ਸਨ।[106] ਹੁਣ ਕਵੀ ਦਰਬਾਰਾਂ ਦੀ ਪਰੰਪਰਾ ਸ਼ੁਰੂ ਹੋਣ ਨਾਲ ਲਾਹੌਰ ਜਾਂ ਨੇੜੇ ਤੇੜੇ ਰਹਿਣ ਵਾਲੇ ਕਵੀਆਂ ਵਿਚ ਉਸਤਾਦੀ ਸ਼ਾਗਿਰਦੀ ਦਾ ਸਿਲਸਿਲਾ ਸ਼ੁਰੂ ਹੋ ਗਇਆ। ਫ਼ਰੀਦੁ-ਦੀਨ ਮੁਜੰਗੀ,ਬਦਲ ਅਤੇ ਪਿਆਰੇ ਸਾਹਿਬ ਤਿੰਨ ਉਸਤਾਦਾਂ ਦੇ ਸਕੂਲਾਂ ਦਾ ਪਤਾ ਲਗਦਾ ਹੈ। ਫ਼ਰੀਦੁ-ਦੀਨ ਦੇ ਸਕੂਲ ਨਾਲ ਪਿਆਰੇ ਸਾਹਿਬ,ਹਦਾਇਤ-ਉੱਲਾ, ਲਾਹੌਰਾ ਸਿੰਘ,ਹਕੀਮ ਆਗ਼ਾ ਅਲੀ ਖ਼ਾਂ,ਹਕੀਮ ਗਾਮੂੰ ਖ਼ਾਂ,ਅਗੋਂ ਪਿਆਰੇ ਸਾਹਿਬ ਦੇ ਸਕੂਲ ਨਾਲ ਸ਼ਾਦੀ, ਹਮਦਮ,ਘੌਲਾ ਦਿੱਤਾ,ਫ਼ਰਕ ਆਦਿਕ ਸੰਬੰਧਿਤ ਰਹੇ। ਬਾਬਾ ਸਾਦਿਕ ਦਾ ਵੀ ਇਕ ਸਕੂਲ ਸੀ। ਇਨ੍ਹਾਂ ਵਿਚ ਉਸਤਾਦ ਤੇ ਸ਼ਾਗਿਰਦ ਅਤੇ ਅਗੋਂ ਸ਼ਾਗਿਰਦ ਦੇ ਸ਼ਾਗਿਰਦ ਦਾ ਸਿਲਸਿਲਾ ਜਾਰੀ ਰਹਿੰਦਾ ਸੀ।[107] ਅਜੇਹੇ ਮੁਸ਼ਾਹਿਰੇ ਆਮ ਕਰਕੇ ਭਟੀ ਦਰਵਾਜ਼ੇ,ਮਤੀ ਦੇ ਚੌਕ ਜਾਂ ਮੋਚੀ ਦਰਵਾਜ਼ੇ ਲਾਹੌਰ ਅਤੇ ਤਾਲਾਬ ਦੁਰਗਿਆਣਾ,ਰਾਮ ਤਲਾਈ ਅਤੇ ਕਿਲ੍ਹੇ ਦੀ ਪਰੇਡ ਅੰਮ੍ਰਿਤਸਰ ਵਿਚ ਹੁੰਦੇ ਸਨ।[108]

ਇਸ ਸਿਲਸਿਲੇ ਦਾ ਪ੍ਰਤਿਕਰਮ ਇਹ ਹੋਇਆ ਕਿ ਕਵਿਤਾ ਦੀ ਰੂਪਕ ਸੁਧਾਈ ਵੱਲ ਕਾਫ਼ੀ ਧਿਆਨ ਦਿੱਤਾ ਗਇਆ। ਕਵੀਆਂ ਦੇ ਸਾਥ ਵਿਚ ਪੜ੍ਹ ਕੇ ਸੁਣਾਉਣ ਦੇ ਖ਼ਿਆਲ ਨਾਲ ਛੋਟੀਆਂ ਕਵਿਤਾਵਾਂ ਵਧੇਰੇ ਲਿਖੀਆਂ ਜਾਣ ਲੱਗੀਆਂ। ਛੋਟੀਆਂ ਕਵਿਤਾਵਾਂ ਲਿਖਣ ਲਈ ਪੁਰਾਣੇ ਕਾਵਿ ਰੂਪਾਂ ਵਿਚੋਂ ਸੀਹਰਫ਼ੀਆਂ, ਬਾਰਾਂਮਾਹਿਆਂ ਦੇ ਨਾਲ ਕਹਿ-ਮੁਕਰਨੀਆਂ,ਬੁਝਾਰਤਾਂ,ਗ਼ਜ਼ਲਾਂ,ਰੁਬਾਈਆਂ ਵੀ ਲਿਖੀਆਂ ਗਈਆਂ। ਇਸ ਤਰ੍ਹਾਂ ਦੀ ਕਵਿਤਾ ਵਿਚ ਕਈ ਵੇਰਾਂ ਕਵਿਤਾ ਦਾ ਉੱਤਰ ਮੌਕੇ ਉਤੇ ਕਵਿਤਾ ਵਿਚ ਮੰਗਿਆ ਜਾਂਦਾ ਸੀ। ਵੈਸੇ ਇਨ੍ਹਾਂ ਮੁਸ਼ਾਹਿਰਿਆਂ ਦੀ ਕਵਿਤਾ ਜ਼ਿਆਦਾ ਰਵਾਇਤੀ ਇਸ਼ਕ ਦੀ ਹੁੰਦੀ ਸੀ। ਇਸ ਕਵਿਤਾ ਦਾ ਵਿਸ਼ੇਸ਼ ਸਾਹਿਤਿਕ ਸਰੂਪ ਕੁਸ਼ਤਾ ਜੀ ਦੇ 'ਦੀਵਾਨੇ-ਕੁਸ਼ਤਾ' (1903) ਨਾਲ ਉਘੜਦਾ ਹੈ, ਜਿਸ ਵਿਚ ਗ਼ਜ਼ਲਾਂ ਦੇ ਨਾਲ ਕੁਝ ਛੋਟੀਆਂ ਕਵਿਤਾਵਾਂ ਵੀ ਪ੍ਰਕਾਸ਼ਿਤ ਮਿਲਦੀਆਂ ਹਨ।

ਇਸ ਤਰ੍ਹਾਂ ਦਾ ਕਾਵਿ ਵੇਗ ਹਿੰਦੂ ਤੇ ਸਿੱਖ ਕਵੀਆਂ ਵਿਚ ਕਾਵਿ-ਮਹਫ਼ਲਾਂ ਦੇ ਰੂਪ ਵਿਚ ਪ੍ਰਚਲਤ ਹੁੰਦਾ ਰਹਿਆ,ਕਿਉਂਕਿ ਮੁੱਢ ਵਿਚ ਸਿੱਖ ਤੇ ਹਿੰਦੂ ਕਵੀ ਮੁਸ਼ਾਹਿਰਿਆਂ ਵਿਚ ਹਿੱਸਾ ਲੈਣਾ ਚੰਗਾ ਨਹੀਂ ਸਮਝਦੇ ਸਨ। ਇਨ੍ਹਾਂ ਮਹਫ਼ਲਾਂ ਦੀ ਕਵਿਤਾ ਨਿਰੋਲ ਇਸ਼ਕੀਆ ਹੋਣ ਦੀ ਥਾਂ ਅਧਿਆਤਮਿਕ ਤੇ ਸਦਾਚਾਰਕ ਪ੍ਰਕਾਰ ਦੀ ਹੁੰਦੀ ਸੀ। ਅਜੇਹੀਆਂ ਮਹਫ਼ਲਾਂ ਦਾ ਸਭ ਥਾਂ ਹੋਣਾ ਸੁਭਾਵਿਕ ਸੀ। ਅੰਮ੍ਰਿਤਸਰ ਵਿਚ, ਇਨ੍ਹਾਂ ਕਾਵਿ-ਮਹਫ਼ਲਾਂ ਵਿਚ ਹਿੱਸਾ ਲੈਣ ਵਾਲਿਆਂ ਵਿਚ ਡਾ. ਚਰਨ ਸਿੰਘ,ਈਸ਼ਰ ਸਿੰਘ,ਪੰਡਤ ਲੋਕ ਨਾਥ, ਕਿਸ਼ਨ ਸਿੰਘ ਆਰਿਫ਼ ਦੇ ਨਾਂ ਪ੍ਰਸਿੱਧ ਸਨ।[109] ਇਹ ਕਵੀ ਮਾਮੂਲੀ ਤੋਂ ਮਾਮੂਲੀ ਗੱਲ ਨੂੰ ਵੀ ਛੰਦ ਵਿਚ ਬੰਨ੍ਹ

---

106. ਮੌਲਾਬਖ਼ਸ਼ ਕੁਸ਼ਤਾ,ਪੰਜਾਬ ਦੇ ਹੀਰੇ,ਪੰਨਾ 14
107. ਉਹੀ,ਪੰਨਾ 49-51
108. ਭਾਸ਼ਾ ਵਿਭਾਗ,ਪੰਜਾਬੀ ਸਾਹਿਤ ਦਾ ਇਤਿਹਾਸ,ਤੀਜੀ ਜਿਲਦ,ਪੰਨਾ 80
109. ਡਾ. ਬਲਬੀਰ ਸਿੰਘ,ਸ੍ਰੀ ਚਰਣ ਹਰਿ ਵਿਸਥਾਰ,ਜਿਲਦ 1,ਸੈਂਚੀ 2,ਪੰਨਾ 47-57.

ਦਿੰਦੇ ਸਨ ਅਤੇ ਸਮੱਸਿਆ ਦੀ ਕਵਿਤਾ ਲਿਖਣ ਵਿਚ ਨਿਪੁੰਨ ਹੁੰਦੇ ਸਨ। ਅਜੇਹੇ ਮੁਕਾਬਲਿਆਂ ਵਿਚ ਦੋਹੇ, ਕਬਿੱਤ, ਛਪਯ, ਕੁੰਡਲੀਏ, ਪਤਲਾਂ, ਜੰਙਾਂ, ਚਰਖੇ ਆਦਿਕ ਆਮ ਰਚੇ ਜਾਂਦੇ ਸਨ। ਲੋਕੋਕਤੀਆਂ ਤੇ ਬੁਝਾਰਤਾਂ ਵੀ ਕਵਿਤਿਆਈਆਂ ਜਾਂਦੀਆਂ ਸਨ। ਇਨ੍ਹਾਂ ਮਜਲਸਾਂ ਦੀ ਪੰਜਾਬੀ ਕਵਿਤਾ ਤੇ ਬ੍ਰਜੀ ਦਾ ਰੰਗ ਕਾਫ਼ੀ ਚੜ੍ਹਿਆ ਹੁੰਦਾ ਸੀ।[110] ਭਾਈ ਸਾਹਿਬ ਨੂੰ ਅਜੇਹੀਆਂ ਕਾਵਿ- ਮਹਫ਼ਲਾਂ, ਨੂੰ ਬਚਪਨ ਵਿਚ ਹੀ ਘਰ ਵਿਚ ਨੇੜੇ ਵੇਖਣ ਦਾ ਅਵਸਰ ਮਿਲਦਾ ਰਹਿਆ ਸੀ।

ਇਸੇ ਸਮੇਂ ਉਰਦੂ ਕਵਿਤਾ ਦੇ ਨਵੇਂ ਪ੍ਰਭਾਵਾਂ ਵਜੋਂ ਫੁਟਕਲ ਰੂਪਾਂ ਤੇ ਵੱਖ ਵੱਖ ਸਿਰਲੇਖਾਂ ਹੇਠ ਕਵਿਤਾਵਾਂ ਲਿਖਣ ਦਾ ਰਿਵਾਜ ਵੀ ਸ਼ੁਰੂ ਹੋਇਆ। ਖਾਸ ਕਰਕੇ ਸਿੰਘ ਸਭਾਵਾਂ ਦੇ ਦੀਵਾਨਾਂ ਤੇ ਗੁਰਪੁਰਬਾਂ ਦੇ ਅਵਸਰ ਉਤੇ ਜੋ ਕਵੀ ਦਰਬਾਰ ਹੋਣ ਲੱਗੇ, ਉਨ੍ਹਾਂ ਵਿਚ ਫੁਟਕਲ ਕਵਿਤਾਵਾਂ ਅਤੇ ਸਮੱਸਿਆ ਪੂਰਤੀ ਦੀਆਂ ਕਵਿਤਾਵਾਂ ਕਾਫ਼ੀ ਪ੍ਰਚਲਿਤ ਹੋਈਆਂ ਅਤੇ ਪੁਰਾਣੇ ਰੂਪ ਬਾਰਾਂਮਾਹ ਤੇ ਸੀਹਰਫ਼ੀਆਂ ਆਦਿਕ ਵਾਲੇ ਛੱਡੇ ਜਾਣ ਲੱਗੇ।

ਨਵੇਂ ਕਿਸਮ ਦੀ ਛੋਟੀ ਕਵਿਤਾ ਨੂੰ ਸ਼ੁਰੂ ਕਰਨ ਵਿਚ ਇਸ ਸਮੇਂ ਸ਼ੁਰੂ ਹੋਏ ਪੰਜਾਬੀ ਅਖ਼ਬਾਰਾਂ ਨੇ ਵੀ ਬੜੀ ਸਹਾਇਤਾ ਕੀਤੀ। ਇਨ੍ਹਾਂ ਅਖ਼ਬਾਰਾਂ ਵਿਚ ਸਿੱਖ ਧਰਮ, ਸਿੱਖ ਇਤਿਹਾਸ ਦੇ ਪ੍ਰਚਾਰ ਲਈ ਅਤੇ ਸਿੱਖਾਂ ਦੀਆਂ ਉਸ ਵੇਲੇ ਦੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਪੰਜਾਬੀ ਕਵਿਤਾ ਨੂੰ ਹਥਿਆਰ ਬਣਾਇਆ ਗਇਆ। ਗਿਆਨੀ ਦਿੱਤ ਸਿੰਘ ਜੀ ਨੇ ਵਿਸ਼ੇਸ਼ ਤੌਰ ਤੇ ਇਸ ਪਾਸੇ ਵਲ ਸਹਯੋਗ ਦਿੱਤਾ ਅਤੇ ਉਨ੍ਹਾਂ ਨੇ ਚਲਦਿਆਂ ਮੁਆਮਲਿਆਂ ਸੰਬੰਧੀ ਛੋਟੀਆਂ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ। ਉਨ੍ਹਾਂ ਨੇ ਆਪਣੀ ਕਵਿਤਾ ਵਿਚ ਵਧੇਰੇ ਦੋਹਿਰਾ, ਚੌਪਈ, ਦਵੱਯੇ ਛੰਦ ਦੀ ਵਰਤੋਂ ਹੀ ਕੀਤੀ ਸੀ। ਉਨ੍ਹਾਂ ਦੀ ਕਵਿਤਾ ਵਿਚ ਸੁਹਜ- ਸੁਆਦ ਨਾਲੋਂ ਪ੍ਰਚਾਰ ਵਧੇਰੇ ਹੁੰਦਾ ਸੀ, ਪਰ ਉਨ੍ਹਾਂ ਨੇ ਇਤਨਾ ਮਾਰਗ ਜ਼ਰੂਰ ਦੱਸਿਆ ਕਿ ਕਵਿਤਾ ਸਮਾਜ- ਸੁਧਾਰ, ਮਾਨਵਤਾ ਨੂੰ ਉਚਾ ਚੁਕਣ ਤੇ ਲਹਰਾਂ ਨੂੰ ਅੱਗੇ ਲੈ ਜਾਣ ਵਿਚ ਸਹਾਈ ਹੋ ਸਕਦੀ ਹੈ।[111]

ਇਸ ਦੇ ਨਾਲ ਹੀ ਜੋ ਪੰਜਾਬੀ ਦੇ ਕਵੀ ਅੰਗ੍ਰੇਜ਼ੀ ਵਿਦਿਅਕ ਪ੍ਰਣਾਲੀ ਰਾਹੀਂ ਸਿਖਿਤ ਹੋਏ ਸਨ, ਉਨ੍ਹਾਂ ਵਿਚ ਕਲਾ ਚੇਤੰਨਤਾ ਦਾ ਗੁਣ ਪ੍ਰਵੇਸ਼ ਕਰ ਰਹਿਆ ਸੀ। ਛੋਟੀ ਕਵਿਤਾ ਨੂੰ ਸਰੋਦੀ ਢੰਗ ਨਾਲ ਬਿਆਨ ਕਰਨਾ, ਉਸ ਵਿਚ ਕੁਦਰਤ ਦਾ ਅੰਸ਼ ਲਿਆਉਣਾ, ਭਾਵੁਕ ਇਕਸੁਰਤਾ ਦੇ ਨਾਲ ਨਾਲ ਵਿਚਾਰ ਪੱਧਰ ਨੂੰ ਖਾਸ ਮਿਆਰ ਤੇ ਰੱਖਣਾ, ਰੋਮਾਂਸ, ਤਾਂਘ, ਪ੍ਰੇਮ, ਨਿਜੀ ਛੋਹਾਂ, ਸਮਾਜਿਕ ਤੇ ਸਦਾਚਾਰਕ ਉਚਤਾ ਦੀ ਪੇਰਨਾ, ਨਵੇਂ ਛੰਦਾਂ ਦੇ ਕਲਾਮਈ ਪ੍ਰਯੋਗ ਦੇ ਗੁਣਾਂ ਨੂੰ ਨਵੀਂ ਕਵਿਤਾ ਵਿਚ ਲਿਆਉਣ ਲਈ ਚੇਤੰਨਤਾ ਪੱਛਮੀ ਪ੍ਰਭਾਵਾਂ ਹੇਠ ਉਜਾਗਰ ਹੋ ਰਹੀ ਸੀ।[112]

---

110. ਡਾ. ਬਲਬੀਰ ਸਿੰਘ, ਸ਼੍ਰੀ ਚਰਣ ਹਰਿ ਵਿਸਥਾਰ, ਜਿਲਦ 1, ਸੈਂਚੀ 2, ਪੰਨਾ- 47-57

111. ਪਿਆਰਾ ਸਿੰਘ ਭੋਗਲ, ਪੰਜਾਬੀ ਕਵਿਤਾ ਦੇ ਸੌ ਸਾਲ, ਪੰਨਾ- 158

112. ਭਾਸ਼ਾ ਵਿਭਾਗ, ਆਧੁਨਿਕ ਪੰਜਾਬੀ ਸਾਹਿਤ, ਤੀਜੀ ਜਿਲਦ, ਪੰਨਾ- 29.

ਇਵੇਂ ਉਨ੍ਹੀਵੀਂ ਸ਼ਤਾਬਦੀ ਦੇ ਅੰਤ ਦੇ ਅੰਦੋਲਿਤ ਵਾਤਾਵਰਣ ਵਿਚ ਪੰਜਾਬੀ ਕਾਵਿ ਦੀ ਨਵੀਨ ਪਰੰਪਰਾ ਦਾ ਮੁੱਢ ਬੱਝਣਾ ਸ਼ੁਰੂ ਹੋ ਗਇਆ ਸੀ। ਅਨੇਕ ਕੁਰੀਤੀਆਂ ਤੇ ਸਮਾਜਿਕ ਕੁਰੀਤੀਆਂ ਦੇ ਸੁਧਾਰ ਦੇ ਯਤਨ ਵੀ ਕਾਵਿ ਰਾਹੀਂ ਆਰੰਭ ਹੋ ਚੁੱਕੇ ਸਨ। ਰਾਸ਼ਟਰੀ ਪ੍ਰੇਰਨਾ ਦੇ ਲਈ ਪ੍ਰਾਚੀਨ ਆਦਰਸ਼ਾਂ ਨੂੰ ਸਨਮੁਖ ਲਿਆਉਣ ਦੇ ਯਤਨ ਸ਼ੁਰੂ ਹੋ ਰਹੇ ਸਨ।

<u>ਸਾਰ:-</u>

ਸੰਖੇਪ ਵਿਚ 19ਵੀਂ ਸ਼ਤਾਬਦੀ ਦੇ ਅੰਤ ਤਕ ਦੀ ਪੰਜਾਬੀ ਕਵਿਤਾ ਤੇ ਇਕ ਝਾਤ ਪਾਉਣ ਤੋਂ ਉਪਰੰਤ ਕਹਿਆ ਜਾ ਸਕਦਾ ਹੈ ਕਿ ਪੰਜਾਬੀ ਦੇ ਮਧ-ਕਾਲੀਨ ਕਾਲ ਵਿਚ ਆਦਿ ਗ੍ਰੰਥ ਦੀ ਅਧਿਆਤਮਿਕ ਤੇ ਰਹੱਸਵਾਦੀ ਕਾਵਿ ਪਰੰਪਰਾ ਸਭ ਤੋਂ ਪ੍ਰਬਲ ਤੇ ਸੰਪੂਰਣ ਕਾਵਿ ਪਰੰਪਰਾ ਸੀ। ਇਸ ਦਾ ਗੌਰਵ ਪੰਜਾਬੀ ਲਈ ਹੀ ਨਹੀਂ ਸੀ, ਸਗੋਂ ਇਹ ਵਿਸ਼ਵ ਕਾਵਿ ਨੂੰ ਵੀ ਇਕ ਅਦੁੱਤੀ ਦੇਣ ਸੀ। ਇਸ ਦੇ ਨਾਲ ਹੀ ਸੂਫ਼ੀ ਕਾਵਿ, ਕਿੱਸਾ ਕਾਵਿ, ਬੀਰ-ਰਸੀ ਕਾਵਿ ਤੇ ਲੋਕ- ਗੀਤਾਂ ਦੇ ਕਾਵਿ ਦੀਆਂ ਵਿਭਿੰਨ ਪ੍ਰਣਾਲੀਆਂ ਵੀ ਆਪਣੇ ਪੂਰੇ ਜੋਬਨ ਤੇ ਨਿਖਰ ਚੁੱਕੀਆਂ ਸਨ।

1850 ਈ. ਤੋਂ ਬਾਅਦ ਅੰਗ੍ਰੇਜ਼ੀ ਸਾਮਰਾਜ ਦੇ ਸਥਾਪਤ ਹੋਣ ਨਾਲ ਮੱਧ- ਕਾਲੀਨ ਪੰਜਾਬੀ ਕਾਵਿ ਦੀਆਂ ਇਹ ਸਾਰੀਆਂ ਧਾਰਾਵਾਂ ਵਿਚਰਦੀਆਂ ਤਾਂ ਰਹਿੰਦੀਆਂ ਹਨ, ਪਰ ਨਿਰਜਿੰਦ ਰੂਪ ਵਿਚ। ਇਸ ਸਮੇਂ ਦੇ ਕਾਵਿ ਵਿਚ ਵਿਸ਼ਾਦ, ਵਿਲਾਸ ਤੇ ਉਦਾਸੀਨਤਾ ਦਾ ਰੰਗ ਕੁਝ ਗੂੜ੍ਹਾ ਹੋ ਜਾਂਦਾ ਹੈ। ਇਸ ਕਾਲ ਵਿਚ ਕਾਵਿ ਪਰੰਪਰਾ ਮਨੋਰੰਜਨ, ਸ਼ਬਦ ਕਲੋਲ, ਬਹੁ- ਵਿਸਤਾਰ ਤੇ ਗ਼ੈਰ ਜ਼ਰੂਰੀ ਮਨੋਰਥਾਂ ਦੀ ਜਿਲ੍ਹਣ ਵਿਚ ਖੁਭ ਜਾਂਦੀ ਹੈ। ਪਰ ਜਿਵੇਂ ਰਾਤ ਤੋਂ ਬਾਅਦ ਪ੍ਰਭਾਤ ਆਉਂਦੀ ਹੈ, ਉਸੇ ਤਰ੍ਹਾਂ ਇਸ ਨਿਘਰ ਚੁੱਕੀ ਪੰਜਾਬੀ ਕਵਿਤਾ ਵਿਚ ਸੰਸਕ੍ਰਿਤਕ ਨਵ- ਜਾਗ੍ਰਤੀ ਦੀ ਲਾਘ ਨਾਲ ਆਏ ਪੁਰਾਤਨ ਵਿਰਸੇ ਦੀ ਖੋਜ ਦੀ ਚੇਸ਼ਟਾ ਕਾਰਨ ਨਵੀਂ ਫੁਹ- ਫੁਟਣ ਦੇ ਝਾਵਲੇ ਪੈਣੇ ਸ਼ੁਰੂ ਹੋ ਜਾਂਦੇ ਹਨ। 'ਸਿੰਘ ਸਭਾ ਲਹਰ' ਦੇ ਯਤਨਾਂ ਸਦਕਾ ਅਤੇ ਪੰਜਾਬੀ ਪੱਤਰਕਾਰੀ ਦੀ ਸਹਾਇਤਾ ਨਾਲ ਭਾਈ ਦਿੱਤ ਸਿੰਘ ਵਰਗੇ ਕਵੀ ਨਿਘਰ ਚੁੱਕੀ ਅਵਸਥਾ ਤੋਂ ਉਠ ਕੇ ਕਵਿਤਾ ਦੇ ਸਮਾਜਿਕ ਕਿਰਦਾਰ ਨੂੰ ਸਮਝਣ ਵਲ ਰੁਚਿਤ ਹੁੰਦੇ ਹਨ, ਪਰ ਇਹ ਅਸਲੀ ਨਵਾਂ ਫੁਹ- ਫੁਟਾਲਾ ਭਾਈ ਸਾਹਿਬ ਦੇ ਇਸ ਪਿੜ ਵਿਚ ਪ੍ਰਵੇਸ਼ ਕਰਨ ਦੀ ਉਡੀਕ ਕਰ ਰਹਿਆ ਹੁੰਦਾ ਹੈ।

ਇਸ ਤਰ੍ਹਾਂ ਭਾਈ ਸਾਹਿਬ ਤੋਂ ਪਹਲੇ ਜਿੱਥੇ ਪੰਜਾਬੀ ਦੀ ਕਵਿਤਾ ਇਕ ਨਿਘਰੀ ਹੋਈ ਸਥਿਤੀ ਵਿਚ ਵਿਚਰ ਰਹੀ ਹੁੰਦੀ ਹੈ, ਉਥੇ ਨਾਨਕ- ਕਾਲ ਤੇ ਮੱਧ- ਕਾਲੀਨ ਕਾਲ ਵਿਚ ਪੰਜਾਬੀ ਕਾਵਿ ਪਰੰਪਰਾ ਵਿਚ ਹੀ ਅਜੇਹੀਆਂ ਵਿਸ਼ੇਸ਼ਤਾਈਆਂ ਵਿਦਮਾਨ ਸਨ, ਜਿਨ੍ਹਾਂ ਨੂੰ ਨਵੇਂ ਪੱਛਮੀ ਪ੍ਰਭਾਵਾਂ ਦੀ ਸੰਜੋਗ ਨਾਲ ਪੁਨਰ- ਸੁਰਜੀਤ ਕਰਕੇ ਪੰਜਾਬੀ ਕਵਿਤਾ ਦੇ ਇਕ ਨਵੇਂ ਮਾਰਗ ਨੂੰ ਸ਼ੁਰੂ ਕੀਤਾ ਜਾ ਸਕਦਾ ਸੀ।

## (ੲ) ਭਾਈ ਵੀਰ ਸਿੰਘ ਜੀ ਦਾ ਜੀਵਨ ਤੇ ਕਾਵਿ- ਰਚਨਾ —

ਕਵੀ ਦੇ ਕਾਵਿ ਵਿਚ ਉਸ ਦਾ ਸੰਪੂਰਣ ਵਿਅਕਤਿਤਵ ਅਭਿਵਿਅਕਤ ਹੁੰਦਾ ਹੈ। ਕਿਸੇ ਕਵੀ ਦੀ ਆਲੋਚਨਾ ਕਰਨ ਵਿਚ ਉਸ ਦੀ ਰਚਨਾ ਦੀ ਆਲੋਚਨਾ ਤਾਂ ਜ਼ਰੂਰੀ ਹੈ ਹੀ, ਉਸ ਦੀ ਬੁੱਧੀ-ਪ੍ਰਕਿਰਿਆ, ਉਸ ਦੇ ਉਪਕਰਣ ਅਤੇ ਉਸ ਦੇ ਪੂਰੇ ਵਿਅਕਤਿਤਵ ਉਤੇ ਵੀ ਪ੍ਰਕਾਸ਼ ਪਾਣਾ ਅਨਿਵਾਰੀ ਹੈ।[1] ਕਵੀ ਦੀ ਰਚਨਾ ਨੂੰ ਪੜ੍ਹ ਕੇ ਇਹ ਜਾਨਣਾ ਕਿ ਕਵੀ ਨੇ ਉਸ ਵਿਚ ਕਿਸ ਆਸ਼ੇ ਨੂੰ ਵਿਅਕਤ ਕੀਤਾ ਹੈ, ਜਾਂ ਅਸੀਂ ਉਸ ਰਚਨਾ ਨੂੰ ਕਿਵੇਂ ਸਮਝਦੇ ਹਾਂ, ਲਈ ਉਸ ਦੀ ਜੀਵਨੀ ਦਾ ਵਿਵਰਣ ਇਕ ਲਾਭਦਾਇਕ ਸਹਾਰਾ ਬਣ ਜਾਂਦਾ[2] ਹੈ। ਇਸ ਲਈ ਭਾਈ ਸਾਹਿਬ ਦੇ ਕਾਵਿ ਨੂੰ ਸਮਝਣ ਲਈ ਉਨ੍ਹਾਂ ਦੀ ਜੀਵਨੀ ਤੇ ਵਿਅਕਤਿਤਵ ਅਤੇ ਕਾਵਿ ਰਚਨਾਵਾਂ ਦੇ ਵਿਵਰਣ ਨੂੰ ਦ੍ਰਿਸ਼ਟੀਗੋਚਰ ਕਰਨਾ ਜ਼ਰੂਰੀ ਹੈ।

ਵੰਸ਼- ਪਰਿਚਯ—

ਭਾਈ ਸਾਹਿਬ ਦੀ ਵੰਸ਼- ਪਰੰਪਰਾ ਦਾ ਪਿਛੋਕੜ ਦੀਵਾਨ ਕੌੜਾ ਮਲ ਨਾਲ ਹੈ; ਜੋ ਅਠਾਰ੍ਹਵੀਂ ਸ਼ਤਾਬਦੀ ਦੇ ਪਹਲੇ ਅੱਧ ਵਿਚ ਇਕ ਸਿਪਾਹੀ ਦੀ ਹੈਸੀਅਤ ਤੋਂ ਉਨਤੀ ਕਰਕੇ 1747 ਈ. ਵਿਚ ਲਾਹੌਰ ਦੇ ਦੀਵਾਨ ਅਤੇ 1750 ਈ. ਵਿਚ ਮੁਲਤਾਨ ਦੇ ਹਾਕਮ ਬਣੇ ਸਨ।[3] ਦੀਵਾਨ ਸਾਹਿਬ ਨੇ ਸਿੱਖਾਂ ਤੇ ਹੋ ਰਹੇ ਮੁਗਲਾਂ ਵੱਲੋਂ ਜਬਰ ਨੂੰ ਘਟਾਉਣ ਵਿਚ ਬੜਾ ਹਿੱਸਾ ਪਾਇਆ ਸੀ ਅਤੇ ਇਸੇ ਹਾਰਦਿਕ ਹਮਦਰਦੀ ਕਾਰਨ ਨਿਹੰਗ ਸਿੰਘਾਂ ਨੇ ਉਨ੍ਹਾਂ ਦਾ ਨਾਂ 'ਕੌੜਾ ਮਲ' ਦੀ ਥਾਂ 'ਮਿੱਠਾ ਮਲ' ਧਰਿਆ ਹੋਇਆ ਸੀ।[4] ਦੀਵਾਨ ਸਾਹਿਬ ਦੀ ਸ਼ਹੀਦੀ 6 ਮਾਰਚ, 1752 ਈ. ਵਿਚ ਅਹਮਦ ਸ਼ਾਹ ਅਬਦਾਲੀ ਨਾਲ ਲੜਾਈ ਸਮੇਂ ਲਾਹੌਰ ਦੇ ਨੇੜੇ ਹੋਈ ਸੀ।[5]

ਦੀਵਾਨ ਸਾਹਿਬ ਦਾ ਇਕ ਛੋਟਾ ਭਰਾ ਸੋਭਾ ਰਾਮ ਅਤੇ ਦੋ ਲੜਕੇ ਦੀਵਾਨ ਹਰੀ ਸਿੰਘ ਤੇ ਦੀਵਾਨ ਤੇਖਾ ਰਾਮ ਸਨ।[6] ਦੀਵਾਨ ਸਾਹਿਬ ਦੇ ਚਲਾਣੇ ਮਗਰੋਂ ਦੀਵਾਨ ਹਰੀ ਸਿੰਘ ਜੰਮੂ ਜਾ ਰਹੇ ਅਤੇ ਦੀਵਾਨ ਸਾਹਿਬ ਦੇ ਚਲਾਣੇ ਮਗਰੋਂ ਤੇਖਾ ਰਾਮ 'ਗੜ੍ਹ ਮਹਾਰਾਜ' ਵਿਚ ਹੀ ਰਹਣ ਲਗ ਪਏ ਸਨ।[7] ਦੀਵਾਨ

---

1. ਦਸ਼ਰਥ ਓਜਾ, ਸਮੀਖਸ਼ਾ ਸ਼ਾਸਤ੍ਰ, ਪੰਨਾ 31

2. "In so far as we read poetry to discover what the poet meant, as much as, or at least as well as what his poem may mean to us, his biography is a useful crutch."
( John Bennet, Five Metaphysical poets, Page 90 )

3. ਡਾ. ਬਲਬੀਰ ਸਿੰਘ, ਸ੍ਰੀ ਚਰਣ ਹਰਿ ਵਿਸਥਾਰ, ਜਿਲਦ 1, ਸੈਂਚੀ1, ਪੰਨਾ, 4-5

4. ਉਹੀ, ਪੰਨਾ 34

5. ਉਹੀ ਪੰਨਾ 42

6. ਉਹੀ ਪੰਨਾ 61.

7. ਉਹੀ- ਪੰਨਾ, 62.

ਤੋਖਾ ਰਾਮ ਦੇ ਪੁਤਰ ਦਾ ਨਾਂ ਦੀਵਾਨ ਸਾਵਣ ਮਲ ਸੀ, ਜਿਨ੍ਹਾਂ ਦੇ ਘਰ ਅਗੋਂ ਤਿੰਨ ਪੁਤਰ: ਧਾਰਿਆ ਮਲ, ਦੀਵਾਨ ਫ਼ਤਹ ਚੰਦ ਤੇ ਹੀਰਾ ਨੰਦ ਹੋਏ ਸਨ। ਧਾਰਿਆ ਮਲ ਦੀ ਆਪਣੀ ਸੰਤਾਨ ਨਾ ਹੋਣ ਕਰਕੇ ਉਨ੍ਹਾਂ ਆਪਣੇ ਛੋਟੇ ਭਰਾ ਹੀਰਾ ਨੰਦ ਨੂੰ ਮੁਤਬੰਨਾ ਬਣਾਇਆ।[8] ਚੌਧਰੀ ਹੀਰਾ ਨੰਦ ਦੇ ਪੁੱਤਰ ਚੌਧਰੀ ਰਾਮ ਚੰਦ ਸਨ ਤੇ ਉਨ੍ਹਾਂ ਦੇ ਪੁਤਰ ਬਾਬਾ ਕਾਹਨ ਸਿੰਘ ਸਨ ਜੋ ਭਾਈ ਸਾਹਿਬ ਦੇ ਦਾਦਾ ਅਤੇ ਡਾ. ਚਰਨ ਸਿੰਘ ਜੀ ਦੇ ਪਿਤਾ ਸਨ।[9]

ਬਾਬਾ ਕਾਹਨ ਸਿੰਘ (1788-1878 ) ਜੀ ਦੀ ਛੋਟੀ ਅਵਸਥਾ ਵਿਚ ਹੀ ਉਨ੍ਹਾਂ ਦੇ ਪਿਤਾ ਰਾਮ ਚੰਦ ਜੀ ਦਾ ਦੇਹਾਂਤ ਹੋ ਗਇਆ ਸੀ।[10] ਉਨ੍ਹਾਂ ਦੀ ਤਬੀਅਤ ਸ਼ੁਰੂ ਤੋਂ ਹੀ ਉਦਾਸੀ ਵਾਲੀ ਸੀ। ਉਹ ਤੇਰਾਂ ਸਾਲ ਦੀ ਆਯੂ ਵਿਚ ਘਰੋਂ ਨਿਕਲ ਆਏ ਅਤੇ ਅੰਮ੍ਰਿਤਸਰ ਤੇ ਹਰਦੁਆਰ ਵਿਚ ਕਈ ਡੇਰਿਆਂ ਵਿਚ ਰਹ ਕੇ ਅਧਿਐਨ ਤੇ ਅਭਿਆਸ ਕਰਮ ਰਾਹੀਂ ਆਤਮਿਕ ਗਿਆਨ ਨੂੰ ਸਮਝਣ ਵਿਚ ਮਗਨ ਰਹੇ।[11] 1828 ਈ. ਵਿਚ ਉਨ੍ਹਾਂ ਦੀ ਮਾਤਾ ਨੇ 37 ਸਾਲ ਦੀ ਆਯੂ ਵਿਚ ਉਨ੍ਹਾਂ ਨੂੰ ਅੰਮ੍ਰਿਤਸਰ ਵਿਚ ਸੰਤ ਰਾਮ ਦਿਆਲ ਜੀ ਸੇਵਾ- ਪੰਥੀ ਦੇ ਡੇਰੇ ਵਿਚ ਲਭ ਲਇਆ।[12] ਮਾਂ ਦੇ ਜ਼ੋਰ ਦੇਣ ਤੇ ਕਟੜਾ ਗਰਬਾ ਸਿੰਘ, ਅੰਮ੍ਰਿਤਸਰ ਵਿਚ ਹੀ ਮਕਾਨ ਬਣਾ ਕੇ[13] 1830 ਈ. ਵਿਚ ਉਨ੍ਹਾਂ ਨੂੰ ਸ਼ਾਦੀ ਕਰਨੀ ਪਈ।[14]

ਗ੍ਰਹਸਤੀ ਜੀਵਨ ਵਿਚ ਬਾਬੇ ਨੇ ਗੁਰਬਾਣੀ ਅਤੇ ਰਾਮਾਇਣ ਦੇ ਅਧਿਐਨ ਦੇ ਨਾਲ ਵੈਦਗੀ ਦੇ ਕੰਮ ਵਿਚ ਚੰਗੀ ਸ਼ੋਭਾ ਪ੍ਰਾਪਤ ਕੀਤੀ। ਬਾਬੇ ਦੀ ਪਹਲੀ ਔਲਾਦ ਛੋਟੀ ਉਮਰ ਵਿਚ ਹੀ ਗੁਜ਼ਰਦੀ ਰਹੀ, ਫਿਰ ਇਕ ਲੜਕੀ ਤੇ 1853 ਈ. ਵਿਚ ਇਕ ਲੜਕੇ ,ਜਿਸ ਦਾ ਨਾਂ ਚਰਨ ਸਿੰਘ ਰੱਖਿਆ ਗਇਆ ਸੀ, ਨੇ ਉਨ੍ਹਾਂ ਦੇ ਘਰ ਜਨਮ ਲਇਆ।[15] ਬਾਬਾ ਜੀ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਵਿਚ ਕਾਵਿ ਰਚਨਾ ਕਰਦੇ ਸਨ, ਜਿਸ ਵਿਚ ਦਰਸ਼ਨ ਤੇ ਗਿਆਨ ਦੇ ਤੱਤ ਦੀ ਬਹੁਲਤਾ ਹੁੰਦੀ ਸੀ। ਪੰਜਾਬੀ ਵਿਚ ਬਾਬੇ ਨੇ ਇਕੋ ਕਵਿਤਾ ਅਪਰੈਲ, 1878 ਈ. ਵਿਚ ਅੰਤਿਮ ਬਿਮਾਰੀ ਦੇ ਦਿਨਾਂ ਵਿਚ ਅੰਮ੍ਰਿਤਸਰ ਦੇ ਪ੍ਰਸਿੱਧ ਹਕੀਮ ਗੁਲਾਮ ਜੀਲਾਨੀ ਦੇ ਬੁਖਾਰ ਉਤਾਰਨ ਲਈ ਲਿਆਂਦੇ ਸੁੱਕੇ ਫੁੱਲਾਂ ਦੇ ਗੁਲਦਸਤੇ ਦੁਆਲੇ ਲਪੇਟੀ 'ਸੇਵਾਰ' ਸੰਬੰਧੀ ਲਿਖੀ ਸੀ,[16] ਜਿਸ

---

8. ਡਾ. ਬਲਬੀਰਸਿੰਘ, ਸ੍ਰੀ ਚਰਣ ਹਰਿ ਵਿਸਥਾਰ, ਜਿਲਦ 1, ਸੈਂਚੀ 1, ਪੰਨਾ - 62

9. ਉਹੀ

10. ਉਹੀ, ਪੰਨਾ -66

11. ਉਹੀ- ਪੰਨਾ- 71-73

12. ਉਹੀ, ਪੰਨਾ- 88

13. ਉਹੀ, ਪੰਨਾ 91

14. ਉਹੀ, ਪੰਨਾ 115

15- ਉਹੀ, ਪੰਨਾ 115

16.
ਕੀ ਸਵਾਰਾਂ ਵਿਚ ਜਗਤ ਮੈਂ ! 'ਸੇ ਵਾਰ' ਕਿਥੋਂ ਹੋਈ ?
ਫੁਲ, ਕਲੀ, ਡੋਡੀ ਹੋਈ! ਨਾ ਮਿਠੀ ਖੁਸ਼ਬੋਈ ।
ਰੰਗ ਜੰਗਾਲੀ ਹੈ ਨਿਰਾ ਵੇਸ ਗ਼ਰੀਬੀ ਵਾਲਾ ।
ਦੀਵੇ ਹੀਣ ਜਿੰਦ ਲਈ ਹੋਰ ਨਹੀਂ ਉਜਿਆਲਾ ।

(ਚਲਦਾ)

ਨੂੰ ਗੁਲਦਸਤੇ ਢੁਆਨਿਉਂ ਉਤਾਰ ਕੇ ਸੁੱਟ ਦਿੱਤਾ ਗਇਆ ਸੀ। ਬਾਬੇ ਦਾ ਦੇਹਾਂਤ 1878 ਈ. ਵਿਚ ਹੋਇਆ ਸੀ।

ਬਾਬੇ ਦੇ ਦੇਹਾਂਤ ਸਮੇਂ ਡਾ. ਚਰਨ ਸਿੰਘ ਜਿਨ੍ਹਾਂ ਦਾ ਜਨਮ 7 ਮਾਰਚ,1853 ਨੂੰ ਹੋਇਆ ਸੀ, ਦੀ ਉਮਰ 25 ਸਾਲ ਦੀ ਸੀ। ਡਾਕਟਰ ਸਾਹਿਬ ਦੇ ਆਪਣੇ ਇਕ ਹੱਥ- ਲਿਖੇ ਨੋਟ ਦੇ ਅਨੁਸਾਰ ਉਹ ਪਹਲਾਂ ਸਰਕਾਰੀ ਨੌਕਰੀ ਵਿਚ ਸਨ ਤੇ ਪਿਛੋਂ ਉਨ੍ਹਾਂ ਨੇ ਆਪਣਾ ਡਾਕਟਰੀ- ਵੈਦਗੀ ਦਾ ਕੰਮ ਸ਼ੁਰੂ ਕੀਤਾ[17] ਸੀ। ਡਾਕਟਰ ਸਾਹਿਬ ਦੀ ਸ਼ਾਦੀ 1866 ਈ. ਵਿਚ ਗਿਆਨੀ ਹਜ਼ਾਰਾ ਸਿੰਘ ਦੀ ਸਪੁਤ੍ਰੀ ਬੀਬੀ ਉੱਤਮ ਕੌਰ ਨਾਲ ਹੋਈ[18] ਸੀ।

ਡਾਕਟਰ ਸਾਹਿਬ ਦਾ ਜੀਵਨ ਨਿਰਾ ਇਕ ਵਿਅਕਤੀ ਦਾ ਜੀਵਨ ਨਹੀਂ, ਸਗੋਂ ਬ੍ਰਿਜ-ਭਾਸ਼ਾ ਤੇ ਪੰਜਾਬੀ ਦੇ ਕਵੀ ਤੇ ਇਕ ਰੌਚਿਕ ਲਿਖਾਰੀ[19], ਸਿੰਘ ਸਭਾ ਲਹਰ ਦੇ ਸਰਗਰਮ ਕਾਰਕੁਨ, ਸਮਾਜ ਸੁਧਾਰਕ ਤੇ ਪੰਥ ਦਰਦੀ ਦਾ ਜੀਵਨ ਸੀ। ਡਾਕਟਰ ਸਾਹਿਬ ਅੰਮ੍ਰਿਤਸਰ ਦੇ ਬ੍ਰਿਜੀ ਤੇ ਪੰਜਾਬੀ ਵਿਚ ਰਚਨਾ ਕਰਨ ਵਾਲੇ ਸਿੱਖ ਤੇ ਹਿੰਦੂ ਕਵੀਆਂ ਦੇ ਕੇਂਦ੍ਰ ਸਨ। ਡਾਕਟਰ ਸਾਹਿਬ ਵਿਚ ਵਿਸ਼ੇਸ਼ਤਾ ਸੀ ਕਿ ਉਹ ਮਾਮੂਲੀ

---

ਨ ਜੜ੍ਹ ਨ ਪੌਤੇ ਲਗੇ ਨਾ ਡਾਹਨ ਨ ਡਾਲਾ।
ਮੈਂ ਕੌਣ ਹਾਂ- 'ਮੇਰੇ ਕੌਣ' ? ਕੀ ਕੇਵਲ ਮੈਂ ਜਾਣਾ।
ਪੁਛਾਂ ਪੌਣ ਪੁੜਿ ਗੱਲੇ ਲਗ ਕਰ ਜਾਂਦੀ ਪਰ ਟਾਲਾ।
(ਪ੍ਰਾਪਤ, ਉਹੀ, ਪੰਨਾ 114)

17. " ਪ੍ਰਥਮ ਅਗਸਤ ਸੰਨ 1872 ਕੋ ਨੌਕਰ ਹੋ ਕੇ ਡਿਸਪੈਨਸਰੀ ਜੇਲ੍ਹ ਅੰਮ੍ਰਿਤਸਰ ਸਿਟੀ 31 ਜਨਵਰੀ ਸੰਨ 73 ਤਕ। ਫਿਰ ਪ੍ਰਥਮ ਫਰਵਰੀ ਸੰ. 1873 ਈ. ਸੇ ਡਿਸਪੈਨਸਰੀ ਅਜਨਾਲਾ ਮੈਂ 7 ਅਗਸਤ ਸੰ.1874 ਈ. ਤਕ ਰਹਾ। ਫਿਰ 8 ਅਗਸਤ ਸੰਨ 1874 ਸੇ 'ਵਿਲਡ ਸਿਟੀ ਬਰਾਂਚ' ਅੰਮ੍ਰਿਤਸਰ ਵਾਬ ਬਸਤੀ ਰਾਮ।12 ਨਵੰਬਰ 1881 ਕੋ ਅਸਤੀਫ਼ਾ ਦੇ ਕੇ ਨੌਕਰੀ ਛੋੜ ਦੀ। ਕੁਲ ਨੌਕਰੀ 8 ਬਰਸ 3 ਮਹੀਨੇ 12 ਦਿਨ ਕੀਤੀ, ਫਿਰ ਨੌਕਰੀ ਸੱਚੇ ਪਾਤਸ਼ਾਹ ਦੀ। "

(ਡਾ. ਚਰਨ ਸਿੰਘ ਜੀ ਦਾ ਹੱਥੀਂ ਲਿਖਿਆ ਨੋਟ, ਪ੍ਰਾਪਤ ਸ੍ਰੀ ਚਰਨ ਹਰਿ ਵਿਸਥਾਰ, ਜਿਲਦ 1, ਸੈਂਚੀ 2, ਪੰਨਾ 12)

18. ਉਹੀ, ਜਿਲਦ 1, ਸੈਂਚੀ 1, ਪੰਨਾ 162.

19. ਡਾਕਟਰ ਚਰਨ ਸਿੰਘ ਜੀ ਦੀਆਂ ਰਚਨਾਵਾਂ ਵਿਚ 1877 ਵਿਚ ਬ੍ਰਿਜੀ ਵਿਚ 'ਸ੍ਰੀ ਅਟਲ ਪ੍ਰਕਾਸ਼', ਪੰਜਾਬੀ ਵਿਚ 'ਜੰਗ ਮਹੋਲੀ', 'ਮੁਰਾਬ ਕੌਰ', 'ਹੀਰ ਭਾਈ ਗੁਰਦਾਸ' ਅਤੇ 'ਸ਼ਕੁੰਤਲਾ' ਨਾਟਕ ਦਾ ਅਨੁਵਾਦ, ਸਿੱਖ ਧਰਮ ਬਾਰੇ 'ਬਾਣੀ ਬਿਓਰਾ' ਅਤੇ 'ਸ਼ਬਦ ਬ੍ਰਿਤੀ ਪ੍ਰਕਾਸ਼' ਅਤੇ ਖ਼ਾਲਸਾ ਟ੍ਰੈਕਟ ਸੋਸਾਇਟੀ ਲਈ ਟ੍ਰੈਕਟ 'ਫਰਿਯਾਦ', 'ਗੜਗਜ ਬੋਲੇ', 'ਲਾਟੂ ਸਿੰਘ', 'ਅਤੋਲਕ ਸਿੰਘ', 'ਜੈ ਜੈ ਸੀਤਾ ਰਾਮ', 'ਸੁਸ਼ੀਲਾ' ਮਿਲਦੇ ਹਨ।

(ਉਹੀ, ਜਿਲਦ 1, ਸੈਂਚੀ 2, ਭੂਮਿਕਾ)

ਤੋਂ ਮਾਮੂਲੀ ਗੱਲ ਨੂੰ ਛੰਦ ਵਿਚ ਬੰਨ੍ਹ ਦਿੰਦੇ ਸਨ। ਉਨ੍ਹਾਂ ਦਾ ਦੇਹਾਂਤ 11 ਨਵੰਬਰ,1908 ਨੂੰ 55 ਸਾਲ ਦੀ ਆਯੂ ਵਿਚ ਅੰਮ੍ਰਿਤਸਰ ਵਿਖੇ ਹੋਇਆ ਸੀ।[20] ਉਨ੍ਹਾਂ ਦੀ ਸੰਤਾਨ ਵਿਚ ਚਾਰ ਲੜਕੇ; ਭਾਈ ਵੀਰ ਸਿੰਘ, ਜੋਰਾਜ ਸਿੰਘ,ਲਖਬੀਰ ਸਿੰਘ ਤੇ ਡਾਕਟਰ ਬਲਬੀਰ ਸਿੰਘ ਤੇ ਦੋ ਲੜਕੀਆਂ ਸਨ।[21]

ਭਾਈ ਸਾਹਿਬ ਦਾ ਜਨਮ –

ਭਾਈ ਸਾਹਿਬ ਦਾ ਜਨਮ 5 ਦਸੰਬਰ,1872 ਈ. ਮੱਘਰ ਸੁਦੀ ਪੰਚਮੀ ਸੰਮਤ 1929 ਬਿ. ਨੂੰ ਵੀਰਵਾਰ ਵਾਲੇ ਦਿਨ ਅੰਮ੍ਰਿਤਸਰ ਵਿਚ ਕਟੜਾ ਗਰਬਾ ਸਿੰਘ ਵਿਖੇ ਉਨ੍ਹਾਂ ਦੇ ਬਾਬੇ ਕਾਹਨ ਸਿੰਘ ਦੇ ਬਣਵਾਏ ਮਕਾਨ ਵਿਚ ਹੋਇਆ ਸੀ।[22] ਉਦੋਂ ਉਨ੍ਹਾਂ ਦੇ ਬਾਬਾ ਜੀ ਜ਼ਿੰਦਾ ਸਨ ਤੇ ਜਦ ਭਾਈ ਸਾਹਿਬ ਦਾ ਨਾਂ ਰੱਖਣ ਬਾਰੇ ਗੱਲ ਹੋਈ ਤਾਂ ਬਾਬਾ ਜੀ ਨੇ ਕਹਿਆ ਕਿ ਕਾਕੇ ਦਾ ਜਨਮ ਵਾਰ ਵੀਰਵਾਰ "ਬ੍ਰਹਸਪਤੀ ਦਾ ਦਿਨ ਹੈ। ਬ੍ਰਹਸਪਤੀ ਦੇਵਤਿਆਂ ਦਾ ਵਿਦਿਆ- ਦਾਤਾ ਸੀ। ਇਹ ਵੀ ਗਯਾਨ ਦਾ ਸੂਰਜ ਚਮਕਾਏਗਾ। ਇਸ ਦਾ ਨਾਉਂ ਭਾਵੇਂ ਕੁਛ ਰੱਖਿਆ ਜਾਏ, ਇਹ ਨਾਮ- ਸੰਸਕਾਰ ਦੀ ਗੱਲ ਹੈ, ਪਰ ਦੁਨੀਆਂ ਵਿਚ ਇਸ ਦਾ ਨਾਮ ਬ੍ਰਹਸਪਤੀ ਦੇ ਦਿਨ ਉਪਰ ਮਸ਼ਹੂਰ ਹੋਵੇਗਾ।"[23]

ਭਾਈ ਸਾਹਿਬ ਨੂੰ ਬਚਪਨ ਵਿਚ ਆਪਣੇ ਦਾਦੇ,ਪਿਤਾ ਤੇ ਮਾਤਾ ਉੱਤਮ ਕੌਰ ਪਾਸੋਂ ਰੱਜਵਾਂ ਵਾਤਸਲ ਪਿਆਰ ਮਿਲਿਆ। ਮਾਤਾ ਦੀ ਠੰਢੀ ਮਿੱਠੀ ਛਾਂ ਨੇ ਭਾਈ ਸਾਹਿਬ ਦੇ ਕਾਵਿ- ਹਿਰਦੇ ਨੂੰ ਦੇਵੀ ਮਿਠਾਸ ਤੇ ਸੀਤਲਤਾ ਨਾਲ ਸਿੰਜ ਕੇ ਭਰਪੂਰ ਬਣਾ ਦਿੱਤਾ। ਭਾਈ ਸਾਹਿਬ ਦਾ ਸੰਕੇਤ 'ਜਿਉਂ ਮਾਵਾਂ ਤਿਉਂ ਠੰਢੀਆਂ ਛਾਵਾਂ ਅਮਾਂ ਤੁਪੇ ਦੀਆਂ ਡਿਠੀਆਂ'[24] ਮਾਂ ਦੀ ਵਤਸਲਤਾ ਨੂੰ ਹੀ ਵਿਅਕਤ ਕਰਦਾ ਹੈ।

ਵਿਦਿਆ ਪ੍ਰਾਪਤੀ–

" ਭਾਈ ਸਾਹਿਬ ਜੀ ਦੀ ਵਿਦਿਆ ਪ੍ਰਾਪਤੀ ਦਾ ਸਮਾਂ ਪੰਜ ਸਾਲ ਦੀ ਵਰੇਸ ਤੋਂ ਸ਼ੁਰੂ ਹੋ ਗਇਆ ਸੀ। ਅੱਠ ਸਾਲ ਦੀ ਵਰੇਸ ਤਕ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਵੀ ਕਰ ਲਇਆ ਸੀ। ਇਸ ਸਮੇਂ ਵਿਚ ਆਪ ਪਾਂਧੇ ਕੋਲ ਬੈਠੇ, ਲੰਡੇ ਹਿਸਾਬ ਵੀ ਸਿਖਿਆ, ਇਕ ਮੁੱਲਾਂ ਤੋਂ ਕੁਛ ਉਰਦੂ ਫ਼ਾਰਸੀ ਵੀ ਪੜ੍ਹੀ, ਇਕ ਸੇਵਾ ਪੰਥੀ ਸੰਤ ਜੀ ਪਾਸ ਵੀ ਕੁਛ ਚਿਰ ਪੜ੍ਹੇ ਪਰ ਬਹੁਤ ਸਮਾਂ ਪ੍ਰਸਿੱਧ ਗਿਆਨੀ ਭਾਈ ਭਗਵਾਨ ਸਿੰਘ ਜੀ ਪਾਸ ਪੜ੍ਹਦੇ ਰਹੇ, ਜਿਥੇ ਆਪ ਨੇ ਸ੍ਰੀ ਗੁਰੂ ਗ੍ਰੰਥ ਜੀ ਦਾ ਪਾਠ ਸਮਾਪਤ ਕੀਤਾ ਤੇ ਅੱਠ ਸਾਲ ਦੀ ਵਰੇਸ ਦੇ ਹੋ ਕੇ ਸਕੂਲ ਪੜ੍ਹਨੇ ਬੈਠੇ। ਮਿਸ਼ਨ ਸਕੂਲ ਜੋ ਅੰਮ੍ਰਿਤਸਰ ਕਸੇਰਿਆਂ ਵਾਲੇ ਬਾਜ਼ਾਰ ਵਿਚ ਹੁੰਦਾ ਸੀ, ਵਿਚ 1889 ਈ. ਵਿਚ ਮਿਡਲ ਪਾਸ ਕੀਤਾ ਤੇ 1891 ਵਿਚ ਐਂਟਰੈਂਸ। ਐਂਟਰੈਂਸ ਵਿਚ ਜ਼ਿਲ੍ਹੇ ਭਰ ਵਿਚ ਅੱਵਲ ਰਹਣ ਤੇ ਡਿਸਟ੍ਰਿਕਟ ਬੋਰਡ ਨੇ ਸੋਨੇ ਦਾ ਇਕ ਮੈਡਲ ਆਪ ਨੂੰ ਇਨਾਮ ਦਿੱਤਾ।"[25]

---

20. ਗਿਆਨੀ ਮਹਾਂ ਸਿੰਘ, ਭਾਈ ਸਾਹਿਬ ਡਾ. ਵੀਰ ਸਿੰਘ ਜੀ ਦਾ ਸੰਖੇਪ ਜੀਵਨ, ਪੰਨਾ 10.
21. ਡਾ. ਬਲਬੀਰ ਸਿੰਘ,ਸ੍ਰੀ ਚਰਣ ਹਰਿ ਵਿਸਥਾਰ,ਜਿਲਦ 1,ਸੈਂਚੀ 1,ਪੰਨਾ 62
22. ਉਹੀ,ਪੰਨਾ 169
23. ਉਹੀ
24. ਨਸੀਮ ਭਾਗ,ਮਟਕ ਹੁਲਾਰੇ,ਪੰਨਾ- 77
25. ਗਿਆਨੀ ਮਹਾਂ ਸਿੰਘ,ਭਾਈ ਸਾਹਿਬ ਡਾ.ਵੀਰ ਸਿੰਘ ਜੀ ਦਾ ਸੰਖੇਪ ਜੀਵਨ,ਪੰਨਾ- 17.

ਪੜ੍ਹਾਈ ਦੇ ਦਿਨਾਂ ਵਿਚ ਭਾਈ ਸਾਹਿਬ ਜ਼ਿਆਦਾ ਤਰ ਆਪਣੇ ਸਤਿਕਾਰਯੋਗ ਨਾਨਾ ਗਿਆਨੀ ਹਜ਼ਾਰਾ ਸਿੰਘ ਜੀ ਪਾਸ ਹਾਲ ਬਾਜ਼ਾਰ ਦੇ ਨੇੜੇ ਕਟੜਾ ਛੱਨੂਈਆਂ ਵਿਚ ਰਹਿਆ ਕਰਦੇ ਸਨ।

ਗਿਆਨੀ ਹਜ਼ਾਰਾ ਸਿੰਘ ਸੰਪਰਦਾਈ ਗਿਆਨੀ ਸੰਤ ਚੰਦਾ ਸਿੰਘ ਜੀ ਦੇ ਸ਼ਿਸ਼ ਤੇ ਸੰਪਰਦਾਈ ਅਰਥਾਂ ਦੇ ਸਿਆਣੇ ਗਿਆਨੀ ਸਨ। ਉਹ ਸੰਸਕ੍ਰਿਤ, ਬ੍ਰਿਜੀ, ਫ਼ਾਰਸੀ ਤੇ ਪੰਜਾਬੀ ਦੇ ਚੰਗੇ ਗਿਆਤਾ ਹੋਣ ਤੋਂ ਛੁਟ ਪੰਜਾਬੀ ਦੇ ਉਘੇ ਲਿਖਾਰੀ ਤੇ ਅਨੁਵਾਦਕ ਸਨ।[26] ਗਿਆਨੀ ਜੀ ਸਿੰਘ ਸਭਾ ਲਹੌਰ ਦੇ ਮੋਢੀਆਂ ਵਿਚੋਂ ਸਨ ਤੇ ਜਦ ਸ੍ਰੀ ਅੰਮ੍ਰਿਤਸਰ 'ਖਾਲਸਾ ਦੀਵਾਨ' ਬਣਿਆ ਸੀ, ਤਾਂ ਉਸ ਦੇ ਮੋਢੀ ਪੰਜ ਸਕੱਤਰਾਂ ਵਿਚੋਂ ਸਨ। ਗਿਆਨੀ ਜੀ ਤੋਂ ਛੁਟ ਬਾਕੀ ਦੇ ਚਾਰ: ਕਨੈਯਾ ਸਿੰਘ, ਈਸ਼੍ਵਰ ਸਿੰਘ ਮਹੰਤ ਮਲਵਈ ਬੁੰਗਾ, ਲਹਣਾ ਸਿੰਘ ਤੇ ਗੁਰਮੁਖ ਸਿੰਘ ਚਿਧੜ ਸਨ।[27] ਗਿਆਨੀ ਜੀ ਸਮਾਜ ਸੁਧਾਰਕ ਖੇਤਰ ਵਿਚ ਇਸਤਰੀ ਸਿਖਿਆ ਤੇ ਇਸਤਰੀ ਸੁਧਾਰ ਦੇ ਕੱਟੜ ਅਨੁਯਾਈ ਸਨ ਅਤੇ ਉਨ੍ਹਾਂ ਦੀ ਇਸੇ ਰੁਚੀ ਦੀ ਕਦਰ ਕਰਦਿਆਂ ਸਰਕਾਰ ਨੇ ਉਨ੍ਹਾਂ ਨੂੰ ਲੜਕੀਆਂ ਦੇ ਸਕੂਲਾਂ ਦਾ ਇਨਸਪੈਕਟਰ ਥਾਪਿਆ ਹੋਇਆ ਸੀ।[28]

ਗਿਆਨੀ ਜੀ ਦੀ ਸ਼ਖ਼ਸੀਅਤ ਦਾ ਭਾਈ ਸਾਹਿਬ ਦੀ ਉਸਾਰੀ ਵਿਚ ਬੜਾ ਹਿੱਸਾ ਹੈ। ਉਨ੍ਹਾਂ ਕੋਲ ਰਹੰਦਿਆਂ ਭਾਈ ਸਾਹਿਬ ਸਿਖਿਆ ਪ੍ਰਾਪਤੀ ਦੇ ਨਾਲ ਉਨ੍ਹਾਂ ਨੂੰ ਅਨੁਵਾਦ ਦੇ ਕੰਮ ਵਿਚ ਵੀ ਕੁਝ ਸਹਾਇਤਾ ਦਿੰਦੇ ਸਨ। ਵਿਦਿਆ ਪ੍ਰਾਪਤੀ ਵਿਚ ਭਾਈ ਸਾਹਿਬ ਨੂੰ ਆਪਣੇ ਇਕਲੌਤੇ ਮਾਮੇ ਡਿਪਟੀ ਆਇਆ ਸਿੰਘ ਪਾਸੋਂ ਵੀ ਕਾਫ਼ੀ ਉਤਸ਼ਾਹ ਮਿਲਿਆ ਸੀ, ਜਿਨ੍ਹਾਂ ਦੀਆਂ ਪੰਜਾਬੀ ਵਿਚ ਕਈ ਰਚਨਾਵਾਂ ਮਿਲਦੀਆਂ ਹਨ।[29]

---

26. ਗਿਆਨੀ ਹਜ਼ਾਰਾ ਸਿੰਘ ਜੀ ਦੀਆਂ ਰਚਨਾਵਾਂ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਦਾ ਟੀਕਾ, ਖ਼ਾਲਸਾ ਟ੍ਰੈਕਟ ਸੋਸਾਇਟੀ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਪਹਲੀ ਐਡੀਸ਼ਨ, ਸ਼ੇਖ ਸਾਅਦੀ ਦੀਆਂ ਰਚਨਾਵਾਂ 'ਗੁਲਿਸਤਾਂ' ਅਤੇ 'ਬੋਸਤਾਂ' ਦਾ ਪੰਜਾਬੀ ਅਨੁਵਾਦ, 'ਦੁਲਹਨ ਦਰਪਨ' 'ਮਿਰਾਤੁਲ ਅਰੂਸ' ਦੇ ਆਧਾਰ ਤੇ, 'ਦੁਲਹਨ ਪਤ੍ਰਕਾ', 'ਭੂਗੋਲ ਦਰਪਨ', ਗਣਿਤ ਵਿਦਿਆ ਦੇ ਰਿਸਾਲੇ', 'ਹਿੰਦ ਦਾ ਇਤਿਹਾਸ', 'ਪੰਜਾਬੀ ਵਿਆਕਰਣ', 'ਗੁਰ ਪ੍ਰਤਾਪ ਚੁਰਣਿਕਾ', 'ਜੀਵਨ ਹਰ ਰਾਇ' ਤੇ 'ਹਰ ਕ੍ਰਿਸ਼ਨ ਸਾਹਿਬ' ਮਿਲਦੀਆਂ ਹਨ।
(ਡਾ.ਬਲਬੀਰ ਸਿੰਘ, ਸ੍ਰੀ ਚਰਣ ਹਰਿ ਵਿਸਥਾਰ, ਜਿਲਦ 1, ਸੈਂਚੀ 1, ਪੰਨਾ 162)
27. ਉਹੀ, ਜਿਲਦ 1, ਸੈਂਚੀ 1, ਪੰਨਾ 71
28. ਉਹੀ
29. ਡਿਪਟੀ ਆਇਆ ਸਿੰਘ ਜੀ ਦੀਆਂ ਪੰਜਾਬੀ ਵਿਚ 'ਬ੍ਰਿੰਦਸਾਰ ਸਟੀਕ', 'ਅਰੋਗਤਾ ਦਰਪਨ', 'ਇਸਤਰੀ ਰਤਨ ਮਾਲਾ' ਤੇ 'ਜੁਗਲੀ ਪ੍ਰਕਾਸ਼' ਮਿਲਦੀਆਂ ਹਨ।
(ਹਰਬੰਸ ਸਿੰਘ, ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਰਚਨਾ, ਪੰਨਾ 23)

ਸਕੂਲ ਦੇ ਜੀਵਨ ਵਿਚ ਭਾਈ ਸਾਹਿਬ ਦਾ ਇਕ ਰੁਝੇਵਾਂ ਪੜ੍ਹਾਈ ਸੀ, ਦੂਜਾ ਸ੍ਰੀ ਦਰਬਾਰ ਸਾਹਿਬ ਦੀ ਨੇਮ ਨਾਲ ਹਾਜ਼ਰੀ ਅਤੇ ਤੀਜਾ ਸਵੇਰ ਜਾਂ ਸ਼ਾਮ ਸੈਰ ਲਈ ਕੁਝ ਸਮਾਂ ਕੱਢਣਾ। ਮਿਸ਼ਨ ਸਕੂਲ ਵਿਚ ਪੜ੍ਹਨ ਕਾਰਨ ਉਨ੍ਹਾਂ ਲਈ ਬਾਈਬਲ ਦੀ ਧਾਰਮਿਕ ਤੌਰ ਤੇ ਸਿਖਿਆ ਜ਼ਰੂਰੀ ਸੀ। ਇਸ ਨਾਲ ਉਨ੍ਹਾਂ ਨੂੰ ਈਸਾਈ ਮੱਤ ਦੀ ਚੋਖਵੀਂ ਵਾਕਫ਼ੀ ਪ੍ਰਾਪਤ ਹੋਈ। ਘਰੋਗੀ ਵਾਤਾਵਰਣ ਵੀ ਧਾਰਮਿਕ ਅਧਿਐਨ ਵਾਲਾ ਹੋਣ ਕਰਕੇ ਉਨ੍ਹਾਂ ਨੂੰ ਹੋਰ ਧਰਮਾਂ ਬਾਰੇ ਵੀ ਕਾਫ਼ੀ ਗਿਆਨ ਪ੍ਰਾਪਤ ਹੋਇਆ। ਇਸ ਅਧਿਐਨ ਦੇ ਆਧਾਰ ਤੇ ਭਾਈ ਸਾਹਿਬ ਨੂੰ ਗੁਰਮਤਿ ਤੇ ਗੁਰ- ਸਿੱਖੀ ਦਾ ਆਸ਼ਾ ਹੋਰ ਧਰਮਾਂ ਦੇ ਟਾਕਰੇ ਤੇ ਵਧੇਰੇ ਉਚਾ ਲਗਣ ਲੱਗਾ। ਧਾਰਮਿਕ ਗਿਆਨ ਨੂੰ ਹੋਰ ਵਿਸ਼ਾਲ ਤੇ ਡੂੰਘਾ ਕਰਨ ਲਈ ਉਨ੍ਹਾਂ ਨੇ ਸਿੱਖ ਧਰਮ ਅਤੇ ਹੋਰ ਧਰਮਾਂ ਦੇ ਦਾਰਸ਼ਨਿਕ, ਸਾਹਿਤਿਕ ਤੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਜੀਵਨ ਦਾ ਅੰਗ ਬਣਾ ਲਇਆ। ਇਸ ਦੇ ਨਾਲ ਹੀ ਘਰੋਗੀ ਵਾਤਾਵਰਣ ਨੇ ਜਿੱਥੇ ਉਨ੍ਹਾਂ ਨੂੰ ਅੰਗ੍ਰੇਜ਼ੀ ਤੋਂ ਛੁਟ ਸੰਸਕ੍ਰਿਤ, ਬ੍ਰਿਜੀ, ਫ਼ਾਰਸੀ, ਉਰਦੂ ਤੇ ਪੰਜਾਬੀ ਦੀ ਡੂੰਘੀ ਮੁਹਾਰਤ ਅਰਪਨ ਕੀਤੀ, ਉੱਥੇ ਇਨ੍ਹਾਂ ਭਾਸ਼ਾਵਾਂ ਦੇ ਸਾਹਿਤ ਤੇ ਕਵਿਤਾ ਦਾ ਗਿਆਨ ਵੀ ਉਨ੍ਹਾਂ ਨੂੰ ਸਹਜੇ ਹੀ ਦੇ ਦਿੱਤਾ। ਵਿਦਿਆ ਤੇ ਗਿਆਨ ਪ੍ਰਾਪਤੀ ਦੇ ਨਾਲ ਜੀਵਨ ਦੀ ਪੁਸਤਕ ਦੇ ਹਰ ਪੰਨੇ ਨੂੰ ਭਾਈ ਸਾਹਿਬ ਨੇ ਜਗਿਆਸੂ ਵਿਦਿਆਰਥੀ ਦੇ ਸਮਾਨ ਪੜ੍ਹਿਆ। ਵਿਦਿਆ ਪ੍ਰਾਪਤੀ ਦੇ ਸਮੇਂ ਹੀ 1889 ਈ. ਵਿਚ 17 ਸਾਲ ਦੀ ਆਯੂ ਵਿਚ ਭਾਈ ਸਾਹਿਬ ਦੀ ਸ਼ਾਦੀ ਕਰ ਦਿੱਤੀ ਗਈ। ਸਿਖਿਆ ਸੰਬੰਧੀ ਪਰੀਖਿਆਵਾਂ ਤੋਂ ਮੁਕਤੀ ਪ੍ਰਾਪਤ ਕਰਕੇ ਉਨ੍ਹਾਂ ਨੂੰ ਆਪਣੇ ਵਿਅਕਤਿਤਵ ਨੂੰ ਸੰਸਕਾਰਾਂ ਅਤੇ ਵਾਤਾਵਰਣ ਦੇ ਅਨੁਸਾਰ ਵਿਕਸਾਉਣ ਦੀ ਖੁਲ੍ਹ ਪ੍ਰਾਪਤ ਹੋ ਗਈ।

<u>ਵਿਹਾਰ</u>—

ਵਿਦਿਆ ਵਿਚ ਭਾਈ ਸਾਹਿਬ ਕਾਫ਼ੀ ਹੁਸ਼ਿਆਰ ਸਨ। ਉਨ੍ਹਾਂ ਦੇ ਪਿਤਾ ਬੜੇ ਬਾਰਸੂਖ ਵਿਅਕਤੀ, ਨਾਨਾ ਗਿਆਨੀ ਹਜ਼ਾਰਾ ਸਿੰਘ ਲੜਕੀਆਂ ਦੇ ਸਕੂਲਾਂ ਦੇ ਇਨਸਪੈਕਟਰ ਅਤੇ ਮਾਮਾ ਸ. ਆਇਆ ਸਿੰਘ ਐਕਸਟਰਾ ਅਸਿਸਟੈਂਟ ਕਮਿਸ਼ਨਰ ਸਨ, ਜਿਨ੍ਹਾਂ ਦੀ ਸਹਾਇਤਾ ਨਾਲ ਭਾਈ ਸਾਹਿਬ ਨੂੰ ਚੰਗੀ ਨੌਕਰੀ ਪ੍ਰਾਪਤ ਕਰਨ ਲਈ ਕੋਈ ਦਿੱਕਤ ਨਹੀਂ ਹੋ ਸਕਦੀ ਸੀ। ਇੱਥੋਂ ਤਕ ਹੋਇਆ ਵੀ ਕਿ ਉਨ੍ਹਾਂ ਦੀ ਲਿਆਕਤ ਤੇ ਰਸੂਖ ਦੇ ਕਾਰਨ ਨਾਇਬ ਤਸੀਲਦਾਰੀ ਲਈ ਚਿੱਠੀ ਵੀ ਆ ਗਈ, ਪਰ ਉਨ੍ਹਾਂ ਦੀ ਰੁਚੀ ਸੁਤੰਤ੍ਰ ਕਾਰ- ਵਿਹਾਰ ਦੀ ਸੀ।[30] 1892 ਈ. ਵਿਚ ਉਨ੍ਹਾਂ ਨੇ ਉਰਦੂ ਲੁਗਾਤ, ਜੁਗਰਾਫ਼ੀਆ ਤੇ ਬੱਚਿਆਂ ਲਈ ਕੁਝ ਪਾਠ- ਪੁਸਤਕਾਂ ਲਿਖੀਆਂ।[31] ਫਿਰ ਇਸੇ ਸਾਲ ਉਨ੍ਹਾਂ ਨੇ ਆਪਣੇ ਪਿਤਾ ਦੇ ਇਕ ਮਿੱਤ੍ਰ ਭਾਈ ਵਜ਼ੀਰ ਸਿੰਘ ਨਾਲ ਮਿਲ ਕੇ ਛਾਪਾਖ਼ਾਨਾ ਲਾਉਣ ਦਾ ਉਦਮ ਕੀਤਾ। ਉਸ ਸਮੇਂ ਟਾਈਪ ਨਹੀਂ ਸਨ ਬਣੇ, ਪੱਥਰਾਂ ਦੇ ਛਾਪੇਖ਼ਾਨੇ ਹੁੰਦੇ ਸਨ। ਉਰਦੂ ਪੰਜਾਬੀ ਲਿੱਥੋ ਦੁਆਰਾ ਹੀ ਛਾਪੀ ਜਾਂਦੀ ਸੀ। ਪਹਲੇ ਛਪਾਈ ਵਾਲਾ ਇਕ ਪੱਥਰ

---

30. ਗਿਆਨੀ ਮਹਾਂ ਸਿੰਘ, ਭਾਈ ਸਾਹਿਬ ਡਾ. ਵੀਰ ਸਿੰਘ ਜੀ ਦਾ ਸੰਖਿਪ ਜੀਵਨ, ਪੰਨਾ- 23

31. ਸੰਤ ਸਿੰਘ ਸੇਖੋਂ, ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁਗ, ਪੰਨਾ- 18.

ਖਰੀਦਿਆ ਤੇ ਕੰਮ ਸ਼ੁਰੂ ਕਰ ਦਿੱਤਾ। ਕਮਾਈ ਛਾਪੇਖ਼ਾਨੇ ਵਿਚ ਹੀ ਪਾ ਕੇ ਇਕ ਹੋਰ ਪੱਥਰ ਖਰੀਦਿਆ ਅਤੇ ਇਸ ਤੋਂ ਬਾਅਦ ਛੇਤੀ ਹੀ ਤਿੰਨ,ਚਾਰ,ਪੰਜ ਤੇ ਛੇ ਪੱਥਰਾਂ ਦਾ ਪ੍ਰੈਸ ਆਪਣਾ ਬਣਾ ਲਇਆ। ਛਾਪੇਖ਼ਾਨੇ ਦਾ ਨਾਉਂ ਆਪਣੇ ਸਾਂਝੀ ਸ. ਵਜ਼ੀਰ ਸਿੰਘ ਦੇ ਨਾਂ ਤੇ 'ਵਜ਼ੀਰ ਹਿੰਦ ਪ੍ਰੈਸ' ਰੱਖਿਆ। ਇਹ ਛਾਪਾਖ਼ਾਨਾ ਮੁੱਢ ਵਿਚ ਸਕੰਦਰ ਖ਼ਾਂ ਦੇ ਤਬੇਲੇ ਵਿਚ ਹੁੰਦਾ ਸੀ ਤੇ ਪਿੱਛੋਂ ਮੰਡੀ ਹਾਲ ਬਾਜ਼ਾਰ,ਅੰਮ੍ਰਿਤਸਰ ਵਿਚ ਆ ਗਇਆ।[32] ਮਗਰੋਂ ਫਿਰ ਜਦ ਟਾਈਪ ਬਣੇ, ਟਾਈਪ ਦੀਆਂ ਮਸ਼ੀਨਾਂ ਲਾਈਆਂ ਤੇ ਇਹ ਪ੍ਰੈਸ ਅੰਮ੍ਰਿਤਸਰ ਦਾ ਕਾਫ਼ੀ ਵੱਡਾ ਪ੍ਰੈਸ ਗਿਣਿਆ ਜਾਣ ਲੱਗਾ।[33]

ਇਵੇਂ ਆਪਣੇ ਵਿਹਾਰ ਨੂੰ ਸ਼ੁਰੂ ਕਰਕੇ ਆਪਣੇ ਸਮੇਂ ਦੇ ਹਾਲਾਤ ਨੂੰ ਮੁੱਖ ਰੱਖਦਿਆਂ ਕਲਮੀ ਸੇਵਾ ਨੂੰ ਭਾਈ ਸਾਹਿਬ ਨੇ ਜੀਵਨ ਦਾ ਨਿਸ਼ਾਨਾ ਮਿੱਥ ਲਇਆ। ਉਨ੍ਹਾਂ ਦੇ ਪਿਤਰੀ- ਧਨ ਵਿਚ ਦੀਵਾਨ ਕੌੜਾ ਮਲ ਦੀ ਰਾਜਸੀ ਮਹੱਤਤਾ,ਬਾਬਾ ਕਾਹਨ ਸਿੰਘ ਦਾ ਸਾਧੂਤਵ ਤੇ ਵਿਦਵਤਾ,ਡਾ. ਚਰਨ ਸਿੰਘ ਜੀ ਦਾ ਪੁਰਾਤਨ-ਸਹ- ਆਧੁਨਿਕ ਬੁੱਧੀ ਜੀਵਤਾ ਤੇ ਨਾਨਾ ਗਿਆਨੀ ਹਜ਼ਾਰਾ ਸਿੰਘ ਦੇ ਪਰਮਾਰਥਕ ਗਿਆਨ ਦੇ ਪ੍ਰਧਾਨ ਅੰਸ਼ ਸਮਿਲਤ ਸਨ।[34] ਇਹ ਮੰਨੀ ਹੋਈ ਸਚਾਈ ਹੈ ਕਿ ਬੱਚਾ ਮਾਤਾ ਪਿਤਾ ਦੀ ਰੁਚੀ ਅਰੁਚੀ,ਜਾਤੀ ਅਤੇ ਸਮਾਜਗਤ- ਚੇਤਨਾ ਅਤੇ ਧਾਰਮਿਕ ਆਚਰਣਾਂ ਨੂੰ ਸਹਜੇ ਹੀ ਗ੍ਰਹਣ ਕਰ ਲੈਂਦਾ ਹੈ।[35] ਵੱਡਾ ਹੋ ਕੇ ਜਦ ਉਹ ਸਵਤੰਤ੍ਰ ਵਿਚਾਰ ਬਣਾਂਦਾ ਹੈ, ਉਦੋਂ ਵੀ ਆਰੰਭਕ ਵਿਚਾਰਧਾਰਾ ਬਣੀ ਰਹਿੰਦੀ ਹੈ ਅਤੇ ਇਹ ਉਸ ਦੀ ਸੰਪੂਰਣ ਚੇਤਨਾ ਦਾ ਮੂਲ ਆਧਾਰ ਬਣਦੀ ਹੈ। ਇਸ ਪ੍ਰਕਾਰ ਦੇਖਿਆ ਜਾਏ ਤਾਂ ਸਪਸ਼ਟ ਹੈ ਕਿ ਕਿਸੇ ਵਿਅਕਤੀ ਦੀਆਂ ਸੁਭਾਵਿਕ ਪ੍ਰਤੀਤ ਹੋਣ ਵਾਲੀਆਂ ਧਾਰਣਾਵਾਂ ਵਧੇਰੇ ਪਰੰਪਰਾਗਤ ਹੀ ਹੁੰਦੀਆਂ ਹਨ।

ਭਾਈ ਸਾਹਿਬ ਉਤੇ ਵੀ ਆਪਣੇ ਵਿਰਸੇ ਅਤੇ ਵਾਤਾਵਰਣ ਨੇ,ਜਿਸ ਵਿਚ ਉਨ੍ਹਾਂ ਨੇ ਪਰਵਰਸ਼ ਪਾਈ ਸੀ, ਨੇ ਇਕ ਹੁੱਬ ਪੈਦਾ ਕੀਤੀ ਕਿ ਉਹ ਕਲਮੀ ਸੇਵਾ ਰਾਹੀਂ ਆਪਣੀ ਜਾਤੀ,ਰਾਸ਼ਟ੍ਰ, ਵਿਸ਼ਵ ਤੇ ਮਾਨਵ ਦੀ ਸੇਵਾ ਕਰਨ। ਉਸ ਸਮੇਂ ਬਦੇਸ਼ੀ ਰਾਜ ਕਾਰਨ ਲੋਕਾਂ ਦੀ ਹਾਲਤ ਵਿਗੜੀ ਹੋਈ ਸੀ। ਸਿੱਖ ਮੱਤ ਨੂੰ ਵਿਸ਼ੇਸ਼ ਢਾਹ ਲਗ ਰਹੀ ਸੀ। ਈਸਾਈ ਮਿਸ਼ਨਰੀਆਂ ਤੇ ਆਰੀਆ ਸਮਾਜ ਦੇ ਪ੍ਰਚਾਰ ਦੇ ਪ੍ਰਤਿਕਰਮ ਵਜੋਂ ਸਿੰਘ ਸਭਾ ਲਹਰ ਦੇ ਅਸਰ ਹੇਠਾਂ ਧਰਮ ਤੇ ਜਾਤੀ- ਸੁਧਾਰ ਦਾ ਕੰਮ ਹੋ ਰਹਿਆ ਸੀ। ਭਾਈ ਸਾਹਿਬ ਦੇ ਪਿਤਾ ਤੇ ਨਾਨਾ ਇਸ ਲਹਰ ਦੇ ਕੰਮਾਂ ਵਿਚ ਵਿਸ਼ੇਸ਼ ਸਹਯੋਗ ਦੇ ਰਹੇ ਸਨ। ਅਜੇਹੇ ਵਾਤਾਵਰਣ ਵਿਚ ਭਾਈ ਸਾਹਿਬ ਨੇ ਪਹਲੇ ਉਸ ਸਾਹਿਤ ਦੀ ਲੋੜ ਨੂੰ ਅਨੁਭਵ ਕੀਤਾ ਜੋ ਸਿੱਖੀ ਤੇ ਭਾਰਤੀ

---

32. ਧਨੀ ਰਾਮ ਚਾਤ੍ਰਿਕ,ਮੇਰੀ ਜੀਵਨੀ,ਚਾਤ੍ਰਿਕ ਅਭਿਨੰਦਨ ਗ੍ਰੰਥ,1950.

33. ਗਿਆਨੀ ਮਹਾਂ ਸਿੰਘ,ਭਾਈ ਵੀਰ ਸਿੰਘ ਜੀ ਦਾ ਸੰਖੇਪ ਜੀਵਨ,ਪੰਨਾ 24.

34. ਸੰਤ ਸਿੰਘ ਸੇਖੋਂ,ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁਗ, ਪੰਨਾ- 16

35. " The every day utterances, the likes and dislikes of his ( child's ) parents, their social and caste feelings, their religious persuations are absorbed by him."
( F.Galton, Inquiries into Human Faculty, Second Edition,P.149)

ਦਰਸ਼ਨ ਦੇ ਆਦਰਸ਼ਾਂ ਦੀ ਸ਼੍ਰੋਮਣਤਾ ਨੂੰ ਪ੍ਰਦੀਪਤ ਕਰਕੇ ਡੋਲ ਰਹੇ ਹਿਰਦਿਆਂ ਵਿਚ ਆਪਣੀ ਪਰੰਪਰਾ ਤੇ ਮਹਾਨ ਵਿਰਸੇ ਦੀ ਉੱਤਮਤਾ ਦਾ ਫ਼ਖ਼ਰ ਜਗਾ ਕੇ ਸਰਬ- ਸਾਧਾਰਣ ਨੂੰ ਆਪਣੇ ਆਦਰਸ਼ ਲਈ ਅਡੋਲਤਾ ਤੇ ਦ੍ਰਿੜ੍ਹਤਾ ਬਖ਼ਸ਼ ਸਕੇ।

ਇਨ੍ਹਾਂ ਆਸ਼ਿਆਂ ਨੂੰ ਲੈ ਕੇ 1849 ਈ. ਵਿਚ ਭਾਈ ਸਾਹਿਬ ਨੇ ਆਪਣੇ ਮਿੱਤ੍ਰ ਸ. ਕੌਰ ਸਿੰਘ ਧੁਪੀਏ ਦੇ ਸਪੁਤ੍ਰ ਸ. ਸਾਧੂ ਸਿੰਘ ਧੁਪੀਏ ਨਾਲ ਮਿਲ ਕੇ 'ਖ਼ਾਲਸਾ ਟ੍ਰੈਕਟ ਸੋਸਾਇਟੀ'ਦੀ ਨੀਂਹ ਰੱਖੀ ਅਤੇ ਛੋਟੇ ਛੋਟੇ ਟ੍ਰੈਕਟ ਲਿਖ ਕੇ ਕੌਮ ਵਿਚ ਪ੍ਰਚਾਰ ਦਾ ਸਿਲਸਿਲਾ ਸ਼ੁਰੂ ਕੀਤਾ।[36] ਇਸ ਤੋਂ ਬਾਅਦ ਨਵੰਬਰ, 1899 ਈ. ਨੂੰ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਕੱਤਕ ਪੂਰਨਮਾਸ਼ੀ ਦੇ ਦਿਨ ਆਪਣਾ ਸਪਤਾਹਕ 'ਖ਼ਾਲਸਾ ਸਮਾਚਾਰ' ਆਰੰਭ ਕੀਤਾ, ਜਿਸ ਦੁਆਰਾ ਪੰਥਕ ਸਮਾਚਾਰ ਪ੍ਰਸਾਰਿਤ ਕਰਨ ਦੇ ਨਾਲ ਸਿੱਖੀ ਅਸੂਲਾਂ ਦਾ ਪ੍ਰਤਿਪਾਦਨ,ਗੁਰਬਾਣੀ ਤੇ ਗੁਰਮਤਿ ਦੀ ਸਿਖਿਆ ਪ੍ਰਚਾਰਨ ਦਾ ਕਾਰਜ ਸ਼ੁਰੂ ਕੀਤਾ।[37]

ਇਸ ਤਰ੍ਹਾਂ ਕਲਮੀ ਸੇਵਾ ਭਾਈ ਸਾਹਿਬ ਦੇ ਜੀਵਨ ਦਾ ਆਦਰਸ਼ ਅਤੇ ਵਿਹਾਰ ਬਣ ਗਈ। ਹਾਲ ਬਾਜ਼ਾਰ,ਅੰਮ੍ਰਿਤਸਰ ਵਿਚ ਜੋ ਉਨ੍ਹਾਂ ਦਾ ਪ੍ਰੈਸ ਸੀ, ਉਸੇ ਦੀ ਪਹਲੀ ਮੰਜ਼ਲ ਤੇ ਉਨ੍ਹਾਂ ਦਾ ਦਫ਼ਤਰ ਸੀ,ਜਿਸ ਵਿਚ ਉਹ ਹੋਰ ਕੰਮਾਂ ਦੇ ਨਾਲ ਲਿਖਤ ਦਾ ਕੰਮ ਵੀ ਕਰਦੇ ਸਨ। ਉੱਥੇ ਹੀ ਉਨ੍ਹਾਂ ਦੀ ਰਿਹਾਇਸ਼ ਸੀ। 1930 ਦੇ ਕਰੀਬ ਲਾਰੰਸ ਰੋਡ ਵਾਲੀ ਕੋਠੀ ਖਰੀਦਣ ਤੇ ਉਨ੍ਹਾਂ ਨੇ ਰਿਹਾਇਸ਼ ਨਵੀਂ ਕੋਠੀ ਵਿਚ ਤਬਦੀਲ ਕਰ ਲਈ। ਉਨ੍ਹਾਂ ਨੇ ਮਿਹਨਤ ਤੇ ਸਿਆਣਪ ਨਾਲ ਆਪਣੇ ਸਿੱਖ ਧਾਰਮਿਕ ਸਾਹਿਤ ਅਤੇ ਨਿਰੋਲ ਸਾਹਿਤਿਕ ਰਚਨਾਵਾਂ ਨੂੰ ਲੋਕਾਂ ਵਿਚ ਇਤਨਾ ਹਰਮਨ ਪਿਆਰਾ ਬਣਾਇਆ ਕਿ ਉਨ੍ਹਾਂ ਦੀਆਂ ਸਭ ਤਰ੍ਹਾਂ ਦੀਆਂ ਰਚਨਾਵਾਂ ਬਹੁਤ ਵਡੀ ਗਿਣਤੀ ਵਿਚ ਵਿਕਣ ਲਗੀਆਂ। 1908 ਈ. ਵਿਚ ਉਨ੍ਹਾਂ ਨੇ ਕੁਝ ਮਿੱਤ੍ਰਾਂ ਦੇ ਸਹਯੋਗ ਨਾਲ ਮਿਲ ਕੇ ' ਦੀ ਪੰਜਾਬ ਐਂਡ ਸਿੰਧ ਬੈਂਕ' ਦੀ ਸਥਾਪਣਾ ਕੀਤੀ, ਜੋ ਹੁਣ ਤਕ ਚਲ ਰਹਿਆ ਹੈ। ਇਵੇਂ ਉਹੋ ਪੱਧਰ ਦੇ ਕਾਰੋਬਾਰ ਨਾਲ ਸੰਬੰਧਿਤ ਹੋ ਜਾਣ ਤੇ ਉਹ ਆਰਥਿਕ ਤੋਰ ਤੇ ਸੁਰੱਖਿਅਤ ਹੋ ਗਏ, ਜਿਸ ਨੇ ਉਨ੍ਹਾਂ ਨੂੰ ਰਚਨਾਤਮ ਜੀਵਨ ਅਪਣਾਉਣ ਵਿਚ ਬੜੀ ਸਹਾਇਤਾ ਕੀਤੀ।

## ਅੰਮ੍ਰਿਤਸਰ ਦਾ ਪਿਆਰ--

ਭਾਈ ਸਾਹਿਬ ਨੂੰ ਗੁਰੂ ਦੀ ਨਗਰੀ ਅੰਮ੍ਰਿਤਸਰ ਨਾਲ ਵਿਸ਼ੇਸ਼ ਪ੍ਰੇਮ ਸੀ। ਇਸ ਦੇ ਸੰਸਕ੍ਰਿਤਕ ਵਾਤਾਵਰਣ ਵਿਚ ਉਹ ਪਲੇ ਸਨ। ਦਰਬਾਰ ਸਾਹਿਬ ਦਾ ਪਵਿੱਤ੍ਰ ਤੇ ਰੂਹਾਨੀ ਕੀਰਤਨ ਦੀ ਧੁਨੀ-ਭਰਪੂਰ ਵਾਯੂਮੰਡਲ ਉਨ੍ਹਾਂ ਨੂੰ ਮੁਗਧ ਕਰ ਦਿੰਦਾ ਸੀ। ਦੂਰ ਦੂਰ ਤੋਂ ਆਏ ਨਰ- ਨਾਰੀ ਜਦ ਦਰਬਾਰ ਸਾਹਿਬ ਦੇ ਦਰਸ਼ਨਾਂ ਤੋਂ ਮੁੜਦੇ ਸਨ ਤਾਂ ਭਾਈ ਸਾਹਿਬ ਦਾ ਕਾਵਿ- ਹਿਰਦਾ ਉਨ੍ਹਾਂ ਦੀ ਧਰਮ- ਭਾਵਨਾ ਵੇਖ ਕੇ ਝੂਮ ਉਠਦਾ ਸੀ।

---

36. ਖ਼ਾਲਸਾ ਟ੍ਰੈਕਟ ਸੋਸਾਇਟੀ ਵਲੋਂ ਹੁਣ ਤਕ 1200 ਤੋਂ ਉਤੇ ਟ੍ਰੈਕਟ ਛਪ ਚੁੱਕੇ ਹਨ।
37. ਗਿਆਨੀ ਮਹਾਂ ਸਿੰਘ,ਭਾਈ ਵੀਰ ਸਿੰਘ ਜੀ ਦਾ ਸੰਖੇਪ ਜੀਵਨ, ਪੰਨਾ- 27.

**ਸਭਿਆਚਾਰਸ਼ੀਲ( Cultured ) ਵਿਅਕਤਿਤਵ -**

ਭਾਈ ਸਾਹਿਬ ਦਾ ਪਰਿਵਾਰ ਸਭਿਆਚਾਰਸ਼ੀਲ ਸੀ। ਭਾਈ ਸਾਹਿਬ ਦਾ ਵਿਅਕਤਿਤਵ ਵੀ ਇਸੇ ਆਧਾਰ ਤੇ ਸਭਿਆਚਾਰਸ਼ੀਲ ਬਣਿਆ, ਪਰ ਆਧੁਨਿਕ ਭਾਰਤ ਦੀ ਨਵੀਂ ਸੰਸਕ੍ਰਿਤਕ ਪਰੰਪਰਾ ਤੋਂ ਵੀ ਉਹ ਪ੍ਰਭਾਵਿਤ ਹੋਇਆ। ਇਸੇ ਕਰਕੇ ਮਾਨਵ ਸੁਭਾਵ, ਵਿਚਾਰਧਾਰਾ, ਧਰਮ, ਸੰਸਕ੍ਰਿਤੀ ਅਤੇ ਰਾਸ਼ਟਰੀ ਚੇਤਨਾ ਦੀ ਅਭਿਵਿਅਕਤੀ ਕਰਦਿਆਂ ਵੀ ਉਹ ਸਾਰੀ ਵਿਦਵਤਾ ਨੂੰ ਉਦਾਰਤਾ ਨਾਲ ਗ੍ਰਹਣ ਕਰ ਸਕੇ ਸਨ। ਉਨ੍ਹਾਂ ਦਾ ਵਿਅਕਤਿਤਵ ਹੀ ਐਸਾ ਬਣ ਗਿਆ ਸੀ ਜੋ ਵਿਵਾਦ ਦੀ ਭੂਮੀ ਤੇ ਨਹੀਂ, ਸਮਨਵਯ(Synthesis) ਦੇ ਧਰਾਤਲ ਤੇ ਵਿਸ਼ਵ ਦੀ ਅਨੇਕਤਾ ਨੂੰ ਅਤਿਅੰਤ ਉਦਾਰਤਾ ਪੂਰਵਕ ਢੰਗ ਨਾਲ ਅਪਣਾ ਸਕਿਆ ਸੀ ਤੇ ਇਸ ਵਿਚ ਏਕਤਾ ਦੀ ਅਨੁਭੂਤੀ ਕਰ ਸਕਿਆ ਸੀ। ਭਾਈ ਸਾਹਿਬ ਦੀਆਂ ਮੂਲ ਧਾਰਣਾਵਾਂ ਦ੍ਰਿੜ੍ਹ ਸਨ, ਪਰ ਉਹ ਵਿਰੋਧ ਲਈ ਵਿਰੋਧ ਕਰਨ ਵਾਲੇ ਹਠ-ਧਰਮੀ ਨਹੀਂ ਸਨ। ਉਨ੍ਹਾਂ ਦੇ ਆਧਾਰ-ਭੂਤ ਸਿੱਧਾਂਤ ਭਾਵੇਂ ਸਥਿਰ ਸਨ ਪਰ ਵਿਸ਼ੇਸ਼ ਅਵਸਰ ਤੇ ਸੰਸ਼ੋਧਨ ਤੇ ਵਿਕਾਸ ਦੇ ਗੁਣ ਵੀ ਮਿਲਦੇ ਹਨ। ਇਹੋ ਬੁੱਧੀਮਾਨ ਵਿਅਕਤੀ ਦੇ ਲੱਛਣ ਹੁੰਦੇ ਹਨ।[39]

ਭਾਈ ਸਾਹਿਬ ਅਧਿਆਤਮਿਕ ਜੀਵਨ ਵਿਚ ਦਾ ਪੂਰਨ ਅਨੰਦ ਲੈਂਦੇ ਸਨ। ਉਹ ਗੁਰਸਿੱਖ ਸਨ ਅਤੇ ਗੁਰਮਤਿ ਦੇ ਅਨੁਸਾਰ 'ਸਹਜ- ਅਨੰਦ' ਦੀ ਖੋਜ ਵਿਚ ਕਿਰਿਆਸ਼ੀਲ ਰਹੇ ਸਨ। ਇਸ ਅਨੰਦ- ਭਾਵਨਾ ਨੇ ਉਨ੍ਹਾਂ ਨੂੰ ਜੀਵਨ ਦੇ ਪ੍ਰਤਿ 'ਖੇੜੇ' ਦੇ ਰੂਪ ਵਿਚ ਇਕ ਸਰਸ ਤੇ ਮੰਗਲਮਈ ਦ੍ਰਿਸ਼ਟੀਕੋਣ ਦਿੱਤਾ ਸੀ। ਉਨ੍ਹਾਂ ਦੀ ਸਾਰੀ ਕਵਿਤਾ ਇਸੇ ਅਨੰਦ ਦੀ ਖੋਜ ਦੀ ਪ੍ਰਤੀਕ ਹੈ।

ਭਾਈ ਸਾਹਿਬ ਆਂਤਰਿਕ ਜੀਵਨ ਵਿਚ ਅਧਿਐਨਸ਼ੀਲ, ਚਿੰਤਨਸ਼ੀਲ ਅਤੇ ਗੰਭੀਰ ਵਿਅਕਤੀ ਸਨ। ਉਨ੍ਹਾਂ ਨੂੰ ਕਿਸੇ ਗੱਲ ਦਾ ਅਭਿਮਾਨ ਨਹੀਂ ਸੀ। ਵਿਦਿਆ, ਬਲ, ਬੁੱਧੀ, ਵੈਭਵ, ਰੂਪ, ਸ਼ੋਭਾ, ਕਲਾ- ਕੌਸ਼ਲ ਸਭ ਕੁਝ ਨੂੰ ਪ੍ਰਾਪਤ ਕਰਕੇ ਵੀ ਉਹ ਇਨ੍ਹਾਂ ਸਭ ਤੋਂ ਨਿਰਲੇਪ ਵਿਚਰਦੇ ਸਨ। ਉਨ੍ਹਾਂ ਦੇ ਹਰੇਕ ਵਿਵਹਾਰ ਵਿਚ ਨਿਰਸਵਾਰਥ ਪ੍ਰੇਮ ਦਾ ਅੰਸ਼ ਪ੍ਰਾਪਤ ਹੁੰਦਾ ਹੈ। ਉਨ੍ਹਾਂ ਵਿਚ ਕੇਵਲ ਪਰਿਵਾਰ- ਪ੍ਰੇਮ ਤੇ ਮਿੱਤ੍ਰ- ਪ੍ਰੇਮ ਹੀ ਨਹੀਂ, ਆਪਣੇ ਦੇਸ਼, ਸਮਾਜ, ਸਾਹਿਤ, ਸੰਸਕ੍ਰਿਤੀ ਤੇ ਧਰਮ ਦੇ ਪ੍ਰਤਿ ਵੀ ਅਗਾਧ ਅਨੁਰਾਗ ਭਰਿਆ ਹੋਇਆ ਸੀ। ਆਪਣੀ ਪ੍ਰਾਚੀਨ ਸਭਿਅਤਾ ਦੇ ਉਹ ਭਗਤ ਸਨ ਤੇ ਇਹੀ ਭਗਤੀ ਉਨ੍ਹਾਂ ਦੇ ਰਹਣ-ਸਹਣ ਅਤੇ ਸੁਭਾਵ ਦੀ ਸਾਦਗੀ ਦੇ ਰੂਪ ਵਿਚ ਸਾਡੇ ਸਾਮ੍ਹਣੇ ਆਉਂਦੀ ਹੈ।

**ਪ੍ਰਕ੍ਰਿਤੀ ਪ੍ਰੇਮ-**

ਭਾਈ ਸਾਹਿਬ ਨੂੰ ਕਾਦਰ ਦੇ ਨਾਲ ਕਾਦਰ ਦੀ ਕੁਦਰਤ ਨਾਲ ਵੀ ਅਥਾਹ ਪਿਆਰ ਸੀ। ਪ੍ਰਕ੍ਰਿਤੀ ਦੀ ਸੁੰਦਰਤਾ, ਜਿੱਥੇ ਉਨ੍ਹਾਂ ਨੂੰ ਮੁਗਧ ਕਰ ਦਿੰਦੀ ਸੀ, ਉਥੇ ਨਾਲ ਹੀ ਉਨ੍ਹਾਂ ਨੂੰ ਸਿਰਜਨਾਤਮਿਕ

---

39. " The wise man combines firmness in ruling principles with a certain modifiability of a particular decision". ( DR. James Sully, The Human Mind, 1892, Vol. II, P. 263)

ਆਦੇਸ਼ ਪ੍ਰਦਾਨ ਕਰਦੀ ਸੀ। ਉਨ੍ਹਾਂ ਦੀਆਂ ਲਾਰੰਸ ਰੋਡ, ਅੰਮ੍ਰਿਤਸਰ ਅਤੇ 'ਪੰਚਵਟੀ', ਪ੍ਰੀਤਮ ਰੋਡ, ਡੇਹਰਾਦੂਨ ਵਾਲੀਆਂ ਕੋਠੀਆਂ, ਸੁੰਦਰ ਬਾਗ਼, ਬਗੀਚਿਆਂ, ਵੇਲਾਂ, ਬੂਟਿਆਂ ਅਤੇ ਰੰਗ-ਸੁਗੰਧੀ ਫੁੱਲਾਂ ਦੇ ਝੁਰਮਟ ਵਿਚ ਘਿਰੀਆਂ ਹੋਈਆਂ ਸਨ। ਪਹਾੜਾਂ ਦੀ ਸੁੰਦਰਤਾ ਨਾਲ ਭਾਈ ਸਾਹਿਬ ਦਾ ਵਿਸ਼ੇਸ਼ ਮੋਹ ਸੀ। ਪੌਣ-ਪਾਣੀ ਬਦਲਣ ਲਈ ਅਤੇ ਕਲਾਤਮਿਕ ਸਿਰਜਣਾ ਲਈ ਉਹ ਨੈਨੀਤਾਲ, ਕਸੌਲੀ, ਮਸੂਰੀ, ਕਸ਼ਮੀਰ, ਸ਼ਿਮਲੇ ਆਦਿਕ ਆਮ ਜਾਂਦੇ ਸਨ।

ਸੰਗੀਤ-ਪ੍ਰੇਮ

ਭਾਈ ਸਾਹਿਬ ਨੂੰ ਸੰਗੀਤ ਨਾਲ ਵੀ ਬੜਾ ਪ੍ਰੇਮ ਸੀ। ਗੁਰਬਾਣੀ ਦਾ ਕੀਰਤਨ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਕੀਲਦਾ ਸੀ। ਚੰਗੇ ਰਾਗੀਆਂ ਦੇ ਉਹ ਬੜੇ ਕਦਰਦਾਨ ਸਨ ਅਤੇ ਉਨ੍ਹਾਂ ਨੂੰ ਭਾਰਾ ਪੁਰਸਕਾਰ ਦਿੰਦੇ ਸਨ। ਆਪਣੇ ਘਰ ਵਿਚ ਵੀ ਕੀਰਤਨ-ਸਮਾਗਮ ਆਮ ਕਰਾਉਂਦੇ ਸਨ। ਸੰਗੀਤ-ਵਿਦਿਆ ਦੀ ਉਨ੍ਹਾਂ ਨੇ ਕੁਝ ਸਿਖਿਆ ਵੀ ਪ੍ਰਾਪਤ ਕੀਤੀ ਸੀ। ਇਸੇ ਦੀ ਸਹਾਇਤਾ ਨਾਲ ਉਹ ਆਪਣੇ ਧਾਰਮਿਕ ਸੰਗੀਤਕ-ਗੀਤਾਂ ਨੂੰ ਰਾਗਾਂ ਦੇ ਅਨੁਸਾਰ ਸੁਰ-ਲਿੱਪੀ ਬੱਧ ਕਰਕੇ ਪੇਸ਼ ਕਰ ਸਕੇ ਸਨ।

ਸਮਾਜਿਕ ਤੇ ਰਾਜਨੀਤਕ ਜੀਵਨ-

ਭਾਈ ਸਾਹਿਬ ਦਾ ਜੀਵਨ ਇਕ ਸਾਧਕ ਵਾਲਾ, ਧਾਰਮਿਕ ਤੇ ਸੰਗੀਤਾ ਜੀਵਨ ਸੀ। ਉਹ ਚੁੱਪ ਤੇ ਠੋਸ ਕੰਮ ਨੂੰ ਚੰਗਾ ਸਮਝਦੇ ਸਨ। ਰਚਨਾਤਮਕ ਜੀਵਨ ਦੇ ਨਾਲ ਪਿੱਛੇ ਰਹਿ ਕੇ ਸਮਾਜ-ਸੇਵਾ ਦੇ ਕੰਮਾਂ ਵਿਚ ਉਹ ਪੂਰੀ ਦਿਲਚਸਪੀ ਲੈਂਦੇ ਸਨ। ਉਨ੍ਹਾਂ ਕਦੇ ਭਾਸ਼ਨ ਨਹੀਂ ਸਨ ਦਿੱਤੇ, ਸ਼ਾਇਦ ਜੇ ਉਹ ਭਾਸ਼ਨਾਂ ਵੱਲ ਪੈਂਦੇ ਤਾਂ ਇਤਨਾ ਨਿੱਗਰ ਤੇ ਕੀਮਤੀ ਸਾਹਿਤ ਪੈਦਾ ਨਾ ਕਰ ਸਕਦੇ।[40] ਉਹ ਬਹੁਤ ਸਭਾ ਆਦਿ ਵਿਚ ਜਾਣ ਤੋਂ ਵੀ ਸੰਕੋਚ ਕਰਦੇ ਸਨ। ਇਸ ਦਾ ਇਹ ਭਾਵ ਨਹੀਂ ਕਿ ਉਹ ਅਭਿਮਾਨੀ ਸਨ। ਉਹ ਸੰਕੋਚਸ਼ੀਲ ਵਿਅਕਤੀ ਸਨ ਜੋ ਬਹੁਤਾ ਛਾਪੇਖ਼ਾਨੇ ਦੇ ਦਫ਼ਤਰ ਤੇ ਘਰ ਹੀ ਆਪਣੇ ਮਿੱਤ੍ਰਾਂ ਤੇ ਸਨੇਹੀਆਂ ਨਾਲ ਬੈਠ ਕੇ ਵਿਚਾਰ-ਵਿਮਰਸ਼ ਕਰਦੇ ਸਨ।

ਉਨ੍ਹਾਂ ਨੇ ਆਪਣੇ ਮਿੱਤ੍ਰਾਂ ਤੇ ਪੰਥਕ ਨੇਤਾਵਾਂ ਸ. ਸੁੰਦਰ ਸਿੰਘ ਮਜੀਠੀਏ, ਸ. ਤਰਲੋਚਨ ਸਿੰਘ, ਸ. ਹਰਬੰਸ ਸਿੰਘ ਅਟਾਰੀ, ਸ. ਅਤਰ ਸਿੰਘ ਭਦੌੜ, ਭਾਈ ਕਾਹਨ ਸਿੰਘ ਨਾਭਾ ਆਦਿਕ ਨਾਲ ਮਿਲ ਕੇ ਕਈ ਸੰਸਥਾਵਾਂ ਸ਼ੁਰੂ ਕੀਤੀਆਂ। 1902 ਵਿਚ ਚੀਫ਼ ਖ਼ਾਲਸਾ ਦੀਵਾਨ ਦਾ ਮੁੱਢ ਤੇ ਉਸ ਦੀ ਨਿਰੰਤਰ ਕਾਇਮੀ, ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਪ੍ਰਤਿਪਾਲਨਾ ਤੇ [illegible]; 1908 ਵਿਚ ਸੈਂਟ੍ਰਲ ਸਿੱਖ ਅਨਾਥਾਲਯ, ਅੰਮ੍ਰਿਤਸਰ; ਸੈਂਟ੍ਰਲ ਖ਼ਾਲਸਾ ਪ੍ਰਚਾਰਕ ਸਭਾ, ਤਰਨ ਤਾਰਨ; 1912 ਈ. ਵਿਚ ਵਿਧਵਾ ਆਸ਼੍ਰਮ, ਅੰਮ੍ਰਿਤਸਰ; 1915 ਵਿਚ ਖ਼ਾਲਸਾ ਹਸਪਤਾਲ, ਤਰਨ ਤਾਰਨ; 1935 ਵਿਚ ਸੂਰਮਾ ਸਿੰਘ ਆਸ਼੍ਰਮ, ਅੰਮ੍ਰਿਤਸਰ ਤੇ 1943 ਈ. ਵਿਚ ਹੋਮਿਓਪੈਥਿਕ ਹਸਪਤਾਲ, ਅੰਮ੍ਰਿਤਸਰ ਦੀ ਸਥਾਪਨਾ ਵਿਚ ਉਨ੍ਹਾਂ ਦਾ ਵਿਸ਼ੇਸ਼ ਹੱਥ ਹੈ।[41] ਇਨ੍ਹਾਂ ਤੋਂ ਛੁੱਟ

---

40. " Bhai Vir Singh of Amritsar, who fights shy of speaking in big meetings, has neverthless had a strong influence in moulding the new type of man". ( Teja Singh, Essays in Sikhism, P.141)

41. ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ, ਪੰਨਾ-62.

ਗੁਰਦੁਆਰਾ ਹੇਮ ਕੁੰਟ ਤੇ ਗੋਬਿੰਦ ਘਾਟ ਦੀ ਕਾਇਮੀ ਅਤੇ ਕਸ਼ਮੀਰ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਯਾਦ ਵਿਚ 'ਸਿੰਘ ਪੁਰਾ ਗੁਰਦੁਆਰਾ' ਦੀ ਕਾਇਮੀ ਵੀ ਉਨ੍ਹਾਂ ਦੀ ਪ੍ਰੇਰਨਾ ਦਾ ਸਿੱਟਾ ਹੈ।[42]

ਰਾਜਨੀਤਿਕ ਵਿਚਾਰਾਂ ਵਿਚ ਭਾਈ ਸਾਹਿਬ ਪੂਰਨ ਦੇਸ਼ ਪ੍ਰੇਮੀ ਸਨ ਤੇ ਸੰਸਕ੍ਰਿਤਕ ਉਥਾਨ ਦੇ ਅਨੁਯਾਈ ਸਨ। ਭਾਰਤੀ ਸੰਸਕ੍ਰਿਤੀ ਦੇ ਪ੍ਰਤਿ ਮੋਹ ਰਖਦਿਆਂ ਵੀ ਉਹ ਰੂੜ੍ਹੀਵਾਦੀ ਨਹੀਂ ਸਨ। ਜ਼ਾਤਪਾਤ,ਛੂਆਛਾਤ ਤੇ ਪਖੰਡ ਦੇ ਉਹ ਵਿਰੋਧੀ ਸਨ। ਜੀਵਨ ਦੀਆਂ ਸਾਮਿਅਕ ਸਮੱਸਿਆਵਾਂ ਦੇ ਵਿਸ਼ੇ ਵਿਚ ਉਹ ਕਿਸੇ ਵੀ ਮਹਾਨ ਕਲਾਕਾਰ ਦੀ ਭਾਂਤੀ ਜਾਗ੍ਰਿਤ ਰਹਿੰਦੇ ਸਨ।

<u>ਕਵੀ ਜੀਵਨ-</u>

ਭਾਈ ਸਾਹਿਬ ਦੇ ਪਿਤਾ ਬ੍ਰਿਜੀ ਤੇ ਪੰਜਾਬੀ ਦੇ ਕਵੀ, ਵੈਦ ਸ਼ਾਸਤ੍ਰ ਦੇ ਗਿਆਤਾ ਤੇ ਸੰਗੀਤ ਪ੍ਰੇਮੀ ਸਨ ਅਤੇ ਇਹ ਗੁਣ ਉਨ੍ਹਾਂ ਦੇ ਦਾਦਾ ਬਾਬਾ ਕਾਹਨ ਸਿੰਘ ਤੇ ਨਾਨਾ ਗਿਆਨੀ ਹਜ਼ਾਰਾ ਸਿੰਘ ਵਿਚ ਵੀ ਮਿਲਦੇ ਸਨ। ਬਚਪਨ ਵਿਚ ਹੀ ਭਾਈ ਸਾਹਿਬ ਆਪਣੇ ਘਰ ਕਾਵਿ- ਮਹਫ਼ਲਾਂ ਲੱਗੀਆਂ ਵੇਖਦੇ ਸਨ।[43] ਇਨ੍ਹਾਂ ਦਾ ਸਮਿਲਤ ਪ੍ਰਭਾਵ ਉਨ੍ਹਾਂ ਦੇ ਮਨ ਤੇ ਪਇਆ ਅਤੇ ਉਨ੍ਹਾਂ ਦੀ ਕਾਵਿ ਸਫੁਰਣਾ ਸ਼ੁਰੂ ਤੋਂ ਹੀ ਸੋਚ ਪਈ। ਕਾਵਿ ਵਿਚ ਉਨ੍ਹਾਂ ਦੀ ਰੁਚੀ ਮੁੱਢ ਤੋਂ ਹੀ ਸੀ। ਪੜ੍ਹਾਈ ਦੇ ਸਮੇਂ ਉਨ੍ਹਾਂ ਨੂੰ ਅੰਗ੍ਰੇਜ਼ੀ ਦੇ ਕਵੀਆਂ ਤੋਂ ਛੁੱਟ ਉਰਦੂ,ਫ਼ਾਰਸੀ ਦੇ ਕਵੀਆਂ ਦੀਆਂ ਰਚਨਾਵਾਂ ਨੂੰ ਪਾਠ- ਪੁਸਤਕਾਂ ਵਿਚ ਪੜ੍ਹਨ ਦਾ ਅਵਸਰ ਪ੍ਰਾਪਤ ਹੋਇਆ। ਬ੍ਰਿਜੀ- ਸੰਸਕ੍ਰਿਤ ਦਾ ਅਧਿਐਨ ਉਨ੍ਹਾਂ ਦੇ ਸੰਸਕਾਰਾਂ ਵਿਚ ਸੀ। ਘਰੋਗੀ ਸਾਹਿਤਿਕ ਵਾਯੂ- ਮੰਡਲ ਨੇ ਇਸ ਉਤੇਜਨਾ ਨੂੰ ਪ੍ਰਫੁਲਤ ਕਰਨ ਵਿਚ ਹੋਰ ਸਹਾਇਤਾ ਦਿੱਤੀ।ਉਸ ਸਮੇਂ ਸਿੱਖ ਵਿਦਵਾਨ ਕਵੀ ਬ੍ਰਿਜੀ ਵਲ ਵਧੇਰੇ ਰੁਚਿਤ ਸਨ। ਸਿੰਘ ਸਭਾ ਲਹਰ ਦੇ ਪ੍ਰਚਾਰ ਹੇਠ ਪੰਜਾਬੀ ਦੇ ਪੁਨਰ- ਨਿਰਮਾਣ ਤੇ ਜ਼ੋਰ ਦਿੱਤਾ ਜਾ ਰਹਿਆ ਸੀ ਅਤੇ ਸਿੱਖ ਕਵੀ ਪੰਜਾਬੀ ਵਲ ਮੁੜ ਰਹੇ ਸਨ। ਭਾਈ ਸਾਹਿਬ ਦੇ ਬਜ਼ੁਰਗਾਂ ਵਿਚੋਂ ਉਨ੍ਹਾਂ ਦੇ ਦਾਦਾ ਬਾਬਾ ਕਾਹਨ ਸਿੰਘ,ਨਾਨਾ ਗਿਆਨੀ ਹਜ਼ਾਰਾ ਸਿੰਘ ਤੇ ਪਿਤਾ ਡਾ. ਚਰਨ ਸਿੰਘ ਵੀ ਬ੍ਰਿਜੀ ਦੀ ਗੋਦ ਵਿਚੋਂ ਨਿਕਲ ਕੇ ਪੰਜਾਬੀ ਨੂੰ ਅਪਣਾ ਰਹੇ ਸਨ। ਸਿੰਘ ਸਭਾ ਲਹਰ ਦੇ ਧਰਮ ਪ੍ਰਚਾਰ ਅਤੇ ਇਖ਼ਲਾਕੀ ਤੇ ਭਾਈਚਾਰਕ ਸੁਧਾਰ ਦੇ ਆਸ਼ੇ ਤੋਂ ਪ੍ਰਭਾਵਿਤ ਹੋ ਕੇ ਭਾਈ ਸਾਹਿਬ ਨੇ ਪੰਜਾਬੀ ਨੂੰ ਨਿਧੜਕਤਾ ਨਾਲ ਅਪਣਾ ਕੇ ਕਾਵਿ ਰਚਨਾ ਸ਼ੁਰੂ ਕੀਤੀ।

<u>ਕਾਵਿ- ਰਚਨਾਵਾਂ-</u>

<u>ਨਿਨਾਣ ਭਰਜਾਈ ਦਾ ਸਿਖਿਆਦਾਇਕ ਵਾਰਤਾਲਾਪ-</u>

ਭਾਈ ਸਾਹਿਬ ਨੇ ਸਮਾਜ ਸੁਧਾਰ ਦੇ ਆਸ਼ੇ ਨੂੰ ਮੁੱਖ ਰਖਦਿਆਂ 1900 ਈ. ਵਿਚ 'ਨਿਨਾਣ ਭਰਜਾਈ ਦੀ ਸਿਖਿਆਦਾਇਕ ਵਾਰਤਾਲਾਪ' ਨੂੰ ਕਵਿਤਾ ਵਿਚ ਪ੍ਰਕਾਸ਼ਿਤ ਕੀਤਾ।ਇਹ ਰਚਨਾ 1900 ਈ. ਵਿਚ ਛਪਣ ਤੋਂ ਬਾਅਦ 1934 ਈ. ਵਿਚ 'ਖ਼ਾਲਸਾ ਸਮਾਚਾਰ'ਸਪਤਾਹਕ ਵਿਚ ਕਿਸ਼ਤਾਂ ਵਿਚ

---

42. ਗਿਆਨੀ ਮਹਾਂ ਸਿੰਘ,ਭਾਈ ਵੀਰ ਸਿੰਘ ਜੀ ਦਾ ਸੰਖੇਪ ਜੀਵਨ,ਪੰਨਾ- 35-36

43. ਡਾ. ਬਲਬੀਰ ਸਿੰਘ, ਸ੍ਰੀ ਚਰਣ ਹਰਿ ਵਿਸਥਾਰ,ਜਿਲਦ 1,ਸੈਂਚੀ 2,ਪੰਨਾ 48.

ਵੀ ਛਪੀ ਸੀ। ਨਿਰੋਲ ਸੁਧਾਰਵਾਦੀ ਤੇ ਬੈਂਤਾਂ ਵਿਚ ਇਹ ਰਚਨਾ ਭਾਈ ਸਾਹਿਬ ਦੇ ਮੁੱਢਲੇ ਯਤਨਾਂ ਵਿਚੋਂ ਹੈ।

ਰਾਣਾ ਸੂਰਤ ਸਿੰਘ –

ਭਾਈ ਸਾਹਿਬ ਦਾ ਗਤੀਸ਼ੀਲ ਚਰਣ 'ਰਾਣਾ ਸੂਰਤ ਸਿੰਘ' ਨਾਲ ਪ੍ਰਗਟ ਹੁੰਦਾ ਹੈ ਜੋ 1905 ਈ. (ਵੈਸਾਖ ਸੰਮਤ ਗੁਰੂ ਨਾਨਕ ਸ਼ਾਹੀ 436) ਵਿਚ ਟ੍ਰੈਕਟਾਂ ਦੇ ਰੂਪ ਵਿਚ ਪ੍ਰਕਾਸ਼ਿਤ ਹੋ ਕੇ ਦੂਜੀ ਵੇਰ 1919 ਈ.(ਫਗਣ ਸੰ.ਗੁ.ਨ.ਸ਼ਾ. 450) ਵਿਚ ਪੁਸਤਕ ਆਕਾਰ ਵਿਚ ਛਪਿਆ ਸੀ। ਭਾਈ ਸਾਹਿਬ ਸੰਬੰਧੀ ਇੱਥੇ ਇਹ ਗੱਲ ਵਿਸ਼ੇਸ਼ ਧਿਆਨਯੋਗ ਹੈ ਕਿ ਉਨ੍ਹਾਂ ਨੇ ਜਦ ਇਸ ਮਹਾਂਕਾਵਿ ਦੀ ਰਚਨਾ ਕੀਤੀ ਸੀ, ਉਸ ਸਮੇਂ ਉਨ੍ਹਾਂ ਦੀ ਆਯੂ ਮਸਾਂ 33 ਕੁ ਵਰ੍ਹੇ ਸੀ। ਆਮ ਤੌਰ ਤੇ ਮਹਾਂਕਾਵਿ ਦੀ ਰਚਨਾ ਕਵੀ ਪੱਕੀ ਰਸੀ ਉਮਰ ਵਿਚ ਕਰਦੇ ਹਨ,ਪਰ ਭਾਈ ਸਾਹਿਬ ਦੇ ਕਾਵਿ ਦੇ ਮੁੱਢਲੇ ਚਰਣ ਵਿਚ ਹੀ ਮਹਾਂਕਾਵਿ ਦੀ ਰਚਨਾ ਉਨ੍ਹਾਂ ਦੀ ਵਿਸ਼ੇਸ਼ ਕਾਵਿ- ਪ੍ਰਤਿਭਾ ਵਲ ਇਸ਼ਾਰਾ ਕਰਦੀ ਹੈ। ਭਾਈ ਸਾਹਿਬ ਨੇ ਇਸ ਰਾਹੀਂ ਸਾਹਿਤਿਕ ਮਹਾਂਕਾਵਿ ਦੀ ਪ੍ਰਥਾ ਨੂੰ ਪੰਜਾਬੀ ਵਿਚ ਸ਼ੁਰੂ ਕਰਕੇ ਅਤੇ ਸਾਰੀ ਰਚਨਾ ਨੂੰ ਇਕੋ ਸਿਰਖੰਡੀ ਛੰਦ ਵਿਚ ਲਿਖ ਕੇ ਆਪਣੀ ਮੌਲਿਕਤਾ ਅਤੇ ਵਿਸ਼ੇਸ਼ ਕਲਾ- ਕੌਸ਼ਲਤਾ ਦਾ ਪ੍ਰਦਰਸ਼ਨ ਕੀਤਾ ਸੀ।ਇਸ ਵਿਚ ਉਨ੍ਹਾਂ ਨੇ ਜੀਵਨ ਅਤੇ ਅਸਤਿਤਵ ਦੇ ਭਾਵਾਰਥ ਦੀ ਭਾਲ ਵਿਚ ਆਤਮਾ ਦੀ ਅੰਤਰਿਕ ਯਾਤਰਾ ਦਾ ਵਰਣਨ ਕੀਤਾ ਹੈ।

ਲਹਿਰਾਂ ਦੇ ਹਾਰ–

ਭਾਈ ਸਾਹਿਬ ਦੀ ਰਚਨਾ 'ਲਹਿਰਾਂ ਦੇ ਹਾਰ' (ਮਾਰਚ 1928) ਦੋ ਸਮੂਹਾਂ 'ਤ੍ਰੇਲ ਤੁਪਕੇ' (1921) ਦੀਆਂ ਰੁਬਾਈਆਂ, 'ਦਿਲ ਤਰੰਗ'(1922) ਤੇ ਪੰਜ ਲੰਮੇਰੀਆਂ ਕਵਿਤਾਵਾਂ 'ਜੀਵਨ ਕੀ ਹੈ?', 'ਬੁਲਬਲ ਤੇ ਰਾਹੀ', 'ਪੁਸ਼ਪਾਵਤੀ' ਤੇ ਚੰਦ੍ਰਾਵਤ', 'ਬਿਸਮਿਲ ਮੋਰ' ਤੇ 'ਫੁੰਡਿਆ ਤੋਤਾ' ਜੋ ਪਹਿਲਾਂ ਇਕੱਲੀਆਂ ਇਕੱਲੀਆਂ ਛਪੀਆਂ ਸਨ ਅਤੇ ਇਕ ਗੀਤ 'ਗੋਦਾਵਰੀ ਦਾ ਗੀਤ' ਦਾ ਸੰਗ੍ਰਹਿ ਹੈ। 'ਤ੍ਰੇਲ ਤੁਪਕੇ' ਜਿਸ ਵਿਚ 1909 ਈ. ਤੋਂ 1921 ਈ. ਤਕ ਸਮੇਂ ਸਮੇਂ ਲਿਖੀਆਂ ਰੁਬਾਈਆਂ ਸੰਗ੍ਰਹਿਤ ਹਨ, ਪਹਿਲੀ ਵੇਰ ਵੱਖਰੇ ਰੂਪ ਵਿਚ 1921 ਈ. ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਸਮੂਹ ਵਿਚ ਕੁਲ 56 ਰੁਬਾਈਆਂ ਹਨ। ਕਿਸੇ ਕਿਸੇ ਸਿਰਲੇਖ ਹੇਠ ਦੋ ਰੁਬਾਈਆਂ ਦਾ ਜੁੱਟ ਵੀ ਮਿਲਦਾ ਹੈ ਤੇ ਇਵੇਂ ਇਹ ਸਾਰੀਆਂ 49 ਸਿਰਲੇਖਾਂ ਹੇਠ ਆ ਜਾਂਦੀਆਂ ਹਨ। 'ਦਿਲ ਤਰੰਗ'(1922) ਵਿਚ 'ਤ੍ਰੇਲ ਤੁਪਕੇ' ਦੇ ਸਮੇਂ ਦੀਆਂ ਹੀ "ਲੰਮੇਰੇ ਤੇ ਵੱਡੇ ਛੰਦਾਂ ਦੀਆਂ"[44] ਕਵਿਤਾਵਾਂ ਹਨ। ਇਨ੍ਹਾਂ ਵਿਚੋਂ 'ਜਮਨਾ ਕਲਗੀਆਂ ਵਾਲੇ ਦੇ ਦੀਦਾਰ ਦੀ ਸਿੱਕ ਵਿਚ', 'ਨਰਗਸ', 'ਹਿਮਾਲਯ- ਗੰਗਾ-ਸਮੁੰਦਰ', 'ਅਰਸ਼ੀ ਧਾਰਾਂ ਦੇ ਵਿਛੋੜੇ' ਲੰਮੇਰੀਆਂ ਕਵਿਤਾਵਾਂ ਹਨ। ਇਨ੍ਹਾਂ ਤੋਂ ਛੁੱਟ 'ਲਹਿਰਾਂ ਦੇ ਹਾਰ' ਦੀਆਂ ਬਾਕੀ ਲੰਮੇਰੀਆਂ ਕਵਿਤਾਵਾਂ ਵਿਚੋਂ 'ਬੁਲਬੁਲ ਤੇ ਰਾਹੀ' ਤੇ 'ਪੁਸ਼ਪਾਵਤੀ ਚੰਦ੍ਰਾਵਤ' ਦੀ ਰਚਨਾ ਦਾ ਸਮਾਂ ਭਾਈ ਸਾਹਿਬ ਨੇ 1907 ਈ. ਤੇ ਸਥਾਨ ਨੈਨੀਤਾਲ ਦੱਸਿਆ ਹੈ।[45] 'ਜੀਵਨ ਕੀ ਹੈ' 1921 ਵਿਚ,[46] 'ਬਿਸਮਿਲ ਮੋਰ' ਜੁਲਾਈ 1922 ਵਿਚ[47] ਅਤੇ 'ਫੁੰਡਿਆ ਤੋਤਾ' 1928 ਤੋਂ ਪਹਿਲਾਂ ਲਿਖੀ ਗਈ ਸੀ। 'ਗੋਦਾਵਰੀ ਦਾ ਗੀਤ' ਪਹਿਲਾਂ 'ਖਾਲਸਾ ਸਮਾਚਾਰ' ਦੇ

---

44. ਲਹਿਰਾਂ ਦੇ ਹਾਰ, ਪੰਨਾ- 66
45. ਉਹੀ, ਪੰਨਾ- 128,154
46. ਉਹੀ, ਪੰਨਾ-66
47. ਉਹੀ, ਪੰਨਾ 174.

'ਗੁਰਪੁਰਬ ਸਪਤਮੀ' ਦੇ ਪਰਚੇ ਵਿਚ 1922 ਵਿਚ ਪ੍ਰਕਾਸ਼ਿਤ ਹੋਇਆ ਸੀ।[48]

<u>ਮਟਕ ਹੁਲਾਰੇ–</u>

'ਮਟਕ ਹੁਲਾਰੇ'(1925) ਵਿਚ ਵਧੇਰੇ 1922 ਈ. ਵਿਚ ਭਾਈ ਸਾਹਿਬ ਨੇ ਪਹਲੀ ਵਾਰ ਕਸ਼ਮੀਰ ਜਾਣ ਤੋਂ ਫੁਰੀਆਂ ਅਤੇ ਤਿੰਨਾਂ ਵਰ੍ਹਿਆਂ ਵਿਚ ਰਚੀਆਂ ਕਵਿਤਾਵਾਂ ਸੰਕਲਿਤ ਕੀਤੀਆਂ ਹਨ। ਇਸ ਦੇ ਪਹਲੇ ਭਾਗ 'ਰਸ- ਰੰਗ- ਫੁਹਾ' ਤੋਂ ਬਿਨਾਂ ਸਾਰੀਆਂ ਕਵਿਤਾਵਾਂ ਕਸ਼ਮੀਰ ਦੀ ਸੁੰਦਰਤਾ ਅਤੇ ਉਸ ਦੇ ਸੰਸਕ੍ਰਿਤਕ ਇਤਿਹਾਸ ਤੇ ਕੁਝ ਵਾਰਤਾਵਾਂ ਨਾਲ ਸੰਬੰਧਿਤ ਹਨ। ਇਸ ਦਾ ਪਹਲਾ ਭਾਗ ਵਿਸ਼ੇ ਤੇ ਸ਼ੈਲੀ ਦੇ ਪੱਖ ਤੋਂ 'ਲਹਿਰਾਂ ਦੇ ਹਾਰ' ਦੇ 'ਤ੍ਰੇਲ ਤੁਪਕੇ' ਭਾਗ ਨਾਲ ਮਿਲਦਾ ਹੈ। ਦੂਜੇ ਭਾਗ 'ਪੱਥਰ ਕੰਬਣੀਆਂ' ਵਿਚ ਤਿੰਨ ਕਵਿਤਾਵਾਂ ਕਸ਼ਮੀਰ ਦੀ ਸੰਸਕ੍ਰਿਤੀ ਵਲ ਸੰਕੇਤ ਕਰਦੀਆਂ ਹਨ। ਤੀਜੇ ਭਾਗ 'ਕਸ਼ਮੀਰ ਨਜ਼ਾਰੇ' ਵਿਚ ਕਸ਼ਮੀਰ ਦੇ ਪ੍ਰਕ੍ਰਿਤਕ ਦ੍ਰਿਸ਼ਾਂ: ਡੱਲ,ਨਸੀਮ ਬਾਗ਼, ਸ਼ਾਲਾ ਮਾਰ,ਛੋਭ ਹਾਰਵਨ, ਨਿਸ਼ਾਤ,ਚੀਜ ਬਿਹਾੜਾ,ਅਨੰਤ ਨਾਗ,ਚੰਪਕ ਦਾ ਚਸ਼ਮਾ,ਇੱਛਾਬਲ,ਕੁੱਕੜ ਨਾਗ,ਵੈਰੀ ਨਾਗ,ਵਿਦਸਥਾ ਦਾ ਸੋਮਾ,ਚਸ਼ਮਾ ਮਟਨ ਸਾਹਿਬ,ਲਿਧੜ ਨੈਂ,ਗਨੇਸ਼ਪੁਰ,ਪਹਲਗਾਮ,ਗਾਂਧਰਬਲ,ਵੁਲਰ,ਕ੍ਰਿਸ਼ਨ ਗੰਗਾ ਨੂੰ ਉਲੀਕਿਆ ਗਇਆ ਹੈ। ਇਨ੍ਹਾਂ ਤੋਂ ਬਾਅਦ ਚਾਰ ਲੰਮੇਰੀਆਂ ਕਵਿਤਾਵਾਂ 'ਨਲੀ','ਨਿਸ਼ਾਤ ਬਾਗ','ਨੂਰ ਜਹਾਂ' ਤੇ 'ਫ਼ਰਾਮੁਰਜ਼ ਦੀ ਵਿਲਕਣੀ' ਅੰਕਿਤ ਹਨ।

<u>ਬਿਜਲੀਆਂ ਦੇ ਹਾਰ–</u>

'ਬਿਜਲੀਆਂ ਦੇ ਹਾਰ' (1927) ਦੇ ਆਰੰਭਿਕ ਸ਼ਬਦਾਂ ਵਿਚ ਭਾਈ ਸਾਹਿਬ ਨੇ ਲਿਖਿਆ ਸੀ ਕਿ "ਇਹ ਚਿਰਾਂ ਤੋਂ ਹੁਣ ਤਾਈਂ ਕਦੇ ਕਦੇ ਦੇ ਲਿਖੇ ਖ਼ਯਾਲ,ਜੋ ਇਸ ਸੰਚੇ ਵਿਚ ਪ੍ਰਕਾਸ਼ਿਤ ਹਨ,ਕੋਈ ਸਿਲਸਿਲੇ ਦਾ ਪ੍ਰਸੰਗ ਸਾਰੀ ਪੋਥੀ ਦਾ ਵਿਸ਼ਾ ਨਹੀਂ, ਪਰ ਵਿਕੋਲਿਤ੍ਰੇ ਖ਼ਯਾਲ ਆਪਣੇ ਆਪ ਸਮਾਪਤ ਹਨ, ਚਾਹੇ ਨਿਕੀਆਂ ਕਵਿਤਾ ਹਨ ਤੇ ਚਾਹੇ ਲੰਮੇਰੀਆਂ।"[49] ਇਸ ਸੰਗ੍ਰਹਿ ਵਿਚ ਛੋਟੀਆਂ ਕਵਿਤਾਵਾਂ ਤੋਂ ਛੁੱਟ ਲੰਮੇਰੀਆਂ ਕਵਿਤਾਵਾਂ 'ਅਟਕ','ਮਰਦ ਦਾ ਕੁੱਤਾ','ਕੁਤਬ ਦੀ ਲਾਠ','ਬੇਲਾ ਭੁਆਨੀ','ਪਿਆਰ ਤੇ ਕੁਦਰਤ ਦੀਆਂ ਦੇਵੀਆਂ ਦਾ ਸੰਬਾਦ','ਪਦਮ ਬ੍ਰਿਛ ਦੀ ਬਹਾਰ' ਤੇ 'ਗੰਗਾ ਰਾਮ' ਮਿਲਦੀਆਂ ਹਨ।

<u>ਪ੍ਰੀਤ ਵੀਣਾ–</u>

'ਪ੍ਰੀਤ ਵੀਣਾ' ਲੰਮੇਰੀ ਕਵਿਤਾ ਭਾਈ ਸਾਹਿਬ ਨੇ 1928 ਈ. ਵਿਚ ਗੁਲਮਰਗ ਵਿਖੇ ਲਿਖੀ ਸੀ,[50] ਜੋ ਸਤੰਬਰ,1929 ਈ. ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਵਿਚ ਦੋ ਪ੍ਰੀਤਮਾਂ ਦੀ ਪੀੜਾ ਦੇ 'ਬਿਰਹੋਂ ਦੁੱਖ' ਤੇ 'ਸੁਹਾਗ ਸੰਜੋਗ' ਰਾਹੀਂ ਆਤਮਾ ਪਰਮਾਤਮਾ ਦੇ ਵਿਛੋੜੇ ਤੇ ਮਿਲਾਪ ਨੂੰ ਛਾਇਆਵਾਦੀ ਰੰਗ ਵਿਚ ਉਲੀਕਿਆ ਗਇਆ ਹੈ। [illegible]

---

48. ਲਹਿਰਾਂ ਦੇ ਹਾਰ,ਪੰਨਾ- 197

49. ਬਿਜਲੀਆਂ ਦੇ ਹਾਰ,ਪੰਨਾ- ■ 1

50. ਪ੍ਰੀਤ ਵੀਣਾ, ਪੰਨਾ- ਗ

<u>ਕੰਬਦੀ ਕਲਾਈ—</u>

ਭਾਈ ਸਾਹਿਬ ਦਾ ਸਾਹਿਤਿਕ ਖੇਤਰ ਵਿਚ ਪ੍ਰਵੇਸ਼ ਕਰਨ ਤੋਂ ਇਹ ਨਿਯਮ ਰਹਿਆ ਸੀ ਕਿ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵਾਂ ਤੇ ਸ਼ਰਧਾ ਦੇ ਫੁੱਲਾਂ ਵਜੋਂ ਉਨ੍ਹਾਂ ਸੰਬੰਧੀ ਰਚੇ ਟ੍ਰੈਕਟਾਂ ਦੇ ਅੰਤ ਵਿਚ[51] ਅਤੇ 'ਖਾਲਸਾ ਸਮਾਚਾਰ' ਸਪਤਾਹਕ ਵਿਚ ਗੀਤਾਂ ਦੇ ਰੂਪ ਵਿਚ ਸ਼ਰਧਾਂਜਲੀ ਅਰਪਤ ਕਰਦੇ ਸਨ। ਇਨ੍ਹਾਂ ਧਾਰਮਿਕ ਸੰਗੀਤਕ ਗੀਤਾਂ ਦੀ ਸੰਭਾਲ ਲਈ 1933 ਈ. ਤਕ ਦੇ ਰਚੇ ਚੋਣਵੇਂ ਗੀਤਾਂ ਨੂੰ 'ਕੰਬਦੀ ਕਲਾਈ' (1933) ਨਾਮੀ ਸੰਗ੍ਰਹਿ ਵਿਚ ਪ੍ਰਕਾਸ਼ਿਤ ਕੀਤਾ, ਜੋ ਦੂਜੀ ਵੇਰ ਜੁਲਾਈ 1938 ਵਿਚ ਪਹਿਲੇ ਤੇ ਮਗਰਲੇ ਤਿਆਰ ਹੋਏ ਗੀਤਾਂ ਸਮੇਤ, ਤੀਜੀ ਵੇਰਾਂ ਜੁਲਾਈ, 1950 ਵਿਚ ਪਹਿਲਿਆਂ ਤੇ 1950 ਤਕ ਗੁਰ ਸਪਤਮ ਤਕ ਦੇ ਗੀਤਾਂ ਸਮੇਤ ਅਤੇ ਚੌਥੀ ਵੇਰਾਂ ਜੂਨ, 1963 ਵਿਚ ਪਹਿਲਿਆਂ ਅਤੇ 1950 ਈ. ਤੋਂ ਪਿਛੋਂ 1957 ਈ. ਤਕ ਅਰਥਾਤ ਭਾਈ ਸਾਹਿਬ ਦੇ ਦੇਹਾਂਤ ਤਕ 14 ਗੀਤਾਂ ਸਮੇਤ ਪ੍ਰਕਾਸ਼ਿਤ ਹੋਈ ਸੀ।

<u>ਕੰਤ ਮਹੇਲੀ ਦਾ ਬਾਰਾਮਾਹ—</u>

'ਕੰਤ ਮਹੇਲੀ' ਭਾਈ ਸਾਹਿਬ ਨੇ ਬਾਰਾਮਾਹ ਦੇ ਰੂਪ ਵਿਚ ਇਕ ਲੰਮੇਰੀ ਕਵਿਤਾ 1952 ਈ. ਵਿਚ ਪ੍ਰਕਾਸ਼ਿਤ ਕੀਤੀ ਸੀ, ਜਿਸ ਵਿਚ ਪੰਜਾਬੀ ਦੇ ਪੁਰਾਣੇ ਪ੍ਰਚਲਿਤ ਰੂਪ ਬਾਰਾਂ-ਮਾਹ ਰਾਹੀਂ ਆਤਮਾ- ਪਰਮਾਤਮਾ ਦੇ ਵਿਛੋੜੇ ਦੇ ਦੁੱਖ ਨੂੰ ਪ੍ਰੇਮੀ ਪ੍ਰੇਮਿਕਾ ਦੇ ਵਿਛੋੜੇ ਰਾਹੀਂ ਦੇਸੀ ਮਹੀਨਿਆਂ ਦੇ ਆਧਾਰ ਤੇ ਛੰਦ ਰਚਨਾ ਕਰਕੇ ਉਲੀਕਿਆ ਸੀ।

<u>ਮੇਰੇ ਸਾਂਈਆਂ ਜੀਓ—</u>

'ਮੇਰੇ ਸਾਂਈਆਂ ਜੀਓ' (ਜੁਲਾਈ 1953) ਵਿਚ 72 ਕਵਿਤਾਵਾਂ ਹਨ, ਜਿਨ੍ਹਾਂ ਵਿਚ ਭਾਵੇਂ ਸ਼ੈਲੀ ਦੇ ਪੱਖ ਤੋਂ ਕੁਝ ਸਮਾਨਤਾ ਜਹੀ ਹੈ ਅਤੇ ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਵਿਚੋਂ ਬਹੁਤੀਆਂ ਇਕਸਾਰ ਅਵਸਥਾ ਵਿਚ ਥੋੜ੍ਹੇ ਜਹੇ ਸਮੇਂ ਵਿਚ ਰਚੀਆਂ ਗਈਆਂ ਸਨ। ਇਸ ਵਿਚ ਗਿਆਰਾਂ ਰੁਬਾਈਆਂ ('ਜੀਉ ਆਇਆਂ ਨੂੰ', 'ਵਿਛਿਆ ਰਹੁ', 'ਮੇਰੀ ਮੁਸ਼ਕਲ', 'ਅਟਿਕ ਨੈਣ', 'ਨੇਰੂ ਪਹਾੜ!' ਓਛਲ ਝਾਤੀ', 'ਅਸਲੀਅਤ', 'ਅਰਦਾਸ', 'ਹੀਰਾ ਕਣੀ', ਅਚਣਚੇਤੀ ਦਾ ਝਲਕਾ', 'ਨਾਮ ਪਿਆਲਾ'), 9 ਛੰਦ-ਬੰਧ ਕਵਿਤਾਵਾਂ ('ਮਿਲ ਵੇਲਾ ਉ', 'ਹਜ਼ੂਰੀ', 'ਬਹਾਰ', 'ਮੇਰਾ ਸੰਦੇਸ਼', 'ਤੂੰ ਹੋ ਬੂਟੀ ਲਾਈ ਸੀ', 'ਹੰਸ-ਫੇਰੀ', 'ਦੁਖ ਅੰਦੇਹ ਗਏ ਸਭ ਭੁਲ', 'ਮੁੜ ਮੁੜ ਫੇਰੇ ਪਾਂਦੀ ਆ', 'ਸੁੰਦਰਤਾ ਤੋਂ ਸੁੰਦਰ ਵਿਚ') ਤੋਂ ਛੁੱਟ ਬਾਕੀ ਦੀਆਂ ਕਵਿਤਾਵਾਂ ਵਿਚ ਛੰਦਾ- ਬੰਦੀ ਦੇ ਬੰਧਨ ਤੋਂ ਸਵਤੰਤ੍ਰ ਮੁਕਤ ਛੰਦ ਵਿਚ ਖੁਲ੍ਹੀਆਂ ਕਵਿਤਾ- ਵਾਂ

---

51. ਇਹ ਟ੍ਰੈਕਟ ਹੀ ਫਿਰ 'ਗੁਰੂ ਨਾਨਕ ਚਮਤਕਾਰ' ਤੇ 'ਸ੍ਰੀ ਕਲਗੀਧਰ ਚਮਤਕਾਰ' ਦੇ ਰੂਪ ਵਿਚ ਅੰਕਿਤ ਹੋਏ ਸਨ।

ਲਿਖੀਆਂ ਗਈਆਂ ਸਨ। ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਨਿਜੀ ਅਨੁਭਵ ਤੇ ਅਹਿਸਾਸ, ਨਿਜੀ ਭਾਵਾਂ ਤੇ ਨਿਜੀ ਵਿਕੁਲਤੀਆਂ ਨੂੰ ਅਭਿਵਿਅਕਤ ਕਰਦੀਆਂ ਹਨ। ਇੱਥੇ ਆਦਰਸ਼- ਪ੍ਰੀਤਮ ਦੇ ਵਿਛੋੜੇ ਦੀਆਂ ਕਸਕਾਂ ਅਤੇ ਆਦਰਸ਼ ਪ੍ਰੀਤਮ ਨਾਲ ਸਨਮੁਖਤਾ ਵਿਚ ਭਾਵਾਂ ਦੇ ਉਛਾਲਿਆਂ ਨੂੰ ਉਲੀਕਿਆ ਗਇਆ ਹੈ। ਇਸ ਰਚਨਾ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਭਾਈ ਸਾਹਿਬ ਨੇ ਛੰਦਾ ਬੰਦੀ ਦੇ ਬੰਧਨ ਤੋਂ ਆਜ਼ਾਦ ਹੋ ਕੇ ਮੁਕਤ- ਛੰਦ ਅਰਥਾਤ ਖੁਲ੍ਹੀਆਂ ਕਵਿਤਾਵਾਂ ਦੇ ਪ੍ਰਯੋਗ ਵੀ ਕੀਤੇ ਹਨ।

**ਖ਼ਾਲਸਾ ਸਮਾਚਾਰ ਸਪਤਾਹਕ ਵਿਚ ਹੋਰ ਛਪੀਆਂ ਅਸੰਗ੍ਰਹਿਤ ਕਵਿਤਾਵਾਂ—**

ਭਾਈ ਸਾਹਿਬ ਦੀਆਂ ਤਕਰੀਬਨ 364 ਕਵਿਤਾਵਾਂ ਉਨ੍ਹਾਂ ਦੇ ਸਪਤਾਹਕ 'ਖ਼ਾਲਸਾ ਸਮਾਚਾਰ' ਵਿਚ ਪ੍ਰਕਾਸ਼ਿਤ ਪਰ ਹਾਲੀ ਤਕ ਅਸੰਗ੍ਰਹਿਤ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ।[52] ਭਾਈ ਸਾਹਿਬ ਨੇ 'ਖ਼ਾਲਸਾ ਸਮਾਚਾਰ' ਰਾਹੀਂ ਆਪਣੀ ਪੰਥਕ ਤੇ ਸਮਾਜਿਕ ਸੇਵਾ ਨੂੰ ਵਿਅਕਤ ਕੀਤਾ ਸੀ। ਜੀਵਨ ਵਿਚ ਕਈ ਪੰਥਕ ਤੇ ਸਮਾਜਿਕ ਸੰਸਥਾਵਾਂ ਨਾਲ ਉਨ੍ਹਾਂ ਦਾ ਗੂੜ੍ਹਾ ਨਾਤਾ ਸੀ। ਉਹ 'ਚੀਫ਼ ਖ਼ਾਲਸਾ ਦੀਵਾਨ' ਵਲੋਂ ਸਿੱਖ ਐਜੂਕੇਸ਼ਨਲ ਕਾਨਫ਼ਰੰਸਾਂ ਲਈ ਸਹਿਯੋਗ ਦਿੰਦਿਆਂ ਹਰ ਸਾਲ ਜਿਥੇ ਕਾਨਫ਼ਰੰਸ ਹੁੰਦੀ ਸੀ, ਉਥੇ ਪਹੁੰਚਣ ਲਈ ਲੋਕਾਂ ਨੂੰ ਪ੍ਰੇਰਨਾ ਦੇਣ ਲਈ ਕਵਿਤਾ ਰਾਹੀਂ ਉਤਸਾਹਿਤ ਕਰਦੇ ਸਨ, ਜਿਵੇਂ 1935 ਵਿਚ ਹੋਈ ਗੁੱਜਰਾਂਵਾਲੇ ਦੀ 25ਵੀਂ ਕਾਨਫ਼ਰੰਸ ਲਈ 'ਵਿਦਿਆ ਗੁੰਜਾਰ'[53] ਨਾਮੀ ਅਤੇ 1942 ਈ. ਵਿਚ ਫ਼ਰੀਦਕੋਟ ਵਿਖੇ ਹੋਈ ਕਾਨਫ਼ਰੰਸ ਲਈ 'ਵਿਦਿਆ ਦੀ ਦੇਵੀ ਦੀ ਸੱਦ'[54] ਨਾਮੀ ਕਵਿਤਾ ਆਦਿ ਵਿਚ ਵੇਖਿਆ ਜਾ ਸਕਦਾ ਹੈ।

ਇਨ੍ਹਾਂ ਤੋਂ ਛੁੱਟ ਭਾਈ ਸਾਹਿਬ ਦੀਆਂ ਕੁਝ ਕਵਿਤਾਵਾਂ ਨਜ਼ਦੀਕੀ ਮਿੱਤ੍ਰਾਂ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਸਿੱਧ ਰੁਕਨਾਂ ਦੇ ਅੰਤਿਮ ਵਿਛੋੜੇ ਸਮੇਂ ਸ਼ਰਧਾਂਜਲੀ ਵਜੋਂ 'ਖ਼ਾਲਸਾ ਸਮਾਚਾਰ' ਵਿਚ ਪ੍ਰਕਾਸ਼ਿਤ ਮਿਲਦੀਆਂ ਹਨ; ਜਿਵੇਂ ਪ੍ਰੋ. ਪੂਰਨ ਸਿੰਘ, ਸ. ਹਰਬੰਸ ਸਿੰਘ ਅਟਾਰੀ ਵਾਲੇ[56] ਜੋ ਸ. ਸ਼ਾਮ ਸਿੰਘ ਅਟਾਰੀ ਵਾਲੇ ਦੇ ਪੋਤਰੇ ਸਨ, ਸ. ਸੁੰਦਰ ਸਿੰਘ ਮਜੀਠੀਏ[57] ਅਤੇ ਸ. ਤਰਲੋਚਨ ਸਿੰਘ[58] ਦੀ ਯਾਦ ਵਿਚ ਆਦਿਕ।

ਭਾਈ ਸਾਹਿਬ ਨੇ 1904 ਵਿਚ ਯਤੀਮਖ਼ਾਨੇ ਦੀ ਸੰਸਥਾ ਨੂੰ ਸ਼ੁਰੂ ਕਰਵਾਇਆ ਸੀ। ਯਤੀਮਾਂ ਦੇ ਦੁੱਖਾਂ ਸੰਬੰਧੀ ਉਨ੍ਹਾਂ ਦੀ ਕਵਿਤਾ 'ਦਰਦ ਨਜ਼ਾਰਾ'[59] ਮਿਲਦੀ ਹੈ। ਭਾਈ ਸਾਹਿਬ ਦੀ ਕੌਮੀ-ਏਕਤਾ ਲਈ ਇਕ ਕਵਿਤਾ 'ਏਕਤਾ ਦਿ ਇਤਫ਼ਾਕ'[60](1936) ਅਤੇ ਪੰਥਕ ਏਕਤਾ ਲਈ ਇਕ ਕਵਿਤਾ 'ਪੰਥਕ ਦਸ਼ਾ ਤੇ ਚਾਰ ਅੱਥਰੂ[61](1935) ਵੀ ਮਿਲਦੀ ਹੈ।

---

52. ਵੇਖੋ ਪਰਿਸ਼ਿਸ਼ਟ ਨੰ: 1
53. ਵਿਦਿਆ ਗੁੰਜਾਰ, ਖ਼ਾਲਸਾ ਸਮਾਚਾਰ, 14.2.1935, ਜਿਲਦ 36 ਨੰ: 12
54. ਵਿਦਿਆ ਦੀ ਦੇਵੀ ਦੀ ਸੱਦ, ਉਹੀ, 22.4.1943, ਜਿਲਦ 44, ਅੰਕ ਨੰ: 22
55. ਖ਼ਾਲਸਾ ਸਮਾਚਾਰ, 21.5.1931, ਜਿਲਦ 32, ਅੰਕ ਨੰ: 28
56. ਉਹੀ 4.6.1936, ਜਿਲਦ 37, ਅੰਕ ਨੰ: 30
57. ਉਹੀ 10.4.1941, ਜਿਲਦ 42, ਅੰਕ ਨੰ: 21
58. ਉਹੀ 6.6.1968, ਜਿਲਦ 69, ਅੰਕ ਨੰ: 29 (ਚਲਦਾ)

ਭਾਈ ਸਾਹਿਬ ਦੀਆਂ ਕੁਝ ਚੰਗੀਆਂ ਸਾਹਿਤਿਕ ਕਵਿਤਾਵਾਂ; 'ਲਾਜਵੰਤੀ'[62], 'ਖੇੜੇ ਦੀ ਫੇਲ'[63], 'ਅਨੋਖੀ ਛੁਹ'[64], 'ਅਨੰਤ ਖਿਮਾ'[65], 'ਲਪਟ'[66], 'ਸੁਹਣਿਆਂ ਦਾ ਸੁਹਣਾ'[67], 'ਆਣ ਪਿੰਜਰੇ ਪਾਯਾ'[68], 'ਮਹਿੰਗੇ ਖੇੜੇ'[69], 'ਨਕ ਲਾਏ ਦੀ ਲੱਜ'[70], 'ਕੈਦੀ'[71] 'ਖਾਲਸਾ ਸਮਾਚਾਰ' ਵਿਚ 2.4.1936 ਤੋਂ ਲੈ ਕੇ 1.10.1936 ਤਕ ਛਪਦੀਆਂ ਰਹੀਆਂ ਸਨ।

ਭਾਈ ਸਾਹਿਬ ਦੀਆਂ ਕੁਝ ਕਵਿਤਾਵਾਂ ਉਨ੍ਹਾਂ ਦੇ ਅਕਾਲ ਚਲਾਣੇ ਤਕ ਅਣਛਪੀਆਂ ਰਹ ਗਈਆਂ ਸਨ, ਜੋ ਪੁਸਤਕ ਆਕਾਰ ਵਿਚ ਕੀ, 'ਖਾਲਸਾ ਸਮਾਚਾਰ' ਵਿਚ ਵੀ ਪ੍ਰਕਾਸ਼ਿਤ ਨਹੀਂ ਹੋ ਸਕੀਆਂ ਸਨ। ਉਨ੍ਹਾਂ ਦੇ ਚਲਾਣੇ ਤੋਂ ਮਗਰੋਂ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਕਵਿਤਾਵਾਂ 15.8.1957 ਤੋਂ ਲੈ ਕੇ 21.12.1967 ਤਕ 'ਖਾਲਸਾ ਸਮਾਚਾਰ' ਵਿਚ ਇਕ ਇਕ ਕਰਕੇ ਕੁਝ ਵਕਫ਼ਿਆਂ ਨੂੰ ਛੋੜ ਕੇ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਸਨ। ਇਨ੍ਹਾਂ ਵਿਚ ਛੋਟੀਆਂ ਕਵਿਤਾਵਾਂ ਤੋਂ ਛੁੱਟ ਨੌ ਲੰਮੇਰੀਆਂ ਕਵਿਤਾਵਾਂ 'ਮਿੱਠੀਆਂ ਉਡੀਕਾਂ'[72], 'ਅਰਦਾਸ'[73], 'ਬਿਹਬਲ ਬਿਰਹਨੀ ਤੇ ਕੋਇਲ'[74], 'ਫਰਿਆਦ'[75], 'ਦੁਮੇਲ ਦੇ ਪਾਣੀਆਂ ਦਾ ਗੀਤ'[76],

---

| | | | | | | | |
|---|---|---|---|---|---|---|---|
| 59. | ਖਾਲਸਾ ਸਮਾਚਾਰ | xxxx. 18.7.1912 | ਜਿਲਦ | 13 | ਅੰਕ | ਨੰ: | 35 |
| 60 | ਉਹੀ | 20.2.1936 | " | 37 | " | " | 15 |
| 61 | ਉਹੀ | 3.10.1935 | " | 36 | " | " | 44 |
| 62 | ਉਹੀ | 2.4.1936 | " | 37 | " | " | 21 |
| 63 | ਉਹੀ | 9.4.1936 | " | 37 | " | " | 22 |
| 64 | ਉਹੀ | 16.4.1936 | " | 37 | " | " | 23 |
| 65 | ਉਹੀ | 23.4.1936 | " | 37 | " | " | 24 |
| 66 | ਉਹੀ | 30.4.1936 | " | " | " | " | 25 |
| 67 | ਉਹੀ | 7.5.1936 | " | " | " | " | 26 |
| 68 | ਉਹੀ | 21.5.1936 | " | " | " | " | 28 |
| 69 | ਉਹੀ | 11.6.1936 | " | " | " | " | 31 |
| 70 | ਉਹੀ | 30.7.1936 | " | " | " | " | 38 |
| 71 | ਉਹੀ | 1.10.1936 | " | " | " | " | 47 |
| 72 | ਉਹੀ | 27.7.1961 | " | 62 | " | " | 36 |
| | | 3.8.1961 | " | 62 | " | " | 37 |
| 73 | ਉਹੀ | 24.8.1961 | " | " | " | " | 40 |
| | | 31.8.1961 | " | " | " | " | 41 |
| xx. | ਉਹੀ | 7.9.1961 | " | " | " | " | 42 |
| | | 14.9.61 | " | " | " | " | 43 |
| xx. | ਉਹੀ | 21.9.61 | " | " | " | " | 44 |
| 76. | ਉਹੀ | 9.8.1962 | " | 63 | " | " | 36 |
| | | 16.8.1962 | " | " | " | " | 37 |

(ਚਲਦਾ)

'ਸੌਦਾਗਰੀ ਬੋਸਾ'[77], 'ਏਹ ਨੈਣ ਬਿਦੇਸੀ'[78], 'ਆਰਤ ਪਤ੍ਰਿਕਾ'[79] ਅਤੇ 'ਫੇਲਣ ਆਇਆ'[80] ਪ੍ਰਾਪਤ ਹੁੰਦੀਆਂ ਹਨ।

ਭਾਈ ਸਾਹਿਬ ਦੀਆਂ ਕਾਵਿ ਰਚਨਾਵਾਂ ਦੀ ਪ੍ਰਕਾਸ਼ਨਾ ਵਿਚ ਕਈ ਕਈ ਸਾਲਾਂ ਦਾ ਵਕਫ਼ਾ ਮਿਲਦਾ ਹੈ। ਇਸ ਦਾ ਕਾਰਨ ਹੈ ਕਿ ਭਾਈ ਸਾਹਿਬ ਨਿਰੰਤਰ ਲਿਖਦੇ ਤਾਂ ਰਹਿੰਦੇ ਸਨ ਪਰ ਉਨ੍ਹਾਂ ਨੂੰ ਰਚਨਾਵਾਂ ਪ੍ਰਕਾਸ਼ਿਤ ਕਰਾਉਣ ਦੀ ਕਾਹਲ ਨਹੀਂ ਹੁੰਦੀ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਰਚਨਾ ਨੂੰ ਲਿਖ ਕੇ ਇਕ ਪਾਸੇ ਰੱਖ ਦੇਣਾ ਚਾਹੀਦਾ ਹੈ ਤੇ ਪਿੱਛੋਂ ਕੁਝ ਦੇਰ ਬਾਅਦ ਉਸ ਨੂੰ ਸੋਧ ਕੇ ਪਾਠਕਾਂ ਦੇ ਸਾਮ੍ਹਣੇ ਪੇਸ਼ ਕਰਨਾ ਚਾਹੀਦਾ ਹੈ। ਉਹ ਹਰ ਨੁਕਤੇ ਵਿਚ ਕਾਹਲੀ ਕਰਨ ਦੇ ਹੱਕ ਵਿਚ ਨਹੀਂ ਸਨ। ਉਹ ਸਮਝਦੇ ਸਨ ਕਿ ਕਲਾਕਾਰ ਨੂੰ ਰਚਨਾ ਕਰਨ ਵੇਲੇ ਜੋ ਅੰਦਰੂਨੀ ਰਸ ਪ੍ਰਾਪਤ ਹੁੰਦਾ ਹੈ, ਉਸੇ ਲਈ ਹੀ ਕਲਾਕਾਰ ਨੂੰ ਲਿਖਣਾ ਚਾਹੀਦਾ ਹੈ, ਨਿਰੀ ਪਾਠਕਾਂ ਦੀ ਵਾਹ ਵਾਹ ਲਈ ਨਹੀਂ। ਉਹ ਸਮਝਦੇ ਸਨ ਕਿ ਕਲਾਕਾਰ ਦਾ ਮਨੋਰਥ ਰਚਨਾ ਨੂੰ ਇਕ ਦਮ ਪ੍ਰਕਾਸ਼ਿਤ ਕਰਾਉਣਾ ਨਹੀਂ ਹੋਣਾ ਚਾਹੀਦਾ।[81]

ਭਾਈ ਸਾਹਿਬ ਦਾ ਮੰਤਵ ਨਿਯਮਤ ਰੂਪ ਵਿਚ ਲਿਖਦੇ ਰਹਣਾ ਸੀ। ਉਨ੍ਹਾਂ ਦੀਆਂ ਕਾਵਿ ਰਚਨਾਵਾਂ ਦੀ ਉਨ੍ਹਾਂ ਦੇ ਸਮੇਂ ਹੀ ਬੜੀ ਪ੍ਰਤਿਕੂਲ ਆਲੋਚਨਾ ਹੋਈ। ਕਈ ਆਲੋਚਕਾਂ ਨੇ ਦੂਸ਼ਣ ਲਾਇਆ ਕਿ ਉਹ ਜੀਵਨ ਤੋਂ ਨੱਠਦੇ ਪਲਾਇਨਵਾਦੀ ਸਨ, ਕਈਆਂ ਨੂੰ ਉਨ੍ਹਾਂ ਦਾ ਸਾਰਾ ਰਹੱਸਵਾਦ ਰੂੜ੍ਹੀ-ਵਾਦੀ ਜਾਪਦਾ ਸੀ। ਕਈ ਇਧਰ ਉਧਰ ਦੀ ਟੂਹ ਲਾ ਕੇ ਕਹਣ ਲੱਗੇ ਕਿ ਉਨ੍ਹਾਂ ਦੇ ਕਾਵਿ ਵਿਚ ਮੱਧ-ਕਾਲੀਨ ਵਿਲਾਸ ਤੇ ਖ਼ੁਮਾਰੀ ਮਿਲਦੀ ਹੈ। ਇਵੇਂ ਪ੍ਰਤਿਕੂਲ ਆਲੋਚਨਾਵਾਂ ਦਾ ਤਾਂਤਾ ਬੰਨ੍ਹਿਆ ਰਹਿਆ ਤੇ

---

| | | | | | | |
|---|---|---|---|---|---|---|
| 75. ਖ਼ਾਲਸਾ ਸਮਾਚਾਰ | 6.9.1962 | ਜਿਲਦ | 63 | ਅੰਕ | ਨੰ: | 40 |
| | 13.9.1962 | " | " | " | " | 41 |
| 76. ਉਹੀ | 17. 9. 1964 | " | 65 | " | " | 48 |
| 77. ਉਹੀ | 24.2.1966 ਤੋਂ ਲੈ ਕੇ 24.7.1966 ਤਕ | | | | | |
| 78. ਉਹੀ | 9.2.1967 | ਜਿਲਦ | ਨੰ68 | ਅੰਕ | ਨੰ: | 11 |
| 79. ਉਹੀ | 2.3.1967 | " | 68 | " | " | 14 |
| | 9.3.1967 | " | " | " | " | 15 |
| | 16.3.1967 | " | " | " | " | 16 |
| 80. ਉਹੀ | 30.3.67 | " | " | " | " | 18 |
| | 8.4.67 | " | " | " | " | 19 |
| | 20.4.67 | " | " | " | " | 20 |
| | 27. 4.67 | " | " | " | " | 21 |

81. ਸਵਰਗਵਾਸੀ ਸਹਾਰਨਪੁਰ ਨਿਵਾਸੀ ਸ. ਹਰਚਰਨ ਸਿੰਘ ਨਿਰਮਾਣ ਦੀ ਨਿੱਜੀ ਡਾਇਰੀ ਜੋ ਉਨ੍ਹਾਂ ਦੀ ਸੁਪਤਨੀ ਸ੍ਰੀਮਤੀ ਕਰਤਾਰ ਕੌਰ ਪਾਸ ਸੁਰੱਖਿਅਤ ਹੈ, ਜਿਸ ਵਿਚ ਭਾਈ ਸਾਹਿਬ ਨਾਲ ਉਨ੍ਹਾਂ

(ਚਲਦਾ)

ਆਲੋਚਕ ਆਪਣੀ ਆਪਣੀ ਰਾਏ ਪ੍ਰਗਟ ਕਰਦੇ ਰਹੇ, ਪਰ ਭਾਈ ਸਾਹਿਬ ਨੇ ਇਨ੍ਹਾਂ ਸਾਰੇ ਆਰੋਪਾਂ ਦਾ ਉੱਤਰ ਸਦਾ ਆਪਣੇ ਕਿਰਿਆਸ਼ੀਲ ਅਤੇ ਗਤੀਮਾਨ ਕਾਵਿ-ਰਚਨਾਂ ਰਾਹੀਂ ਦਿੱਤਾ। ਵਾਸਤਵ ਵਿਚ ਭਾਈ ਸਾਹਿਬ ਸਾਹਿਤਿਕ ਦਲਬੰਦੀ ਤੋਂ ਦੂਰ ਰਹ ਕੇ ਕਾਰਜ ਕਰਨਾ ਚਾਹੁੰਦੇ ਸਨ ਅਤੇ ਇਸੇ ਅਸੂਲ ਤੇ ਉਹ ਸਾਰੇ ਜੀਵਨ ਵਿਚ ਤੁਰੇ ਸਨ।

**ਹੋਰ ਰਚਨਾਵਾਂ —**

ਭਾਈ ਸਾਹਿਬ ਸਿਰਫ਼ ਕਵੀ ਹੀ ਨਹੀਂ ਸਨ,ਉਨ੍ਹਾਂ ਨੇ ਪੰਜਾਬੀ ਨਾਵਲ,ਨਾਟਕ,ਵਾਰਤਕ, ਸੰਪਾਦਨ,ਸਟੀਕ ਰਚਨਾ ਦੇ ਖੇਤਰ ਵਿਚ ਵੀ ਕਾਫ਼ੀ ਗੰਭੀਰ ਤੇ ਵਿਦਵਤਾ ਭਰਪੂਰ ਰਚਨਾਵਾਂ ਦਿੱਤੀਆਂ,ਜੋ ਕ੍ਰਮਵਲੀ ਦੇ ਅਨੁਸਾਰ ਇਸ ਤਰਤੀਬ ਵਿਚ ਹਨ: 1. ਸੁੰਦਰੀ (1898 ਈ.),2. ਬਿਜੈ ਸਿੰਘ (1899) 3. ਸਤਵੰਤ ਕੌਰ ਭਾਗ 1 (1900),4. ਪੰਜ ਗ੍ਰੰਥੀ ਸਟੀਕ(1906),5. ਬਾਬਾ ਨੌਧ ਸਿੰਘ(1907 ਤੋਂ 1921), 6. ਰਾਜਾ ਲਖਦਾਤਾ ਸਿੰਘ (1910),7.ਭਰਥਰੀ ਹਰੀ ਜੀਵਨ ਤੇ ਨੀਤੀ ਸ਼ਤਕ(1916)[82],8. ਸ੍ਰੀ ਗੁਰੂ ਕਲਗੀਧਰ ਚਮਤਕਾਰ(1925),9. ਗੁਰ ਪ੍ਰਤਾਪ ਸੂਰਜ ਗ੍ਰੰਥ(1926-1935),10. ਸਤਵੰਤ ਕੌਰ ਭਾਗ 2(1927),11. ਗੁਰੂ ਨਾਨਕ ਚਮਤਕਾਰ(1928),12. ਦੇਵੀ ਪੂਜਨ ਪੜਤਾਲ(1936),13. ਸੰਤ ਗਾਥਾ ਭਾਗ 1 (1938),14. ਟੀਕਾ ਭਾਈ ਗੁਰਦਾਸ ਸਟੀਕ,2 (1951),15. ਅਸ਼ਟ ਗੁਰੂ ਚਮਤਕਾਰ ਭਾਗ 1 (1951),16. ਗੁਰ ਬਾਲਮ ਸਾਖੀਆਂ ਪਾਤਸ਼ਾਹੀ 1(1955),17. ਗੁਰਬਾਲਮ ਸਾਖੀਆਂ ਪਾਤਸ਼ਾਹੀ 10(1955),18. ਸਰਵ ਪ੍ਰਿਯ ਸਿੱਖ ਧਰਮ (1956)। ਇਨ੍ਹਾਂ ਤੋਂ ਛੁੱਟ ਭਾਈ ਸਾਹਿਬ ਨੇ ਸਿੱਖਾਂ ਦੀ ਭਗਤਮਾਲ(1921),ਪ੍ਰਾਚੀਨ ਪੰਥ ਪ੍ਰਕਾਸ਼ (1914) ਤੇ ਪੁਰਾਤਨ ਜਨਮ ਸਾਖੀ (1926) ਦੀ ਸੰਪਾਦਨਾ ਵੀ ਕੀਤੀ ਸੀ। ਗੁਰੂ ਗ੍ਰੰਥ ਸਾਹਿਬ ਦਾ ਪੂਰਨ ਟੀਕਾ ਉਨ੍ਹਾਂ ਦੇ ਆਸ਼ਿਆਂ ਵਿਚ ਸੀ। ਉਨ੍ਹਾਂ ਨੇ ~~ਗੁਰੂ ਗ੍ਰੰਥ ਸਾਹਿਬ ਦਾ ਪੂਰਨ ਟੀਕਾ ਉਨ੍ਹਾਂ ਦੇ ਆਸ਼ਿਆਂ~~ ਗੁਰੂ ਗ੍ਰੰਥ ਸਾਹਿਬ ਦੇ ਲਗ ਪਗ 600 ਪੰਨਿਆਂ ਦਾ ਟੀਕਾ ਤਿਆਰ ਕੀਤਾ ਸੀ ਤੇ ਬਾਕੀ ਦਾ ਕੰਮ ਪੂਰਾ ਹੋਣ ਤੋਂ ਪਹਿਲਾਂ ਹੀ ਉਹ ਚਲਾਣਾ ਕਰ ਗਏ ਸਨ।[83]

**ਸਾਹਿਤਿਕ ਸੰਬੰਧ—**

ਭਾਈ ਸਾਹਿਬ ਦੇ ਸਾਹਿਤਿਕ ਸੰਬੰਧ ਆਪਣੇ ਸਮੇਂ ਦੇ ਬਹੁਤ ਸਾਰੇ ਵਿਦਵਾਨਾਂ ਤੇ ਕਵੀਆਂ

---

ਦੇ ਬਚਨ ਬਿਲਾਸ ਦਰਜ ਹਨ, ਵਿਚ ਭਾਈ ਸਾਹਿਬ ਦੇ ਇਹ ਵਿਚਾਰ ਅੰਕਿਤ ਮਿਲਦੇ ਹਨ।

82. 'ਭਰਥਰੀ ਹਰੀ ਜੀਵਨ ਤੇ ਨੀਤੀ ਸ਼ਤਕ' ਜੋ ਸੰਸਕ੍ਰਿਤ ਤੋਂ ਠੇਠ ਪੰਜਾਬੀ ਵਿਚ ਅਨੁਵਾਦ ਹੈ, ਨੂੰ ਪੰਜਾਬ ਯੂਨੀਵਰਸਿਟੀ,ਲਾਹੌਰ ਨੇ 1917 ਵਿਚ 500 ਰੁਪਏ ਦਾ ਇਨਾਮ ਦਿੱਤਾ ਸੀ। (ਗਿਆਨੀ ਮਹਾਂ ਸਿੰਘ,ਭਾਈ ਵੀਰ ਸਿੰਘ ਦਾ ਸੰਖੇਪ ਜੀਵਨ,ਪੰਨਾ 29.)

83. ਉਹੀ, ਪੰਨਾ 28-32

ਨਾਲ ਸਨ। ਨਿਯਮਤ ਰੂਪ ਨਾਲ ਸਾਹਿਤਿਕ ਵਿਅਕਤੀਆਂ ਉਨ੍ਹਾਂ ਕੋਲ ਆਉਂਦੀਆਂ ਜਾਂਦੀਆਂ ਸਨ ਅਤੇ ਉਹ ਦੂਜਿਆਂ ਨੂੰ ਉਤਸ਼ਾਹਿਤ ਕਰਦੇ ਰਹਿੰਦੇ ਸਨ। ਉਨ੍ਹਾਂ ਦਾ ਆਧੁਨਿਕ ਕਾਲ ਦੇ ਮੁੱਢਲੇ ਪੰਜਾਬੀ ਕਵੀਆਂ ਵਿਚੋਂ ਮੌਲਾ ਬਖ਼ਸ਼ ਕੁਸ਼ਤਾ, ਚਰਨ ਸਿੰਘ ਸ਼ਹੀਦ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ ਆਦਿਕ ਦੀ ਪ੍ਰਤਿਭਾ ਚਮਕਾਉਣ ਵਿਚ ਵਿਸ਼ੇਸ਼ ਹੱਥ ਹੈ। ਪ੍ਰੋ. ਪੂਰਨ ਸਿੰਘ ਜੀ ਨੇ ਭਾਈ ਸਾਹਿਬ ਦੇ ਯੋਗ ਨੂੰ ਸਵੀਕਾਰ ਕਰਦਿਆਂ ਲਿਖਿਆ ਸੀ, " ਉਸ ਸੁਭਾਗ ਘੜੀ ਗੁਰੂ ਜੀ ਦੇ ਦਰ ਤੇ ਇਕ ਮਹਾਂਪੁਰਖ (ਭਾਈ ਵੀਰ ਸਿੰਘ) ਦੇ ਦੀਦਾਰ ਹੋਏ ਅਰ ਆਪ ਦੇ ਕ੍ਰਿਪਾ ਕਟਾਖਸ਼ ਨਾਲ ਪੰਜਾਬੀ ਸਾਹਿਤਯ ਦਾ ਸਾਰਾ ਬੋਧ ਤੇ ਗਿਆਨ ਦੀ ਉਡਾਰੀ ਆਈ। ਕਵਿਤਾ ਵੀ ਮਿਲੀ ਤੇ ਉਸੀ ਮਿਹਰ ਦੀ ਨਜ਼ਰ ਵਿਚ ਮਿੱਠੇ ਸਾਧ- ਵਚਨ ਵਿਚ ਮੈਨੂੰ ਪੰਜਾਬੀ ਆਪ ਮੁਹਾਰੀ ਆਈ।"[84] ਮੱਤਾਂ ਮਤਾਂਤਰਾਂ, ਦਰਸ਼ਨਾਂ ਤੇ ਫ਼ਿਲਾਸਫ਼ੀਆਂ ਦੇ ਗਿਆਤਾ ਤੇ ਅਨੁਭਵੀ ਪ੍ਰੋ. ਪੂਰਨ ਸਿੰਘ ਦੀ ਗਤੀ ਭਾਈ ਸਾਹਿਬ ਦੇ ਦਰ ਤੇ ਹੀ ਹੁੰਦੀ ਹੈ। ਉਨ੍ਹਾਂ ਦੇ ਦਿਲ ਵਿਚ ਭਾਈ ਸਾਹਿਬ ਦਾ ਬੜਾ ਸਤਿਕਾਰ ਸੀ। ਉਹ ਭਾਈ ਸਾਹਿਬ ਦੇ ਕਾਵਿ ਤੋਂ ਇਤਨੇ ਪ੍ਰਭਾਵਿਤ ਹੋਏ ਸਨ ਕਿ ਉਨ੍ਹਾਂ ਨੇ ਭਾਈ ਸਾਹਿਬ ਦੀ ਰਚਨਾ 'ਲਹਿਰਾਂ ਦੇ ਹਾਰ' ਵਿਚੋਂ 'ਦਿਲ ਤਰੰਗ' ਭਾਗ ਦੀਆਂ ਕਵਿਤਾਵਾਂ ਨੂੰ ਬੜੇ ਸੁਚੱਜੇ ਢੰਗ ਨਾਲ ਅੰਗ੍ਰੇਜ਼ੀ ਵਿਚ 'ਨਰਗਸ' ( Nargas ) ਨਾਂ ਹੇਠ ਉਲਥਾਇਆ ਸੀ। ਧਨੀ ਰਾਮ ਚਾਤ੍ਰਿਕ ਜੀ ਨੇ ਭਾਈ ਸਾਹਿਬ ਦੀ ਦੇਣ ਸੰਬੰਧੀ ਲਿਖਿਆ ਸੀ, " ਸ੍ਰੀ ਭਾਈ ਸਾਹਿਬ ਦੇ ਚਰਨਾਂ ਵਿਚ ਰਹ ਕੇ ਗੁਰਮਤਿ ਦੀ ਛੁਹ ਤੇ ਗੁਰਬਾਣੀ ਦੀ ਸੂਝ ਮਿਲੀ। ਆਪ ਜੀ ਦੇ ਸੂਰਜੀ ਪ੍ਰਕਾਸ਼ ਵਿਚੋਂ ਕਵਿਤਾ ਦਾ ਦੀਵਾ ਜਗਿਆ।"[85] ਚਾਤ੍ਰਿਕ ਜੀ ਦੇ ਪਹਿਲੇ ਕਾਵਿ ਸੰਗ੍ਰਹਿ 'ਚੰਦਨ ਵਾੜੀ' ਦੀ ਭੂਮਿਕਾ ਵੀ ਭਾਈ ਸਾਹਿਬ ਨੇ ਆਪ ਲਿਖੀ ਸੀ। ਕੁਸ਼ਤਾ ਜੀ ਦੀ ਭਾਈ ਸਾਹਿਬ ਇਤਨੀ ਕਦਰ ਕਰਦੇ ਸਨ ਕਿ ਕੁਸ਼ਤਾ ਜੀ ਦੀ ਪੁਸਤਕ 'ਪੰਜਾਬ ਦੇ ਹੀਰੇ' ਸੰਪੂਰਣ ਹੋਣ ਤੇ ਭਾਈ ਸਾਹਿਬ ਨੇ ਅਸੀਸ ਵਜੋਂ ਇਹ ਚਾਰ ਸਤਰਾਂ ਲਿਖ ਭੇਜੀਆਂ ਸਨ:

ਜਿਸ ਦੀ ਕਵਿਤਾ ਪ੍ਰੇਮਭਰੀ ਕਰਦੀ ਏ ਲੱਖਾਂ ਕੁਸ਼ਤਹ।
ਹਿੰਮਤ ਹਾਰੇ ਨਿਰਬਲ ਤਾਈਂ ਪੁਸ਼ਟੀ ਕਾਰਨ ਕੁਸ਼ਤਹ।
ਤਪੇ ਸੜੇ ਦਿਲ ਦੁਖੀ ਵਿਆਕਲ ਪ੍ਰਾਪਤ ਕਰਦੇ ਕੁਸ਼ਤਹ।
ਰਹੇ ਜੀਂਵਦੇ ਸਦਾ ਸੁਖੀ ਕਵੀ ਰਤਨ ਅਸਾਡਾ 'ਕੁਸ਼ਤਹ'।[86]

ਭਾਈ ਸਾਹਿਬ ਇਕ ਵਿਅਕਤੀ ਨਹੀਂ, ਸੰਸਥਾ ਸਨ। ਉਨ੍ਹਾਂ ਨੇ ਹੋਰ ਵੀ ਅਨੇਕਾਂ ਕਵੀਆਂ ਨੂੰ ਉਤਸ਼ਾਹਿਤ ਕੀਤਾ। ਇਨ੍ਹਾਂ ਸਭ ਦਾ ਉਲੇਖ ਵਿਸਤਾਰ ਦੇ ਕਾਰਨ ਇਥੇ ਸੰਭਵ ਨਹੀਂ, ਇਹ ਅਗਲੇ ਕਾਂਡਾਂ ਵਿਚ ਨਾਲ ਨਾਲ ਪ੍ਰਾਪਤ ਹੁੰਦਾ ਰਹੇਗਾ।

---

84. ਪ੍ਰੋ. ਪੂਰਨ ਸਿੰਘ, ਭੂਮਿਕਾ 'ਖੁਲ੍ਹੇ ਲੇਖ'

85. ਲਾਲਾ ਧਨੀ ਰਾਮ 'ਚਾਤ੍ਰਿਕ' ਚਾਤ੍ਰਿਕ ਅਭਿਨੰਦਨ ਗ੍ਰੰਥ, [illegible], ਪੰਨਾ - 137-146

86. ਪੰਜ ਦਰਿਆ (ਉਰਦੂ), ਜਨਵਰੀ- ਫ਼ਰਵਰੀ, 1968 ਦਾ ਵਾਰਸ਼ਕ ਕੁਸ਼ਤਾ ਅੰਕ, ਲਾਹੌਰ।

**ਸਨਮਾਨ —**

ਭਾਈ ਸਾਹਿਬ ਨੇ ਆਪਣੀਆਂ ਰਚਨਾਵਾਂ ਰਾਹੀਂ ਲੋਕਾਂ ਦੀ ਸੇਵਾ ਕੀਤੀ ਸੀ ਅਤੇ ਲੋਕਾਂ ਵੱਲੋਂ ਵੀ ਉਨ੍ਹਾਂ ਨੂੰ ਪੂਰਾ ਸਤਿਕਾਰ ਮਿਲਿਆ । 1948 ਈ. ਵਿਚ ਆਜ਼ਾਦੀ ਦੀ ਖ਼ੁਸ਼ੀ ਵਿਚ ਪੰਜਾਬ ਯੂਨੀਵਰਸਿਟੀ ਨੇ ਸਨਮਾਨ ਦੇਣ ਲਈ ਚਾਰ ਵਿਅਕਤੀਆਂ ਸਰ ਚੰਦੂ ਲਾਲ ਤ੍ਰਿਵੇਦੀ ਗਵਰਨਰ ਪੰਜਾਬ, ਸਰਦਾਰ ਵੱਲਭ ਭਾਈ ਪਟੇਲ ਮੁੱਢਲੇ ਕੇਂਦਰੀ ਗ੍ਰਿਹ- ਮੰਤਰੀ, ਜਸਟਿਸ ਮਿਹਰ ਚੰਦ ਮਹਾਜਨ ਅਤੇ ਭਾਈ ਵੀਰ ਸਿੰਘ ਜੀ ਨੂੰ ਚੁਣਿਆ। ਭਾਈ ਸਾਹਿਬ ਨੂੰ ਪੰਜਾਬੀ ਮਾਤ ਭਾਸ਼ਾ ਦੀ ਸੇਵਾ ਕਾਰਨ 'ਡਾਕਟਰ ਆਫ਼ ਓਰੀਐਂਟਲ ਲਰਨਿੰਗ' ਦੀ ਡਿਗਰੀ ਦੇਣ ਲਈ ਚੁਣਿਆ ਗਇਆ। ਭਾਈ ਸਾਹਿਬ ਨੂੰ ਪਹਲੀ ਕਾਨਵੋਕੇਸ਼ਨ ਜੋ ਅੰਬਾਲੇ ਸ੍ਰੀ ਚੰਦੂ ਲਾਲ ਤ੍ਰਿਵੇਦੀ ਦੀ ਪ੍ਰਧਾਨਗੀ ਹੇਠ 5 ਮਾਰਚ, 1948 ਨੂੰ ਹੋਣੀ ਸੀ ਅਤੇ ਭਾਰਤ ਦੇ ਪਹਲੇ ਗ੍ਰਿਹ ਮੰਤਰੀ ਸ੍ਰੀ ਪਟੇਲ ਜੀ ਨੇ ਸੰਬੋਧਨ ਕਰਨੀ ਸੀ, ਤੇ ਸੱਦਿਆ ਗਇਆ, ਪਰ ਭਾਈ ਸਾਹਿਬ ਸਿਹਤ ਠੀਕ ਨਾ ਹੋਣ ਕਰਕੇ ਪਧਾਰ ਨਾ ਸਕੇ। ਇਹ ਡਿਗਰੀ ਭਾਈ ਸਾਹਿਬ ਦੇ ਗ੍ਰਿਹ ਅੰਮ੍ਰਿਤਸਰ ਵਿਖੇ 1.9.1949 ਨੂੰ ਪਹੁੰਚਾਈ ਗਈ।[87]

ਆਜ਼ਾਦ ਭਾਰਤ ਦੀ ਗਣ-ਰਾਜ ਸਥਾਪਣਾ ਤੋਂ ਬਾਅਦ ਪੰਜਾਬ ਦੇ ਰਾਜਪਾਲ ਸ੍ਰੀ ਚੰਦੂ ਲਾਲ ਤ੍ਰਿਵੇਦੀ ਨੇ ਭਾਈ ਸਾਹਿਬ ਨੂੰ ਪੰਜਾਬ ਵਿਧਾਨ ਪਰਿਸ਼ਦ ( Legislative Council )ਦਾ ਮੈਂਬਰ ਨਾਮਜ਼ਦ ਕੀਤਾ।[88]

ਪੰਜਾਬੀ ਦੇ ਕਦਰਦਾਨਾਂ ਨੇ 'ਭਾਈ ਵੀਰ ਸਿੰਘ ਸਟੱਡੀ ਸਰਕਲ' ਦਿੱਲੀ ਸਥਾਪਤ ਕੀਤਾ ਅਤੇ ਭਾਈ ਸਾਹਿਬ ਦੇ 82ਵੇਂ ਜਨਮ ਦਿਨ ਦੇ ਅਵਸਰ ਤੇ ਉਨ੍ਹਾਂ ਨੂੰ 'ਅਭਿਨੰਦਨ ਗ੍ਰੰਥ' ਭੇਟਾ ਕਰਨ ਦੀ ਯੋਜਨਾ ਬਣਾਈ। ਇਸ ਮੰਤਵ ਲਈ 'ਅਭਿਨੰਦਨ ਗ੍ਰੰਥ ਕਮੇਟੀ' ਨੇ ਭਾਈ ਸਾਹਿਬ ਦੀਆਂ ਕੁਝ ਕਵਿਤਾਵਾਂ ਅੰਗ੍ਰੇਜ਼ੀ ਵਿਚ 'ਭਾਈ ਵੀਰ ਸਿੰਘ ਐਂਡ ਹਿਜ਼ ਵਰਕਸ' ਤੇ ਹਿੰਦੀ ਵਿਚ 'ਵੀਰ ਰਚਨਾਵਲੀ' ਨਾਂ ਹੇਠ ਪ੍ਰਕਾਸ਼ਿਤ ਕਰਾਈਆਂ ਤਾਂ ਜੋ ਦੇਸ਼ ਪ੍ਰਦੇਸ਼ ਵਿਚ ਪੰਜਾਬੀ ਨਾ ਜਾਣਦੇ ਲੋਕਾਂ ਨੂੰ ਭਾਈ [illegible] ਸਾਹਿਬ ਦੇ ਕਾਵਿ ਦਾ ਪਰਿਚਯ ਦਿੱਤਾ ਜਾ ਸਕੇ। ਫਿਰ ਭਾਈ ਸਾਹਿਬ ਦੇ ਜੀਵਨ ਤੇ ਰਚਨਾ ਸੰਬੰਧੀ ਲੇਖਾਂ ਤੇ ਸ਼ਰਧਾਂਜਲੀਆਂ ਭਰਪੂਰ 'ਅਭਿਨੰਦਨ ਗ੍ਰੰਥ' ਦੀ ਇਕ ਜਿਲਦ ਰੁਪਹਲੀ ਬਕਸੇ ਵਿਚ 25 ਦਸੰਬਰ, 1954 ਨੂੰ ਬੰਬਈ ਵਿਖੇ ਹੋਈ 'ਸਿੱਖ ਐਜੂਕੇਸ਼ਨਲ ਕਾਨਫ਼੍ਰੰਸ' ਦੇ 38ਵੇਂ ਸਮਾਗਮ ਦੇ ਅਵਸਰ ਤੇ ਕਾਨਫ਼੍ਰੰਸ ਦੇ ਪ੍ਰਧਾਨ ਸ. ਹਰਦਿੱਤ ਸਿੰਘ ਮਲਕ(ਜੋ ਉਦੋਂ ਫ਼ਰਾਂਸ ਵਿਚ ਭਾਰਤ ਦੇ ਸਫ਼ੀਰ ਸਨ) ਦੁਆਰਾ ਭਾਈ ਸਾਹਿਬ ਨੂੰ ਭੇਟ ਕੀਤੀ ਗਈ।[89]

ਆਜ਼ਾਦੀ ਤੋਂ ਉਪਰੰਤ ਭਾਰਤੀ ਭਾਸ਼ਾਵਾਂ ਦੀ ਬ੍ਰਿਧੀ ਲਈ ਸਥਾਪਤ ਕੀਤੀ 'ਭਾਰਤੀ ਸਾਹਿਤ ਅਕੇਡਮੀ' ਦੀ ਪੰਜਾਬੀ ਦੀ ਬਣਾਈ ਸਬ- ਕਮੇਟੀ ਦਾ ਭਾਈ ਸਾਹਿਬ ਨੂੰ ਮੈਂਬਰ ਚੁਣਿਆ ਗਇਆ। 'ਭਾਰਤੀ ਸਾਹਿਤ ਅਕੇਡਮੀ' ਵੱਲੋਂ ਉਨ੍ਹਾਂ ਦੀ ਪੁਸਤਕ 'ਮੇਰੇ ਸਾਂਈਆਂ ਜੀਓ' ਨੂੰ 1953 ਈ. ਦੀ ਪੰਜਾਬੀ

---

87. ਸ. ਭੂਪਾਲ ਸਿੰਘ, ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ, ਪੰਨਾ 60

88. ਮਹਾਂ ਸਿੰਘ, ਭਾਈ ਵੀਰ ਸਿੰਘ ਜੀ ਦਾ ਸੰਖੇਪ ਜੀਵਨ, 34

89. ਉਹੀ, ਪੰਨਾ 35- 36

ਦੀ ਸਭ ਤੋਂ ਉੱਤਮ ਪੁਸਤਕ ਜਾਣਦਿਆਂ 5,000 ਰੁਪਏ ਦਾ ਪੁਰਸਕਾਰ ਵੀ ਦਿੱਤਾ ਗਇਆ।[90]

1956 ਈ. ਵਿਚ ਭਾਰਤ ਦੇ ਰਾਸ਼ਟ੍ਰਪਤੀ ਵੱਲੋਂ ਗਣ-ਰਾਜ ਦਿਵਸ ਦੇ ਮੌਕੇ ਤੇ ਭਾਈ ਸਾਹਿਬ ਨੂੰ 'ਪਦਮ-ਭੂਸ਼ਨ' ਦਾ ਸਨਮਾਨ ਦੇਣ ਦਾ ਐਲਾਨ ਕੀਤਾ ਗਇਆ ਜੋ 25.1.1957 ਨੂੰ ਉਨ੍ਹਾਂ ਦੇ ਗ੍ਰਿਹ ਵਿਖੇ ਪਹੁੰਚਾਇਆ ਗਇਆ।[91]

ਇਨ੍ਹਾਂ ਤੋਂ ਵੀ ਵੱਡਾ ਸਨਮਾਨ ਸਹੀ ਅਰਥਾਂ ਵਿਚ ਦੇਸ਼-ਬਦੇਸ਼ ਵਿਚ ਪੰਜਾਬੀ ਪ੍ਰੇਮੀਆਂ ਦਾ 'ਭਾਈ ਵੀਰ ਸਿੰਘ ਸਟੱਡੀ ਸਰਕਲ' ਸਥਾਪਤ ਕਰਕੇ ਭਾਈ ਸਾਹਿਬ ਦੇ ਕਾਵਿ ਨੂੰ ਸਮਝਣ ਦਾ ਯਤਨ ਹੈ। ਹੁਣ ਤਕ ਭਾਰਤ ਦੇ ਬਹੁਤ ਸਾਰੇ ਸ਼ਹਿਰਾਂ ਤੇ ਕਸਬਿਆਂ ਤੋਂ ਛੁੱਟ ਬਦੇਸ਼ਾਂ ਵਿਚੋਂ ਇੰਗਲੈਂਡ, ਬੈਂਕਾਕ, ਮਲਾਇਸ਼ੀਆ ਵਿਚ 'ਭਾਈ ਵੀਰ ਸਿੰਘ ਸਟੱਡੀ ਸਰਕਲ' ਹੋਂਦ ਵਿਚ ਆ ਕੇ ਕਾਰਜ ਕਰ ਰਹੇ ਹਨ ਅਤੇ ਇਨ੍ਹਾਂ ਦੇ ਸਮਾਚਾਰ 'ਖਾਲਸਾ ਸਮਾਚਾਰ' ਵਿਚ ਛਪਦੇ ਰਹਿੰਦੇ ਹਨ।

ਭਾਈ ਸਾਹਿਬ ਨੂੰ ਨਿੱਜੀ ਤੌਰ ਤੇ ਇਨ੍ਹਾਂ ਵਖੇਵੇਂ ਦੇ ਸਨਮਾਨਾਂ ਨਾਲ ਕੋਈ ਸਨੇਹ ਨਹੀਂ ਸੀ। ਉਨ੍ਹਾਂ ਵਿਚ ਸੰਕੋਚਸ਼ੀਲਤਾ ਇੱਥੋਂ ਤਕ ਸੀ ਕਿ ਉਨ੍ਹਾਂ ਨੇ ਆਪਣੀਆਂ ਸਾਰੀਆਂ ਰਚਨਾਵਾਂ ਦੇ ਬਾਹਰ ਆਪਣਾ ਨਾਮ ਤਕ ਲਿਖਣ ਤੋਂ ਸੰਕੋਚ ਕੀਤਾ ਹੈ। ਜਦ ਉਨ੍ਹਾਂ ਨੂੰ 'ਡਾਕਟਰ ਆਫ਼ ਓਰੀਐਂਟਲ ਲਰਨਿੰਗ' ਦਾ ਸਨਮਾਨ ਮਿਲਿਆ ਤਾਂ ਲੋਕਾਂ ਦੀਆਂ ਵਧਾਈਆਂ ਆਉਣ ਤੇ ਉਨ੍ਹਾਂ ਲਿਖਿਆ ਸੀ:-

ਸੰਗ ਰਹੀ ਸੰਗਦਾ ਵਿਚ ਤੁਰਦਿਆਂ, ਆਨ ਵਿਸ਼ੇਸ਼ਣ ਮਗਰ ਪਿਆ।
ਕਿਸ ਦੇ ਨਾਲ ਲਗਾਈਏ ਤੈਨੂੰ ਮੂਲ ਨਹੀਂ ਤਾਂ ਵਿਆਜ ਕੇਹਾ ?
ਵਿਆਜ ਮਿਲਣ ਤੇ ਮਿਲਣ ਵਧਾਈਆਂ, ਕਉਣ ਕਰੇ ਸ਼ੁਕਰਾਨਾ ਹੁਣ
ਵਿਆਜ ਕਰੇ ਕੇ ਮੂਲ ਕਰੇ ਜੋ ਸੰਗ ਸੰਗਦਾ ਰਿਹਾ ।
ਦਾਦਾ ਪਿਉ ਸਨ ਵੈਦ ਡਾਕਟਰ ਸ਼ੁਫ਼ਾ ਜਿਨ੍ਹਾਂ ਦੇ ਚੁੰਮਦੀ ਪੈਰ,
ਪਾਣੀਹਾਰ ਉਹ ਵਿਦਯਾ ਸੰਦੇ ਮਨਿ ਬੁਧਿ ਵਸੈ ਜਿਨ੍ਹਾਂ ਦੇ ਖੈਰ,
ਅਸੀਂ ਅਨਾੜੀ ਰਹੇ ਉਮਰ ਭਰ ਨਾ ਹੀ ਵੈਦ ਨ ਬਣੇ ਹਕੀਮ।
ਹੁਣ ਜੇ ਡਾਕਟਰ ਪਦ ਆ ਚਮੜੇ ਤਾਂ ਇਹ ਲਗਸੀ ਬੜਾ ਹੀ ਗੈਰ।[92]

ਉਨ੍ਹਾਂ ਨੇ 'ਅਭਿਨੰਦਨ ਗ੍ਰੰਥ' ਦੇ ਸਨਮਾਨ ਅਰਪਣ ਸਮੇਂ ਵੀ ਉੱਤਰ ਵਿਚ ਕਿਸੇ ਭਾਸ਼ਣ ਦੀ ਥਾਂ ਇਕੋ ਸੰਖੇਪ ਤੇ ਨਿਮਰਤਾ-ਭਰਪੂਰ ਤੁੱਕ :' ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ'[93] ਦਾ ਉਚਾਰਨ ਕੀਤਾ ਸੀ। ਇੱਥੋਂ ਤਕ ਕਿ ਜਦ ਭਾਈ ਸਾਹਿਬ ਦੇ ਸਪਤਾਹਕ 'ਖਾਲਸਾ

---

90. ਮਹਾਂ ਸਿੰਘ, ਭਾਈ ਵੀਰ ਸਿੰਘ ਜੀ ਦਾ ਸੰਖੇਪ ਜੀਵਨ, ਪੰਨਾ 36
91. ਉਹੀ, ਪੰਨਾ- 36-37
92. ਖਾਲਸਾ ਸਮਾਚਾਰ, 6.6.1968, ਜਿਲਦ 68, ਅੰਕ 29
93. ਉਹੀ

ਸਮਾਚਾਰ' ਵਿਚ ਉਨ੍ਹਾਂ ਦੇ 'ਅਭਿਨੰਦਨ ਗ੍ਰੰਥ' ਭੇਟਾ ਵਾਲੇ ਸਮਾਗਮ ਦੇ ਸਮਾਚਾਰ ਛਾਪੇ ਗਏ ਤਾਂ ਉਨ੍ਹਾਂ ਨੇ ਇਸ ਨੂੰ ਚੰਗਾ ਨਾ ਸਮਝਦਿਆਂ ਇਸ ਦੇ ਸੰਪਾਦਕ ਗਿਆਨੀ ਮਹਾਂ ਸਿੰਘ ਜੀ ਨੂੰ ਲਿਖ ਭੇਜਿਆ:

ਰੱਜ ਰੱਜ ਕੇ ਭੰਡ ਲਿਆ ਜੇ ਹੁਣ ਤਾਂ ਆਖੋ ਬੱਸ।
ਕੱਜੀ ਰਿੱਛ ਕੋਈ ਨ ਬੁੱਛੋ ਤਦ ਤਾਂ ਭਰਦਾ ਰੱਸ।
ਨਿੰਦਾ ਉਸਤਤ ਦੋਊ ਵਿਵਰਜਤ ਨਾ ਹੋ, ਨਾਂ ਪਿਆ ਹੱਸ।
ਦ੍ਵੰਦਾਤੀਤ ਤੇ ਸੁਖ ਦਾ ਡੇਰਾ, ਉਹ ਥਾਂ ਕੋਈ ਦੱਸ।[94]

**ਅੰਤ—**

ਭਾਈ ਸਾਹਿਬ ਨੇ ਪੰਜਾਬੀ ਕਾਵਿ ਅਤੇ ਸਾਹਿਤ ਦੇ ਹੋਰ ਅੰਗਾਂ ਦੇ ਖੇਤਰ ਵਿਚ ਕਾਫ਼ੀ ਕੰਮ ਕੀਤਾ ਸੀ। ਜੀਵਨ ਦੇ ਸਮੇਂ ਹੀ ਉਨ੍ਹਾਂ ਦਾ ਸਾਹਿਤ ਵਿਚ ਚੰਗਾ ਸਥਾਨ ਬਣ ਚੁੱਕਿਆ ਸੀ, ਪਰ ਅਧਿਕ ਪਰਿਸ਼੍ਰਮ ਦੇ ਕਾਰਨ ਉਨ੍ਹਾਂ ਦਾ ਸਰੀਰ ਸਿਥਲ ਹੋ ਰਹਿਆ ਸੀ। 1957 ਈ. ਦੇ ਸ਼ੁਰੂ ਸਾਲ ਤੋਂ ਉਹ ਅੰਮ੍ਰਿਤਸਰ ਆਪਣੇ ਨਿਵਾਸ ਅਸਥਾਨ ਤੇ ਆਰਾਮ ਕਰ ਰਹੇ ਸਨ ਅਤੇ ਸ਼ੁਰੂ ਜੂਨ ਵਿਚ ਕਸੌਲੀ ਜਾਣ ਦੀ ਤਿਆਰੀ ਵਿਚ ਸਨ। ਆਸ ਸੀ ਕਿ ਉਥੇ ਸਿਹਤ ਤਾਜ਼ਗੀ ਲੈ ਕੇ ਉਭਰ ਆਏਗੀ। 2 ਜੂਨ, 1957 ਨੂੰ ਕਸੌਲੀ ਟੁਰਨ ਦਾ ਖ਼ਿਆਲ ਸੀ ਕਿ ਇਕ ਦਿਨ ਪਹਲਾਂ ਕੁਝ ਹੋ ਗਇਆ ਜੋ ਲਗਾਤਾਰ ਤੁਰਦਾ ਰਹਿਆ। ਇਸੇ ਹਾਲਤ ਵਿਚ 10 ਜੂਨ, 1957, ਜੇਠ ਸੁਦੀ 13, ਸੰਮਤ 2014 ਬਿ. ਦੀ ਸੋਮਵਾਰ ਦੀ ਸ਼ਾਮ ਨੂੰ ਚਾਰ ਵਜ ਕੇ ਪੰਝੀ ਮਿੰਟ ਤੇ ਉਹ ਚਲਾਣਾ ਕਰ ਗਏ ਤੇ ਪਿੱਛੇ ਛੱਡ ਗਏ ਆਪਣੇ ਵਿਅਕਤਿਤਵ ਅਤੇ ਕਿਰਤਿਤਵ ਦਾ ਗੌਰਵ ਜੋ ਯੁਗਾਂ ਤਕ ਆਉਣ ਵਾਲੀ ਮਾਨਵਤਾ ਦਾ ਪਥ- ਪ੍ਰਦਰਸ਼ਨ ਕਰਦਾ ਰਹੇਗਾ। ਇਵੇਂ ਭਾਈ ਸਾਹਿਬ ਕਵੀ ਤੋਂ ਵੀ ਮਹਾਨ ਵਿਅਕਤੀ ਸਨ, ਜਿਸ ਨੂੰ ਭਲੀ ਭਾਂਤ ਜਾਣ ਲੈਣ ਤੇ ਹੀ ਉਨ੍ਹਾਂ ਦੇ ਕਾਵਿ ਦਾ ਪੂਰਨ ਅਨੰਦ ਲਇਆ ਜਾ ਸਕੇਗਾ।

***
*

---

94. ਖ਼ਾਲਸਾ ਸਮਾਚਾਰ, 6-6-68, ਜਿਲਦ 69, ਅੰਕ 29

## ਅਧਿਆਇ ਦੂਜਾ

## ਜੀਵਨ- ਦਰਸ਼ਨ

ਭਾਈ ਵੀਰ ਸਿੰਘ ਜੀ ਦੇ ਕਾਵਿ ਦੇ ਆਧਾਰ ਤੇ ਉਨ੍ਹਾਂ ਦੇ ਜੀਵਨ- ਦਰਸ਼ਨ ਨੂੰ ਦ੍ਰਿਸ਼ਟੀ-ਗੋਚਰ ਕਰਨ ਲਈ ਉਨ੍ਹਾਂ ਦੇ ਦਾਰਸ਼ਨਿਕ ਤੇ ਧਾਰਮਿਕ, ਸਮਾਜਿਕ ਤੇ ਸਦਾਚਾਰਕ ਅਤੇ ਰਾਜਨੀਤਿਕ ਵਿਚਾਰਾਂ ਦਾ ਵਿਸ਼ਲੇਸ਼ਣ ਜ਼ਰੂਰੀ ਹੈ।

### (ੳ) ਦਾਰਸ਼ਨਿਕ ਤੇ ਧਾਰਮਿਕ ਵਿਚਾਰ

ਸਭ ਤੋਂ ਪਹਿਲਾਂ ਭਾਈ ਸਾਹਿਬ ਦੇ ਦਾਰਸ਼ਨਿਕ ਤੇ ਧਾਰਮਿਕ ਵਿਚਾਰਾਂ ਦੇ ਅਧਿਐਨ ਲਈ ਜ਼ਰੂਰੀ ਹੈ ਕਿ ਦਰਸ਼ਨ ਤੇ ਧਰਮ ਦੇ ਸੰਬੰਧ ਨੂੰ ਸਮਝਿਆ ਜਾਏ। ਦਰਸ਼ਨ ਅਤੇ ਧਰਮ ਦਾ ਸੰਬੰਧ ਇਤਨਾ ਨਿਕਟ ਦਾ ਹੈ ਕਿ ਇਨ੍ਹਾਂ ਨੂੰ ਵੱਖਰਾ ਕਰਨਾ ਅਸੰਭਵ ਹੋ ਜਾਂਦਾ ਹੈ।

**ਦਰਸ਼ਨ ਤੇ ਧਰਮ ਦਾ ਸੰਬੰਧ**- ਦਰਸ਼ਨ ਸ਼ਬਦ ਦੇ ਸੰਸਕ੍ਰਿਤ ਵਿਚ ਅਰਥ ਹਨ- ਜਿਸ ਦੀ ਸਹਾਇਤਾ ਨਾਲ ਵੇਖਿਆ ਜਾਏ (ਦ੍ਰਿਸ਼ਯ-ਤੇ ਅਨੇਨ ਇਤੀ ਦ੍ਰਿਸ਼ਨਮ੍)।[1] ਪੱਛਮ ਵਿਚ ਦਰਸ਼ਨ ਸ਼ਬਦ ਲਈ ਸੰਗਿਆ ਫ਼ਿਲਾਸਫ਼ੀ ਸ਼ਬਦ ਹੀ ਮਿਲਦੀ ਹੈ। ਫ਼ਿਲਾਸਫ਼ੀ ਸ਼ਬਦ ਦੋ ਗ੍ਰੀਕ ਸ਼ਬਦਾਂ 'ਫ਼ਿਲਾਸ'- ਪ੍ਰੇਮ[2] ਜਾਂ ਅਨੁਰਾਗ ਅਤੇ 'ਸੋਫ਼ੀਆ'- ਵਿਦਿਆ ਦੇ ਸੁਮਿਸ਼ਰਣ ਤੋਂ ਬਣਿਆ ਹੈ, ਜਿਸ ਦਾ ਅਰਥ ਹੈ- ਵਿਦਿਆ ਅਨੁਰਾਗ। ਸੋ ਜੋ ਬੁੱਧੀਜਨ ਜੀਵ, ਜਗਤ, ਈਸ਼ਵਰ ਤੇ ਹੋਰ ਧਾਰਮਿਕ ਤੇ ਸਮਾਜਿਕ ਤੱਤਾਂ ਦੀ ਛਾਣਬੀਣ ਕਰਨ ਵਿਚ ਪ੍ਰਯਤਨਸ਼ੀਲ ਹੁੰਦੇ ਹਨ, ਉਨ੍ਹਾਂ ਨੂੰ ਫ਼ਿਲਾਸਫ਼ਰ ਜਾਂ ਦਾਰਸ਼ਨਿਕ ਕਹਿਆ ਜਾਂਦਾ ਹੈ। ਮੁੱਢ ਵਿਚ ਫ਼ਿਲਾਸਫ਼ੀ ਦੇ ਅੰਤਰਗਤ ਵਿਗਿਆਨ ਵੀ ਆਉਂਦਾ ਸੀ, ਪਰ ਹੁਣ ਦਰਸ਼ਨ ਅਤੇ ਵਿਗਿਆਨ ਦੇ ਭੇਦ ਨੂੰ ਸਪਸ਼ਟ ਕਰ ਦਿੱਤਾ ਗਇਆ ਹੈ। ਹੁਣ ਬ੍ਰਹਮੰਡ, ਜੀਵ ਅਤੇ ਜਗਤ ਦੇ ਵਸ਼ਿਸ਼ਟ ਸਰੂਪ ਦਾ ਅਧਿਐਨ ਵਿਗਿਆਨ ਵਿਚ ਅਤੇ ਸਮਾਨ ਰੂਪ ਦਾ ਅਧਿਐਨ ਫ਼ਿਲਾਸਫ਼ੀ ਜਾਂ ਦਰਸ਼ਨ ਵਿਚ ਕੀਤਾ ਜਾਂਦਾ ਹੈ। ਦਰਸ਼ਨ ਦੀ ਮਹੱਤਤਾ ਨੂੰ ਮੁੱਖ ਰਖਦਿਆਂ ਹੀ ਕੁਟਲੀਆ ਨੇ ਦਰਸ਼ਨ ਨੂੰ ਸਾਰੇ ਵਿਗਿਆਨਾਂ ਦੀ ਜੋਤੀ, ਸਾਰੇ ਕਾਰਜਾਂ ਦੇ ਨਿਭਾ ਦਾ ਸਾਧਨ ਅਤੇ ਸਾਰੀਆਂ ਜ਼ਿੰਮੇਵਾਰੀਆਂ ਦੇ ਅਨੁਭਵ ਦਾ ਆਧਾਰ ਕਹਿਆ ਹੈ।[3]

---

1. ਅਮਰ ਕੋਸ਼, ਚਤੁਰਥ ਸੰਸਕਰਣ, ਬੰਬਈ, ਸੰਨ 1915, ਪੰਨਾ 395
2. " Phil+ Sophia- a love or pursuit of wisdom; a search for the underlying causes and principles of reality."
   ( Webster's Third New International Dictionary, 1698 )
3. Kautilya says," Philosophy is the lamp of all the sciences, the means of performing all the works and the support of all the duties."
   ( Indian Antiquary, 1918, P. 102 quoted by DR. Radhakrishnan, Indian Philosophy, Vol I, P. 24)

ਮਨੁੱਖ ਵਿਚ ਦ੍ਰਿਸ਼ਟਮਾਨ ਸੋਚ ਦੀ ਸਚਾਈ ਨੂੰ ਜਾਣਨ ਦੀ ਚੇਸ਼ਟਾ ਆਰੰਭ ਤੋਂ ਹੈ। ਜਦ ਮਾਨਵ ਦੀ ਬੌਧਿਕ ਸਾਧਨਾ ਉਕਤ ਇੱਛਾ ਤੋਂ ਪ੍ਰਭਾਵਿਤ ਹੋ ਕੇ ਇਸ ਵਿਚੋਂ ਕਿਸੇ ਸਤ ਦੀ ਖੋਜ ਅਤੇ ਭੌਤਿਕ ਜਗਤ ਨਾਲ ਉਸ ਦਾ ਸੰਬੰਧ ਜਾਣਨ ਦੀ ਕੋਸ਼ਿਸ਼ ਕਰਦੀ ਹੈ, ਉਦੋਂ ਦਰਸ਼ਨ ਦਾ ਜਨਮ ਹੁੰਦਾ ਹੈ।[4] ਇਸ ਦੇ ਨਾਲ ਹੀ ਪਰਮ- ਸਤ ਦੀ ਜਾਣਕਾਰੀ ਦੇ ਲਈ ਮਨੁੱਖ ਦੇ ਸ਼ਰਧਾ-ਯੁਕਤ ਪ੍ਰਯਤਨ ਅਤੇ ਉਸ ਦੇ ਸਾਰੇ ਵਿਚ ਢਲਿਆ ਜੀਵਨ ਧਰਮ ਦੇ ਜਨਕ ਹੈ। ਇਵੇਂ ਧਰਮ ਵੀ ਮਾਨਵ ਦੀਆਂ ਪ੍ਰਾਥਮਿਕ ਲੋੜਾਂ ਨਾਲ ਸੰਬੰਧਿਤ ਹੋ ਜਾਂਦਾ ਹੈ।[5] ਮੋਟੇ ਤੌਰ ਤੇ ਪਰਮ-ਸਤ ਦੇ ਆਭਾਸ ਦੀ ਬੌਧਿਕ ਅਤੇ ਸਿੱਧਾਂਤਕ ਸਾਧਨਾ ਤੋਂ ਦਰਸ਼ਨ ਅਤੇ ਇਸ ਨੂੰ ਜੀਵਨ ਦੇ ਰੋਜ਼ਾਨਾ ਵਿਵਹਾਰ ਅਤੇ ਮਾਨਸਿਕ ਜੀਵਨ ਵਿਚ ਘਟਾ ਲੈਣ ਨਾਲ ਧਰਮ ਦਾ ਉਦੇ ਹੁੰਦਾ ਹੈ। ਇਸੇ ਲਈ ਦਰਸ਼ਨ ਦੀ ਹਰੇਕ ਵਿਆਖਿਆ ਵਾਸਤਵ ਵਿਚ ਧਰਮ ਦੀ ਵਿਆਖਿਆ ਹੈ[6] ਅਤੇ ਧਰਮ ਦੀ ਹਰੇਕ ਸਾਧਨਾ ਦਰਸ਼ਨ ਦੇ ਅਤਿਰਕਤ ਆਪਣਾ ਨਿਜੀ ਸਥਾਨ ਰਖਦੀ ਹੈ।

ਭਾਰਤੀ ਵਿਚਾਰਧਾਰਾ ਵਿਚ ਦਰਸ਼ਨ ਅਤੇ ਧਰਮ ਦਾ ਡੂੰਘਾ ਸੰਬੰਧ ਰਹਿਆ ਹੈ।[7] ਦਰਸ਼ਨ ਸ਼ਾਸਤ੍ਰ ਦੁਆਰਾ ਦਿੱਤੇ ਅਧਿਆਤਮਿਕ ਤੱਥਾਂ ਆਸਰੇ ਹੀ ਭਾਰਤੀ ਧਰਮ ਦੀ ਦ੍ਰਿੜ੍ਹ ਜੜ੍ਹ ਕਾਇਮ ਹੈ।[8] ਭਾਰਤੀ ਧਰਮ ਵਿਚ ਪਰਮ- ਸਤ ਦੀ ਸੱਤਾ ਅਵਿਵਾਦ ਅਸਤਿਤਵ ਦੇ ਰੂਪ ਵਿਚ ਸਵੀਕਾਰ ਕੀਤੀ ਜਾਂਦੀ ਹੈ। ਦਰਸ਼ਨ

---

4. " The study of truth or principles underlying all knowledge: study of the most general causes and principles of the universe." ( The World Book Encyclopaedia Dictionary, Edited by Clearance L. Barnhard, P. 1450 )

5. " Religion, however, can be shown to be intrinsically although indirectly connected with man's fundamental that is biological needs." ( Encyclopaedia of the social sciences, Vol.IV, 1949, P.641)

6. " Philosophy only unfolds itself when it unfolds religion and in unfolding itself, it unfolds religion." ( Hegel, Philosophy of Religion, Vol.1, P. 19 )

7. " The spiritual motive dominates itz life in India. The founders of philosophy strive for a socio-spiritual reformation of the country." ( DR. Radhakrishnan, Indian Philosophy, Vol.I, P. 25 )

8. " No religious movement has ever come into existence without developing as its support a philosophic content." ( Ibid, P. 25 )

ਉਸ ਸੱਤਾ ਦੇ ਅਨੁਭਵ ਅਤੇ ਅਨੁਸਰਣ ਦਾ ਬੌਧਿਕ ਸਰੂਪ ਪੇਸ਼ ਕਰਦਾ ਹੈ,ਪਰ ਪਰਮ- ਸੱਤਾ ਅਨੁਭਵ ਦੀ ਵਸਤੂ ਹੋਣ ਦੇ ਕਾਰਨ ਕੇਵਲ ਬੌਧਿਕ ਪਹੁੰਚ ਤੋਂ ਬਾਹਰ ਰਹਿੰਦੀ ਹੈ। ਦਾਰਸ਼ਨਿਕ ਨੂੰ ਲਕਸ਼ ਸਿੱਧੀ ਲਈ ਸ਼ਰਧਾ ਤੇ ਆਧਾਰਿਤ ਸਾਧਨਾਂ ਦਾ ਆਸਰਾ ਲੈਣਾ ਪੈਂਦਾ ਹੈ। ਇਹ ਸਾਧਨਾ ਹੀ ਧਰਮ ਹੈ। ਬੌਧਿਕ ਪੂਰਣਤਾ ਅਰਥਾਤ ਦਰਸ਼ਨ ਦੀ ਪ੍ਰਾਪਤੀ ਲਈ ਜਦ ਧਰਮ ਦੀ ਸਾਧਨਾ ਦਾ ਆਸਰਾ ਲਿਆ ਜਾਂਦਾ ਹੈ,ਦਰਸ਼ਨ ਆਪੇ ਧਰਮ ਉਤੇ ਆਧਾਰਿਤ ਹੋ ਜਾਂਦਾ ਹੈ। ਸੋ ਜੇਹੜੀ ਚੇਸ਼ਟਾ ਕਾਰਨ ਦਰਸ਼ਨ ਦਾ ਉਦੇ ਹੁੰਦਾ ਹੈ,ਉਹੀ ਧਰਮ ਦੀ ਜਨਮ-ਦਾਤੀ ਬਣ ਜਾਂਦੀ ਹੈ। ਇਸੇ ਚੀਜ਼ ਨੂੰ ਸਮਝਣ ਕਰਕੇ ਭਾਰਤ ਵਿਚ ਧਰਮ ਕੇਵਲ ਕਿਸੇ ਸਿੱਧਾਂਤ ਵਿਚ ਹੀ ਕੇਂਦ੍ਰਿਤ ਨਹੀਂ ਇਸ ਵਿਚ ਜੀਵਨ ਵਿਕਾਸ ਦੀ ਹਰੇਕ ਪਰਿਸਥਿਤੀ ਨਾਲ ਕਦਮ ਮਿਲਾ ਕੇ ਟੁਰਨ ਦੀ ਰੁਚੀ ਮਿਲਦੀ ਹੈ।[10] ਇਵੇਂ ਸਪਸ਼ਟ ਹੋ ਜਾਂਦਾ ਹੈ ਕਿ ਭਾਰਤੀ ਵਿਚਾਰਧਾਰਾ ਵਿਚ ਦਰਸ਼ਨ ਤੇ ਧਰਮ ਦਾ ਨਿਖੇੜਾ ਕਠਿਨ ਹੈ। ਇਹ ਨਿਰਣਾ ਭਾਈ ਸਾਹਿਬ ਤੇ ਵੀ ਲਾਗੂ ਹੁੰਦਾ ਹੈ ਅਤੇ ਇਸੇ ਲਈ ਉਨ੍ਹਾਂ ਦੇ ਦਾਰਸ਼ਨਿਕ ਤੇ ਧਾਰਮਿਕ ਵਿਚਾਰਾਂ ਨੂੰ ਇਕੱਠਾ ਰੱਖ ਕੇ ਵਿਚਾਰਿਆ ਗਇਆ ਹੈ।

<u>ਸਮਕਾਲੀ ਸਥਿਤੀ</u>- ਭਾਈ ਸਾਹਿਬ ਦਾ ਕਾਵਿ- ਖੇਤਰ ਵਿਚ ਪ੍ਰਵੇਸ਼ ਉਸ ਸਥਿਤੀ ਵਿਚ ਹੋਇਆ ਸੀ, ਜਦੋਂ ਭਾਰਤੀ ਸਮਾਜ ਮੁਗ਼ਲਾਂ ਦੇ ਜ਼ੁਲਮਾਂ ਤੋਂ ਬਾਅਦ ਅੰਗ੍ਰੇਜ਼ਾਂ ਦੀ ਗ਼ੁਲਾਮੀ ਵਿਚ ਜਕੜਿਆ ਸੀ। ਲੋਕੀ ਜਾਤੀਆਂ, ਉਪ-ਜਾਤੀਆਂ ਤੇ ਸੰਪਰਦਾਵਾਂ ਵਿਚ ਵਟ ਚੁਕੇ ਸਨ। ਅਨੇਕ ਪ੍ਰਕਾਰ ਦੀਆਂ ਵਿਚਾਰਧਾਰਾਵਾਂ ਪਨਰ ਰਹੀਆਂ ਸਨ; ਭਿੰਨ ਭਿੰਨ ਸਿੱਧਾਂਤਾਂ ਅਤੇ ਗੰਭੀਰ ਵਿਵਾਦਾਂ ਦਾ ਜ਼ੋਰ ਸੀ। ਧਰਮ ਦੇ ਨਾਂ ਉਤੇ ਈਰਖਾ,ਵੈਰ ਅਤੇ ਸੰਘਰਸ਼ ਫੈਲ ਰਹੇ ਸਨ। ਸਮਾਜਿਕ ਤੇ ਰਾਜਨੀਤਿਕ ਸਥਿਤੀ ਨਿਘਰ ਰਹੀ ਸੀ। ਅਜੇਹੇ ਹਾਲਾਤ ਵਿਚ ਭਾਈ ਸਾਹਿਬ ਨੇ ਆਪਣੇ ਕਾਵਿ ਰਾਹੀਂ ਲੋਕਾਂ ਨੂੰ ਇਕ ਜੀਵਨ ਮਾਰਗ ਪ੍ਰਦਾਨ ਕਰਨ ਦਾ ਯਤਨ ਕੀਤਾ।

<u>ਦਾਰਸ਼ਨਿਕ ਤੇ ਧਾਰਮਿਕ ਪਿਛੋਕੜ</u>- ਭਾਈ ਸਾਹਿਬ ਨੂੰ ਗੁਰਮਤਿ ਦੀ ਵਿਚਾਰਧਾਰਾ ਵਿਰਸੇ ਵਿਚ ਮਿਲੀ ਸੀ। ਇਸ ਦੇ ਨਾਲ ਹੀ ਵੇਦਾਂ ਤੇ ਉਪਨਿਸ਼ਦਾਂ ਦੇ ਵਿਚਾਰ ਅਤੇ ਪੁਰਾਣਾਂ ਦੀਆਂ ਗਾਥਾਵਾਂ ਸਨ; ਭਗਵਦ ਗੀਤਾ ਦਾ ਆਤਮ- ਸਮਰਪਣ ਤੇ ਨਿਸ਼ਕਾਮ ਕਰਮ ਸੀ; ਸ਼ੰਕਰਾਚਾਰੀਆ ਦਾ ਬ੍ਰਹਮਵਾਦ ਸੀ; ਰਾਮਾਨੁਜ ਦਾ ਸ੍ਰਿਸ਼ਟੀ ਅਸਤਿਤਵ ਸਿੱਧਾਂਤ ਸੀ; ਵਲਭ ਦੀ ਮਧੁਰ ਭਗਤੀ ਅਤੇ ਕਬੀਰ ਦੀ ਦਾਸ- ਭਾਵਨਾ ਸੀ ਅਤੇ ਜੋਗੀਆਂ ਤੇ ਤਾਂਤ੍ਰਿਕਾਂ ਦੇ ਅਡੰਬਰ ਸਨ। ਇਨ੍ਹਾਂ ਦੇ ਨਾਲ ਬੁੱਧ ਮੱਤ,ਜੈਨ ਮੱਤ,ਇਸਲਾਮ ਤੇ ਈਸਾਈ ਮੱਤ ਦੇ ਅਨੁਭਵ ਸਨ। ਜਦ ਗੁਰਮਤਿ ਦੀ ਵਿਚਾਰਧਾਰਾ ਦਾ ਮੁੱਢ ਬੱਝਾ ਸੀ,ਉਸ ਸਮੇਂ ਅਨੁਭਵ ਕੀਤਾ ਗਇਆ

---

9. " Religion is man's faith in a power beyond himself whereby he seeks to satisfy emotional needs and gain stability of life which he expresses in acts of worship and service." ( G. Galloway, The Philosophy of Religion, Edinburgh, 1914,P.184.

10." In India, religion is hardly a dogma, but a working hypothesis of human conduct adapted to different stages of spiritual development and different conditions of life." ( Havel, Aryan Rule in India, P. 170 )

ਸੀ ਕਿ ਉਸ ਤੋਂ ਪਹਿਲੇ ਦੀ ਸਥਿਤੀ ਵਿਚ ਪ੍ਰਚਲਿਤ ਵਿਚਾਰਧਾਰਾਵਾਂ ਲੋਕਾਂ ਨੂੰ ਸਿੱਧਾਂਤਕ ਤੇ ਕਰਮ-ਕਾਂਡੀ ਗੋਰਖਧੰਦੇ ਵਿਚ ਉਲਝਾ ਰਹੀਆਂ ਸਨ। ਗੁਰਮਤਿ ਵਿਚ ਨਵੀਆਂ ਪਰਿਸਥਿਤੀਆਂ ਦੇ ਅਨੁਕੂਲ ਪੂਰਵ-ਗਾਮੀ ਦ੍ਰਿਸ਼ਟੀਕੋਣਾਂ ਦੀ ਛਾਣਬੀਣ ਕਰਕੇ ਇਨ੍ਹਾਂ ਨੂੰ ਇਕ ਨਵੇਂ ਸਵਸਥ ਦ੍ਰਿਸ਼ਟੀਕੋਣ ਦੇ ਰੂਪ ਵਿਚ ਪ੍ਰਗਟ ਕੀਤਾ ਗਇਆ ਸੀ।

ਭਾਈ ਸਾਹਿਬ ਨੇ ਗੁਰਮਤਿ ਦੀ ਮਹੱਤਤਾ ਨੂੰ ਸਵੀਕਾਰ ਕਰਦਿਆਂ ਇਸ ਨੂੰ ਆਪਣੀ ਵਿਚਾਰਧਾਰਾ ਦਾ ਆਧਾਰ ਬਣਾ ਲਇਆ ਕਿਉਂਕਿ ਉਹ ਸਮਝਦੇ ਸਨ ਕਿ ਗੁਰਮਤਿ ਦੀ ਵਿਚਾਰਧਾਰਾ ਦੇ ਤਾਣੇ-ਪੇਟੇ ਵਿਚ ਸਾਰੇ ਭਾਰਤੀ ਦਰਸ਼ਨ ਅਤੇ ਵਿਸ਼ਵ ਦੇ ਹੋਰ ਦਰਸ਼ਨਾਂ ਅਤੇ ਧਰਮਾਂ ਵਿਚੋਂ ਜੀਵਨ ਲਈ ਮਹੱਤਤਾ ਰੱਖਣ ਵਾਲੇ ਸਾਰੇ ਗੁਣਾਂ ਦਾ ਵਿਰਾਟ-ਸੰਗਮ ਹੋਇਆ ਮਿਲਦਾ ਹੈ। ਉਨ੍ਹਾਂ ਤੋਂ ਪਹਿਲੇ 17ਵੀਂ ਸਦੀ ਵਿਚ ਭਾਈ ਗੁਰਦਾਸ ਜੀ ਨੇ ਵੀ ਇਸੇ ਦਰਸ਼ਨ ਅਤੇ ਧਰਮ ਨੂੰ ਕਾਵਿ ਰਾਹੀਂ ਵਿਆਖਿਆਣ ਦਾ ਯਤਨ ਕੀਤਾ ਸੀ ਅਤੇ ਇਸੇ ਕਾਰਜ ਨੂੰ 20ਵੀਂ ਸਦੀ ਵਿਚ ਭਾਈ ਸਾਹਿਬ ਨੇ ਆਪਣੇ ਲਈ ਚੁਣ ਲਇਆ।

ਵਿਸ਼ਲੇਸ਼ਣ:- ਗੁਰਮਤਿ ਦੇ ਆਧਾਰ ਤੇ ਭਾਈ ਸਾਹਿਬ ਦੀਆਂ ਨਜ਼ਰਾਂ ਵਿਚ ਜੀਵਨ ਦਾ ਅਰਥ ਸਿਰਫ਼ ਆਰਥਿਕ ਤੇ ਰਾਜਨੀਤਿਕ ਜੀਵਨ ਹੀ ਨਹੀਂ, ਸਗੋਂ ਇਸ ਦੇ ਨਾਲ ਹੀ ਅੰਤਰ-ਤਮ ਤੇ ਜਗਿਆਸਾ ਦਾ ਜੀਵਨ ਹੈ। ਇਸੇ ਗੱਲ ਨੂੰ ਮੁੱਖ ਰਖਦਿਆਂ ਭਾਈ ਸਾਹਿਬ ਨੇ ਜੀਵਨ ਪ੍ਰਤਿ ਇਕ ਆਸ਼ਾ-ਜਨਕ ਦ੍ਰਿਸ਼ਟੀਕੋਣ ਦੇ ਆਧਾਰ ਤੇ ਈਸ਼ਵਰ, ਜਗਤ ਅਤੇ ਮਾਇਆ, ਜੀਵ-ਆਤਮਾ, ਹਉਮੈ, ਮੌਤ ਦੇ ਨਾਲ ਆਦਰਸ਼ਕ ਮਾਨਵ-ਗੁਰਮੁਖ ਦੀ ਰੂਪ ਰੇਖਾ ਅਤੇ ਇਸ ਆਦਰਸ਼ ਪ੍ਰਾਪਤੀ ਦੇ ਸਾਧਨ, ਗੁਰੂ, ਨਾਮ, ਪ੍ਰੇਮ, ਗਿਆਨ, ਜੋਗ, ਹੁਕਮ ਮੰਨਣਾ ਤੇ ਸ਼ੁਕਰ, ਸਤਿਸੰਗ, ਰਾਗ ਕੀਰਤਨ, ਅਰਦਾਸ ਅਤੇ ਅੰਤਿਮ ਲਕਸ਼ 'ਖੇੜਾ' ਅਰਥਾਤ 'ਸਹਜ-ਅਵਸਥਾ' ਜਾਂ 'ਅਨੰਦ' ਸੰਬੰਧੀ ਵਿਚਾਰ ਪ੍ਰਗਟ ਕੀਤੇ ਹਨ। ਇਸ ਦਾ ਇਹ ਭਾਵ ਨਹੀਂ ਕਿ ਭਾਈ ਸਾਹਿਬ ਨੇ ਕਿਸੇ ਦਾਰਸ਼ਨਿਕ ਵਾਂਗ ਆਪਣੇ ਵਿਚਾਰਾਂ ਨੂੰ ਸਿਲਸਿਲੇਵਾਰ ਤਰਤੀਬ ਵਿਚ ਲਇਆ ਹੈ। ਮੂਲ ਰੂਪ ਵਿਚ ਉਹ ਕਵੀ ਸਨ ਪਰ ਉਨ੍ਹਾਂ ਦੇ ਕਾਵਿ ਦੇ ਗੰਭੀਰ ਅਧਿਐਨ ਦੁਆਰਾ ਇਸ ਵਿਚੋਂ ਵਿਚਾਰਾਂ ਦੀ ਤਰਤੀਬ ਪ੍ਰਾਪਤ ਜ਼ਰੂਰ ਕੀਤੀ ਜਾ ਸਕਦੀ ਹੈ।

ਈਸ਼ਵਰ- ਭਾਈ ਸਾਹਿਬ ਦਾ ਦ੍ਰਿੜ੍ਹ ਵਿਸ਼ਵਾਸ਼ ਇਕ ਪ੍ਰਭੂ ਦੀ ਹੋਂਦ ਵਿਚ ਹੈ। ਗੁਰਮਤਿ ਦਾ ਆਸ਼ਾ ਵੀ ਇਹੋ ਹੈ ਕਿ ਅਕਾਲ-ਪੁਰਖ ਪਰਮਾਤਮਾ ਇਕੋ ਇਕ ਮੂਲ ਪਰਮ-ਤੱਤ ਹੈ। ਇਹ ਪਰਮ-ਤੱਤ ਆਪਣੀ ਇੱਛਾ ਅਥਵਾ ਭਾਣੇ ਅਨੁਸਾਰ ਅਰੂਪ ਜਾਂ ਨਿਰਗੁਣ ਅਵਸਥਾ ਤੋਂ ਸਰਗੁਣ ਅਵਸਥਾ ਵਿਚ ਆਉਂਦਾ[11] ਹੈ। ਇਹੋ ਪ੍ਰਭੂ ਹੀ ਸੰਸਾਰ ਦਾ ਮੂਲ ਕਾਰਨ ਹੈ। ਭਾਈ ਸਾਹਿਬ ਇਸ ਸਿੱਧਾਂਤ ਨੂੰ ਕਬੂਲਦਿਆਂ 'ਰਾਣਾ ਸੂਰਤ ਸਿੰਘ' ਵਿਚ ਕਹਿੰਦੇ ਹਨ:-

ਨਿਰਗੁਣ ਰੂਪ ਅਕਾਲ ਸਭ ਦਾ ਮੂਲ ਜੋ[12]

---

11. ਇਕਸ ਤੇ ਹੋਇਓ ਅਨੰਤਾ ਨਾਨਕ ਏਕਸ ਮਾਹਿ ਸਮਾਏ ਜੀਉ॥ (ਮਾਝ ਮ:5)

12. ਰਾਣਾ ਸੂਰਤ ਸਿੰਘ, ਪੰਨਾ 30, ਪੰਕਤੀ 75.

ਇੱਥੇ ਭਾਈ ਸਾਹਿਬ ਪ੍ਰਭੂ ਦੇ ਤਿੰਨ ਗੁਣਾਂ: ਨਿਰਗੁਣ, ਅਕਾਲ ਤੇ ਸਭ ਦੇ ਮੂਲ ਵੱਲ ਸੰਕੇਤ ਕਰਦੇ ਹਨ।

ਨਿਰਗੁਣ- ਸਰਗੁਣ — ਪ੍ਰਭੂ ਰੂਪ, ਵਰਣ ਅਥਵਾ ਹਰ ਪ੍ਰਕਾਰ ਦੀ ਸੀਮਾਂ ਤੋਂ ਪਰੇ ਹੈ। ਉਹ ਨਿਰਗੁਣ ਸਰੂਪ ਹੈ। ਪ੍ਰਭੂ ਨੂੰ ਨਿਰਗੁਣ ਜਾਂ ਨਿਰਾਕਾਰ ਕਹਣ ਤੋਂ ਇਹ ਭਾਵ ਨਹੀਂ ਕਿ ਉਸ ਦਾ ਕੋਈ ਗੁਣ ਨਹੀਂ। ਅਸਲ ਵਿਚ ਸਾਰੇ ਗੁਣ ਤੇ ਸਮੁੱਚਾ ਆਕਾਰ ਉਸੇ ਦਾ ਪ੍ਰਕਾਸ਼ ਹੈ। ਭਾਈ ਸਾਹਿਬ ਦਾ ਨਿਰਗੁਣ ਤੋਂ ਭਾਵ ਸਿਰਫ਼ ਇਤਨਾ ਹੈ ਕਿ ਪ੍ਰਭੂ ਨੂੰ ਕਿਸੇ ਇਕ ਗੁਣ ਜਾਂ ਆਕਾਰ ਦੀ ਸੀਮਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਵੇਦਾਂ ਵਿਚ ਵੀ ਇਹੋ ਦ੍ਰਿਸ਼ਟੀਕੋਣ ਮਿਲਦਾ ਹੈ ਕਿ 'ਏਕਮ ਸਤ' ਦਾ ਸਰੂਪ ਸਾਰੇ ਵਜੂਦ ਦੀ ਭਿੰਨਤਾ ਵਿਚ ਵਿਦਮਾਨ ਹੈ।[13] ਸਾਰਾ ਬ੍ਰਹਮੰਡ- ਪਿੰਡ ਸਰਗੁਣ ਸਰੂਪ ਬ੍ਰਹਮ ਹੈ, ਜੋਹੜਾ ਕਿ ਰੂਪ ਅਵਸਥਾ ਤੋਂ ਪਹਲਾਂ ਅਰੂਪ ਜਾਂ ਨਿਰਗੁਣ ਸੀ। ਇਸ ਤਰ੍ਹਾਂ ਨਿਰਗੁਣ- ਸਰਗੁਣ ਤੇ ਸਰਗੁਣ- ਨਿਰਗੁਣ ਦਾ ਸਿਲਸਿਲਾ ਜਾਰੀ ਹੈ। ਭਾਈ ਸਾਹਿਬ ਨੇ ਪ੍ਰਭੂ ਨੂੰ ਨਿਰਗੁਣ ਕਹਕੇ ਸਪਸ਼ਟ ਕਰ ਦਿੱਤਾ ਹੈ ਕਿ ਸਾਰੇ ਗੁਣਾਂ, ਆਕਾਰਾਂ ਤੇ ਨਾਮ ਰੂਪਾਂ ਨੂੰ ਜਨਮ ਦੇ ਕੇ ਵੀ ਉਹ ਕਿਸੇ ਵਸ਼ਿਸ਼ਟ ਨਾਮ, ਰੂਪ, ਗੁਣ ਤੇ ਆਕਾਰ ਦੇ ਬੰਧਨ ਵਿਚ ਨਹੀਂ।

ਅਕਾਲ— ਭਾਈ ਸਾਹਿਬ ਮੰਨਦੇ ਹਨ ਕਿ ਸਤ ਸਰੂਪ ਹਸਤੀ ਸਭ ਸਥਾਨਾਂ ਤੇ ਸਭ ਪਰਿਸਥਿਤੀਆਂ ਵਿਚ ਸਤ ਰਹਿੰਦੀ ਹੈ ਅਤੇ ਉਸ ਵਿਚ ਸਮੇਂ ਦੇ ਫੇਰ ਨਾਲ ਕੋਈ ਫੇਰ ਨਹੀਂ ਆਉਂਦਾ:

'ਅਟਿੱਠ' ਹੈ ਜੋ ਕਾਰਨ ਜਿਸ ਤੋਂ ਸੂਰਤਾਂ ਪ੍ਰਗਟੇ।
ਉਸ ਦਾ ਸਰੂਪ ਇਕ ਰਸ ਰਹਿੰਦਾ ਸਦਾ ਸਦਾਈ।[14]

ਹੋਰ ਸਾਰੀਆਂ ਵਸਤੂਆਂ ਸਮੇਂ ਅਤੇ ਸਥਾਨ ਅਥਵਾ ਦੇਸ਼ ਤੇ ਕਾਲ ਦੀ ਸੀਮਾਂ ਵਿਚ ਕੈਦ ਹਨ ਅਤੇ ਉਨ੍ਹਾਂ ਦਾ ਅੰਤ ਜ਼ਰੂਰੀ ਹੈ। ਦੇਸ਼ ਅਤੇ ਕਾਲ ਤੋਂ ਭਾਵ ਵਸਤੂਆਂ ਦਾ ਕੁਦਰਤ ਦੇ ਨੇਮ ਦੇ ਬੰਧਨ ਵਿਚ ਹੋਣਾ ਹੈ। ਸਿਰਫ਼ ਪ੍ਰਭੂ ਹੀ ਇਨ੍ਹਾਂ ਸਾਰੇ ਨਿਯਮਾਂ ਤੋਂ ਉਤੇ ਅਕਾਲ ਹੈ।

ਸਰਬ- ਕਰਤਾ — ਭਾਈ ਸਾਹਿਬ ਦੇ ਅਨੁਸਾਰ ਅਕਾਲ ਪੁਰਖ ਸਭ ਦਾ ਮੂਲ ਹੈ। ਸਾਰੀ ਸ੍ਰਿਸ਼ਟੀ ਦੀ ਸਿਰਜਣਾ ਅਤੇ ਕਾਰਵਿਹਾਰ ਦਾ ਉਹ ਮੂਲ ਕਾਰਨ ਹੈ। ਉਹ ਸਰਬ- ਕਰਤਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਅਨੁਸਾਰ ਵੀ ਪ੍ਰਭੂ ਸਭ ਦਾ ਨਿਰਮਾਤਾ ਤੇ ਵਿਨਾਸ਼ਕ ਹੈ।[15] ਵਿਸ਼ਵ ਦਾ ਰਚਣਹਾਰ ਪ੍ਰਭੂ ਸ੍ਰਿਸ਼ਟੀ ਦੇ ਅਣੂ ਅਣੂ ਵਿਚ ਵਿਆਪਕ ਹੈ:

ਘਟ ਘਟ ਜਾਪੇ ਜੋਤ ਉਸ ਦੀ ਵਸਦੀ।[16]

---

13. " The highest conception reached in the Vedic hymn was that of one reality (Ekam Sat), which realises itself in all the variety of existence."
( DR. Radhakrishnan, Indian Philosophy, Vol.I, P. 151 )

14. ਬੁਲਬੁਲ ਤੇ ਰਾਹੀ, ਲਹਿਰਾਂ ਦੇ ਹਾਰ, ਪੰਨਾ 151

15. ਸਭ ਕੋ ਕਾਲ ਸਭਨ ਕੋ ਕਰਤਾ, ਰੋਗ ਸੋਗ ਦੋਖਨ ਕੋ ਹਰਤਾ॥ (ਅਕਾਲ ਉਸਤਤਿ)

16. ਰਾਣਾ ਸੂਰਤ ਸਿੰਘ, ਪੰਨਾ 33, ਪੰਕਤੀ 95.

<u>ਸਰਬ- ਵਿਆਪਕ:-</u> ਪ੍ਰਭੂ ਪ੍ਰਕ੍ਰਿਤੀ ਦੇ ਹਰੇਕ ਅੰਸ਼ ਵਿਚ ਵਿਦਮਾਨ ਹੈ। ਇਹ ਸਾਡਾ ਦੁਰਭਾਗ ਹੈ ਕਿ ਅਸੀਂ ਉਸ ਨੂੰ ਪਛਾਣ ਨਹੀਂ ਸਕਦੇ। ਇਸ ਤੱਥ ਨੂੰ ਗੁਰੂ ਨਾਨਕ ਦੇਵ ਜੀ ਨੇ ਵੀ ਸਵੀਕਾਰ ਕੀਤਾ ਹੈ।[17] ਜਦ ਵਿਸ਼ਵ ਪ੍ਰਕ੍ਰਿਤੀ ਅਸਤਿਤਵ ਰਹਿਤ ਸੀ ਤਾਂ ਵੀ ਅਕਾਲ ਦਾ ਸ਼ਬਦ ਸਭ ਪਾਸੇ ਗੂੰਜਦਾ ਸੀ। ਜਦ ਜਗਤ ਦਾ ਤਾਣਾ ਬਾਣਾ ਉਸ ਦੀ 'ਇੱਛਾ' ਵਿਚ ਵਿਚਰਣ ਲੱਗਾ ਤਾਂ ਵੀ ਉਹ ਅਲੌਕਿਕ ਸ਼ਕਤੀ ਆਪਣੀ ਚਮਤਕਾਰਕ ਰਚਨਾ ਦਾ ਅਨੰਦ ਲੈਣ ਲਈ ਸਭ ਤੋਂ ਉਚੀ ਹੋ ਕੇ ਵੀ ਇਸ ਰਚਨਾ ਵਿਚ ਵਿਚਰਣ ਲੱਗੀ।[18] ਭਾਈ ਸਾਹਿਬ ਵੀ ਸਪਸ਼ਟ ਕਰਦੇ ਹਨ ਕਿ ਅੰਤਰ-ਗਿਆਨ ਰਾਹੀਂ ਇਸ ਅਸਲੀਅਤ ਨੂੰ ਅਨੁਭਵ ਕੀਤਾ ਜਾ ਸਕਦਾ ਹੈ:-

ਨੈਣ ਮੀਟਿਆਂ ਅੰਦਰ ਦਿਸਦਾ ਖੁਲ੍ਹਿਆਂ ਬਾਹਰ ਦਿਸੀਵੇ
ਜਿਤ ਵਲ ਨਜ਼ਰ ਉਠੇ ਵਲ ਦਿਸਦਾ ਵਣ ਤ੍ਰਿਣ ਸੱਜਣ- ਵਸਿਆ।[19]

ਰਾਮਾਨੁਜ ਵੀ ਸਵੀਕਾਰ ਕਰਦਾ ਹੈ ਕਿ ਪਰਮਾਤਮਾ ਸਰਬ- ਵਿਆਪਕ ਅਤੇ ਸਰਬ- ਸ਼ਕਤੀਮਾਨ ਹੈ।[20] ਭਾਈ ਸਾਹਿਬ ਨੇ ਗੁਰਮਤਿ ਵਾਂਗੂੰ ਮਾਧਵਚਾਰੀਆ ਦੇ ਦਵੈਤ ਵਾਦ ਦੇ ਸਿੱਧਾਂਤ ਨੂੰ ਸਵੀਕਾਰ ਨਹੀਂ ਕੀਤਾ, ਜਿਸ ਵਿਚ ਦੱਸਿਆ ਹੈ ਕਿ ਪਰਮਾਤਮਾ, ਜੀਵ ਅਤੇ ਜਗਤ ਭਿੰਨ ਭਿੰਨ ਸ਼ਕਤੀਆਂ ਹਨ।[21] ਉਹ ਪ੍ਰਭੂ ਦੀ ਸਰਬ- ਵਿਆਪਕਤਾ ਨੂੰ ਹੋਰ ਸਪਸ਼ਟ ਕਰਦਿਆਂ ਲਿਖਦੇ ਹਨ:

ਕੁਦਰਤ ਸਾਜ ਕੇ ਕੁਦਰਤ ਦੇ ਵਿੱਚ ਵਸਦਾ
ਸਦਾ ਦਮਕਦਾ ਜਿੱਕਰਾਂ ਚੰਦ ਚੜ੍ਹਿਆ।[22]

<u>ਸਰਬ- ਗਿਆਤਾ ਤੇ ਸਰਬ- ਹਿਤੈਸ਼ੀ-</u> ਪ੍ਰਭੂ ਸਰਬ- ਗਿਆਤਾ ਤੇ ਸਰਬ- ਹਿਤੈਸ਼ੀ ਹੈ। ਸਭ ਕੁਝ ਉਸ ਦੇ ਹੁਕਮ ਵਿਚ ਵਿਚਰ ਰਹਿਆ ਹੈ।[23] 'ਰਾਣਾ ਸੂਰਤ ਸਿੰਘ' ਵਿਚ ਭਾਈ ਸਾਹਿਬ ਲਿਖਦੇ ਹਨ:-

ਸਭ ਦਾ ਰਾਖਾ ਆਪ ਹੈ ਓ ਰੱਬ ਜੀ।[24]

---

17. ਸਰਬ ਜੀਆ ਜਹ ਜੋਤਿ ਤੁਮਾਰੀ ਜੇਤੀ ਪ੍ਰਭ ਫੁਰਮਾਈ ਹੇ॥ (ਮਾਰੂ ਸੋਲਹੇ ਮ:੧ )

18. ਸਚ ਖੰਡਿ ਵਸੈ ਨਿਰੰਕਾਰੁ, ਕਰਿ ਕਰਿ ਵੇਖੈ ਨਦਰਿ ਨਿਹਾਲ॥ (ਜਪੁਜੀ)

19. 'ਜਿਤ ਵਲ ਨਜ਼ਰ ਉਠੇ ਵਲ ਸਜਣ', ਲਹਿਰਾਂ ਦੇ ਹਾਰ, (ਪੰਨਾ- 29)

20. " From Ramanuja's theory of knowledge, it is a determinate whole which maintains its identity in and through the difference." ( DR. Radhakrishnan, Indian Philosophy, Vol.II, P. 682)

21. " Madhva holds that God, Jīva and the world are eternally distinct. This view is not in consonance with the view of Adi-Granth which holds that Jiva and the world are the creation of God." (DR.S.S. Kohli, A Critical study of Adi-Granth, P. 326.)

22. ਬਿਸਮਿਲ ਮੋਰ, ਲਹਿਰਾਂ ਦੇ ਹਾਰ, ਪੰਨਾ- 181

23. ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ॥(ਜਪੁਜੀ)

24. ਰਾਣਾ ਸੂਰਤ ਸਿੰਘ, ਪੰਨਾ 49, ਪੰਕਤੀ 232

ਇਹ ਠੀਕ ਹੈ ਕਿ ਰਚਨਾ ਦੀ ਇੱਛਾ ਕਾਰਨ ਪ੍ਰਭੂ ਨੇ ਜੀਵਾਂ ਨੂੰ ਮਾਇਆ ਦੇ ਹਵਾਲੇ ਕੀਤਾ ਹੈ, ਪਰ ਫਿਰ ਵੀ ਜਦ ਜੀਵਾਂ ਨੂੰ ਕਸ਼ਟ ਵਿਚ ਦੇਖਿਆ ਹੈ, ਉਨ੍ਹਾਂ ਦੀ ਰੱਖਿਆ ਵੀ ਕੀਤੀ ਹੈ। ਅਗਿਆਨਤਾ ਵਿਚ ਗ੍ਰਸਿਆ ਮਾਨਵ ਕਈ ਵੇਰ ਸੋਚਦਾ ਹੈ ਕਿ ਸਾਈਂ ਹੋ ਕੇ ਸਾਈਂ ਕਿਉਂ ਦੰਡ ਦਿੰਦਾ ਹੈ ਤੇ ਮਾਨੋ ਉਸ ਨੇ ਕਿਉਂ ਉਤਪਤ ਕੀਤਾ ਹੈ[25], ਪਰ ਇਹ ਸਾਡੀ ਭੁੱਲ ਹੈ। ਪ੍ਰਭੂ ਹਰ ਸਮੇਂ ਸਾਡੇ ਤੇ ਮਿਹਰ ਕਰਦਾ ਹੈ, ਪਰ ਅਸੀਂ ਭੁਲੇਖੇ ਕਾਰਨ ਸਮਝਦੇ ਨਹੀਂ।[26] ਪ੍ਰਭੂ ਦੀ ਕ੍ਰਿਪਾਲਤਾ ਦਾ ਇਸ ਤੋਂ ਵੱਡਾ ਪ੍ਰਮਾਣ ਕੀ ਹੋ ਸਕਦਾ ਹੈ ਕਿ ਪਰੀਖਿਆ ਵਿਚ ਪਏ ਜੀਵਾਂ ਦੀ ਸਹਾਇਤਾ ਲਈ ਸੰਸਾਰ ਦੀਆਂ ਸਾਰੀਆਂ ਵਸਤੂਆਂ ਜੁਟਾਈਆਂ ਹੋਈਆਂ ਹਨ। ਉਹ ਬੰਦੇ ਦੇ ਐਬ ਹੀ ਨਹੀਂ ਚਿਤਾਰਦਾ, ਗੁਣ ਵੀ ਵੇਖਦਾ ਹੈ:

ਪਰ ਉਹ ਵੇਰੋਂ ਸਵਛ ਮੂਰਤ ਮੇਰੂ ਦੀ।
ਔਗੁਣ ਐਬ ਚਿਤਾਰ ਨ ਚਿਤ ਰੱਖਦਾ।[27]

<u>ਖਿਮਾ- ਸਰੂਪ</u>— ਸਤ ਪੁਰਖ ਖਿਮਾ ਦਾ ਸਾਕਾਰ ਸਰੂਪ ਹੈ। ਕਵੀ ਸਾਹਿਬ ਨੂੰ ਪ੍ਰਭੂ ਵਿਚ 'ਰੂਹ ਬਖਸ਼ਣ ਦਾ ਸ਼ੌਕ' ਝੁਲਦਾ ਨਜ਼ਰੀਂ ਆਉਂਦਾ ਹੈ:-

ਰੂਹ ਬਖਸ਼ਣ ਦਾ ਸ਼ੌਕ ਤੁਸਾਂ ਵਿਚ
ਸਾਨੂੰ ਝੁਲਦਾ ਨਜ਼ਰੀਂ ਆਵੇ।[28]

ਜਿਸ ਨੇ ਖਿਣ ਭਰ ਲਈ ਵੀ ਪ੍ਰਭੂ ਨੂੰ ਸੱਚੇ ਦਿਲੋਂ ਯਾਦ ਕੀਤਾ ਹੈ, ਉਸ ਦੇ ਸਾਰੇ ਪਾਪ ਇਕੋ ਹੀ ਖਿਮਾ ਦ੍ਰਿਸ਼ਟੀ ਨਾਲ ਸਾਫ਼ ਹੋ ਜਾਂਦੇ ਹਨ।[29] ਜਿਸ ਤਰ੍ਹਾਂ ਨਦੀ ਦੇ ਪਾਣੀ ਨੂੰ ਆਪਣੇ ਵਿਚ ਸਮੇਟਣ ਲਈ 'ਸ਼ਹੁ-ਸਾਗਰ' ਖੁਸ਼ੀ ਵਿਚ ਤਰੰਗਾਂ ਉਛਾਲਦਾ ਅੱਗੇ ਵਧ ਕੇ ਮਿਲਣ ਆਉਂਦਾ ਹੈ, ਉਸੇ ਤਰ੍ਹਾਂ ਬਖਸ਼ਣਹਾਰ ਪ੍ਰਭੂ ਨੂੰ ਵੀ ਜੇ ਜੀਵ ਯਾਦ ਕਰੇ, ਉਹ ਉਸ ਨੂੰ ਅੱਗੇ ਵਧ ਕੇ ਪ੍ਰੇਮ ਵਿਚ ਮਿਲਦਾ ਹੈ:-

ਸਿਕਦੀ ਨਦੀ ਜਾਲ ਜਫਰਾ ਜਦ ਸ਼ਹੁ ਸਾਗਰ ਪਹੁੰਚੀ
ਉਸ ਤੋਂ ਵਧ ਪਯਾਰ ਵਿਚ ਸਾਗਰ ਮਿਲਨ ਅਗਾਹਾਂ ਧਾਇਆ।[30]

ਜਿਨ੍ਹਾਂ ਨੂੰ ਪ੍ਰਭੂ ਪਿਆਰ ਕਰਦਾ ਹੈ, ਉਨ੍ਹਾਂ ਦੇ ਦਰ ਤੇ ਉਹ ਆਪ ਜਾਂਦਾ ਹੈ। ਗੁਰਮਤਿ ਵਿਚ ਵੀ ਪ੍ਰਭੂ ਦੇ ਇਸ ਗੁਣ 'ਸਰਨ ਚਰਨ ਗੁਰ ਏਕ ਪੈਡਾ ਜਾਇ ਚਲ, ਸਤਿਗੁਰ ਕੋਟ ਪੈਡਾ ਆਗੇ ਹੋਇ ਲੇਤ ਹੈ' ਦਾ ਉਲੇਖ ਆਉਂਦਾ ਹੈ।

---

25. ਰਾਣਾ ਸੂਰਤ ਸਿੰਘ, ਪੰਨਾ 103, ਪੰਕਤੀ 250-251
26. ਹਰ ਦਮ ਕਰਦਾ ਮੇਹਰ, ਪਾਪੀ ਪੁੰਨੀਆਂ
    ਅਸੀਂ ਭੁਲੇਖੇ ਵਿਚ ਪਾਪ ਕਮਾਂਵਦੇ। (ਰਾਣਾ ਸੂਰਤ ਸਿੰਘ, ਪੰਨਾ 104, ਪੰਕਤੀ 255-56)
27. ਉਹੀ, ਪੰਨਾ 105, ਪੰਕਤੀ- 318-19
28. 'ਨੂਰ ਚਮਕਦਾ ਮੱਥਾ', ਮਟਕ ਹੁਲਾਰੇ, ਪੰਨਾ 39
29. ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ (ਜਪੁਜੀ)
30. 'ਵਧ ਪਿਆਰ ਵਿਚ ਪ੍ਰੀਤਮ', ਮਟਕ ਹੁਲਾਰੇ, ਪੰਨਾ 42.

ਪ੍ਰੇਮ ਸਰੂਪ— ਮਿਹਰ- ਸਰੂਪ ਪਰਮਾਤਮਾ ਦੀ ਜੋ ਸ਼ਕਤੀ ਸ੍ਰਿਸ਼ਟੀ ਵਿਚ ਕੰਮ ਕਰ ਰਹੀ ਹੈ, ਉਸ ਨੂੰ ਭਾਈ ਸਾਹਿਬ ਨੇ ਪਿਆਰ ਆਖਿਆ ਹੈ। ਪ੍ਰੇਮ ਦੇ ਆਸਰੇ ਹੀ ਜੀਵ ਰੱਬੀ ਅਸਲੀਅਤ ਨੂੰ ਪਿਆਰ ਕਰਦਾ ਹੈ:-

ਪ੍ਰੇਮ ਜੋ 'ਪ੍ਰਭੂ- ਸਰੂਪ' ਉਸ ਨੇ ਆਪਣੇ
ਪਯਾਰੇ ਰਚੇ ਅਨੂਪ ਉਰੇ ਸੋਹਣੇ
ਉਹ ਕਰਦੇ ਹਨ, ਪਯਾਰ ਪ੍ਰਭ ਨੂੰ ਆਪਣੇ।[31]

ਭਾਈ ਸਾਹਿਬ ਮੰਨਦੇ ਹਨ ਕਿ ਜਗਿਆਸੂ ਵਿਚ ਇਹ ਪ੍ਰੇਮ ਬੂਟੀ ਪ੍ਰਭੂ ਨੇ ਆਪ ਲਾਈ ਹੈ ਅਤੇ ਮਾਨਵ ਅੰਦਰ ਪ੍ਰਭੂ ਵਿਚ ਲੀਨ ਹੋਣ ਦੀ ਤੜਪ ਹਮੇਸ਼ਾ ਮਚਲਦੀ ਰਹਿੰਦੀ ਹੈ।[32] ਪ੍ਰਭੂ ਭਾਵੇਂ ਦਿਸਦੇ ਸੰਸਾਰ ਤੋਂ ਉਹਲੇ ਲੁਕਿਆ [illegible] ਹੈ ਪਰ ਅੰਦਰਲਾ ਹਿਰਦਾ ਉਸ ਨੂੰ ਆਪਣੇ ਕੋਲ ਅੰਦਰ ਹੀ ਮਹਿਸੂਸ ਕਰਦਾ ਹੈ:-

ਦਿਸਣ ਦੇ ਉਹਲੇ ਲੁਕੇ ਪ੍ਰੀਤਮ!
ਕੋਲ ਕੋਲ ਪਰ ਦੂਰ ਦੂਰ
ਦੂਰ ਦੂਰ ਪਰ ਕੋਲ ਕੋਲ
ਸਦਕੇ ਤੇਰੀ ਜਾਦੂਗਰੀ ਦੇ।[33]

ਰਸ- ਦਾਤਾ— ਪਿਆਰ ਸਮੋਈ ਆਤਮਾ ਨੂੰ ਰਸ- ਦਾਤਾ ਪ੍ਰਭੂ ਮਿਲਾਪ ਦਾ ਰਸ ਵੀ ਦਿੰਦਾ ਹੈ, ਭਾਵੇਂ ਰਸ-ਸਵਾਦ ਦਿੰਦਿਆਂ ਉਹ ਸਰੀਰਕ ਅੱਖਾਂ ਤੋਂ ਉਹਲੇ ਰਹਿੰਦਾ ਹੈ:-

ਹਾਏ ਦਾਤਾ ਦਿੱਸਿਆ ਨਾ ਸਵਾਦ ਜਿਨੇ ਦਿੱਤਾ ਐਸਾ
ਦੇਂਦਾ ਰਸ ਦਾਨ ਦਾਤਾ ਆਪ ਕਿਉਂ ਲੁਕਾ ਗਿਆ।[34]

ਭਾਈ ਸਾਹਿਬ ਨੇ ਇਵੇਂ ਪ੍ਰਭੂ ਦੇ ਕੁਝ ਕੁ ਗੁਣਾਂ ਵਲ ਸੰਕੇਤ ਕੀਤਾ ਹੈ। ਵਾਸਤਵ ਵਿਚ ਦੇਸ਼ ਕਾਲ ਵਿਚ ਬੱਧੀ ਭਾਸ਼ਾ ਪ੍ਰਭੂ ਦੇ ਸੰਪੂਰਣ ਗੁਣਾਂ ਦਾ ਵਰਣਨ ਕਰਨ ਤੋਂ ਅਸਮਰਥ ਹੈ। ਜਦ ਤੋਂ ਮਨੁੱਖ ਨੂੰ ਬੋਲਣ- ਸ਼ਕਤੀ ਮਿਲੀ ਹੈ, ਉਹ ਪ੍ਰਭੂ ਦੇ ਗੁਣ ਗਾਇਨ ਕਰ ਰਹਿਆ ਹੈ, ਪਰ ਸਸੀਮ ਮਾਨਵ ਅਸੀਮ ਪ੍ਰਭੂ

---

31. ਰਾਣਾ ਸੂਰਤ ਸਿੰਘ, ਪੰਨਾ 130, ਪੰਕਤੀ 1031-33
32. ਤੇਰੀ ਇਕ 'ਨਦਰ' ਨੇ ਇਸ ਵਿਚ
    'ਲਹਰ ਜੀਵਨ' ਛਿੜਾਈ ਸੀ......
    ਤੂੰ ਇਕ ਖਿਨ ਨ ਭੁਲਾ ਸਾਨੂੰ
    ਨ ਭੁਲਾਂ ਮੈਂ ਤੁਸਾਂ ਤਾਈਂ
    ਕਿ ਬੂਟੀ ਏ ਮੁਸ਼ਕ ਵਾਲੀ
    ਤੁਸਾਂ ਹੀ ਆਪ ਲਾਈ ਸੀ
    ( ਤੂ-ਹੈਂ ਬੂਟੀ ਏ ਲਾਈ ਸੀ, ਮੇਰੇ ਸਾਈਆਂ ਜੀਓ, 28)
33. ਆਹ ਪ੍ਰੀਤਮ, ਮੇਰੇ ਸਾਈਆਂ ਜੀਓ, ਪੰਨਾ- 4
34. 'ਅਣਡਿੱਠਾ ਰਸ- ਦਾਤਾ', ਬਿਜਲੀਆਂ ਦੇ ਹਾਰ, ਪੰਨਾ 7.

ਨੂੰ ਕਈ ਪਰਿਭਾਸ਼ਾ- ਬੱਧ ਨਹੀਂ ਕਰ ਸਕਿਆ। ਕੋਈ ਅਨੁਭਵ ਵਾਲੇ ਪੁਰਖ ਹੀ ਉਸ ਦੀ ਯਥਾਰਥਕਤਾ ਨੂੰ ਅਨੁਭਵ ਕਰਨ ਦੀ ਕੋਸ਼ਿਸ਼ ਕਰਦੇ ਹਨ। ਭਾਈ ਸਾਹਿਬ ਨੇ ਵੀ ਇਕ ਅਜੇਹਾ ਯਤਨ ਕੀਤਾ ਹੈ ਅਤੇ ਜੋ ਕੁਝ ਵੀ ਪ੍ਰਭੂ ਬਾਰੇ ਕਹਿਆ ਹੈ, ਉਸ ਦੇ ਅਧੂਰੇਪਣ ਨੂੰ ਸਵੀਕਾਰ ਕਰਦਿਆਂ ਉਹ ਕਹਿੰਦੇ ਹਨ:-

ਮੈਂ ਕੀ ਕਰਾਂ ? ਆਖ ਨ ਸਕਾਂ
ਪ੍ਰੇਮ ਆਪ ਦਾ ਬਹੁਤ ਘਣਾ
ਜੀਭ ਮਾਸ ਦੀ ਬੋਟੀ ਹੈ ਵੇ
ਦਿਲ ਗੁੰਗਾ ਹੈ ਜੀਭ ਬਿਨਾ।[35]

ਇੱਥੇ ਭਾਈ ਸਾਹਿਬ ਨੇ ਅਫ਼ਲਾਤੂਨ[36] ਵਾਂਗ ਸਪਸ਼ਟ ਕਰ ਦਿੱਤਾ ਹੈ ਕਿ ਪ੍ਰਭੂ ਕੇਵਲ ਅਨੁਭਵ ਦੀ ਵਸਤੂ ਹੈ, ਸ਼ਾਬਦਿਕ ਅਭਿਵਿਅਕਤੀ ਦੀ ਨਹੀਂ।

<u>ਜਗਤ</u>- ਭਾਈ ਸਾਹਿਬ ਨੇ ਸਪਸ਼ਟ ਰੂਪ ਵਿਚ ਪ੍ਰਗਟ ਕੀਤਾ ਹੈ ਕਿ ਅਕਾਲਪੁਰਖ ਪਰਮਾਤਮਾ ਆਪਣੀ ਇੱਛਾ ਅਨੁਸਾਰ ਅਰੂਪ ਜਾਂ ਨਿਰਗੁਣ ਅਵਸਥਾ ਤੋਂ ਸਰਗੁਣ ਅਵਸਥਾ ਵਿਚ ਆਉਂਦਾ ਹੈ ਅਤੇ ਇਸ ਸਿਲਸਿਲੇ ਵਿਚ ਜੇਹੜੀ ਸ਼ਕਤੀ ਕੰਮ ਕਰ ਰਹੀ ਹੈ, ਉਸ ਨੂੰ ਉਨ੍ਹਾਂ ਨੇ ਪ੍ਰੇਮ ਕਹਿਆ ਹੈ।[37] ਉਨ੍ਹਾਂ ਅਨੁਸਾਰ ਪ੍ਰਭੂ ਨੇ ਪ੍ਰੇਮ ਕਾਰਨ ਹੀ ਜਗਤ ਦੀ ਸਾਜਨਾ ਕੀਤੀ ਹੈ ਅਤੇ ਉਸ ਦੇ ਪ੍ਰੇਮ ਕਾਰਣ ਹੀ ਸ੍ਰਿਸ਼ਟੀ ਵਿਚ ਸਿਰਜਣ, ਪੋਸ਼ਣ ਅਤੇ ਨਾਸ਼ ਦਾ ਪ੍ਰਵਾਹ ਚਲ ਰਹਿਆ ਹੈ।[38] ਪ੍ਰਭੂ ਇਕ ਸ਼ਕਤੀ ਹੈ, ਜਿਸ ਨੇ ਪਿਆਰ ਲਈ ਦੂਜੀ ਸ਼ਕਤੀ ਜਗਤ ਦੇ ਰੂਪ ਵਿਚ ਰਚੀ ਹੈ। ਉਹ ਇਸ ਰਚਨਾ ਦਾ ਪਾਸਾਰ ਕਰਕੇ ਇਸ ਵਿਚ ਪ੍ਰੇਮ ਖਿੱਚ ਭਰ ਦਿੰਦਾ ਹੈ, ਜੋ ਪ੍ਰਭੂ ਅਤੇ ਜਗਤ ਵਿਚ ਪ੍ਰੇਮ ਖਿੱਚ ਨੂੰ ਕਾਇਮ ਰਖਦੀ ਹੈ:-

'ਪ੍ਰੇਮੀਆਂ' ਪਯਾਰਯਾਂ ਬਾਝ ਪ੍ਰੇਮ ਕਿਵੇਂ ਰਹੇ ?
ਇਸ ਕਾਰਣ ਏ ਜਗ ਰਚਿਆ ਜਾਂਵਦਾ - - - -
ਪ੍ਰਭੂ ਨਿਰਗੁਣ ਨਿਰਚਾਹ ਉਸ ਨੂੰ ਲੋੜ ਨਾ
ਪਰ 'ਪ੍ਰਿਯ' ਰੂਪ ਜੁ ਓਸ ਉਦਾ ਪ੍ਰਕਾਸ਼ ਦੇ,-
ਜੀਵ ਜਗਤ ਸੰਸਾਰ ਜਾਂਦੇ ਨੇ ਰਚੇ:
ਰਚ ਕੇ ਉਹ ਨਿਰਲੇਪ ਪਰ ਰੰਗ ਮਾਣਦਾ।[39]

251155

---

35. 'ਪੁਸ਼ਪਾਵਤੀ ਤੇ ਚੰਦ੍ਰਾਵਤ', ਲਹਿਰਾਂ ਦੇ ਹਾਰ, ਪੰਨਾ 167

36. " Therefore it is an impossible task to discover the creator and father of this whole Universe and publish the discovery of him in words for all to understand".
( Plato, Timoeus, 28 C, quoted by DR. Radhakrishnan, Indian Philosophy Vol. II, P. 565)

37. ਡਾ. ਸ਼ੇਰ ਸਿੰਘ ਜੀ ਦਾ ਲੇਖ 'ਭਾਈ ਵੀਰ ਸਿੰਘ ਜੀ ਦੇ ਦਾਰਸ਼ਨਿਕ ਵਿਚਾਰ', ਪਰਖ-ਪੜਚੋਲ, ਪੰਜਾਬ ਯੂਨੀਵਰਸਿਟੀ, ਪੰਨਾ 104.

38. ਜਗ ਦਾ ਕਾਰਨ ਪ੍ਰੇਮ, ਪ੍ਰੇਮ ਆਧਾਰ ਹੈ।
ਪ੍ਰੇਮ ਜਗਤ ਦੀ ਓਟ, ਆਸ਼ਾ ਪ੍ਰੇਮ ਹੈ।
ਪ੍ਰੇਮ ਸ਼ਕਤੀ ਹੀ ਨਿਤ ਇਸ ਨੂੰ ਤੋਰਦੀ। (ਰਾਣਾ ਸੂਰਤ ਸਿੰਘ, ਪੰਨਾ 130, ਪੰਕਤੀ-1015-18)

ਇਸ ਵਿਚਾਰ ਦੀ ਪੁਸ਼ਟੀ ਗੁਰੂ ਗੋਬਿੰਦ ਸਿੰਘ ਜੀ ਦੇ " ਜੱਤ੍ਰ ਤੱਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ॥ "[40] ਦੇ ਕਥਨ ਰਾਹੀਂ ਵੀ ਹੁੰਦੀ ਹੈ। ਇਵੇਂ ਪ੍ਰੇਮ ਨੂੰ ਸ੍ਰਿਸ਼ਟੀ ਦੀ ਰਚਨਾ ਦੇ ਸਿਲਸਿਲੇ ਵਿਚ ਭਾਈ ਸਾਹਿਬ ਨੇ ਪ੍ਰਧਾਨ ਥਾਂ ਦਿੱਤੀ ਹੈ।

<u>ਵਿਭਿੰਨ ਸਿੱਧਾਂਤ</u>— ਜਗਤ ਨੂੰ ਭਿੰਨ ਭਿੰਨ ਵਿਚਾਰਕਾਂ ਨੇ ਅਨੇਕ ਨਾਵਾਂ ਨਾਲ ਪੁਕਾਰਿਆ ਹੈ। ਗੁਰਬਾਣੀ ਵਿਚ ਜਗਤ ਅਥਵਾ ਪ੍ਰਭੂ ਦੀ ਪ੍ਰਕ੍ਰਿਤੀ ਨੂੰ ਮਾਇਆ ਵੀ ਕਹਿਆ ਗਇਆ ਹੈ।[41] ਭਾਈ ਸਾਹਿਬ ਨੇ ਇਸ ਜਗਤ ਲਈ ਜਗਤ, ਜਗ, ਮਾਇਆ, ਸ੍ਰਿਸ਼ਟੀ ਦੇ ਸ਼ਬਦ ਵਰਤੇ ਹਨ। ਭਾਰਤੀ ਸ਼ਾਸਤ੍ਰਾਂ ਵਿਚ ਜਗਤ ਜਾਂ ਮਾਇਆ ਦੇ ਸਰੂਪ ਬਾਰੇ ਕਈ ਵਿਚਾਰ ਪ੍ਰਾਪਤ ਹੁੰਦੇ ਹਨ। ਚਾਰ-ਵਾਕਾਂ ਦਾ ਸਿੱਧਾਂਤ ਹੈ ਕਿ ਜਗਤ ਬਿਨਾ ਕਿਸੇ ਬਾਹਰਲੀ ਸ਼ਕਤੀ ਦੇ ਦਖ਼ਲ ਦੇ ਪਦਾਰਥਕ ਤੱਤਾਂ ਦਾ ਆਪ ਮੁਹਾਰਾ ਵਿਕਾਸ ਹੈ।[42] ਜੈਨ ਮੱਤ ਦੇ ਅਨੁਸਾਰ ਚਾਰ ਮੁੱਢਲੇ ਤੱਤ [redacted] ਪੁਦਗਲ, ਆਤਮਾ, ਕਾਲ ਅਤੇ ਪਦਾਰਥ ਦਾ ਸੰਜੋਗ ਹੀ ਉਤਪਤੀ ਦਾ ਜ਼ਿੰਮੇਵਾਰ ਹੈ।[43] ਮਹਾਤਮਾ ਬੁੱਧ ਕਿਸੇ ਕਿਸਮ ਦੇ ਅਧਿਆਤਮਿਕ ਕਿਆਸ ਦੇ ਵਿਰੁਧ ਸਨ।[44] ਸਾਂਖ ਮੱਤ ਦੇ ਪ੍ਰਕਾਰ ਦੀਆਂ ਸਦੈਵੀ ਅੰਤ੍ਰੀਵ ਸੰਰਾਦੀਆਂ ਪ੍ਰਕ੍ਰਿਤੀ ਤੇ ਪੁਰਸ਼ ਵਿਚ ਵਿਸ਼ਵਾਸ਼ ਰੱਖਦਾ ਹੈ।[45] ਜੋਗ ਮੱਤ ਵਾਲੇ ਕਹਿੰਦੇ ਹਨ ਕਿ ਪ੍ਰਕ੍ਰਿਤੀ ਤੇ ਪੁਰਸ਼ ਦਾ ਸੰਬੰਧ ਅਵਿਦਿਆ ਤੋਂ ਉਪਜਦਾ ਹੈ।[46] ਨਿਆਇ- ਵੈਸ਼ੇਸ਼ਕ ਸਿੱਧਾਂਤ ਅਨੁਸਾਰ ਪਰਮਾਤਮਾ ਨੇ ਜਗਤ ਸਦੀਵੀ ਤੱਤਾਂ ਤੋਂ ਉਤਪੰਨ ਕੀਤਾ ਹੈ।[47] ਪੂਰਵ- ਮੀਮਾਂਸਾ ਦਾ ਮੱਤ ਹੈ ਕਿ ਕਰਮ ਦੇ ਨਿਯਮਾਂ ਅਧੀਨ ਕੰਮ ਕਰ ਰਹੇ ਅਣੂ ਜਗਤ ਬਣਦੇ ਹਨ।[48] ਸ਼ੰਕਰ ਅਨੁਸਾਰ ਪ੍ਰਭੂ ਨੇ ਆਪਣੀ ਸ਼ਕਤੀ ਮਾਇਆ ਦੁਆਰਾ ਜਗਤ ਦੀ

---

40. ਜਾਪੁ, ਪਾਤਸ਼ਾਹੀ ੧੦
41. ਜਬ ਆਪਿ ਰਚਿਓ ਪਰਪੰਚੁ ਅਕਾਰੁ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ॥ (ਗਉੜੀ ਸੁਖਮਨੀ)
42. A. Berridale Keith, A History of Sanskrit Literature, P. 498.
43. Hira Lal Jain, The Cultural Heritage of India, Vol. I, P. 408.
44. " he ( Buddha ) declaimed to engage in discussions about metaphysical questions."
( DR. Radhakrishnan, Indian Philosophy, Vol.II, P. 677)
45. ibid, 248; M. Hiriyanna, The Cultural Heritage of India, III, P. 41
46. DR. S.S. Kohli, A critical study of Adi-Granth, P. 270.
47. " According to the dochrine of Kanada (Nyaya Vaisesika) the atom of earth, water, fire and air are eternal and uncreated. Although they themselves have no extension, their heterogeneous nature is the cause of the extension and visibility of the combinations of atoms."
( Encycolpaedia of Religion and Ethics, Vol. XII, P. 569 )
48. " In the Purva Mimamsa---the ultimate of the world is looked upon as the constant principle of Karma."
( DR. Radhakrishnan, Indian Philosophy, Vol.II, P. 428 )

ਸਿਰਜਣਾ ਕੀਤੀ ਹੈ।[49] ਰਾਮਾਨੁਜ ਦਾ ਮੱਤ ਹੈ ਕਿ ਜਗਤ ਦੀ ਉਤਪਤੀ ਵਿਚ ਪ੍ਰਭੂ ਦੀ ਸੱਚੀ ਸ਼ਕਤੀ ਕੰਮ ਕਰ ਰਹੀ ਹੈ ਅਤੇ ਇਸ ਲਈ ਜਗਤ ਨੂੰ ਕੇਵਲ ਮਾਇਆ- ਜਾਲ( Illusion ) ਨਹੀਂ ਕਹਿਆ ਜਾ ਸਕਦਾ।[50] ਮਾਧਵ ਦਾ ਵਿਚਾਰ ਹੈ ਕਿ ਪ੍ਰਭੂ ਨੇ ਜਗਤ ਪ੍ਰਕ੍ਰਿਤੀ ਤੋਂ ਪੈਦਾ ਕੀਤਾ ਹੈ ਅਤੇ ਅਣੂਆਂ ਵਿਚ ਜੀਵ ਸੂਖਮ ਰੂਪ ਵਿਚ ਸਮਾਏ ਹੋਏ ਹਨ।[51] ਗੁਰਮਤਿ ਵਿਚ ਸ਼ੰਕਰ ਤੇ ਰਾਮਾਨੁਜ ਦੇ ਮੱਤ ਦਾ ਸੁਮੇਲ ਮਿਲਦਾ ਹੈ।[52] ਇੱਥੇ ਰਾਮਾਨੁਜ ਵਾਂਗ ਮਾਇਆ ਨੂੰ ਬ੍ਰਹਮ ਦੀ ਨਿਤ- ਅਚੇਤਨ ਸ਼ਕਤੀ ਮੰਨਿਆ ਹੈ। ਇਸੇ ਸ਼ਕਤੀ ਦੁਆਰਾ ਸ੍ਰਿਸ਼ਟੀ ਦੀ ਵਾਸਤਵਿਕ ਤੇ ਨਿਰੰਤਰ ਰਚਨਾ ਹੋ ਰਹੀ ਹੈ। ਸ਼ੰਕਰ ਵਾਂਗੂੰ ਇਹ ਵੀ ਸਵੀਕਾਰ ਕੀਤਾ ਗਇਆ ਹੈ ਕਿ ਉਕਤ ਸ਼ਕਤੀ ਨਾਲ ਬ੍ਰਹਮ ਵਿਚ ਕੋਈ ਪਰਿਵਰਤਨ ਨਹੀਂ ਆਉਂਦਾ। ਪਰਿਵਰਤਨ ਅਪੂਰਣਤਾ ਦਾ ਪ੍ਰਤੀਕ ਹੈ, ਬ੍ਰਹਮ ਪੂਰਨ ਹੈ ਅਤੇ ਮਾਇਆ ਅਤੇ ਜਗਤ ਉਸ ਦੀ ਸੁਤੰਤ੍ਰ ਇੱਛਾ ਤੇ ਆਧਾਰਿਤ ਹਨ। ਪਰ ਗੁਰਮਤਿ ਵਿਚ ਸ਼ੰਕਰ ਵਾਂਗ ਮਾਇਆ ਨੂੰ ਮਿਥਿਆ ਨਹੀਂ ਮੰਨਿਆ ਗਇਆ। ਮਾਇਆ ਨੂੰ ਪਰਮ- ਸਤ ਦੀ ਸ਼ਕਤੀ ਮੰਨਿਆ ਗਇਆ ਹੈ ਅਤੇ ਇਸ ਦਾ ਨਿਸਚਿਤ ਅਤੇ ਆਕਰਸ਼ਕ ਅਸਤਿਤਵ ਸਵੀਕਾਰ ਕੀਤਾ ਗਇਆ ਹੈ।[53] ਗੁਰਮਤਿ ਵਿਚ ਇਹ ਵੀ ਮੰਨਿਆ ਗਇਆ ਹੈ ਕਿ ਜੇ ਮਾਇਆ ਦੀ ਉਪੇਖਿਆ ਨਾ ਕੀਤੀ ਜਾਵੇ ਤਾਂ ਜੀਵ ਭੁਲੇਖੇ ਵਿਚ ਇਸੇ ਨੂੰ ਹੀ ਆਪਣਾ ਜੀਵਨ ਲਕਸ਼ ਸਮਝ ਕੇ ਭਟਕਦੇ ਰਹਿੰਦੇ ਹਨ।[54]

ਭਾਈ ਸਾਹਿਬ ਵੀ ਗੁਰਮਤਿ ਦੇ ਜਗਤ ਸੰਬੰਧੀ ਸਿੱਧਾਂਤ ਨੂੰ ਸਵੀਕਾਰ ਕਰਕੇ ਦਸਦੇ ਹਨ ਕਿ ਤਸਵੀਰ ਦੇ ਦੋ ਪਾਸਿਆਂ ਵਾਂਗ ਮਾਇਆ ਦੇ ਵੀ ਦੋ ਪਾਸੇ ਹਨ। ਜਿਥੇ ਮਾਇਆ ਦਾ ਇਕ ਪਾਸਾ ਸੱਚ ਹੈ, ਉਥੇ ਇਸ ਦਾ ਦੂਜਾ ਪਾਸਾ ਅਵਿਦਿਆ, ਅਗਿਆਨ ਤੇ ਮਿਥਿਆ ਤੱਤ ਦੇ ਰੂਪ ਵਿਚ ਹੈ। ਇਵੇਂ ਭਾਈ ਸਾਹਿਬ ਨੇ ਜਗਤ ਅਤੇ ਮਾਇਆ ਦੇ ਪੂਰਨ ਸਰੂਪ ਨੂੰ ਲਇਆ ਹੈ। ਉਨ੍ਹਾਂ ਦੇ ਅਨੁਸਾਰ ਜਗਤ ਦਾ ਵਾਸਤਵਿਕ ਸੱਚਾ ਅਸਤਿਤਵ ਹੈ ਅਤੇ ਇਹ ਜੀਵ ਨੂੰ ਸੱਚਾਈ ਵੱਲ ਪ੍ਰੇਰਦਾ ਹੈ, ਪਰ ਨਾਲ ਹੀ ਆਪਣੇ ਮਿਥਿਆ ਤੱਤ ਕਾਰਨ ਜੀਵ ਨੂੰ ਆਪਣੇ ਹੀ ਭੁਲੇਖੇ ਵਿਚ ਪਾ ਕੇ ਪ੍ਰਭੂ ਅਤੇ ਜੀਵ ਦੇ ਮਿਲਾਪ ਵਿਚਕਾਰ ਬਾਧਕ ਵੀ ਸਾਬਤ ਹੁੰਦਾ ਹੈ। 'ਬੁਲਬੁਲ ਤੇ ਰਾਹੀ' ਵਿਚ ਭਾਈ ਸਾਹਿਬ ਲਿਖਦੇ ਹਨ:-

ਪਰਗਟ ਜੋ ਖੇਡ ਦੇਖੇਂ ਸਾਰੀ ਦੁਪੱਖ ਵਾਲੀ,
ਮੂਰਤ ਦੇ ਦੋਇ ਪਾਸੇ ਹੋਵੇਂ ਸਦਾ ਤਕਾਏ।)

---

49. DR. Radhakrishnan, Indian Philosophy, Vol. II, P. 572;
R.N. Raghavendrachar, The Cultural Heritage of India, Vol.III, P.313

50. " He (Ramanuja) believes in a spiritual principle at the basis of the world which is not to be treated as an illusion."
( DR. Radhakrishnan, Indian Philosophy, Vol.II, P.660)

51. According to Madhva," Universe is a vast expansion of animated nature with every atom of space filled up with Jivas."
( ibid, Vol. II, P. 743 )

52. DR. S.S. Kohli, A critical study of Adi-Granth, P. 270.

53. ਆਪਿ ਸਤਿ ਕੀਆ ਸਭੁ ਸਤਿ॥ ਤਿਸੁ ਪ੍ਰਭ ਤੇ ਸਗਲੀ ਉਤਪਤਿ॥
ਤਿਸੁ ਭਾਵੈ ਤਾ ਕਰੇ ਬਿਸਥਾਰੁ॥ ਤਿਸੁ ਭਾਵੈ ਤਾ ਏਕੰਕਾਰੁ॥( ਗਉੜੀ ਸੁਖਮਨੀ)

54. ਏਹੁ ਮਾਇਆ ਜਿਤੁ ਹਰਿ ਵਿਸਰੈ॥ ਮੋਹੁ ਉਪਜੈ ਭਾਉ ਦੂਜਾ ਲਾਇਆ॥ (ਅਨੰਦੁ)

'ਪਰਗਟ' ਨ ਹੋਇ ਇਕ ਰਸ ਦੇਖੇਂ ਜੁ ਦਿਸ ਰਿਹਾ ਹੈ
ਇਕ ਰਸ ਰਿਦਾ ਬਨਾਵੇਂ ਤਦ ਭੇਲਣਾ ਭਿਲਾਈ।[55]

<u>ਪਰਿਵਰਤਨ ਦਾ ਨਿਯਮ</u>– ਭਾਈ ਸਾਹਿਬ ਦਸਦੇ ਹਨ ਕਿ ਦਿਖਾਈ ਦੇਣ ਵਾਲੀ ਹਰੇਕ ਵਸਤੂ ਪਰਿਵਰਤਨ ਅਤੇ ਵਿਨਾਸ਼ ਦੇ ਨਿਯਮ ਅਧੀਨ ਹੈ। ਇਸ ਵਿਚ ਪਲਟੇ ਤੇ ਪਲਟੇ ਆ ਰਹੇ ਹਨ:

ਖਿੜਿਆ ਪ੍ਰਗਟ ਜੁ ਦੇਖੇਂ ਬਦਲੇ ਏ ਪਲ ਛਿਨੇ ਹੈ,
ਕਾਇਮ ਇ ਬਦਲੀ ਅੰਦਰ ਤੁਰਿਆ ਸਦਾ ਹੀ ਜਾਈ।
ਠਹਿਰਨ ਨ ਏਸ ਅੰਦਰ ਇਕ ਰਸ ਨ ਰਹਿਣ ਏਥੇ
ਪਲਟੇ ਤੇ ਪਲਟਾ ਆਵੇ ਮੂਰਤ ਦੀ ਖੇਡ ਨਿਆਈ।[56]

ਸੰਸਾਰ ਦੀ ਖੇਡ ਵਾਸਤਵਿਕ ਹੈ। ਇਸ ਨੂੰ ਸਿਰਫ਼ ਧੋਖਾ ਕਹ ਕੇ ਛੁਟਕਾਰਾ ਨਹੀਂ ਮਿਲਦਾ। ਇਸ ਦੀ ਸੱਚਾਈ ਨੂੰ ਸਮਝਣਾ ਜ਼ਰੂਰੀ ਹੈ।

<u>ਛਲੇਡਾ</u>– ਦੁਨੀਆਂ ਖੇਡ ਦਾ ਅਖਾੜਾ ਹੈ। ਇਸ ਕੂਚ ਦੇ ਮੁਕਾਮ ਤੇ 'ਚਲੋ ਚਲੀ ਦੀ ਸੱਦ' ਸਦਾ ਆ ਰਹੀ ਹੈ। ਇਸ ਸਦਾ ਨੂੰ ਸੁਣਨਾ ਜ਼ਰੂਰੀ ਹੈ।[57] ਭਾਈ ਸਾਹਿਬ ਸੁਚੇਤ ਕਰਦੇ ਹਨ ਕਿ ਮਾਇਆ ਛਲ ਕਰਨ ਵਾਲੀ ਹੈ ਅਤੇ ਸਭ ਨੂੰ ਆਪਣੀ ਹੀ ਸੀਮਾਂ ਦੇ ਬੰਧਨ ਵਿਚ ਜਕੜ ਲੈਂਦੀ ਹੈ। ਇਸ ਲਈ ਛਲ ਰੂਪ ਦੁਨੀਆਂ ਨੂੰ ਛਲ ਨਾਲ ਕਾਬੂ ਕਰਨਾ ਜ਼ਰੂਰੀ ਹੈ:-

ਛਲ ਦਾ ਰੂਪ ਦੁਨੀ ਹੈ ਭਾਈ, ਬਿਨ ਛਲ ਹੱਥ ਨਾ ਆਵੇ।
ਪਰ ਛਲ ਨਾਲ ਇਕਠੀ ਕੀਤੀ ਜਦ ਚਾਹੇ ਛਲ ਜਾਵੇ।
ਨਾ ਵੀ ਛਲੇ ਤਾਂ ਅੰਤ ਸਮੇਂ ਇਹ ਚਲਦਿਆਂ ਨਾਲ ਨ ਚਲਦੀ।
ਹਸਰਤ ਤੇ ਹਸਰਤ ਦੀ ਗੈਰਤ ਇਹ ਬਾਕੀ ਰਹਿ ਜਾਵੇ।[58]

<u>ਹਉਮੈਂ ਉਤਪਾਦਕ</u>– ਮਾਇਆ ਦੇ ਪ੍ਰਭਾਵ ਹੇਠ ਜਦ ਜੀਵ ਅਸਤ ਨੂੰ ਸਤ ਸਮਝਣ ਦਾ ਭੁਲੇਖਾ ਕਰਦਾ ਹੈ ਤਾਂ ਉਹ ਵਿਸ਼ੇ ਵਿਕਾਰਾਂ ਵਿਚ ਡੁਬ ਜਾਂਦਾ ਹੈ। ਉਸ ਵਿਚ ਹਉਮੈ ਵਧਦੀ ਹੈ ਅਤੇ ਉਹ ਜੀਵਨ ਦੇ ਅਸਲੀ

---

55. ਬੁਲਬੁਲ ਤੇ ਰਾਹੀਂ, ਲਹਿਰਾਂ ਦੇ ਹਾਰ, ਪੰਨਾ 150
56. ਬੁਲਬੁਲ ਤੇ ਰਾਹੀ , ਲਹਿਰਾਂ ਦੇ ਹਾਰ, ਪੰਨਾ- 147
57. ਦੁਨੀਆ ਹੈ ਰਹੇ ਖੇਲ ਅਖਾੜਾ
    ਕੂਚ ਮਕਾਮ ਹੈ ਚਲਣ ਦੀ ਇਹ ਥਾਉਂ
    ਪਲ ਭਰ ਅਟਕਣਾ, ਚਲੋ ਚਲੀ ਦੀ ਸਦ ਹੋਵੇ ਆ ਰਹੀ–
    (ਇੱਛਾ ਬਲ, ਮਟਕ ਹੁਲਾਰੇ, ਪੰਨਾ 93)
58. ਖਾਲਸਾ ਸਮਾਚਾਰ- 12.1.1961, ਜਿਲਦ 62, ਅੰਕ: 10

ਨਿਸ਼ਾਨੇ ਤੋਂ ਦੂਰ ਹੋ ਜਾਂਦਾ ਹੈ।[59] ਉਹ ਪ੍ਰਭੂ ਦੀਆਂ ਦਾਤਾਂ ਨਾਲ ਪਿਆਰ ਕਰਦਿਆਂ ਦਾਤੇ ਨੂੰ ਭੁੱਲ ਜਾਂਦਾ ਹੈ।[60] ਹਉਮੈ ਵਿਚ ਉਲਝਿਆ ਮਾਨਵ ਉਲਝਣਾਂ ਸੁਲਝਾਣ ਦੇ ਯਤਨ ਵਿਚ ਹੋਰ ਵੀ ਉਲਝ ਜਾਂਦਾ ਹੈ। ਮਨ ਮੈਸਾਰਕ ਰਸਾਂ ਨੂੰ ਭੋਗ ਕੇ ਟਿਕਾਅ ਦੀ ਥਾਂ ਹੋਰ ਖਿੰਡਾਓ ਵਿਚ ਆ ਜਾਂਦਾ ਹੈ।[61] ਮਾਇਆ ਦੇ ਇਸ ਲੱਛਣ ਦੀ ਪੁਸ਼ਟੀ ਗੁਰਬਾਣੀ ਵਿਚ ਵੀ ਹੋਈ ਹੈ:

> ਏਹੁ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥ (ਅਨੰਦੁ)

ਭਾਈ ਸਾਹਿਬ ਸਮਝਾਉਂਦੇ ਹਨ ਕਿ ਮਨੁੱਖ ਜਿਨ੍ਹਾਂ ਵਸਤੂਆਂ ਨੂੰ ਭੋਗਣ ਲਈ ਜੀਵਨ ਦਾ ਸਾਰਾ ਦਾਅ ਲਾ ਦਿੰਦਾ ਹੈ, ਅੰਤ ਵਿਚ ਉਹ ਅਰਥ ਵਿਹੀਣ ਸਾਬਤ ਹੁੰਦੀਆਂ ਹਨ।[62]

<u>ਮਾਇਆ ਦੀ ਪਛਾਣ</u> – ਜਿੱਥੇ ਮਾਨਸਿਕ ਬ੍ਰਿਤੀਆਂ ਬਾਹਰਲੀ ਪ੍ਰਕ੍ਰਿਤੀ ਵਿਚ ਗ੍ਰਸ ਕੇ ਮਨੁੱਖ ਨੂੰ ਮਾਇਆ ਦੇ ਫੰਧੇ ਵਿਚ ਫਸਾਂਦੀਆਂ ਹਨ, ਉਥੇ ਅੰਤਰ-ਆਤਮਾ ਦੀ ਆਵਾਜ਼ ਨੂੰ ਸੁਣ ਕੇ ਮਾਨਵ ਮਾਇਆ-ਜਾਲ ਤੋਂ ਮੁਕਤ ਵੀ ਹੋ ਸਕਦਾ ਹੈ।[63] ਇਸ ਗੁਣ ਨੂੰ ਪਛਾਣਨ ਵਾਲੇ ਮਾਇਆ-ਨੀਰ ਤੋਂ ਨਿਰਲੇਪ ਰਹਿੰਦੇ ਹਨ।[64] ਮਨ ਅਤੇ ਮਾਇਆ ਦੋਵੇਂ ਜੀਵ ਨੂੰ ਬਾਧਕ ਬਣਾਉਂਦੇ ਹਨ। ਮਾਇਆ ਬਾਹਰਲੀਆਂ ਮਿਥਿਆ ਅਤੇ ਅਸਥਾਈ ਖਿੱਚਾਂ ਦੁਆਰਾ ਅਤੇ ਮਨ ਆਂਤਰਿਕ ਦੁਸ਼ਪ੍ਰੇਸ਼ਟਾਵਾਂ ਦੁਆਰਾ। ਮਨ ਦੇ ਉਦਗਾਰ ਦੁਨਿਆਵੀ ਖਿੱਚਾਂ ਤੋਂ ਜਾਗ੍ਰਤ ਹੁੰਦੇ ਹਨ। ਇਸ ਤੋਂ ਬਚਾਓ ਦਾ ਸਾਧਨ ਮਨ ਦਾ ਸੰਜਮ ਹੀ ਹੋ ਸਕਦਾ ਹੈ। ਬਾਹਰਲੀਆਂ ਖਿੱਚਾਂ ਦੇ ਪ੍ਰਤਿ ਸੰਜਮ ਦੀ ਪ੍ਰਾਪਤੀ ਅਭਿਆਸ ਦੁਆਰਾ ਸੰਭਵ ਹੈ। ਮਨ ਨੂੰ ਸੰਜਮ-ਮਈ ਅਵਸਥਾ ਵਿਚ ਲੈ ਆਉਣਾ ਹੀ ਜਗਤ ਅਤੇ ਮਾਇਆ ਤੋਂ ਨਿਸਤਾਰੇ ਦਾ ਵਾਸਤਵਿਕ ਰੂਪ ਕਹਿਆ ਜਾ ਸਕਦਾ ਹੈ। ਭਾਈ ਸਾਹਿਬ ਸਪਸ਼ਟ ਕਰਦੇ ਹਨ:-

---

59. ਗਊ ਨੂੰ ਰਖ ਕੇ ਮੁੱਖ ਧਰਤੀ ਵੱਸਦੇ
ਗਊ ਦੇ ਬੰਧੇ ਸਭ ਲੋਕਾਂ ਕੱਢਦੇ
(ਰਾਣਾ ਸੂਰਤ ਸਿੰਘ, ਪੰਨਾ 29, ਪੰਕਤੀ 96-97)

60. ਦਾਤਾਂ ਨਾਲ ਪਿਆਰ ਕਰਦਾ ਜੇ ਕੁਈ,
ਦਾਤਾ ਤਾਂ ਹੀ ਵਿਸਾਰ ਦੇਂਦਾ ਸਚ ਹੈ। (ਉਹੀ, ਪੰਨਾ 192, ਪੰਕਤੀ 309-10)

61. ਬਹੁਤੇ ਭੋਗਿਆਂ ਭੋਗ ਰੋਗ ਵਿਆਪਦੇ
ਮਨ ਹੋ ਜਾਇ ਮਲੀਨ ਨਾਲੇ ਨਿਬਲਾ - - - -
ਮਨ ਵਿਚ ਵਧੇ ਖਿੰਡਾਉ ਆਲਸ ਨਾਲ ਹੈ।
(ਉਹੀ, ਪੰਨਾ 129, ਪੰਕਤੀ- 913-929)

62. ਮਿੱਠੇ ਜਾਂਦੇ ਭੋਗ ਕੌੜੇ ਅੰਤ ਨੂੰ
ਕੌੜੇ ਦੀਨ-ਵਿਹਾਰ ਮਿੱਠੇ ਅੰਤ ਨੂੰ
ਜਿਸ ਦਾ ਮਿਠਾ ਅੰਤ ਮਿਠਾ ਹੈ ਉਹੋ। (ਉਹੀ, ਪੰਨਾ 116, ਪੰਕਤੀ 155-57)

63. ਜੇ ਤੂੰ ਗੁਣ ਦੀ ਮੌਜ ਗੁਣ ਤੋਂ ਮਾਣਸੇਂ;
ਗੁਣ ਦੇ ਰਸ ਨੂੰ ਜਾਣ ਲਵੇਂ ਪਛਾਣ ਤੂੰ;
ਮਾਯਾ ਦੇ ਰਸ ਵੇਖ ਲਵੇਂ ਸਿਆਣ ਤੂੰ;
ਫਰਕ ਦੁਹਾਂ ਦਾ ਠੀਕ ਸਮਝ ਆਵਸੀ। (ਉਹੀ, ਪੰਨਾ-125, ਪੰ: 656-59)

(ਚਲਦਾ)

ਤਾਹੀਓਂ ਸਯਾਣੇ ਲੋਕ ਇਸ ਨੂੰ ਛੱਡਦੇ,
ਪਰ ਛਡਣ ਹੈ ਔਖ, ਸੌਖੀ ਖੇਡ ਨਾ,
ਤਾਂਤੇ ਇਸ ਦਾ ਪੋਲ ਸਿਆਣੇ ਖੋਲ੍ਹਦੇ
ਦੇਦੇ ਅੰਤ ਦਿਖਾਇ ਵਿਮੁਖਿਆਂ ਨੰਦ ਦਾ।[65]

<u>ਫ਼ਰਜ਼ਾਂ ਦੀ ਘਾਟੀ–</u> ਜਦ ਮਨੁੱਖੀ ਮਨ ਇਸ ਗੁਣ ਦੀ ਪਛਾਣ ਕਰ ਲੈਂਦਾ ਹੈ, ਉਸ ਦੀਆਂ ਸਾਰੀਆਂ ਬੁਰੀਆਂ ਪ੍ਰਵਿਰਤੀਆਂ ਦੂਰ ਹੋ ਜਾਂਦੀਆਂ ਹਨ। ਭਾਈ ਸਾਹਿਬ ਦਸਦੇ ਹਨ ਕਿ ਫਿਰ ਜੀਵ ਦਰਦ-ਪਿਆਰ ਨੂੰ ਅਨੁਭਵ ਕਰਦਾ ਹੈ ਤੇ ਇਸ ਨੂੰ ਹੋਰ ਜੀਵਾਂ ਵਿਚ ਵੰਡਦਾ ਹੈ।[66] ਉਸ ਲਈ ਦੁਨੀਆਂ ਮੌਜ ਮੇਲੇ ਦੀ ਥਾਂ ਫ਼ਰਜ਼ਾਂ ਦੀ ਘਾਟੀ ਬਣ ਜਾਂਦੀ ਹੈ:

ਦੁਨੀਆ ਨ ਸੁੰਦਰਤਾ ਹੈ, ਮੇਲਾ ਨ ਮੌਜ ਥਾਂ ਹੈ,
ਫ਼ਰਜ਼ਾਂ ਦੀ ਹੈ ਏ ਘਾਟੀ, ਲੇਖੇ ਦੀ ਏ ਵਹੀ ਹੈ।[67]

ਜੋ ਮਾਨਵ ਦੁਨੀਆਂ ਵਿਚ ਦਰਦ-ਪਿਆਰ [illegible] ਨੂੰ ਕਾਇਮ ਰੱਖ ਕੇ ਰੱਬੀ ਪ੍ਰਾਪਤੀ ਦੇ ਆਦਰਸ਼ ਨੂੰ ਸਨਮੁੱਖ ਰੱਖਦੇ ਹਨ, ਉਨ੍ਹਾਂ ਦਾ ਜੀਵਨ ਹੀ ਅਸਲੀ ਜੀਵਨ ਹੈ।[68] ਉਹ ਦੁਨੀਆਂ ਤੋਂ ਸਿਰਫ਼ ਪ੍ਰਾਪਤ ਹੀ ਨਹੀਂ ਕਰਦੇ, ਕੁਝ ਵੰਡਦੇ ਵੀ ਹਨ। ਦੁਨੀਆਂ ਵਿਚ ਅਸਲੀ ਜੀਵਨ ਤਾਂ ਖੂਹ ਦੀਆਂ ਟਿੰਡਾਂ ਵਾਂਗੂੰ ਹੈ, ਜੋ ਦੁਨੀਆਂ ਤੋਂ ਕੁਝ ਪ੍ਰਾਪਤ ਕਰਕੇ ਫਿਰ ਵੰਡਦਾ ਹੈ, ਜਿਵੇਂ:

ਇਕ ਹਥ ਲਏ ਨਸਾਰ ਦੂਏ ਹਥ ਦੇਂਦੀ ਜਾਂਦੀ
ਪਲ ਭਰ ਵੀ ਇਕ ਬੂੰਦ ਨਹੀਂ ਹੈ ਪਾਸ ਰਖਾਂਦੀ।[69]

---

64. ਗੁਣ ਦੇ ਰਸੀਏ ਆਪ ਪੱਕੇ ਹੋਂਵਦੇ
ਖਿੰਦੇ ਘਟ ਦੇ ਵਾਂਙ ਮਾਯਾ ਨੀਰ ਤੋਂ
ਸਦਾ ਰਹਣ ਨਿਰਲੇਪ ਭਿਜਨ ਜਾਂਵਦੇ (ਰਾਣਾ ਸੂਰਤ ਸਿੰਘ, ਪੰਨਾ 125, ਪੰਕਤੀ 671-673)

65. ਉਹੀ, ਪੰਨਾ 129, ਪੰਕਤੀ 936-941

66. ਦੁਨੀ ਸੁਹਾਵਾ ਬਾਗ 'ਦਰਦ' ਪਿਆਰ ਦਾ,
ਬੇਦਰਦੀ ਇਸ ਵਿਚ ਪੀੜ ਪਸਾਰਦੇ,
ਦਰਦੀ ਕਰੇ ਪਿਆਰ ਦਰਦ ਵੰਡਾਂਵਦਾ,
ਦਰਦਮੰਦ ਦੀ ਪੀੜ ਦਸੇ ਵੰਡਣੀ;
(ਉਹੀ, ਪੰਨਾ 162, ਪੰਕਤੀ 1-4)

67. ਪਿਆਰ ਤੇ ਫ਼ਰਜ਼ ਦੀਆਂ ਦੇਵੀਆਂ ਦਾ ਸੰਵਾਦ, ਬਿਜਲੀਆਂ ਦੇ ਹਾਰ, ਪੰਨਾ 76.

68. ਮਿਲਣੇ ਦੀ 'ਖਿੱਚ' ਜੇ ਹੈ ਤੇਰਾ ਨ ਬਾਗ ਲੁਟਿਆ।
ਹੈ ਰਾਸ ਕਾਇਮ ਜਿਸ ਦੀ 'ਤੋਟਾ' ਨ ਓਸ ਆਯਾ।
ਖਿੱਚੇਗੀ ਖਿਚ ਅਜ਼ੀਮੀ ਵਿਥਾਂ ਅਮਿਣਵੀਆਂ ਵਿਚ
ਕਸਕਾਂ ਦੇ ਤੁਣਕੇ ਮੇਲਣ ਦਾ ਤਾਣਾ ਲਾਇਆ। ( ਉਹੀ, ਪੰਨਾ 81) (ਰ੪੨।)

ਭਾਈ ਸਾਹਿਬ ਇਵੇਂ ਸਪਸ਼ਟ ਕਰਦੇ ਹਨ ਕਿ ਜਗਤ ਅਤੇ ਮਾਇਆ ਸਿਰਫ਼ ਧੋਖਾ ਨਹੀਂ। ਰੱਬ ਦੀ ਸਿਰਜੀ ਇਕ ਹਕੀਕਤ ਹੈ, ਜਿਸ ਦੇ ਅਸਲੀ ਅਸਤਿਤਵ ਨੂੰ ਸਮਝਣਾ ਮਾਨਵ ਜੀਵਨ ਦੀ ਵੱਡੀ ਲੋੜ ਹੈ।

<u>ਜੀਵ- ਆਤਮਾ</u>- ਭਾਈ ਸਾਹਿਬ ਇਹ ਵੀ ਦਸਦੇ ਹਨ ਕਿ ਮਾਨਵ ਦੇ ਅੰਦਰ ਦੀ ਚੇਤਨਾ ਪਰਾ-ਭੌਤਿਕ ਸਰੂਪ ਦੀ ਵਸਤੂ ਹੈ, ਜੋ ਉਸ ਪ੍ਰਭੂ ਵਲੋਂ ਮਨੁੱਖ ਨੂੰ ਦਾਤ ਵਜੋਂ ਮਿਲੀ ਹੈ। ਇਸ ਦੇ ਕਾਰਨ ਹੀ ਸਰੀਰ ਗਤੀਸ਼ੀਲ ਅਤੇ ਚੇਤੰਨ ਬਣ ਕੇ ਸੰਸਾਰ ਵਿਚ ਆ ਕੇ ਜੀਵਤ ਪ੍ਰਾਣੀ ਅਖਵਾਉਣ ਦਾ ਅਧਿਕਾਰ ਪ੍ਰਾਪਤ ਕਰਦਾ ਹੈ। ਮਨੁੱਖ ਦੀ ਛਬ ਪ੍ਰਭੂ ਦੀ ਛਬ ਦਾ ਪ੍ਰਤਿਬਿੰਬ ਹੈ, ਪਰ ਮਨੁੱਖ ਵਿਚ ਘਾਟਾ ਸਿਰਫ਼ ਇਤਨਾ ਹੈ ਕਿ ਉਹ ਆਪਣੇ ਸਰੀਰ ਵਿਚ ਹੀ ਇਤਨਾ ਖੁਸ ਜਾਂਦਾ ਹੈ ਕਿ ਉਹ ਅੰਦਰਲੀ ਮੂਲਕ ਅਸਲੀਅਤ ਨੂੰ ਭੁੱਲ ਜਾਂਦਾ ਹੈ। ਇਕ ਅਸੰਗ੍ਰਹਿਤ ਕਵਿਤਾ ਵਿਚ ਭਾਈ ਸਾਹਿਬ ਸਪਸ਼ਟ ਕਰਦੇ ਹਨ:-

ਅਪਨੀ ਛਬ ਤੇ ਹਰ ਰਚੀ- ਮੇਰੀ ਸੁੰਦਰ ਦੇਹ
ਮੋਹਿਤ ਕਰ ਮੋਹਿਤ ਭਇਓ- ਲੱਗ ਇਸ ਦੇਹ ਸਨੇਹ।
ਹਰ ਸਨੇਹ ਇਸ ਦਿਹ ਸੋ- ਤਉ ਮੁਹ ਦੇਹ ਸਨੇਹ
ਪੈ ਸਨੇਹ ਕਿਧ- ਦੇਹ ਸੋ- ਹਰ ਸੋ ਬਸੇ ਸਨੇਹ।[70]

ਭਾਰਤ ਦੀਆਂ ਲਗ ਪਗ ਸਾਰੀਆਂ ਦਾਰਸ਼ਨਿਕ ਵਿਚਾਰਧਾਰਾਵਾਂ ਮਨੁੱਖ ਵਿਚ ਪਦਾਰਥ ਤੇ ਚੇਤਨਾ ਦਾ ਸੁਮੇਲ ਸਵੀਕਾਰ ਕਰਦੀਆਂ ਹਨ। ਸਰੀਰ ਪਦਾਰਥ ਹੈ ਅਤੇ ਇਸ ਦੀ ਉਤਪਤੀ ਕੁਝ ਪ੍ਰਕ੍ਰਿਤਕ ਨਿਯਮਾਂ ਅਨੁਸਾਰ ਪਦਾਰਥ ਤੋਂ ਹੁੰਦੀ ਹੈ। ਵੀਰਜ ਅਤੇ ਰਜ ਦੇ ਮੇਲ ਤੋਂ ਸਰੀਰ ਹੀ ਸਰੀਰ ਉਪਜਾਂਦਾ ਹੈ। ਪਦਾਰਥ ਪ੍ਰਕ੍ਰਿਤੀ ਦੀ ਉਤਪਤੀ ਹੈ ਅਤੇ ਚੇਤਨਾ ਪਰਮ- ਚੇਤਨ ਬ੍ਰਹਮ ਦਾ ਅੰਸ਼। ਇਵੇਂ ਮੂਲ ਰੂਪ ਵਿਚ ਜੀਵ ਪ੍ਰਭੂ ਦਾ ਅੰਸ਼ ਹੈ।

<u>ਪਰਮ-ਜੋਤ ਦਾ ਅੰਸ਼</u>- ਸਰੀਰ ਨੂੰ ਦੀਪਤ ਕਰਨ ਲਈ ਆਤਮਾ ਦੀ ਜੋਤ ਪ੍ਰਭੂ ਵਲੋਂ ਰੱਖੀ ਗਈ ਹੈ।[71] ਗੁਰਮਤਿ ਵਿਚ ਵੀ ਇਸ ਗੱਲ ਨੂੰ ਸਵੀਕਾਰ ਕੀਤਾ ਗਇਆ ਹੈ। ਇਹ ਜੋਤ ਸਰੀਰ ਦੇ ਨਾਸ਼ ਹੋਣ ਤੇ ਵੀ ਸਥਿਰ ਰਹਿੰਦੀ ਹੈ। ਸਰੀਰ ਵਿਚ ਚੇਤਨਾ ਅਤੇ ਨਿਰਣਾ ਕਰਨ ਦਾ ਗੁਣ ਨਹੀਂ, ਇਹ ਆਤਮਾ ਦਾ ਗੁਣ ਹੈ ਅਤੇ ਇਸੇ ਲਈ ਕਈ ਵਿਚਾਰਕਾਂ ਨੇ ਆਤਮਾ ਨੂੰ ਬ੍ਰਹਮ ਕਹਿਆ ਹੈ। ਇਸ ਦੇ ਨਾਲ ਹੀ ਭਾਈ ਸਾਹਿਬ ਸਪਸ਼ਟ ਕਰ ਦਿੰਦੇ ਹਨ ਕਿ ਜੀਵ ਪਰਮਾਤਮਾ ਦਾ ਅੰਸ਼ ਹੁੰਦਾ ਹੋਇਆ ਵੀ ਪਰਮਾਤਮਾ ਤੋਂ ਭਿੰਨ ਹੈ। ਉਸ ਦੀਆਂ ਸ਼ਕਤੀਆਂ ਸੀਮਤ ਹਨ। ਭੌਤਿਕ ਸਰੀਰ ਵਿਚ ਨਿਵਾਸ ਕਾਰਨ ਉਸ ਦੀ ਕਾਫ਼ੀ ਸੱਤਾ ਪਦਾਰਥਕ ਕਿਰਿਆਵਾਂ ਵਲ ਰੁਚਿਤ ਰਹਿੰਦੀ ਹੈ। ਇਸ ਨਾਲ ਮਾਨਵ ਅਸਲੀ ਨਿਸ਼ਾਨੇ ਤੋਂ ਥਿੜਕ ਜਾਂਦਾ ਹੈ:-

---

69. ਖਾਲਸਾ ਸਮਾਚਾਰ, 25.11.1960, ਜਿਲਦ 62, ਅੰਕ ਨੰ: 4.

70. ਖਾਲਸਾ ਸਮਾਚਾਰ, 15.3.1962, ਜਿਲਦ 63, ਅੰਕ ਨੰ: 16

71. ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥

(ਰਾਮਕਲੀ ਮ: 3, ਅਨੰਦੁ)

ਟੁਰਿਆ ਵੇਖਣ ਜਾਂ ਦੁਨੀਆਂ ਮੈਂ ਤਾਂ ਕਰਨੇ ਨੂੰ ਸੈਰ,
ਸਦੇਸ਼, ਦੂਰ ਪਿਆਰੇ ਦਾ ਦੇਸ਼।
ਭੁਲ ਗਿਆ ਹਾਂ ਰਾਹ ਟਿਕਾਣਾ, ਫਿਰਦਾ ਦੇਸ਼, ਬਦੇਸ਼, ਪਰਦੇਸ਼,
ਕੋਈ ਲਭਦਾ ਹਾਂ ਰਾਹ
ਫਿਰਦਾ ਸ਼ਹਿਰ, ਗਿਰਾਂ ਤੇ ਗਲੀਆਂ, ਫਿਰਦਾ ਜੰਗਲ ਬੇਲੇ ਹਮੇਸ਼।[72]

ਸ਼ੰਕਰਾ-ਚਾਰੀਆ ਨੇ ਵੀ ਦੱਸਿਆ ਸੀ ਕਿ ਅਵਿਦਿਆ ਦੇ ਕਾਰਨ ਹੀ ਜੀਵ ਜੂ ਪ੍ਰਭੂ ਤੋਂ ਭਿੰਨ ਦਿਖਾਈ ਦਿੰਦਾ ਹੈ ਅਤੇ ਪ੍ਰਭੂ ਦੇ ਸਾਰੇ ਗੁਣਾਂ ਦੀ ਪ੍ਰਾਪਤੀ ਉਸ ਵਿਚ ਸੰਭਵ ਹੋਣ ਤੇ ਵੀ ਅਵਿਦਿਆ ਦੇ ਕਾਰਨ ਜੀਵਨ-ਦਸ਼ਾ ਵਿਚ ਇਨ੍ਹਾਂ ਗੁਣਾਂ ਦਾ ਪ੍ਰਗਟਾ ਜੀਵ ਵਿਚ ਨਹੀਂ ਹੁੰਦਾ।[73] ਇਸ ਦਾ ਭਾਵ ਹੈ ਕਿ ਜੀਵ ਪ੍ਰਭੂ ਦਾ ਅੰਸ਼ ਹੈ, ਪਰ ਅਵਿਦਿਆ ਕਾਰਨ ਆਪਣੀ ਜੋਤੀ ਗੁਆ ਕੇ ਭਟਕ ਰਹਿਆ ਹੈ। ਰਾਮਾਨੁਜ ਦੇ ਅਨੁਸਾਰ ਚਿਤ-ਤੱਤ ਹੀ ਜੀਵ-ਆਤਮਾ ਹੈ, ਜੋ ਦੇਹੀ, ਇੰਦ੍ਰੀਆਂ, ਮਨ ਤੇ ਪ੍ਰਾਣਾਂ ਤੋਂ ਭਿੰਨ ਹੈ।[74] ਗੁਰਮਤਿ ਵਿਚ ਜੀਵ-ਆਤਮਾ ਦੇ ਪ੍ਰਸ਼ਨ ਬਾਰੇ ਤਰਕ ਜਾਂ ਸ਼ਾਸਤ੍ਰਾਰਥ ਦਾ ਗੋਰਖ-ਧੰਦਾ ਨਹੀਂ ਅਪਣਾਇਆ ਗਇਆ। ਇੱਥੇ ਸਪਸ਼ਟ ਰੂਪ
ਜੀਵ-ਆਤਮਾ ਨੂੰ ਪ੍ਰਭੂ ਦਾ ਅੰਸ਼ ਸਵੀਕਾਰ ਕੀਤਾ ਗਇਆ ਹੈ[75] ਅਤੇ ਸ਼ੰਕਰ ਵਾਂਗ
ਵਿਚ ਭਗਵਦ ਗੀਤਾ ਵਾਂਗੂੰ ਆਤਮਾ ਪਰਮਾਤਮਾ ਨੂੰ ਅਭੇਦ ਵੀ ਮੰਨਿਆ ਹੈ। ਬਾਹਰਮੁਖੀ ਭੇਦ ਦਾ ਕਾਰਨ ਇੱਥੇ ਵੀ ਅਗਿਆਨ ਜਾਂ ਅਵਿਦਿਆ ਨੂੰ ਹੀ ਮੰਨਿਆ ਹੈ। ਇਸੇ ਆਧਾਰ ਤੇ ਭਾਈ ਸਾਹਿਬ ਮੰਨਦੇ ਹਨ ਕਿ ਜੀਵ ਆਪਣੇ ਆਪ ਵਿਚ ਕੁਝ ਨਹੀਂ, ਜੋ ਕੁਝ ਵੀ ਹੈ, ਉਹ ਉਸ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਕਰਕੇ ਹੈ:

ਜੇ ਮੈਂ ਪੁਛਿਆ ਘੁਮਿਆਰ ਆਪਣੇ ਕਿਉਂ ਸਾਨੂੰ ਤੂੰ ਘੜਿਆ।
ਨਾ ਪੁਛਿਆ ਨਾ ਗਿਣਿਆ ਪਹਿਲੋਂ, ਹੁਣ ਹੀ ਦਸ ਕੁਝ ਅੜਿਆ।
ਮੈਂ ਬੋਲੀ ਧੁਰ ਅੰਦਰੋਂ ਮੋਨੀ, ਉਸ ਘੜਦਾ ਆਪਣਾ ਆਪ
ਤੂੰ ਮੈਂ ਕਿਥੇ ? ਕੌਣ ਤੂੰ ਹੈਂ ? ਚੁਪ ਰਹੁ ਹਉਂ ਦੇ ਗੜਿਆ।[76]

---

72. ਸਾਈਆਂ ਦਾ ਦੇਸ਼, ਮੇਰੇ ਸਾਈਆਂ, ਜੀਓ, ਪੰਨਾ 18

73. In Shankara's philosophy," The concept of Maya is intimately related with that of Avidya. Avidya is the force that launches us into the dream of life---The appearance of Brahman as the world is due to our Avidya."
(Indian Philosophy, Vol, II, P. 575.)

74. " A body is not a mere combination of the elements or something which is sustained by Prana or life-breath. It is according to Ramanuja any substance which a conscious soul is capable of completely controlling and supporting for its own purposes and which stands to the soul in an entirely subordinate relation"
( Indian Philosophy, Vol. II, P. 682 )

75. ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ (ਗੌਂਡ ਮ:5)

76. 'ਕਿਉਂ ਘੜਿਆ', ਖਾਲਸਾ ਸਮਾਚਾਰ, 8.7.1959, ਜਿਲਦ 60, ਅੰਕ ਨੰ:32

ਸਰਬ- ਉੱਮ ਪ੍ਰਾਣੀ— ਇਸ ਦੇ ਨਾਲ ਹੀ ਭਾਈ ਸਾਹਿਬ ਦਸਦੇ ਹਨ ਕਿ ਚੇਤਨਾ ਦੀ ਜਿਸ ਪੂਰਨਤਾ ਤਕ ਮਨੁੱਖ ਨੇ ਵਿਕਾਸ ਕੀਤਾ ਹੈ, ਹੋਰ ਕੋਈ ਪ੍ਰਾਣੀ ਨਹੀਂ ਕਰ ਸਕਿਆ। ਪਰ ਉਸ ਦੇ ਜੀਵਨ ਦਾ ਦੁਖਾਂਤ ਹੈ ਕਿ ਇਹ ਸਭ ਕੁਛ ਹੁੰਦਿਆਂ ਵੀ ਉਹ ਜੀਵਨ ਦੇ ਅਸਲੇ ਨੂੰ ਭੁੱਲ ਜਾਂਦਾ ਹੈ।

ਕੁਦਰਤ ਦੀ ਸਭ ਰਚਨਾ ਵਿਚੋਂ ਏਹ ਮਾਨੁਖ ਉਚ ਉਚਾਏ,
ਪਰ ਇਸ ਅਕਲਾਂ ਵਾਲੇ ਸੁਹਣੇ ਹਨ ਥੇੜੇ ਰੁਣ ਵਿਸਰਾਏ।
ਕੁਛਦੇ ਖਿਛਦੇ ਸੜਦੇ ਦਿਸਦੇ, ਅਤੇ ਕੁਮਲਾਏ ਮੁਰਝਾਏ।
ਹੈ ਸੁਦਾਰ ਏ ਕਾਇਨਾਤ ਦਾ ਆਪੂ ਅਸਲੇ ਏਨ ਭੁਲਾਏ।[77]

ਇਸ ਭੁਲੇਖੇ ਦੇ ਕਾਰਨ ਹੀ ਮਾਨਵ ਸਰਬ- ਚੇਤੰਨਤਾ ਤੋਂ ਵਖ ਹੈ ਅਤੇ ਇਹੀ ਉਨ੍ਹਾਂ ਦੋਹਾਂ ਵਿਚ ਪਰਦੇ ਦਾ ਕਾਰਨ ਹੈ। ਜੇ ਇਹ ਪਰਦਾ ਹੱਟ ਜਾਏ, ਬੰਦੀ- ਤੱਤ ਆਪਣੀ ਵਿਸ਼ਾਲਤਾ ਅਤੇ ਮਹੱਤਤਾ ਨੂੰ ਪਛਾਣ ਸਕਦਾ ਹੈ। ਇਹ ਭੇਦ ਬਚਪਨ ਵਿਚ ਇਤਨਾ ਨਹੀਂ ਹੁੰਦਾ, ਜਿਉਂ ਜਿਉਂ ਮਨੁੱਖ ਵੱਡਾ ਹੁੰਦਾ ਹੈ, ਉਹ ਮੂਲਕ ਸਤਾ ਤੋਂ ਦੂਰ ਹੁੰਦਾ ਜਾਂਦਾ ਹੈ:-

ਸੁਤੀ ਪਈ ਘੂਕ ਸਾਂ ਮੈਂ ਬਚਪਨੇ ਦੀ ਨੀਂਦ
ਕੋਲ ਸੀ ਨਾ ਕੋਈ ਮੇਰੀ ਦਾਈ, ਮਾਈ, ਬਾਪ।
ਪਾ ਰਿਹਾ ਸੀ ਚਾਂਦਨੀ ਉਹ ਚੰਦ ਅਰਸ਼ ਤੋਂ......
ਜਾਗੀ, ਫੇਰ ਜਾਗੀ ਮੈਂ ਸਾਂ ਬਾਲੀ, ਨੀਂਦਰੋਂ,
ਤੱਕਾਂ ਹੋਰ ਹੋਈ, ਮੈਂ ਹਾਂ ਹੋਰ ਹੋ ਗਈ,
ਹਾਂ, ਓਪਰੀ ਹੋ ਗਈ ਸਾਂ, ਮੈਂ ਆਪਣੇ ਆਪ ਨੂੰ।[78]

ਇਹੋ ਵਿਚਾਰ ਵਰਡਜ਼ਵਰਥ ਦੀ ਕਵਿਤਾ( Ode: Intimations of Immortality from Recollections of Early Childhood ) ਵਿਚ ਵੀ ਮਿਲਦਾ ਹੈ।[79] ਉਸ ਦਾ ਵੀ ਵਿਸ਼ਵਾਸ਼ ਸੀ ਕਿ ਬਚਪਨ ਵਿਚ ਰੱਬੀ ਨੇੜਤਾ ਵਧੇਰੇ ਹੁੰਦੀ ਹੈ। ਆਰਜਾ ਦੇ ਵਧਦੇ ਸਾਲਾਂ ਵਿਚ ਰੱਬੀ ਅਭੇਦਤਾ ਦਾ ਭਾਵ ਦੂਰ ਹੁੰਦਾ ਜਾਂਦਾ ਹੈ ਅਤੇ ਦੁਨੀਆਂਦਾਰੀ ਦੇ ਬੰਧਨ 'ਹਉਮੈਂ'

---

77. ' ਮੇਰੀਆਂ ਗੁਲਦਾਊਦੀਆਂ ਦੀ ਵਿਦੈਗੀ', ਲਹਿਰਾਂ ਦੇ ਹਾਰ, ਪੰਨਾ 83.
78. 'ਲਗ ਗਈ ਸੀ ਬਾਲੀ ਉਮਰੇ', ਮੇਰੇ ਸਾਂਈਆਂ ਜੀਉ, ਪੰਨਾ 5
79. Heaven lies about us in our infancy
Shades of the prison-house begin to close,
upon the growing boy,
--------------------
At length the Man perceives it die away
And fade into the light of common day.
( Wordsworth, Ode: Intimations of Immortality from Recollections of Early Childhood, English Verse, Edited by W. Peacock, Vol.III, P. 608)

ਦੇ ਅੰਸ਼ ਨੂੰ ਵਧਾ ਦਿੰਦੇ ਹਨ। ਭਾਈ ਸਾਹਿਬ ਵੀ ਮੰਨਦੇ ਹਨ ਕਿ ਅਗਿਆਨਤਾ ਵਿਚ ਘੁਸੀ ਆਤਮਾ ਭਟਕਦੀ ਹੈ ਅਤੇ ਜੀਵਨ ਸੇਧ ਦਿਖਾਈ ਨਹੀਂ ਦਿੰਦੀ।[80] ਪਰ ਪ੍ਰਭੂ ਆਪਣੀ ਤਸਵੀਰ ਮਨ ਦੀ ਬੇਡੌਲ ਤੇ ਬਿਧੁੰਨ ਪੱਥਰ ਜਿਹੀ ਸਿਲ ਤੇ ਉਕਰਨਾ ਜ਼ਰੂਰ ਚਾਹੁੰਦਾ ਹੈ।[81] ਚੁਰਾਸੀ ਲੱਖ ਜੂਨਾਂ ਦੀ ਭਟਕਣਾ ਤੋਂ ਬਾਅਦ ਮਨੁੱਖੀ ਜੀਵਨ ਦਾ ਜਾਮਾ ਮਿਲਦਾ ਹੈ, ਜੇ ਇਸ ਨੂੰ ਵੀ ਅਜਾਈਂ ਗੁਆ ਦਿੱਤਾ ਜਾਏ, ਇਹ ਜੀਵ ਦਾ ਦੁਰਭਾਗ ਹੈ:-

' ਬਾਰ੍ਹੀਂ ਵਰ੍ਹੀਂ ਸੁਣੀਂਦੇ' ਕਹਿੰਦੇ 'ਅਰੂੜੀਆਂ ਦੀ',
ਗੇੜਾ ਚੁਰਾਸੀ ਖਾ ਕੇ ਪਾਪੀ ਬੀ ਠੌਰ ਭਾਲੀ।[82]

ਇਸ ਹਾਲਤ ਵਿਚ ਜਿਸ ਪ੍ਰਕਾਰ ਮਨੁੱਖ ਦੀ ਵਰਤਮਾਨ ਭੌਤਿਕ ਉਨਤੀ ਨਿਸਰਗ ਨਿਯਮਾਂ ਨੂੰ ਸਮਝ ਲੈਣ ਵਿਚ ਹੈ, ਠੀਕ ਉਸੀ ਤਰ੍ਹਾਂ ਉਸ ਦੀ ਅਧਿਆਤਮਿਕ ਉਨਤੀ ਨਿਰੰਕਾਰੀ ਨਿਯਮਾਂ ਅਤੇ ਆਗਿਆਵਾਂ ਵਿਚ ਵਿਚਰਣ ਕਰਕੇ ਹੀ ਸੰਭਵ ਹੈ। ਇਹ ਨਿਯਮ ਪੂਰਵ- ਸਥਿਤ ਹਨ, ਜੀਵ ਵਿਚ ਕੋਈ ਐਸੀ ਸ਼ਕਤੀ ਨਹੀਂ ਕਿ ਉਹ ਨਵੇਂ ਨਿਯਮ ਬਣਾ ਸਕੇ ਜਾਂ ਪੂਰਵ- ਨਿਯਮਾਂ ਨੂੰ ਬਦਲ ਸਕੇ।[83] ਪਰ ਜੀਵ ਨੂੰ ਜੋ ਸਮਰਥਾ ਪ੍ਰਭੂ ਵਲੋਂ ਪ੍ਰਦਾਨ ਕੀਤੀ ਗਈ ਹੈ, ਉਸ ਦੇ ਪ੍ਰਯੋਗ ਵਿਚ ਜੀਵ ਨੂੰ ਕਾਫ਼ੀ ਸਵਤੰਤ੍ਰਤਾ ਹੈ:

' ਕਰ ਪੱਕ ਭਰੋਸਾ ਆਪਣੇ ਤੇ, ਸਮਰੱਥ ਆਪ ਤੂੰ ਉੱਠਣ ਨੂੰ
'ਫਿਰ ਹੋਇ ਅਚਿੰਤ ਚਲਾ ਚਲ ਤੂੰ, ਕਰ ਦੂਰ ਦਿਲੋਂ ਡਰ ਡਿੱਗਣ ਨੂੰ।'[84]

ਇਹ ਠੀਕ ਹੈ ਕਿ ਜੀਵ ਰਸਤਾ ਭੁਲਦਾ ਹੈ, ਪਰ ਪ੍ਰਭੂ ਕ੍ਰਿਪਾਲ ਵੀ ਮਾਂ ਵਾਂਗੂੰ ਮੁਆਫ਼ੀ ਦਾ ਪੁੰਜ ਹੈ। ਜਿਸ ਤਰ੍ਹਾਂ ਮਾਂ ਬੱਚੇ ਨੂੰ ਮਾਫ਼ ਕਰਦੀ ਰਹਿੰਦੀ ਹੈ, ਉਸੇ ਤਰ੍ਹਾਂ ਪ੍ਰਭੂ ਜੀਵ ਦੇ ਪਾਪਾਂ ਨੂੰ ਵੀ ਮਾਫ਼ ਕਰਦਾ ਰਹਿੰਦਾ ਹੈ:

---

80. ਚੰਦ ਨਹੀਂ, ਸੂਰਜ ਨਹੀਂ, ਮੇਰੀ ਬੇੜੀ ਵਿਚ ਦੀਵਾ ਨਹੀਂ
ਪਾਣੀਆਂ ਦੀ ਛਾਤੀ ਤੇ ਕੋਈ ਰਾਹ ਸੜਕ ਪਗਡੰਡੀ ਨਹੀਂ
ਮੇਰੇ ਨਿਤਾਣੇ ਚੱਪੇ ਹਨ।
ਪਾਣੀ ਬੇੜੀ ਤਿਲਕਾਈ ਜਾਂਦਾ ਹੈ।
('ਮੇਰੇ ਚਪੇ ਲਰ ਰਹੇ ਹਨ', ਮੇਰੇ ਸਾਂਈਆਂ ਜੀਓ, ਪੰਨਾ 44)

81. ਮੇਰੀ 'ਮਨ ਦੀ ਸ਼ਿਲਾ' ਬੇ ਡੌਲ
ਹੈ ਬਿਧੁੰਨ ਇਕ ਪੱਥਰ ਦੇ ਵਾਂਗ
ਪਰ ਤੂੰ ਉਸ ਵਿਚ ਆਪਣੀ ਤਸਵੀਰ
ਚਹੇਂ ਉਕਰਨੀ 'ਸਾਂਈਆਂ' ਆਪ
(ਉਹੀ, ਪੰਨਾ 57)

82. ਪਿਆਰ ਤੇ ਫ਼ਰਜ਼ ਦੀਆਂ ਦੇਵੀਆਂ ਦਾ ਸੰਵਾਦ, ਬਿਜਲੀਆਂ ਦੇ ਹਾਰ, ਪੰਨਾ 73

83. ਭਾਈ ਜੋਧ ਸਿੰਘ, ਗੁਰਮਤਿ ਨਿਰਣੈ, ਪੰਨਾ 42-43

84. ਗੰਗਾ ਰਾਮ, ਬਿਜਲੀਆਂ ਦੇ ਹਾਰ, ਪੰਨਾ- 92.

ਨੀ ਸ਼ਮੀਏ ! ਤੇਰਾ ਪਿਆਰ ਅਸਾਡਾ, ਤੂੰ ਰੋਵੇਂ ਅਸੀਂ ਸੜੀਏ।
ਅਸੀਂ ਸੜੀਏ ਤੂੰ ਮੁੜ ਰੋਵੇਂ ਅਸੀਂ ਮੁੜ ਸੜਨੋਂ ਨ ਡਰੀਏ।
ਖੇਡ ਨਾਲ ਪਿਆਰ ਅਸਾਡਾ ਮਿਲਾ ਫਿਰ ਨੀ ਜਾਵੇ
ਖੇਡਨ ਨਿਤ ਜੋਬਨ ਦੀ ਕੀਤਿਆਂ ਅਸੀਂ ! ਜੇਰ ਨ ਕਰੀਏ।[85]

ਹੁਸਨ-ਅਹਿਸਾਸ ਦੀ ਜਾਗ੍ਰਿਤੀ — ਪ੍ਰਭੂ ਕ੍ਰਿਪਾ ਨਾਲ ਜਦ ਆਤਮ-ਗਿਆਨ ਦੀ ਖੇਡ ਖੁਲ੍ਹਦੀ ਹੈ, ਜੀਵਨ ਵਿਚ ਆਪੇ ਦੀ ਪਛਾਣ ਜਾਗਦੀ ਹੈ। ਇਸ ਅਵਸਥਾ ਵਿਚ ਆਪਣੇ ਆਪ ਦਾ 'ਹੁਸਨ-ਅਹਿਸਾਸ' ਜਾਗ੍ਰਿਤ ਹੁੰਦਾ ਹੈ।[86] ਅਸਲੀਅਤ ਦੇ ਪ੍ਰਕਾਸ਼ ਨਾਲ ਸਭ ਕੁਝ ਇਕੋ ਇਕਾਈ ਵਿਚ ਪਰੋਇਆ ਦਿਸਦਾ ਹੈ। ਆਤਮਾ ਇਸ ਇਕਾਈ ਦੇ ਅਨੁਭਵ ਨਾਲ ਖਿੜ ਉਠਦੀ ਹੈ। ਆਤਮਾ ਜਿਵੇਂ 'ਇਕ ਰਸ' ਹੋ ਕੇ 'ਅਣਡਿਠ' ਦੇ ਮਿਲਾਪ ਦੇ ਸੁਆਦ ਨੂੰ ਚਖਦੀ ਹੈ ਤੇ ਇਸ ਅਜੀਬ ਖੇੜੇ ਦੀ ਖੁਸ਼ੀ ਵਿਚ ਮਟਕਦੀ ਹੈ।[87] ਜੀਵ-ਆਤਮਾ ਦੀ ਸਭ ਤੋਂ ਵੱਡੀ ਲੋੜ ਇਹੋ ਹੈ ਕਿ ਇਸ ਅਨੰਦ-ਮਈ ਖੇੜੇ ਦੀ ਅਵਸਥਾ ਨੂੰ ਕਾਬੂ ਵਿਚ ਰੱਖਿਆ ਜਾਏ ਕਿਉਂਕਿ ਜਦ ਇਹ ਖੇੜਾ ਤਿਲ੍ਹਕਦਾ ਹੈ, ਆਤਮਾ ਦੁਖੀ ਹੁੰਦੀ ਹੈ। ਜੋ ਇਸ ਤਿਲ੍ਹਕਣ ਦੀ ਪ੍ਰਕ੍ਰਿਤੀ ਤੇ ਕਾਬੂ ਪਾ ਲੈਂਦਾ ਹੈ, ਉਹੀ ਆਪੇ ਦਾ ਕਾਦਰ ਹੈ:

ਉਹ ਦਿਲ ਹੈ ਹੁਣ ਰਸ ਵਿਚ ਮਤਾ ਤਿਲ੍ਹਕਦਾ ਜੋ ਜਾਵੇ,
ਸੋ ਤਿਲ੍ਹਕਣ ਦਾ ਪਤਾ ਨ ਲੱਗੇ ਰਸ ਇਉਂ ਮਹਿਵ ਕਰਾਵੇ,
ਰਸ ਲੈਂਦਾ ਵਿਚ ਰਸ ਦੇ ਖਚਦਾ ਤਿਲਕ ਮਲਕੜੇ ਜਾਵੇ—
ਔਖੀ ਪਲ ਤਿਲਕਣ ਦੀ ਇਹ ਹੈ, ਜੋ ਕਾਬੂ ਨਹੀਂ ਆਵੇ
ਇਸ ਪਲ ਤੇ ਜੋ ਕਾਬੂ ਪਾਵੇ ਆਪਾ ਫਤਹ ਕਰਾਵੇ।
ਆਪੇ ਦਾ ਕਾਦਰ ਏ 'ਰਸੀਆ' ਕੁਦਰਤ ਰਾਜ ਕਮਾਵੇ।[88]

ਆਤਮਾ ਦਾ ਇਹ ਰਸ ਕਿਤੋਂ ਬਾਹਰੋਂ ਨਹੀਂ ਆਉਂਦਾ, ਸਾਡੇ ਅੰਦਰਲੇ ਸੋਮੇ ਤੋਂ ਹੀ ਫੁਟਦਾ ਹੈ।[89]

---

85. 'ਤੂੰ ਰੋਵੇਂ ਅਸੀਂ ਸੜੀਏ', ਖ਼ਾਲਸਾ ਸਮਾਚਾਰ, 14.11.1957, ਜਿਲਦ 59, ਅੰਕ 2.
86. 'ਹੁਸਨ-ਅਹਿਸਾਸ' ਜਦੋਂ 'ਆਪੇ' ਦਾ ਮਦ ਭਰ ਆਪੇ ਤਕਦੀ।
ਆਪੇ ਤੇ ਆਸ਼ਿਕ ਹੋ ਆਪੇ ਮਦ-ਆਪੇ ਦਾ ਛਕਦੀ।
('ਨਲੀ', ਮਟਕ ਹੁਲਾਰੇ, ਪੰਨਾ 128)
87. ਪਰਕਾਸ਼ ਦਾ ਜੁ ਰਸ ਹੈ 'ਇਕ ਰਸ' ਹਿਏ ਨੇ ਪਾਯਾ।
'ਇਕ ਰਸ' ਹਿਏ ਨੇ ਰਸ ਹੈ 'ਅਣਡਿੱਠ' ਦਾ ਚਖਾਯਾ।
(ਬੁਲਬੁਲ ਤੇ ਰਾਹੀ, ਲਹਿਰਾਂ ਦੇ ਹਾਰ, ਪੰਨਾ 152)
88. ਆਪੇ ਦਾ ਕਾਦਰ, ਬਿਜਲੀਆਂ ਦੇ ਹਾਰ, ਪੰਨਾ 28
89. ਰਸ ਆਪਣਾ ਜੇ ਲਭੇਂ ਦੂਏ ਤੇ ਤੇਰਾ ਹਈ ਭੁਲਾਵਾ,
ਸਮਝ ਸੰਭਾਲ, ਉਛਾਲ ਆਪਣਾ ਟੋਟਾ ਫੇਰ ਨ ਆਵੇ।
(ਬੁਲਬੁਲ ਤੇ ਰਾਹੀ—ਲਹਿਰਾਂ ਦੇ ਹਾਰ, ਪੰਨਾ 33)

<u>ਹਉਮੈਂ</u> — ਭਾਈ ਸਾਹਿਬ ਦਸਦੇ ਹਨ ਕਿ 'ਹਉਮੈਂ' ਹੀ ਜੀਵ ਅਤੇ ਬ੍ਰਹਮ ਵਿਚ ਭੇਦ ਦਾ ਕਾਰਨ ਹੈ:

'ਹਉਮੈਂ ਹੀ ਹੈ ਮੂਲ ਪਰਦਾ ਰੱਬ ਤੋਂ
' ਇਹੋ ਹੀ ਹੈ ਰੋਕ ਸਾਈਂ ਪਯਾਰ ਦੀ
' ਜੋ ਉਸ ਤੋਂ ਹੈ ਨਿੱਤ ਅਸਾਂ ਵਿਛੋੜਦੀ:
' ਅਸਾਂ ਓਸ ਵਿਚਕਾਰ ਉਸਰੀ ਕੰਧ ਏ'[90]

ਗੁਰਮਤਿ ਵਿਚ[91] ਭਗਵਦ ਗੀਤਾ ਦੇ[92] ਨਿਆਈਂ ਦੱਸਿਆ ਗਇਆ ਹੈ ਕਿ ਮਾਇਆ ਨੇ ਪ੍ਰਕ੍ਰਿਤੀ ਦੇ ਤਿੰਨ ਗੁਣਾਂ: ਰਜੋ, ਤਮੋ ਤੇ ਸਤੋ ਨਾਲ ਸ੍ਰਿਸ਼ਟੀ ਨੂੰ ਬੰਧਨ ਵਿਚ ਬੰਨ੍ਹਿਆ ਹੈ। ਇਹੋ ਸ੍ਰਿਸ਼ਟੀ ਦੇ ਨਿਰਮਾਣ, ਵਿਕਾਸ ਤੇ ਵਿਨਾਸ਼ ਦਾ ਕਾਰਨ ਹਨ। ਜੀਵ ਵੀ ਇਨ੍ਹਾਂ ਗੁਣਾਂ ਦੇ ਫੰਦੇ ਵਿਚ ਫਸਿਆ ਸੰਸਾਰਕ ਕਿਰਿਆਵਾਂ ਕਰਦਾ ਹੈ। ਇਹ ਕਿਰਿਆਵਾਂ 'ਹਉਮੈਂ' ਪੈਦਾ ਕਰਦੀਆਂ ਹਨ ਅਤੇ ਇਸੇ ਨਾਲ ਮਨੁੱਖ ਵਿਚ ਅਡੰਬਰ, ਪਖੰਡ ਤੇ ਅਧਿਆਤਮਿਕ ਤਾਰਕਿਕਤਾ ਪੈਦਾ ਹੁੰਦੀ ਹੈ। ਇਸ ਦੇ ਕਾਰਨ 'ਹਉਮੈਂ' ਨੂੰ ਹੀ ਮਨੁੱਖ ਫਿਰ ਆਪਣੀ ਸ਼ਾਨ, ਮਰਿਆਦਾ ਅਤੇ ਮਾਣ ਸਮਝਦਾ ਹੈ। ਇਸੇ ਵਾਸਤੇ 'ਹਉਮੈਂ' ਨੂੰ ਗੁਰਮਤਿ ਵਿਚ ਵਿਸ਼- ਬੀਜ ਨਾਲ ਤੁਲਨਾ ਦਿੱਤੀ ਹੈ ਜੋ ਮਿਥਿਆ ਸੰਸਾਰ ਦੀ ਉਤਪਤੀ ਦਾ ਕਾਰਨ ਹੈ।[93]

<u>ਸੰਸਾਰ ਸੰਘਰਸ਼ ਦਾ ਮੂਲ</u>— ਭਾਈ ਸਾਹਿਬ ਹੋਰ ਸਪਸ਼ਟ ਕਰਦੇ ਹਨ ਕਿ 'ਹਉਮੈਂ' ਕਾਰਨ ਧੀਰੇ ਧੀਰੇ ਕਾਮਨਾਵਾਂ ਤੇ ਲੋਭ ਤਾਮਸਿਕ ਹੁੰਦੇ ਹੋਏ ਤਮੋਗੁਣ ਨੂੰ ਜਨਮ ਦਿੰਦੇ ਹਨ।[94] ਇਸ ਰਾਹੀਂ 'ਹਉਮੈਂ' ਸੰਸਾਰ ਵਿਚ ਇਕ ਅਜੇਹਾ ਸੰਘਰਸ਼ ਪੈਦਾ ਕਰਦੀ ਹੈ, ਜੋ ਸਾਰੇ ਸੰਸਾਰ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ ਹੈ। ਲੋਭ ਕਰਕੇ ਜੀਵ ਫਿਰ ਸਿਰਫ਼ ਨਿਜ ਦਾ ਸੁਖ ਲੋੜਦਾ ਹੈ ਅਤੇ ਉਸ ਵਿਚ ਦੂਜਿਆਂ ਦਾ ਦੁਪਰਿਆਰ ਵਧਦਾ ਹੈ। ਆਪਣੇ ਲਾਭ ਕਾਰਨ ਦੂਜਿਆਂ ਦੀ ਹਾਨੀ ਕੀਤੀ ਜਾਂਦੀ ਹੈ।[95] ਇਸ ਨਾਲ ਜੀਵ ਸਾਂਝ ਤੋਂ ਟੁੱਟ ਕੇ ਇਕੱਲ ਦੇ ਸਵਾਰਥ ਦੇ ਕਿਲ੍ਹੇ ਵਿਚ ਕੈਦ ਹੋ ਜਾਂਦਾ ਹੈ ਅਤੇ ਉਹ ਖ਼ੁਦਗਰਜ਼ੀ ਕਾਰਨ ਪਾਪ ਕਰਦਾ ਹੈ:

---

90. ਰਾਣਾ ਸੂਰਤ ਸਿੰਘ, ਪੰਨਾ 216, ਪੰਕਤੀ 154-157
91. ਤ੍ਰੈਗੁਣ ਮਾਇਆ ਬਿਨਸਿ ਬਿਤਾਲਾ॥ (ਗਉੜੀ ਮ: 5)
92. ਭਗਵਦ ਗੀਤਾ, ਅਧਿਆਇ 14, ਸਲੋਕ 46 (ਗੀਤਾ ਪ੍ਰੈਸ ਗੋਰਖਪੁਰ)
93. ਹਉਮੈ <u>ਬਿਖੁ ਪਾਈ ਜਗਤੁ ਉਪਾਇਆ॥</u> (ਮਾਰੂ ਮ: ੧, ਅਸਟਪਦੀ, [illegible])
94. 'ਹਉਮੈਂ ਆਪਣਾ ਆਪ ਮਿੱਠਾ ਲਾਂਵਦੀ
' ਤਨ ਮਨ ਦੀ ਜੋ ਲੋੜਾਂ ਕਰਦੀ ਪੱਕਿਆਂ,
' ਏਸ ਅਮਰ ਦੇ ਹੇਠ ਬੇ ਮਾਲੂਮ ਹੀ
' ਆਪਾ ਲੋੜੇ ਵੱਖ ਦੂਜੇ ਓਪਰੇ। (ਰਾਣਾ ਸੂਰਤ ਸਿੰਘ, ਪੰਨਾ 217, ਪੰਕਤੀ 209-212)
95. 'ਨਿਜ ਦਾ ਲੋੜਦੇ ਸੁੱਖ ਕਿਸੇ ਨਾ ਹੋਰ ਦਾ
ਜਗ ਦਾ ਦੁੱਪਰਿਆਰ ਸਹਿਜੇ ਹੈ ਵਧੇ
ਲਈਏ ਆਪਣਾ ਲਾਭ ਸਭ ਤੋਂ ਚਹਿ ਕਿਵੇਂ ।(ਉਹੀ, ਪੰਨਾ 217, ਪੰਕਤੀ 213-215)

'ਫੇਰ ਸੋਚ ਲੈ ਬਾਤ ਇਹ ਦਿਲ ਦੇਇਕੇ
' ਖੁਦਗਰਜ਼ੀ ਦੇ ਏਸ ਜੀਵਨ ਨਾਲ ਜੀ !
'ਭਾਂਤ ਭਾਂਤ ਦੇ ਪਾਪ ਉਸ ਤੋਂ ਹੋਂਵਦੇ,
' ਗੁਣ ਦੀ ਸਾਰੀ ਰਾਸ ਉਸ ਦੀ ਉੱਡਦੀ;[96]

ਮਨ ਦੀ ਅਸ਼ਾਂਤੀ ਦਾ ਮੂਲ — ਹਉਮੈਂ ਨਾਲ ਹੀ ਮਨ ਦੀ ਅਸ਼ਾਂਤੀ ਵਧਦੀ ਹੈ ਅਤੇ ਆਤਮਿਕ ਚੈਨ ਦੂਰ ਹੋ ਜਾਂਦਾ ਹੈ। ਕਾਮਨਾਵਾਂ ਤੇ ਲੋਭ ਦਾ ਪੇਟ ਪੂਰਾ ਨਹੀਂ ਹੁੰਦਾ। ਜੀਵ ਹਉਮੈਂ ਵਿਚ ਫਸਿਆ ਜੀਵਨ ਦੇ ਸੱਚੇ ਗੁਣਾਂ ਤੋਂ ਖੋਖਲਾ ਹੋ ਕੇ ਜਨਮ ਮਰਨ ਦੇ ਬੰਧਨ ਵਿਚ ਫਸਿਆ ਰਹਿੰਦਾ ਹੈ। ਇਸ ਲਈ ਹਉਮੈਂ ਦੇ ਅਸਲੀ ਸਰੂਪ ਨੂੰ ਸਮਝਣ ਦੀ ਲੋੜ ਹੈ।

ਸਤੋ ਗੁਣ ਦੁਆਰਾ ਹਉਮੈਂ ਤੋਂ ਛੁਟਕਾਰਾ ਤੇ ਪਰਉਪਕਾਰ ਦੇ ਜਜ਼ਬੇ ਦੀ ਉਤਪਤੀ — ਸਿਰਫ਼ ਸਤੋ ਗੁਣ ਹੀ ਮਾਇਆ ਦਾ ਇਕ ਐਸਾ ਗੁਣ ਹੈ ਜੋ ਹਉਮੈਂ ਤੋਂ ਛੁਟਕਾਰਾ ਦਿਵਾਉਣ ਦੀ ਸਮਰੱਥਾ ਰਖਦਾ ਹੈ। ਇਸੇ ਲਈ ਗੁਰਮਤਿ ਵਿਚ ਹਉਮੈਂ ਨੂੰ 'ਦੀਰਘ ਰੋਗ' ਦੇ ਨਾਲ 'ਦਾਰੂ' ਵੀ ਕਹਿਆ ਗਇਆ ਹੈ।[97] ਭਾਈ ਸਾਹਿਬ ਵੀ ਸਮਝਾਉਂਦੇ ਹਨ ਕਿ ਜੇ ਸ਼ੁਭ ਮੱਤ ਦੁਆਰਾ ਹਉਮੈਂ ਦੇ ਅਸਲੀ ਤੱਤ ਬਾਰੇ ਸੋਝੀ ਹੋ ਜਾਵੇ, ਜੀਵ ਸੰਭਲ ਜਾਂਦਾ ਹੈ।[98] ਜਦ ਇਹ ਅਹਿਸਾਸ ਹਿਰਦੇ ਵਿਚ ਜਾਗ ਪੈਂਦਾ ਹੈ, ਜੀਵ ਵਿਚ ਪਰਉਪਕਾਰ ਦਾ ਜਜ਼ਬਾ ਉਤਪੰਨ ਹੁੰਦਾ ਹੈ। ਉਹ ਸਭ ਦਾ ਭਲਾ ਮੰਗਦਿਆਂ ਨੇਕੀ ਵਾਲੇ ਕੰਮ ਕਰਦਾ ਹੈ :

ਭਲਾ ਸਰਬ ਦਾ ਫੇਰ ਰਿਦੇ ਵਸਾਂਵਦਾ,
ਫਿਰ ਕਰਦਾ ਹੈ ਕੰਮ ਨੇਕੀ ਵਾਲੜੇ।
ਨੇਕੀ ਕਰਕੇ ਓਹ ਫਿਰ ਹੈ ਸੋਚਦਾ।
ਇਸ ਵਿਚ ਹਉਂ ਹੰਕਾਰ ਨਾਹੀ ਚਾਹੀਏ।[99]

ਮੌਤ — ਭਾਈ ਸਾਹਿਬ ਦਸਦੇ ਹਨ ਕਿ ਦੁਨੀਆਂ ਵਿਚ ਵਸਤੂਆਂ ਜਨਮ ਲੈਂਦੀਆਂ ਹਨ, ਪਰ ਸਮੇਂ ਦੇ ਗੇੜ ਨਾਲ ਸਭ ਅਲੋਪ ਹੋ ਜਾਂਦੀਆਂ ਹਨ। ਇਸੇ ਅਲੋਪ ਹੋਣ ਦਾ ਨਾਂ ਹੀ ਮੌਤ ਹੈ। 'ਕੋਈ ਹਰਿਓ ਬੂਟ ਰਹਿਓ ਰੀ' ਵਿਚ ਉਹ ਲਿਖਦੇ ਹਨ:

" ਅਰਸ਼ਾਂ ਤੋਂ ਲੱਖਾਂ ਹੀ ਸਾਥੀ 'ਕੱਠੇ ਹੋ ਸਾਂ ਆਏ,
" ਕਿਤ ਵਲ ਲੋਪ ਆਬ ਓ ਹੋਏ ? ਮੈਂ ਲਾ ਨੀਝ ਤਕੰਦਾ।[100]

---

96. ਰਾਣਾ ਸੂਰਤ ਸਿੰਘ, ਪੰਨਾ 217, ਪੰਕਤੀ- 235-239)

97. ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥ (ਸਲੋਕ, ਆਸਾ ਦੀ ਵਾਰ, ਮਹਲਾ ੧)

98. 'ਜਦ ਹਉਂ ਹੋਈ ਦੂਰ ਆਪਾ ਨ ਰਿਹਾ।
'ਕੋਈ ਵਿੱਥ ਨ ਮੂਲ ਬਾਕੀ ਹੈ ਰਹੀ।
' ਮੈਂ ਨਾਹੀਂ ਹਾਂ ਮੂਲ 'ਸਭੇ ਸਾਂਈਆਂ!
(ਉਹੀ, ਪੰਨਾ 219, ਪੰਕਤੀ 230-232)

(ਚਲਦਾ)

ਅਮਲ ਵਿਚ ਜੋ ਵੀ ਵਸਤੂ ਪ੍ਰਕ੍ਰਿਤਕ ਨਿਯਮਾਂ ਅਧੀਨ ਹੋਂਦ ਵਿਚ ਆਉਂਦੀ ਹੈ, ਉਹ ਪਰਿਵਰਤਨਸ਼ੀਲ ਹੈ ਅਤੇ ਉਸ ਦਾ ਅੰਤ ਆਵੱਸ਼ਕ ਹੈ। ਸ੍ਰਿਸ਼ਟੀ ਵਿਚ ਅਸੀਂ ਵੇਖਦੇ ਹਾਂ ਕਿ ਬੀਜ ਤੋਂ ਰੁੱਖ, ਰੁੱਖ ਤੋਂ ਫਲ ਅਤੇ ਫਿਰ ਫਲ ਤੋਂ ਬੀਜ ਦਾ ਕਰਮ ਚਲਦਾ ਰਹਿੰਦਾ ਹੈ। ਇਸ ਨੂੰ ਕਾਲ ਜਾਂ ਮੌਤ ਕਹਿਆ ਜਾਂਦਾ ਹੈ। ਸਭ ਇਸ ਕਾਲ ਦੀ ਸੀਮਾਂ ਵਿਚ ਹਨ, ਸਿਰਫ਼ ਅਕਾਲ ਹੀ ਇਸ ਤੋਂ ਬਾਹਰ ਹੈ।[101]

ਭਾਈ ਸਾਹਿਬ ਸਵੀਕਾਰ ਕਰਦੇ ਹਨ ਕਿ ਪਰਿਵਰਤਨ ਸ੍ਰਿਸ਼ਟੀ ਦਾ ਨਿਯਮ ਹੈ। ਮੇਲ-ਵਿਛੋੜੇ ਅਤੇ ਸੰਜੋਗ- ਵਿਜੋਗ ਦੀ ਚਾਲ ਧੁਰ ਤੋਂ ਚਲੀ ਆ ਰਹੀ ਹੈ।[102] ਚਾਲ ਵਿਚ ਵਹਿਣਾ ਜੀਵਨ ਹੈ, ਚਾਲ ਦਾ ਅਟਕਣਾ ਮੌਤ ਹੈ।[103] ਸ੍ਰਿਸ਼ਟੀ ਦੇ ਮੁੱਢ ਤੋਂ ਜੇ ਨਜ਼ਰ ਮਾਰੀਏ, ਇਹ ਵੇਖਿਆ ਜਾਂਦਾ ਹੈ ਕਿ ਜੋ ਦੇਸ਼ਾਂ, ਨਗਰਾਂ, ਥਾਵਾਂ ਨੂੰ ਵਸਾਉਣ ਵਾਲੇ ਸਨ, ਉਹ ਕਾਲ ਦੇ ਗੇੜ ਵਿਚ ਆ ਕੇ ਖਤਮ ਹੋ ਗਏ। ਸਮੇਂ ਦੇ ਗੇੜ ਨੇ ਸਭ ਨੂੰ ਖ਼ਤਮ ਕਰ ਦਿੱਤਾ, ਪਰ ਇਸ ਕਾਲ ਦਾ ਗੇੜ ਜਾਰੀ ਹੈ। ਇਸੇ ਲਈ ਜੋ ਕਾਇਮ ਹੈ, ਉਹ ਮਿਟੇਗਾ ਤੇ ਜੋ ਮਿਟਿਆ ਹੈ, ਉਹ ਫਿਰ ਕਾਇਮ ਹੋਵੇਗਾ।[104] ਇਸੇ ਕਰਕੇ ਗੁਰਮਤਿ ਵਿਚ ਵੀ ਕਾਲ ਦੀ ਵਾਸਤਵਿਕਤਾ ਨੂੰ ਸਮਝਣ ਉਤੇ ਜ਼ੋਰ ਦਿੱਤਾ ਗਇਆ ਹੈ।[105]

---

99. ਰਾਣਾ ਸੂਰਤ ਸਿੰਘ, ਪੰਨਾ 218, ਪੰਕਤੀ 299-301
100. ਕੋਈ ਹਰਿਓ ਬੂਟ ਰਹਿਓ ਰੀ', ਮਟਕ ਹੁਲਾਰੇ, ਪੰਨਾ 56.
101. ਤੂੰ ਅਕਾਲ ਪੁਰਖ ਨਾਹੀ ਸਿਰ ਕਾਲਾ ਤੂੰ ਪੁਰਖ ਅਲੇਖ ਅਗੰਮ ਨਿਰਾਲਾ॥

(ਮਾਰੂ ਮ:੧ ਸੋਲਹੇ) [illegible])

102. ਏਹੋ ਕਾਰ ਅਨੂਠੀ ਹੋਈ ਅਕਰਖ ਉਦਕਰਖੇ ਭਾਈ।
ਮਿਲ ਵਿਛੜਨ, ਸੰਜੋਗ ਵਿਜੋਗੀ ਚਲੀ ਧੁਰਾਂ ਤੋਂ ਆਈ।

(ਹਿਮਾਲਯ- ਹੇਠ- ਸਮੁੰਦਰ, ਲਹਿਰਾਂ ਦੇ ਹਾਰ, ਪੰਨਾ- 112)

103. ਅਟਕਣਾ ਨ ਕੰਮ ਮੇਰਾ ਅਟਕਿਆ ਸੋ ਮਾਰਿਆ।
ਅਟਕ ਨਾਮ ਮੌਤ ਦਾ ਹੈ, ਕੋਈ ਅਟਕਦਾ ਨਹੀਂ।

(ਅਟਕ, ਬਿਜਲੀਆਂ ਦੇ ਹਾਰ, ਪੰਨਾ- 45)

104. 'ਜਿਨ੍ਹਾਂ ਵਸਾਏ ਦੇਸ਼ ਸਨ, ਕਿਥੇ ਹਨ ਓ ਯਾਰ ?
' ਤੁਰ ਤੁਰ ਗਈਆਂ ਖੂਹਣੀਆਂ ਕਦਮ ਕਦਮ ਕਰ ਵਾਸ,
' ਗਹਿਮਾ ਗਹਿਮ ਸੁ ਨਗਰੀਆਂ ਵਸ ਵਸ ਹੋਈਆਂ ਨਾਸ਼
' ਜੰਗਲ ਸਨ, ਫਿਰ ਹਲ ਫਿਰੇ ਸ਼ਹਿਰ ਬਣੇ ਫਿਰ ਆਨ।

( ਮਰਦ ਦਾ ਕੁੱਤਾ, ਬਿਜਲੀਆਂ ਦੇ ਹਾਰ, ਪੰਨਾ- 52)

105. ਸਭ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ॥
ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ॥

(ਸਿਰੀ ਰਾਗੁ ਮਹਲਾ ੧ )

ਮੌਤ ਅਤੇ ਕਾਲ– ਕਈ ਵੇਰਾਂ ਕਾਲ ਅਤੇ ਮੌਤ ਨੂੰ ਪ੍ਰਯਾਯ-ਵਾਚੀ ਸਮਝ ਲਇਆ ਜਾਂਦਾ ਹੈ। ਇਸ ਬਾਰੇ ਭਾਈ ਸਾਹਿਬ ਸਪਸ਼ਟ ਕਰਦੇ ਹਨ:-

ਕਾਲ ਕਹੋ ਤਾਂ 'ਮੌਤ' ਸਮਝੀ ਜਾਇ ਹੈ।
ਕਾਲ ਕਹੋ ਤਾਂ ਫੇਰ ਸਮਝਯੇ ਹੈ 'ਸਮਾਂ'।[106]

ਅਸਲ ਵਿਚ ਕਾਲ ਮਾਇਆ ਦੇ ਸਾਮਰਾਜ ਵਿਚ ਵਿਸ਼ੇਸ਼ ਰਾਜ ਅਧਿਕਾਰੀ ਜ਼ਰੂਰ ਹੈ, ਜੋ ਮਾਇਆ ਰਚਿਤ ਸ੍ਰਿਸ਼ਟੀ ਵਿਚ ਸੰਤੁਲਨ ਕਾਇਮ ਰੱਖਣ ਲਈ ਜੀਵਾਂ ਨੂੰ ਗੁਮਰਾਹ ਕਰਕੇ ਕਾਲ ਚੱਕਰ ਵਿਚ ਪਾ ਕੇ ਉਨ੍ਹਾਂ ਦੇ ਪੁਨਰ ਜਨਮ ਦਾ ਪ੍ਰਬੰਧ ਕਰਦਾ ਹੈ। ਇਸ ਦੀ ਸੀਮਾਂ ਪ੍ਰਸਾਰ ਦੇ ਅੰਤਰਗਤ ਜੋ ਵੀ ਆਇਆ ਹੈ, ਉਸ ਦਾ ਵਿਨਾਸ਼ ਆਵੱਸ਼ਕ ਹੈ। ਮੌਤ ਜਿੱਥੇ ਵੀ ਪੈ ਜਾਏ, ਉਥੇ ਜੀਵਨ ਦਾ ਨਾਸ਼ ਕਰ ਦਿੰਦੀ ਹੈ।[107] ਇਹ ਕਾਲ ਚੱਕਰ ਆਪਣੀ ਚਾਲ ਚਲਦਾ ਹੈ ਤੇ ਇਸ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ।[108]

ਕਾਲ ਤੇ ਸਮਾਂ — ਇਸ ਦੇ ਨਾਲ ਹੀ ਭਾਈ ਸਾਹਿਬ ਦਸਦੇ ਹਨ ਕਿ ਕਾਲ ਸਮੇਂ ਦਾ ਪ੍ਰਤੀਕ ਵੀ ਹੈ। ਜਿਸ ਨੇ ਸ੍ਰਿਸ਼ਟੀ ਨੂੰ ਨਿਸਚਿਤ ਨਿਯਮਾਂ ਦੇ ਬੰਧਨ ਵਿਚ ਬੰਨ੍ਹਿਆ ਹੋਇਆ ਹੈ। ਸਮੇਂ ਦੇ ਬੰਧਨ ਵਿਚ ਕਾਲ ਨੇ ਜੀਵਾਂ ਨੂੰ ਐਸਾ ਜਕੜ ਰੱਖਿਆ ਹੈ ਕਿ ਉਹ 'ਅਕਾਲ' ਨੂੰ ਭੁੱਲ ਜਾਂਦੇ ਹਨ। ਇਸ ਦੇ ਪ੍ਰਭਾਵ ਹੇਠ ਹਰੇਕ ਅਸਤਿਤਵ ਇਕ ਨਿਸਚਿਤ ਸਮੇਂ ਤੋਂ ਬਾਅਦ ਅਨਿਸਤਿਤਵ ਵਿਚ ਪ੍ਰਵੇਸ਼ ਕਰ ਜਾਂਦਾ ਹੈ.:

ਪਰ ਹਾਇ ! ਕਾਲ ਬਿਕ੍ਰਾਲ ਕੋਈ ਭਾਵੇ-ਦਾ ਨਹੀਂ ਮੇਲ ਹੈ,
ਰਸ ਰੰਗ ਵਾਲੇ ਚਮਨ ਵਿਚ ਜਾ ਦੇਂਵਦਾ ਜੜ੍ਹ ਤੇਲ ਹੈ।[109]

ਹੁਣ ਨੂੰ ਸਮਝਣਾ — ਇਸ ਹਾਲਤ ਵਿਚ ਭਾਈ ਸਾਹਿਬ ਜ਼ੋਰ ਦਿੰਦੇ ਹਨ ਕਿ ਜੇ 'ਹੁਣ' ਨੂੰ ਸਮਝਿਆ ਜਾਏ ਤਾਂ ਭਵਿਖ ਨੂੰ ਸੰਭਾਲਿਆ ਜਾ ਸਕਦਾ ਹੈ। 'ਹੁਣ' ਦਾ ਸਮਾਂ ਹੀ ਸਾਡੇ ਕਾਬੂ ਵਿਚ ਹੈ, ਜੋ ਜੀਵ ਚੰਗੇ ਜਾਂ ਮੰਦੇ ਪਾਸੇ ਲਾ ਸਕਦਾ ਹੈ।[110] ਸੋ ਸਮੇਂ ਤੇ ਕਾਬੂ ਪਾਣਾ ਜ਼ਰੂਰੀ ਹੈ:

'ਹੇ ! ਅਜੇ ਸੰਭਾਲ ਇਸ ਸਮੇਂ ਨੂੰ ਕਰ ਸਫਲ ਉਡਦਾ ਜਾਂਵਦਾ।
ਇਹ ਠਹਿਰਨ ਜਾਚ ਨ ਜਾਣਦਾ, ਲੰਘ ਗਿਆ ਨ ਮੁੜ ਕੇ ਆਂਵਦਾ।[111]

---

106. ਰਾਣਾ ਸੂਰਤ ਸਿੰਘ, ਪੰਨਾ 135- 136, ਪੰਕਤੀ 27-28
107. ਆਪ ਮੌਤ ਹੈ ਮੌਤ, ਜਿਥੇ ਜਾ ਪਵੇ,
ਜੀਵਨ ਕਰਦੀ ਨਾਸ਼ ਦੇਂਦੀ ਰੁਣ ਨਾ। (ਉਹੀ, ਪੰਨਾ 136, ਪੰਕਤੀ- 35-36)
108. ਪਰ ਹੈ ਕਾਲ ਕੁਚਾਲ ਚਾਲੇ ਆਪਣੀ।
ਚਲਦਾ ਮੁੜੇ ਨ ਮੂਲ ਪੇਸ਼ ਨ ਜਾਂਵਦੀ। (ਉਹੀ, ਪੰਨਾ 12, ਪੰਕਤੀ- 137-38)
109. 'ਅਰਸ਼ੀ ਧਾਰਾਂ ਦੇ ਵਿਛੋੜੇ', ਲਹਿਰਾਂ ਦੇ ਹਾਰ, ਪੰਨਾ- 121
110. ਇਸ ਨੂੰ ਸਕੀਏ ਆਖ 'ਹੁਣ' ਦਾ ਹੈ ਸਮਾਂ,
ਇਸ ਪੁਰ ਸਾਡਾ ਜ਼ੋਰ ਸਾਡਾ ਵੱਸ ਹੈ,
ਭਾਵੇਂ ਲਾਈਏ ਏਹ ਚੰਗੇ ਕੰਮ ਤੇ
ਭਾਵੇਂ ਮੰਦੇ ਲਾਇ ਮੰਦ ਸਹੇੜੀਏ
ਅੱਖ ਝਮੱਕਣ ਵਿੱਚ ਇਸ ਨੇ ਉਡਣਾ। ( ਰਾਣਾ ਸੂਰਤ ਸਿੰਘ, ਪੰਨਾ 148, ਪੰਕਤੀ 44-48) ( ਚਲਦਾ)

ਜਨਮ ਤੇ ਮੌਤ ਵਿਚਕਾਰ ਦਾ ਜੋ ਸਮਾਂ ਹੈ, ਜੇ ਇਸ ਨੂੰ ਸਮਝ ਲਿਆ ਜਾਏ, ਇਸ ਵਿਚੋਂ ਇਕ 'ਰਸ-ਬੂੰਦ' ਪ੍ਰਾਪਤ ਕੀਤੀ ਜਾ ਸਕਦੀ ਹੈ।[112]

ਮੌਤ ਸੱਚ ਖੰਡ ਦਾ ਦੁਆਰ — ਪ੍ਰਭੂ ਕ੍ਰਿਪਾ ਨਾਲ ਜੇ ਅਗਿਆਨਤਾ ਦੂਰ ਹੋ ਜਾਏ, ਫਿਰ ਵਾਸਤਵਿਕਤਾ ਦੀਆਂ ਕਿਰਨਾਂ ਦਾ ਪ੍ਰਸਾਰਨ ਹੁੰਦਾ ਹੈ। ਅਜੇਹੀ ਅਵਸਥਾ ਵਿਚ ਮੌਤ ਬੁਰੀ ਬਲਾ ਨਹੀਂ ਲਗਦੀ, ਇਹ ਅਸਲੀਅਤ ਨਾਲ ਮਿਲਾਪ ਕਰਾਉਣ ਦਾ ਸਾਧਨ ਬਣ ਜਾਂਦੀ ਹੈ।[113] ਜਿਸ ਸੱਚਾਈ ਤੋਂ ਅਸੀਂ ਜਨਮ ਲੈਣ ਕਾਰਨ ਨਿਖੜਦੇ ਹਾਂ, ਜੇ ਉਸ ਨੂੰ ਜੀਵਨ ਦੀ 'ਛਿਨ' ਵਿਚ ਅਨੁਭਵ ਕਰ ਲਇਆ ਜਾਏ, ਤਾਂ ਮੌਤ ਤੋਂ ਬਾਅਦ 'ਸੱਚ ਖੰਡ' ਵਿਚ ਵਾਸਾ ਹੁੰਦਾ ਹੈ। ਭਾਈ ਸਾਹਿਬ ਸਪਸ਼ਟ ਕਰਦੇ ਹਨ:-

" ਮੌਤ ਅਹੇ ਇਕ ਦਵਾਰ ਸੱਚੇ ਖੰਡ ਦਾ"
" ਇਹ ਸੀ ਨਿਸਚਾ ਪੱਕ ਜਾਣੇ ਦੇ ਰਿਦੇ........
" ਮੌਤ ਸਮੁੰਦ੍ਰੋਂ ਪਾਰ ਕਠੇ ਹੋਵਸਾਂ,
" ਦੇਹ ਨ ਹੋਸੀ ਮੂਲ ਮਨ ਨਾ ਹੋਵਸੀ,
" ਕੇਵਲ ਨਿਰਮਲ ਰੂਪ ਆਤਮ ਹੋਵਸਾਂ।[114]

ਇਸ ਹਾਲਤ ਵਿਚ ਮੌਤ ਪ੍ਰਭੂ ਨਾਲ ਮਿਲਾਉਣ ਦਾ ਇਕ ਰਮਤਾ ਬਣ ਜਾਂਦੀ ਹੈ। ਜਿਵੇਂ ਪਨੀਰੀ ਤਿਆਰ ਹੋਣ ਤੇ ਇਕ ਥਾਂ ਤੋਂ ਪੁਟ ਕੇ ਦੂਜੇ ਥਾਂ ਲਾਈ ਜਾਂਦੀ ਹੈ, ਉਸੇ ਤਰ੍ਹਾਂ ਜੀਵਨ ਵਿਚ ਸੱਚਾਈ ਦੀ ਪਨੀਰੀ ਜਦ ਤਿਆਰ ਹੋ ਜਾਂਦੀ ਹੈ, ਮੌਤ ਇਸ ਨੂੰ ਜੀਵਨ ਤੋਂ ਤੋੜ ਕੇ 'ਸੱਚ' ਨਾਲ ਜੋੜ ਦਿੰਦੀ ਹੈ।[115] ਇਸ ਲਈ ਜੀਵਨ ਵਿਚ ਮੌਤ ਅਤੇ ਕਾਲ ਤੋਂ ਡਰਨ ਦੀ ਥਾਂ ਇਸ ਦੀ ਅਸਲੀਅਤ ਨੂੰ ਸਮਝ ਕੇ ਜੀਵਨ ਦੇ ਸੱਚੇ ਆਦਰਸ਼ ਨੂੰ ਪ੍ਰਾਪਤ ਕਰਨ ਦੀ ਲੋੜ ਹੈ।

---

111. ਸਮਾਂ, ਬਿਜਲੀਆਂ ਦੇ ਹਾਰ, ਪੰਨਾ 21

112. ਸਖੀਏ ਨੀ ! ਸੁਣ ਕੰਨ ਲਗਾਇ
ਮੇਰੇ ਜਾਗਣ ਤੇ ਸੌਣ ਵਿਚਾਲ
ਇਕ ਛਿਨ ਹੈ ਬੜੀ ਅਜੀਬ,
'ਰਸ-ਬੂੰਦ' ਲੁਕਾ ਹੈ ਰਖੀ
ਉਸ ਛਿਨ ਦੇ ਮੂੰਹ ਵਿਚਾਲ। ( ਛਿਨ, ਮੇਰੇ ਸਾਈਆਂ ਜੀਓ, ਪੰਨਾ 23)

113. ਮੌਤ ਨ ਬੁਰੀ ਬਲਾਇ ਜਨਮ ਨਵੀਨ ਹੈ। (ਰਾਣਾ ਸੂਰਤ ਸਿੰਘ, ਪੰਨਾ 120, ਪੰਕਤੀ- 359)

114. ਉਹੀ, ਪੰਨਾ 48, ਪੰਕਤੀ- 201- 209)

115. ਜਦੋਂ ਮੌਤ ਦੀ ਤ੍ਰੇਲ ਰਮਤਾ ਦੇਇਗੀ
ਜਾਂ ਸਵਾਮੀ ਦੇ ਦੇਸ਼ ਲਜੂ ਬੋਕਰਾਂ।
ਜਿਵੇਂ ਪਨੀਰੀ ਪੁੱਟ ਹੋਈ ਤਯਾਰ ਜੋ
ਜਾਂ ਲਾਈਏ ਹੈ ਖੇਤ ਪਹਿਲੀਓਂ ਨਾਂਗਰੇ।
ਉਥੇ ਹੋਵੇ ਬ੍ਰਿਛ ਫਲਦਾ ਮੌਲਦਾ।
(ਉਹੀ, ਪੰਨਾ 128, ਪੰਕਤੀ 875-879)

<u>ਆਦਰਸ਼ਕ ਮਾਨਵ— ਗੁਰਮੁਖ—</u> ਭਾਈ ਸਾਹਿਬ ਦਸਦੇ ਹਨ ਕਿ ਗੁਰਮੁਖ ਮਨ, ਮਾਇਆ ਅਤੇ ਵਿਸ਼ੇ-ਵਿਕਾਰਾਂ ਦਾ ਵਿਜੇਤਾ ਸੰਸਾਰ ਦੀ ਆਸ਼ਾ, ਤ੍ਰਿਸ਼ਨਾ ਅਤੇ ਰੋਗ ਭੋਗ ਵਿਚ ਰਹਿੰਦਾ ਹੋਇਆ ਵੀ ਇਨ੍ਹਾਂ ਸਭ ਤੋਂ ਉਤੇ ਹੁੰਦਾ ਹੈ।[116] ਗੁਰਮੁਖ ਉਚ ਆਤਮ- ਰੂਪ ਹਸਤੀ ਹੁੰਦੀ ਹੈ। ਰਾਣਾ ਸੂਰਤ ਸਿੰਘ ਨੂੰ ਗੁਰਮੁਖ ਮੰਨਦਿਆਂ ਭਾਈ ਸਾਹਿਬ ਕਹਿੰਦੇ ਹਨ:-

'ਉਚਾ ਆਤਮ ਰੂਪ ਗੁਰਮੁਖ ਦੇਵਤਾ'।[117]

ਗੁਰਮਤਿ ਦਾ ਵੀ ਆਸ਼ਾ ਹੈ ਕਿ ਜੋ ਜੀਵ ਗੁਰੂ ਦੇ ਸਤ ਨੂੰ ਪਛਾਣ ਕੇ ਆਪਾ ਉਸ ਨੂੰ ਸਮਰਪਤ ਕਰਦਾ ਹੈ, ਉਸ ਦੇ ਸ਼ਬਦ ਵਿਚ ਅਟੱਲ ਵਿਸ਼ਵਾਸ਼ ਰੱਖ ਕੇ ਜੋ 'ਸਚਖੰਡ' ਦੇ ਮਾਰਗ ਦਾ ਅਭਿਲਾਖੀ ਹੈ, ਜੋ ਪ੍ਰਭੂ ਵਿਚ ਲੀਨ ਰਹਿੰਦਾ ਹੈ, ਜੋ ਕੇਵਲ ਆਪਣੇ ਆਪ ਦਾ ਨਹੀਂ, ਆਪਣੇ ਸਮੁੱਚੇ ਪਰਿਵਾਰ, ਸਾਥੀਆਂ ਅਤੇ ਹੋਰ ਸਭ ਨੂੰ ਸੰਸਾਰ ਦੇ ਭਵਸਾਗਰ ਤੋਂ ਪਾਰ ਪਹੁੰਚਾਣ ਦੇ ਸਮਰਥ ਹੁੰਦਾ ਹੈ, ਉਹ ਗੁਰਮੁਖ ਹੈ।[118]

<u>ਗੁਰਮੁਖ ਤੇ ਮਨਮੁਖ —</u> ਭਾਈ ਸਾਹਿਬ ਹੋਰ ਸਮਝਾਉਂਦੇ ਹਨ ਕਿ ਗੁਰਮੁਖ ਪ੍ਰਭੂ ਦੀਆਂ ਦਾਤਾਂ ਕਰਕੇ ਬੀਰ ਹੁੰਦਾ ਹੈ ਜੋ ਜੀਵਨ ਯੁੱਧ ਵਿਚ ਫਤਹ ਪ੍ਰਾਪਤ ਕਰਦਾ ਹੈ। ਉਹ ਆਤਮ ਬਲ ਦਾ ਪ੍ਰਤੀਕ ਹੈ।[119] ਗੁਰਮੁਖ ਨੂੰ ਸੱਚ ਦਾ ਗਿਆਨ ਹੁੰਦਾ ਹੈ। ਉਹ ਘਟਿ ਘਟਿ ਵਿਚ ਪ੍ਰਭੂ ਨੂੰ ਵੇਖਦਾ ਹਰਦਮ ਹਰੀ ਦੇ ਗੁਣਾਂ ਦੇ ਗਾਇਨ ਵਿਚ ਮੁਗਧ ਰਹਿੰਦਾ ਹੈ।[120] ਇਸ ਦੇ ਉਲਟ ਮਨਮੁਖ ਅਗਿਆਨ- ਬੱਧ ਹੋ ਕੇ ਚੰਗੇ ਗੁਣਾਂ ਨੂੰ ਧਾਰਨ ਕਰਨ ਵਾਲਿਆਂ ਤੇ ਦੂਸ਼ਣ ਲਾਂਦਾ ਹੈ ਅਤੇ ਉਹ ਨੀਵਾਂ ਹੀ ਰਹਿੰਦਾ ਹੈ:

'ਨੁਕੇ ਨਿਵਾਣਾਂ ਵਾਲੇ ਨੀਵੇਂ ! ਹੋ ਨਿਰ ਐਬ ਦਿਖਾਵੇਂ !
'ਗੁਣਵਾਨਾਂ ਨੂੰ ਦੂਸ਼ਨ ਲਾਵੇਂ ਨੀਵਾਂ ਸਦਾ ਰਹਾਵੇਂ'।[121]

ਜੋ ਮਨਮੁਖ ਮਾਇਆ ਦੇ ਭੁਲੇਖੇ ਵਿਚ ਫਸਿਆ ਗੁਰੂ ਰੂਪੀ ਸ਼ਬਦ ਦੀ ਸ਼ਰਨ ਹੀ ਨਹੀਂ ਲੈਂਦਾ, ਉਸ ਦਾ ਨਿਸਤਾਰਾ ਕਠਿਨ ਹੈ। ਅਜੇਹੇ ਮਨਮੁਖ ਨੂੰ ਭਾਈ ਸਾਹਿਬ ਨੇ ਸਾਕਤ ਕਹਿਆ ਹੈ ਅਤੇ ਉਸ ਦਾ ਉਧਾਰ ਕਠਿਨ ਦੱਸਿਆ ਹੈ।[122]

---

116. ਅਭਿਆਸੀ ਨੂੰ ਜੋਗ ਕਦੇ ਨਾ ਟੁੱਟਣਾ,
ਰਹਿਣ ਸਦ ਸਾਵਧਾਨ, ਕਾਂਪ ਨਾ ਖਾਵਣੀ
ਆਪਾ ਸ਼ੁਕਰ ਸੁਜਾਨ ਮਗਰੇ ਧਾਵਦਾ।
(ਰਾਣਾ ਸੂਰਤ ਸਿੰਘ, ਪੰਨਾ 142, ਪੰਕਤੀ 40-43)

117. ਉਹੀ, ਪੰਨਾ 5, ਪੰਕਤੀ 231

118. ਬੋਲਹਿ ਸਾਚੁ ਮਿਥਿਆ ਨਹੀ ਰਾਈ॥
ਚਾਲਹਿ ਗੁਰਮੁਖਿ ਹੁਕਮਿ ਰਜਾਈ॥
ਰਹਹਿ ਅਤੀਤ ਸਚੇ ਸਰਣਾਈ॥ (ਗਉੜੀ ਮਹਲਾ 1)

119. ਦਾਤਾਂ ਪੂਰਨ ਨਾਲ ਬੀਰ ਅਪਾਰ ਹੈ
(ਰਾਣਾ ਸੂਰਤ ਸਿੰਘ, ਪੰਨਾ 7, ਪੰਕਤੀ 104)

120. ਰੋਮ ਰੋਮ ਵਿਚ ਰਾਮ ਤਿਸ ਦੇ ਰੋ ਰਿਹਾ
(ਉਹੀ, ਪੰਨਾ 7, ਪੰਕਤੀ 108) (ਚਲਦਾ)

<u>ਰੱਬੀ ਰਜ਼ਾ ਦਾ ਵਿਸ਼ਵਾਸੀ</u> — ਗੁਰਮਤਿ ਦੇ ਅਨੁਸਾਰ ਵੀ ਗੁਰਮੁਖ ਪ੍ਰਭੂ ਦੀ ਕ੍ਰਿਪਾ ਨਾਲ ਪ੍ਰਭੂ ਦੀ ਇੱਛਾ ਅਤੇ ਮਤ ਨੂੰ ਪਰਾਪਤ ਕਰਕੇ ਉਸ ਦੇ ਹੁਕਮ ਵਿਚ ਵਿਚਰਦਾ ਹੈ। ਦੁੱਖ ਸੁੱਖ ਉਸ ਦੇ ਵਾਸਤੇ ਪ੍ਰਭੂ ਹੁਕਮ ਵਿਚ ਵਾਪਰਦੇ ਹਨ।[123] ਭਾਈ ਸਾਹਿਬ ਦਸਦੇ ਹਨ ਕਿ ਜਦ ਰਾਜੇ ਕਹਲੂਰ ਵਲੋਂ ਰਾਣਾ ਸੂਰਤ ਸਿੰਘ ਦੀ ਜਾਲ੍ਹੀ ਚਿੱਠੀ ਰਾਣੀ ਰਾਜ ਕੌਰ ਨੂੰ ਆਉਂਦੀ ਹੈ, ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਰਾਣੇ ਨੇ ਮੌਤ ਦੇ ਸਮੇਂ ਡਰ ਪ੍ਰਗਟ ਕੀਤਾ ਸੀ ਤਾਂ ਰਾਣੀ ਨੂੰ ਵਿਸ਼ਵਾਸ਼ ਹੀ ਨਹੀਂ ਆਉਂਦਾ ਕਿ ਉਸ ਦਾ ਗੁਰਮੁਖ ਪਤੀ ਮੌਤ ਤੋਂ ਡਰ ਸਕਦਾ ਹੈ:

' ਦੇਖ ਮੌਤ ਦਾ ਰੂਪ ਆਖੇ 'ਹਾਇ' ਓ;
' ਕਦੀ ਨ ਮੰਨਾਂ, ਮੰਨ ਕਦੀ ਨ ਸੱਕਦੀ।[124]

ਗੁਰਮੁਖ ਵਾਸਤੇ ਮੌਤ ਇਕ ਪਰਦਾ ਹੈ, ਜਿਸ ਦੇ ਹਟਣ ਨਾਲ ਉਹ ਸਤ- ਪੁਰਖ ਨੂੰ ਮਿਲ ਸਕਦਾ ਹੈ।[125] ਗੁਰਮੁਖ ਨੂੰ ਧਰਮ ਦੇ ਕੌਮ ਲਈ ਜੇ ਜੀਵਨ ਕੁਰਬਾਨ ਵੀ ਕਰਨਾ ਪਏ, ਉਹ ਡਰਦਾ ਨਹੀਂ। ਉਸ ਦਾ ਆਤਮਿਕ ਬਲ ਇਤਨਾ ਦ੍ਰਿੜ੍ਹ ਹੁੰਦਾ ਹੈ ਕਿ ਸਰੀਰਕ ਮੌਤ ਉਸ ਵਾਸਤੇ ਸਰਪ- ਕੁੰਜ ਦੇ ਨਿਆਈਂ ਹੁੰਦੀ ਹੈ:

' ਸਰਪ ਕੁੰਜ ਦੇ ~~xxx~~ ਵਾਂਗ ਸਿੱਖ ਤਿਆਗਦੇ
' ਦੇਹੀ ਨੂੰ ਇਕ ਜਾਣ,- ਹੈ ਛਿਨ ਭੰਗਰੀ
'ਪਰ ਨਾ ਕਰਨ ਤਿਆਗ ਧਰਮ ਨਿਬਾਹੁੰਦੇ
'ਸਵਾਸ' ਅਪਨਿਆਂ ਨਾਲ,ਟੁਕੜੇ ਜਾਣ ਹੋ।[126]

---

121. 'ਹਿਮਾਲਾ-ਗੰਗਾ- ਸਮੁੰਦਰ', ਲਹਿਰਾਂ ਦੇ ਹਾਰ, ਪੰਨਾ 110

122. 'ਸਾਕਤ ਤਾਰੇ ਕੌਣ? ਕੋ ਸਮਰਥ ਨਾ,
'ਸਾਕਤ ਤਰੇ ਕਦੀਕੁ ? ਮੂਲੋਂ ਨ ਕਦੀ।
(ਰਾਣਾ ਸੂਰਤ ਸਿੰਘ,ਪੰਨਾ 30,ਪੰਕਤੀ 154-55)

123. ਗੁਰਮੁਖਿ ਆਵੈ ਜਾਇ ਨਿਸੰਗੁ॥ ਪਰਹਰਿ ਮੈਲੁ ਜਲਾਇ ਕਲੰਕੁ॥
(ਰਾਮਕਲੀ ਦਖਣੀ ਮ:੧ )

124. ਰਾਣਾ ਸੂਰਤ ਸਿੰਘ, ਪੰਨਾ 48,ਪੰਕਤੀ- 183-84)

125. 'ਡਰਦੇ ਤਾਂਤੇ ਨਾਹਿ ਗੁਰਮੁਖ ਓਸ ਤੋਂ।
' ਪਾਪੀ ਆਖਣ 'ਹਾਇ' ਮੌਤ ਵਿਛੋੜਸੀ।
' ਧਰਮੀ ਆਖਣ ਏਹ ਰੱਬੀ ਹੈ ਰਜ਼ਾ,
' ਮੌਤ ਨ ਬੁਰੀ ਬਲਾਇ ਘੱਲੀ ਆਂਵਦੀ।
' ਧਰਮੀ ਰੱਖਣ ਮੌਤ ਜੀਉਂਦੇ ਜਾਗਦੇ
' ਜੀਉਂਦੇ ਮਰ ਕੇ ਫੇਰ ਜੀਵਨ ਪਾਂਵਦੇ।
(ਰਾਣਾ ਸੂਰਤ ਸਿੰਘ,ਪੰਨਾ 49,ਪੰਕਤੀ 221- 226)

126. ਉਹੀ,ਪੰਨਾ 49,ਪੰਕਤੀ 273-276

<u>ਪਰਉਪਕਾਰੀ</u> — ਦਇਆ, ਕ੍ਰਿਪਾ ਅਤੇ ਪਰਉਪਕਾਰ ਦੇ ਗੁਣ ਗੁਰਮੁਖ ਦੇ ਜੀਵਨ ਦੇ ਅੰਗ ਬਣ ਜਾਂਦੇ ਹਨ। ਉਸ ਦੇ ਹਿਰਦੇ ਵਿਚ ਸਭ ਲਈ ਪ੍ਰੇਮ ਹੁੰਦਾ ਹੈ ਤੇ ਸਾਰੇ ਉਸ ਨੂੰ ਪ੍ਰਭੂ ਦੇ ਪ੍ਰੇਮ ਦਾ ਪ੍ਰਕਾਸ਼ ਨਜ਼ਰ ਆਉਂਦੇ ਹਨ।[127] ਇਹ ਪ੍ਰੇਮ ਉਸ ਵਿਚ ਪਰਉਪਕਾਰ ਦਾ ਬੀਜ ਪੈਦਾ ਕਰਦਾ ਹੈ ਅਤੇ ਫਿਰ ਚਸ਼ਮੇ ਵਾਂਗ ਆਪਾ ਲੁਟਾਣ ਵਿਚ ਉਸ ਨੂੰ ਅਨੰਦ ਆਉਂਦਾ ਹੈ:

ਉਮੱਲ ਉਮੱਲ ਪਵੇ ਮਿਲਣ ਨੂੰ- ਮਿਲਿਆਂ ਦੇਇ ਹਯਾਤੀ:
ਬੇ- ਪਰਵਾਹ ਲੁਟਾਵੇ ਆਪਾ ਲੁਟਿ ਲੁਟਿ ਭਰ ਭਰ ਆਇਆ।[128]

ਗੁਰਮੁਖ ਸਮਝਦਾ ਹੈ ਕਿ ਉਸ ਦੀ ਕੋਈ ਹੋਂਦ ਨਹੀਂ, ਜੋ ਕੁਝ ਵੀ ਹੈ, ਪ੍ਰਭੂ ਦੀ ਕ੍ਰਿਪਾ ਨਾਲ ਹੈ। ਦੇਵਣਹਾਰ ਦਾਤਾਰ ਆਪ ਹੈ। ਸੌਂਗਾ ਜੀਵ ਸਿਰਫ਼ ਇਕ ਥਾਂ ਤੋਂ ਪ੍ਰਾਪਤ ਕਰਕੇ ਦੂਜੇ ਥਾਂ ਵੰਡਦਾ ਹੈ।[129] ਪਰਉਪਕਾਰ ਦੇ ਜਜ਼ਬੇ ਦੇ ਵਾਧੇ ਨਾਲ ਉਸ ਦਾ ਆਤਮਿਕ ਉਚਤਾ ਵਾਲਾ ਅਨੁਭਵ ਹੋਰ ਵਿਕਾਸ ਕਰਦਾ ਹੈ। ਗੁਰਮੁਖ ਸਮਝਦਾ ਹੈ ਕਿ ਮੌਤ ਦੀ ਲੋਟੀ ਨਾਲ ਸਭ ਕੁਝ ਲੁਟ ਜਾਣਾ ਹੈ, ਕਿਉਂ ਨਾ ਇਸ ਨੂੰ ਮੌਤ ਤੋਂ ਪਹਿਲਾਂ ਲੁਟਾ ਦਿੱਤਾ ਜਾਏ:

ਜਪੁੰਦੇ ਮਰਕੇ ਮੁੱਠ ਜੀਵਨ ਕੱਟੀਏ;
ਦੇਈਏ ਆਪ ਲੁਟਾਇ ਪਹਿਲੋਂ ਲੋਟੀਓਂ।[130]

<u>ਨਿਮਰਤਾ ਭਰਪੂਰ</u>— ਗੁਰਮੁਖ ਵਿਚ ਪਰਉਪਕਾਰ ਦੇ ਨਾਲ ਨਿਮਰਤਾ ਹੁੰਦੀ ਹੈ। ਗੁਰਮੁਖ ਦੀ ਉਚਿਆਈ ਤੇ ਵਡਿਆਈ ਉਸ ਦੀ ਨਿਮਰਤਾ ਵਿਚ ਹੈ। ਨੀਵੇਂ ਲੋਕੀ ਜਿਸ ਪੱਧਰ ਨੂੰ ਉਚੇਰਾ ਸਮਝ ਕੇ ਆਪਣੀ ਵਡਿਆਈ ਕਰਦੇ ਹਨ, ਉਹ ਪੱਧਰ ਉਚਿਆਂ ਦੀ ਨੀਵਾਣ ਤੋਂ ਵੀ ਨੀਵਾਂ ਹੁੰਦਾ ਹੈ:-

'ਉਚਿਆਂ ਦੀ ਉਚਿਆਈ ਉਚੀ ਉਚਿਆਂ ਦੀ ਨੀਵਾਈਂ
'ਨੀਵਿਆਂ ਕੋਲੋਂ ਉਹ ਭੀ ਉਚੀ ਹੁੰਦੀ ਉਣ ਸਵਾਈ।
'ਜਿਸ ਪੱਧਰ ਤੇ ਨੀਵੇਂ ਖੜ ਕੇ ਕਰਦੇ ਨਿਜ ਵਡਿਆਈ।
'ਉਚਿਆਂ ਦੀ ਨੀਵਾਈਂ ਕੋਲੋਂ ਉਹ ਪਧਰ ਨੀਵਾਈ।[131]

---

127. ਸੰਤ ਭਗਤ ਅਵਤਾਰ ਗੁਰਮੁਖ ਸੋਹਣੇ
ਉਸੇ ਦਾ ਪਰਕਾਸ਼ ਨਜ਼ਰੀਂ ਆਂਵਦੇ।
(ਉਹੀ, ਪੰਨਾ 134, ਪੰਕਤੀ 1203-1204)

128. 'ਖਸ਼ਮਾ ਸ਼ਾਹੀ', ਮਟਕ ਹੁਲਾਰੇ, ਪੰਨਾ 82.

129. ਦੇਵਣਹਾਰ ਦਾਤਾਰ, ਮੈਂ ਨੇਣੇ ਮੰਗਣਾ;
ਵੇਂਦਯਾ ਕਦੇ ਨ ਰੋਸ ਗੁੱਸਾ ਖਾਵਣਾ;
ਦੇ ਕੇ ਕਦੀ ਹਿਸਾਨ ਕਰਨਾ ਨਾ ਅਹੀ। (ਰਾਣਾ ਸੂਰਤ ਸਿੰਘ, ਪੰਨਾ 123, ਪੰਕਤੀ 515-17)

130. ਰਾਣਾ ਸੂਰਤ ਸਿੰਘ, ਪੰਨਾ 121, ਪੰਕਤੀ 432- 433)

131. 'ਹਿਮਾਲਯ- ਗੰਗਾ- ਸਮੁੰਦਰ', ਲਹਿਰਾਂ ਦੇ ਹਾਰ, ਪੰਨਾ 108.

ਗੁਰਬਾਣੀ ਵਿਚ ਵੀ ਇਵੇਂ ਗੁਰਮੁਖ ਨੂੰ ਨਿਮਰਤਾ ਭਰਪੂਰ ਅਤੇ ਵੈਰ ਵਿਰੋਧ ਤੋਂ ਉਤੇ ਮੰਨਿਆ ਗਇਆ ਹੈ।[132]

ਇਸ ਤਰ੍ਹਾਂ ਗੁਰਮੁਖ ਜੀਵਨ ਦੇ ਸਾਰੇ ਗੁਣਾਂ ਨੂੰ ਸਮਝ ਕੇ ਰੱਬੀ ਯਾਦ ਵਿਚ ਮਸਤ, ਆਤਮ- ਗਿਆਨ ਰਾਹੀਂ ਸਾਵਧਾਨ ਰਹਿੰਦਿਆਂ ਪਰਉਪਕਾਰਮਈ, ਸਬਰ ਤੇ ਸ਼ੁਕਰ ਵਾਲਾ ਜੀਵਨ ਬਤੀਤ ਕਰਦਿਆਂ ਸੁਜਾਨ ਪੁਰਖ ਬਣਦਾ ਹੈ।

ਆਦਰਸ਼ ਪ੍ਰਾਪਤੀ ਦੇ ਸਾਧਨ —

ਗੁਰੂ — ਭਾਈ ਸਾਹਿਬ ਦਰਸਾਉਂਦੇ ਹਨ ਕਿ ਗੁਰੂ ਅਧਿਆਤਮਿਕ ਰਹੱਸ ਨੂੰ ਸਮਝਦਾ ਹੈ ਅਤੇ ਉਹ ਇਸ ਗਿਆਨ ਨੂੰ ਜਗਿਆਸੂ ਤਕ ਪ੍ਰਦਾਨ ਕਰਨ ਦੀ ਸਮਰਥਾ ਰਖਦਾ ਹੈ:

" ਕਾਗਉ ਹੰਸ ਕਰੇਇ ਗੁਰ ਸਮਰੱਥ ਹੈ ।"[133]

ਗੁਰਮਤਿ ਵਿਚ ਵੀ ਆਉਂਦਾ ਹੈ ਕਿ ਗੁਰੂ ਕੇਵਲ ਅਧਿਆਪਕ ਜਾਂ ਪਥ- ਪ੍ਰਦਰਸ਼ਕ ਹੀ ਨਹੀਂ, ਉਸ ਵਿਚ ਅਕਾਲ ਪੁਰਖ ਦੇ ਸਤ ਦਾ ਅੰਸ਼ ਵਿਦਮਾਨ ਹੁੰਦਾ ਹੈ।[134] ਅਜੇਹਾ ਗੁਰੂ ਦੇਹਧਾਰੀ ਹੁੰਦਿਆਂ ਵੀ ਦੇਹ ਨਹੀਂ ਹੁੰਦਾ, ਸਗੋਂ ਸ਼ਬਦ ਹੁੰਦਾ ਹੈ। ਸ਼ਬਦ ਪਰਮ- ਸਤ ਦਾ ਪ੍ਰਤੀਕ ਹੈ। ਗੁਰੂ 'ਸ਼ਬਦ' ਦੇ ਰਹੱਸ ਦੀ ਗੁੰਝਲ ਖੋਲ੍ਹਦਾ ਹੈ। ~~xxxxxxxxxxxxxxxx ਗੁਰੂ 'ਸ਼ਬਦ' ਦੇ ਰਹੱਸ ਦੀ ਗੁੰਝਲ~~ ਕਿਵੇਂ ਗੁਰੂ ਦਾ ਵਾਸਤਵਿਕ ਰੂਪ 'ਸ਼ਬਦ ਰੂਪ' ਹੈ।[135] ਬਾਈਬਲ ਵਿਚ ਵੀ ਗੁਰੂ ਸ਼ਬਦ ਦੇ ਰਹੱਸ ਨੂੰ ਸਪਸ਼ਟ ਕਰਨ ਵਾਲਾ ਸਵੀਕਾਰ ਕੀਤਾ ਗਇਆ ਹੈ।[136]

ਪ੍ਰਭੂ ਦਾ ਪ੍ਰਤਿਨਿਧ — ਜੀਵ ਦੁਨੀਆਂ ਦੇ ਧੰਦੇ ਫੰਧੇ ਵਿਚ ਸਤ ਤੋਂ ਪਤਿਤ ਹੋ ਜਾਂਦਾ ਹੈ। ਜੇ ਉਹ ਗੁਰੂ ਦੀ ਸ਼ਰਨ ਵਿਚ ਆ ਜਾਵੇ ਤਾਂ ਸਤ ਦਾ ਗਿਆਨ ਪ੍ਰਾਪਤ ਕਰਕੇ ਮੁਕਤ ਹੋ ਸਕਦਾ ਹੈ। ਗੁਰੂ ਮਹਾਨ ਆਤਮਾ ਹੁੰਦੀ ਹੈ, ਜੋ ਸਮੇਂ ਸਮੇਂ ਪਰਮਾਤਮਾ ਦੇ ਪ੍ਰਤਿਨਿਧ ਦੇ ਰੂਪ ਵਿਚ ਜਨਮ ਲੈਂਦੀ ਹੈ ਅਤੇ ਆਪਣੀ ਰੋਸ਼ਨੀ ਰਾਹੀਂ ਲੋਕਾਂ ਨੂੰ ਮਾਰਗ ਦੱਸਦੀ ਹੈ। ਭਾਈ ਸਾਹਿਬ ਵੀ ਸਮਝਾਉਂਦੇ ਹਨ ਕਿ ਰਾਣੀ ਰਾਜ ਕੌਰ ਗੁਰੂ ਗ੍ਰੰਥ ਸਾਹਿਬ ਦੇ ਵਾਕ ਤੋਂ ਬਾਅਦ ਹਿਰਦੇ ਵਿਚ ਕਿਵੇਂ ਪਵਿਤਰਤਾ ਮਹਸੂਸ ਕਰਦੀ ਹੈ:-

---

132. ਗੁਰਮੁਖਿ ਵੈਰ ~~xxx~~ ਵਿਰੋਧ ਗਵਾਵੈ, ਗੁਰਮੁਖਿ ਸਗਲੀ ਗਣਤ ਮਿਟਾਵੈ॥
(ਸਿਧ- ਗੋਸ਼ਟਿ- ~~xxx~~)

133. ਰਾਣਾ ਸੂਰਤ ਸਿੰਘ, ਪੰਨਾ 30, ਪੰਕਤੀ 135.

134. ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥
(ਵਾਰ ਆਸਾ) ~~xxx~~

135. ਵੇਦ ਗ੍ਰੰਥ ਗੁਰ ਹਟ ਹੈ ਜਿਸ ਲਗ ਭਵਜਲ ਪਾਰ ਉਤਾਰਾ॥
ਸਤਿਗੁਰ ਬਾਝ ਨ ਬੁਝੀਐ ਜਿਚਰ ਧਰੈ ਨ ਗੁਰ ਅਵਤਾਰਾ॥ (ਭਾਈ ਗੁਰਦਾਸ, ਵਾਰ ੧)

136. " The word was made flesh and dwelt amongst us full of grace and truth." ( Bible )

'ਕੀਤੀ ਪਤਿਤ ਪੁਨੀਤ ਪਾਵਨ ਪਧਾਰਿਆ !
'ਦਿੱਤਾ ਫੇਰ ਦਿਖਾਇ ਦਰਸ਼ਨ ਸੋਹਿਣਾ,
' ਕਰ ਦਰਸ਼ਨ ਗੁਰ ਨਾਲ ਦਿਲ ਨੂੰ ਖੋਲ੍ਹ ਕੇ
' ਕੀਤੇ ਬਚਨ ਬਿਲਾਸ ਪਾਈ ਸਿਖਿਆ।[137]

ਅਮਲ ਵਿਚ ਪ੍ਰਭੂ ਜੇ ਬ੍ਰਿਛ ਹੈ, ਗੁਰੂ ਉਸ ਦੇ ਟਹਣਾਂ ਦਾ ਰੂਪ ਹੁੰਦਾ ਹੈ।[138] ਜੋ ਮਾਨਵ ਸ਼ਰਧਾ ਪੂਰਵਕ ਢੰਗ ਨਾਲ ਆਤਮ-ਸਮਰਪਣ ਰਾਹੀਂ ਗੁਰੂ ਦੀ ਓਟ ਲੈਂਦੇ ਹਨ, ਗੁਰੂ ਗਿਆਨ-ਦੀਪਕ ਰਾਹੀਂ ਉਨ੍ਹਾਂ ਦੇ ਹਿਰਦੇ ਵਿਚ ਰੋਸ਼ਨੀ ਕਰ ਦਿੰਦਾ ਹੈ:-

ਜਗਿਆਸੂ ਦਿਲ ਧਾਰ ਸ਼ਰਧਾ ਆਪਣੇ
ਜਿਨ੍ਹਾਂ ਪਾਸ ਜੋ ਆਣ ਦੇ ਹਨ ਦੇਂਵਦੇ
ਆਤਮ ਬਲ ਤੇ ਹੋਰ ਆਤਮ ਸਿਖਿਆ
ਸ਼ਰਧਾਲੂ ਇਸ ਨਾਲ ਪ੍ਰਭੂ ਨੂੰ ਪਾਂਵਦੇ।[139]

<u>ਨਾਮ</u> — ਰਾਣੀ ਸਾਹਿਬ ਦਾ ਦ੍ਰਿੜ੍ਹ ਵਿਸ਼ਵਾਸ਼ ਹੈ ਕਿ ਸਤ-ਪੁਰਖ ਨਾਲ ਏਕਤਾ ਨਾਮ ਰਾਹੀਂ ਹੀ ਸੰਭਵ ਹੈ। ਨਾਮ ਸ਼ਬਦ-ਰੂਪ ਬਣ ਕੇ ਪ੍ਰਭੂ ਦੇ ਗੁਣਾਂ ਦੀ ਯਾਦ ਬਣ ਜਾਂਦਾ ਹੈ। ਰਾਣੀ ਰਾਜ ਕੌਰ ਕਹਿੰਦੀ ਹੈ:

✓ਮੈਨੂੰ ਹੋਇ ਦਿਦਾਰ ਸ਼ਬਦ ਸਰੂਪ ਦਾ।[140]

ਵਾਸਤਵ ਵਿਚ ਕਿਸੇ ਵਿਅਕਤੀ, ਵਸਤੂ ਜਾਂ ਸਥਾਨ ਦੇ ਰੂਪ ਗੁਣਾਂ ਬਾਰੇ ਕਿਸੇ ਦੂਜੇ ਨੂੰ ਜਾਣਕਾਰੀ ਕਰਾਉਣ ਲਈ ਕਿਸੇ ਵਿਸ਼ੇਸ਼ ਸੰਕੇਤ ਦੀ ਲੋੜ ਹੁੰਦੀ ਹੈ। ਇਸ ਸੰਕੇਤ ਨੂੰ ਨਾਮ ਕਿਹਾ ਜਾਂਦਾ ਹੈ। ਪ੍ਰਭੂ ਨੂੰ ਕਿਸੇ ਜੀਵ ਨੇ ਵੇਖਿਆ ਨਹੀਂ, ਉਸ ਦੇ ਗੁਣਾਂ ਬਾਰੇ ਹੀ ਸੁਣਿਆ ਹੁੰਦਾ ਹੈ ਅਤੇ ਉਸ ਦੇ ਨਾਮ ਨੂੰ ਹੀ ਅਸੀਂ ਜਾਣਦੇ ਹਾਂ। ਇਸ ਲਈ ਪ੍ਰਭੂ ਦੇ ਗੁਣਾਂ ਨੂੰ ਹੀ ਨਾਮ ਕਿਹਾ ਜਾਂਦਾ ਹੈ। ਗੁਰਮਤਿ ਵਿਚ ਨਾਮ ਪ੍ਰਭੂ ਦੀ ਸਾਰੀ ਅਨੰਤ-ਸ਼ਕਤੀ ਦੀ ਸੰਗਿਆ ਹੈ।[141] ਨਾਮ ਵਿਚ ਪ੍ਰਭੂ ਦੇ ਸਾਰੇ ਆਕਾਰ ਤੇ ਗੁਣ ਆ ਜਾਂਦੇ ਹਨ। ਜਿਨ੍ਹਾਂ ਗੁਣਾਂ ਦਾ ਕਥਨ 'ਸ਼ਬਦਾਂ' ਰਾਹੀਂ ਹੀ ਹੋ ਸਕਦਾ ਹੈ। ਇਸੇ ਲਈ ਨਾਮ ਸ਼ਬਦ-ਸਰੂਪ ਬਣ ਜਾਂਦਾ ਹੈ।

---

137. ਰਾਣਾ ਸੂਰਤ ਸਿੰਘ, ਪੰਨਾ 135, ਪੰਕਤੀ 1253-1256
138. ਪਰਮੇਸਰ ਜੇ ਬ੍ਰਿਛ ਕਰਕੇ ਮੰਨੀਏ
ਟਹਿਣੇ ਗੁਰੂ ਸਰੂਪ ਕਰਕੇ ਜਾਣੀਏ।
(ਉਹੀ, ਪੰਨਾ 139, ਪੰਕਤੀ ~~1000~~ 253-254)
139. ਉਹੀ, ਪੰਨਾ 131, ਪੰਕਤੀ 1056-59
140. ਉਹੀ, ਪੰਨਾ 115, ਪੰਕਤੀ 82
141. ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥ (ਵਾਰ ਆਸਾ ਮਹਲਾ ੧)

<u>ਪ੍ਰਭੂ ਦੀ ਯਾਦ ਦਾ ਸੰਕੇਤ</u> — ਜੀਵ ਨੂੰ ਪ੍ਰਭੂ ਆਪਣੇ ਪ੍ਰੇਮ ਵਿਚ ਆ ਕੇ ਪੈਦਾ ਕਰਦਾ ਹੈ ਅਤੇ ਜੀਵ ਪ੍ਰਭੂ ਦੇ ਪ੍ਰਤਿ ਆਪਣਾ ਪ੍ਰੇਮ ਉਸ ਦੇ ਨਾਮ ਦੀ ਯਾਦ ਦੁਆਰਾ ਹੀ ਕਰ ਸਕਦਾ ਹੈ। ਦੁਨਿਆਵੀ ਖੇਤਰ ਵਿਚ ਵੀ ਜਦ ਪ੍ਰੇਮੀ ਦੂਰ ਹੋ ਜਾਏ, ਪ੍ਰੇਮਿਕਾ ਪਾਸ ਉਸ ਦੀ ਯਾਦ ਹੀ ਰਹ ਜਾਂਦੀ ਹੈ। ਇਸੇ ਤਰ੍ਹਾਂ ਅਧਿਆਤਮਿਕ ਖੇਤਰ ਵਿਚ ਜੀਵ ਦਾ ਪ੍ਰਭੂ ਪ੍ਰਤਿ ਪਿਆਰ ਦਾ ਪ੍ਰਗਟਾਵਾ ਪ੍ਰਭੂ ਦੇ ਨਾਮ ਦੀ ਯਾਦ ਰਾਹੀਂ ਹੀ ਹੁੰਦਾ ਹੈ।[142] ਸੰਖੇਪ ਵਿਚ ਪ੍ਰਭੂ ਦੀ ਯਾਦ ਹੀ ਨਾਮ ਹੈ।[143]

<u>ਪ੍ਰਭੂ ਨਾਲ ਜੋੜਨ ਵਾਲਾ</u> — ਭਾਈ ਸਾਹਿਬ ਹੋਰ ਸਪਸ਼ਟ ਕਰਦੇ ਹਨ ਕਿ ਪ੍ਰਭੂ ਦਾ ਨਾਮ ਜੀਵ ਦੇ ਅੰਦਰ ਵਿਦਮਾਨ ਹੈ। ਇਹ ਅਨੁਭਵ ਅੰਦਰ ਦੀ ਖੋਜ ਦੁਆਰਾ ਹੀ ਸੰਭਵ ਹੈ। ਹਉਮੈਂ ਵਿਚ ਫਸਿਆ ਜੀਵ ਇਸ ਨੂੰ ਪਛਾਣ ਨਹੀਂ ਸਕਦਾ।[144] ਜਦ ਹਉਮੈਂ ਦੂਰ ਹੋ ਜਾਏ ਤਾਂ ਹਿਰਦੇ ਵਿਚ ਨਾਮ ਜਾਗਦਾ ਹੈ।[145] ਇਹੋ ਪ੍ਰਭੂ ਨਾਲ ਜੋੜਦਾ ਹੈ। ਇਸ ਤੋਂ ਬਿਨਾ ਸਾਰਾ ਗਿਆਨ ਵਿਅਰਥ ਹੈ।[146] ਕਈ ਸਮਝਦੇ ਹਨ ਕਿ ਪ੍ਰਭੂ ਦਾ ਸਿਰਫ਼ ਗਿਆਨ ਹੀ ਕਾਫ਼ੀ ਹੈ, ਉਸ ਦੇ ਨਾਮ ਸਿਮਰਨ ਦੀ ਕੋਈ ਲੋੜ ਨਹੀਂ। ਇਹ ਵਿਚਾਰ ਗ਼ਲਤ ਹੈ। ਗਿਆਨ ਤੋਂ ਬਾਅਦ ਜੇ ਨਾਮ ਦਾ ਅਮਲ ਤੇ ਯਾਦ ਨਹੀਂ, ਉਥੇ ਗਿਆਨ ਅਧੂਰਾ ਹੈ। ਭਾਈ ਸਾਹਿਬ ਸਪਸ਼ਟ ਅੱਖਰਾਂ ਵਿਚ ਸਮਝਾਉਂਦੇ ਹਨ ਕਿ ਗਿਆਨ ਕੇਵਲ ਜਾਣਨਾ ਹੈ, ਪਿਆਰ ਭਰਪੂਰ ਨਾਮ ਦੀ ਯਾਦ ਹੀ ਅਸਲੀ ਪ੍ਰਾਪਤੀ ਹੈ:

> 'ਜਾਣਨਾ' ਹੋਵੇ ਗਯਾਨ, ਕੇਵਲ ਜਾਣਨਾ
> 'ਭਗਤੀ ਵਾਲਾ ਪ੍ਰੇਮ' ਹੈ ਏ ਪ੍ਰਾਪਤੀ:
> ਸਫਲ ਗਯਾਨ ਹੈ ਏਹ ਅਸਲਿ ਪੁਚਾਂਵਦਾ।[147]

---

142. " Name is the link of the finite soul with its parent Infinite God". ( DR. Sher Singh, Philosophy of Sikhism, P. 288 )

143. 'ਯਾਦ' ਤਦੇ ਤਾਂ ਪ੍ਰੇਮ ਦਾ ਇਕ ਰੂਪ ਹੈ।
'ਜਦ ਪ੍ਰੀਤਮ ਹੈ ਪਾਸ ਦਿਲ ਏ ਚਾਹੁੰਦਾ।
' ਅੱਖੀਂ ਉਹਲੇ ਹੋਇ ਜਾਵੇ ਨਾ ਰਤੀ
' ਜਦ ਉਹਲੇ ਹੋ ਜਾਏ ਦਿਲ ਫਿਰ ਉਸ ਨੂੰ
' ਰਖਦਾ ਹਰ ਦਮ ਯਾਦ ਸਕੇ ਭੁਲਾਇ ਨ.....
' ਏਸ ਯਾਦ ਨੂੰ ਨਾਮ ਸਤਿਗੁਰ ਆਖਿਆ।

(ਰਾਣਾ ਸੂਰਤ ਸਿੰਘ, ਪੰਨਾ 207, ਪੰਕਤੀ 212-229)

144. ਜਿਥੇ ਹਉਮੈਂ ਹੋਇ ਉਥੇ ਨਾਮ ਦਾ
ਵਸਣਾ ਔਖਾ ਆਹਿ, ਮਿਹਨਤ ਲੋੜੀਏ

(ਉਹੀ, ਪੰਨਾ 126, ਪੰਕਤੀ 745-6)

145. ਤਦ ਹੋਵੇ ਹੈ ਵਾਸ ਵਸੈ ਜੁ ਅੰਦਰੇ
ਹਉਮੈ ਮਿਟਿਆਂ ਨਾਮ ਅੰਦਰ ਨਾਮ ਦਾ

(ਉਹੀ, ਪੰਨਾ 126, ਪੰਕਤੀ- 749-50)

(ਚਲਦਾ)

<u>ਲਿਵ- ਉਪਜਾਇਕ</u> — ਭਾਈ ਸਾਹਿਬ ਦਾ ਵਿਸ਼ਵਾਸ਼ ਹੈ ਕਿ ਨਾਮ ਦੀ ਪ੍ਰਾਪਤੀ ਸਦਾਚਾਰ, ਉਚੇਤ ਵਿਚਾਰਾਂ, ਗੁਰੂ ਦੀ ਸਹਾਇਤਾ ਅਤੇ ਸਭ ਤੋਂ ਵਧ ਪ੍ਰਭੂ ਦੀ ਕ੍ਰਿਪਾ ਨਾਲ ਹੁੰਦੀ ਹੈ।[148] ਨਾਮ ਜਾਪ ਦੁਆਰਾ ਹੀ ਜੀਵ ਅੰਤਰ- ਯਾਤਰੀ ਬਣਦਾ ਹੈ ਅਤੇ ਪ੍ਰਭੂ ਵਿਚ ਲੀਨ ਹੁੰਦਾ ਹੈ। ਇਸ ਨਾਲ ਜੀਵ ਵਿਚ ਪ੍ਰਭੂ ਦੀ ਸਰਬ- ਵਿਆਪਕਤਾ ਅਤੇ ਸ਼ੁਕਰ ਦੇ ਗੁਣਾਂ ਦਾ ਅਹਿਸਾਸ ਜਾਗਦਾ ਹੈ।[149] ਜੀਵ ਤੇ ਪ੍ਰਭੂ ਵਿਚਲੀ ਵਿੱਥ ਦੂਰ ਹੋ ਜਾਂਦੀ ਹੈ, ਜਿਸ ਨਾਲ ਪ੍ਰਭੂ ਦੇ ਮੇਲ ਦਾ ਅਨੁਭਵ ਜਾਗਦਾ ਹੈ।[150] ਇਸ ਨੂੰ 'ਉਨਮਨ' ਅਵਸਥਾ ਵੀ ਕਹਿਆ ਜਾਂਦਾ ਹੈ।[151] ਇਸ ਹਾਲਤ ਵਿਚ ਚਿਤ ਅਡੋਲ ਹੋ ਜਾਂਦਾ ਹੈ ਅਤੇ 'ਰੱਬ ਹੈ' ਦਾ ਪ੍ਰਕਾਸ਼ ਜਾਗ੍ਰਤ ਹੁੰਦਾ ਹੈ। ਨਾਮ ਦੀ ਯਾਦ ਆਤਮਾ ਅਤੇ ਪਰਮਾਤਮਾ ਦੇ ਭੇਦ ਨੂੰ ਖ਼ਤਮ ਕਰ ਦਿੰਦੀ ਹੈ:

" ਮੈਂ ਲੈਲੀ ਮੈਂ ਲੈਲੀ" ਕੂਕੇ ਮਜਨੂੰ ਲੈਲੀ ਹੋਇਆ।
ਆਪੇ ਪ੍ਰੀਤਮ ਬਣ ਗਿਆ ਪ੍ਰੇਮੀ ਟੇਕ ਜਾਂ ਅੰਦਰ ਪਾਈ।[152]

ਇਸ ਅਵਸਥਾ ਤੇ ਪਹੁੰਚ ਕੇ ਜੀਵ ਦੀ ਇਹੋ ਅਰਜੋਈ ਹੁੰਦੀ ਹੈ ਕਿ ਪ੍ਰਭੂ ਦੀ ਯਾਦ ਉਸ ਵਿਚ ਖੁਸ਼ ਹਰਦਮ ਸਜੀਵ ਰਹੇ। ਤੋਟੇ ਦੀ ਅਵਸਥਾ ਮੌਤ ਸਮਾਨ ਹੋ ਜਾਂਦੀ ਹੈ:

ਸੂਰਤ ਉਸ ਦੀ ਦਿਲੋਂ ਜੇ ਹੋਇ ਓਹਲੇ
ਨਾਮ ਜੀਭ ਉਤੋਂ ਨ ਹੋਇ ਉਹਲੇ।
ਨਾਮ ਜੀਭ ਤੋਂ ਕਦੇ ਜਿ ਹੋਇ ਓਹਲੇ
ਸੁਰਤ ਦੇਹ ਤੋਂ ਸੁਆਲਾ! ਤਦ ਹੋਇ ਉਹਲੇ।[153]

---

146. 'ਅੰਤਰ ਸੁਰਤ ਗਿਆਨ' ਅਸਲੀ ਜੋਗ ਹੈ,
' ਜੁੜਨਾ ਸਾਂਈਂ ਨਾਲ ਸਮਝੋ ਜੋਗ ਹੈ,
'ਬਿਨ ਜੁੜਿਆਂ ਉਸ ਨਾਲ ਜੋਗ ਅਜੋਗ ਹੈ।
(ਰਾਣਾ ਸੂਰਤ ਸਿੰਘ, ਪੰਨਾ 69, ਪੰਕਤੀ 237-39)

147. ਉਹੀ, ਪੰਨਾ 125, ਪੰਕਤੀ 697- 699

148. ਕਿਰਪਾ ਉਸ ਦੀ ਨਾਲ ਹੁੰਦਾ ਮੇਲ ਏ।
(ਉਹੀ, ਪੰਨਾ 197, ਪੰਕਤੀ 572)

149. ਸ਼ੁਕਰ ਬਣੇ ਹੈ- ਨਿੱਤ ਅਜਾਂ ਉਚਾਰਨਾ
ਉਹਲੇ ਪਰਗਟ ਕੀਹ ਉਸ ਨੂੰ ਆਖਣਾ।
(ਉਹੀ, ਪੰਨਾ 32, ਪੰਕਤੀ 24-5)

150. 'ਯਾਦ' ਜਦੋਂ ਪਕ ਜਾਇ ਮੌਲੇ ਪ੍ਰੇਮ ਹੋ
ਭੁੱਲ ਦਾ ਪਰਦਾ ਉਠ ਤਦ ਹੋ ਜਾਇਸੀ।
ਭੁੱਲ ਹੱਟੀ ਤਾਂ [illegible] ਵਿੱਥ ਨਾਲ ਖਿਲਾਇਸੀ
ਵਿੱਥ ਹੱਟੀ ਤਾਂ ਆਪ ਮੇਲਾ ਆ ਗਿਆ। (ਉਹੀ, ਪੰਨਾ 197, ਪੰਕਤੀ- 568-71)

151. 'ਉਚਤਾ ਦਾਇਕ ਭਾਵ ਅੰਦਰ ਛਾਉਂਦਾ,
'ਜਾਪੇ ਆਪਣਾ ਆਪ ਉਚਾ ਹੋ ਗਿਆ

(ਚਲਦਾ)

ਇਸ 'ਸਹਜ- ਅਵਸਥਾ' ਵਿਚ ਜਦ ਨਾਮ ਹਿਰਦੇ ਵਿਚ ਵਸ ਜਾਂਦਾ ਹੈ, ਤਾਂ ਮਨ ਦੀ ਹਰੇਕ ਕਿਰਿਆ ਨਾਮ ਆਧਾਰਿਤ ਹੋ ਜਾਂਦੀ ਹੈ। ਜੋਗੀ ਇਸ ਅਵਸਥਾ ਦੀ ਪ੍ਰਾਪਤੀ ਲਈ ਦੁਨੀਆਂ ਦਾ ਤਿਆਗ ਕਰਦੇ ਹਨ ਪਰ ਭਾਈ ਸਾਹਿਬ ਸਪਸ਼ਟ ਸਮਝਾਉਂਦੇ ਹਨ ਕਿ ਜੀਵਨ- ਮੁਕਤੀ ਲਈ ਸੰਸਾਰ ਦੇ ਤਿਆਗ ਦੀ ਲੋੜ ਨਹੀਂ, ਸਗੋਂ ਸੰਸਾਰ ਵਿਚ ਰਹਿੰਦਿਆਂ ਹਰੇਕ ਵਸਤੂ ਨੂੰ ਅਨੰਤ ਦੇ ਹੁਕਮ ਵਿਚ ਵੇਖਦਿਆਂ ਲੋਕ ਕਲਿਆਣ ਦਾ ਮਾਰਗ ਅਪਨਾ ਕੇ ਪਰਉਪਕਾਰੀ ਬਣਨ ਦੀ ਲੋੜ ਹੈ:-

ਸੁਖ ਦੇਈਏ ਮਖ਼ਲੂਕ ਪਰ ਦਿਲ ਰਬ ਨੂੰ
ਦਿਲ ਰਗੜੇ ਰੱਬ ਨਾਲ, ਨਾਲ ਨ ਖਲਕ ਦੇ।[154]

<u>ਪ੍ਰੇਮ ਤੇ ਬਿਰਹਾ</u>— ਭਾਰਤੀ ਅਧਿਆਤਮਿਕਤਾ ਵਿਚ ਪ੍ਰਭੂ ਦੀ ਭਗਤੀ ਦਾ ਆਧਾਰ ਸ਼ਰਧਾ ਤੇ ਭੈ ਦੇ ਨਾਲ ਪ੍ਰੇਮ ਨੂੰ ਵੀ ਮੰਨਿਆ ਗਇਆ ਹੈ। 'ਪ੍ਰੇਮ ਕੀ ਹੈ'? ਇਸ ਨੂੰ ਕੋਈ ਦਸ ਨਹੀਂ ਸਕਿਆ।[155] ਬਹੁਤੀ ਵੇਰਾਂ ਪ੍ਰੇਮ ਦਾ ਸੰਬੰਧ ਦੁਨਿਆਵੀ ਪੱਧਰ ਤੇ ਇਸਤ੍ਰੀ ਪੁਰਸ਼ ਦੇ ਪ੍ਰੇਮ ਤਕ ਹੀ ਸਮਝਿਆ ਜਾਂਦਾ ਹੈ, ਪਰ ਅਧਿਆਤਮਿਕ ਪੱਧਰ ਤੋਂ ਪ੍ਰੇਮ ਆਤਮਾ- ਪਰਮਾਤਮਾ ਦੇ ਪ੍ਰੇਮ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਵੈਸੇ ਪ੍ਰੇਮ ਭਾਵੇਂ ਉਹ ਕਿਸੇ ਵੀ ਪ੍ਰਕਾਰ ਦਾ ਹੋਵੇ, ਜ਼ਿਆਦਾ ਅੰਤਰ ਦੀ ਵਸਤੂ ਹੈ। ਇਹ ਕਈ ਕੇਂਦ੍ਰਾਂ ਦੁਆਲੇ ਘੁੰਮਦਾ ਹੈ। ਇਸ ਅਨੁਭਵ ਦੀ ਉਚਤਾ ਦਾ ਨਿਰਭਰ ਹੈ ਉਹ ਕੇਂਦ੍ਰ, ਜਿਸ ਦੁਆਲੇ ਇਹ ਪ੍ਰੇਮ ਘੁੰਮਦਾ ਹੈ।

<u>ਪ੍ਰੇਮ ਨਿਸ਼ਾਨਾ— ਪਰਮ-ਸਤਾ</u> — ਇਸੇ ਗਲ ਨੂੰ ਮੁੱਖ ਰੱਖ ਕੇ ਭਾਈ ਸਾਹਿਬ ਨੇ ਪ੍ਰੇਮ ਨੂੰ ਆਦਰਸ਼ ਪ੍ਰਾਪਤੀ ਦਾ ਇਕ ਮੁੱਖ ਸਾਧਨ ਮੰਨਦਿਆਂ ਪ੍ਰੇਮ ਦਾ ਨਿਸ਼ਾਨਾ ਪਰਮ-ਸਤਾ ਦਾ ਪ੍ਰੇਮ ਰੱਖਿਆ ਹੈ, ਉਹ ਪਰਮ-ਸਤਾ ਜਿਸ ਤੋਂ ਉਤੇ ਹੋਰ ਕੁਝ ਨਹੀਂ। ਇਹ ਅਨੁਭਵ ਆਪਣੇ ਆਪ ਵਿਚ ਅਨੋਖਾ ਵੀ ਹੈ ਜਦ ਕਿ ਭਾਈ ਸਾਹਿਬ ਦੇ ਸਮੇਂ ਦੀ ਪ੍ਰਚਲਿਤ ਅਵਸਥਾ ਵਿਚ ਕਵੀਆਂ ਨੇ ਪ੍ਰੇਮ ਤੋਂ ਮੂੰਹ ਤਾਂ ਨਹੀਂ ਮੋੜਿਆ, ਪਰ ਪ੍ਰੇਮ ਵਿਚ ਜ਼ਿਆਦਾ ਆਪਣੇ ਦੁੱਖਾਂ ਅਤੇ ਕਲੇਸ਼ਾਂ ਦਾ ਵਰਣਨ ਕਰਦਿਆਂ ਪ੍ਰੇਮ ਨਿਸ਼ਾਨੇ ਨੂੰ ਸਿਤਮਗਰ, ਸੰਗਦਿਲ, ਬੇਵਫ਼ਾ xxxxxxxxx ਕਾਫ਼ਰ ਆਦਿਕ ਸ਼ਬਦਾਂ ਨਾਲ ਸੰਬੰਧਿਤ ਕੀਤਾ ਸੀ। ਉਰਦੂ, ਫ਼ਾਰਸੀ ਅਤੇ ਸੂਫ਼ੀ ਪਰੰਪਰਾ ਵਿਚ ਅਜੇਹਾ ਰੰਗ ਖ਼ਾਸ ਤੌਰ ਤੇ ਮਿਲਦਾ ਹੈ। ਭਾਈ ਸਾਹਿਬ ਦੀ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਅਰੂਪ ਸੁੰਦਰਤਾ ਦੁਆਲੇ ਪ੍ਰੇਮ ਦਾ ਇਕ ਐਸਾ ਚੱਕਰ ਖਿਚਿਆ ਹੈ ਜੋ ਸੱਚਾ, ਸੁੱਚਾ, ਦ੍ਰਿਸ਼ਟਮਾਨ ਤੇ ਮਾਨਵਤਾ ਨਾਲ ਗੂੜ੍ਹਾ ਸੰਬੰਧ ਰਖਦਾ ਹੈ। ਇਹ ਇਕ ਐਸਾ ਪ੍ਰੇਮ ਹੈ ਜੋ ਦੇਸ਼ ਅਤੇ ਕਾਲ ਦੀ ਹੱਦ ਤੋਂ ਸਵਤੰਤ੍ਰ ਹੈ। ਭਾਈ ਸਾਹਿਬ

---

'ਇਹ ਹੈ ਨਹੀਂ ਹੰਕਾਰ ਏ ਸ਼ੁਧ ਉਚਤਾ
'ਉਨਮਨ ਇਸ ਦਾ ਨਾਮ ਚਾਹੇ ਆਖ ਲੈ।
(ਰਾਣਾ ਸੂਰਤ ਸਿੰਘ, ਪੰਨਾ 208, ਪੰਕਤੀ 271-74)

152. ਅੰਦਰ ਦੀ ਟੇਕ, ਬਿਜਲੀਆਂ ਦੇ ਹਾਰ, ਪੰਨਾ 38

153. 'ਨਾ ਹੋਇ ਓਹਲੇ', ਉਹੀ, ਪੰਨਾ 17

154. ਰਾਣਾ ਸੂਰਤ ਸਿੰਘ, ਪੰਨਾ 33, ਪੰਕਤੀ 84-5

155. ਕਹੁ ਕਬੀਰ ਗੂੰਗੈ ਗੁੜ ਖਾਇਆ ਪੂਛੇ ਤੇ ਕਿਆ ਕਹੀਐ। (ਕਬੀਰ)

ਦਾ ਪ੍ਰੇਮ ਨਿਰਾਲਾ ਅਰੂਪ ਹੈ ਪਰ ਇਸ ਅਰੂਪਤਾ ਦੇ ਨਾਲ ਵੀ ਉਹਨਾਂ ਨੂੰ ਉਹ ਅਰੂਪ, ਸੁੰਦਰਤਾ ਅਤੇ ਪਿਆਰ ਦਾ ਸੋਮਾਂ ਪ੍ਰਤੀਤ ਹੁੰਦਾ ਹੈ।

ਭਾਈ ਸਾਹਿਬ ਦੇ ਅਨੁਸਾਰ ਪ੍ਰੇਮ ਦਾ ਸਿੱਧਾ ਸੰਬੰਧ ਅਨੰਤ ਦੇ ਨਾਲ ਹੈ।[156] ਸਰੀਰ ਦੀਆਂ ਹੱਦਾਂ ਅਤੇ ਭੌਤਿਕ ਹੱਦ ਉਹਨਾਂ ਲਈ ਬਿਲਕੁਲ ਨਿਰਰਥਕ ਪਰਦੇ ਹਨ।[157] ਉਹਨਾਂ ਲਈ ਪ੍ਰੇਮ ਵਿਛੜੀਆਂ ਜੋਤਾਂ ਦੇ ਜੋੜਨ ਦਾ ਸਾਧਨ ਹੈ।[158] ਇਹ ਵਿਚਾਰ ਗੁਰਮਤਿ ਵਿਚ ਵੀ ਪ੍ਰਵਾਣਿਤ ਹੈ।[159] ਭਾਈ ਸਾਹਿਬ ਲਈ ਇਸ ਭੌਤਿਕ ਸੰਸਾਰ ਦਾ ਆਰੰਭ ਵੀ ਇਸ ਅਨੋਖੀ ਪਿਆਰ ਦੀ ਅਕਹਿ ਅਵਸਥਾ ਵਿਚ ਲੁਕਿਆ ਹੋਇਆ ਹੈ:

ਨਿੱਤ ਪਯਾਰ ਖਿਚ ਲਯਾਂਵਦਾ ਕਰੇ ਅਰੂਪੋਂ ਰੂਪ
ਅਰਸ਼ੀ ਪ੍ਰੀਤਮ ਹੈ ਕੁਈ ਨਿਤ ਫਿਰ ਕਰੇ ਅਰੂਪ।[160]

√ <u>ਅਫ਼ਲਾਤੂਨ ਦਾ ਪ੍ਰੇਮ ਸਿੱਧਾਂਤ</u> — ਭਾਈ ਸਾਹਿਬ ਦਾ ਇਹ ਵਿਚਾਰ ਅਫ਼ਲਾਤੂਨ ਦੇ ਪ੍ਰੇਮ ਸਿੱਧਾਂਤ ਨਾਲ ਵੀ ਮਿਲਦਾ ਹੈ। ਅਫ਼ਲਾਤੂਨ ਦੇ ਵਿਚਾਰਾਂ ਦੀ ਲੜੀ ਆਤਮਾ ਦੇ ਪੂਰਵ- ਜਨਮ ਤੋਂ ਸ਼ੁਰੂ ਹੁੰਦੀ ਹੈ, ਜਦੋਂ ਆਤਮਾ ਮੁੱਢਲੀ ਅਸਲੀਅਤ ਨਾਲ ਇਕਸੁਰ ਹੁੰਦੀ ਹੈ। ਇਸ ਸੰਸਾਰ ਵਿਚ ਆ ਕੇ ਆਤਮਾ ਸੰਸਾਰ ਦੀਆਂ ਮਾਇਆਵੀ ਖਿੱਚਾਂ ਵਿਚ ਫਸ ਕੇ ਮੁੱਢਲੇ ਸੰਬੰਧ ਤੋਂ ਦੂਰ ਹੋ ਜਾਂਦੀ ਹੈ। ਸੱਚਾ ਪ੍ਰੇਮ ਸੁੰਦਰ ਵਸਤੂਆਂ ਦੀ ਖਿੱਚ ਰਾਹੀਂ ਇਲਾਹੀ ਸੁੰਦਰਤਾ ਵਲ ਪ੍ਰੇਰਦਾ ਹੈ ਅਤੇ ਆਤਮਾ ਇਸ ਜਾਗ੍ਰਤੀ ਰਾਹੀਂ ਦੁਨਿਆਵੀ ਖਿੱਚਾਂ ਤੋਂ ਉਤੇ ਉਠ ਕੇ ਸੁੰਦਰਤਾ ਦੇ ਸੋਮੇਂ ਨਾਲ ਏਕਤਾ ਅਨੁਭਵ ਕਰਦੀ ਹੈ।[161] ਈਸਾਈ ਮੱਤ ਵਿਚ ਵੀ ਪਰਮਾਤਮਾ ਨੂੰ ਹੀ ਪ੍ਰੇਮ ਕਹਿਆ ਗਇਆ ਹੈ।[162] ਭਾਈ ਸਾਹਿਬ ਸਪਸ਼ਟ ਭਾਂਤ ਸਵੀਕਾਰ ਕਰਦੇ ਹਨ ਕਿ ਪ੍ਰਭੂ ਨਾਲ

---

156. ਉਥਾਨਕਾ, ਰਾਣਾ ਸੂਰਤ ਸਿੰਘ
157. ਪ੍ਰੇਮ ਸਦਾ ਸੁਰਜੀਤ— ਆਤਮਾ- ਪ੍ਰੇਮ ਜੋ
ਸਮਾਂ ਨ ਕੋਈ ਚੀਜ਼, ਹੈ ਤਾਂ ਜਿੰਦ ਨਾ
( ਉਹੀ, ਪੰਨਾ 10, ਪੰਕਤੀ 52-3)
158. 'ਪ੍ਰੇਮ ਅਹੇ ਇਕ ਤਾਰ ਜੋ ਦੋ ਪ੍ਰੇਮੀਆਂ
'ਵਿਥਾਂ ਟੱਪ ਮਿਲਾਇ ਰਖਦੀ ਹੈ ਸਦਾ। (ਉਹੀ, ਪੰਨਾ 11, ਪੰਕਤੀ 57-8)
159. ਹਰਿ ਭਗਤ ਹਰਿ ਕਾ ਪਿਆਰ ਹੈ ਜੇ ਗੁਰਮੁਖ ਕਰੇ ਬੀਚਾਰੁ(ਸਿਰੀ ਰਾਗ ਮ:3)
160. ਤ੍ਰੇਲ ਦਾ ਤੁਪਕਾ, ਬਿਜਲੀਆਂ ਦੇ ਹਾਰ, ਪੰਨਾ 8
161. According to Plato," The true love by contemplating the beauty of the beloved as object is immediately reminded of Absolute Beauty itself. With his personal admiration for his beloved freed from the trammels of bodily fetters, he sees even more keenly the beauty of mind and character of which the outward form is only the reflexion".
( Encylopaedia of Religion and Ethics, Vol.III, P. 172)
162. "Love (Christian and New Testament)- the highest and most satisfying faith which the human mind has attained or can attain is formulated in the sublimely simple confession-God is Love'".
162. ~~xxx " Love (Christian and New Testament)- the highest and~~ ~~(Ibid, Vol. VIII, P. 164)~~
(ibid, Vol, VIII, P. 164)

ਵਰਤਮਾਨ ਅਸੰਗਤਾ ਸੱਚੇ ਪ੍ਰੇਮ ਰਾਹੀਂ ਹੀ ਦੂਰ ਕੀਤੀ ਜਾ ਸਕਦੀ ਹੈ।

ਪ੍ਰੇਮ ਦੀ ਮਾਨਵ- ਹਿਰਦੇ ਵਿਚ ਹੋਂਦ — ਪ੍ਰਭੂ ਪ੍ਰੇਮ ਦੀ ਚਿਣਗ ਮਾਨਵ- ਹਿਰਦੇ ਵਿਚ ਵਿਦਮਾਨ ਹੈ, ਸਿਰਫ਼ ਇਸ ਨੂੰ ਭੜਕਾਣ ਦੀ ਲੋੜ ਹੈ। ਸੰਸਾਰ ਦੀ ਸੁੰਦਰਤਾ ਅਰੂਪ ਪ੍ਰਭੂ ਦੀ ਹੋਂਦ ਦਾ ਸਾਕਾਰ ਮੁਜੱਸਮਾ ਹੈ। ਇਸੇ ਲਈ ਦ੍ਰਿਸ਼ਟਮਾਨ ਉਤੇ ਰੀਝਦਿਆਂ ਵੀ ਆਤਮਾ ਵਿਚ ਅਰੂਪ ਦੇ ਮਿਲਾਪ ਦੀ ਤੜਪ ਮਚਲਦੀ ਰਹਿੰਦੀ ਹੈ।[163] ਪ੍ਰੇਮ ਦੀ ਇਸੇ ਦ੍ਰਵੀਭੂਤ ਅਵਸਥਾ ਵਿਚ ਭਾਈ ਸਾਹਿਬ ਅਰੂਪਤਾ ਨੂੰ ਲਭਦੇ ਹਨ ਅਤੇ ਇੱਥੋਂ ਤਕ ਕਿ ਸੰਸਾਰ ਦੇ ਪ੍ਰਸਿੱਧ ਪ੍ਰੇਮੀਆਂ ਵਿਚ ਉਹ ਇਲਾਹੀ ਪ੍ਰੇਮ ਦੀਆਂ ਰਮਜ਼ਾਂ ਲਭ ਲੈਂਦੇ ਹਨ:

'ਤੜਪ- ਗੋਪੀਆਂ' ਕ੍ਰਿਸ਼ਨ ਮਗਰ ਜੋ ਲੋਕੀ ਪਏ ਸੁਣਾਵਨ,
'ਲੁੱਛਣ- ਸੱਸੀ' ਪੁੰਨੂੰ ਪਿਛੇ ਜੋ ਥਲ ਤੜਫ ਦਿਖਾਵਨ,
' ਰਾਂਝੇ ਮਗਰ ਹੀਰ ਦੀ ਆਤੁਰ, ਮਜਨੂੰ ਦਾ ਸੁੱਕ ਜਾਣਾ,-
'ਏ ਨਹੀਂ 'ਮੋਹ ਨਜ਼ਾਰੇ' ਦਿਸਦੇ, ਏ ਕੋਈ ਰਮਜ਼ ਛਿਪਾਵਨ
'ਹੇ ਅਰੂਪ ! ਇਹ ਤੜਪ ਉਹੋ ਨਹੀਂ, ਉਰੋਂ ਤੁਸਾਂ ਜੋ ਲਾਈ ?
ਕੀ ਇਹ ਚਿਣਗ ਨਹੀਂ ਉਹ ਜਿਹੜੀ ਤੁਸਾਂ ਸੀਨਿਆਂ ਪਾਈ?[164]

ਦਰਸ਼ਨ ਦੀ ਤਾਂਘ — ਪ੍ਰਭੂ ਦੀ ਅਰੂਪਤਾ ਭਾਈ ਸਾਹਿਬ ਦੇ ਪ੍ਰੇਮ ਵਿਚ ਕਿਸੇ ਪ੍ਰਕਾਰ ਦੀ ਰੁਕਾਵਟ ਨਹੀਂ। ਇਸ ਅਰੂਪਤਾ ਵਿਚ ਵੀ ਉਨ੍ਹਾਂ ਦਾ ਪ੍ਰੇਮ ਅਨੁਭਵ ਜਿੰਨਾ ਸੂਖਮ ਹੈ, ਉਥੇ ਸਥੂਲਤਾ ਤੋਂ ਬਿਲਕੁਲ ਸੱਖਣਾ ਨਹੀਂ। ਉਹ ਮਾਹੀ ਦੀ ਸਿੱਕ, ਉਸ ਦੇ ਵਿਸਾਰਿਆਂ ਤੇ ਖਿੱਚਾਂ ਦਾ ਸ਼ਿਕਾਰ ਹੁੰਦੇ ਹਨ। ਇਹ ਤੁਣਕੇ ਉਨ੍ਹਾਂ ਦੇ ਹਿਰਦੇ ਵਿਚ ਵਜਦੇ ਹਨ:

ਦੇ ਦਰਸ਼ਨ ਅੱਖਾਂ ਮਸਤਾਂਦਾ ਪਾਇ ਤਣਾਵਾਂ ਕੱਸਦਾ
ਛੁਹਨਾਟਾਂ ਜੋ ਜਾਣ ਨ ਝੱਲੀਆਂ ਮਨ ਨੂੰ ਪਾ ਪਾ ਦੱਸਦਾ,
ਬੁੱਲ੍ਹਾਂ ਤੇ ਬਹਿ ਕਦੇ ਆਪ ਆ ਹੱਸਿ ਰਸੇ ਰਸਾਵੇ,
ਅੰਦਰ ਵੜੇ, ਵਲਵਲੇ ਛੇੜੇ ਤੁਣਕੇ ਦੇ ਦਿਲ ਖਸਦਾ।[165]

---

163. ਦੇਖਣ ਨਜ਼ਾਰੇ ਸੋਹਣੇ ਰੀਝਣ ਤੇ ਰਚ ਜਾਣ, ਪਰ
ਮਿਟਦੀ ਨ ਤਾਂਘ ਅਰੂਪ ਦੀ; ਪਲ ਰੂਪ ਤੇ ਫਿਰ ਭੁਖੀਆਂ।
(ਅੱਖੀਆਂ, ਲਹਿਰਾਂ ਦੇ ਹਾਰ, ਪੰਨਾ 107)

164. ਸਾਂਈ ਲਈ ਤੜਪ, ਬਿਜਲੀਆਂ ਦੇ ਹਾਰ, ਪੰਨਾ 35

165. ਕਿਵੇਂ ਨ ਫਬੀਦਾ, ਲਹਿਰਾਂ ਦੇ ਹਾਰ, ਪੰਨਾ 28.

ਅਬੂ ਤਾਲਿਬ ਵੀ ਪ੍ਰੇਮ ਵਿਚ ਮਿਲਾਪ ਅਤੇ ਦਰਸ਼ਨ ਦੀ ਤਾਂਘ ਦੀ ਪ੍ਰਬਲਤਾ ਨੂੰ ਮੰਨਦਾ ਹੈ।[166] ਅਰੂਪਤਾ ਨਾਲ ਪ੍ਰੇਮ ਕਰਦੇ ਅਤੇ ਸੂਖਮਤਾ ਤੋਂ ਜਾਣੂ ਹੁੰਦਿਆਂ ਵੀ ਭਾਈ ਸਾਹਿਬ ਸਥੂਲਤਾ ਦੇ ਮੀਨਾਰ ਨੂੰ ਨਜ਼ਰੋਂ ਉਹਲੇ ਨਹੀਂ ਕਰਦੇ।[167]

<u>ਬਿਰਹਾ ਦੀ ਉਪਜ</u> — ਇਸ ਪ੍ਰੇਮ ਵਿਚ ਬਿਰਹਾ ਜਾਗਦਾ ਹੈ। ਵਿਛੋੜੇ ਦੀ ਪ੍ਰਤੀਤੀ ਅਤੇ ਵਿਛੋੜੇ ਨੂੰ ਕੱਟਣ ਦੇ ਸਾਧਨਾਂ ਦਾ ਅਨੁਭਵ ਦੁਖੀ ਕਰਦਾ ਹੈ। ਦੁਨਿਆਵੀ ਪ੍ਰੇਮ ਵਿਚ ਇਹ ਬਿਰਹਾ ਵਧੇਰੇ ਦੁਖੀ ਕਰਦਾ ਹੈ ਕਿਉਂਕਿ ਇੱਥੇ ਪ੍ਰੇਮ-ਪਾਤਰ ਇਕ ਨਾਸ਼ਵਾਨ ਪੰਜ ਭੂਤਕ ਸਰੀਰ ਹੁੰਦਾ ਹੈ। ਭਾਈ ਸਾਹਿਬ ਦਾ ਬਿਰਹਾ ਦੁਨਿਆਵੀ ਪ੍ਰੇਮ ਦੇ ਬਿਰਹਾ ਤੋਂ ਵੱਖਰੀ ਕਿਸਮ ਦਾ ਹੈ। ਉਨ੍ਹਾਂ ਦਾ ਪ੍ਰੇਮ ਜੀਵਨ ਤੋਂ ਸ਼ੁਰੂ ਹੁੰਦਾ ਹੈ, ਪਰ ਉਹ ਆਪਣੇ ਆਪ ਨੂੰ ਅਨੰਤ ਨਾਲ ਬੰਨ੍ਹ ਕੇ ਕਾਲ ਅਤੇ ਨਾਸ ਹੋ ਜਾਣ ਦੇ ਡਰ ਤੋਂ ਮੁਕਤ ਹੋ ਜਾਂਦੇ ਹਨ। ਇਵੇਂ ਉਹ ਆਪਣੇ ਕਦਮ ਨਿਸ਼ਚਿਤ ਰੂਪ ਵਿਚ ਅਮਰ ਜੀਵਨ ਦੀ ਹਿੱਕ ਉਤੇ ਰੱਖ ਲੈਂਦੇ ਹਨ। ਉਨ੍ਹਾਂ ਦੇ ਬਿਰਹਾ ਵਿਚ ਕਰੁਣਾ ਦੀਆਂ ਚੀਕਾਂ ਅਤੇ ਦੁਖ ਦਰਦ ਦੇ ਹਾੜੇ ਹੀ ਨਹੀਂ, ਸਗੋਂ ਇਸ ਵਿਚ ਅਡੋਲਤਾ ਅਤੇ ਆਸ ਹੈ। ਇੱਥੇ ਪ੍ਰੇਮੀ ਦੇ ਦਿਲ ਵਿਚ ਪ੍ਰੇਮ ਦੀ ਕਦਰ ਇੱਥੋਂ ਤਕ ਹੈ :

'ਕਠੇ ਰਹਿਣ ਤੇ ਮਿਲਣ ਤੇ ਦਰਸ਼ਨ ਚਾਹੇ ਹੋਣ ਨਸੀਬ ਨਹੀਂ,
ਤੇਰਾ ਲੜ ਯਾਦ ਵਿਚ ਢੁੱਕਾ, ਹੁਣ ਕੀ ਬਾਕੀ ਲੋੜ ਰਹੀ ?[168]

ਇਸ ਦਾ ਇਹ ਅਰਥ ਨਹੀਂ ਕਿ ਭਾਈ ਸਾਹਿਬ ਦੇ ਪ੍ਰੇਮ ਵਿਚ ਬਿਰਹਾ ਦਾ ਅਭਾਵ ਹੈ। ਬਿਰਹਾ ਬਿਨਾ ਪ੍ਰੇਮ ਦੀ ਕਲਪਨਾ ਹੀ ਅਸੰਭਵ ਹੈ। ਫਰਕ ਸਿਰਫ਼ ਇਤਨਾ ਹੈ ਕਿ ਉਨ੍ਹਾਂ ਲਈ ਰੱਬੀ ਪ੍ਰੇਮ ਦਾ ਬਿਰਹਾ ਅਨੰਦ ਭਰਪੂਰ ਹੈ।[169] ਇਸ ਬਿਰਹਾ ਵਿਚ ਧੂਪ ਵਾਂਗ ਸੜ ਕੇ ਵੀ ਰਸ ਪ੍ਰਾਪਤ ਹੁੰਦਾ ਹੈ।[170] ਇਸ ਬਿਰਹਾ ਦੀ 'ਤੜਪ-ਚੀਸ' ਵਿਚ ਹੀ ਜਿੰਦ ਰਾਣੀ ਦਾ ਕੋਈ ਭੇਦ ਲੁਕਿਆ ਹੈ ਜੋ ਜੀਵਨ ਰਹੱਸ ਦੇ ਸੱਚੇ ਅਨੁਭਵ ਦਾ ਗਿਆਨ ਦੇ ਕੇ ਅਜੂਨੀ ਕੂੰਬਲ ਖੋਲ੍ਹਣ ਦੀ ਸਮਰੱਥਾ ਰਖਦਾ ਹੈ:

---

166. " Among the signs of love," says Abu Talib," is the desire to meet with the Beloved face to face."
( Margaret Smith, Studies in Early Mysticism in the Near and Middle East, P. 208 )

167. ਰੂਹ ਮੇਰੀ ਵਿਚ ਵਸਨੈਂ, ਪ੍ਰੀਤਮ ਤਕਾਨੈ ਤੱਕਨ ਨ ਦੇਵੇਂ।
ਮਾਰ ਤੁਣਕੇ ਖਿਚ ਪਵਾਵੇਂ ਦਰਸ਼ਨ ਸਿੱਕ ਵਧੇਵੇਂ।
ਸਿਕ ਵਧੇਵੇਂ ਮਿਲਨੈ ਨਾਹੀਂ ਤੜਪਨ ਤਕ ਖੁਸ਼ ਹੋਵੇ।
ਇਸ ਨੂੰ ਪ੍ਰੇਮ ਆਖਾਨੈ ਪ੍ਰੀਤਮ- ਦਿਲ ਕੁਠਿਆਂ ਨੂੰ ਦੇਵੇਂ।
(ਖਾਲਸਾ ਸਮਾਚਾਰ, 6-3-1958, ਜਿਲਦ 59, ਨੰ:17)

168. 'ਪੁਸ਼ਪਾਵਤੀ ਤੇ ਚੰਦ੍ਰਾਵਤ', ਲਹਿਰਾਂ ਦੇ ਹਾਰ, ਪੰਨਾ 157

169. ਬਿਰਹੁ ਤੁਹਾਡਾ ਬਹੁਤ ਕਾਖੜਾ, ਪਰ ਫਿਰ ਹੈ ਰਸ ਭਰਿਆ।
(ਖਾਲਸਾ ਸਮਾਚਾਰ, 15-8-1957, ਜਿਲਦ 58, ਨੰ:38)

170. ਦੁਖ ਬਿਰਹੁ ਦਾ ਹੈ ਜਲਨ, ਪਰ ਫਿਰ ਦੇਵੇ ਸਵਾਦ
ਜਿਵੇਂ ਧੂਪ ਦੇ ਜਲਣ ਵਿਚ- ਹੈ ਸੁਗੰਧ ਅਹਿਲਾਦ। (ਉਹੀ, 9-1-1958, ਜਿਲਦ 59, ਅੰਕ ਨੰ:9)

'ਤੜਫਨ- ਚੀਸ' ਦੇ ਹਈ ਵਿਚਾਲ
'ਜਿੰਦ- ਰਾਹੀ ਦਾ ਕੁਈ ਨ ਭੇਦ।
ਇਸ ਨੂੰ ਛਲਦਿਆਂ ਸੁਹਣੀਏ ! ਸ਼ਾਇਦ
ਖੁਲ੍ਹ ਪਵੇ ਲੁਕੋਇਆ ਓ ਭੇਦ।[171]

ਇਸੇ ਕਰਕੇ ਬਿਰਹਾ ਵਿਚ ਭਾਈ ਸਾਹਿਬ ਲਈ ਅਲਬੇਲਾ ਪ੍ਰਭੂ ਜ਼ਾਲਮ ਹੋਣ ਦੀ ਥਾਂ 'ਸਖਾ ਸਹੇਲਾ' 'ਪਿਆਰਾ' ਤੇ ਪ੍ਰੀਤਮ ਬਣ ਜਾਂਦਾ ਹੈ।[172] ਅਨੰਤ ਦੀ ਛੁਹ ਲਈ ਤੜਪਦੇ ਦਿਲ ਵਿਚ ਦੁੱਖ ਪੈਦਾ ਹੁੰਦਾ ਹੈ ਪਰ ਇਸ ਦੀ ਪੀੜ ਇਕ ਨਵਾਂ ਰਸ ਚਾੜ੍ਹਦੀ ਹੈ। ਬਿਰਹਾ ਦੇ ਇਸ ਹੀਰੇ ਨੂੰ ਚਖ ਕੇ ਨਵੀਂ ਜ਼ਿੰਦਗੀ ਸ਼ੁਰੂ ਹੁੰਦੀ ਹੈ:

ਵਿਛ ਦਿਲ ਹੋਰ ਵਿਛੀਵਣ ਚਾਹੇ, ਪੀੜ ਛਿੜੇ ਰਸ ਚਾੜ੍ਹੇ
ਜਿੰਦ ਨਵੀਂ ਇਕ ਜਾਗੇ ਨੀ, ਚਖ ਚਖ ਉਸ ਹੀਰੇ ਦੀਆਂ ਕਣੀਆਂ।[173]

'ਪ੍ਰੇਮ ਲਗੇ ਨਿਤ ਵਧਦੇ ਜਾਏ ' — ਇਹ ਠੀਕ ਹੈ ਕਿ ਰੱਬੀ ਪਿਆਰ ਦੀ ਚੇਸ਼ਟਾ ਅਗਿਆਨਤਾ ਦੀ ਹਾਲਤ ਵਿਚ ਜੀਂਦਿਆਂ ਮਰਨ ਦੇ ਨਿਆਈਂ ਹੈ, ਪਰ ਸਮਝ ਦੀ ਅਵਸਥਾ ਵਿਚ ਇਹ ਸੁਭਾਵਿਕ ਮਨੋਬ੍ਰਿਤੀ ਬਣ ਜਾਂਦੀ ਹੈ।[174] ਜਾਗ੍ਰਤ ਹੋ ਕੇ ਪ੍ਰੇਮ ਤਾਂ 'ਪ੍ਰੇਮ ਲਗੇ ਨਿਤ ਵਧਦੋ ਜਾਇ' ਦਾ ਰੂਪ ਧਾਰਨ ਕਰ ਲੈਂਦਾ ਹੈ। ਇਸ 'ਅਨੰਤ- ਟੋਰ' ਵਿਚ ਵਸਨ ਤੋਂ ਉਰੇ ਕੋਈ ਮੁਕਾਮ ਨਹੀਂ ਹੁੰਦਾ।[175]

---

171. ਤੜਫਨ, ਮੇਰੇ ਸਾਂਈਆਂ ਜੀਓ, ਪੰਨਾ 55
172. ਚਾਹੋ ਹੈ ਅਲਬੇਲਾ ਤੂੰ ! ਪਰ ਸਾਜਨ ਸਖਾ ਸਹੇਲਾ ਤੂੰ !
ਆ ਆਪੇ ਕਰ ਮੇਲਾ ਤੂੰ ! ਕਰ ਛੇਤੀ 'ਮਿਲ ਵੇਲਾ' ਢੂ!
(ਮਿਲ ਵੇਲਾ ਢੁ, ਮੇਰੇ ਸਾਂਈਆਂ ਜੀਓ, ਪੰਨਾ 10)
173. 'ਮਿੱਠਾ ਪਿਆਰਾ', ਲਹਿਰਾਂ ਦੇ ਹਾਰ, ਪੰਨਾ 12
173. ਰਣ ਕੇ ਫਟੋਕ ਇਸ ਦੀ ਸੌ- ਦਰਧਤਾ ਦੀ ਛੂੰਹਣ
ਲਿਵ ਲਾਇ ਨੇਹੁ ਪਾਲਣ ਜਯੋਂਦਿਆਂ ਮਰਨ ਜਿਹੀ ਹੈ।
( ਬੁਲਬੁਲ ਤੇ ਰਾਹੀਂ, ਲਹਿਰਾਂ ਦੇ ਹਾਰ, 149)
175. ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ —
ਵਸਨੋਂ ਉਰੇ ਮੁਕਾਮ ਨ ਕੋਈ, ਸੋ ਚਾਲ ਪਏ ਨਿਤ ਰਹਿੰਦੇ।
(ਚਸ਼ਮਾ ਇੱਕਾਂ ਬਲ ਤੇ ਡੂੰਘੀਆਂ ਮਾਂਆਂ, ਮਟਕ ਹੁਲਾਰੇ, ਪੰਨਾ 96)

ਭਾਈ ਸਾਹਿਬ ਨੂੰ ਇਹ ਵੀ ਗਿਆਨ ਹੈ ਕਿ ਉਨ੍ਹਾਂ ਦਾ ਵਸਲ ਨਿਰੇ ਨੂਰ ਨਾਲ ਹੈ ਅਤੇ ਨਿਰਾ ਨੂਰ ਨੇਤਰਾਂ ਨੂੰ ਚੁੰਧਿਆ ਦਿੰਦਾ ਹੈ। ਇਸ ਚੁੰਧਿਆਣ ਦੇ ਕਾਰਨ ਨੂਰ ਦੇ ਦਰਸ਼ਨ ਤੋਂ ਵਾਂਝੇ ਰਹਿ ਜਾਣ ਦਾ ਡਰ ਹੈ। ਇਸੇ ਕਰਕੇ ਭਾਈ ਸਾਹਿਬ ਆਪਣਾ ਵਸਲ ਸੁਪਨ- ਅਵਸਥਾ ਵਿਚ ਦਸਦੇ ਹਨ, ਜਦ ਨੈਣਾਂ ਦੇ ਮੀਟੇ ਹੋਣ ਤੇ ਚੁੰਧਿਆਣ ਦਾ ਕੋਈ ਡਰ ਨਹੀਂ ਹੁੰਦਾ।[176] ਇਹ ਦਰਸ਼ਨ ਕੋਈ ਕੇਵਲ ਦਰਸ਼ਨ ਮਾਤ੍ਰ ਹੀ ਨਹੀਂ ਹੁੰਦਾ, ਇਸ ਵਿਚ ਆਪਣੇ ਆਪ ਨੂੰ ਉਸ ਨੂਰ ਦੇ ਅੰਸ਼ ਦਾ ਕਿਣਕਾ ਅਨੁਭਵ ਕਰਨ ਦਾ ਰਾਜ਼ ਲੁਕਿਆ ਹੁੰਦਾ ਹੈ।

ਭਾਈ ਸਾਹਿਬ ਪ੍ਰੇਮ ਵਿਚ ਪੰਜ ਭੂਤਕ ਸਰੀਰ ਦੀ ਹੱਦ ਨੂੰ ਖਤਮ ਕਰ ਦਿੰਦੇ ਹਨ। ਪ੍ਰੇਮ ਉਨ੍ਹਾਂ ਨੂੰ ਬਾਹਰੋਂ ਨਹੀਂ, ਅੰਦਰੋਂ ਪ੍ਰਾਪਤ ਹੁੰਦਾ ਹੈ। ਉਹ ਸਮਝਦੇ ਹਨ ਕਿ ਪ੍ਰੇਮ, ਧਨ- ਦੌਲਤ ਨਾਲ ਨਹੀਂ ਖਰੀਦਿਆ ਜਾ ਸਕਦਾ।[177] ਫਿਰ ਸੱਚਾ ਪ੍ਰੇਮ ਬਾਵਲਪੁਣਾ ਨਹੀਂ, ਸਗੋਂ ਇਹ ਚਿੱਤ ਨੂੰ ਪਿਆਰੇ ਵੱਲ ਖਿਚਦਿਆਂ ਸੁਰਤ ਨੂੰ ਕੇਂਦ੍ਰ ਵਿਖੇ ਜੋੜ ਦਿੰਦਾ ਹੈ:

'ਬਾਵਲਪੁਣਾ ਨ ਪ੍ਰੇਮ' ਏ ਤੂੰ ਜਾਣ ਨੇ
ਨਿਰਮਲ ਸਵੱਛ ਪਰੇਮ ਖਿਚੇ ਚਿੱਤ ਨੂੰ।[178]

<u>ਇਸਤ੍ਰੀ ਰੂਪ ਵਿਚ ਅਰਜੋਈ</u> — ਪ੍ਰੇਮ ਭਾਵ ਲਈ ਬਹੁਤ ਵੇਰਾਂ ਪ੍ਰਭੂ ਪ੍ਰੇਮੀ ਆਪਣੇ ਆਪ ਨੂੰ ਇਸਤ੍ਰੀ ਰੂਪ ਵਿਚ ਵਰਣਨ ਕਰਦੇ ਹਨ ਕਿਉਂਕਿ ਸਿਰਫ਼ ਪ੍ਰਭੂ ਹੀ 'ਇਸ ਜਗੁ ਮਹਿ ਪੁਰਖ ਏਕ ਹੈ ਹੋਰ ਸਗਲੀ ਨਾਰਿ ਸਬਾਈ' ਦੇ ਅਨੁਸਾਰ ਪੁਰਖ ਹੈ। ਭਾਈ ਸਾਹਿਬ ਵੀ ਪ੍ਰੇਮ ਵਿਚ ਉਛਾਲਿਆਂ ਨੂੰ ਇਸੇ ਕਰਕੇ ਇਸਤ੍ਰੀ ਰੂਪ ਵਿਚ ਭੇਟਾ ਕਰਦੇ ਹਨ:

ਕਿਥੇ ਹੋ ? ਮੇਰੇ ਸੋਹਣੇ ਸਾਂਈ ?
ਕੋਲ ਹੋ ਮੇਰੇ ਪਿਆਰੇ ਸਾਂਈਂ !
ਹਉ ਕੋਲੇ ਪਰ ਤੜਫ਼ ਮਿਲਨ ਦੀ
ਸਮਝੇਂਦਿਆਂ ਸਮਝੇਂਦੀ ਨਹੀਂ।[179]

---

176. ਸੁਪਨੇ ਵਿਚ ਤੁਸੀ ਮਿਲੇ ਅਸਾਨੂੰ ਅਸਾਂ ਧਾ ਗਲਵਕੜੀ ਪਾਈ,
ਨਿਰਾ ਨੂਰ ਤੁਸੀ ਹੱਥ ਨ ਆਏ, ਸਾਡੀ ਕੰਬਦੀ ਰਹੀ ਕਲਾਈ—
ਉਡਦਾ ਜਾਂਦਾ ਪਰ ਉਹ ਆਪਣੀ, ਛੁਹ ਸਾਨੂੰ ਗਿਆ ਲਾਈ
ਮਿੱਟੀ ਚਮਕ ਪਈ ਇਹ ਮੋਈ ਤੇ ਤੁਸੀ ਲੂਆਂ ਵਿਚ ਲਿਸ਼ਕੇ
ਬਿਜਲੀ ਕੂੰਦ ਗਈ ਥਰਰਾਂਦੀ ਹੁਣ ਚਕਾਚੂੰਧ ਹੈ ਛਾਈ।
(ਕੰਬਦੀ ਕਲਾਈ, ਮਟਕ ਹੁਲਾਰੇ, ਪੰਨਾ 61)
177. 'ਮੁੱਲ ਨ ਵਿਕਦਾ ਪ੍ਰੇਮ' ਸਯਾਣੇ ਆਖਦੇ:
ਦੌਲਤ ਜਾਨ ਨ ਮਾਲ ਕੀਮਤ ਪ੍ਰੇਮ ਦੀ—
ਮੁਲ ਪ੍ਰੇਮ ਦਾ ਪ੍ਰੇਮ - ਹੋਰ ਨ ਮੁਲ ਹੈ। (ਰਾਣਾ ਸੂਰਤ ਸਿੰਘ, ਪੰਨਾ 41, ਪੰਕਤੀ 51-53)
178. ਉਹੀ, ਪੰਨਾ 83, ਪੰਕਤੀ 166-67
179. ਕਿਥੇ ਹੋ, ਮੇਰੇ ਸਾਂਈਆਂ ਜੀਓ, ਪੰਨਾ 31

<u>ਪ੍ਰੇਮ ਦੇ ਵਿਭਿੰਨ ਸਰੂਪ</u> — ਭਾਈ ਸਾਹਿਬ ਹੋਰ ਸਪਸ਼ਟ ਕਰਦੇ ਹਨ ਕਿ ਪ੍ਰੇਮ ਪ੍ਰਭੂ ਸਰੂਪ ਹੈ ਅਤੇ ਜਗ ਦਾ ਕਾਰਨ ਵੀ ਪ੍ਰੇਮ ਹੈ।[180] ਸਾਧਾਰਣ ਜਗਿਆਸੂ ਵਿਚ ਪ੍ਰੇਮ ਸ਼ਰਧਾ ਰੂਪ ਵਿਚ ਵਸਦਾ ਹੈ। ਗੁਰਮੁਖ ਸ਼ਰਧਾ ਨੂੰ 'ਨਾਮ' ਵਿਚ ਵਟਾ ਕੇ ਪ੍ਰਭੂ ਨਾਲ 'ਨਾਮ- ਪ੍ਰੇਮ' ਨੂੰ ਅਪਣਾਉਣ ਦਾ ਯਤਨ ਕਰਦਾ ਹੈ।[181] ਇਹ 'ਨਾਮ- ਪ੍ਰੇਮ' ਫਿਰ 'ਆਤਮ- ਪ੍ਰੇਮ' ਵਿਚ ਵਟਦਾ ਹੈ, ਜਿੱਥੇ ਖ਼ੁਦਗਰਜ਼ੀ ਨਹੀਂ ਸਗੋਂ ਆਤਮਾ ਦੇ ਕਲਿਆਨ ਲਈ ਉਚ ਆਚਰਣ ਅਤੇ ਉਚ- ਵਿਚਾਰਾਂ ਨੂੰ ਧਾਰਨ ਦੀ ਲਿਲ ਲਗ ਜਾਂਦੀ ਹੈ।[182] ਇਸ ਦੇ ਨਾਲ ਪ੍ਰੇਮ ਇਕ ਹੋਰ ਰੂਪ 'ਦਾਨ- ਪ੍ਰੇਮ' ਧਾਰਦਾ ਹੈ, ਜਿਸ ਦਾ ਨਿਵਾਸ ਦਾਤਿਆਂ ਵਿਚ ਹੁੰਦਾ ਹੈ। ਇਸ ਵਿਚ ਬੜੇ ਹੀ ਨਾਮੀ ਨਾਮ ਤੇ ਗਿਆਨ ਦਾ ਦਾਨ ਅਤੇ ਪੈਸੇ ਵਾਲੇ ਮਾਇਆ ਦਾਨ ਦਿੰਦੇ ਹਨ।[183] 'ਦਾਨ- ਪ੍ਰੇਮ' ਦਾ ਇਕ ਹੋਰ ਰੂਪ 'ਪਰ- ਸਵਾਰਥ' ਦਾ ਪ੍ਰੇਮ ਹੈ, ਜਿਸ ਅਧੀਨ ਦੇਸ਼, ਕੌਮ ਦੀ ਹੱਦ ਦਿਲੋਂ ਵਿਸਾਰ ਕੇ ਪਰਉਪਕਾਰ ਕੀਤਾ ਜਾਂਦਾ ਹੈ ਅਤੇ ਸਾਰੇ ਜੀਵਾਂ ਨੂੰ ਪ੍ਰਭੂ ਅੰਸ਼ ਜਾਣ ਕੇ ਇਕੋ ਜੇਹਾ ਸਮਝਿਆ ਜਾਂਦਾ ਹੈ।[184] ਪ੍ਰੇਮ ਦਾ ਇਕ ਹੋਰ ਰੂਪ ਮੋਹ- ਮਮਤਾ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ, ਜਿਸ ਕਾਰਨ ਮਾਂ- ਬੱਚਿਆਂ ਦਾ ਪਿਆਰ, ਭੈਣ- ਭਰਾ ਦਾ ਪਿਆਰ, ਇਸਤ੍ਰੀ ਪੁਰਸ਼ ਦਾ ਪ੍ਰੇਮ ਅਤੇ ਆਸ਼ਕ- ਮਾਸ਼ੂਕ ਦਾ ਪ੍ਰੇਮ ਉਪਜਦਾ ਹੈ।[185] ਇਸ ਤੋਂ ਹੇਠਾਂ

---

181. ਫਿਰ ਜਗਿਆਸੂ ਵਿਚ ਸ਼ਰਧਾ ਜੋ ਬਸੇ
ਉਹੀ ਬੀ ਹੈ ਦੇ ਪ੍ਰੇਮ 'ਸ਼ਰਧਾ' ਨਾਮ ਹੈ.....
ਧਾਰ ਗੁਰਮੁਖ ਨਾਲ ਮਿਲ ਇਕ ਕਰਾਂਵਦਾ......
ਧਾਰ ਨਾਮ ਦਾ ਰੂਪ ਲੈਂਦਾ ਪ੍ਰੇਮ ਹੈ
ਮੇਲੇ ਹੈ ਪ੍ਰਭੂ ਨਾਲ 'ਨਾਮ ਪਰੇਮ' ਏ।
(ਰਾਣਾ ਸੂਰਤ ਸਿੰਘ, ਪੰਨਾ- 131, ਪੰਕਤੀ 1063-1075)

180. ਪਹਿਲਾ 'ਪ੍ਰਭੂ ਸਵਰੂਪ' ਹੈ ਵੈ ਪ੍ਰੇਮ ਦਾ
ਸਾਰਾ ਇਹ ਸੰਸਾਰ ਜਿਸ ਨੇ ਸਾਜਿਆ।
(ਉਹੀ, ਪੰਨਾ 131, ਪੰਕਤੀ 1025-1026)

182. ਇਕ ਸੁਣ ਹੋਰ ਪਰੇਮ 'ਆਤਮ ਪ੍ਰੇਮ' ਹੈ ----
ਖ਼ੁਦਗਰਜ਼ੀ ਨਹੀਂ ਰੂਪ ਏਸ ਸੁ ਪ੍ਰੇਮ ਦਾ।
ਆਤਮ ਦੀ ਕਲਿਆਣ ਆਪਣੀ ਚਾਹੁਣੀ
ਉਚ ਆਚਰਨ ਵੀਚਾਰ ਅਪਣੇ ਰਖਣੇ।
(ਰਾਣਾ ਸੂਰਤ ਸਿੰਘ, ਪੰਨਾ- 132, ਪੰਕਤੀ 1079-1083)

183. 'ਦਾਨ- ਪ੍ਰੇਮ' ਇਕ ਹੋਰ ਰੂਪ ਪ੍ਰੇਮ ਦਾ
ਇਸ ਦਾ ਹੋਇ ਨਿਵਾਸ ਦਾਤਯਾਂ ਵਿਚ ਹੈ।
(ਉਹੀ, ਪੰਨਾ 132, ਪੰਕਤੀ- 1087-1088)

184. 'ਦਾਨ- ਪ੍ਰੇਮ' ਦਾ ਰੂਪ ਹੈ ਇਕ ਹੋਰ ਵੇ
'ਪਰ-ਸਵਾਰਥ' ਦਾ ਪ੍ਰੇਮ ਉਸ ਨੂੰ ਆਖੀਏ.....
ਸ਼੍ਰਿਸ਼ਟੀ ਪਰਉਪਕਾਰ ਨਾਲ ਜੋ ਸੇਵਣੀ
- ਦੇਸ਼ ਕੌਮ ਦੀ ਹੱਦ ਦਿਲੋਂ ਵਿਸਾਰ ਕੇ.....
ਜਾਣ ਪ੍ਰਭੂ ਦੀ ਅੰਸ਼ ਹਰ ਮਨੁੱਖ ਨੂੰ।( ਉਹੀ, ਪੰਨਾ132, ਪੰਕਤੀ1099-1108) (ਚਲਦਾ)

'ਸਵਾਰਥ ਮੋਹ' ਹੈ ਜੋ ਕਿਸੇ ਨਾਲ ਸੱਚੇ ਪਿਆਰ ਵਜੋਂ ਨਹੀਂ, ਸਗੋਂ ਸਵਾਰਥ ਅਤੇ ਮਤਲਬ ਦੇ ਕਾਰਨ ਉਪਜਦਾ ਹੈ। ਇਸ ਵਿਚ ਫਸਿਆ ਮਨੁੱਖ ਕਈ ਵੇਰਾਂ ਦੂਜਿਆਂ ਨੂੰ ਦੁੱਖ ਦਿੰਦਾ ਹੈ।[186] ਇਸ ਤੋਂ ਛੁੱਟ 'ਪਸ਼ੂ ਬ੍ਰਿਤੀ' ਦਾ ਪ੍ਰੇਮ ਹੈ ਜੋ ਪਸ਼ੂਆਂ ਦੀ ਆਪਣੀ ਆਪਣੀ ਜਾਤ ਵਿਚ ਪਿਆਰ ਪੈਦਾ ਕਰਦਾ ਹੈ। ਪਸ਼ੂ,ਬੁੱਧੀ ਦੇ ਅੰਸ਼ ਦੀ ਅਣਹੋਂਦ ਦੇ ਕਾਰਨ ਛੇਤੀ ਹੀ ਆਪਣੇ ਜਾਇਆਂ ਨੂੰ ਭੁੱਲ ਜਾਂਦੇ ਹਨ।[187] ਇਸ ਦੇ ਨਾਲ 'ਬ੍ਰਿਤੀ ਬਨਸਪਤਿ ਪ੍ਰੇਮ' ਹੈ, ਜੋ ਬੂਟਿਆਂ ਅਤੇ ਬ੍ਰਿਛਾਂ ਦੇ ਦੂਰ ਦੂਰ ਹੋਣ ਤੇ ਵੀ ਉਨ੍ਹਾਂ ਵਿਚ ਇਕ ਦੂਜੇ ਲਈ ਖਿੱਚ ਦਾ ਕਾਰਨ ਬਣਦਾ ਹੈ।[188] ਫਿਰ 'ਜੜ੍ਹ ਸ੍ਰਿਸ਼ਟੀ ਪ੍ਰੇਮ' ਹੈ ਜੋ ਸੰਸਾਰ ਦੇ ਤੱਤਾਂ ਵਿਚ ਇਕ ਦੂਜੇ ਲਈ ਖਿੱਚ ਦਾ ਕਾਰਨ ਹੈ।[189] ਭਾਈ ਸਾਹਿਬ ਪ੍ਰੇਮ ਦੇ ਵਿਭਿੰਨ ਸਰੂਪਾਂ ਦਾ ਵਿਸ਼ਲੇਸ਼ਣ ਕਰਕੇ ਸਪਸ਼ਟ ਕਰ ਦਿੰਦੇ ਹਨ ਕਿ ਬ੍ਰਹਮੰਡ ਦਾ ਸਭ ਕੁਝ: ਜੀਵ,ਜੰਤ,ਤੱਤ,ਖੰਡ ਅਰਥਾਤ ਜੋ ਕੁਝ ਦ੍ਰਿਸ਼ਟ ਤੇ ਅਦ੍ਰਿਸ਼ਟ ਹੈ, ਉਹ ਸਭ ਪ੍ਰੇਮ ਦੇ ਆਸਰੇ ਹੀ ਚਲ ਰਿਹਾ ਹੈ।

ਭਾਈ ਸਾਹਿਬ ਇਹ ਵੀ ਮੰਨਦੇ ਹਨ ਕਿ ਸੱਚਾ ਪ੍ਰੇਮ ਜੀਵਨ ਨਾਲੋਂ ਤੋੜਦਾ ਨਹੀਂ ਸਗੋਂ ਜੋੜਦਾ ਹੈ। ਪ੍ਰੇਮ ਦੇ ਸੱਚੇ ਸਰੂਪ ਨੂੰ ਸਮਝਣ ਵਾਲੇ ਨਾਮ ਰਾਹੀਂ ਲਿਵ ਅਤੇ ਅਨੰਦ ਵਿਚ ਵਿਗਸਦੇ ਪਰਉਪਕਾਰ ਨੂੰ ਜੀਵਨ ਦਾ ਅੰਗ ਬਣਾ ਲੈਂਦੇ ਹਨ। ਗੁਰਮਤਿ ਵਿਚ ਵੀ ਮੰਨਿਆ ਗਇਆ ਹੈ ਕਿ ਸੱਚੀ ਪ੍ਰੀਤ ਮੁਕਤੀ ਦਾ ਸਾਧਨ ਹੈ ਅਤੇ ਇਸ ਦੀ ਪ੍ਰਾਪਤੀ ਇੰਦ੍ਰੀਆਂ ਨੂੰ ਵੱਸ ਵਿਚ ਕਰਕੇ ਸੰਜਮ ਅਤੇ ਜੁਗਤੀ ਨਾਲ ਵਿਚਰਣ ਵਿਚ ਹੈ।[190] ਸੱਚੇ ਪ੍ਰੇਮ ਦੇ ਨਿਸ਼ਾਨਾਂ ਨੂੰ ਸਮਾਂ ਵੀ ਨਹੀਂ ਮੇਟ ਸਕਦਾ:

ਅੰਦਰ ਨਕਸ਼ ਪਿਆਰਾਂ ਵਾਲਾ ਦਿਲ ਉੱਕਰਣ ਜੁ ਲੱਗੇ
ਸਦਾ ਖਿੜੇ ਜਿਉਂ ਚਮਨ ਸੁਹਾਣੇ ਓ ਸਮਾਂ ਨਾ ਸਕੇ ਮਿਟਾਏ।[191]

ਜੋ ਪ੍ਰੇਮ ਦੀ ਸਚਾਈ ਨੂੰ ਅਨੁਭਵ ਕਰਦੇ ਪ੍ਰੇਮ ਰਾਹੀਂ ਰੱਬੀ ਅੰਸ਼ ਸਰੂਪ ਨੂੰ ਜਾਣ ਕੇ ਨੇਕ ਪਿਆਰ ਦਾ ਰੂਪ ਧਾਰਦੇ ਹਨ,ਉਹ ਅਮਰ ਹੋ ਜਾਂਦੇ ਹਨ।

---

185. ਮੋਹ ਮਮਤਾ ਇਕ ਰੂਪ ਇਸ ਦਾ ਹੋਰ ਹੈ
ਜੀਵਾਂ ਦੇ ਵਿਚਕਾਰ ਆਪੋ ਵਿਚ ਦਾ......
ਮਾਵਾਂ ਪਾਲਨ ਬਾਲ ਇਸ ਦੀ ਬੱਧੀਆਂ
ਭੈਣ ਲਡਾਵੇ ਵੀਰ ਮੋਹੀ ਏਸ ਦੀ......
ਨਾਰ ਭਤਾਰ ਪਿਆਰ ਆਪੋ ਵਿਚ ਏ
ਆਸ਼ਕ ਤੇ ਮਾਸ਼ੂਕ ਵਾਲਾ ਪਯਾਰ ਏ ।
(ਰਾਣਾ ਸੂਰਤ ਸਿੰਘ,ਪੰਨਾ 132- ਪੰਕਤੀ 1115-1122)

186. ਇਸ ਤੋਂ ਉਤਰੇ ਹੇਠ 'ਸਵਾਰਥ ਮੋਹ' ਦੀ
ਫਿਰ ਆਵੇਗੀ ਬਾਉਂ ਬਹੁਤ ਸਥੂਲ ਵੀ
ਕਰਨਾ ਮੋਹ ਪਿਆਰ ਸਵਾਰਥ ਰੱਖ ਕੇ.....
ਮਤਲਬ ਕਰਨੇ ਸਿੱਧ ਤਾਂ ਏ ਹੀਲੜਾ।
(ਉਹੀ,ਪੰਨਾ 132,ਪੰਕਤੀ 1123-1128)

187. ਪਸ਼ੂ ਬ੍ਰਿਤੀ ਦਾ ਪ੍ਰੇਮ ਹੈ ਧਾਰਵਾਂ
ਪਸ਼ੂਆਂ ਦੇ ਵਿਚਕਾਰ ਕਰੇ ਨਿਵਾਸ ਜੋ

(ਚਲਦਾ)

<u>ਗਿਆਨ</u> — ਪ੍ਰਕ੍ਰਿਤੀ ਦੇ ਤ੍ਰਿਗੁਣਾਤਮਕ ਗੁਣਾਂ ਦਾ ਜਿਉਂ ਜਿਉਂ ਅਨੁਭਵ ਹੁੰਦਾ ਹੈ, ਉਸੇ ਤਰ੍ਹਾਂ ਇਸ ਦੇ ਗਿਆਨ ਦਾ ਵਿਕਾਸ ਹੁੰਦਾ ਹੈ। ਜਦ ਮਾਨਵ ਨੂੰ ਤਮੋਗੁਣ ਦੀ ਸੂਝ ਦਾ ਅਨੁਭਵ ਹੁੰਦਾ ਹੈ, ਉਹ ਆਪਣੇ ਸਰੀਰ ਨੂੰ ਹੀ ਵਾਸਤਵਿਕ ਅਸਤਿਤਵ ਸਮਝਣ ਦਾ ਗਿਆਨ ਪ੍ਰਾਪਤ ਕਰਦਾ ਹੈ। ਇਹ ਅਨੁਭਵ ਜਦੋਂ ਰਜੋਗੁਣ ਤੋਂ ਪ੍ਰਭਾਵਿਤ ਹੁੰਦਾ ਹੈ, ਜੀਵ ਹੋਰਾਂ ਨਾਲ ਆਪਣੇ ਆਪ ਨੂੰ ਵੱਖਰਾ ਅਤੇ ਵੱਡਾ ਸਮਝ ਕੇ ਆਪਣੇ ਤੇ ਪਰਾਏ ਦਾ ਗਿਆਨ ਪ੍ਰਾਪਤ ਕਰਦਾ ਹੈ। ਜਦੋਂ ਸਤੋਗੁਣ ਦੇ ਕਾਰਨ ਉਸ ਨੂੰ ਸਾਤਵਿਕ ਅਨੁਭਵ ਨਾਲ ਪਰਿਚਯ ਹੁੰਦਾ ਹੈ, ਉਸ ਨੂੰ ਵਿਸ਼ਵ ਦੀ ਸਮ-ਰਸਤਾ ਦਾ ਗਿਆਨ ਮਿਲਦਾ ਹੈ। ਗੀਤਾ ਵਿਚ ਆਉਂਦਾ ਹੈ ਕਿ ਸਾਤਵਿਕ ਗਿਆਨ ਏਕਤਾ ਤੇ ਜ਼ੋਰ ਦਿੰਦਿਆਂ ਅਨੇਕਤਾ ਵਿਚ ਵੀ ਏਕਤਾ ਸਥਾਪਤ ਕਰਦਾ ਹੈ।[192] ਤ੍ਰਿਗੁਣਾਤਮਿਕ ਗਿਆਨ ਦੀ ਪ੍ਰਾਪਤੀ ਹੀ ਜੀਵ ਦਾ ਅੰਤਿਮ ਲਕਸ਼ ਨਹੀਂ, ਉਸ ਦਾ ਅਸਲੀ ਮਨੋਰਥ ਅਧਿਆਤਮਿਕ ਗਿਆਨ ਨੂੰ ਸਮਝਣਾ ਹੈ, ਜੋ ਆਤਮਾ ਦਾ ਸਰੂਪ ਹੈ ਅਤੇ ਆਤਮਾ ਤੋਂ ਅਭਿੰਨ ਹੈ।[193] ਇਸ ਅਧਿਆਤਮਿਕ ਗਿਆਨ ਅਤੇ ਸਾਧਾਰਣ ਭੌਤਿਕ ਗਿਆਨ ਵਿਚ ਬੜਾ ਅੰਤਰ ਹੈ।

ਭਾਈ ਸਾਹਿਬ ਸਪਸ਼ਟ ਭਾਂਤ ਮੰਨਦੇ ਹਨ ਕਿ ਸਿਰਫ਼ ਭੌਤਿਕ ਗਿਆਨ ਹੀ ਪ੍ਰਭੂ ਮਿਲਾਪ ਦਾ ਸਾਧਨ ਨਹੀਂ ਬਣ ਸਕਦਾ। ਅਨੰਤ ਦੀ ਪਛਾਣ ਕੇਵਲ ਸੋਚ ਦੇ ਆਧਾਰ ਤੇ ਨਹੀਂ ਕੀਤੀ ਜਾ ਸਕਦੀ। ਸਿਰਫ਼ ਸੋਚ ਤੋਂ ਸੋਚ ਨਿਕਲ ਕੇ ਸੋਚਾਂ ਦੀ ਜ਼ੰਜੀਰ ਹੀ ਬਣ ਜਾਂਦੀ ਹੈ।[194] ਜੋ ਸਚਾਈ ਦਾ ਗਿਆਨ ਦੇਣ ਦੀ ਥਾਂ ਇਸ ਨੂੰ ਹੋਰ ਉਲਝਾ ਦਿੰਦੀ ਹੈ। ਇਹ ਗਿਆਨ ਕੇਵਲ 'ਰੁੱਖ ਗਿਆਨ' ਦਾ ਰੂਪ ਧਾਰਦਾ ਹੈ। ਇਸ ਗਿਆਨ ਦੇ ਧਾਰਨੀ ਰੱਖੀ ਪ੍ਰੇਮ ਦੇ ਵੈਰਾਗ ਤੋਂ ਕੋਰੇ 'ਸਾਂਈਂ ਦੀ ਖਿੱਚ' ਨੂੰ ਮਹਿਸੂਸ ਨਹੀਂ ਕਰ ਸਕਦੇ।[195] ਸਿਰਫ਼

---

ਆਪਣੀ ਅਪਣੀ ਭਾਂਤਿ ਅਪਣੀ ਜਾਤ ਦੇ.....
ਫਿਰ ਜੋ ਜਾਯਾਂ ਨਾਲ ਕਰਦੇ ਪ੍ਰੇਮ ਓ
ਸਮਾਂ ਪਾਇ ਭੁਲ ਜਾਇ ਰਹੇ ਨ ਯਾਦ ਹੈ।
(ਰਾਣਾ ਸੂਰਤ ਸਿੰਘ, ਪੰਨਾ 132, ਪੰਕਤੀ 1140-1149)

188. 'ਬ੍ਰਿਤਿ ਬਨਸਪਤਿ ਪ੍ਰੇਮ 'ਹੈਵੇ ਬਾਰ੍ਹਵਾਂ''
ਇਕ ਦੂਏ ਤੋਂ ਦੂਰ ਬੂਟੇ ਬ੍ਰਿਛ ਜੋ.....
ਪਰ ਇਕ ਦੂਏ ਨਾਲ ਹਿਤ ਦੀ ਖਿੱਚ ਹੈ।
(ਉਹੀ, ਪੰਨਾ 133, ਪੰਕਤੀ 1153-56)

189. ਫਿਰ 'ਜੜ੍ਹ ਸ੍ਰਿਸ਼ਟੀ ਪ੍ਰੇਮ' ਹੈ ਵੇ ਤੇਰ੍ਹਵਾਂ
ਇਕ ਦੂਏ ਵਲ ਖਿੱਚ ਤਤ ਸੰਸਾਰ ਏ।
(ਉਹੀ, ਪੰਨਾ 133, ਪੰਕਤੀ 1169-1174)

190. ਜਿਸ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ। ਇੰਦ੍ਰੀ ਵਸਿ ਸਚ ਸੰਜਮ ਜੁਗਤਾ॥ (ਮਾਝ ਮਹਲਾ 3)

191. 'ਸਮੇਂ ਦੀ ਅਸਮੁਖਤਾ', 'ਖਾਲਸਾ ਸਮਾਚਾਰ, 19-9-1957, ਜਿਲਦ 58, ਅੰਕ ਨੰ: 43

192. ਭਗਵਦ ਗੀਤਾ, XVIII - 16

193. ਵਿਵੇਕਾ ਨੰਦ, ਗਿਆਨ ਯੋਗ, ਪੰਨਾ 310

(ਚਲਦਾ)

ਸ਼ਾਸਤ੍ਰਾਂ ਤੇ ਵੇਦਾਂ ਦਾ ਅਧਿਐਨ ਕਰਕੇ ਜੀਵ ਬੁੱਧੀ ਦੇ ਗਿਆਨ ਵਿਚ ਵਾਧਾ ਕਰ ਸਕਦਾ ਹੈ, ਪਰ ਜੇ 'ਅੱਖਰ' ਨਾਲ ਪਿਆਰ ਨਹੀਂ, ਇਹ ਪੰਡਤਾਈ ਵਾਲਾ ਗਿਆਨ ਵੀ ਅਗਿਆਨਤਾ ਵਿਚ ਬਦਲ ਜਾਂਦਾ ਹੈ।[196]

**ਸਿਰਫ਼ ਗਿਆਨ ਰਾਹੀਂ ਪ੍ਰਭੂ ਪ੍ਰਾਪਤੀ ਅਸੰਭਵ** — ਸਿਰਫ਼ ਗਿਆਨ ਤੇ ਕਰਮ-ਕਾਂਡ ਰਾਹੀਂ ਪ੍ਰਭੂ ਪ੍ਰਾਪਤੀ ਅਸੰਭਵ ਹੈ। ਇਸੇ ਲਈ ਭਾਈ ਸਾਹਿਬ ਕੋਰੇ ਗਿਆਨ ਤੋਂ ਤੋਬਾ ਕਰਦੇ ਹਨ:

'ਬੈਠ ਕੇ ਗਿਆਨੀ ਬੁੱਧੀ-ਮੰਡਲੇ ਦੀ ਕੈਦ ਵਿਚ
'ਵਲਵਲੇ ਦੇ ਦੇਸ਼' ਸਾਡੀਆਂ ਲਗ ਗਈਆਂ ਯਾਰੀਆਂ।[197]

ਭਗਵਦ ਗੀਤਾ ਵਿਚ ਕਈ ਥਾਈਂ ਸਪਸ਼ਟ ਕੀਤਾ ਗਇਆ ਹੈ ਕਿ ਸਿਰਫ਼ ਵੇਦ-ਅਧਿਐਨ, ਦਾਨ ਪੁੰਨ ਦੇ ਕਰਮਾਂ ਨਾਲ ਆਤਮ-ਦਰਸ਼ਨ ਕਦੇ ਸੰਭਵ ਨਹੀਂ।[198] ਕੇਵਲ ਬੁੱਧੀ ਦੇ ਗਿਆਨ ਦੇ ਆਧਾਰ ਤੇ ਸੋਚਣ ਵਾਲੇ ਜੀਵਨ-ਰਹੱਸ ਨੂੰ ਸਮਝਦੇ ਅਜੇਹੇ ਉਲਝ ਜਾਂਦੇ ਹਨ ਕਿ ਉਨ੍ਹਾਂ ਦਾ ਜੀਵਨ ਰਸ ਵਿਹੀਣ ਅਤੇ ਪ੍ਰੇਮ ਤੋਂ ਖੋਖਲਾ ਹੋ ਜਾਂਦਾ ਹੈ।[199] ਇੱਥੋਂ ਤਕ ਕਿ ਜਿਸ ਵੀ ਵਿਚਾਰਧਾਰਾ ਨੇ ਅੰਤਿਮ ਅਸਲੀਅਤ ਨੂੰ ਗਿਆਨ ਦੇ ਆਧਾਰ ਤੇ ਸਮਝਣ ਦਾ ਯਤਨ ਕੀਤਾ ਹੈ, ਉਹ ਅੰਤ ਵਿਚ ਅਨੰਤ ਦੀ ਹੋਂਦ ਤੋਂ ਹੀ ਮੁਨਕਰ ਹੋ ਗਈ ਹੈ ਜਾਂ ਉਸ ਦੀ ਹੋਂਦ ਬਾਰੇ ਮੋਨ ਹੋ ਗਈ ਹੈ। ਬੁੱਧ ਮੱਤ ਤੇ ਜੈਨ ਮੱਤ ਅਜੇਹੀਆਂ ਹੀ ਉਦਾਹਰਣਾਂ ਹਨ। ਸ਼ੰਕਰਾਚਾਰੀਆ ਵੀ ਅਦਵੈਤਵਾਦ ਰਾਹੀਂ ਆਤਮਾ ਤੇ ਪਰਮਾਤਮਾ ਦੀ ਅਸਲੀਅਤ ਨੂੰ ਸਪਸ਼ਟ ਕਰ ਲੈਂਦੇ ਹਨ ਪਰ ਗਿਆਨ-ਬੱਧ ਹੋ ਕੇ ਅਨੰਤ ਦੀ ਰੰਚਿਤ ਸ੍ਰਿਸ਼ਟੀ ਨੂੰ ਮਿਥਿਆ ਕਹਿਕੇ ਉਹ ਵੀ ਕੁਝ ਅਸਪਸ਼ਟ ਜਹੇ ਹੋ ਜਾਂਦੇ ਹਨ। ਭਾਈ ਸਾਹਿਬ ਬਿਨਾ ਕਿਸੇ ਸੰਕੋਚ ਦੇ ਮੰਨਦੇ ਹਨ ਕਿ ਕਰਤੇ ਦੀ ਰਚਨਾ ਮਿਥਿਆ ਨਹੀਂ। 'ਰਾਣਾ ਸੂਰਤ ਸਿੰਘ' ਵਿਚ ਜਦ ਗਿਆਨੀ ਵੇਦਾਂਤ ਦੇ ਵਿਚਾਰਾਂ ਅਨੁਸਾਰ ਰਾਣੀ ਰਾਜ ਕੌਰ ਨੂੰ ਮਿਥਿਆਵਾਦ ਦਾ ਉਪਦੇਸ਼ ਦਿੰਦਾ ਹੈ, ਉਹ ਉਸ ਨੂੰ ਕਹਿੰਦੀ ਹੈ:-

---

194. ਸੋਹੋ ਸੋਚ ਨਿਕਾਸ ਹੁੰਦਾ ਜਾਂਵਦਾ,
ਬਣਦਾ ਜਾਇ ਜ਼ੰਜੀਰ ਵਧਦਾ ਮੁਰਕਣਾ।
(ਰਾਣਾ ਸੂਰਤ ਸਿੰਘ, ਪੰਨਾ 10, ਪੰਕਤੀ 26-27)

195. ਇਕ ਹੈ ਕੂੜ ਗਿਆਨ ਬਹਿਸਾਂ ਵਾਸਤੇ
ਜਿਸ ਨੂੰ ਸਿਖਦੇ ਲੋਕ ਕਰਨੀ ਹੀਨ ਜੋ,
ਇਹਨਾ ਨਹੀਂ ਵਿਵੇਕ ਅਸਲੀ ਪਾਇਆ
ਨਾ ਹਿਰਦੇ ਵੈਰਾਗ ਆਇਆ ਹੈ ਕਦੇ:
ਨਾ ਸਾਂਈਂ ਦੀ ਖਿੱਚ ਡਿੱਠੀ ਹੈ ਇਨ੍ਹਾਂ।
(ਉਹੀ, ਪੰਨਾ 125, ਪੰਕਤੀ 700-704)

196. ਅੱਖਰਾਂ ਪਾਲੋਂ ਬੁਧਿ ਸ਼ਪਾਣੀ ਪੰਡਤਾਂ;
ਅੱਖਰ ਨਾਲ ਪਿਆਰ ਕਰ ਨ ਜਾਣਦੇ।
(ਉਹੀ, ਪੰਨਾ 138, ਪੰਕਤੀ 198-99)

197. ਵਲਵਲਾ, ਬਿਜਲੀਆਂ ਦੇ ਹਾਰ, ਪੰਨਾ 10

198. ਗੀਤਾ, 11-53, 18-56, 58-66

199- 'ਕਿਉਂ ਹੋਯਾ ? ਤੇ ਕੀਕੂੰ ਹੋਯਾ? ਖਪ ਖਪ ਮਰੇ ਸਿਆਣੇ,-
ਉਸੇ ਰਾਹ ਪਵੇ ਕਿਉਂ ਜਿੰਦੇ ! ਜਿਸ ਰਾਹ ਪੂਰ ਮੁਹਾਣੇ। (ਹੋਸ਼ ਮਸਤੀ, ਲਹਿਰਾਂ ਦੇ ਹਾਰ, ਪੰ:16)

'ਝੂਠਾ ਹੈ ਜੋ ਜੱਗ ਹੈ ਪਯਾ ਝੂਠੜਾ;
ਤੂੰ ਬੀ ਸੱਚਾ ਨਾਹਿ ਵਿਚ ਇਸ ਜੱਗ ਦੇ।
ਤੇਰਾ ਜੀ ਜੋ ਗਯਾਨ ਝੂਠਾ ਹੋਵਸੀ।[200]

ਗੁਰਮਤਿ ਵਿਚ ਵੀ ਅਧਿਆਤਮਿਕ ਲਕਸ਼ ਆਤਮ-ਪਰਿਚਯ ਤੋਂ ਉਪਰੰਤ ਬ੍ਰਹਮ ਲੀਣਤਾ ਹੈ,[201] ਪਰ ਏਕਤਾ ਵਿਚ ਅਨੇਕਤਾ ਵੇਖਣ ਦਾ ਢੰਗ ਇਸ ਵਿਚ ਸ਼ੰਕਰ ਦੇ ਮੱਤ ਨਾਲੋਂ ਵੱਖਰਾ ਹੈ। ਇੱਥੇ ਪ੍ਰਭੂ ਦੀ ਪਰਮ-ਸੱਤਾ ਨੂੰ ਸਵੀਕਾਰ ਕਰਕੇ ਉਸ ਦੀ ਰਚਿਤ 'ਅਨੇਕਤਾ' ਨੂੰ ਮਿਥਿਆ ਜਾਂ ਭਰਮ ਨਹੀਂ ਕਹਿਆ ਗਇਆ, ਸਗੋਂ ਇਸ ਦੀ ਹੋਂਦ ਨੂੰ ਪ੍ਰਭੂ ਦੇ ਹੁਕਮ ਵਿਚ ਹੋਇਆ ਦੱਸਿਆ ਹੈ। ਇੱਥੇ ਵਿਸ਼ਵ ਦੀ ਸਾਰਥਕਤਾ ਸਤ ਵੀ ਹੈ ਤੇ ਅਸਤ ਵੀ। ਸ੍ਰਿਸ਼ਟੀ ਦੀ ਹੋਂਦ ਪ੍ਰਭੂ ਦੇ ਹੁਕਮ ਵਿਚ ਹੈ, ਇਸ ਲਈ ਇਹ ਸਤ ਹੈ ਅਤੇ ਇਸੇ ਵਿਚ ਜੀਵ ਪ੍ਰਭੂ ਨੂੰ ਯਾਦ ਕਰਕੇ ਸੱਚੇ ਮਾਰਗ ਦੀ ਪਛਾਣ ਕਰ ਸਕਦਾ ਹੈ। ਪਰ ਜਦ ਜੀਵ ਵਿਸ਼ਵ ਦੀਆਂ ਖਿੱਚਾਂ ਵਿਚ ਫਸ ਕੇ ਸੱਚੇ ਗਿਆਨ ਦੀ ਅਵਗਿਆ ਕਰਦਾ ਹੈ, ਉਹੀ ਵਿਸ਼ਵ ਉਸ ਲਈ ਅਸਤ ਜਾਂ ਮਾਇਆ ਬਣ ਜਾਂਦਾ ਹੈ। ਇਸੇ ਲਈ ਗੁਰਮੁਖ ਇਸੇ ਚੀਜ਼ ਨੂੰ ਸਮਝ ਕੇ ਪਰਮਪਦ ਦਾ ਗਿਆਨ ਪ੍ਰਾਪਤ ਕਰਕੇ ਹੁਕਮ ਵਿਚ ਕਾਰਜ ਕਰਦਾ ਹੈ। ਦੁੱਖ ਦਾ ਨਾਸ਼ ਕਰਨਾ ਅਤੇ ਪਰਉਪਕਾਰ ਉਸ ਦਾ ਸੁਭਾਵਿਕ ਕਰਮ ਹੋ ਜਾਂਦਾ ਹੈ।[202] ਭਾਈ ਸਾਹਿਬ ਸਮਝਾਉਂਦੇ ਹਨ ਕਿ ਸੱਚਾ ਗਿਆਨ ਸੰਸਾਰ-ਤਿਆਗ ਦਾ ਉਪਦੇਸ਼ ਨਹੀਂ ਦਿੰਦਾ। ਇਸ ਦੀ ਰੋਸ਼ਨੀ ਨਾਲ ਜੀਵ ਜੀਵਨ ਵਿਚ ਵਿਚਰਦਿਆਂ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ।[203]

<u>ਆਤਮਿਕ ਗਿਆਨ ਤੇ ਮਨ-ਸੰਜਮ</u>— ਸੱਚੇ ਆਤਮਿਕ ਗਿਆਨ ਦੀ ਪ੍ਰਾਪਤੀ ਲਈ ਇੰਦ੍ਰੀਆਂ, ਬੁੱਧੀ ਅਤੇ ਮਨ ਤਿੰਨਾਂ ਨੂੰ ਸੰਜਮ ਵਿਚ ਲਿਆਉਣ ਦੀ ਲੋੜ ਹੈ। ਇਸ ਅਨੁਭਵ ਲਈ ਹਿਰਦੇ ਤੋਂ ਕੋਰੇ ਇਲਮ ਦੀ ਮੈਲ ਲਾਹ ਕੇ 'ਅਮਲ' ਦੀ ਪੁੱਠ ਦੇਣ ਦੀ ਲੋੜ ਹੈ।

---

200. ਰਾਣਾ ਸੂਰਤ ਸਿੰਘ, ਪੰਨਾ- 139, ਪੰਕਤੀ 230-233

201. ਆਪੁ ਬੀਚਾਰੈ ਸੁ ਗਿਆਨੀ ਹੋਇ॥ (ਗਉੜੀ ਮਹਲਾ ੧)

202. ਭਾਈ ਜੋਧ ਸਿੰਘ, ਗੁਰਮਤਿ ਨਿਰਣੈ, ਪੰਨਾ 99

203. ਜਦ ਆਈ ਹੈ ਸੂਝ ਇਨ੍ਹਾਂ ਗਿਆਨ ਦੀ
ਰੋਟੀ ਛੱਡੀ ਨਾਹਿੰ ਮੂਲੋਂ ਖਾਵਣੀ,
ਕਪੜੇ ਛਡਣ ਨਾਹਿੰ ਪਾਣੀ ਪੀਵਣਾ
ਰਸ ਕਸ ਭੋਗਣ ਭੋਗ, ਸੌਂਦੇ ਜਾਗਦੇ

(ਰਾਣਾ ਸੂਰਤ ਸਿੰਘ, ਪੰਨਾ-126, ਪੰਕਤੀ 705-708)

ਮਲ ਮਲ ਕੇ ਫਿਰ ਧੋਤਾ ਇਸ ਨੂੰ ਮੈਲ ਇਲਮ ਦੀ ਲਾਹੀ:
ਦੇਖੋ ਇਹ ਕਰਤੌਲ ਲਿਸ਼ਕਿਆ; ਕੰਚਨ ਵਾਂਗ ਇਲਮ ਖਿੜਿਆ।[204]

ਇਸ ਅਵਸਥਾ ਵਿਚ ਸਭ ਸ਼ੰਕੇ ਤੇ ਭੁਲੇਖੇ ਦੂਰ ਹੋ ਜਾਂਦੇ ਹਨ ਅਤੇ ਅਨੰਦ-ਮਈ ਅਵਸਥਾ ਵਿਚ 'ਅਮਰ ਰਸ' ਦੇ ਝੂਟੇ ਆਉਂਦੇ ਹਨ।[205]

ਭਾਈ ਸਾਹਿਬ ਸਪਸ਼ਟ ਕਰਦੇ ਹਨ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਸੱਚੇ ਗਿਆਨ ਬਗੈਰ ਜੀਵਨ ਦੇ ਅਸਲੀ ਸਰੂਪ ਦਾ ਗਿਆਨ ਪ੍ਰਾਪਤ ਨਹੀਂ ਹੁੰਦਾ, ਪਰ ਸਿਰਫ਼ ਬਾਹਰਮੁਖੀ ਭੌਤਿਕ ਗਿਆਨ ਹੀ ਸੱਚਾ ਗਿਆਨ ਨਹੀਂ। ਸੱਚਾ ਗਿਆਨ 'ਇਲਮ ਤੇ ਅਮਲ' ਦਾ ਸੁਮੇਲ ਹੈ। ਇਹ ਸਾਧ੍ਯ ਨਹੀਂ, ਸਗੋਂ ਇਕ ਸਾਧਨ ਹੈ, ਜਿਸ ਨੂੰ ਹੋਰ ਗੁਣਾਂ ਨਾਲ ਮਿਲਾ ਕੇ ਜੀਵਨ ਦੇ ਸੱਚੇ ਆਦਰਸ਼ ਨੂੰ ਸਮਝਿਆ ਜਾ ਸਕਦਾ ਹੈ।

<u>ਅਧਿਆਤਮਿਕ ਗਿਆਨ ਦੀਆਂ ਪੰਜ ਸਥਿਤੀਆਂ</u> — ਭਾਈ ਸਾਹਿਬ ਨੇ ਗਿਆਨ ਦੇ ਵਿਸ਼ਲੇਸ਼ਣ ਦੇ ਨਾਲ ਹੀ ਅਧਿਆਤਮਿਕ ਗਿਆਨ ਦੀਆਂ ਪੰਜ ਸਥਿਤੀਆਂ ਦਾ ਉਲੇਖ ਵੀ ਕੀਤਾ ਹੈ। ਸੂਫ਼ੀਆਂ ਵਿਚ ਸਸੀਮਤਾ ਤੋਂ ਅਸੀਮਤਾ ਤਕ ਗਿਆਨ ਪ੍ਰਾਪਤੀ ਲਈ ਚਾਰ ਸਥਿਤੀਆਂ: ਸ਼ਰੀਅਤ, ਤਰੀਕਤ, ਹਕੀਕਤ ਅਤੇ ਮਾਰਫ਼ਤ ਸਵੀਕਾਰ ਕੀਤੀਆਂ ਗਈਆਂ ਹਨ।[206] ਗੁਰੂ ਨਾਨਕ ਦੇਵ ਜੀ ਨੇ ਵੀ ਜਪੁਜੀ ਦੀ 33ਵੀਂ ਤੋਂ 37ਵੀਂ ਪਉੜੀ ਵਿਚ ਆਤਮਿਕ ਗਿਆਨ ਪ੍ਰਾਪਤੀ ਦੇ ਪੰਜ ਪੜਾਅ: ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਅਤੇ ਸੱਚ ਖੰਡ ਦੱਸੇ ਹਨ। ਇਸੇ ਆਧਾਰ ਤੇ ਭਾਈ ਸਾਹਿਬ ਨੇ ਵੀ 'ਰਾਣਾ ਸੂਰਤ ਸਿੰਘ' ਵਿਚ ਇਨ੍ਹਾਂ ਪੜਾਵਾਂ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਲਈ ਸਵੀਕਾਰ ਕੀਤਾ ਹੈ।

ਭਾਈ ਸਾਹਿਬ ਦਸਦੇ ਹਨ ਕਿ ਧਰਮ ਖੰਡ ਤੋਂ ਭਾਵ ਇਹ ਦੁਨੀਆਂ ਹੈ, ਜਿਥੇ ਜੀਵ ਸਤ ਕਰਮੀ ਬਣ ਕੇ ਪ੍ਰਭੂ ਦੀ ਖੋਜ ਸ਼ੁਰੂ ਕਰਦਾ ਹੈ। ਇਥੇ ਹੀ ਮਾਨਵ ਗਿਆਨ ਖੇਤਰ ਵਿਚ ਪਹੁੰਚਦਾ ਹੈ। ਗਿਆਨ-ਖੰਡ ਵਿਚ ਪ੍ਰਵੇਸ਼ ਕਰਕੇ ਜੀਵ ਪ੍ਰਭੂ ਤੇ ਸ੍ਰਿਸ਼ਟੀ ਦੀ ਅਨੰਤਤਾ ਅਤੇ ਆਪਣੀ ਸੀਮਤ ਹੋਂਦ ਦੇ ਅਨੁਭਵ ਨੂੰ ਪ੍ਰਾਪਤ ਕਰਦਾ ਹੈ।[207] ਇਹ ਗਿਆਨ ਸਾਧਕ ਨੂੰ ਸਰਮ ਖੰਡ ਵਿਚ ਲੈ ਜਾਂਦਾ ਹੈ। ਗਿਆਨ ਪ੍ਰਾਪਤ ਕਰਕੇ

---

204. 'ਇਲਮ- ਅਮਲ', ਲਹਿਰਾਂ ਦੇ ਹਾਰ, ਪੰਨਾ 23
205. ਇਹ ਇਕ ਬੂੰਦ ਸੁਰਾਹੀਓਂ ਸਾਨੂੰ ਸੌ ਸਮੁੰਦਰ ਥੋੜੇ,
ਬੇਪ੍ਰਵਾਹੀਆਂ ਦੇ ਰਾਜ ਅਰਸ਼ ਤੇ ਆਸ ਬਖ਼ਸ਼ੀ ਤੋੜੇ,
ਰੰਗ ਸੁਹਾਵੇ ਤੇ ਨੈਣਾਂ ਪੀਂਘ ਝੂਟੇ ਆਨੰਦੀ,
ਆਣ ਝੁਲਾਵੇ ਅਮਰ ਸੁਖਾਂ ਦੇ ਸੁਹਨ ਨ- ਥੈਸਾ ਜੋੜੇ।(ਅਮਰ ਰਸ, ਲਹਿਰਾਂ ਦੇ ਹਾਰ, ਪੰਨਾ 14)
206. " There are four paths or stages that lead a person into spiritual knowledge from the limited to the unlimited."
( In an Eastern Rose Garden-Published by the Sufi Movement, P. 47 )
207. 'ਸਰਮ ਖੁਧਿ, ਧਨ ਜੋਰ ਹੋਇਆ ਰੂਪ ਸੀ......
' ਏ ਹੈ ਗਿਆਨ ਸੁ ਖੰਡ ਮਨ ਦਾ ਚਾਉ ਹੈ;
' ਸਮਝ ਨ ਹੈ ਇਕ ਨੇਤ- ਵਖਯਾਨ ਸਾਰੇ।'(ਰਾਣਾ ਸੂਰਤ ਸਿੰਘ, ਪੰਨਾ 25, ਪੰਕਤੀ 155-68)

ਵਿਸ਼ਵ ਦੀ ਅਨੰਤਤਾ ਦੀ ਜਾਣਕਾਰੀ ਲਈ ਮਿਹਨਤ ਦੀ ਲੋੜ ਹੁੰਦੀ ਹੈ। ਸਰਮ ਦੇ ਇਸ ਖੰਡ ਵਿਚ ਗਿਆਨ ਨੂੰ ਸ਼ਰਧਾ, ਵਿਸ਼ਵਾਸ਼ ਤੇ ਪ੍ਰੇਮ ਦੀ ਲੋਅ ਵਿਚ ਰੱਖ ਕੇ ਜੀਵ ਮਿਹਨਤ ਦੁਆਰਾ ਸਚਾਈ ਦੀ ਖੋਜ ਕਰਦਾ ਹੈ।[208] ਇਸ ਅਭਿਆਸ ਵਿਚ ਜੀਵ ਨੂੰ ਇਕ ਅਨੰਦ ਆਉਂਦਾ ਹੈ। ਇਹ ਸਥਾਨ ਆਤਮਾ ਅਤੇ ਮਨ ਨੂੰ ਪਵਿੱਤਰ ਕਰਨ ਦਾ ਸਥਾਨ ਹੈ। ਇਹ ਪ੍ਰਾਪਤੀ ਜੀਵ ਨੂੰ ਕਰਮ (ਦਇਆ, ਕ੍ਰਿਪਾ, ਰਹਮ ਤੇ ਬਖਸ਼ਿਸ਼) ਦੇ ਖੰਡ ਵਿਚ ਲੈ ਜਾਂਦੀ ਹੈ।[209] ਇਸ ਖੰਡ ਤੋਂ 'ਅਪਾਰ ਬਖਸ਼ਿਸ਼' ਦਾ ਪਾਤਰ ਸੱਚ ਖੰਡ ਦੀ ਅਵਸਥਾ ਵਿਚ ਪਹੁੰਚਦਾ ਹੈ, ਜਿਥੇ ਅਕਾਲ ਪੁਰਖ ਦਾ ਟਿਕਾਣਾ ਹੈ। ਇਸ ਸਥਿਤੀ ਨੂੰ ਪ੍ਰਾਪਤ ਕਰਕੇ ਜੀਵ ਦੇ ਹਿਰਦੇ ਵਿਚ ਆਤਮ ਪ੍ਰਕਾਸ਼ ਦਾ ਗਿਆਨ ਸਚਾਈ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਇਸੇ ਅਵਸਥਾ ਤੇ ਆ ਕੇ ਸਪਸ਼ਟ ਹੁੰਦਾ ਹੈ ਕਿ ਸੱਚ ਖੰਡ ਦਾ ਦੇਸ਼ ਸਾਡੀ ਅੰਤਰ- ਆਤਮਾ ਵਿਚ ਹੀ ਹੈ[210] ਅਤੇ ਸੱਚ ਖੰਡ ਕੋਈ ਬਾਹਰਲਾ ਦੇਸ਼ ਨਹੀਂ, ਸਗੋਂ ਆਤਮਾ ਦੀ ਹੀ ਇਕ ਅਵਸਥਾ ਹੈ। ਇਸ ਨੂੰ ਮੌਤ ਤੋਂ ਬਾਅਦ ਨਹੀਂ, ਜੀਵਨ ਵਿਚ ਰਹਿੰਦਿਆਂ ਅਨੁਭਵ ਕੀਤਾ ਜਾ ਸਕਦਾ ਹੈ।[211] ਜੋ ਇਸ ਗਿਆਨ ਨੂੰ ਸਮਝ ਲੈਂਦੇ ਹਨ, ਉਹ ਪ੍ਰਭੂ ਨੂੰ ਪ੍ਰਾਪਤ ਕਰ ਲੈਂਦੇ ਹਨ।

<u>ਜੋਗ</u> — ਜੋਗ ਵਿਚ ਪਤੰਜਲੀ ਦੇ ਯੋਗ- ਸ਼ਾਸਤ੍ਰ ਦਾ ਵਿਸ਼ੇਸ਼ ਸਥਾਨ ਹੈ, ਜਿਸ ਵਿਚ ਕਰਮ ਗਿਆਨ ਤੇ ਭਗਤੀ ਤੋਂ ਛੁੱਟ ਸਰੀਰਕ ਕਿਰਿਆਵਾਂ ਦੁਆਰਾ ਅਨੰਤ ਦੀ ਪਛਾਣ ਦਾ ਰਸਤਾ ਦੱਸਿਆ ਗਇਆ ਹੈ।[212] ਭਾਰਤ ਦੀਆਂ ਕਈ ਸੰਪਰਦਾਵਾਂ: ਸਿੱਧਾਂ, ਨਾਥ ਜੋਗੀਆਂ ਅਤੇ ਤਾਂਤ੍ਰਿਕਾਂ ਨੇ ਸਰੀਰਕ ਕਿਰਿਆਵਾਂ ਅਥਵਾ ਹਠ-ਜੋਗ ਦਾ ਆਸਰਾ ਲਇਆ ਹੈ। ਇਨ੍ਹਾਂ ਵਿਚ ਸਰੀਰਕ ਕਿਰਿਆਵਾਂ ਦਾ ਨਿਸ਼ਾਨਾ ਵੀ ਅਧਿਆਤਮਿਕ ਅਤੇ ਮਾਨਸਿਕ ਕਿਰਿਆਵਾਂ ਦਾ ਵਿਕਾਸ ਰਹਿਆ ਹੈ। ਪਰ ਗੁਰਮਤਿ ਵਿਚ ਹਠ ਜੋਗ ਦਾ ਜੋ ਸਰੂਪ ਸਿੱਧਾਂ ਤੇ ਜੋਗੀਆਂ ਨੇ ਅਪਣਾਇਆ ਸੀ, ਨੂੰ ਪ੍ਰਵਾਨ ਨਹੀਂ ਕੀਤਾ ਗਇਆ। ਗੁਰਮਤਿ ਵਿਚ ਜੋਗ ਤੋਂ ਭਾਵ ਗੁਰੂ- ਸ਼ਬਦ ਨੂੰ ਪਛਾਣ ਕੇ ਦੁਨੀਆਂ ਵਿਚ ਵਿਚਰਦਿਆਂ ਹੀ ਅੰਤਰ- ਕੰਵਲ ਖਿੜਾਉਣ ਤੋਂ ਹੈ।[213]

---

208. 'ਸੁਰਤਿ, ਮਤਿ, ਮਨ, ਬੁਧਿ, ਸੁਧਿ ਸਭ ਏਸ ਥਾਂ
ਘੜੀਆਂ, ਅੰਮੀ ਜਾਣ, ਆਖ ਨ ਮੈਂ ਸਕਾਂ.....
'ਸਰਮ ਖੰਡ ਵਿਚ ਦੇਹ ਸਾਡੀ ਸੀ ਬਣੀ
ਉਹ ਬਦਲੀ ਹੁਣ ਹੋਰ ਹੋਈ ਸੁਖਾਂਮੀ (ਰਾਣਾ ਸੂਰਤ ਸਿੰਘ, ਪੰਨਾ 26, ਪੰਕਤੀ 206-234)

209. 'ਕਰਮ ਖੰਡ' ਇਸ ਨਾਉਂ ਦਸਿਆ ਭੇਣ ਨੇ।
ਬਖਸ਼ਿਸ਼ ਕਰਨ ਅਪਾਰ ਪੁਰਖ ਜਾਕਰੇ
ਵਸਦਾ ਸੀ ਇਸ ਥਾਉਂ ਨਿਰ ਪਾਰ ਹੈ। (ਉਹੀ, ਪੰਨਾ 27, ਪੰਕਤੀ 253-255)

210. ਸਚ ਖੰਡ ਦਾ ਦੇਸ਼ ਸਾਡਾ ਦੇਸ਼ ਹੈ;
ਹੋਵੇ ਉਸ ਦਾ ਵਾਸ ਸਾਡੇ ਅੰਦਰੇ। (ਉਹੀ, ਪੰਨਾ 195- ਪੰਕਤੀ 504-5)

211. ਸਚ ਖੰਡ ਹੈ ਦੇਸ਼, ਕਹਿਣਾ ਨ ਬਣੇ
ਅਹੇ ਅਵਸਥਾ ਇਕ, ਕਿਹਾ ਨ ਜਾਂਵਦਾ। (ਉਹੀ, ਪੰਨਾ 210, ਪੰਕਤੀ 394-395)

212. " Yoga, according to Patanjali is a methodical effort to attain perfection through the control of different elements of human nature, physical and psychical."
( Dr. Radhakrishnan, Indian Philosophy, Vol.II, P. 336)

<u>ਜੋਗ ਤੇ ਹਠ</u> — ਗੁਰਮਤਿ ਦੀ ਭਾਂਤੀ ਭਾਈ ਸਾਹਿਬ ਵੀ ਸਵੀਕਾਰ ਕਰਦੇ ਹਨ ਕਿ ਸਰੀਰ ਨੂੰ ਦੁੱਖ ਦੇਣ ਨਾਲ ਹੀ ਪ੍ਰਭੂ ਨਹੀਂ ਮਿਲਦਾ। 'ਰਾਣਾ ਸੂਰਤ ਸਿੰਘ' ਵਿਚ ਪਹੀ ਦੇ ਪਿਤਾ ਕਈ ਵਰ੍ਹੇ ਹਠ ਜੋਗ ਦੀ ਕਿਰਿਆ ਛਿਲਾ ਕੇ ਅੰਤ ਵਿਚ ਰੱਬੀ- ਮਿਲਾਪ ਤੋਂ ਵਿਹੂਣਾ ਸਮਝ ਕੇ ਪਛਤਾਉਂਦੇ ਹਨ।[214] ਅਸਲੀ ਜੋਗ ਸੰਜੋਗ ਦਾ ਕਾਰਨ ਹੈ, ਜੋ ਜੋਗ ਜੀਵਨ ਨਾਲੋਂ ਤੋੜ ਕੇ ਰੱਬ ਤੋਂ ਵੀ ਤੋੜੀ ਰੱਖੇ, ਉਹ ਜੋਗ ਭੁਲੇਖਾ ਹੈ।[215] ਭਾਈ ਸਾਹਿਬ ਵਧੇਰੇ ਜ਼ੋਰ ਅੰਤਰ- ਕੰਵਲ ਨੂੰ ਖਿੜਾਉਣ ਤੇ ਦਿੰਦੇ ਹਨ, ਦੁਨੀਆਂ ਦੇ ਤਿਆਗ ਅਤੇ ਹਠ ਰਸ ਉੱਤੇ ਨਹੀਂ:

ਨਾ ਕਰ ਤਪ ਸਿੰਗੀ ਰਿਖ ਹਠੀਏ ! ਰੁਸ ਨ ਕੁਦਰਤ ਨਾਲੋਂ,
ਲੁਕਵੇਂ ਤੇਜ ਵਸਣ ਇਸ ਅੰਦਰ, ਸੂਖਮ ਹਨ ਜੋ ਵਾਲੋਂ,
ਹਠ ਤੋਂ ਟਪ, ਰੰਗੀਜ ਰੰਗ ਵਿਚ ਰਸੀਆ ਹੋ ਰਸ ਜਿਤੀਂ
ਇਕ ਝਲਕਾਰੇ ਵਿਚ ਨਹੀਂ ਏ ਗੁਆ ਦੇਸਣ ਇਸ ਹਾਲੋਂ।[216]

<u>ਹਠ- ਰਸ ਵਿਚ ਦੁਵੱਲੀ ਝਾਕ</u> — ਸੰਸਾਰ ਦਾ ਤਿਆਗ ਕਰਕੇ ਹਿਰਦੇ ਵਿਚ ਦੁਵੱਲੀ- ਝਾਕ ਰਹਿੰਦੀ ਹੈ। ਸਰੀਰਕ ਲੋੜਾਂ ਦੀ ਪੂਰਤੀ ਲਈ ਦੁਨੀਆਂ ਦੀ ਲੋੜ ਮਹਿਸੂਸ ਹੁੰਦੀ ਹੈ, ਇਸ ਲਈ ਬਿਰਤੀ ਤਿਆਗ ਵਿਚ ਪੂਰੀ ਤਰ੍ਹਾਂ ਟਿਕ ਨਹੀਂ ਸਕਦੀ।[217] ਹਠ- ਜੋਗ ਸਾਧਨਾਂ ਨਾਲ ਸਰੀਰ ਨੂੰ ਅਰੋਗ ਰੱਖ ਕੇ ਕੁਝ ਆਰਜਾ ਭਾਵੇਂ ਵਧਾ ਲਈ ਜਾਏ, ਅੰਦਰੋਂ ਪ੍ਰੇਮ ਪੈਦਾ ਹੋਣਾ ਜ਼ਰੂਰੀ ਨਹੀਂ।[218] ਭਾਈ ਸਾਹਿਬ ਇੱਥੋਂ ਤਕ ਸਮਝਾਉਂਦੇ ਹਨ ਕਿ ਗ੍ਰਿਹਸਤ ਦੇ ਤਿਆਗ ਨਾਲ ਤਾਂ ਦਰਗਾਹ ਵਿਚ ਵੀ ਕਬੂਲੀ ਨਹੀਂ ਹੁੰਦੀ:

'ਛੱਡ ਦਏ ਜੇ ਰਾਜ ਖੂੰਜੇ ਜਾ ਬਹੇਂ,
'ਜੋਗੀ ਜਾਵੇਂ ਹੋਇ ਇੰਦ੍ਰੇ ਮਾਰਿ ਕੇ
'ਦਰਗਾਹ ਨਾਹਿੰ ਕਬੂਲ ਮੂਲੋਂ ਤੂੰ ਪਵੇਂ,
'ਗ੍ਰਿਹਸਤ- ਮਾਹਿ ਨਿਰਬਾਣ ਜੇ ਤੂੰ ਤਾਂ ਰਹੇ।[219]

---

213. ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ॥
ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ॥ (ਰਾਮਕਲੀ ਮਹਲਾ ੧, ਸਿਧ ਗੋਸਟਿ, [illegible]
214. ਕਹਿੰਦੇ - 'ਲੋੜਾਂ ਕੀ, ਕੰਨ ਪੜਵਾਇਕੇ ?
" ਦੇਹੀ ਨੂੰ ਦੁਖ ਦੇਇ ਦੇਹੀ ਸੁੱਖ ਨੂੰ
" ਤ੍ਰਿੰਠਾ ਕੇਵਲ ਹਾਇ! ਰਬ ਨ ਲੱਭਿਆ
"ਉਮਰ ਭੋਗ ਲਈ ਫੇਰ ਮਿਲਿਆ ਓ ਨਹੀਂ"। (ਰਾਣਾ ਸੂਰਤ ਸਿੰਘ, ਪੰਨਾ 68, ਪੰਕਤੀ 162-165)
215. ਜੋਗ ਜਾਣੀਏ ਜੋੜ ਕਰੇ ਸੰਜੋਗ ਜੋ
ਓਹੋ ਖਰਾ ਅਜੋਗ ਕਰੇ ਵਿਜੋਗ ਜੋ। (ਉਹੀ, ਪੰਨਾ 140, ਪੰਕਤੀ- 338-339)
216. 'ਹਠ-ਰਸ', ਲਹਿਰਾਂ ਦੇ ਹਾਰ, ਪੰਨਾ 17
217. ਤਟ ਤੇ ਬੈਠ ਮੁਨੀ ਜੋ ਥੱਕੇ ਦੁਹੁ ਵਲੀ ਹੀ ਝਾਕ ਰਹੇ,—
ਥਲ ਵੰਨੇ ਫਿਰ ਜਲ ਵੰਨੇ ਤੇ ਫਿਰ ਥਲ ਫਿਰ ਜਲ ਤਾਕ ਰਹੇ,
ਗਰਦ ਪੈਣ ਤੇ ਭਿਜਣ ਕੋਲੋਂ ਦੁਹੁ ਗਲੋਂ ਇਉਂ ਪਾਕ ਰਹੇ
ਪਰ ਆਖਰ ਨੂੰ ਅੰਨ ਪਾਣੀਓਂ ਵਾਂਜੇ ਗਏ ਦੁਫਾੜ ਰਹੇ। (ਦੁਵੱਲੀ ਝਾਕ, ਲਹਿਰਾਂ ਦੇ ਹਾਰ, ਪੰ:27)
(ਚਲਦਾ)

<u>ਇਕਾਂਤ ਤੇ ਤਿਆਗ ਦਾ ਅੰਤਰ</u> — ਭਾਈ ਸਾਹਿਬ ਇਤਨਾ ਜ਼ਰੂਰ ਮੰਨਦੇ ਹਨ ਕਿ ਪਰਮਾਰਥ ਦੇ ਰਸਤੇ ਤੇ ਚਲਣ ਲਈ ਇਕਾਂਤ ਦੀ ਲੋੜ ਹੈ, ਪਰ ਇਕਾਂਤ ਸੰਸਾਰ ਦੇ ਤਿਆਗ ਵਿਚ ਹੀ ਨਹੀਂ। ਜੋਗੀ ਇਕਾਂਤ ਲਈ ਤਿਆਗ ਕਰਦੇ ਹਨ ਪਰ ਜੰਗਲਾਂ ਵਾਲਾ ਤਿਆਗ ਲਿਵ ਤੇ ਰਸ ਵਿਹੂਣਾ ਵਹਿਸ਼ਤ ਭਰਪੂਰ ਹੁੰਦਾ ਹੈ। ਇਸ ਤਿਆਗ ਨਾਲ ਮਾਨਵ ਤਪੀਆ ਭਾਵੇਂ ਬਣ ਜਾਏ, ਰਸੀਆ ਨਹੀਂ ਹੋ ਸਕਦਾ।[220] ਖਿੰਡੀਆਂ ਹੋਈਆਂ ਬ੍ਰਿਤੀਆਂ ਨੂੰ ਇਕਾਗਰ ਕਰਨ ਲਈ ਭੀੜ ਤੋਂ ਲਾਂਭੇ ਦੇ ਇਕਾਂਤ ਵਿਚ ਜਾਣ ਦੀ ਲੋੜ ਹੁੰਦੀ ਹੈ ਅਤੇ ਇਸ ਇਕਾਂਤ ਨਾਲ ਆਤਮਿਕ ਤਾਜ਼ਗੀ ਪ੍ਰਾਪਤ ਕੀਤੀ ਜਾ ਸਕਦੀ ਹੈ।[221] ਇਹ ਇਕਾਂਤ ਤਿਆਗ ਨਹੀਂ। ਇਸੇ ਲਈ ਪਰੀ 'ਰਾਣਾ ਸੂਰਤ ਸਿੰਘ' ਵਿਚ ਰਾਣੀ ਰਾਜ ਕੌਰ ਨੂੰ ਰਾਜ ਕਾਜ ਦੇ ਕੰਮਾਂ ਤੋਂ ਸੁਚੇਤ ਹੋਣ ਲਈ ਕਹਿੰਦੀ ਹੈ ਅਤੇ ਉਸ ਦਾ ਧਿਆਨ ਫਰਜ਼ ਪਛਾਣਨ ਵੱਲ ਖਿੱਚਦੀ ਹੈ।[222]

<u>ਆਤਮਿਕ ਇਕਾਂਤ ਦੀ ਲੋੜ</u> — ਇਵੇਂ ਸਪਸ਼ਟ ਹੋ ਜਾਂਦਾ ਹੈ ਕਿ ਭਾਈ ਸਾਹਿਬ ਸੰਸਾਰ ਦੇ ਤਿਆਗ ਦੇ ਵਿਰੁੱਧ ਹਨ ਅਤੇ ਗ੍ਰਿਹਸਤ ਵਿਚ ਰਹਿੰਦਿਆਂ ਆਤਮਿਕ- ਵੈਰਾਗ ਅਤੇ ਇਕਾਂਤ ਵਿਚ ਰਹਿਕੇ ਰੱਬੀ ਪ੍ਰਾਪਤੀ ਦੇ ਅਨੁਭਵ ਨੂੰ ਜਾਣ ਪਰਉਪਕਾਰ ਦਾ ਜੀਵਨ ਬਤੀਤ ਕਰਨ ਦੇ ਅਨੁਯਾਈ ਹਨ। ਆਤਮਿਕ ਇਕਾਂਤ ਦੀ ਲੋੜ ਨੂੰ ਉਹ ਜ਼ਰੂਰ ਅਨੁਭਵ ਕਰਦੇ ਹਨ ਅਤੇ ਇਸੇ ਲਈ ਕਹਿੰਦੇ ਹਨ:

ਤੇਰਾ ਸਾਧੂ ਕਿਸੇ ਨਦੀ ਦੇ ਕਿਨਾਰੇ,
ਤੇਰਾ ਸਾਧੂ ਕਿਸੇ ਜੰਗਲ ਬੇਲੇ,
ਤੇਰੇ ਭਾਗਾਂ ਵਿਚ ਅਰਸ਼ਾਂ ਤੇ ਉਡਣਾ,
ਤੇ ਗਾਂਦਿਆਂ ਫਿਰਨ ਅਕੇਲੇ।[223]

---

218. 'ਦੇਹੀ ਨੂੰ ਹੀ ਸਾਧ ਦੇਹੀ ਮਾਂਜਿਆ
'ਰਹਿ ਅਰੋਗ ਕੁਛ- ਕਾਲ ਉਮਰਾ ਚਹਿਵਧੈ
'ਨੇਹੁੰ ਨ ਲਗਦਾ ਨਾਲ ਸਾਂਈ ਆਪਣੇ
' ਸਾਂਈਂ ਨਾਲ ਜਿ ਜੋੜ ਅੰਤਰ ਹੋਂਵਦਾ। (ਰਾਣਾ ਸੂਰਤ ਸਿੰਘ, ਪੰ-69, ਪੰਕਤੀ 240-243)

219. ਉਹੀ, ਪੰਨਾ 83, ਪੰਕਤੀ 174-177

220. ਰਹਿਣਾ ਜੰਗਲ ਵਿਚ ਨਦੀ- ਕਿਨਾਰੜੇ
ਪਰਬਤ ਧਾਰਾ ਰੁੱਖ ਵਿਚ ਉਜਾੜ ਦੇ .....
ਜੇ ਕੋਈ ਹਠ ਨੂੰ ਧਾਰ ਰਹੇ ਇਕੱਲੜਾ
- ਲਿਵ ਤੇ ਰਸ ਤੋਂ ਹੀਣ ਵਹਿਸ਼ਤ ਛਾਂਵਦੀ। (ਉਹੀ, ਪੰਨਾ 127, ਪੰਕਤੀ 767-778)

221. ਉਨ੍ਹੂੰ ਭਿ ਪੈਂਦੀ ਲੋੜ ਹੈ ਏਕਾਂਤ ਦੀ
ਕਦੇ ਕਦੇ ਉ ਲਾਂਭ ਹੁੰਦਾ ਭੀੜ ਤੋਂ
ਦਿਲ- ਖਿੰਡਾਉ ਨੂੰ ਦੂਰ ਕਰਨੇ ਵਾਸਤੇ
ਜੋ ਲੋਕਾਂ ਦੀ ਭੀੜ ਮੇਲਾ ਪਾਂਵਦੀ। (ਉਹੀ, ਪੰਨਾ 128, ਪੰਕਤੀ 892-895)

222. 'ਫਰਜ਼ੋਂ ਉਖਾ ਸਿੱਖ ਗੁਰੂ ਨ ਭਾਂਵਦਾ
'ਹੁਣ ਤੂੰ ਸੋਚ- ਵਿਚਾਰ ਰਾਣੀ ਪਯਾਰੀਏ.....
'ਰਾਜ ਕਾਜ ਵਿਚ ਲੱਗ; ਗ਼ਾਫ਼ਲ- ਹੋਇਨਾ

(ਚਲਦਾ)

ਕਈ ਵੇਰਾਂ ਇਨ੍ਹਾਂ ਤੁਕਾਂ ਤੋਂ ਭਾਵ ਕਢਿਆ ਜਾਂਦਾ ਹੈ ਕਿ ਭਾਈ ਸਾਹਿਬ ਦੁਨੀਆਂ ਤੋਂ ਤਿਆਗ ਦੇ ਅਭਿਲਾਖੀ ਹਨ। ਪਰ ਜੇ ਇਨ੍ਹਾਂ ਤੁਕਾਂ ਨੂੰ ਸਹੀ ਪਰਸੰਗ ਵਿਚ ਸਮਝਿਆ ਜਾਏ, ਉਦੋਂ ਕੋਈ ਸ਼ੰਕਾ ਨਹੀਂ ਰਹਿੰਦਾ ਕਿ ਭਾਈ ਸਾਹਿਬ ਦਾ ਇਸ ਤੋਂ ਮੰਤਵ ਵਕਤੀ ਆਤਮਿਕ ਤਾਜ਼ਗੀ ਲਈ ਇਕਾਂਤ ਹੈ ਨਾਕਿ ਦੁਨੀਆਂ ਦੇ ਤਿਆਗ ਤੋਂ।

<u>ਹੁਕਮ ਤੇ ਸ਼ੁਕਰ</u> — ਭਾਈ ਸਾਹਿਬ ਮੰਨਦੇ ਹਨ ਕਿ ਪ੍ਰਭੂ ਦਾ ਵਿਸ਼ਵਾਸ਼ ਸਤ- ਸਰੂਪ ਹਸਤੀ ਦੇ ਹੁਕਮ ਨੂੰ ਮੰਨਣ ਲਈ ਪ੍ਰੇਰਦਾ ਹੈ, ਇਸ ਲਈ ਪ੍ਰਭੂ ਦੇ ਹੁਕਮ ਨੂੰ ਖੁਸ਼ੀ ਨਾਲ ਪ੍ਰਵਾਨ ਕਰਨਾ ਚਾਹੀਦਾ ਹੈ। 'ਹੋਣਾ' ਜਾਂ 'ਅਣਹੋਣਾ' ਰੱਬੀ ਹੁਕਮ ਵਿਚ ਹੈ, ਇਨਸਾਨ ਦੇ ਵੱਸ ਵਿਚ ਨਹੀਂ।[224] ਗੁਰਮਤਿ ਵਿਚ ਵੀ ਰੱਬੀ ਹੁਕਮ ਨੂੰ ਸ਼ੁਕਰ ਨਾਲ ਸਵੀਕਾਰ ਕਰਨ ਤੇ ਜ਼ੋਰ ਦਿੱਤਾ ਗਇਆ ਹੈ।[225] ਪ੍ਰਭੂ ਨਾਲ ਸੱਚਾ ਪ੍ਰੇਮ ਕਰਨ ਵਾਲੇ ਦੁੱਖਾਂ ਤਕਲੀਫ਼ਾਂ ਝਾਗ ਕੇ ਵੀ ਉਦਾਸ ਨਹੀਂ ਹੁੰਦੇ, ਸਗੋਂ ਸਭ ਕੁਝ ਪ੍ਰਭੂ ਦੇ ਭਾਣੇ ਵਿਚ ਮੰਨਦੇ ਹਨ।[226] ਸੱਚਾ ਸਾਦਕ ਹਿਰਦੇ ਵਿਚ ਪ੍ਰਭੂ ਪ੍ਰਤਿ ਕਦੇ ਸ਼ਿਕਵਾ ਨਹੀਂ ਕਰਦਾ, ਉਹ ਸਿਰਫ਼ 'ਨੀਮੀ ਨਦਰ' ਲਈ ਤਾਂਘਦਾ ਹੈ। ਭਾਈ ਸਾਹਿਬ ਇਕ ਅਸੰਗ੍ਰਹਿਤ ਰੁਬਾਈ ਵਿਚ ਸਪਸ਼ਟ ਕਹਦੇ ਹਨ:

ਸ਼ਿਕਵੇ ਵਿਚ ਰਹੀਂਦਿਆਂ ਬੰਦੇ ਬੀਤ ਰਹੇ ਤੇਰੇ ਦਿਨ ਤੇ ਰੈਨ।
ਸ਼ਿਕਵੇ ਕੁਝ ਖਟਾਇਆ ਹੈ ਨਹੀਂ, ਖਾਇਆ ਗਿਆ ਤੇਰਾ ਦਿਲ ਚੈਨ।
ਭੁਲਣਹਾਰ ਤੇ ਲੋਕਾਂ ਕੁੱਠੇ, ਭਰੇ ਪਏ ਇਸ ਦੁਨੀਆਂ ਵਿਚ
ਮਾਫ਼ੀ ਮਿਥ ਤੇ ਰਹੁ ਦਿਲ ਖਿੜਿਆ ਨੀਮੀ ਨਦਰ ਲਾ ਦੇ ਨੈਣ।[227]

<u>ਸ਼ਿਕਵੇ ਦੀ ਥਾਂ ਸ਼ੁਕਰ</u> — ਭਾਈ ਸਾਹਿਬ ਹੋਰ ਸਪਸ਼ਟ ਕਰਦੇ ਹਨ ਕਿ ਜਿਸ ਹਿਰਦੇ ਵਿਚ ਰੱਬੀ ਗਿਆਨ ਦੀ ਮਹਕਾਰ ਵੱਸਦੀ ਹੈ, ਉਥੇ ਸ਼ਿਕਵੇ ਦੀ ਥਾਂ 'ਰਾਜ਼ੀ ਬਰ ਰਜ਼ਾ' ਦਾ ਗੁਣ ਪ੍ਰਵੇਸ਼ ਕਰਦਾ ਹੈ ਅਤੇ ਰੱਬੀ ਮਿਲਾਪ ਦੀ ਤਾਂਘ ਹੋਰ ਤੀਬਰ ਹੁੰਦੀ ਹੈ।[228] ਸੱਚਾ- ਪ੍ਰੇਮੀ ਦੁੱਖ- ਅਵਸਥਾ ਵਿਚ ਵੀ ਖਿੜਿਆ

---

'ਭੁਲੇ ਮਾਲਿਕ ਨਹੀਂ ਕੀਮੀ ਵੇਂਝੁਆ। (ਰਾਣਾ ਸੂਰਤ ਸਿੰਘ, ਪੰਨਾ 200, ਪੰਕਤੀ 143-151)

223. ' ਮੇਰੀ ਜਿੰਦੇ' ਮਟਕ ਹੁਲਾਰੇ, ਪੰਨਾ 36

224. 'ਅਣਹੋਣਾ' ਨ ਵਸ 'ਹੋਣਾ' ਵੱਸ ਨਾ
ਸਾਡੇ ਵੱਸ ਨ ਏਹ ਜਿਸ ਦੇ ਵੱਸ ਹੈ
ਉਸ ਦੇ ਹੋ ਜਾ ਵੱਸ, ਮਨ ਰਜ਼ਾਇ ਨੈ। (ਉਹੀ, ਪੰਨਾ 151, ਪੰਕਤੀ- 247-249)

225. ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥ ਵੇਖੈ ਵਿਗਸੈ ਕਰਿ ਵਿਚਾਰੁ॥ (ਜਪੁਜੀ)

226. ਰਾਜ਼ੀ ਰਹਿਣ ਰਜ਼ਾਇ ਮਰਜ਼ੀ ਮੇਲਦੇ;
ਝਾਗਣ ਦੁਖ ਦੀ ਨੈਂਇ ਬਹੁਲਆ ਮਾਰਕੇ,
ਹੁੰਦੇ ਨਹੀਂ ਉਦਾਸ ਲੋਕਾਂ ਵਾਕੁਰੇ। (ਉਹੀ, ਪੰਨਾ 116, ਪੰਕਤੀ 132-134)

227. ਸ਼ਿਕਵਾ, ਖਾਲਸਾ ਸਮਾਚਾਰ, 15.12.60, ਜਿਲਦ 62, ਅੰਕ ਨੰ:7

228. ਤਾਂ ਮੈਂ ਭੀ ਹਾਂ ਰਾਜ਼ੀ ਰਜ਼ਾ ਸਿਰਧਰ ਲਗੀ ਬਾਜ਼ੀ
ਭੁੱਡ ਮੇਰੀ ਸਦਾ ਤਾਜ਼ੀ। ਨੇਮ ਇਹ ਬਣਾ ਲਿਆ॥
(ਜਮਨਾ ਲਕੀਆਂ ਵਾਲੇ ਦੇ ਦੀਦਾਰ ਦੀ ਸਿੱਕ ਵਿਚ, ਲਹਿਰਾਂ ਦੇ ਹਾਰ, ਪੰਨਾ 94)

ਰਹਿੰਦਾ ਹੈ ਅਤੇ ਦੁੱਖਾਂ ਨੂੰ ਪ੍ਰਭੂ ਹੁਕਮ ਵਿਚ ਹੀ ਮੰਨਦਾ ਹੈ। ਭਾਈ ਸਾਹਿਬ ਸਮਝਾਉਂਦੇ ਹਨ ਕਿ ਫੁੱਲ ਖੰਭੜੀ ਖੰਭੜੀ ਹੋ ਕੇ ਪੈਰਾਂ ਹੇਠ ਲਿਤੜੀਕੇ ਵੀ ਗਿਲਾ ਨਹੀਂ ਕਰਦਾ, ਸਗੋਂ ਪ੍ਰੇਮੀ ਦੇ ਹੱਥਾਂ ਦੀ [illegible] ਛੂਹ ਦਾ ਸ਼ੁਕਰਾਨਾ ਕਰਦਾ ਹੈ।

ਪੈਰਾਂ ਹੇਠ ਲਿਤਾੜ ਲੀਆਉਸਾਂ ਕੀਤਾ ਖੰਭੜੀ ਖੰਭੜੀ,
ਪਰ ਸ਼ੁਕਰਾਨਾ 'ਛੂਹ' ਤੁਹਾਡੀ' ਦਾ ਅਜੇ ਨਾ ਭੁਲਦਾ ਸਾਨੂੰ ![229]

ਮੇਰਾ ਸਾਦਕ ਤਾਂ ਅਰਜੋਈ ਕਰਦਾ ਹੈ ਕਿ ਉਸ ਲਈ ਪ੍ਰਭੂ ਬਖਸ਼ਿਸ਼ ਦਾ ਅੰਦਾਜ਼ਾ ਲਾਣਾ ਕਠਿਨ ਹੈ, ਪਰ ਜੇ ਇਕ ਹੋਰ ਦਾਤ 'ਸ਼ੁਕਰ' ਅਰਥਾਤ ਭਾਣਾ ਮੰਨਣ ਦੀ ਪ੍ਰਾਪਤ ਹੋ ਜਾਏ, ਇਸ ਨੂੰ ਉਹ ਪ੍ਰਭੂ ਦੀ ਅਪਾਰ ਮਿਹਰ ਸਮਝੇਗਾ। ਭਾਈ ਸਾਹਿਬ ਇਕ ਹੋਰ ਅਸੰਗ੍ਰਹਿਤ ਰੁਬਾਈ 'ਸ਼ੁਕਰ' ਵਿਚ ਲਿਖਦੇ ਹਨ:

ਸ਼ੁਕਰ

ਸ਼ੱਕਰ ਵਾਂਙੂ ਸ਼ੁਕਰ ਮਿਠੜਾ— ਪਰ ਕਰਨੋਂ ਕਿਉਂ ਥਕੀਏ।
ਦਾਤ ਅਮਿਤੀ ਦੇ ਹੋ ਦਾਤਾ ! ਮਿਹਰ ਕਿਵੇਂ ਲਖ ਸਕੀਏ।
ਜਿਥੇ ਲੱਖ ਕਰੇਂਦੇ ਮਿਹਰਾਂ— ਹੁਣ ਇਕ ਹੋਰ ਕਰਾਉ,
ਥਕਦੇ ਤੁਸਾਂ ਨਾ ਦੇਂਦੇ ਜਿਉਂ ਹੋ ਕਰਕੇ ਸ਼ੁਕਰ ਨ ਥਕੀਏ।[230]

ਇਵੇਂ ਭਾਈ ਸਾਹਿਬ ਦਸਦੇ ਹਨ ਕਿ ਜੀਵ ਵਿਚ ਸ਼ੁਕਰੇ ਦੀ [illegible] ਪ੍ਰਭੂ ਦੇ ਹਰ ਹੁਕਮ ਨੂੰ ਪ੍ਰਵਾਨ ਕਰਕੇ ਉਸ ਦਾ ਸ਼ੁਕਰ ਕਰਨ ਦੀ ਭਾਵਨਾ ਹੋਣੀ ਚਾਹੀਦੀ ਹੈ।

ਸਤਿਸੰਗ— ਭਾਈ ਸਾਹਿਬ ਦੇ ਅਨੁਸਾਰ ਸਤਿਸੰਗ ਉਹ ਸਥਾਨ ਹੈ, ਜਿਥੇ ਪ੍ਰਭੂ ਨੂੰ ਪਿਆਰ ਕਰਨ ਵਾਲੇ ਇਕੱਠੇ ਬੈਠ ਕੇ ਪ੍ਰਭੂ ਦੇ ਗੁਣ ਨਾਮ ਜਾਪ ਦੁਆਰਾ ਚਿਤਾਰਦੇ ਹਨ ਅਤੇ ਆਤਮਾ ਰੂਹਾਨੀ ਗੁਣਾਂ ਨੂੰ ਸਮਝ ਕੇ 'ਆਤਮ- ਕੁਸ਼ਲ— 'ਅਨੰਦ' ਦੀ ਅਵਸਥਾ ਨੂੰ ਪ੍ਰਾਪਤ ਕਰ ਸਕਦੀ ਹੈ।[231] ਗੁਰਮਤਿ ਵਿਚ ਵੀ ਆਉਂਦਾ ਹੈ ਕਿ ਸਤਿਸੰਗ ਉਹੀ ਹੈ, ਜਿਥੇ ਇਕੋ ਨਾਮ ਦਾ ਅਭਿਆਸ ਹੁੰਦਾ ਹੈ[232] ਅਤੇ ਜਿਸ ਦੀ ਸੁਖੀ ਜੀਵਨ ਲਈ ਬੜੀ ਜ਼ਰੂਰਤ ਹੁੰਦੀ ਹੈ।[233] ਜ਼ਿੰਦਗੀ ਮਨੁੱਖ ਲਈ ਇਕ ਕਠਿਨ ਘਾਟੀ ਹੈ। ਇਸ ਉਤੇ ਤੁਰਦਿਆਂ ਜੀਵ

---

229. 'ਪ੍ਰੀਤਮ ਛੂਹ', ਮਟਕ ਹੁਲਾਰੇ, ਪੰਨਾ 46

230. 'ਸ਼ੁਕਰ', ਖਾਲਸਾ ਸਮਾਚਾਰ,15-5-1959, ਜਿਲਦ 59, ਅੰਕ ਨੰ: 27

231. ਟਿੱਕੁਰ ਇਹ ਸਤਿਸੰਗ ਵਾਲਾ ਥਾਉਂ ਜੋ
'ਦੁਨੀਆਂ ਨਾਲੋਂ ਉਚ ਉਚਾ ਥੇਰ ਹੈ,
ਕਰਕੇ ਸੁੰਜਪੋਂ ਸਾਫ਼ ਸੁਥਰਾ ਰੋਲਿਓ,
ਆਤਮ- ਮੰਡਲ ਏਹ ਹੋਲਾ ਸੋਹਿਣਾ।
'ਆਤਮ- ਕੁਸ਼ਲ ਅਨੰਦ ਏਥੇ ਵਸਦਾ। (ਰਾਣਾ ਸੂਰਤ ਸਿੰਘ, ਪੰਨਾ 81, ਪੰਕਤੀ 86-90)

232. ਸਤਿ ਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ (ਸਿਰੀ ਰਾਗੁ ਮ:੧)

233. ਬਿਨੁ ਸਤਸੰਗ ਸੁਖੁ ਕਿਨੈ ਨ ਪਾਇਆ ਜਾਇ ਪੂਛਹੁ ਬੇਦ ਬੀਚਾਰ॥
(ਸਾਰੰਗ ਮਹਲਾ 5)

ਕਈ ਵੇਰਾਂ ਠੋਕਰਾਂ ਖਾਂਦਾ ਹੈ ਅਤੇ ਥਿੜਕਦਾ ਹੈ, ਪਰ ਸਤਿਸੰਗ ਦੁਆਰਾ ਜੀਵਨ- ਗਿਆਨ ਦੀ ਰੋਸ਼ਨੀ ਨਾਲ ਜੀਵਨ-ਪੰਥ ਨੂੰ ਸਹਲ ਕੀਤਾ ਜਾ ਸਕਦਾ ਹੈ।[234] ਸਤਿਸੰਗ ਵਿਚ ਆਉਣ ਨਾਲ ਸੇਵਾ- ਭਾਵ, ਨਿਮਰਤਾ, ਸ਼ੁਕਰ , ਅਦਬ, ਮਿਲਾਪ ਦੀ ਆਸ ਅਤੇ ਸਿੱਕ ਵਧਦੀ ਹੈ।[235] ਜਦ ਜੀਵਨ ਵਿਚ ਰੱਬੀ ਪਿਆਰ ਦੀ ਟੋਟ ਆਉਂਦੀ ਹੈ, ਸਤਿਸੰਗ ਵਿਚ ਹਾਜ਼ਰੀ ਨਾਲ ਪ੍ਰੇਮ ਵਾਲੀ ਬ੍ਰਿਤੀ ਨੂੰ ਫਿਰ ਸੁਰਜੀਤ ਕੀਤਾ ਜਾ ਸਕਦਾ ਹੈ:-

> ਟੁਟੀ ਡੋਰ ਜਿ ਦਵਾਰ ਤੇ ਆਂਵਦਾ, ਲਹਿਰ ਫਿਰੇ ਇਕ ਵਾਰ ਰੋ ਮੁੜ ਧਾਵਦਾ
> ਕੀਹ ਅਜੀਮੀ ਖੇਡ ਏਥੇ ਲਹਿਰ ਦੀ? ਅਰਸ਼ ਉਤਰਿਆਂ ਆਨ ਰਸੀਆ ਗਾਂਵਦਾ।[236]

<u>ਰਾਗ- ਕੀਰਤਨ-</u> ਭਾਈ ਸਾਹਿਬ ਨੇ ਸੰਗੀਤ ਨੂੰ ਇਕ ਅਜੇਹਾ ਸਾਧਨ ਮੰਨਿਆ ਹੈ, ਜੋ ਸੁਣਨ ਵਾਲੇ ਵਿਚ ਉਚੇ ਭਾਵ ਤੇ ਸੁਹਣਿਆਂ ਵਲਵਲਿਆਂ ਨੂੰ ਜਨਮ ਦਿੰਦਾ ਹੈ ਅਤੇ ਲੋਕਾਂ ਦੇ ਹਿਰਦੇ ਵਿਚ ਗਿਆਨਾਤਮਿਕ ਠੰਢ ਨੂੰ ਦੂਰ ਕਰਕੇ ਆਤਮਿਕ ਨਿੱਘ ਬਖ਼ਸ਼ ਕੇ ਰੱਬੀ ਪ੍ਰੇਮ ਦੇ ਅਨੰਦ ਦਾ ਅਨੁਭਵ ਕਰਾਉਂਦਾ ਹੈ। ਇਸੇ ਲਈ ਰਾਗ 'ਪੌੜੀ ਅਰਸ਼' ਦੀ ਨਿਆਈਂ ਹੈ ਜੋ ਅਰਸ਼ੀ ਗਿਆਨ ਦੇ ਰਹੱਸ ਨੂੰ ਸੁਭਾਵਿਕ ਹੀ ਖੋਲ੍ਹਦਾ ਹੈ।[237] ਕੋਮਲ ਗਲੇ ਤੋਂ ਨਿਕਲੀ ਸੁਰ ਵਿਚ ਸ਼ਕਤੀ ਹੈ ਕਿ ਜਿਸ ਦੇ ਕੰਨਾਂ ਤਕ ਇਹ ਪਹੁੰਚਦੀ ਹੈ, ਉਸ ਦੇ ਹਿਰਦੇ ਵਿਚ ਇਕ ਲਹਰ ਦੀ ਥੱਰਰਾਹਟ ਪੈਦਾ ਕਰਕੇ ਅੰਦਰ ਝਰਨਾਟ ਛੇੜ ਦਿੰਦੀ ਹੈ। ਇਹ ਝਰਨਾਟ ਆਤਮਾ ਨੂੰ ਅਦ੍ਰਿਸ਼ਟ ਅਨੰਤ ਦੀ 'ਲਾ- ਮਕਾਨੀ' ਦੇ ਅਨੁਭਵ ਵਿਚ ਗੜੂੰਦ ਕਰ ਦਿੰਦੀ ਹੈ:

> ਸੁਰ ਇਕ ਕੋਮਲ ਗਲਿਓਂ ਨਿਕਲੀ ਮੇਰੇ ਪਾਸ ਖਲੋਤੀ ਆਇ;
> ਕੰਬੇ ਤੇ ਲਹਿਰੇ ਥਰਰਾਂਦੀ ਦਿੱਤੀ ਇਕ ਝਰਨਾਟ ਛਿੜਾਇ,
> ਆਪਾ ਕੰਬ ਸਰੂਰ ਹੋ ਗਿਆ, ਸਢ੍ਰਪਨ ਵੰਨ ਰੰਗ ਰੂਪ ਅਰੂਪ
> ਅਰਸ਼ ਕੁਰਸ਼ ਦੇ ਛੂਟੇ ਭੂੰਮੇ ਲਾ ਮਕਾਨੀ ਡੋਬ ਡੁਬਾਇ।[238]

---

234. 'ਸਤਿਸੰਗ ਵਿਚ ਜਾਉ ਦੀਪਕ ਜੋ ਬਲੇ
'ਉਸ ਚਾਨਣ ਨੂੰ ਪਾਇ ਫਿਰ ਜੇ ਮੈਂ ਪੜ੍ਹਾਂ
'ਪ੍ਰਖਰੇ ਤਾਂ ਆ ਜਾਇ ਸੋਝੀ ਅੰਦਰੂਨੀ। (ਰਾਣਾ ਸੂਰਤ ਸਿੰਘ, ਪੰਨਾ 134, ਪੰਕਤੀ-1217-1219)

235. ਸੇਵਾ ਪਹਿਲਾ ਪੈਰ ਹੈ ਸਤਿਸੰਗ ਦਾ
ਇਸ ਤੇ ਹੁੰਦਾ ਮੁੱਢ ਆਤਮ ਦੇਸ਼ ਦਾ.....
ਸ਼ੁਕਰ ਅਦਬ ਤੇ ਆਸ ਸਿਕ ਸੁ ਨਿਮ੍ਰਤਾ

ਏਹਨਾ ਦਾ ਪਰਭਾਵ ਹਿਰਦੇ ਛਾ ਗਿਆ।(ਉਹੀ, ਪੰਨਾ 188-90, ਪੰਕਤੀ- 57-8, ਤੇ 173-4)

236. ਸ੍ਰੀ ਦਰਬਾਰ ਸਾਹਿਬ, ਬਿਜਲੀਆਂ ਦੇ ਹਾਰ, ਪੰਨਾ 32

237. ਉਚੇ ਭਾਵ ਵਲਵਲੇ ਸੁਹਣੇ ਸੂਖਮ ਰੰਗ ਸੁਹਾਵਨ
ਸਰਦ ਮਿਹਰ ਦੁਨੀਆਂ ਨੂੰ ਮਿਲ ਮਿਲ ਠਰ ਠਰ ਜੰਮ ਜੰਮ ਜਾਵਨ:-
ਰਾਗ ਇਨ੍ਹਾਂ ਨੂੰ ਨਿਘ ਪੁਚਾਵੇ ਮੁੜ ਸੁਰਜੀਤ ਕਰਾਵੇ
ਤਾਂਹੀਓਂ ਰਸੀਏ ਏਸ ਰਾਗ ਨੂੰ 'ਪੌੜੀ ਅਰਸ਼' ਸਦਾਵਨ।(ਸੰਗੀਤ, ਲਹਿਰਾਂ ਦੇ ਹਾਰ, ਪੰਨਾ 24)

238. ਰਾਗ ਦਾ ਸੁਰ, ਲਹਿਰਾਂ ਦੇ ਹਾਰ, ਪੰਨਾ 39.

<u>ਭਗਤੀ ਤੇ ਕੀਰਤਨ</u> — ਰਾਗ- ਕੀਰਤਨ ਨੂੰ ਭਗਤੀ ਦੇ ਨੌ ਸਾਧਨਾਂ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਗੁਰਮਤਿ ਵਿਚ ਵੀ ਕੀਰਤਨ ਨੂੰ ਰੱਬੀ ਪ੍ਰਾਪਤੀ ਦਾ ਇਕ ਜ਼ਰੂਰੀ ਸਾਧਨ ਮੰਨਿਆ ਗਇਆ ਹੈ।[239] ਇਸੇ ਲਈ ਸਾਰੀ ਬਾਣੀ ਰਾਗ-ਬੱਧ ਹੈ ਤਾਂ ਜੋ ਗਾਈ ਜਾ ਸਕੇ। ਬਾਕੀ ਦੇ ਭਗਤੀ ਭਾਵ ਵਾਲੇ ਮੱਤਾਂ ਵਿਚ ਵੀ ਰਾਗ ਦੀ ਖ਼ਾਸ ਮਹੱਤਤਾ ਹੈ। ਇਸਲਾਮ ਵਿਚ ਰਾਗ ਦੀ ਕੋਈ ਬਹੁਤੀ ਮਹੱਤਤਾ ਨਹੀਂ ਸੀ, ਪਰ ਸੂਫ਼ੀਆਂ ਨੇ ਰਾਗ ਨੂੰ ਅੰਤਰ ਦ੍ਰਿਸ਼ਟੀ ਖੋਲ੍ਹਣ ਦਾ ਸਾਧਨ ਮੰਨਿਆ ਹੈ। ਅਲ ਗਜ਼ਾਲੀ ਨੇ ਕਹਿਆ ਸੀ ਕਿ ਸੰਗੀਤ ਨੂੰ ਸੁਣਨ ਦਾ ਪ੍ਰੀਣਾਮ ਹਿਰਦੇ ਦੀ ਪਵਿਤਰਤਾ ਹੈ ਅਤੇ ਹਿਰਦੇ ਦੀ ਸ਼ੁੱਧੀ ਰੱਬੀ ਪ੍ਰਕਾਸ਼ ਦਾ ਕਾਰਨ ਹੁੰਦੀ ਹੈ।[240] ਜ਼ੁਨ ਨੂਨ ਵੀ ਕਹਿੰਦਾ ਹੈ ਕਿ ਇਕ ਉਤਮ ਸਵਰ ਆਤਮਾਂ ਨੂੰ ਈਸ਼ਵਰੀ ਖੋਜ ਲਈ ਪ੍ਰੇਰਦਾ ਹੈ ਅਤੇ ਵਾਸਤਵਿਕਤਾ ਦੀ ਛਾਣਬੀਣ ਲਈ ਇਕ ਵੱਡਾ ਸਾਧਨ ਬਣਦਾ ਹੈ।[241]

ਇਵੇਂ ਸੰਗੀਤ ਰੱਬੀ- ਪਿਆਰ ਦਾ ਸੋਮਾਂ ਹੈ। ਭਾਈ ਸਾਹਿਬ ਵੀ ਵੀਣਕਾਰ ਨੂੰ ਪਰੋਖ਼ਾ ਵੀਣਾ ਤੋਂ ਰਾਗ ਪੈਦਾ ਕਰਨ ਦੀ ਅਰਜ਼ੋਈ ਕਰਦੇ ਹਨ ਤਾਂ ਜੋ ਹਿਰਦੇ ਵਿਚ ਢਿੱਲੀਆਂ ਪੈ ਚੁੱਕੀਆਂ ਪਿਆਰ ਤਰਬਾਂ ਨੂੰ ਜਗਾਇਆ ਜਾ ਸਕੇ।[242] ਭਾਈ ਸਾਹਿਬ ਤਾਂ ਇੱਥੋਂ ਤਕ ਮੰਨਦੇ ਹਨ ਕਿ ਅਨੰਤ ਦੇ ਕੰਨ ਹੀ ਸੰਗੀਤ ਹਨ:

"ਉਸ ਦੇ ਕੰਨ ਸੰਗੀਤ ਹਾਂ ਸਾਂਈਆਂ ਦੇ ਕੰਨ ਸੰਗੀਤ
ਆ ਹੁਣ ਗਾਵੀਏ ਗੀਤ ਉਸ ਦੀ ਮਹਿਮਾਂ ਦੇ ਗੀਤ।[243]

ਰਾਗ- ਕੀਰਤਨ ਸਰੋਤਿਆਂ ਦੀਆਂ ਖਿੰਡੀਆਂ ਬ੍ਰਿਤੀਆਂ ਤੇ ਸੁਰਤਾਂ ਨੂੰ ਇਕਾਗਰ ਕਰਕੇ 'ਸ਼ਬਦ- ਸ਼ਬਦ' ਵਿਚ ਲੀਨ ਕਰਾਉਣ ਦੀ ਸਮਰੱਥਾ ਰਖਦਾ ਹੈ।[244]

---

239. ਹਰਿ ਕੀਰਤ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥(ਸੋਰਠਿ ਮਹਲਾ 5)

240. " Listening to music," Al-Ghazzali says again," results in the purification of the heart, and purification is the cause of revelation, for by the power of music, the heart is roused to activity and is strenthened for the contemplation of what was previously beyond its power."
( Margaret Smith, Al-Gazzali the Mystic, P. 69 )

241. " According to Zun N-un, a good sound stirrs the heart to seek God and becomes a means of penetrating into reality."
( A.M.A. Shustery, outlines of Islamic Culture, Vol.II, P.502

242. ਵੀਣਕਾਰ! ਆ ਵੀਣ ਵਜਾ ਕੋਈ ਸੁੱਤਿਆਂ ਕਲਾ ਜਗਾ!
ਤੂੰ ਖਿਚ ਦੇ ਦਿਲਾਂ ਦੀਆਂ ਢਿੱਲੀਆਂ ਤਰਬਾਂ ਪਿਆਰ ਦੀਆਂ ਪਈਆਂ ਢਿੱਲੀਆਂ।('ਪਿਆਰ-ਤਰਬਾਂ' ਮੇਰੇ ਸਾਂਈਆਂ ਜੀਓ, ਪੰ: 47)

243. ਸਾਂਈਆਂ ਦਾ ਦੇਸ਼, ਮੇਰੇ ਸਾਂਈਆਂ ਜੀਓ, ਪੰਨਾ 19

244. 'ਲਯ' ਹੁੰਦੀ 'ਲਯ' ਗਾਵਣ ਵੇਲੇ ਜੋ
ਉਹ ਫਿਰ ਰਾਗ ਅਨੂਪ ਸੁਰਤ ਸਰੋਤਿਆਂ,
ਦੀ ਪ੍ਰੋ ਲੈਂਦਾ ਨਾਲ ਕੀਰਤਨ ਵਿਚ ਸੀ
ਸ਼ਬਦ ਸ਼ਬਦ ਵਿਚ ਲੀਨ ਕਰਦਾ ਸਭ ਨੂੰ।
(ਰਾਣਾ ਸੂਰਤ ਸਿੰਘ, ਪੰਨਾ 146, ਪੰਕਤੀ- 331-334)

<u>ਸੱਚਾ ਰਾਗ</u> — ਭਾਈ ਸਾਹਿਬ ਇਹ ਵੀ ਦੱਸਦੇ ਹਨ ਕਿ ਸੱਚਾ ਰਾਗ ਉਹੀ ਹੈ, ਜਿਸ ਵਿਚ ਪ੍ਰਭੂ ਦੀ ਸਿਫ਼ਤ ਸਲਾਹ ਹੀ ਕੀਤੀ ਹੋਵੇ। ਇਸ ਰਾਗ ਨੂੰ ਸਿਰਫ਼ ਕੰਨ ਹੀ ਨਹੀਂ ਸੁਣਦੇ ਸਗੋਂ ਹਿਰਦਾ ਵੀ ਸੁਣਦਾ ਹੈ। ਰਾਗੀਆਂ ਦੀ ਸਫ਼ਲਤਾ ਇਸੇ ਵਿਚ ਹੈ ਕਿ ਉਹ ਆਪ ਸਵਰ ਰੂਪੀ ਸ਼ਬਦ ਵਿਚ ਲਿਵਲੀਨ ਹੋ ਕੇ ਰਸ ਮਾਣਦੇ ਸਰੋਤਿਆਂ ਨੂੰ ਆਤਮ-ਰਸ ਵਿਚ ਲੀਨ ਕਰ ਸਕਣ।[245]

<u>ਅਰਦਾਸ</u> — ਭਾਈ ਸਾਹਿਬ ਮੰਨਦੇ ਹਨ ਕਿ ਅਰਦਾਸ ਦਾ ਵੀ ਅਧਿਆਤਮਿਕ ਮਾਰਗ ਦੀ ਪ੍ਰਾਪਤੀ ਵਿਚ ਇਕ ਮਹੱਤਵ-ਪੂਰਨ ਸਥਾਨ ਹੈ। ਅਰਦਾਸ ਆਤਮ-ਸਮਰਪਣ ਦੀ ਅਵਸਥਾ ਦਾ ਸਰੂਪ ਹੈ ਅਤੇ ਇਸ ਵਿਚ ਅਜੇਹੀ ਸ਼ਕਤੀ ਹੈ ਕਿ ਇਹ ਜੀਵ ਤੇ ਪ੍ਰਭੂ ਵਿਚਲੀ ਵਿੱਥ ਨੂੰ ਦੂਰ ਕਰਕੇ ਆਤਮ-ਭਾਵ ਦੇ ਗਿਆਨ ਦੇ ਪ੍ਰਕਾਸ਼ ਦਾ ਪੁਲ ਬਣ ਜਾਂਦੀ ਹੈ:

ਸਭ ਵਿੱਥਾਂ ਤੇ ਸੱਭ ਪਰਦੇ ਜੋ ਪਏ
ਸਭ ਦਾ ਹੈ 'ਅਰਦਾਸ' ਦਾਰੂ ਸੋਹਿਣਾ।
ਬਿਨਤੀ ਦਾ ਜੇ ਵਾਸ ਹਿਰਦੇ ਹੋ ਪਵੇ.....
ਦਿਲ ਥੀਂ ਤੋਂ ਚਰਨਾਂ ਤੀਕ ਤਦ ਬਣ ਜਾਂਵਦਾ
ਮਾਨੋਂ ਪੁਲ ਰਮਣੀਕ ਆਤਮ ਭਾਵ ਦਾ
ਜਿਸ ਦੇ ਰਸਤੇ ਜੀਵ ਲੰਘੇ ਵਿੱਥ ਨੂੰ।[246]

ਸੱਚੀ ਅਰਦਾਸ ਕਦੇ ਬਿਰਥੀ ਨਹੀਂ ਜਾਂਦੀ। ਗੁਰਮਤਿ ਵਿਚ ਵੀ 'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ' ਦਾ ਉਲੇਖ ਆਉਂਦਾ ਹੈ। ਦੁਨੀਆਂ ਵਿਚ ਵਿਚਰਦਿਆਂ ਮਨ ਉਤੇ ਕਈ ਪ੍ਰਕਾਰ ਦੀ ਮਲੀਨਤਾ ਦੀ ਮੈਲ ਇਕੱਠੀ ਹੁੰਦੀ ਰਹਿੰਦੀ ਹੈ, ਜੋ ਜੀਵ ਨੂੰ ਰੱਬੀ-ਪ੍ਰੇਮ ਤੋਂ ਦੂਰ ਲਿਜਾਣ ਦਾ ਕਾਰਨ ਬਣਦੀ ਹੈ। ਅਜੇਹੀ ਅਵਸਥਾ ਵਿਚ ਅਰਦਾਸ ਦੀ ਓਟ ਲੈਣੀ ਜ਼ਰੂਰੀ ਹੈ ਕਿਉਂਕਿ ਇਹ ਬੰਜਰ ਹੋ ਰਹੇ ਹਿਰਦੇ ਦੇ ਸੋਮੇ ਨੂੰ ਕੱਟ ਕੇ ਪਵਿੱਤਰਤਾ ਅਤੇ ਸ਼ੁੱਧਤਾ ਬਖ਼ਸ਼ਦੀ ਹੈ।[247]

<u>ਪ੍ਰਭੂ ਦੀ ਟੇਕ</u> — ਜੀਵਨ ਆਸ਼ਾ ਤੇ ਨਿਰਾਸ਼ਾ ਦਾ ਅਖਾੜਾ ਹੈ। ਇਸ ਵਿਚ ਸੁੱਖ ਦੁੱਖ ਦੀ ਖੇਡ/ਦਾ ਅਨੰਤ ਨਾਟਕ ਚਲ ਰਹਿਆ ਹੈ। ਕਈ ਵੇਰਾਂ ਦੁੱਖਾਂ ਤੇ ਮੁਸੀਬਤਾਂ ਕਾਰਨ ਜੀਵ ਨਿਰਾਸ਼ ਹੋ ਜਾਂਦਾ ਹੈ ਅਤੇ ਆਤਮਾ ਅਸ਼ਾਂਤੀ ਦੀ ਘੁੰਮਣਘੇਰੀ ਵਿਚ ਫਸ ਜਾਂਦੀ ਹੈ। ਅਜੇਹੀ ਹਾਲਤ ਵਿਚ ਅਰਦਾਸ ਇਕ ਵੱਡੀ ਓਟ ਬਣ ਜਾਂਦੀ ਹੈ।[248] ਅਰਦਾਸ ਸਾਧਕ ਵਿਚ ਹਉਮੈਂ ਦੀ ਥਾਂ ਨਿਮਰਤਾ ਦਾ ਭਾਵ ਪੈਦਾ ਕਰਦੀ ਹੈ ਅਤੇ ਆਤਮ ਸਮਰਪਣ ਦੀ ਹਾਲਤ ਵਿਚ ਦੇਹਧਾਰੀ ਨੂੰ 'ਸਰਗੁਣ ਨਿਰਗੁਣ ਅਨੰਤ' ਦੇ ਨਾਲ ਮੇਲ ਕਰਾ ਦਿੰਦੀ ਹੈ।[249] ਭਾਈ ਸਾਹਿਬ

---

245. ਸਫਲ ਰਾਗਨੀ ਰਾਗ ਰਾਗੀ ਨਾਲ ਥੀ
ਜੋ ਜਦ ਕਰਨ ਉਚਾਰ ਸ੍ਰੀ ਗੁਰਵਾਕ ਦਾ
ਸ਼ਬਦ ਵਿਖੇ ਲਿਵਲੀਨ ਹਨ ਹੋ ਜਾਂਵਦੇ
ਰਸੀਏ ਹੋ ਕੇ ਆਪ ਰਸ ਵਿਚ ਮੱਤੜੇ
ਰਸ-ਆਤਮ ਵਿਚ ਲੀਨ ਕਰਨ ਸਰੋਤਿਆਂ (ਰਾਣਾ ਸੂਰਤ ਸਿੰਘ, ਪੰਨਾ 147, ਪੰਕਤੀ-381-85)

(ਚਲਦਾ)

ਸਪਸ਼ਟ ਤੌਰ ਦਸਦੇ ਹਨ ਕਿ ਕਿ ਪ੍ਰਭੂ ਦੀ ਟੇਕ ਲੈ ਕੇ ਜਦ ਆਪਾ ਪ੍ਰਭੂ ਦੇ ਸਮਰਪਣ ਕੀਤਾ ਜਾਵੇ, 'ਮਿਹਰਾਂ- ਮੀਂਹ' ਵਸਾਵਣ ਵਾਲਾ ਆਪਣੀ ਬਖਸ਼ਿਸ਼ ਦੁਆਰਾ ਤੁਠਦਾ ਹੈ, ਜਿਸ ਨਾਲ ਆਤਮ- ਪ੍ਰਕਾਸ਼ ਦਾ ਝਲਕਾਰਾ ਵੱਜਦਾ ਹੈ:

ਵਿਛ ਜਾ ਵਾਂਗ ਦੁਲੀਚੇ ਦਰ ਤੇ ਵਿਛਿਆ ਰਹੁ ਮਨ! ਵਿਛਿਆ ਰਹੁ!
ਹੋਰ ਨ ਕੋਈ ਹੱਠ ਨ ਹੱਠੀ, ਆਪਾ ਭੇਟਾ ਧਾਰ ਕੇ ਬਹੋ !
ਧਰਤੀ ਜਿਵੇਂ ਵਿਛੀ ਧਰਿ ਆਸ਼ਾ ਮਿਹਰਾਂ- ਮੀਂਹ ਉਡੀਕਾਂ ਵਿਚ
ਮਿਹਰਾਂ ਮੀਂਹ ਵਸਾਵਣ ਵਾਲਾ ਤੁਠਸੀ ਆਪੇ ਤੇਰਾ ਸ਼ਹੁ। [250]

**ਖੇੜਾ**— ਭਾਈ ਸਾਹਿਬ ਦਾ ਲਕਸ਼ ਆਤਮ ਰੂਪ ਵਿਚ ਸਥਿਤ ਹੋ ਕੇ ਖੇੜੇ ਦੀ ਅਵਸਥਾ ਨੂੰ ਪ੍ਰਾਪਤ ਕਰਨਾ ਹੈ। ਜੋਗੀਆਂ ਨੇ ਆਪਣੇ ਲਕਸ਼ ਨੂੰ 'ਕੈਵੱਲਯ', 'ਉਨਮਨ' ਜਾਂ 'ਤੁਰੀਆ' ਅਵਸਥਾ ਕਹਿਆ ਹੈ, ਜਿਸ ਵਿਚ ਉਹ ਸਤ- ਸਰੂਪ ਨੂੰ ਅਨੁਭਵ ਕਰਕੇ ਆਤਮ- ਰੂਪ ਵਿਚ ਸਥਿਤ ਹੁੰਦੇ ਹਨ। ਗੁਰਮਤਿ ਵਿਚ 'ਤੁਰੀਆ' ਅਵਸਥਾ ਨੂੰ 'ਸਹਜ' ਅਵਸਥਾ ਜਾਂ ਚੌਥਾ ਪਦ ਕਹਿਆ ਗਇਆ ਹੈ[251] ਅੰਇਸ ਨੂੰ 'ਲੀਨਤਾ' ਅਤੇ 'ਅਨੰਦ' ਦਾ ਨਾਂ ਵੀ ਦਿੱਤਾ ਗਇਆ ਹੈ। ਭਾਈ ਸਾਹਿਬ ਨੇ 'ਸਹਜ- ਅਵਸਥਾ' ਜਾਂ 'ਲੀਨਤਾ' ਨੂੰ ਹੀ 'ਖੇੜੇ' ਦਾ ਨਾਂ ਦਿੱਤਾ ਹੈ।

ਜੋਗੀ 'ਕੈਵੱਲਯ' ਜਾਂ 'ਉਨਮਨ' ਅਵਸਥਾ ਦੀ ਪ੍ਰਾਪਤੀ ਲਈ ਸਰੀਰਕ ਕਿਰਿਆਵਾਂ ਦੁਆਰਾ ਪਹਿਲੇ ਸਰੀਰ ਨੂੰ ਸਾਧਦੇ ਹਨ, ਪਰ ਭਾਈ ਸਾਹਿਬ ਦਾ ਗੁਰਮਤਿ ਦੇ ਸਿੱਧਾਂਤ ਵਾਂਗੂ ਸਿੱਧਾ ਹਮਲਾ ਮਨ ਉਤੇ ਹੈ। ਸਰੀਰ ਮਿੱਟੀ ਹੈ, ਅਸਲੀ ਨਿਆਰਾ ਮਨ ਨੂੰ ਸੰਜਮ ਵਿਚ ਲਿਆ ਕੇ ਕਾਬੂ ਕਰਨਾ ਹੈ ਜੋ ਸਰੀਰ ਨੂੰ ਭਲੇ ਜਾਂ ਬੁਰੇ ਪਾਸੇ ਲਾਉਂਦਾ ਹੈ। ਭਾਈ ਸਾਹਿਬ ਨੇ ਮਨ ਦੀ ਕੁਟਿਲਤਾ ਨੂੰ ਦੂਰ ਕਰਨ ਦੇ ਜੋ ਸਾਧਨ ਪਿਛੇ ਦੱਸੇ ਹਨ, ਜਿਨ੍ਹਾਂ ਨਾਲ ਮੈਂ ਹਉਮੈਂ ਨਾਸ ਹੋਣ ਤੇ ਮਨ ਸਥਿਰ ਹੁੰਦਾ ਹੈ। ਇਸ ਤੋਂ ਬਾਅਦ ਹੀ ਜੀਵ

---

246. ਰਾਣਾ ਸੂਰਤ ਸਿੰਘ, ਪੰਨਾ 103, ਪੰਕਤੀ 205-11)

247. ਤੇਰੇ ਬਿਨ ਅਰਦਾਸ! ਬੰਜਰ ਹੋ ਰਿਦਾ
ਰਹਿੰਦੀ ਓਥੇ ਥੋੜ ਲੱਗੀ ਹੈ ਸਦਾ।
ਥੋਗਣ ਕੱਠੇ ਹੋਇ - ਆਸੁਰਿ ਸੰਪਤਾ।— (ਉਹੀ, ਪੰਨਾ 105, ਪੰਕਤੀ-337-9)

248. ਜਦ ਸਭ ਪਾਸਿਓਂ ਜੀਵ ਹੋਇ ਨਿਰਾਸ ਹੈ
ਬਿਨਤੀ ਹੈ ਇਕ ਓਟ ਓਦੋਂ ਓਸ ਦੀ.....
ਥੀਉਂ ਕਰਕੇ ਅਰਦਾਸ ਸੁਰਤੀ ਜੋੜ ਕੇ
ਜਿਥੇ ਪੈਂਦੀ ਠੰਢ ਆਤਮ ਸ਼ਾਂਤਿ ਹੈ। (ਉਹੀ- ਪੰਨਾ 105, ਪੰਕਤੀ 341-45)

249. ਵਾਹ' ਵਾ ਤੂੰ ਅਰਦਾਸ ਮੇਲਣ ਹਾਰੀਏ !
ਸਰਗੁਣ ਨਿਰਗੁਣ ਰੂਪ ਹੈ ਨਿਰੰਕਾਰ ਜੋ
- ਕਲਾਧਾਰ ਸੰਸਾਰ ਨੂੰ ਸੁਧੁ ਜੋ ਰਿਹਾ—
ਦੇਹਧਾਰੀ ਦਾ ਨਾਲ ਉਸ ਦੇ ਮੇਲ ਤੂੰ
ਕਰਦਾਵੇਂ ਅਰਦਾਸ! ਤੂੰ ਤਾਂ ਧੰਨ ਹੈਂ। (ਉਹੀ, ਪੰਨਾ 185, ਪੰਕਤੀ 328-332)

(ਚਲਦਾ)

'ਸਹਜ- ਅਵਸਥਾ' ਵਿਚ ਪ੍ਰਵੇਸ਼ ਕਰਦਾ ਹੈ। ਇਹ ਅਵਸਥਾ ਕੋਈ ਬਾਹਰ ਨਹੀਂ,ਸਗੋਂ ਮਾਨਵ ਅੰਦਰ ਹੀ ਸਮਾਈ ਹੋਈ ਹੈ। ਸਿਰਫ਼ ਇਹ ਗੁਪਤ ਹੈ। ਇਸ ਵਿਚ ਨਾਮ- ਨਿਧੀ ਸਮੋਈ ਹੋਈ ਹੈ। ਪਰਮ- ਸਤ ਦੀ ਜੋਤੀ ਨਾਲ ਇਹ ਸਥਾਨ ਚਿਰ ਪ੍ਰਕਾਸ਼ ਹੈ, ਸਿਰਫ਼ ਇਸ ਨੂੰ ਖੋਲ੍ਹਣ ਅਤੇ ਇਸ ਵਿਚ ਪ੍ਰਵੇਸ਼ ਕਰਨ ਦੀ ਲੋੜ ਹੈ। ਇਸ ਨਾਲ ਜੀਵ ਰੱਬੀ ਜੋਤ ਵਿਚ ਲੀਨ ਹੋ ਕੇ ਅਨਹਦ ਸ਼ਬਦ ਨੂੰ ਸਰਵਣ ਕਰਦਾ ਹੈ। ਇਸੇ ਅਵਸਥਾ ਨੂੰ 'ਖੇੜਾ' ਕਰਕੇ ਭਾਈ ਸਾਹਿਬ ਕਹਿੰਦੇ ਹਨ:

> ਕੂਕ ਕੂਕ ਸੁਹਣਾ ਪਯਾ ਆਖੇ: "ਤਨ ਮਨ ਮੇਰਾ ਖੇੜਾ
> 'ਖਿੜਨ ਖਿੜਾਵਨ ਸਾਝੋਂ ਮਾਨੂੰ ਹੋਰ ਸੁਰਤਿ ਨਹਿੰ ਕਾਈ।[252]

ਇਸ 'ਖੇੜੇ'ਜਾਂ'ਅਨੰਦ' ਜਾਂ 'ਸਹਜ ਅਵਸਥਾ' ਦਾ ਅਨੁਭਵ ਹੀ ਜੀਵਨ ਦੇ ਸੱਚੇ ਗਿਆਨ ਦਾ ਮਰਮ ਹੈ। ਇਹ ਇਕ ਅਜੇਹੀ ਆਤਮਿਕ ਅਵਸਥਾ ਹੈ, ਜਿਸ ਵਿਚ ਜ਼ਿੰਦਗੀ ਜੀਵਨ ਦੇ ਅਸਲੀ ਰਾਜ਼ ਨਾਲ ਇਕਸੁਰ ਹੋ ਜਾਂਦੀ ਹੈ। ਇਹ ਸਾਡੇ ਅੰਦਰ ਹਰ ਸਮੇਂ ਹਰ ਹਾਲਤ ਵਿਚ ਵਿਦਮਾਨ ਹੈ,ਸਿਰਫ਼ ਮਨ ਤੋਂ ਪਰਦਾ ਚੁੱਕ ਕੇ ਇਸ ਦੇ ਸੱਚੇ ਸਰੂਪ ਨੂੰ ਸਮਝਣ ਦੀ ਲੋੜ ਹੈ :

> ਖੇੜਾ ਭਰਿਆ ਹਰ ਰੁੱਤੇ ਹੈ, ਹਰ ਹਾਲੇ ਹਰ ਜਾਈ,
> ਖਹਿੜਾ ਛੱਡਯਾ ਜਿਸ ਨ ਇਸਦਾ ਰਮਜ਼ ਓਸ ਨੇ ਪਾਈ।[253]

ਜ਼ਿੰਦਗੀ ਦੇਹ ਦਾ ਆਸਰਾ ਹੈ ਅਤੇ ਖੇੜਾ ਜ਼ਿੰਦਗੀ ਦਾ ਆਸਰਾ ਹੈ। ਆਤਮਾ ਦਾ ਅਸਲੀ ਜੀਵਨ ਉਤਨੀ ਦੇਰ ਹੀ ਹੈ, ਜਿਤਨੀ ਦੇਰ ਇਹ ਬਿਗਾਸ,ਅਨੰਦ ਜਾਂ ਖੇੜੇ ਦੀ ਅਵਸਥਾ ਵਿਚ ਹੈ :

> ਜਿੰਦ ਜੋ ਚਹਿੰਦੀ ਖੇੜਿਓਂ ਬੈ ਪੈਂਦੀ ਦੇਹ ਨਾਲ
> ਜ਼ਿੰਦਗੀ ਹੈ ਜਿਉਂ ਆਸਰਾ ਇਸ ਦੇਹੀ ਦਾ ਲਾਲ !
> ਤਿਉਂ 'ਖੇੜਾ' ਹੈ ਆਸਰਾ ਇਸ ਜ਼ਿੰਦਗੀ ਦਾ ਮਾਲ।
> ਖੇੜਾ ਜ਼ਿੰਦਗੀ ਇਕ ਹਨ ਇਕ ਦੂਹਾਂ ਦੀ ਚਾਲ।[254]

ਭਾਈ ਸਾਹਿਬ ਇੰਜ ਪ੍ਰਗਟਾਉਂਦੇ ਹਨ ਕਿ ਆਦਰਸ਼ਕ ਪੁਰਸ਼ ਦਾ ਜੀਵਨ ਵਿਚ ਮੂਲ ਨਿਸ਼ਾਨਾ ਆਤਮਾ ਨੂੰ ਖੇੜੇ ਦੀ ਅਵਸਥਾ ਵਿਚ ਰੱਖਣਾ ਹੈ। ਜੀਵਨ ਜਦ ਰੱਬੀ- ਹੁਕਮ ਨਾਲ ਇਕਸੁਰ ਹੋ ਜਾਂਦਾ ਹੈ, ਫਿਰ ਖੇੜੇ ਦਾ ਲੜ ਹੱਥੋਂ ਨਹੀਂ ਛੁਟਦਾ। ਪ੍ਰਕ੍ਰਿਤੀ ਦੇ ਨਿਯਮ ਅਨੁਸਾਰ ਮਨੁੱਖ ਹਮੇਸ਼ਾ ਨਿਰੋਆ, ਕਾਇਮ ਤੇ ਜੋਬਨ ਵਿਚ

---

250. ਵਿਗਿਆ ਰਹੁ, ਮੇਰੇ ਸਾਈਆਂ ਜੀਓ, ਪੰਨਾ 3
251. ਚਉਥੇ ਪਦ ਮਹਿ ਸਹਜੁ ਹੈ ਗੁਰਮੁਖ ਪਲੈ ਪਾਇ॥(ਸਿਰੀ ਰਾਗ ਮ:3,ਅਸਟਪਦੀ)
252. 'ਫੁਲ ਤੇ ਯੋਗੀ',ਮਟਕ ਹੁਲਾਰੇ,ਪੰਨਾ 58.
253. 'ਪਦਮ ਬ੍ਰਿਛ ਦੀ ਬਹਾਰ' ਬਿਜਲੀਆਂ ਦੇ ਹਾਰ,ਪੰਨਾ 87
254. 'ਜੀਵਨ ਕੀ ਹੈ ?', ਲਹਿਰਾਂ ਦੇ ਹਾਰ,ਪੰਨਾ 85.

ਨਹੀਂ ਰਹ ਸਕਦਾ। ਜੋਬਨ, ਜਵਾਨੀ ਅਤੇ ਅਰੋਗਤਾ ਵਿਚ ਸਭ ਪ੍ਰਸੰਨ ਰਹਿੰਦੇ ਹਨ, ਪਰ ਜਦ ਇਹ ਤਿੰਨੇ ਗੁਣ ਚਲੇ ਜਾਂਦੇ ਹਨ, ਜੀਵ ਡੋਲਦਾ ਹੈ। ਅਮਲੀ ਖੇਤਰ ਦਾ ਅਨੁਭਵ ਇਹੋ ਹੈ ਕਿ ਇਨ੍ਹਾਂ ਗੁਣਾਂ ਦੇ ਦੂਰ ਹੋਣ ਤੇ ਵੀ ਮਾਨਵ- ਆਤਮਾ ਅਡੋਲ, ਆਤਮ- ਵਿਗਾਸ ਅਤੇ ਰਸ- ਸਰੂਪ ਦੀ ਅਵਸਥਾ ਵਿਚ ਰਹੇ। ਭਾਈ ਸਾਹਿਬ ਇਕ ਅਸੰਗ੍ਰਹਿਤ ਰੁਬਾਈ 'ਖੁਸ਼ੀ ਰਹਣ' ਵਿਚ ਇਸ ਆਦਰਸ਼ ਨੂੰ ਹੋਰ ਸਪਸ਼ਟ ਕਰਦੇ ਹਨ:

'ਸਦਾ ਰਹਣ ਨਿਰੋਏ, ਨਾ ਵਸ ਸਾਡੇ, ਸਦਾ ਜੀਉਣ ਨ ਕੁਦਰਤ ਨੇ ਲਿਖਿਆ ਏ।
ਸਦਾ ਜੋਬਨਾ ਵਿਚ ਨ ਪਿਹਾ ਕੋਈ, ਸਦਾ ਖੁਸ਼ੀ ਰਹਿੰਦਾ ਨਾ ਕੋਈ ਵੇਖਿਆ ਏ।
ਜੋਬਨ- ਜਿੰਦ- ਅਰੋਗਤਾ ਜਦ ਹੋਵਣ, ਤਦੋਂ ਖੁਸ਼ੀ ਰਹਿਣਾ ਹੋ ਸਕਦਾ ਹੈ।
ਜਦ ਜਾਣ ਤਿੰਨੇ ਤਦੋਂ ਡੋਲਣਾ ਨਾ ਕਿਹੋ ਜਾਚ ਇਸ ਦੀ ਲੋੜੋ ਸਿਖਿਆ ਜੇ।[255]

ਸਾਰ- ਸੰਖੇਪ ਵਿਚ ਭਾਈ ਸਾਹਿਬ ਦੀ ਕਵਿਤਾ ਦੇ ਆਧਾਰ ਤੇ ਉਨ੍ਹਾਂ ਦੇ ਜੀਵਨ ਦਰਸ਼ਨ ਦੇ ਦਾਰਸ਼ਨਿਕ ਤੇ ਧਾਰਮਿਕ ਤੱਤਾਂ ਉਤੇ ਵਿਚਾਰ ਕਰਦਿਆਂ ਵੇਖਿਆ ਗਇਆ ਹੈ ਕਿ ਭਾਈ ਸਾਹਿਬ ਗੁਰਮਤਿ ਅਤੇ ਇਸ ਤੋਂ ਪੂਰਵ- ਵਰਤੀ ਭਾਰਤੀ ਦਰਸ਼ਨ ਦੇ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਪ੍ਰਭਾਵਿਤ ਜ਼ਰੂਰ ਹੋਏ ਹਨ, ਪਰ ਉਨ੍ਹਾਂ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਇਨ੍ਹਾਂ ਦੇ ਪ੍ਰਭਾਵਾਂ ਨੂੰ ਕਬੂਲਦਿਆਂ ਵੀ ਉਨ੍ਹਾਂ ਨੇ ਇਨ੍ਹਾਂ ਨੂੰ ਨਿੱਜੀ ਰੰਗ ਵਿਚ ਰੰਗ ਕੇ ਪੇਸ਼ ਕੀਤਾ ਹੈ।

✓ ਭਾਈ ਸਾਹਿਬ ਨੇ ਆਪਣੇ ਦਾਰਸ਼ਨਿਕ ਤੇ ਧਾਰਮਿਕ ਦ੍ਰਿਸ਼ਟੀਕੋਣ ਵਿਚ ਗਿਆਨ ਅਤੇ ਭਗਤੀ ਦੇ ਸੁਮੇਲ ਨੂੰ ਪ੍ਰਗਟ ਕੀਤਾ ਹੈ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਗਿਆਨ ਅਤੇ ਭਗਤੀ ਇਕ ਦੂਜੇ ਬਗੈਰ ਅਪੂਰਣ ਹਨ। ਮਨੋਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ ਗਿਆਨ ਬੁੱਧੀ ਦੀ ਅਤੇ ਭਗਤੀ- ਭਾਵਨਾ, ਪ੍ਰੇਮ ਤੇ ਸ਼ਰਧਾ ਹਿਰਦੇ ਦੀਆਂ ਵਸਤੂਆਂ ਹਨ। ਜਿਵੇਂ ਦਿਲ ਅਤੇ ਦਿਮਾਗ਼ ਦੇ ਸੰਜੋਗ ਤੋਂ ਬਿਨਾਂ ਪ੍ਰਾਣੀ ਆਪਣੇ ਸਰੀਰਕ ਸੰਤੁਲਨ ਨੂੰ ਕਾਇਮ ਨਹੀਂ ਰੱਖ ਸਕਦਾ, ਉਸੇ ਤਰ੍ਹਾਂ ਗਿਆਨ ਅਤੇ ਭਗਤੀ ਦੇ ਸੰਜੋਗ ਬਿਨਾਂ ਅਧਿਆਤਮਿਕ ਸੰਤੁਲਨ ਵੀ ਕਾਇਮ ਰੱਖਣਾ ਕਠਿਨ ਹੈ। ਇਸੇ ਲਈ ਭਾਈ ਸਾਹਿਬ ਸਪਸ਼ਟ ਕਰਦੇ ਹਨ ਕਿ ਇਸ਼ਟ ਦਾ ਸਰੂਪ ਪਰਿਚਯ ਗਿਆਨ ਨਾਲ ਅਤੇ ਉਸ ਦੇ ਪ੍ਰਤਿ ਸ਼ਰਧਾ, ਸਮਰਪਣ ਤੇ ਪ੍ਰੇਮ ਭਗਤੀ ਦੁਆਰਾ ਹੁੰਦਾ ਹੈ।

ਭਾਈ ਸਾਹਿਬ ਦੇ ਅਨੁਸਾਰ ਪ੍ਰਭੂ ਦੇ ਅਦਵੈਤਵਾਦੀ ਰੂਪ ਦੀ ਪਛਾਣ ਆਤਮ- ਸਮਰਪਣ ਵਿਚ ਹੈ। ਇਸ ਵਿਚ ਦੁਨੀਆਂ ਦੇ ਤਿਆਗ ਦੀ ਥਾਂ ਪ੍ਰਭੂ ਦੀ ਵਿਰਾਟ ਪ੍ਰਕ੍ਰਿਤੀ ਦੇ ਸੌਂਦ੍ਰਯ ਨੂੰ ਮਾਣਦਿਆਂ ਈਸ਼੍ਵਰ ਪ੍ਰੇਮ ਸਦਕਾ ਨਾਮ ਜਪਦਿਆਂ, ਜੀਵਨ ਦੇ ਸੱਚੇ ਗੁਣਾਂ ਨੂੰ ਅਪਣਾਉਂਦਿਆਂ, ਰੱਬੀ ਰਜ਼ਾ ਵਿਚ ਵਿਚ ਵਿਚਰਦਿਆਂ, ਖੇੜੇ ਭਰਪੂਰ ਅਵਸਥਾ ਵਿਚ ਰਹਣਾ ਦੱਸਿਆ ਹੈ। ਭਾਈ ਸਾਹਿਬ ਸਪਸ਼ਟ ਕਰਦੇ ਹਨ ਕਿ ਸ੍ਰਿਸ਼ਟੀ ਅਰਥਾਤ ਮਾਇਆ ਭਰਮ ਨਹੀਂ, ਯਥਾਰਥ ਹੈ, ਪਰ ਦੁਨੀਆਂ ਵਿਚ ਵਿਚਰਦਿਆਂ ਮਾਇਆ ਵਿਚ

---

255. 'ਖੁਸ਼ੀ ਰਹਣ', ਖਾਲਸਾ ਸਮਾਚਾਰ, 30-9-1960, ਜਿਲਦ 61, ਨੰ:31

ਲਿਪਤ ਹੀ ਨਹੀਂ ਹੋਣਾ ਚਾਹੀਦਾ ਸਗੋਂ ਪਦਾਰਥ ਦੀ ਅਸਲੀਅਤ ਨੂੰ ਸਮਝਣਾ ਚਾਹੀਦਾ ਹੈ। ਇਵੇਂ ਭਾਈ ਸਾਹਿਬ ਨੇ ਆਪਣੇ ਦ੍ਰਿਸ਼ਟੀਕੋਣ ਵਿਚ ਪਰਾ- ਭੌਤਿਕ ਅਤੇ ਭੌਤਿਕ ਦੋਹਾਂ ਦੀ ਸਚਾਈ ਨੂੰ ਸਵੀਕਾਰ ਕਰਕੇ ਪਰਾਭੌਤਿਕ ਨੂੰ ਆਦਰਸ਼ ਅਤੇ ਭੌਤਿਕ ਨੂੰ ਪੌੜ ਬਣਾਇਆ ਹੈ। ਉਹ ਦਸਦੇ ਹਨ ਕਿ ਭੌਤਿਕ ਪਰਾ- ਭੌਤਿਕ ਦੀ ਰਚਨਾ ਹੈ। ਇਸ ਲਈ ਜੀਵ ਦਾ ਨਿਸ਼ਾਨਾ ਰਚਨਾ ਨਹੀਂ ਰਚਣਹਾਰ ਹੈ। ਇਵੇਂ ਉਹ ਜੀਵ ਨੂੰ ਰਚਨਾ ਤੋਂ ਰਚਣਹਾਰ ਵੱਲ ਵਧਣ ਦੀ ਪ੍ਰੇਰਨਾ ਦਿੰਦੇ ਹਨ। ਇਸ ਦ੍ਰਿਸ਼ਟੀਕੋਣ ਨੂੰ ਅਪਣਾ ਕੇ ਭਾਈ ਸਾਹਿਬ ਵਿਸ਼ਵ ਦੀ ਕਿਸੇ ਵਸਤੂ ਨਾਲ ਘਿਰਣਾ ਨਹੀਂ ਕਰਦੇ, ਸਗੋਂ ਵਿਸ਼ਵ- ਪ੍ਰੇਮੀ ਤੇ ਲੋਕ- ਪ੍ਰੇਮੀ ਹੋ ਜਾਂਦੇ ਹਨ ਅਤੇ ਜ਼ੱਰੇ ਜ਼ੱਰੇ ਵਿਚ ਪ੍ਰਭੂ ਦੀ ਹੋਂਦ ਨੂੰ ਵਿਦਮਾਨ ਵੇਖਦੇ ਹਨ।

ਭਾਈ ਸਾਹਿਬ ਦੇ ਦੱਸੇ ਵਿਚਾਰਾਂ ਦੇ ਅਨੁਸਾਰ ਆਦਰਸ਼ ਪ੍ਰਾਪਤੀ ਦੀ ਮੂਲ ਸਾਧਨਾ ਸੱਤ ਸਰੂਪ ਦਾ ਗਿਆਨ ਕਿਸੇ ਗੁਰੂ ਦੀ ਓਟ ਅਥਵਾ ਸ਼ਬਦ- ਰੂਪ ਦੇ ਗਿਆਨ ਰਾਹੀਂ ਪ੍ਰਾਪਤ ਕਰਕੇ ਸੱਤ-ਸਰੂਪ ਨੂੰ ਪਿਆਰ ਕਰਕੇ ਨਾਮ ਸਿਮਰਨ ਵਿਚ ਹੈ। ਨਾਮ ਦੀ ਧਾਤ ਅੰਤਰ ਵਿਚ ਵਿਦਮਾਨ ਹੈ, ਅਗਿਆਨ-ਵੱਸ ਜੀਵ ਸਿਰਫ਼ ਇਸ ਨੂੰ ਪਛਾਣਦਾ ਨਹੀਂ ਕਿਉਂਕਿ ਉਸ ਦੀ ਆਤਮਾ ਤੇ ਹਉਮੈਂ ਦਾ ਪਰਦਾ ਪਇਆ ਹੈ। ਇਸੇ ਕਾਰਨ ਜੀਵ ਹਰ ਸਮੇਂ ਵਿਸ਼ੈ ਵਿਕਾਰਾਂ ਵਿਚ ਫਸਿਆ ਭਾਂਤ ਭਾਂਤ ਦੇ ਕਰਮ ਕਰਦਿਆਂ ਕਰਮ-ਗਤੀ ਅਨੁਕੂਲ ਜੀਵਨ ਦੇ ਆਵਾਗਵਨ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ। ਭਾਈ ਸਾਹਿਬ ਸਮਝਾਉਂਦੇ ਹਨ ਕਿ 'ਜੇਹਾ ਬੀਜੇ ਤੇਹਾ ਖਾਏ' ਦੇ ਨਿਯਮ ਨੂੰ ਸਮਝਦਿਆਂ ਕਰਮਾਂ ਦੇ ਬੀਜਣ ਵੇਲੇ ਸੁਚੇਤ ਰਹਣਾ ਚਾਹੀਦਾ ਹੈ। ਹਉਮੈਂ ਤੋਂ ਛੁਟਕਾਰੇ ਅਤੇ ਚੰਗੇ ਕਰਮਾਂ ਦੀ ਬਿਜਾਈ ਲਈ ਸ਼ਬਦ- ਗਿਆਨ ਅਤੇ ਸ਼ਬਦ ਰਹੱਸ, ਹੁਕਮ ਦੀ ਪਾਲਣਾ, ਸਤਿਸੰਗ, ਕੀਰਤਨ, ਅਰਦਾਸ ਦੇ ਗੁਣਾਂ ਨੂੰ ਸਮਝਣਾ ਜ਼ਰੂਰੀ ਹੈ। ਹਉਮੈਂ ਦੇ ਨਸ਼ਟ ਹੋਇਆਂ ਜੀਵ ਪਰਮ- ਸਤ ਵਿਚ ਚਿੱਤ ਲਗਾਂਦਾ ਹੈ, ਜਿਸ ਨਾਲ ਸਤ-ਸਰੂਪ ਪ੍ਰਤੱਖ ਹੋ ਜਾਂਦਾ ਹੈ। ਇਸ ਅੰਤਰ-[illegible] ਜਾਤਰਾ ਦੀ ਸਹਾਇਤਾ ਨਾਲ ਮਨੁੱਖ ਜੀਵਨ ਵਿਚ ਰਹਿੰਦਿਆਂ ਵੀ ਜੀਵਨ- ਮੁਕਤ ਹੁੰਦਾ ਹੈ। ਇਵੇਂ ਮਾਨਵ ਜੀਂਦੇ ਜੀ 'ਖੇੜੇ' ਨੂੰ ਪ੍ਰਾਪਤ ਕਰਕੇ ਪ੍ਰਭੂ ਪਿਆਰ ਵਿਚ ਵਿਲੀਨ ਹੋ ਕੇ ਰੱਬੀ ਹੁਕਮ ਵਿਚ ਪਰੋਇਆ ਜਾਂਦਾ ਹੈ। ਇਸ ਖੇੜੇ ਦੀ ਪ੍ਰਾਪਤੀ ਹੀ ਪਰਮ- ਅਨੰਦ ਦੀ ਅਵਸਥਾ ਹੈ, ਜਿਸ ਦੀ ਉਪਲਬਧੀ ਇਨਸਾਨੀ ਜੀਵਨ ਦਾ ਲਕਸ਼ ਹੈ। ਅਜੇਹੀ ਪ੍ਰਾਪਤੀ ਨਾਲ ਜੀਵ ਸ਼ੁਭ ਕਰਮਾਂ, ਉਚ ਵਿਚਾਰਾਂ, ਸਦਾਚਾਰੀ ਬ੍ਰਿਤੀ ਅਤੇ ਪਰਉਪਕਾਰ ਦੇ ਗੁਣਾਂ ਦਾ ਸੁਆਮੀ ਹੋ ਜਾਂਦਾ ਹੈ।

ਭਾਈ ਸਾਹਿਬ ਦਾ ਇਹ ਆਦਰਸ਼ ਸਭ ਲਈ ਸਾਂਝਾ ਹੈ। ਇਸ ਵਿਚ ਕਿਸੇ ਨਾਲ ਘਿਰਣਾ ਨਹੀਂ, ਸਭ ਨੂੰ ਪ੍ਰਭੂ- ਅੰਸ਼ ਸਵੀਕਾਰ ਕੀਤਾ ਗਇਆ ਹੈ। ਉਨ੍ਹਾਂ ਨੇ ਇਸ ਪ੍ਰਾਪਤੀ ਲਈ ਪ੍ਰਚਲਿਤ ਪਖੰਡਾਂ ਦਾ ਵਿਰੋਧ ਜ਼ਰੂਰ ਕੀਤਾ ਹੈ ਪਰ ਕਿਸੇ ਧਰਮ, ਦਰਸ਼ਨ ਜਾਂ ਸੰਪਰਦਾਇ ਦੀ ਵਿਰੋਧਤਾ ਨਹੀਂ ਕੀਤੀ ਅਤੇ ਨਾ ਹੀ ਇਨ੍ਹਾਂ ਦਾ ਉਪਹਾਸ ਉਡਾਇਆ ਹੈ।

## (ਅ) ਸਮਾਜਿਕ ਤੇ ਸਦਾਚਾਰਕ ਵਿਚਾਰ

ਭਾਈ ਸਾਹਿਬ ਦੇ ਦਾਰਸ਼ਨਿਕ ਤੇ ਧਾਰਮਿਕ ਵਿਚਾਰਾਂ ਨੂੰ ਸਮਝਣ ਤੋਂ ਬਾਅਦ ਉਨ੍ਹਾਂ ਦੇ ਸਮਾਜਿਕ ਤੇ ਸਦਾਚਾਰਕ ਵਿਚਾਰਾਂ ਨੂੰ ਅਨੁਭਵ- ਗੋਚਰ ਕਰਨਾ ਵੀ ਜ਼ਰੂਰੀ ਹੈ। ਸਮਾਜ ਮਾਨਵ ਜੀਵਨ ਦੀ ਹੋਂਦ ਅਤੇ ਵਿਕਾਸ ਲਈ ਬੜੀ ਜ਼ਰੂਰੀ ਸੰਸਥਾ ਹੈ। 'ਲਾਸਕੀ' ਨੇ ਵੀ ਮਨੁੱਖ ਨੂੰ ਇਕ ਅਜੇਹਾ ਪ੍ਰਾਣੀ ਕਹਿਆ ਹੈ ਜੋ ਸਾਂਝ ਦਾ ਨਿਰਮਾਤਾ ਹੈ ਅਤੇ ਜਿਸ ਦੀਆਂ ਸਹਜ- ਪ੍ਰਵ੍ਰਿਤੀਆਂ ਉਸ ਨੂੰ ਆਪਣੇ ਸਾਥੀਆਂ ਨਾਲ ਰਹਣ ਲਈ ਪ੍ਰੇਰਿਤ ਕਰਦੀਆਂ ਹਨ।[256] ਸਾਂਝੇ ਜੀਵਨ ਲਈ ਜ਼ਰੂਰੀ ਹੈ ਕਿ ਜੀਵਨ ਨੂੰ ਪ੍ਰਾਕ੍ਰਿਤਕ ਮਨੋਵੇਗਾਂ ਦੀ ਅੰਧ- ਪ੍ਰੇਰਨਾ ਤੇ ਨਾ ਛੱਡਿਆ ਜਾਏ, ਸਗੋਂ ਕਿਸੇ ਮਰਿਆਦਾ ਵਿਚ ਬੰਨ੍ਹਿਆ ਜਾਏ।

<u>ਸਮਾਜ ਤੇ ਮਰਿਆਦਾ</u> — ਭਾਈ ਸਾਹਿਬ ਦਸਦੇ ਹਨ ਕਿ ਮਰਿਆਦਾ ਸ੍ਰੇਸ਼ਠ ਸਮਾਜ- ਸੰਗਠਨ ਲਈ ਜ਼ਰੂਰੀ ਹੈ ਅਤੇ ਇਹ ਉਦੋਂ ਹੀ ਸੰਭਵ ਹੈ, ਜਦ ਹਰੇਕ ਵਿਅਕਤੀ ਅਨੁਭਵ ਕਰ ਲਏ ਕਿ ਇਸ ਪ੍ਰਿਥਵੀ ਉਤੇ ਕੇਵਲ ਉਸੇ ਦਾ ਅਧਿਕਾਰ ਹੀ ਨਹੀਂ, ਉਸ ਨੇ ਹੋਰਾਂ ਨਾਲ ਰਲ ਕੇ ਵਿਚਰਨਾ ਹੈ:

> ਇਕ ਜਣੇ ਦਾ ਨਹੀਂ ਏ ਖਾਜ ਦਿਸਦਾ ਐਵੇਂ ਫੁੰਕਸੀ ਪਿਆ ਰਸ ਬਾਗ਼ਬਾਨਾ
> ਜੀਅ ਜੰਤੂਆਂ ਨੂੰ ਖਾਣ ਦੇਹ ਖੁੱਲ੍ਹਾ ਬੱਦਲ ਵਾਂਗ ਦਾਤਾ ਵੱਸ, ਬਾਗ਼ਬਾਨਾ।[257]

ਗੁਰਮਤਿ ਵਿਚ ਵੀ ਆਉਂਦਾ ਹੈ ਕਿ ਮਨੁੱਖ ਨੂੰ ਸੰਤੋਖ ਕਰਕੇ ਵੰਡ ਕੇ ਖਾਣਾ ਚਾਹੀਦਾ ਹੈ।[258]

✓<u>ਸਾਂਝ- ਭਾਵ</u> — ਇਹ ਸਾਂਝ ਦਾ ਭਾਵ ਹੀ ਸਮਾਜਿਕ ਮਰਿਆਦਾ ਦਾ ਮੂਲ ਹੈ, ਜੋ ਮਨੁੱਖਾਂ ਨੂੰ ਆਪਸ ਵਿਚ ਬੰਨ੍ਹਦਾ ਹੈ। ਜੇ ਵਿਅਕਤੀਗਤ ਨਿਰਣਯ ਦੇ ਆਧਾਰ ਤੇ ਹਰ ਕੋਈ ਦੁਨੀਆਂ ਨੂੰ ਆਪਣੀ ਹੀ ਮਲਕੀਅਤ ਸਮਝਣ ਲਗ ਪਵੇ ਤਾਂ ਸਰਵ- ਨਾਸ਼ ਹੋ ਜਾਣ ਦਾ ਡਰ ਹੈ। ਇਸੇ ਲਈ ਭਾਈ ਸਾਹਿਬ ਦਸਦੇ ਹਨ ਕਿ ਧਰਤੀ ਉਤੇ ਜੀਵ- ਜੰਤੂਆਂ ਦਾ ਸਾਂਝਾ ਹੱਕ ਹੈ ਅਤੇ ਕਿਸੇ ਨੂੰ ਅਧਿਕਾਰ ਦੀ ਗ਼ਲਤ-ਫ਼ਹਮੀ ਵਿਚ ਝੂਠੇ ਹੱਕ ਹਕੂਕ ਜਮਾਣ ਦਾ ਯਤਨ ਨਹੀਂ ਕਰਨਾ ਚਾਹੀਦਾ।[259] ਭਾਈ ਸਾਹਿਬ ਨੂੰ ਦੁੱਖ ਹੈ ਕਿ ਅਜੋਕੇ ਸਮਾਜ ਵਿਚ ਮਨੁੱਖ ਨੇ ਸਵਾਰਥ ਨੂੰ ਹੀ ਮੁੱਖ ਰੱਖਿਆ ਹੋਇਆ ਹੈ ਅਤੇ ਸਮਾਜ ਵਿਚ ਜਾਤਾਂ, ਨਸਲਾਂ ਅਤੇ ਦੇਸ਼ਾਂ ਦੀਆਂ ਵੰਡੀਆਂ ਪਾਈਆਂ ਹੋਈਆਂ ਹਨ:

> ਏਸ ਆਦਮੀ ਤੋਂ ਆਸ ਰੱਖ ਨਾਹੀ ਕਹੁ ਪਯਾਰ ਤੇ ਹੁੱਬ ਵਤਨਾ ਵੀਰਾ !
> ਧਰਤੀ ਇਕ ਨੂੰ ਜਿਨ੍ਹੇਂ ਚਾ ਵੰਡਿਆ ਏ ਦੇਸ਼ ਦੇਸ਼ ਦੀ ਵੰਡ ਵੰਡਾ ਵੀਰਾ ![260]

---

256. ਲਾਸਕੀ, ਰਾਜਨੀਤੀ ਕੇ ਮੂਲ ਤਤਵ (ਏ ਗ੍ਰਾਮਰ ਆਫ਼ ਪਾਲਿਟਿਕਸ ਦਾ ਅਨੁਵਾਦ- ਪੰਨਾ 3)
257. 'ਭੁੰਡਿਆ ਤੋਤਾ', ਲਹਿਰਾਂ ਦੇ ਹਾਰ, ਪੰਨਾ- 190
258. ਮਨ ਸੰਤੋਖ ਸਰਬ ਜੀਅ ਦਇਆ। (ਗਉੜੀ ਥਿਤੀ ਮਹਲਾ 5)
259. ਜੀਵ ਜੰਤ ਉਪਾਇ ਇਸ ਧਰਤਿ ਉਤੇ ਦਿੱਤੀ ਖੁੱਲ੍ਹ ਫਲ ਮੂਲ ਦੇ ਖਾਵਣੇ ਦੀ
ਕਾਣੀ ਵੰਡ ਕਿਉਂ ਵੰਡ ਨੇ ਬਾਗ਼ਵਾਨਾਂ ਝੂਠੇ ਹੱਕ ਹਕੂਕ ਜਮਾਵਣੇ ਦੀ (ਉਹੀ, ਪੰਨਾ-192)
260. ਉਹੀ, ਪੰਨਾ 193.

ਮਨੁੱਖਾਂ ਵਿਚ ਲੋੜ ਸਾਂਝ ਭਾਵ ਦੀ ਹੈ, ਪਰ ਉਹ ਆਪਸ ਵਿਚ ਹੀ ਲੜਦੇ ਰਹਿੰਦੇ ਹਨ। ਲਾਲਚ ਤੇ ਲੋੜ-ਵੰਸ ਹੋਏ ਭਰਾ ਭਰਾਵਾਂ ਦੇ ਖੂਨ ਦੇ ਪਿਆਸੇ ਬਣ ਜਾਂਦੇ ਹਨ।[261] ਇਸੇ ਕਰਕੇ ਦੁਨੀਆਂ ਵਿਚ 'ਜਿਸ ਦੀ ਲਾਠੀ ਉਸ ਦੀ ਭੈਂਸ" ਵਾਲੀ ਗਤ ਬਣੀ ਹੋਈ ਹੈ।[262]

<u>ਹੱਕ ਦੀ ਪਛਾਣ</u> – ਅਜੇਹੀ ਹਾਲਤ ਵਿਚ ਦੁਨੀਆਂ ਨੂੰ ਸੁਰਗ ਸਿਰਫ਼ 'ਹੱਕ ਦੀ ਪਛਾਣ' ਹੀ ਬਣਾ ਸਕਦੀ ਹੈ।[263] ਕਿਸੇ ਦੇ ਹੱਕ ਨੂੰ ਮਾਰਨਾ ਗੁਰਮਤਿ ਵਿਚ ਵੀ ਬੁਰਾ ਕਹਿਆ ਗਇਆ ਹੈ।[264] ਇਹ ਤਦੋਂ ਹੀ ਮੁੰਕਿਨ ਹੈ ਕਿ ਜੇ ਹਰੇਕ ਮਨੁੱਖ ਜੀਵਨ ਵਿਚ ਠੀਕ ਕਦਰਾਂ ਅਤੇ ਕੀਮਤਾਂ ਨੂੰ ਸਮਝਣ ਦਾ ਯਤਨ ਕਰੇ:

'ਕਦਰਾਂ 'ਤੇ 'ਸਮਝ ਵਾਲੀ' ਜਿਸ ਨੇ ਨਜ਼ਰ ਪਕਾਈ
ਦੇਖੇ ਕੁਬੇਰ ਬੈਠਾ ਮਹੁਣਪ ਬਜ਼ਾਰ ਲਾਈ।[265]

ਪਰ ਮਾਨਵ ਸਮਾਜ ਦਾ ਦੁਖਾਂਤ ਇਹੋ ਹੈ ਕਿ ਅਜੇਹੀ ਦ੍ਰਿਸ਼ਟੀ ਰੱਖਣ ਵਾਲੇ ਬਹੁਤ ਥੋੜ੍ਹੇ ਜੀਵ ਹਨ।

<u>ਮਰਿਆਦਾ ਤੇ ਵਿਅਕਤੀਗਤ ਸਵਤੰਤ੍ਰਤਾ</u> – ਭਾਈ ਸਾਹਿਬ ਸਮਾਜਿਕ ਮਰਿਆਦਾ ਦੇ ਨਿਯਮਾਂ ਦੀ ਪਾਲਣਾ ਦੇ ਅਨੁਯਾਈ ਹਨ ਪਰ ਉਹ ਨਿਯਮ ਦੇ ਨਾਂ ਉਤੇ ਵਿਅਕਤੀ ਦੀ ਸਵਤੰਤ੍ਰਤਾ ਨੂੰ ਹਰਣ ਦੇ ਹੱਕ ਵਿਚ ਨਹੀਂ। ਉਹ ਫ਼ਰਜ਼ ਦੇ ਨਾਂ ਉਤੇ ਵਿਅਕਤੀ ਦੀ ਆਜ਼ਾਦੀ ਉਤੇ ਅਜੇਹਾ ਪ੍ਰਤਿਬੰਧ ਨਹੀਂ ਲਾਉਣਾ ਚਾਹੁੰਦੇ ਕਿ ਮਾਨਵ ਇੱਛਾ ਅਨੁਸਾਰ ਹੱਥ ਪੈਰ ਵੀ ਨਾ ਹਿਲਾ ਸਕੇ। ਫ਼ਰਜ਼ ਅਤੇ ਮਰਿਆਦਾ ਦੇ ਨਾਂ ਹੇਠਾਂ ਜੋ ਖੁਰ੍ਹਵਾਪਣ ਤੇ ਨਿਰਦਈਪੁਣਾ ਵਧ ਰਹਿਆ ਹੈ, ਭਾਈ ਸਾਹਿਬ ਉਸ ਦੀ ਨਿਖੇਧੀ ਕਰਦੇ ਹਨ:

ਹਿਰਦੇ ਕਠੋਰ ਵਾਲੀ ! ਦਰਦੋਂ ਨਿਰੋਲ ਖਾਲੀ !
ਖ਼ਾਲੀ ਮੁਹੱਬਤੋਂ ! ਤੂੰ ਕਿਥੋਂ ਹੈਂ ਦੌੜ ਆਈ ?[266]

ਭਾਈ ਸਾਹਿਬ ਫ਼ਰਜ਼ ਅਤੇ ਹਮਦਰਦੀ ਦੀ ਪਾਲਣਾ ਵਿਚ ਪਿਆਰ ਅਤੇ ਹਮਦਰਦੀ ਦੇ ਅੰਸ਼ ਨੂੰ ਜ਼ਰੂਰੀ ਸਮਝਦੇ ਹਨ। ਉਹ ਨਿਰਜੀਵ ਮਰਿਆਦਾ ਦੀ ਪਾਲਣਾ ਦਾ ਸਮਰਥਨ ਨਹੀਂ ਕਰਦੇ।[267] ਇਵੇਂ ਭਾਈ ਸਾਹਿਬ ਦੀ ਮਰਿਆਦਾ ਅਤੇ ਫ਼ਰਜ਼ ਦੀ ਕਲਪਣਾ ਸੁਸੰਗਤ ਤੇ ਵਿਵਹਾਰਕ ਹੈ ਅਤੇ ਇਸ ਵਿਚ ਮਾਨਵੀ ਹਿਤ ਦੇ ਗੁਣਾਂ ਦਾ ਸਮਾਵੇਸ਼

---

261. ਰੰਪੇ ਰੰਪੇ ਤੇ ਜਿਨ੍ਹੇ ਹਨ ਚੀਰ ਲਾਏ, ਵੀਰ ਵੀਰ ਤੋਂ ਵਖ ਵਖਾ ਵੀਰਾ !
ਹੰਨੇ ਹੰਨੇ ਤੇ ਤੰਨੇ ਹਨ ਜਿਨ੍ਹ ਲਾਏ, 'ਮੈਂ' ਤੇ 'ਮੇਰੀ' ਦਾ ਟੰਕ ਲਗਾ ਵੀਰਾ !
ਲੜਦੇ ਮਾਰਦੇ ਮਰਨ ਏ ਆਪ ਵਿੱਚੀਂ, ਲਹੂ ਵੀਟਦੇ ਵੀਰ ਵਿਰਾ ਵੀਰਾ !
(ਫ਼ੀਡਿਆ ਤੋਤਾ, ਲਹਿਰਾਂ ਦੇ ਹਾਰ, ਪੰਨਾ 194)

262. ਧਰਤੀ ਏਸ ਤੇ ਜ਼ੋਰ ਜਰਵਾਣਿਆਂ ਦਾ ਕਾਹਦਾ ਹੱਕ ਤੇ ਕਾਹਦਾ ਹੈ ਨਿਆਂ ਵੀਰਾ।(ਉਹੀ, ਪੰ:194)

263. ਹੱਕ ਦੀ ਪਛਾਣ ਸਾਰੇ ਲੋਕਾਂ ਜਿ ਵਿਚ ਆਵੇ,
ਦੁਨੀਆਂ ਸੁਰਗ ਹੋ ਜਾਵੇ ਟਹਿਕੇ ਏ ਬਾਗ ਸਾਰਾ।(ਬੁਲਬੁਲ ਤੇ ਰਾਹੀ, ਲਹਿਰਾਂ ਦੇ ਹਾਰ, ਪੰ:142)

264. ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥
ਗੁਰ ਪੀਰ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ॥(ਵਾਰ ਮਾਝ ਮਹਲਾ ੧)

265. ਬੁਲਬੁਲ ਤੇ ਰਾਹੀ, ਲਹਿਰਾਂ ਦੇ ਹਾਰ, ਪੰਨਾ 140

266. 'ਪਿਆਰ ਤੇ ਫ਼ਰਜ਼' ਦੀਆਂ ਦੇਵੀਆਂ ਦਾ ਸੰਬਾਦ, ਬਿਜਲੀਆਂ ਦੇ ਹਾਰ, ਪੰ:77

(ਚਲਦਾ)

ਮਿਲਦਾ ਹੈ।

<u>ਪਰਿਵਾਰ ਕਲਪਨਾ</u> — ਸਮਾਜ ਵਾਸਤਵ ਵਿਚ ਪਰਿਵਾਰਾਂ ਦਾ ਸੰਗਠਨ ਹੈ। ਸਮਾਜ ਦਾ ਸੁੱਖ ਪਰਿਵਾਰਿਕ ਜੀਵਨ ਦੀ ਸੁੱਖ ਸ਼ਾਂਤੀ ਤੇ ਆਧਾਰਿਤ ਹੈ। ਭਾਈ ਸਾਹਿਬ ਮਹਸੂਸ ਕਰਦੇ ਹਨ ਕਿ ਹੁਣ ਦੇ ਜ਼ਮਾਨੇ ਵਿਚ ਪਰਿਵਾਰਿਕ ਪਿਆਰ ਅਲੋਪ ਹੋ ਰਹਿਆ ਹੈ ਅਤੇ ਹਰ ਖੇਤਰ ਵਿਚ ਵਿੱਥਾਂ ਪੈਦਾ ਹੋ ਰਹੀਆਂ ਹਨ। ਪਰਸਪਰ ਪਿਆਰ ਤੇ ਸਦਭਾਵਨਾ ਵਾਲੇ ਭੁਟਾਂ ਭਰਪੂਰ ਪਰਿਵਾਰ ਘਟ ਮਿਲਦੇ ਹਨ:

ਵਿੱਥ ਵਾਲੇ ਜਗ ਵਿੱਚ ਵਿੱਥਾਂ ਪਈਆਂ ਚੱਪੇ ਚੱਪੇ
ਔਤੇ ਅੱਤ ਸਭ ਕੋਈ ਜੋੜੀਆਂ ਨੀ ਬੇੜੀਆਂ।[268]

ਭਾਈ ਸਾਹਿਬ ਦਸਦੇ ਹਨ ਕਿ ਇਨਸਾਨ ਨੂੰ ਕਿਸੇ ਦੇ ਘਰੋਗੀ ਜੀਵਨ ਵਿਚ ਤ੍ਰੇੜਾਂ ਨਹੀਂ ਪਾਣੀਆਂ ਚਾਹੀਦੀਆਂ,[269] ਸਗੋਂ ਸੁਖੀ ਪਰਿਵਾਰ ਨੂੰ ਵੇਖ ਕੇ ਪ੍ਰਸੰਨ ਹੋਣਾ ਚਾਹੀਦਾ ਹੈ।[270]

<u>ਨਾਰੀ (ਦਾ) ਸਥਾਨ</u> — ਪਰਿਵਾਰ ਦੇ ਸੁੱਖ ਆਦਰਸ਼ ਦੀ ਪ੍ਰਾਪਤੀ ਤਦੋਂ ਹੀ ਸੰਭਵ ਹੈ ਜੇ ਸਮਾਜ ਵਿਚ ਨਾਰੀ ਦਾ ਆਦਰ ਯੋਗ ਸਥਾਨ ਹੋਵੇ। ਸੰਨਿਆਸ ਅਤੇ ਵੈਰਾਗ ਨੂੰ ਮਹੱਤਤਾ ਮਿਲਣ ਵੇਲੇ ਨਾਰੀ ਦਾ ਤ੍ਰਿਸਕਾਰ ਹੋਇਆ ਸੀ ਅਤੇ ਨਾਰੀ ਨੂੰ ਵਿਕਾਰ ਦੀ ਜੜ੍ਹ ਕਹਕੇ ਭੰਡਿਆ ਗਇਆ ਸੀ। ਗੁਰਮਤਿ ਦੀ ਵਿਚਾਰ-ਧਾਰਾ ਵਿਚ ਨਾਰੀ ਦੇ ਹੱਕ ਵਿਚ ਆਵਾਜ਼ ਉਠਾਈ ਗਈ ਹੈ। ~~[illegible]~~ ਵੈਸੇ ਵੀ ਆਦਰਸ਼ ਸਮਾਜ ਵਿਚ ਇਸਤ੍ਰੀਆਂ ਨੂੰ ਪੁਰਸ਼ਾਂ ਦੇ ਅਨੁਰੂਪ ਹੀ ਸਮਝਿਆ ਜਾਣਾ ਚਾਹੀਦਾ ਹੈ, ਹੀਣ ਨਹੀਂ, ਕਿਉਂਕਿ ਇਸਤ੍ਰੀ ਪੁਰਸ਼ ਇਕ ਦੂਜੇ ਦੇ ਪੂਰਕ ਤੇ ਸਹਯੋਗੀ ਹਨ। ਭਾਈ ਸਾਹਿਬ ਇਸਤ੍ਰੀ ਦੀ ਸਮਾਜ ਵਿਚ ਕਦਰ ਲਈ ਪ੍ਰੇਰਦਿਆਂ ਇਸਤ੍ਰੀ ਹਿਰਦੇ ਦੀ ਕੋਮਲਤਾ ਨੂੰ ਸਮਝਣ ਤੇ ਜ਼ੋਰ ਦਿੰਦੇ ਹਨ।[271] ਉਹ ਸਮਝਦੇ ਹਨ ਕਿ ਇਸਤ੍ਰੀ ਨੂੰ ਸਰੀਰ ਰਚਨਾਗਤ ਭੇਦ ਕਾਰਨ ਪੁਰਸ਼ ਦੀ ਸਹਾਇਤਾ ਦੀ ਲੋੜ ਰਹਿੰਦੀ ਹੈ:

'ਹਾਇ ਨਾ ਵਲੂੰਧਰੀ ਵੇ! ਸੁੱਟੀਂ ਨਾ ਉਤਾਰ ਭੁੰਞੇ
ਸੱਜਣ ਗਲੋਂ ਟੁੱਟੀਆਂ ਹੋ ਜਾਸਾਂ ਇਕਲਾਪੀਆਂ !'[272]

---

267. 'ਨਰਮੀ ਦਿਲਾਂ' ਦੀ ਨਾਲੇ ਖਾਣੀ ਜਿ ਖਿੱਚ ਅੰਦਰ
ਰਹਿਣਾ 'ਮਿਲਾਪ' ਮਤੇ ਸੈਨੂੰ ਨ [illegible] ਲੋੜ ਕਾਈ
ਜਾਣਾਂ ਆਰਾਮ ਨਾਹੀ, ਮੌਜਾਂ ਤਰਸ ਨ ਜਾਣਾਂ,
ਜਾਣਾਂ ਫਰਜ਼ ਦਾ ਕਰਨਾ, ਦੁਖ ਸੁਖ ਵਿਚਾਰ ਨਾਹੀਂ। ( ਬਿਜਲੀਆਂ ਦੇ ਹਾਰ, ਪੰਨਾ 78)

268. 'ਕੇਲੋਂ ਦੇ ਗਲ ਲਗੀ ਵੇਲ', ਲਹਿਰਾਂ ਦੇ ਹਾਰ, ਪੰਨਾ- 80

269. ਪਯਾਰੇ ਨਾ ਵਿਛੋੜੀਏ ਵੇ, ਮਿਲੇ ਨਾ ਨਿਖੇੜੀਏ ਵੇ,
ਆਸਰੇ ਨਾ ਤੋੜੀਏ ਵੇ, ਅਵੇ ! ਪਾੜੀਏ ਨਾ ਜੋੜੀਆਂ। (ਉਹੀ- ਪੰਨਾ-80)

270. ਵਿੱਥਾਂ ਮੇਟ ਇਕੋ ਹੋਏ ਉਹਨਾ ਵੇਖ ਰੀਝਣਾ ਵੇ,
ਬਾਹੀਂ ਗਲੇ ਲਿਪਟੀਆਂ ਨ ਚਾਹੀਏ ਕਦੇ ਤੋੜੀਆਂ। (ਉਹੀ, ਪੰਨਾ- 81)

271. ਹਾਇ ਨ ਧਰੀਕ ਸਾਨੂੰ, ਹਾਇ ਵੇ ਨ ਮਾਰ ਖਿੱਚਾਂ
ਹਾਇ ਨ ਵਿਛੋੜ, ਗੱਲ ਲੱਗੀਆਂ ਨੂੰ ਪਾਪੀਆ। (ਉਹੀ, ਪੰਨਾ- 79)

272. ਉਹੀ, ਪੰਨਾ 80.

<u>ਸਮਾਜ ਤੇ ਵਿਦਿਆ</u> — ਆਦਰਸ਼ ਸਮਾਜ ਵਿਚ ਵਿਦਿਆ ਦੀ ਬੜੀ ਮਹੱਤਤਾ ਹੈ। ਭਾਈ ਸਾਹਿਬ ਵੀ ਵਿਦਿਆ ਨੂੰ ਚੰਗੇ ਇਨਸਾਨ ਤੇ ਸਮਾਜ ਲਈ ਜ਼ਰੂਰੀ ਸਮਝਦੇ ਹਨ। ਉਹ ਮੰਨਦੇ ਹਨ ਕਿ ਅਜੋਕੇ ਯੁਗ ਵਿਚ ਪੂਰਬ ਤੇ ਪੱਛਮ ਦੋਹਾਂ ਵਿਚ ਵਿਦਿਆ ਦਾ ਛਤਰ ਝੁੱਲ ਰਹਿਆ ਹੈ:

ਵਿਦਿਆ ! ਵਿਦਿਆ ! ਦੀ ਮੱਚੀ ਗੁੰਜਾਰ ਸਾਰੇ,
'ਚੌਹੀਂ' ਵਿਦਿਆ ਫਿਰੀ ਸੰਸਾਰ ਵੀਰੋ......
ਡੰਕਾ ਵਿਦਿਆ ਦਾ ਚਾਰ ਕੁੰਟ ਵਜੇ,
ਪੂਰਬੋਂ ਪਛਮੋਂ ਖੜਕਦੀ ਤਾਰ ਵੀਰੋ।
ਛਤਰ ਵਿਦਿਆ ਦਾ ਜਗ ਝੁੱਲਿਆ ਜੇ,
ਮੌਕਾ ਵਿਦਿਆ ਦਾ ਹੋਯਾ ਪ੍ਰਚਾਰ ਵੀਰੋ।[273]

ਵਿਦਿਆ ਹੀ ਮਾਨਵਤਾ ਦੀ ਬੇੜੀ ਨੂੰ ਸੰਸਾਰ ਸੰਕਟ ਦੀ ਮੰਝਧਾਰ ਤੋਂ ਪਾਰ ਲਾ ਸਕਦੀ ਹੈ।[274] ਵਿਦਿਆ ਨੂੰ ਗੁਰਮਤਿ ਵਿਚ ਵੀ ਸਮਾਜ ਕਲਿਆਣ ਲਈ ਜ਼ਰੂਰੀ ਸਮਝਿਆ ਗਇਆ ਹੈ।[275]

<u>ਸਮਾਜ ਤੇ ਗਰੀਬੀ)</u> — ਚੰਗੇ ਸਮਾਜ ਵਿਚ ਗਰੀਬੀ ਨੂੰ ਖ਼ਤਮ ਕਰਨਾ ਭਾਈ ਸਾਹਿਬ ਜ਼ਰੂਰੀ ਸਮਝਦੇ ਹਨ। ਗਰੀਬੀ ਤੇ ਪਾਟੀਆਂ ਲੀਰਾਂ ਵਾਲੇ ਨਜ਼ਾਰੇ ਉਨ੍ਹਾਂ ਨੂੰ ਵਲੂੰਧਰ ਦਿੰਦੇ ਹਨ:

ਜਿੱਕੁਰ ਰੁਲਦੇ ਸੇਬ ਤੇ ਨਾਸ਼ਪਾਤੀਆਂ
ਵਿਚ ਗਿਰਾਂ ਕਸ਼ਮੀਰ ਤੀਕਰ ਰੁਲ ਰਹੀ
ਸੁੰਦਰਤਾ ਵਿਚ ਖਾਕ ਲੀਰਾਂ ਪਾਟੀਆਂ।[276]

<u>ਅਨਾਥਾਂ ਦੀ ਸਹਾਇਤਾ</u> — ਭਾਈ ਸਾਹਿਬ ਸਮਾਜ ਦੇ ਹੋਰ ਦੁੱਖਾਂ ਨਾਲ ਯਤੀਮਾਂ ਦੇ ਦੁੱਖਾਂ ਤੇ ਵੀ ਪਸੀਜ ਕੇ ਦਸਦੇ ਹਨ ਕਿ ਮਨੁੱਖੀ ਪਿਆਰ ਤੇ ਹਮਦਰਦੀ ਹੀ ਅਨਾਥਾਂ ਦੇ ਦੁੱਖਾਂ ਨੂੰ ਘਟਾ ਸਕਦੀ ਹੈ। 'ਦਰਦ ਵੇਦਨਾ' ਇਕ ਅਸੰਗ੍ਰਹਿਤ ਕਵਿਤਾ ਵਿਚ ਭਾਈ ਸਾਹਿਬ ਲਿਖਦੇ ਹਨ:

ਫਿਰੀ ਰੁੱਤ ਪਰ ਚਿੱਤ ਨ ਚੈਨ ਰਤੀ, ਛੱਡ ਤੁਰੇ ਅੰਮੀ ਬਾਪੂ ਹੋਨ ਦੋਵੇਂ।
ਲਾਡ ਲੋਰੀਆਂ ਸੜ ਕੇ ਸੁਆਹ ਹੋਏ ਸਾਥ ਛੱਡ ਨੱਠੇ ਸੁੱਖ ਚੈਨ ਦੋਵੇਂ।
ਮਾਪੇ ਯਾਦ ਆਵਣ ਛਾਤੀ ਉਠੇ ਭੁਬਾਂ ਮਾਰ ਰੋਈਏ ਭਰਾ ਭੈਣ ਦੋਵੇਂ।[277]

---

273. ਵਿਦਿਆ ਗੁੰਜਾਰ, ਖਾਲਸਾ ਸਮਾਚਾਰ, 14-2-1935, ਜਿਲਦ 36, ਅੰਕ ਨੰ: 12
274. ਮੈਂ ਵਿਦਿਆ ਨੇ ਭਾਰਿਆ ਹੈ ਤਾਰਿਆ ਸੰਸਾਰ ਨੂੰ
ਮੈਂ ਪਾਰ ਲਾਇਆ, ਪਰ ਲਾਇਆ ਫਾਥਿਆਂ ਮੰਝਧਾਰ ਨੂੰ
(ਵਿਦਿਆ ਦੀ ਦੇਵੀ ਦੀ ਸੱਦ, ਖਾਲਸਾ ਸਮਾਚਾਰ, 22-4-1943, ਜਿਲਦ 44, ਨੰ: 22)
275. ਵਿਦਿਆ ਵੀਚਾਰੀ ਤਾਂ ਪਰਉਪਕਾਰੀ (ਆਸਾ ਮਹਲਾ ੧)
276. 'ਕਸ਼ਮੀਰ ਦੀ ਸੁੰਦਰਤਾ' ਮਟਕ ਹੁਲਾਰੇ, ਪੰਨਾ 121.
277. 'ਦਰਦ ਨਜ਼ਾਰਾ,' ਖਾਲਸਾ ਸਮਾਚਾਰ, 18-7-1912, ਜਿਲਦ 13, ਨੰ: 36.

ਆਚਰਣ ਦੀ ਉਸਾਰੀ —

ਸਵੈ- ਸੁਤੰਤ੍ਰ ਬਣਨ ਦੀ ਲੋੜ— ਆਦਰਸ਼ ਸਮਾਜ ਦੀ ਦਸ਼ਾ ਅਤੇ ਇਸ ਦੀਆਂ ਲੋੜਾਂ ਤੇ ਦ੍ਰਿਸ਼ਟੀਪਾਤ ਕਰਕੇ ਭਾਈ ਸਾਹਿਬ ਮਨੁੱਖ ਦੀ ਆਚਰਣ ਉਸਾਰੀ ਉਤੇ ਜ਼ੋਰ ਦਿੰਦੇ ਹਨ। ਉਹ ਸਮਾਜ ਵਿਚ ਜਹਰ ਵਾਲੇ ਦੇ ਪੱਕੇ ਕਾਰਨ ਮਨੁੱਖ ਨੂੰ ਸਵੈ-ਸੁਤੰਤ੍ਰ ਬਣਨ ਲਈ ਪ੍ਰੇਰਦੇ ਹਨ। 'ਕੋਈ' ਅਸੰਗ੍ਰਹਿਤ ਕਵਿਤਾ ਵਿਚ ਉਹ ਸਪਸ਼ਟ ਕਰਦੇ ਹਨ:

ਅੱਜ ਦੇ ਹਨ ਸਾਰੇ ਕਲ ਦਾ ਹੈ ਕੋਈ।
ਦੁੱਖਾਂ ਦੇ ਆਇਆਂ, ਫਲਦਾ ਹੈ ਕੋਈ।
ਜ਼ੋਰ ਪਿਆਲੇ ਤੇ ਝੁਰਮਟ ਆ ਪੈਂਦੇ
ਬਿਸਤਰੇ ਦਾ ਪਾਸਾ ਮਲਦਾ ਹੈ ਕੋਈ।
ਜਮਦੇ ਹਨ ਸਾਰੇ, ਜੀਮਦਾ ਹੈ ਕੋਈ
ਦੰਮ ਦੇ ਹਨ ਸਾਰੇ, ਦਮ ਦਾ ਹੈ ਕੋਈ।[278]

ਦੁੱਖ ਵਿਚ ਕੋਈ ਕਿਸੇ ਦਾ ਸਾਥੀ ਨਹੀਂ ਬਣਦਾ ਅਤੇ ਸੁੱਖ ਦੇ ਸਾਰੇ ਸਾਥੀ ਬਣ ਜਾਂਦੇ ਹਨ। ਇਸ ਹਾਲਤ ਨੂੰ ਵੇਖਦਿਆਂ ਭਾਈ ਸਾਹਿਬ ਬਿਨਾਂ ਕਿਸੇ ਦੀ ਆਸ ਤੇ ਉਮੀਦ ਦੇ ਸਵੈ- ਸੁਤੰਤ੍ਰ ਬਣਨ ਦੀ ਪ੍ਰੇਰਨਾ ਦਿੰਦੇ ਹਨ:

ਉਠ ਆਪਣੇ ਆਪ ਬੂਟਿਆ ਵੇਲ ਨ ਬਣੀ
ਵੇਲ ਨ ਬਣੀ ਵਲਦਾਰ ਸੁਹਣਿਆ- ਵੇਲ ਨ ਬਣੀ।[279]

ਮੁਸ਼ੱਕਤ ਦੀ ਲੋੜ — ਭਾਈ ਸਾਹਿਬ ਦਸਦੇ ਹਨ ਕਿ ਸਵੈ- ਸੁਤੰਤ੍ਰ ਬਣਨ ਲਈ ਮਨੁੱਖ ਨੂੰ ਹਿੰਮਤੀ ਤੇ ਮਿਹਨਤੀ ਹੋਣਾ ਚਾਹੀਦਾ ਹੈ। ਮੁਸ਼ੱਕਤ ਨੂੰ ਹੀ ਸੁਖ- ਫੁੱਲ ਲਗਦੇ ਹਨ:

ਪੇੜ ਮੁਸ਼ੱਕਤ ਨੂੰ ਪਵੇ ਸਖੀਏ ! ਸੁਖ ਦਾ ਫੁੱਲ
ਜਿਨਾ ਮੁਸ਼ੱਕਤ ਬੀਜਿਆ, ਲੱਭਣ ਸੁੱਖ ਨੂੰ ਫੁੱਲ
ਬਿਨਾ ਮੁਸ਼ੱਕਤ ਜੇ ਮਿਲੇ, ਸੁਖ ਸਖੀਏ ! ਰੱਖ ਯਾਦ—
ਕਦਰ ਨਾ ਸੁੱਖ ਦੀ ਪਏਗੀ, ਮਾਣੇਗੀ ਨ ਸੁਆਦ।[280]

ਇਸ ਉਦਮ ਦੇ ਗੁਣ ਨੂੰ ਗੁਰਮਤਿ ਵਿਚ ਵੀ ਜੀਵਨ ਲਈ ਜ਼ਰੂਰੀ ਸਮਝਿਆ ਗਇਆ ਹੈ।[281]

ਨਿਮਰਤਾ ਦੀ ਲੋੜ — ਮਨੁੱਖ ਨੂੰ ਮਿਹਨਤ ਕਰਦਿਆਂ ਹੰਕਾਰ ਵਿਚ ਨਹੀਂ ਆਉਣਾ ਚਾਹੀਦਾ, ਸਗੋਂ ਨਿਮਰਤਾ ਭਰਪੂਰ ਬਣਨਾ ਚਾਹੀਦਾ ਹੈ। ਭਾਈ ਸਾਹਿਬ ਖੂਹ ਦੀਆਂ ਟਿੰਡਾਂ ਦੀ ਉਦਾਹਰਣ ਦੇ ਕੇ ਸਮਝਾਉਂਦੇ ਹਨ।

---

278. 'ਕੋਈ', ਖਾਲਸਾ ਸਮਾਚਾਰ, 1.10.1936, ਜਿਲਦ 37, ਨੰ: 47
279. 'ਵੇਲ ਨ ਬਣੀ' ਉਹੀ, 19-3-1959, ਜਿਲਦ 60, ਅੰਕ ਨੰ: 17
280. 'ਮੁਸ਼ੱਕਤ ਨੂੰ ਸੁਖ ਫਲ' ਉਹੀ, 27-8-1959, ਜਿਲਦ 60, ਅੰਕ ਨੰ: 39
281. ਉਦਮੁ ਕਰੇਦਿਆ ਜੀਉ ਤੂ ਕਮਾਵਦਿਆ ਸੁਖ ਭੁੰਚੁ॥ (ਵਾਰ ਗੂਜਰੀ, ਸ਼ਲੋਕ ਮ: 5)
282. 'ਨਿਮਰਤਾ ਤੇ ਹੰਕਾਰ', ਖਾਲਸਾ ਸਮਾਚਾਰ, 10-12-1964, ਜਿਲਦ 66, ਨੰ: 5

ਹੋਇ ਰਹੀਆਂ ਹੈਰਾਨ, ਟਿਡਾਂ ਦੀ ਗਤਿ ਦੇਖ ਕੇ
ਨੀਵੀਆਂ ਜਾ ਭਰ ਜਾਣ ਉਚੀਆਂ ਜਾ ਜਾ ਸੱਖਣੀਆਂ।[282]

ਮਨੁੱਖ ਵਿਚ ਜਿਤਨੀ ਨਿਮਰਤਾ ਹੋਇਗੀ, ਉਤਨਾ ਹੀ ਉਹ ਗੁਣਾ ਭਰਪੂਰ ਹੋਵੇਗਾ।

ਨੇਕੀ ਦੀ ਲੋੜ — ਭਾਈ ਸਾਹਿਬ ਸਪਸ਼ਟ ਕਰਦੇ ਹਨ ਕਿ ਨਿਮਰਤਾ ਦੇ ਨਾਲ ਨੇਕੀ ਦੀ ਲੋੜ ਹੈ। ਨੇਕੀ ਦਾ ਨਾਅਰਾ ਸ਼ੁਰੂ ਤੋਂ ਲਗਦਾ ਆਇਆ ਹੈ, ਪਰ ਇਨਸਾਨ ਨੂੰ ਨੇਕੀ ਕਰਨ ਦੀ ਜਾਚ ਨਹੀਂ ਆਉਂਦੀ। ਚੰਗਾ ਆਚਰਣ ਉਸਾਰਦਿਆਂ ਨੇਕੀ ਦੇ ਗੁਣ ਦੀ ਪਾਲਣਾ ਵਿਚ ਮੁਸੀਬਤਾਂ ਵੀ ਸਹਣੀਆਂ ਪੈਂਦੀਆਂ ਹਨ। ਭਾਈ ਸਾਹਿਬ ਇਕ ਅਸੰਗ੍ਰਹਿਤ ਰੁਬਾਈ 'ਨੇਕੀ ਕਰਨਾ' ਵਿਚ ਪ੍ਰਗਟਾਉਂਦੇ ਹਨ:

ਨੇਕੀ ਕਰਨਾ- ਨੇਕੀ ਕਰਨਾ, ਖਾਣ ਪੁਣਾਂ ਤੋਂ ਪਾਈ।
ਬਦੀ ਕਰਨ ਦੀ ਜਾਚ ਸੁਹਣਿਆਂ ਤੇ ਬਖਰੇ ਨੂੰ ਆਈ।
ਗੰਨਾ ਦੇਖ ਨਪੀੜਿਆ ਜਾਂਦਾ, ਦਾਨ ਮਿਠਾਈ ਕਰਦਾ,
ਚੰਦਨ ਦੇਖ, ਕੁਹਾੜੇ ਤੇ ਵੀ, ਛੂਹ ਸੁਗੰਧਿ ਦੀ ਲਾਈ।[283]

ਰੀਤੀ ਨੀਤੀ ਤੇ ਸ਼ਿਸ਼ਟਾਚਾਰ — ਭਾਈ ਸਾਹਿਬ ਮੰਨਦੇ ਹਨ ਕਿ ਆਦਰਸ਼ਕ ਸਮਾਜ ਵਿਚ ਵਿਅਕਤੀ ਦੇ ਵਿਹਾਰ ਵਿਚ ਰੀਤੀ ਨੀਤੀ ਅਤੇ ਸ਼ਿਸ਼ਟਾਚਾਰ ਦੀ ਪਾਲਣਾ ਜ਼ਰੂਰੀ ਹੈ। ਰੀਤੀ ਨੀਤੀ ਅਤੇ ਸ਼ਿਸ਼ਟਾਚਾਰ ਦੇ ਤੱਤ ਹਰ ਸਭਿਅਤਾ ਦੇ ਨਿਜੀ ਹੁੰਦੇ ਹਨ। ਭਾਰਤੀਆਂ ਲਈ ਭਾਈ ਸਾਹਿਬ ਨੂੰ ਭਾਰਤ ਦੀ ਪ੍ਰਮਾਣਿਕ ਸਭਿਅਤਾ ਦਾ ਪਹਰਾਵਾ, ਰਹਣੀ ਬਹਣੀ, ਹਯਾ, ਲੱਜਾ ਤੇ ਸਵਤੰਤ੍ਰਤਾ ਦੇ ਗੁਣ ਚੰਗੇ ਲਗਦੇ ਹਨ। ਇਨ੍ਹਾਂ ਗੁਣਾਂ ਨੂੰ ਉਨ੍ਹਾਂ ਨੇ ਪੰਡਤਾਣੀ ਕਸ਼ਮੀਰ ਦੇ ਚਰਿੱਤ੍ਰ ਰਾਹੀਂ ਪੇਸ਼ ਕੀਤਾ ਹੈ:

ਪੰਡਤਾਣੀ ਕਸ਼ਮੀਰ— ਸਤਿਕਾਰ ਲਵੇ—
ਦਿਸ ਆਂਵਦੀ ਇਜ਼ਤਦਾਰ ਅਮੀਰ
ਪਹਿਰਾਵਾ ਉਸ ਸੋਹਿਣਾ
ਵਰੀ ਹਯਾ ਦੇ ਨਾਲ
ਸੁੰਦਰਤਾ ਉਸ ਢਬ ਰਹੀ,
ਫਿਰਦੀ ਖੁਲ੍ਹੇ ਹਾਲ—
ਸੰਗ ਨਹੀਂ ਫਿਰ ਲਾਜ ਹੈ।[284]

ਭਾਈ ਸਾਹਿਬ ਨੂੰ ਪੱਛਮੀ ਪ੍ਰਭਾਵ ਹੇਠਾਂ ਅਪਣਾਈ ਗਈ ਪਹਰਾਵੇ ਦੀ ਸ਼ੋਖੀ ਚੰਗੀ ਨਹੀਂ ਲਗਦੀ। 'ਬਿਸਮਿਲ ਮੋਰ' ਵਿਚ ਉਹ ਇਸ ਨਵੀਂ ਪ੍ਰਵਿਰਤੀ ਉਤੇ ਭਰਵਾਂ ਵਿਅੰਗ ਕਰਦੇ ਹਨ।[285]

---

283. 'ਨੇਕੀ ਕਰਨਾ', ਖਾਲਸਾ ਸਮਾਚਾਰ, 25-6-1964, ਜਿਲਦ 65, ਨੰ:36
284. 'ਭੁੱਲ ਚੁੱਕੀ ਸਭਯਤਾ', ਮਟਕ ਹੁਲਾਰੇ, ਪੰਨਾ 110
285. 'ਬਿਸਮਿਲ ਮੋਰ', ਲਹਿਰਾਂ ਦੇ ਹਾਰ, ਪੰਨਾ 178.

ਨਸ਼ਿਆਂ ਦੀ ਨਿਖੇਧੀ — ਭਾਰਤੀ ਸ਼ਿਸ਼ਟਾਚਾਰ ਵਿਚ ਨਸ਼ਿਆਂ ਦੇ ਸੇਵਨ ਨੂੰ ਚੰਗਾ ਨਹੀਂ ਸਮਝਿਆ ਗਇਆ। ਗੁਰਮਤਿ ਵਿਚ ਵੀ ਨਸ਼ਿਆਂ ਦੀ ਨਿਖੇਧੀ ਕੀਤੀ ਗਈ ਹੈ।[286] ਭਾਈ ਸਾਹਿਬ ਵੀ ਆਪਣੀ ਮਸ਼ਹੂਰ ਕਵਿਤਾ 'ਦਾਖਾਂ ਤੇ ਦਾਰੂ' ਵਿਚ ਨਸ਼ਿਆਂ ਦੀ ਨਿਖੇਧੀ ਕਰਦਿਆਂ ਲਿਖਦੇ ਹਨ:

> ਪਹਿਲੇ ਤੋੜ ਕੇ ਫੇਰ ਵਿਚ ਮਟ ਪਾ ਕੇ ਭਠੀ ਚਾੜ੍ਹ ਕੇ ਫੇਰ ਚੁਆਵਣੀ ਹੈ।
> ਫੇਰ ਆ ਸੁਰਾਹੀ ਤੇ ਪਲਟ ਪਿਆਲੇ ਨੱਕ ਚਾੜ੍ਹ ਕੇ ਘੁੱਟ ਭਰਾਵਣੀ ਮੈਂ।
> ਕੌਣ ਕਰੇ ਤਗਾਦੜੇ ਐਤ ਨੀਮੇ ਚੁਟ ਤੋੜਨੀ ਤੇ ਚੁਏ ਖਾਵਣੀ ਮੈਂ। [287]
> ਹੋਸ਼ ਆਪਣੀ ਵਿਚ ਮੈਂ ਮਸਤ ਰਹਿਣਾ ! ਮਸਤੀ ਵਿਚ ਨਾ ਹੋਸ਼ ਗਵਾਵਣੀ ਮੈਂ।

ਸਾਰ— ਸੰਖੇਪ ਵਿਚ ਭਾਈ ਸਾਹਿਬ ਆਪਣੇ ਸਮਾਜਿਕ ਤੇ ਸਦਾਚਾਰਕ ਆਦਰਸ਼ ਵਿਚ ਵਿਅਕਤੀ ਦੀ ਪੂਰਣਤਾ ਆਦਰਸ਼ ਸਮਾਜ ਲਈ ਜ਼ਰੂਰੀ ਸਮਝਦੇ ਹਨ। ਸਮਾਜ ਦੀ ਸੁੱਖ- ਅਵਸਥਾ ਦਾ ਮਾਨਦੰਡ ਉਨ੍ਹਾਂ ਦੀਆਂ ਨਜ਼ਰਾਂ ਵਿਚ ਸਾਂਝ ਭਾਵਨਾ ਅਤੇ ਮਰਿਆਦਾ ਦੀ ਪਾਲਣਾ ਹੈ। ਭਾਈ ਸਾਹਿਬ ਸਮਾਜ ਦੀ ਦਸ਼ਾ ਨੂੰ ਵੇਖ ਕੇ ਦੁੱਖ ਪ੍ਰਤੀਤ ਕਰਦੇ ਹਨ ਕਿ ਮਨੁੱਖ ਨੇ ਸਵਾਰਥ ਵੱਸ ਹੋ ਕੇ ਜਾਤਾਂ, ਨਸਲਾਂ ਤੇ ਕੌਮਾਂ ਦੀਆਂ ਵੰਡੀਆਂ ਪਾਈਆਂ ਹੋਈਆਂ ਹਨ, ਜੋ ਲੋਕਾਂ ਦੇ ਆਪਸ ਵਿਚ ਝਗੜੇ ਦਾ ਕਾਰਨ ਹਨ। ਉਹ ਸਮਾਜ ਵਿਚ ਜ਼ੋਰਾਵਰ ਦੇ ਧੱਕੇ ਅਤੇ ਮਾਨਵ- ਹਮਦਰਦੀ ਦੀ ਘਾਟ ਨੂੰ ਵੀ ਅਨੁਭਵ ਕਰਦੇ ਹਨ। ਸਮਾਜ ਦੇ ਉਥਾਨ ਲਈ ਭਾਈ ਸਾਹਿਬ ਪਰਸਪਰ ਵਿਵਹਾਰ ਦੀ ਸਵੱਛਤਾ ਦੇ ਨਾਲ ਪਰਿਵਾਰਿਕ ਜੀਵਨ ਦੀ ਸੁੱਖ ਸ਼ਾਂਤੀ, ਨਾਰੀ ਦੀ ਕਦਰ ਤੇ ਵਿਦਿਆ ਦੇ ਪ੍ਰਸਾਰ ਤੇ ਜ਼ੋਰ ਦਿੰਦੇ ਹਨ।

ਭਾਈ ਸਾਹਿਬ ਮਨੁੱਖ ਨੂੰ ਸਮਾਜ ਦੀ ਇਸ ਕਠੋਰ ਹਕੀਕਤ ਨੂੰ ਸਮਝ ਕੇ ਸਵੈ- ਪ੍ਰਯਤਨਸ਼ੀਲ ਤੇ ਸਵੈ- ਸਵਤੰਤ੍ਰ ਬਣਨ ਲਈ ਪ੍ਰੇਰਦੇ ਹਨ। ਉਹ ਚੰਗੇ ਸਮਾਜ ਵਿਚ ਮਨੁੱਖ ਦੀ ਆਚਰਣ ਉਸਾਰੀ ਲਈ ਨੇਕੀ, ਨਿੰਮਰਤਾ, ਪਰਉਪਕਾਰ ਅਤੇ ਰੀਤੀ ਨੀਤੀ ਤੇ ਸ਼ਿਸ਼ਟਾਚਾਰ ਦੀ ਪਾਲਣਾ ਦੇ ਗੁਣਾਂ ਨੂੰ ਜ਼ਰੂਰੀ ਸਮਝਦੇ ਹਨ। ਭਾਰਤੀਆਂ ਲਈ ਉਨ੍ਹਾਂ ਨੂੰ ਭਾਰਤੀ ਪਹਿਰਾਵਾ, ਰਹਿਣੀ ਬਹਿਣੀ, ਲੱਜਾ ਤੇ ਹਯਾ ਦੇ ਗੁਣਾਂ ਦਾ ਬੜਾ ਸਤਿਕਾਰ ਹੈ। ਉਹ ਭਾਰਤੀਆਂ ਲਈ ਪੱਛਮੀ ਸਭਿਅਤਾ ਦੀ ਸ਼ੋਖੀ ਨੂੰ ਚੰਗਾ ਨਹੀਂ ਸਮਝਦੇ।

ਭਾਈ ਸਾਹਿਬ ਦੇ ਹਿਰਦੇ ਵਿਚ ਮਨੁੱਖਤਾ ਦੇ ਹਰ ਬਸ਼ਰ ਲਈ ਦਰਦ ਹੈ। ਉਹ ਗਰੀਬਾਂ ਤੇ ਅਨਾਥ ਬੱਚਿਆਂ ਲਈ ਹਮਦਰਦੀ ਤੇ ਪਰਉਪਕਾਰ ਲਈ ਸਭ ਨੂੰ ਉਤਸਾਹਿਤ ਕਰਦੇ ਹਨ। ਉਹ ਸਮਾਜ ਵਿਚ ਮਾਨਵ ਨੂੰ ਮਾਨਵ ਦੀਆਂ ਉਣਤਾਈਆਂ ਦੱਸ ਕੇ ਵਿਅਕਤੀਗਤ ਸਤਰ ਤੋਂ ਉਤੇ ਉਠਣ ਦੀ ਪ੍ਰੇਰਨਾ ਦਿੰਦੇ ਹਨ

---

286. ਇਤ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥(ਵਾਰ ਬਿਲਾਵਲੁ ਮਹਲਾ ੧)

287. ਖਾਲਸਾ ਸਮਾਚਾਰ, 17-3-1960, ਜਿਲਦ 61, ਨੰ: 18.

## (ੲ) ਰਾਜਨੀਤਿਕ ਵਿਚਾਰ

ਭਾਈ ਸਾਹਿਬ ਦੇ ਸਮਾਜਿਕ ਤੇ ਸਦਾਚਾਰਕ ਵਿਚਾਰਾਂ ਨੂੰ ਸਮਝਣ ਤੋਂ ਉਪਰੰਤ ਉਨ੍ਹਾਂ ਦੇ ਰਾਜਨੀਤਿਕ ਵਿਚਾਰਾਂ ਨੂੰ ਸਮਝਣਾ ਵੀ ਜ਼ਰੂਰੀ ਹੈ। ਸ਼ਾਸਨ ਵਿਧੀ ਦੇ ਵਿਸ਼ੇ ਸੰਬੰਧੀ ਹਰੇਕ ਵਿਅਕਤੀ ਦੇ ਕੁਝ ਵਿਚਾਰ ਜ਼ਰੂਰ ਹੁੰਦੇ ਹਨ। ਭਾਈ ਸਾਹਿਬ ਦੇ ਵੀ ਇਸ ਵਿਸ਼ੇ ਸੰਬੰਧੀ ਕੁਝ ਵਿਚਾਰ ਅਤੇ ਵਿਸ਼ਵਾਸ਼ ਜ਼ਰੂਰ ਹਨ। ਪਰ ਸਭ ਤੋਂ ਪਹਿਲਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਭਾਈ ਸਾਹਿਬ ਮੂਲ ਰੂਪ ਵਿਚ ਇਕ ਕਵੀ ਸਨ, ਰਾਜਨੀਤਿਕ ਆਗੂ ਨਹੀਂ। ਉਨ੍ਹਾਂ ਨੇ ਆਪਣੇ ਸਮੇਂ ਵਿਚ ਭਾਰਤ ਦੀ ਗ਼ੁਲਾਮੀ ਦੇ ਅਨੁਭਵ ਨੂੰ ਭਰਵੇਂ ਰੂਪ ਵਿਚ ਮਹਿਸੂਸ ਕੀਤਾ ਸੀ ਤੇ ਇਸ ਨੂੰ ਦੂਰ ਕਰਨ ਲਈ ਕੇਵਲ ਨਾਅਰੇਬਾਜ਼ੀ ਦੀ ਥਾਂ ਕਵਿਤਾ ਵਿਚ ਜੀਵਨ ਦੇ ਉਨ੍ਹਾਂ ਮੁੱਢਲੇ ਗੁਣਾਂ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਹੈ, ਜੋ ਕਿਸੇ ਕੌਮ ਨੂੰ ਆਤਮਿਕ ਤੌਰ ਤੇ ਬਲਵਾਨ ਬਣਾ ਕੇ ਹਰ ਪ੍ਰਕਾਰ ਦੇ ਜ਼ੁਲਮ ਨਾਲ ਟੱਕਰ ਲੈਣ ਦੇ ਸਮਰੱਥ ਬਣਾ ਸਕਦੇ ਹਨ। ਇਸ ਦੇ ਨਾਲ ਹੀ ਯੋਗ ਮਿਤੀ ਵਿਚ ਉਨ੍ਹਾਂ ਨੇ ਆਪਣੇ ਰਾਜਨੀਤਿਕ ਵਿਚਾਰਾਂ ਨੂੰ ਸਿੱਧੇ ਢੰਗ ਨਾਲ ਪ੍ਰਗਟ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ।

**ਮੁਸਲਮਾਣੀ ਤੇ ਅੰਗ੍ਰੇਜ਼ੀ ਸਾਮਰਾਜ ਦੀ ਗ਼ੁਲਾਮੀ)**– ਭਾਈ ਸਾਹਿਬ ਦਾ ਵਿਚਾਰ ਸੀ ਕਿ ਆਚਰਣਹੀਣਤਾ ਅਤੇ ਸਵਾਰਥ ਕਰਕੇ ਹੀ ਭਾਰਤ ਪਹਿਲੇ ਮੁਗ਼ਲਾਂ ਦਾ ਤੇ ਫਿਰ ਅੰਗ੍ਰੇਜ਼ਾਂ ਦਾ ਗ਼ੁਲਾਮ ਹੋਇਆ ਸੀ ਅਤੇ ਇਸ ਗ਼ੁਲਾਮੀ ਨੇ ਦੇਸ਼-ਵਾਸੀਆਂ ਵਿਚ 'ਦੇਸ਼-ਪਿਆਰ' ਤੇ ਕੌਮੀ ਪਿਆਰ ਦੇ ਅਹਿਸਾਸ ਨੂੰ ਖ਼ਤਮ ਕਰ ਦਿੱਤਾ ਸੀ:

'ਦੇਸ਼-ਭਗਤ' ਦੀ ਗੰਧ ਕਿਧਰੇ ਸੀ ਨਹੀਂ
ਤੁਰਕਾਂ ਨੇ ਭੰਨ ਧੌਣ ਦਿੱਤੀ ਖ਼ੂਬ ਸੀ;
ਸਵਾਰਥ ਆਪਣਾ ਮੁੱਖ ਹਿੰਦੀ ਰੱਖਦੇ ;
'ਦੇਸ਼-ਪਯਾਰ' ਕੇ 'ਕੌਮ-ਪਯਾਰ' ਨ ਮੂਲ ਸੀ
ਤਾਹਯੋਂ ਤਾਂ ਸੀ ਦੇਸ਼ ਪਿੱਛੇ ਪੈ ਗਿਆ।[288]

ਉਹ ਸਾਫ਼ ਪ੍ਰਗਟ ਕਰਦੇ ਹਨ ਕਿ ਭਾਰਤ ਵਿਚ ਮੁਸਲਮਾਣੀ ਸਾਮਰਾਜ ਨੇ ਆਪਣੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਇੱਥੋਂ ਦੇ ਧਰਮ ਨੂੰ ਖ਼ਤਮ ਕਰਨ ਲਈ ਬੜੇ ਅਤਿਆਚਾਰ ਕੀਤੇ ਸਨ।[289] ਫਿਰ ਮੁਸਲਮਾਣੀ ਸਾਮਰਾਜ ਤੋਂ ਬਾਅਦ ਅੰਗ੍ਰੇਜ਼ਾਂ ਨੇ ਭਾਰਤ ਨੂੰ ਗ਼ੁਲਾਮ ਬਣਾ ਕੇ ਜ਼ਾਹਰ ਕਰਨ ਦਾ ਯਤਨ ਕੀਤਾ ਸੀ ਕਿ ਉਨ੍ਹਾਂ ਨੇ ਭਾਰਤ ਉੱਤੇ ਕਬਜ਼ਾ ਭਾਰਤੀਆਂ ਨੂੰ ਸੁਖੀ ਬਣਾਉਣ ਲਈ ਕੀਤਾ ਹੈ, ਪਰ ਉਹ ਭਾਰਤ ਵਾਸੀਆਂ ਦੇ ਗ਼ੁਲਾਮੀ ਦੇ

---

288. ਰਾਣਾ ਸੂਰਤ ਸਿੰਘ, ਪੰਨਾ 99, ਪੰਕਤੀ 547-551
289. 'ਠੱਕ ਮੂਰਤਾਂ ਸੁੱਟ ਦਿੱਤੀਆਂ, ਕੰਧਾਂ ਦੀਆਂ ਤੁੜਵਾਈਆਂ,
'ਮਸਜਿਦ ਰਚੇ ਮੰਦਰੇ ਥਾਂਏ ਵਿਧੀਆਂ ਇਹੁ ਬਣਾਈਆਂ।

(ਮੇਲਾ ਭੁਆਨੀ, ਬਿਜਲੀਆਂ ਦੇ ਹਾਰ, ਪੰਨਾ 68)

ਦਰਦ ਨੂੰ ਅਨੁਭਵ ਕਰਨ ਤੋਂ ਅਸਮਰੱਥ ਸਨ:

ਪਕੜ ਪਿੰਜਰੇ ਪਾਇ ਵਿਛੋੜਿਆ ਸਾਕ ਸਨੇਹੀਆਂ ਨਾਲੋਂ
ਭੱਠ ਪਵੇ ਇਹ ਕਦਰ ਤੁਹਾਡੀ ਖੇਹ ਇਸ ਪਾਰੀ ਲਾਣੀ।[290]

ਸਾਮਰਾਜੀ ਤਾਕਤ ਦਾ ਗੁਲਾਮ ਦੇਸ਼ ਦੇ ਵਸਨੀਕਾਂ ਦੇ ਦੁੱਖਾਂ ਨੂੰ ਸਮਝਣਾ ਕਠਿਨ ਹੈ।[291]

<u>ਸਵਤੰਤ੍ਰਤਾ ਲਈ ਤੜਪ</u>— ਗੁਲਾਮੀ ਦੇ ਦਰਦ ਦੀ ਤਰਵੀਂ ਅਭਿਵਿਅਕਤੀ ਭਾਈ ਸਾਹਿਬ ਦੀ ਕਵਿਤਾ 'ਬੁਲਬੁਲ ਤੇ ਰਾਹੀ' ਵਿਚ ਮਿਲਦੀ ਹੈ ਜੋ ਬਾਵਾ ਪ੍ਰੇਮ ਸਿੰਘ ਹੋਤੀ ਦੇ ਅਨੁਸਾਰ ਭਾਈ ਸਾਹਬ ਨੇ 'ਰਾਣਾ ਸੂਰਤ ਸਿੰਘ' ਤੋਂ ਪਹਲਾਂ ਲਿਖੀ ਸੀ ਅਤੇ ਜੋ ਖਰੜੇ ਦੇ ਰੂਪ ਵਿਚ ਕਾਫ਼ੀ ਦੇਰ ਪਈ ਰਹੀ ਸੀ।[292] ਇਵੇਂ ਸਵਤੰਤ੍ਰਤਾ ਲਈ ਤੜਪ ਭਾਈ ਸਾਹਿਬ ਦੇ ਹਿਰਦੇ ਵਿਚ ਮੁੱਢ ਤੋਂ ਸੀ। ਉਹ ਜਾਣਦੇ ਸਨ ਕਿ ਗੁਲਾਮੀ ਸਾਰੀ ਖੁਲ੍ਹ ਹਰ ਲੈਂਦੀ ਹੈ ਅਤੇ ਸਵਤੰਤ੍ਰਤਾ ਵਿਚ ਹੀ ਦੇਸ਼ਵਾਸੀ ਖੁਲ੍ਹ ਤੇ ਮਨ ਦੀ ਮੌਜ ਨਾਲ ਉਡ ਸਕਦੇ ਹਨ:

ਪਯਾਰੀ ਸੁਤੰਤ੍ਰਤਾ ਓ, ਪਯਾਰੀ ਉਹ ਖੁਲ੍ਹ ਸਾਰੀ।
ਵਾਰੀ ਗਈ ਸਜਨ ਤੋਂ ਜਿੰਦਿ ਜੋ ਸੀ ਸਵਾਈ।
ਗਵਾਚੀ ਓ ਮੌਜ ਮਨ ਦੀ ਉਡਣਾ ਜੁ ਨਾਲ ਮਰਜ਼ੀ।
ਨਦੀਆਂ ਬਨਾਂ ਪਹਾੜਾਂ, ਦੀ ਸੈਰ ਵੀ ਗੁਵਾਈ।[293]

ਭਾਈ ਸਾਹਿਬ ਇਸ ਗੁਲਾਮੀ ਦੇ ਜੀਵਨ ਨਾਲੋਂ ਤਾਂ ਮੌਤ ਨੂੰ ਚੰਗਾ ਸਮਝਦੇ ਹਨ।[294] ਉਨ੍ਹਾਂ ਦਾ ਵਿਚਾਰ ਸੀ ਕਿ ਆਜ਼ਾਦੀ ਨੂੰ ਸੁਰੱਖਿਅਤ ਰੱਖਣ ਲਈ ਸਿਰਧੜ ਦੀ ਬਾਜ਼ੀ ਲਾਣੀ ਪੈਂਦੀ ਹੈ। ਬਹਾਦਰ ਕੌਮਾਂ ਆਜ਼ਾਦੀ ਖੋਹਣ ਵਾਲਿਆਂ ਨੂੰ ਖ਼ਤਮ ਕਰ ਦਿੰਦੀਆਂ ਹਨ ਜਾਂ ਆਪ ਖ਼ਤਮ ਹੋ ਜਾਂਦੀਆਂ ਹਨ।[295] ਦੇਸ਼ ਦੀ ਗੁਲਾਮੀ ਉਨ੍ਹਾਂ ਦੇ ਹਿਰਦੇ ਵਿਚ ਉਬਾਲਾ ਪੈਦਾ ਕਰਦੀ ਹੈ, ਪਰ ਉਹ ਹਿੰਮਤ ਨਹੀਂ ਹਾਰਦੇ। ਉਹ ਇਕ ਅਸੰਗ੍ਰਹਿਤ ਕਵਿਤਾ 'ਸੰਗ੍ਰਾਮ ਚਸ਼ਮੇ ਤੇ ਬਣ ਬ੍ਰਿਛ' ਵਿਚ ਦੱਸਦੇ ਹਨ:

ਚਾਲੀ ਗਜ ਤੇਰਾ ਹੈ ਘੇਰਾ— ਕਿਤੋਂ ਸੁੱਕਾ ਤੇ ਕਿਤੋਂ ਹਰਿਆ।
ਸਦ ਪਹਿਲਾ ਤੂੰ ਦੇਖੇ ਦਸ। ਲਹਿ ਹਿੰਦ ਐਸ਼ਵਰਜ ਗਿਰਿਆ।
ਜੀਉਂਦਾ ਹੈ ਪਰ ਤੇਰੇ ਵਾਂਗ— ਸੁੱਕਾ, ਸਾਵਾ— ਸੱਖਣਾ
ਸਿਰ ਦੀਆਂ ਸੱਟਾਂ ਖਾ— ਲੀਆਂ ਮੂ ਪਰ ਜਿੰਦਿ ਅਜੇ ਨ ਮਰੀਆ।[296]

---

290. 'ਪਿੰਜਰੇ ਪਿਆ ਪੰਛੀ', ਲਹਿਰਾਂ ਦੇ ਹਾਰ, ਪੰਨਾ 19
291. ਜੋ ਆਪ ਹੈ ਸੁਤੰਤਰ ਕੀ ਜਾਣਦਾ ਕੀ ਬੀਤੇ
ਜਿਸ ਦੀ ਹੈ ਖੁਲ੍ਹ ਸਾਰੀ ਦੂਜੇ ਦੇ ਹੱਥ ਆਈ।(ਬੁਲਬੁਲ ਤੇ ਰਾਹੀ, ਲਹਿਰਾਂ ਦੇ ਹਾਰ, ਪੰਨਾ-134)
292. ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ, ਪੰਨਾ 262
293. ਬੁਲਬੁਲ ਤੇ ਰਾਹੀ, ਲਹਿਰਾਂ ਦੇ ਹਾਰ, 133
294. ਆਵੇ ਜੇ ਮੌਤ ਆਵੇ ਭਾਵੇ ਭਰੀ ਪਿਆਰੀ,
ਜਾਵੇ ਨਾ ਖੁਲ੍ਹ ਹੱਥੋਂ, ਜਾਵੇ ਤਾਂ ਜਿੰਦ ਜਾਈ (ਉਹੀ, ਪੰਨਾ 134)
295. ਖੁਲ੍ਹ ਜਾਣ ਵੇਲੇ ਲੜਨਾ ਮਰਨਾ ਯਾ ਮਾਰ ਦੇਣਾ
ਬੀਰਾਂ ਦੀ ਬਾਣ ਧੁਰ ਤੋਂ ਐਸੀ ਤੁਰੀ ਹੈ ਆਈ।(ਉਹੀ, ਪੰਨਾ 134)
296. ਖ਼ਾਲਸਾ ਸਮਾਚਾਰ- 3-4-1958, ਜਿਲਦ 59, ਅੰਕ ਨੰ: 21.

ਭਾਈ ਸਾਹਿਬ ਆਸ਼ਾਵਾਦ ਦਾ ਲੜ ਨਹੀਂ ਛੱਡਦੇ। 'ਅਟਕ' ਵਿਚ ਵੀ ਉਹ ਸਮਝਾਉਂਦੇ ਹਨ ਕਿ ਬੇਸੁਵਰਜ ਅਤੇ ਬੇਖਟਕ ਹੋਣ ਕਾਰਨ ਜੋ ਗੁਲਾਮੀ ਆਈ ਸੀ[297], ਇਸ ਨੂੰ ਹਿੰਮਤ ਤੇ ਹੌਸਲੇ ਨਾਲ ਦੂਰ ਵੀ ਕੀਤਾ ਜਾ ਸਕਦਾ ਹੈ।[298]

<u>ਕੌਮੀਅਤ ਦੀ ਭਾਵਨਾ</u> — ਭਾਈ ਸਾਹਿਬ ਦਾ ਵਿਸ਼ਵਾਸ਼ ਸੀ ਕਿ ਆਜ਼ਾਦੀ ਲਈ ਕੌਮੀਅਤ ਦੀ ਭਾਵਨਾ ਦਾ ਪੈਦਾ ਹੋਣਾ ਜ਼ਰੂਰੀ ਹੈ। ਭਾਰਤ ਦੇ ਹਰ ਕਣ ਨੂੰ ਉਹ ਭਾਰਤੀ ਮੰਨਦੇ ਸਨ। ਭਾਰਤ ਵਿਚ ਭਾਵੇਂ ਕਿਸੇ ਵੀ ਜ਼ਾਤ ਜਾਂ ਨਸਲ ਦੇ ਨਾਲ ਸੰਬੰਧ ਰੱਖਣ ਵਾਲੇ ਲੋਕੀ ਵਸਦੇ ਹੋਣ, ਪਰ ਜਦ ਉਹ ਭਾਰਤ ਦੀ ਧਰਤੀ ਤੇ ਹਨ, ਉਹ ਹਿੰਦੁਸਤਾਨੀ ਹਨ। 'ਕੁਤਬ ਦੀ ਲਾਠ' ਰਾਹੀਂ ਉਹ ਸਪਸ਼ਟ ਕਰਦੇ ਹਨ:

> ਹਿੰਦੁਸਤਾਨੀ ਅਜਬਾਂ ਅੰਦਰ ਤੂੰ ਮਿਨਾਰ ਲਾਸਾਨੀ,
> ਅਸਲ ਨਸਲ ਭਾਵੇਂ ਹੈ ਕੋਈ ਤੂੰ ਹੈਂ ਹਿੰਦੁਸਤਾਨੀ।[299]

ਭਾਰਤੀ ਲੋਕਾਂ ਦੀ ਆਪਸੀ ਫੁੱਟ ਨੇ ਹੀ ਦੇਸ਼ ਦੀ ਤਾਕਤ ਨੂੰ ਕਮਜ਼ੋਰ ਕਰਕੇ ਬਦੇਸ਼ੀ ਰਾਜ ਲਈ ਰਾਹ ਮੋਕਲਾ ਕੀਤਾ ਸੀ।[300] ਪਰ ਇਸ ਦਾ ਦੁੱਖ ਵੀ ਭਾਰਤੀਆਂ ਦੇ ਹਿਰਦਿਆਂ ਵਿਚ ਵਿਦਮਾਨ ਜ਼ਰੂਰ ਸੀ। ਅਸਲ ਵਿਚ ਫੁੱਟ ਕਾਰਨ ਜਦ ਪ੍ਰਤਾਪੀ ਕੌਮਾਂ ਆਦਰਸ਼ ਤੋਂ ਡਿੱਗ ਕੇ ਵੈਰਾਨ ਹੋ ਜਾਂਦੀਆਂ ਹਨ, ਤਾਂ ਬੀਤ ਚੁੱਕੀ ਸ਼ਾਨ ਦੀ ਦਿਲ ਵਿਚ ਫ਼ਰਿਆਦ ਜ਼ਰੂਰ ਰਹ ਜਾਂਦੀ ਹੈ।[301]

<u>1947 ਦੀ ਵੰਡ ਦਾ ਦੁੱਖ</u> — ਭਾਈ ਸਾਹਿਬ ਨੂੰ 1947 ਈ. ਦੀ ਪੰਜਾਬ ਦੀ ਵੰਡ ਨੇ ਬੜਾ ਦੁਖੀ ਕੀਤਾ ਸੀ। ਪੰਜਾਬ ਦੀ ਵੰਡ ਨੇ ਬੜੀ ਬਰਬਾਦੀ ਕੀਤੀ ਸੀ ਅਤੇ ਪੰਜਾਬੀਆਂ ਨੂੰ ਪਰਮ ਪੀੜ ਦੁੱਖ ਸਹਿੰਦਿਆਂ ਘਰੋਂ ਬੇਘਰ ਹੋਣਾ ਪਇਆ ਸੀ। ਪੰਜਾਬੀਆਂ ਦੀ ਮਰਦਾਨਗੀ ਇਸ ਵਿਚ ਸੀ ਕਿ ਮੌਤ ਨੂੰ ਖਿੜੇ ਮੱਥੇ ਪ੍ਰਵਾਨ

---

297. ਹੋ ਬੇਖਟਕ ਸੌਂਦੇ ਨਾ, ਖਟਕ ਨਾ ਆਰਾਮ ਲੈਂਦੇ,
ਨਟਕ ਐਸ਼ ਲਾਂਦੇ ਨਾ, 'ਅਟਕ' ਕੌਣ ਤੋੜਦਾ? (ਅਟਕ, ਬਿਜਲੀਆਂ ਦੇ ਹਾਰ, ਪੰਨਾ 48)

298. ਲਗਾਤਾਰ, ਸਹਿਜ ਸਹਿਜ, ਹੋਸ਼ ਬੁੱਧ, ਧਰਮ ਨਾਲ,
ਮੇਲ, ਵਿਉਂਤ, ਜੁਗਤ ਵੱਲੇ— ਕੌਣ ਕਰੇ ਸੁ ਸਾਮਨਾ ? (ਉਹੀ, ਪੰਨਾ- 49)

299. 'ਕੁਤਬ ਦੀ ਲਾਠ', ਬਿਜਲੀਆਂ ਦੇ ਹਾਰ, ਪੰਨਾ 63.

300. 'ਹਾਇ ਹੁਨਰ ਤੇ ਹਾਏ ਵਿਦਯਾ
'ਹਾਇ ਦੇਸ਼ ਦੀ ਤਾਕਤ !
'ਹਾਇ ਹਿੰਦ ਫਲ ਫਾੜੀਆਂ ਵਾਲੇ
ਹਰਗਿਸਲ ਕਹਿੰਦੀ ਰੋਈ। (ਕੰਬਦੇ ਪੱਥਰ, ਮਟਕ ਹੁਲਾਰੇ, ਪੰਨਾ 68)

301. ਉੱਚੇ ਪੌਲਰ ਮਾੜੀਆਂ ਖੰਡਰ ਜਦ ਹੋ ਜਾਣ
ਕੌਮਾਂ ਸੀਲ ਪ੍ਰਤਾਪੀਆਂ, ਜਦ ਹੋ ਜਾਣ ਵਿਰਾਣ
ਇਕ ਰੋਣਾ ਆ ਬਣੇ ਕਰ ਕਰ ਕੇ ਤਦ ਦਖਤ
ਬੀਤ ਗਏ ਪ੍ਰਤਾਪ ਦੀ ਦਿਲ ਆਣੀ ਫਰਿਆਦ।
(ਆਸ ਦੀ ਫੁਲਵਾੜੀ, ਖਾਲਸਾ ਸਮਾਚਾਰ, 26-5-1932, ਜਿਲਦ 33, ਨੰ: 26 )

ਕਰਦਿਆਂ ਉਨ੍ਹਾਂ ਘਟਨਾ ਨੂੰ ਵੱਟਾ ਨਹੀਂ ਲੱਗਣ ਦਿੱਤਾ ਸੀ। ਭਾਈ ਸਾਹਿਬ ਆਪਣੀ ਅਸੰਗ੍ਰਹਿਤ ਕਵਿਤਾ "ਸੌਦਾਗਰੀ ਬੀਮਾ" ਵਿਚ ਵੰਡ ਸਮੇਂ ਦੇ ਜ਼ੁਲਮ ਨੂੰ ਬਿਆਨ ਕਰਦਿਆਂ ਲਿਖਦੇ ਹਨ:-

ਛੁਰੇ ਬੰਦੂਕਾਂ [illegible] ਨਠੇ ਜ਼ਾਲਮ— ਘੇਰ ਨਗਰੀ ਆ ਲੀਤੀ।
ਮਾਰੇ ਮਰਦ ਗਏ ਜਦ ਸਾਰੇ — ਬੀਬੀਆਂ ਨੇ ਕੀ ਕੀਤੀ ?
ਮਨ ਸਫਲਾ ਸੀ ਆ ਕੇ ਖੂਹ ਤੇ — ਛਾਲਾਂ ਬੈਠੀਆਂ ਮਾਰੀ।
ਬੱਰੇ ਭੇਡੇ ਜਿਵੇਂ (ਗੀਗ) ਕੂੰ— ਭੇਟ ਨਾਰੀਅਲ ਕੀਤੀ।
ਕ੍ਰਿਜ ਸੁਖਾਲੀ ਦਿੱਤੀ।
ਜਿੰਦਾਂ ਦਿਤੀਆਂ ਜਿਵੇਂ ਸੌਂਪ ਲੈ— ਦੁਨੀਆਂ ਖ੍ਰੀਦ ਨ ਲਿੱਤੀ।
ਜ਼ਾਲਮ ਪਾਸ ਵੇਚ ਮਾਰ ਦੇਣੀ
ਸਾਬਤ ਦਿਲ ਲੈ ਵਤਨੋਂ ਗਈਆਂ— ਜਗ ਵਿਚ ਵਾਹਵਾ ਹੋਈ।
ਖੂਹ ਭਰ ਗਿਆ ਆਖਦਾ ਹੁਰੀਓ ! ਧੰਨ ਸੌਦਾਗਰੀ ਕੀਤੀ।[302]

ਕਲਕੱਤਾ ਯੂਨੀਵਰਸਿਟੀ ਦੇ ਡਾਕਟਰ ਐਮ.ਐਮ. ਭਟਾਚਾਰਜੀ ਦੇ ਕਥਨ ਅਨੁਸਾਰ ਵੰਡ ਦੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਭਾਈ ਸਾਹਿਬ ਦੇ ਹੰਝੂ ਵਹਿ ਤੁਰਦੇ ਸਨ।[303] ਡਾ. ਗੰਡਾ ਸਿੰਘ ਜੀ ਵੀ ਦਸਦੇ ਹਨ ਕਿ ਵੰਡ ਦੀਆਂ ਕੁਰਬਾਨੀਆਂ ਤੋਂ ਪਸੀਜ ਕੇ ਹੀ ਭਾਈ ਸਾਹਿਬ ਨੇ ਵੰਡ ਦੇ ਸੰਬੰਧੀ ਲੋਕਾਂ ਵਲੋਂ ਕੀਤੀਆਂ ਕੁਰਬਾਨੀਆਂ ਦੇ ਇਤਿਹਾਸ ਨੂੰ ਸੁਰੱਖਿਅਤ ਰੱਖਣ ਲਈ ਸੰਬੰਧਿਤ ਮਸਾਲੇ ਨੂੰ ਇਕੱਤ੍ਰ ਕਰਨ ਦਾ ਉਦਮ ਚੀਫ਼ ਖਾਲਸਾ ਦੀਵਾਨ ਨੂੰ ਦਿੱਤਾ ਸੀ।[304]

ਇਵੇਂ ਸਪਸ਼ਟ ਹੋ ਜਾਂਦਾ ਹੈ ਕਿ ਭਾਈ ਸਾਹਿਬ ਨੇ ਦੇਸ਼ ਦੀ ਹਰੇਕ ਸਥਿਤੀ ਅਨੁਕੂਲ ਸਭ ਪ੍ਰਕਾਰ ਦੇ ਰਾਸ਼ਟ੍ਰੀ ਦੁੱਖ ਨੂੰ ਪ੍ਰਗਟ ਕੀਤਾ ਹੈ।

<u>ਆਦਰਸ਼ਕ ਸ਼ਾਸਨ ਦੀ ਰੂਪ ਰੇਖਾ—</u> ਜਿੱਥੇ ਭਾਈ ਸਾਹਿਬ ਦੇਸ਼ ਦੇ ਰਾਜਸੀ ਦੁੱਖਾਂ ਤੋਂ ਸੁਚੇਤ ਸਨ, ਉਥੇ ਉਨ੍ਹਾਂ ਦੀਆਂ ਨਜ਼ਰਾਂ ਵਿਚ ਆਦਰਸ਼ਕ ਸ਼ਾਸਨ ਦਾ ਨਕਸ਼ਾ ਵੀ ਸੀ। 'ਰਾਣਾ ਸੂਰਤ ਸਿੰਘ' ਵਿਚ ਰਾਣੀ ਰਾਜ ਕੌਰ ਨੂੰ ਦੱਸਿਆ ਜਾਂਦਾ ਹੈ ਕਿ ਰਾਜ ਕਰਨਾ ਵੀ ਇਕ ਸੇਵਾ ਹੈ।[305] ਗੁਰਬਾਣੀ ਵਿਚ ਵੀ ਆਉਂਦਾ ਹੈ

---

302. 'ਸੌਦਾਗਰੀ ਬੀਮਾ', ਖਾਲਸਾ ਸਮਾਚਾਰ, 28-7-1966, ਜਿਲਦ 67, ਨੰ:39

303. " The poets mellow voice was almost choked and his eyes moistened as he referred to the partition of the Punjab and to the heroic sikh ladies who jumped into rivers or rushed into flames to save their honour in implicit obedience to the teachings of the master."
( DR. M.M. Bhatacharjee, University of Calcutta, Bhai Vir Singh Abhinandhan Granth, P. 24 )

304. " It is Bhai Vir Singh who has inspired the Chief Khalsa Diwan, Amritsar to arrange for the collection of material on the sacrifices and sufferings of the sikhs in the Punjab and Kashmir in 1947-48 before and year after the division of the country." ( DR. Ganda Singh, ibid, P. 254 )

305. 'ਵਰਤੂ ਰਾਜ ਦਾ 'ਰਾਜ'! ਚਾਹੀਏ ਪਾਲਣਾ।
'ਸੇਵਾ ਜਾਣੋ 'ਰਾਜ' ਸਤਿਗੁਰ ਨੇ ਦਈ;
ਧਰਮ ਰਾਜ ਦਾ ਠੀਕ ਪਾਲੋ ਕੈਂਡੜਾ
ਜਿਉਂ ਕੰਡਾ ਹੈ ਤੋਲ ਪੂਰਾ ਤੋਲਦਾ।(ਰਾਣਾ ਸੂਰਤ ਸਿੰਘ, ਪੰਨਾ 198, ਪੰਗਤੀ 73-76)

ਕਿ ਤਖ਼ਤ ਤੇ ਤਖ਼ਤ ਦੇ ਲਾਇਕ ਹਾਕਮ ਹੀ ਬੈਠਣਾ ਚਾਹੀਦਾ ਹੈ।[306] ਭਾਈ ਸਾਹਿਬ ਦਾ ਵਿਚਾਰ ਹੈ ਕਿ ਸ਼ਾਸਨ ਨੂੰ ਚਲਾਉਣ ਵਾਲਿਆਂ ਨੂੰ ਪਰਜਾ ਨਾਲ ਪੂਰਾ ਨਿਆਂ ਕਰਨਾ ਚਾਹੀਦਾ ਹੈ। ਪਰਜਾ ਨੂੰ ਗ਼ੁਲਾਮ ਨਹੀਂ ਸਮਝਣਾ ਚਾਹੀਦਾ, ਸਗੋਂ ਪਰਜਾ-ਪ੍ਰਤਿ ਸੇਵਕ-ਭਾਵਨਾ ਹੋਣੀ ਚਾਹੀਦੀ ਹੈ।[307]

ਭਾਈ ਸਾਹਿਬ ਦਸਦੇ ਹਨ ਕਿ ਰਾਜ ਨੂੰ ਚਲਾਉਣ ਲਈ ਜਨਤਾ ਪਾਸੋਂ ਜੋ ਕਰ ਰਾਹੀਂ ਆਮਦਨ ਵਸੂਲ ਕੀਤੀ ਜਾਂਦੀ ਹੈ, ਉਹ ਲੋਕਾਂ ਦੀ ਹੀ ਅਮਾਨਤ ਹੈ। ਇਸ ਨੂੰ ਲੋਕਾਂ ਦੇ ਸੁਖ ਲਈ ਹੀ ਵਰਤਣਾ ਚਾਹੀਦਾ ਹੈ।[308] ਗੁਰੂ ਨਾਨਕ ਦੇਵ ਜੀ ਨੇ ਵੀ ਕਹਿਆ ਸੀ ਕਿ ਰਾਜਾ ਪਰਜਾ ਪਾਸੋਂ ਕਰ ਲੈ ਕੇ ਲੋਕਾਂ ਦੀ ਭਲਾਈ ਕਰਕੇ ਹੀ ਲੋਕਾਂ ਨਾਲ ਗੰਢ ਪਾਂਦਾ ਹੈ।[309] ਜਨਤਾ ਪਾਸੋਂ ਵਸੂਲ ਕੀਤੀ ਆਮਦਨ ਵਿਚੋਂ ਸ਼ਾਸਨ ਅਧਿਕਾਰੀਆਂ ਨੂੰ ਵੀ ਯੋਗ ਹਦ ਅੰਦਰ ਖਰਚਾ ਲੈਣਾ ਚਾਹੀਦਾ ਹੈ, ਪਰ ਐਸ਼ ਪ੍ਰਸਤੀ ਤੇ ਫ਼ਜ਼ੂਲ ਖਰਚੀਆਂ ਲਈ ਨਹੀਂ।[310]

ਇਸ ਤੋਂ ਛੁੱਟ ਭਾਈ ਸਾਹਿਬ ਸਪਸ਼ਟ ਕਰਦੇ ਹਨ ਕਿ ਚੰਗੇ ਸ਼ਾਸਨ ਵਿਚ ਲੋਕ ਭਲਾਈ ਦੇ ਕੰਮਾਂ ਨਾਲ ਕੋੜ੍ਹੀਆਂ, ਮੁਥਾਜਾਂ ਤੇ ਰੋਗੀਆਂ ਦੀ ਸਹਾਇਤਾ ਦਾ ਪ੍ਰਬੰਧ ਵੀ ਜ਼ਰੂਰੀ ਹੈ।[311] ਸਰਕਾਰ ਦਾ ਕਰਤਵ ਹੈ ਕਿ ਦੇਸ਼-ਵਾਸੀਆਂ ਦੀ ਰਖਵਾਲੀ ਦਾ ਪੂਰਾ ਪੂਰਾ ਇੰਤਜ਼ਾਮ ਕਰੇ।[312] ਚੰਗੇ ਸ਼ਾਸਨ ਵਿਚ ਪ੍ਰਬੀਨ ਬੁੱਧੀ ਵਾਲੇ

---

306. ਤਖਤਿ ਬਹੈ ਤਖਤੈ ਕੀ ਲਾਇਕ ॥ (ਮਾਰੂ ਸੋਲਹੇ ਮਹਲਾ ੧)

307. 'ਨਾਲ ਪਿਆਰ ਨਿਆਉਂ ਪਰਜਾ ਪਾਲਣੀ - - - - -
' ਮਮਤਾ ਕਦੀ ਨ ਧਾਰ ਲੈਣਾ ਬੇਕੁਰੀ
' ਏਹ ਤਾਂ ਹੈਨ ਗ਼ੁਲਾਮ ਮੇਰੇ ਸੱਭ ਹੀ
'ਮੇਰੀ ਸੇਵਾ ਜੋਗ ਸਾਜੇ ਏ ਗਏ। (ਰਾਣਾ ਸੂਰਤ ਸਿੰਘ, ਪੰਨਾ 199, ਪੰਕਤੀ- 79-83)

308. 'ਫਿਰ ਜੋ ਦੌਲਤ ਆਇ ਹਾਲਾ ਦੇਸ ਦਾ
ਨਾ ਜਾਣੇ ਏ ਮਾਲ ਮੇਰਾ ਆਪਣਾ ;
'ਉਹ ਤਾਂ ਇਕ ਅਮਾਨ ਰਾਜੇ ਪਾਸ ਹੈ
'ਪਰਜਾ ਦੇ ਸੁਖ ਜੋਗ ਰਾਜੇ ਲਾਵਣੀ ' (ਉਹੀ, ਪੰਨਾ 199- ਪੰਕਤੀ 87-90)

309. ਰਾਜਾ ਮੰਗੈ ਦਿਤੈ ਗੰਢੁ ਪਾਇ ॥ (ਵਾਰ ਮਾਝ ਮਹਲਾ ੧)

310. ਤਿਉਂ ਰਾਜਾ ਧਨ ਪਾਇ ਪਰਜਾ ਦਿਤੜਾ
'ਪਰਜਾ ਨੂੰ ਸੁਖ ਦੇਣ ਉਤੇ ਲਾ ਦਏ।
'ਅਪਣਾ ਬੀ ਨਿਰਬਾਹ ਜਿਤਨਾ ਜੋਗ ਹੈ
'ਉਸ ਤੋਂ ਕਰੇ ਨ ਦੋਸ਼, ਸਿੱਧੀ ਰੀਤਿ ਏ !
'ਪਰ ਐਸ਼ ! ਵਿਚ ਪਾਇ ਵਰਤੇ ਮਾਲ ਏ
'ਉਹ ਸੇਵਾ ਘੁੰਸ ਪਾਪ ਕਮਾਂਵਦਾ। (ਰਾਣਾ ਸੂਰਤ ਸਿੰਘ, ਪੰਨਾ 199, ਪੰਕਤੀ 95-100)

311. ਕੋੜ੍ਹੀਆਂ ਸੰਦੇ ਥਾਉਂ ਰਾਜਾ ਸਾਜਦਾ;
ਵਿਧਵਾ ਅਤੇ ਮੁਥਾਜ ਰੋਗਯਾ ਵਾਸਤੇ
ਕਰੇ ਰਾਉ ਪਰਬੰਧ, ਦੁਖੀ ਨ ਹੋਣ ਓ (ਉਹੀ, ਪੰਨਾ 199, ਪੰਕਤੀ-113-115)

(ਚਲਦਾ)

ਤੇ ਨਿਆਂ ਕਰਨ ਦੇ ਸਮਰੱਥ ਯੋਗ- ਅਧਿਕਾਰੀਆਂ ਦੀ ਵੀ ਲੋੜ ਹੁੰਦੀ ਹੈ।[313] ਸਰਕਾਰੀ ਕਰਮਚਾਰੀ ਸਦਾਚਾਰੀ ਤੇ ਦਿਆਨਤਦਾਰ ਹੋਣੇ ਚਾਹੀਦੇ ਹਨ, ਲੋਭੀ ਤੇ ਰਿਸ਼ਵਤਖੋਰ ਨਹੀਂ।[314] ਚੰਗੇ ਰਾਜ ਵਿਚ ਕਿਸੇ ਕਿਸਮ ਦਾ ਧਾਰਮਿਕ ਜਾਂ ਹੋਰ ਕੋਈ ਤਅੱਸਬ ਨਹੀਂ ਹੋਣਾ ਚਾਹੀਦਾ।[315] ਇਸ ਵਿਚ ਵਪਾਰ ਤੇ ਵਪਾਰੀਆਂ ਦੀ ਭਲਾਈ ਦਾ ਪੂਰਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ।[316] ਇਸ ਵਿਚ ਵਿਦਿਆ ਤੇ ਹੋਰ ਕਲਾਵਾਂ ਦੇ ਵਾਧੇ ਦਾ ਧਿਆਨ ਅਤੇ ਹੁਨਰਮੰਦਾਂ ਦਾ ਮਾਣ ਕਰਨਾ ਵੀ ਜ਼ਰੂਰੀ ਹੈ।[317] ਪਰਜਾ ਦੇ ਸੁੱਖ ਨੂੰ ਮੁੱਖ ਰੱਖਦਿਆਂ ਦੋਸ਼ੀਆਂ ਨੂੰ ਦੰਡ ਦੇਣ ਦਾ ਪ੍ਰਬੰਧ ਵੀ ਕਰਨਾ ਚਾਹੀਦਾ ਹੈ।[318] ਆਦਰਸ਼ ਰਾਜ ਵਿਚ ਹੱਕ ਤੇ ਨਿਆਂ ਸਾਮ੍ਹਣੇ ਹੋਣਾ ਚਾਹੀਦਾ ਹੈ। ਵੱਢੀ ਲਿਹਾਜ਼ ਤੇ ਸਿਫ਼ਾਰਸ਼ ਦੀ ਇਸ ਵਿਚ ਕੋਈ ਥਾਂ ਨਹੀਂ ਹੋਣੀ ਚਾਹੀਦੀ।[319] ਚੰਗੇ ਰਾਜ ਵਿਚ ਕਿਸੇ ਕਿਸਮ ਦਾ ਵਿਤਕਰਾ ਨਹੀਂ ਹੋਣਾ ਚਾਹੀਦਾ। ਸਭ ਨੂੰ ਬਰਾਬਰ ਦੇ ਅਧਿਕਾਰ ਪ੍ਰਾਪਤ ਹੋਣੇ ਚਾਹੀਦੇ ਹਨ।[320]

---

312. 'ਰਾਖੀ ਪਰਜਾ ਜੋੜ ਪਹਿਰੇ ਚੌਕੀਆਂ
ਘੋੜੇ ਪੈਦਲ, ਫੌਜ ਚੜ੍ਹੇ ਸਵਾਰ ਕੇ। (ਰਾਣਾ ਸੂਰਤ ਸਿੰਘ, ਪੰਨਾ 199, ਪੰਨਾ 116-7)

313. 'ਹਾਕਮ ਥਾਪੇ ਓਹ ਹੋਣ ਪ੍ਰਬੀਨ ਜੋ,
'ਨਿਆਂਇ ਕਰਨ ਦੇ ਜੋਗ ਗੁਰਮੁਖ ਲੱਭ ਕੇ। (ਉਹੀ, ਪੰਨਾ- 199, ਪੰਕਤੀ 121-122)

*

315. ਕਿਸੇ ਮਜ਼੍ਹਬ ਦੇ ਨਾਲ ਤੱਸਬ ਨ ਕਰੇ। (ਉਹੀ, ਪੰਨਾ 199, ਪੰਕਤੀ 126)

316. ਰੱਖਯਾ ਕਰੇ ਵਪਾਰ ਅਰ ਵਣਜਾਰਿਆਂ। (ਉਹੀ, ਪੰਨਾ 199, ਪੰਕਤੀ 127)

317. 'ਵਿਦਿਆ ਦੇ ਭੰਡਾਰ, ਹੁਨਰਾਂ ਵਾਕੀਆਂ
'ਸਾਜੇ ਸਭ ਸਾਮਾਨ ਸੁੱਖਾਂ ਵਾਲੜੇ.....
'ਕਦਰ ਗੁਣੀ ਦੀ ਪਾਇ ਪਾਲੇ ਓਸ ਨੂੰ
'ਹੁਨਰਮੰਦ ਨੂੰ ਮਾਣ ਦੇ ਕੇ ਰੱਖ ਲੈ। (ਉਹੀ, ਪੰਨਾ 199, ਪੰਕਤੀ- 120-133)

318. ਪਰਜਾ ਰੱਖਯਾ ਕਾਣ ਦੰਡੇ ਦੋਖੀਆਂ (ਉਹੀ, ਪੰਨਾ 199, ਪੰਕਤੀ 131)

319. 'ਹਕ- ਗਵਾਏ ਮੂਲ ਕਿਸੇ ਨ ਜੀਵਦਾ;
'ਵੱਢੀ ਹਿਰਿ ਲਿਹਾਜ਼ ਅਤੇ ਸਿਪਾਰਸ਼'
' ਮੰਨੇ ਨਾ ਅੰਨਿਆਇ ਐਕਰ ਹੋਵਦਾ। (ਉਹੀ, ਪੰਨਾ 199, ਪੰਕਤੀ 135-137)

320. ਸਾਂਝੀ ਸਰਕਾਰ ਦੇ ਪੁੱਤ ਸਾਰੇ ਪਾ ਵਿਤਕਰੇ ਵੀਰ ਨ ਵਿਛੋੜੀਏ ਜੀ।
ਕਾਹੀਵੰਡ ਸਰਕਾਰ ਦਾ ਕੰਮ ਮਾਹੀ ਬਣ ਮਲਾਹ ਨ ਬੇੜੇ ਨੂੰ ਡੋਬੀਏ ਜੀ।
(ਭੁੱਲਿਆ ਤੋਤਾ, ਲਹਿਰਾਂ ਦੇ ਹਾਰ, ਪੰਨਾ 193)

*314. 'ਥਾਪੇ ਉਹਦੇ-ਦਾਰ ਗੁਰਮੁਖ ਹੋਣ ਜੋ,
' ਮਾਯਾ- ਲੋਭ ਵਲੇਟ ਜੋ ਨਾ ਖਾਂਵਦੇ,
'ਸਦਾਚਾਰ ਵਿਚ ਸਾਢ ਹੋਵਣ ਆਪ ਜੋ (ਰਾਣਾ ਸੂਰਤ ਸਿੰਘ, ਪੰਨਾ 199, ਪੰਕਤੀ 123-125)

<u>ਅੰਤਰ- ਦੇਸ਼ੀ ਭਾਵਨਾ</u> — ਇਕ ਆਦਰਸ਼ਕ ਰਾਜ ਦੀ ਰੂਪ ਰੇਖਾ ਦੇ ਨਾਲ ਹੀ ਭਾਈ ਸਾਹਿਬ ਦੀ ਅੰਤਰ-ਦੇਸ਼ੀ ਭਾਵਨਾ ਇਕ ਅਜੇਹੇ ਰਾਜ ਦੀ ਕਲਪਨਾ ਵੀ ਕਰਦੀ ਹੈ, ਜਿਸ ਵਿਚ ਸਾਰੇ ਦੇਸ਼ਾਂ ਅਤੇ ਸਾਰੀਆਂ ਕੌਮਾਂ ਦੀਆਂ ਵਿੱਥਾਂ ਦੀ ਥਾਂ ਸਾਰੀ ਮਾਨਵਤਾ ਦਾ ਵਿਸ਼ਵ ਵਿਚ ਇਕ ਸਾਂਝਾ ਰਾਜ ਸਥਾਪਤ ਹੋ ਜਾਵੇ। ਵੀਹਵੀਂ ਸਦੀ ਦੇ ਪ੍ਰਸਿੱਧ ਫ਼ਿਲਾਸਫ਼ਰ ਬਰਟਰੰਡ ਰਸਲ ਵੀ ਮਾਨਵਤਾ ਦੇ ਪਿਆਰ ਦੇ ਆਧਾਰ ਤੇ ਸਾਰੇ ਸੰਸਾਰ ਲਈ ਇਕ ਸਾਂਝੇ ਰਾਜ ਦਾ ਅਨੁਯਾਈ ਹੈ।[321] ਭਾਈ ਸਾਹਿਬ ਆਪਣੀ ਅਸੰਗ੍ਰਹਿਤ ਕਵਿਤਾ 'ਨਵਾਂ ਪ੍ਰੇਮ ਰਾਜ' ਵਿਚ ਹੁਣ ਵਾਲੀ ਮੁਲਕਾਂ ਦੀ ਵੰਡ ਨੂੰ ਖ਼ਤਮ ਕਰਕੇ 'ਪ੍ਰੇਮ ਰਾਜ' ਦੀ ਸਥਾਪਣਾ ਵੱਲ ਸੰਕੇਤ ਕਰਦਿਆਂ ਲਿਖਦੇ ਹਨ:

'ਆ ਨੀ ਪ੍ਰੇਮਾ' ਆ ਨੀ ਆ ਜਾ ! ਨਵੀਂ ਦੁਨੀਆਂ ਬਣਾਈਏ ਚਾ।
ਜਿਦ੍ਹੇ ਵਿਚ ਵੰਡ ਮੁਲਕਾਂ ਦੀ ਇਹ- ਹੁਣ ਵਾਲੀ ਮਿਟਾਈਏ ਚਾ।[322]

ਭਾਈ ਸਾਹਿਬ ਮੰਨਦੇ ਹਨ ਕਿ ਦੁਨੀਆਂ ਵਿਚ ਵੰਡ ਦਾ ਕਾਰਨ ਮਨੁੱਖਾਂ ਵਿਚ ਅਵਿਸ਼ਵਾਸ਼ ਤੇ ਤੌਖਲਾ ਹੈ ਅਤੇ ਇਸ ਵੰਡ ਨੇ ਲੋਕਾਂ ਵਿਚ ਵੈਰ ਤੇ ਈਰਖਾ ਦੀ ਭਾਵਨਾ ਪੈਦਾ ਕੀਤੀ ਹੋਈ ਹੈ।[323] ਮਾਨਵਤਾ ਵਿਚ ਇਸ ਭੇਦ ਨੂੰ ਦੂਰ ਕਰਕੇ ਪ੍ਰੇਮ ਭਾਵ ਨੂੰ ਪੈਦਾ ਕਰਨਾ ਜ਼ਰੂਰੀ ਹੈ :

ਲਿਆ ਕੇ 'ਪ੍ਰੇਮ- ਵੀਣਾ' ਹੁਣ ਤੇ ਹਮਦਰਦੀ ਦੀ ਦਫ਼ ਲੈਆ
ਦਹੋ ਦਰ ਫਿਰ ਜਗਤ ਅੰਦਰ ਇਹ ਰਾਗ ਆਪਣਾ ਸੁਣਾਈਏ ਚਾ।[324]

ਭਾਈ ਸਾਹਿਬ ਹੋਰ ਪ੍ਰਗਟ ਕਰਦੇ ਹਨ ਕਿ ਦੁਨੀਆਂ ਦੇ ਪੈਗੰਬਰਾਂ ਨੇ ਵੀ 'ਸਰਬੱਤ ਦੇ ਭਲੇ' ਦੀ ਆਵਾਜ਼ ਉਠਾਈ ਸੀ ਅਤੇ ਇਸ ਲਈ ਸਾਂਝੇ ਪ੍ਰੇਮ ਰਾਜ ਵਿਚ ਸਭ ਦੇ ਭਲੇ ਦਾ ਅਹਿਸਾਸ ਹੀ ਸਨਮੁਖ ਹੋਣਾ ਚਾਹੀਦਾ ਹੈ:

ਨਾ ਫ਼ਰਦਾਂ ਵਿਚ ਵਿਥ ਹੋਵੇ- ਨਾ ਵਿਥ ਹੋਵੇ ਦੋ ਕੌਮਾਂ ਵਿਚ
ਭਲੇ ਸਰਬਤ ਦੀ ਮਾਲਾ ਤੇ ਸਭ ਨੂੰ ਪੁਰਾਈਏ ਜਾ।[325]

ਭਾਈ ਸਾਹਿਬ ਦਾ ਰਾਜਨੀਤਿਕ ਆਦਰਸ਼ ਸਿਰਫ਼ ਆਪਣੇ ਦੇਸ਼ ਜਾਂ ਕੌਮ ਤਕ ਹੀ ਸੀਮਿਤ ਨਹੀਂ ਰਹਿੰਦਾ, ਇਸ ਦੀ ਵਲਗਣ ਵਿਚ ਸਾਰਾ ਸੰਸਾਰ ਅਤੇ ਸਾਰੀ ਮਾਨਵਤਾ ਆ ਜਾਂਦੀ ਹੈ।

---

321. " I do not think that the continued existence of the human race will be secure until large scale wars have become impossible. And I do not think there is any way of making them impossible except by a world government." (Bertrand Russel)

322. 'ਨਵਾਂ ਪ੍ਰੇਮ ਰਾਜ', ਖਾਲਸਾ ਸਮਾਚਾਰ, 23-1-1964, ਜਿਲਦ 65, ਅੰਕ ਨੰ: 14

323. ਇਹ ਬਟਵਾਰਾ ਚਾਹੇ ਕੋਈ ਹੈ ਬਣਾਈ ਤੌਖਲੇ ਨੇ ਹੈ।
ਇਹਦੇ ਵਿਚ ਵੈਰ ਅਸੂਯਾ ਜੋ ਉਗਾਈਏ- ਉਡਾਈਏ ਚਾ। (ਉਹੀ)

324. ਨਵਾਂ ਪ੍ਰੇਮ ਰਾਜ, ਖਾਲਸਾ ਸਮਾਚਾਰ, 23-1-1964, ਜਿਲਦ 65, ਅੰਕ ਨੰ: 14

325. ਉਹੀ

ਸਾਰ - ਸੰਖੇਪ ਵਿਚ ਭਾਈ ਸਾਹਿਬ ਆਪਣੇ ਰਾਜਨੀਤਿਕ ਵਿਚਾਰਾਂ ਵਿਚ ਸਪਸ਼ਟ ਕਰਦੇ ਹਨ ਕਿ ਭਾਰਤ ਵਾਸੀਆਂ ਦੀ ਆਚਰਨ-ਹੀਣਤਾ ਤੇ ਸਵਾਰਥ ਕਰਕੇ ਭਾਰਤ ਨੂੰ ਪਹਲੇ ਮੁਗ਼ਲਾਂ ਦਾ ਅਤੇ ਫਿਰ ਅੰਗ੍ਰੇਜ਼ਾਂ ਦਾ ਗ਼ੁਲਾਮ ਰਹਣਾ ਪਇਆ ਸੀ। ਅੰਗ੍ਰੇਜ਼ ਦਾਅਵਾ ਕਰਦੇ ਸਨ ਕਿ ਉਨ੍ਹਾਂ ਨੇ ਭਾਰਤ ਤੇ ਕਬਜ਼ਾ ਭਾਰਤ ਦੇ ਸੁਧਾਰ ਲਈ ਕੀਤਾ ਹੈ, ਪਰ ਭਾਈ ਸਾਹਿਬ ਇਹ ਸਵੀਕਾਰ ਨਹੀਂ ਕਰਦੇ ਕਿਉਂਕਿ ਉਹ ਸਮਝਦੇ ਸਨ ਕਿ ਸਾਮਰਾਜੀ ਤਾਕਤ ਗ਼ੁਲਾਮ ਦੇਸ਼ ਦੇ ਲੋਕਾਂ ਦੇ ਦੁੱਖਾਂ ਨੂੰ ਅਨੁਭਵ ਨਹੀਂ ਕਰ ਸਕਦੀ। ਭਾਈ ਸਾਹਿਬ ਮੰਨਦੇ ਹਨ ਕਿ ਆਜ਼ਾਦੀ ਲਈ ਕੌਮੀਅਤ ਦੀ ਭਾਵਨਾ ਦਾ ਹੋਣਾ ਜ਼ਰੂਰੀ ਹੈ। ਆਜ਼ਾਦੀ ਦੀ ਪ੍ਰਾਪਤੀ ਲਈ ਉਸ ਸਮੇਂ ਪੰਜਾਬੀਆਂ ਨੂੰ ਜੋ ਕੁਰਬਾਨੀਆਂ ਦੇਣੀਆਂ ਪਈਆਂ ਸਨ, ਭਾਈ ਸਾਹਿਬ ਨੂੰ ਇਨ੍ਹਾਂ ਦਾ ਬੜਾ ਦੁੱਖ ਸੀ।

ਇਸ ਦੇ ਨਾਲ ਜਿੱਥੇ ਤਕ ਚੰਗੇ ਰਾਜ ਤੇ ਸ਼ਾਸਨ ਦਾ ਸੰਬੰਧ ਹੈ, ਭਾਈ ਸਾਹਿਬ ਦੇ ਅਨੁਸਾਰ ਸ਼ਾਸਨ ਦਾ ਆਦਰਸ਼ ਲੋਕ ਸੇਵਾ ਤੇ ਇਨਸਾਫ਼ ਹੈ। ਜਨਤਾ ਤੋਂ ਵਸੂਲ ਕੀਤੀ ਆਮਦਨ ਦਾ ਜਨਤਕ-ਭਲਾਈ ਦੇ ਕੰਮਾਂ ਤੇ ਹੀ ਲਗਣ ਦੇ ਨਾਲ ਕੋੜ੍ਹੀਆਂ, ਮੁਥਾਜਾਂ ਤੇ ਰੋਗੀਆਂ ਦੀ ਸਹਾਇਤਾ, ਪਰਜਾ ਦੀ ਰਾਖੀ, ਵਿਦਿਆ ਤੇ ਹੁਨਰ ਦਾ ਪ੍ਰਸਾਰ, ਯੋਗ ਅਧਿਕਾਰੀਆਂ ਰਾਹੀਂ ਚੰਗਾ ਸ਼ਾਸਨ, ਬੇਤਅਸਬ ਵਤੀਰਾ ਅਤੇ ਪੂਰਾ ਨਿਆਂ ਚੰਗੇ ਸ਼ਾਸਨ ਦਾ ਉਹ ਫ਼ਰਜ਼ ਸਮਝਦੇ ਸਨ।

ਭਾਈ ਸਾਹਿਬ ਦੀ ਅੰਤਰ ਦੇਸ਼ੀ ਭਾਵਨਾ ਸਾਰੀ ਮਾਨਵਤਾ ਤੇ ਸੰਸਾਰ ਨੂੰ ਇਕ ਸੂਤਰ ਵਿਚ ਪਰੋਣ ਲਈ ਸਾਂਝੇ ਪ੍ਰੇਮ ਰਾਜ ਦੀ ਕਲਪਨਾ ਕਰਦੀ ਹੈ, ਜਿਸ ਵਿਚ ਸਾਰੀਆਂ ਵਿੱਥਾਂ ਅਤੇ ਵਿਤਕਰਿਆਂ ਨੂੰ ਖ਼ਤਮ ਕਰਕੇ ਕੇਵਲ ਮਾਨਵ ਪ੍ਰੇਮ ਤੇ ਸਰਬੱਤ ਦੇ ਭਲੇ ਨੂੰ ਹੀ ਆਧਾਰ ਬਣਾਇਆ ਜਾ ਸਕੇ।

***

## ਅਧਿਆਇ ਤੀਜਾ

## ਕਾਵਿ- ਰਚਨਾਵਾਂ ਦਾ ਵਿਵੇਚਨ

### (ੳ) ਕਾਵਿ- ਸਿੱਧਾਂਤ

ਭਾਈ ਸਾਹਿਬ ਦੀਆਂ ਕਾਵਿ ਰਚਨਾਵਾਂ ਦੇ ਵਿਵੇਚਨ ਤੋਂ ਪਹਿਲਾਂ ਉਨ੍ਹਾਂ ਦੇ ਕਾਵਿ-ਸਿੱਧਾਂਤ ਨੂੰ ਦ੍ਰਿਸ਼ਟੀਗੋਚਰ ਕਰਨਾ ਜ਼ਰੂਰੀ ਹੈ। ਅੰਗ੍ਰੇਜ਼ੀ ਵਿਚ ਵਰਡਜ਼ਵਰਥ,ਕਾਲਰਿਜ,ਸ਼ੈਲੇ,ਮੈਥਿਊਆਰਨਲਡ, ਟੀ.ਐਸ. ਈਲੀਅਟ ਆਦਿਕ ਨੇ ਕਵਿਤਾ ਸੰਬੰਧੀ ਆਪਣੇ ਸਿੱਧਾਂਤ ਵੀ ਉਲੀਕੇ ਹਨ ਅਤੇ ਇਨ੍ਹਾਂ ਦੇ ਅਨੁਸਾਰ ਕਾਵਿ ਰਚਨਾ ਕਰਨ ਦਾ ਯਤਨ ਵੀ ਕੀਤਾ ਹੈ। ਭਾਈ ਸਾਹਿਬ ਦੇ ਵੀ ਕਵਿਤਾ ਸੰਬੰਧੀ ਵਿਚਾਰ ਉਨ੍ਹਾਂ ਉਨ੍ਹਾਂ ਦੀਆਂ ਦੋ ਕਵਿਤਾਵਾਂ 'ਕਵਿ-ਰੰਗ-ਸੁੰਦਰਤਾ'[1] ਅਤੇ 'ਭਿਖਾਰੀ[2] ਨੂੰ' ਵਿਚ ਉਲੀਕੇ ਪ੍ਰਾਪਤ ਹੁੰਦੇ ਹਨ,ਜਿਨ੍ਹਾਂ ਦੀ ਸਹਾਇਤਾ ਨਾਲ ਉਨ੍ਹਾਂ ਦੇ ਕਵਿਤਾ ਦੀ ਪ੍ਰਕ੍ਰਿਤੀ,ਉਦੇਸ਼ ਤੇ ਸਰੂਪ ਸੰਬੰਧੀ ਦ੍ਰਿਸ਼ਟੀਕੋਣ ਬਾਰੇ ਕੁਛ ਸੰਕੇਤ ਜ਼ਰੂਰ ਮਿਲ ਜਾਂਦੇ ਹਨ।

ਭਾਈ ਸਾਹਿਬ ਨੇ "'ਕਵਿ ਰੰਗ ਸੁੰਦਰਤਾ' ਨੂੰ ਉਸ ਸੁੰਦਰਤਾ ਦੀ ਪ੍ਰਤੀਤੀ ਜਿਸ ਦੇ ਆਵੇਸ਼ ਵਿਚ ਕਵੀ ਤੋਂ ਉਸ ਕਾਵਯ ਪ੍ਰਕਾਸ਼ਦਾ ਹੈ,[3] "ਦੱਸਿਆ ਹੈ। ਉਹ ਮੰਨਦੇ ਹਨ ਕਿ ਕਵਿਤਾ ਦੀ ਪ੍ਰਤੀਤੀ ਉਚੇਰੀ ਸੁਰਤ ਰਾਹੀਂ ਹੀ ਸੰਭਵ ਹੈ:

ਕਵਿਤਾ ਦੀ ਸੁੰਦਰਤਾਈ ਉਚੇ ਨਛੱਤ੍ਰੀਂ ਵਸਦੀ
ਆਪਣੇ ਸੰਗੀਤ ਲਹਿਰੇ ਆਪਣੇ ਪ੍ਰਕਾਸ਼ ਲਸਦੀ।[4]

ਉਨ੍ਹਾਂ ਦਾ ਵਿਚਾਰ ਹੈ ਕਿ ਇਸ ਉਚੇਰੀ ਅਵਸਥਾ ਦੀ "ਸੁਰਤ ਵਿਚ ਇਕ ਉਚਾਪਨ ਹੈ, ਇਕ ਮੱਧਮ ਵੇਗ ਦਾ ਰਸ, ਇਕ ਲਗਾਤਾਰ "ਹੈ" ਦਾ ਪ੍ਰਭਾਵ ਜਾਰੀ ਹੋ ਜਾਂਦਾ ਹੈ। ਨਜ਼ਰ ਜਿੱਧਰ ਪੈਂਦੀ ਹੈ, ਇਕ ਮੱਧਮ ਰੰਗ ਦੀ ਸੁੰਦਰਤਾ ਦਾ ਪ੍ਰਭਾਵ ਹਰ ਸ਼ੈ ਉਪਰ ਚੜ੍ਹਿਆ ਰਹਿੰਦਾ ਹੈ——ਲਿਵ ਵਾਲਾ ਹਸਮੁੱਖ,ਅੱਖਾਂ ਵਿਚ ਖਿੜੌਂਦੀ ਮਨ ਵਿਚ ਰਸੀਆ ਤੇ ਉਚੇ ਉਚੇ ਰੰਗ ਦੇ ਭਾਵ ਵਿਚ ਵਸਣ ਵਾਲਾ ਹੁੰਦਾ ਹੈ।[5]" ਇਹ ਅਨੁਭਵ ਅਸਲ ਵਿਚ ਸਤ ਦਾ ਹੀ ਅਨੁਭਵ ਹੈ। ਅਰਸਤੂ ਵੀ ਕਵਿਤਾ ਨੂੰ ਉਚੇਰੇ ਸਤ ਦਾ ਪ੍ਰਗਟਾਵਾ ਸਮਝਦਾ ਹੈ।[6] ਇਸ ਦੇ ਨਾਲ ਹੀ ਭਾਈ ਸਾਹਿਬ ਮੰਨਦੇ ਹਨ ਕਿ ਸਤ ਦੀ ਪਛਾਣ ਆਵੇਸ਼ ਦੇ ਪਲਾਂ ਵਿਚ ਹੁੰਦੀ ਹੈ:

---

1. ਮਟਕ ਹੁਲਾਰੇ, ਪੰਨਾ 47
2. ਭਿਖਾਰੀ ਨੂੰ, 'ਖਾਲਸਾ ਸਮਾਚਾਰ,23-7-1964,ਜਿਲਦ 65,ਅੰਕ ਨੰ:40
3. ਕਵਿ ਰੰਗ ਸੁੰਦਰਤਾ,ਮਟਕ ਹੁਲਾਰੇ,48
4. ਉਹੀ
5. ਪ੍ਰਾਪਤ ਡਾ. ਬਲਬੀਰ ਸਿੰਘ,ਕਲਮ ਦੀ ਕਰਾਮਾਤ,ਪੰਨਾ 214.
6. " The truth of poetry is not a copy of Reality, but a higher Reality;what to be, not what is" (Poetics-Butcher's Translation)

ਇਕ ਸ਼ਾਮ ਨੂੰ ਏ ਓਥੋਂ ਹੋਠਾਂ ਪਲਮਦੀ ਆਈ।
ਰਸ ਰੰਗ ਨਾਲ ਕੰਬਦੀ ਸੰਗੀਤ ਥਰਥਰਾਈ।[7]

ਪਲੈਟੋ ਨੇ ਵੀ ਕਵੀ ਨੂੰ ਪ੍ਰੇਰਣਾਮਈ ਪ੍ਰਾਣੀ ਮੰਨਿਆ ਹੈ।[8]

ਉਚੇਰੀ ਪੱਧਰ ਤੇ ਰਹਿੰਦਾ ਹੋਇਆ ਮਨ ਵਿਆਪਕ ਦ੍ਰਿਸ਼ਟੀਕੋਣ ਦਾ ਸੁਆਮੀ ਹੋ ਜਾਂਦਾ ਹੈ।[9] ਇਸ ਦ੍ਰਿਸ਼ਟੀਕੋਣ ਦੇ ਬਲ ਤੇ ਉਹ ਮਨੁੱਖ ਦੇ ਗੂੜ੍ਹੇ ਅਰਥ ਨੂੰ ਜਾਣਨ ਦੀ ਕੋਸ਼ਿਸ਼ ਕਰਦਾ ਹੈ, ਉਸ ਦੇ ਨਿਰਮਲ ਜੀਵਨ ਘੋਲ ਨੂੰ ਅਨੁਭਵ ਕਰਦਾ ਹੈ, ਉਸ ਦੀ ਅਣਡਿੱਠੀ ਮੰਜ਼ਲ ਤੇ ਵਿਚਾਰ ਕਰਦਾ ਹੈ ਅਤੇ ਅੰਤਰ- ਧਿਆਨ ਰਾਹੀਂ ਉਹ ਜੀਵਨ ਦੀਆਂ ਡੂੰਘਾਈਆਂ ਵਿਚੋਂ ਰਹੱਸ- ਪੂਰਨ ਨਾਦ ਸੁਣਦਾ ਹੈ। ਅਜੇਹੀ ਹਾਲਤ ਵਿਚ ਕਵੀ ਜੀਵਨ ਦੀ ਵਿਸ਼ਾਲਤਾ ਦਾ ਕਲਪਨਾ ਰਾਹੀਂ, ਜੀਵਨ ਦੀ ਯਥਾਰਥਕਤਾ ਦਾ ਘੋਲ ਰਾਹੀਂ ਤੇ ਡੂੰਘਾਈਆਂ ਦਾ ਅੰਤਰ- ਧਿਆਨ ਰਾਹੀਂ ਅਨੁਭਵ ਕਰਦਾ ਹੈ। ਭਾਈ ਸਾਹਿਬ ਕਵੀ ਦੇ ਇਸ ਕਰਤਵ ਨੂੰ ਪ੍ਰਗਟਾਉਂਦਿਆਂ ਲਿਖਦੇ ਹਨ:

" ਨਰਗ੍ਹਾ ਵਤਨ ਜਿਨ੍ਹਾਂ ਦਾ ਨਰਗ੍ਹਾ ਵਜੂਦ ਉਨ੍ਹਾਂ ਦਾ,
ਚੱਕਰ ਅਨੰਤ ਅਟਕਵੇਂ ਉਨ੍ਹਾਂ ਦੀ ਚਾਲ ਪਾਈ,
ਵਿਥਾਂ ਅਮਿਣਵੀਆਂ ਵਿਚ, ਸਿਰ ਚੀਰਦੇ ਖਲਾਂਦੇ
ਜਾਂਦੇ ਅਨੰਤ ਚਾਲੀਂ, ਚਮਕਾਂ ਦੇ ਹਨ ਓ ਸਾਈਂ![10]

ਭਾਈ ਸਾਹਿਬ ਦੇ ਅਨੁਸਾਰ ਉਚੇਰੀ ਕਵਿਤਾ ਵਿਚ ਇਕ 'ਜਿੰਦ ਛੂਹ' ਲਾਉਣ ਦੀ ਸਮਰੱਥਾ ਹੁੰਦੀ ਹੈ।

" ਚਮਕਾਰ ਰੰਗ ਦੇਣਾ, ਰਸ ਝੂਮ ਵਿਚ ਝੁਮਾਣਾ
" ਇਕ 'ਜਿੰਦ- ਛੋਹ' ਲਾਣੀ,- ਅਟਕਣ ਨਹੀਂ ਸਿਖਾਈ।[11]

ਜੀਵਨ ਵਿਚ ਦੁਖ, ਅਸ਼ਾਂਤੀ, ਨਿਰਾਸਤਾ ਅਤੇ ਕਲੇਸ਼ ਵਿਚ ਫਸੇ ਲੋਕਾਂ ਨੂੰ ਸੁੱਖ ਦੀ ਲੋੜ ਹੁੰਦੀ ਹੈ। ਕਵਿਤਾ 'ਜਿੰਦ ਛੂਹ' ਲਾ ਕੇ ਮਨ ਵਿਚ ਜਾਗ੍ਰਤੀ ਦੇ ਭਾਵਾਂ ਨੂੰ ਉਜਾਗਰ ਕਰਕੇ ਪਵਿਤਰਤਾ ਅਤੇ ਆਤਮਿਕ-ਮੁਕਤੀ

---

7. 'ਕਵਿਰੰਗ ਸੁੰਦਰਤਾ', ਮਟਕ ਹੁਲਾਰੇ, ਪੰਨਾ 49

8. " All good poets compose their beautiful poems not by art, but because they are inspired."
( Plato, Selected Passages by R.W. Livingstone, P. 186 )

9. " The things most likely to inspire poetry are the unchanging and universal things of life."
( L.S.Harris, The Nature of English Poetry, P. 22 )

10. ' ਕਵਿਰੰਗ ਸੁੰਦਰਤਾ,' ਮਟਕ ਹੁਲਾਰੇ, ਪੰਨਾ 53

11. ਉਹੀ, ਪੰਨਾ 55.

ਨੂੰ ਜਗਾ ਦਿੰਦੀ ਹੈ।[12] ਕਵੀ ਦੇ ਇਸ ਉਦੇਸ਼ ਨੂੰ ਭਾਈ ਸਾਹਿਬ ਆਪਣੀ ਅਸੰਗ੍ਰਹਤ ਕਵਿਤਾ "ਲਿਖਾਰੀ ਨੂੰ" ਵਿਚ ਹੋਰ ਸਪਸ਼ਟ ਕਰਦੇ ਹਨ:

ਸੁਣ ਤੂੰ ਲਿਖਣਹਾਰਿਆ ! ਐਸਾ ਕੁਝ ਨਾ ਲਿੱਖ।
ਜਿਸ ਨੂੰ ਪੜ੍ਹਕੇ ਤੇ ਜਗਤ- ਵਧੇ ਪਾਪ ਅਰ ਦੁੱਖ - - - -
ਨੀਵੀਆਂ ਰੁਚੀਆਂ ਜਗਤ ਵਿਚ ਨੀਵੇਂ ਕਰਮ ਸੁਭਾਉ।
ਅਗੇ ਫੈਲੇ ਹਨ ਬੜੇ ਕਿਉਂ ਵਧਾਵੇ ਲਿੱਖ।[13]

ਭਾਈ ਸਾਹਿਬ ਦਾ ਹੋਰ ਵਿਚਾਰ ਹੈ ਕਿ ਸੱਚੀ ਕਲਮ ਜਗਤ ਵਿਚ ਭੁਜ ਰਹੇ ਤੇ ਸੜ ਰਹੇ ਲੋਕਾਂ ਨੂੰ ਸ਼ਾਂਤੀ ਤੇ ਸੁੱਖ ਦਾ ਸੰਦੇਸ਼ ਦਿੰਦੀ ਹੈ।[14] ਗੀਤਾ ਵਿਚ ਕ੍ਰਿਸ਼ਨ ਜੀ ਨੇ ਵੀ ਅਰਜਨ ਨੂੰ ਉਪਦੇਸ਼ ਦਿੰਦਿਆਂ ਬਾਣੀ ਦੇ ਤਪ ਬਾਰੇ ਸਮਝਾਂਦਿਆਂ ਕਹਿਆ ਸੀ ਕਿ ਅਜੇਹੀ ਬਾਣੀ ਬੋਲਣੀ ਚਾਹੀਦੀ ਹੈ, ਜਿਸ ਨਾਲ ਦੂਜੇ ਦੇ ਚਿਤ ਵਿਚ ਵਿਖੋਭ ਪੈਦਾ ਨਾ ਹੋਵੇ ਅਤੇ ਜੇਹੜੀ ਸਤ,ਪ੍ਰਿਅ ਤੇ ਹਿਤਕਰ ਹੋਵੇ।[15] ਮੈਥੀਓਆਰਨਲਡ ਨੇ ਵੀ ਕਵਿਤਾ ਦੇ ਉਚੇਰੇ ਧਰਮ ਵਿਚ ਜੀਵਨ ਦੀ ਵਿਆਖਿਆ ਅਤੇ ਸ਼ਾਂਤੀ ਤੇ ਧੀਰਜ ਦੇਣ ਲਈ ਸੁੰਦਰ,ਸ਼੍ਰੇਸ਼ਠ ਤੇ ਡੂੰਘੇ ਵਿਚਾਰਾਂ ਨੂੰ ਜੀਵਨ ਤੇ ਲਾਗੂ ਕਰਨਾ ਦੱਸਿਆ ਹੈ।[16]

ਸਤ ਦੇ ਪ੍ਰਭਾਵ ਨੂੰ ਇੱਛਾ- ਅਨੁਕੂਲ ਉਪਜਾਣ ਲਈ ਸਤ ਨੂੰ ਕਰੂਪ ਸ਼ਕਲ ਵਿਚ ਪੇਸ਼ ਨਹੀਂ ਕਰਨਾ ਚਾਹੀਦਾ। ਭਾਈ ਸਾਹਿਬ ਵੀ ਦਸਦੇ ਹਨ ਕਿ ਚੰਗੀ ਕਵਿਤਾ ਸੁੰਦਰ ਰੂਪ ਰਾਹੀਂ ਹੀ ਪ੍ਰਗਟ ਹੁੰਦੀ ਹੈ। ਉਹ ਤਾਂ ਕਵਿਤਾ ਨੂੰ ਹੀ ਸੁੰਦਰਤਾ ਮੰਨਦੇ ਹਨ:

ਪੁਛਿਆ ਅਸਾਂ, " ਹੇ ਸੁਹਣੀ !
" ਤੂੰ ਆਪ ਸੁੰਦ੍ਰਤਾ ਹੈ,
"ਹੀਰੇ ਜਵਾਹਰ ਵਾਂਙੂ
" ਵਿਕਦੀ ਹੈ ਕਿਉਂ ਤੂੰ ਨਾਹੀ।[17]

ਵਾਸਤਵ ਵਿਚ ਸਤ ਤੇ ਸੁੰਦਰਤਾ ਦੇ ਜਾਨ ਪ੍ਰਾਣ ਹੋਣ ਨਾਲ ਹੀ ਕਲਾ ਸਦੀਵੀ ਬਣ ਸਕਦੀ ਹੈ। ਕਾਵਿ ਕਲਾ

---

12. "But poetry acts in a divine manner. It awakens and enlarges the mind itself by rendering it the receptacle of a thousand unapprehended combinations of thought."
( I.A. Richards, Principles of Literary Criticism, P. 64 )

13. ਲਿਖਾਰੀ ਨੂੰ, ਖਾਲਸਾ ਸਮਾਚਾਰ, 23-7-1964, ਜਿਲਦ 65, ਨੰ: 40

14. ਇਕ ਦਿਨ ਅੰਮ੍ਰਿਤ ਡੋਹਲਦੀ- ਬੋਲ ਪਈ ਮੈਂ ਕਲਮ।
ਮੈਂ ਜਾਣੂ ਨਹੀਂ ਪਾਪ ਤੋਂ,- ਅਸਮਤ ਮੇਰੀ ਰੱਖ।
ਵਰਤਣ ਮੇਰੀ ਉਹ ਕਰੀ ਜਿਸ ਵਿਚ ਪਾਪ ਨ ਲੇਸ
ਜਗਤ ਜਲੰਦੇ ਦੀ ਮਲ੍ਹਮ ਲਿਖਣ ਵਾਲੇ ਸੋ ਲਿਖ (ਉਹੀ)

15. ਅਨੁ ਦਵੇਗ ਕਰਮੁ ਵਾਕਯਮੁ ਸਤਯਮ ਪ੍ਰਿਯ ਹਿਤਮੁਚਹਯਤ੍( ਗੀਤਾ 17,15)

16. " Poetry is at bottom a criticism of life : the greatness of a poet lies in his powerful and beautiful application of ideas

(ਚਲਦਾ)

ਦੀ ਸੁੰਦਰਤਾ ਸ਼ੈਲੀ ਦੀ ਸੁੰਦਰਤਾ ਹੈ। ਸ਼ੈਲੀ ਦੀ ਸੁੰਦਰਤਾ ਸ਼ਬਦਾਵਲੀ ਤੇ ਛੰਦ ਦੀ ਚਾਲ ਵਿਚ ਰਹਿੰਦੀ ਹੈ। ਸ਼ਬਦਾਂ ਵਿਚ ਚਿੜ੍ਹੀ ਜੋਤ ਨਾਲ ਪਾਠਕ ਜਾਂ ਸਰੋਤੇ ਦੀ ਅੰਦਰਲੀ ਜੋਤ ਦਾ ਮੇਲ ਹੁੰਦਾ ਹੈ। ਇਸ ਮੇਲ ਤੋਂ ਹੀ ਅਨੁਭਵੀ ਰੂਪ ਪ੍ਰਕਾਸ਼ ਵਿਚ ਉਜਾਗਰ ਹੁੰਦਾ ਹੈ।

ਭਾਈ ਸਾਹਿਬ ਦੇ ਕਾਵਿ ਸਿੱਧਾਂਤ ਸੰਬੰਧੀ ਵਿਚਾਰ ਕਰਨ ਤੋਂ ਬਾਅਦ ਇਹ ਸਪਸ਼ਟ ਹੋ ਜਾਂਦਾ ਹੈ ਕਿ ਕਵਿਤਾ ਦੇ ਸੁਭਾਵ ਬਾਰੇ ਉਨ੍ਹਾਂ ਦਾ ਵਿਚਾਰ ਹੈ ਕਿ ਕਵਿਤਾ ਸਤ ਦਾ ਪ੍ਰਕਾਸ਼ ਹੈ ਤੇ ਇਹ ਆਵੇਸ਼ ਦੇ ਪਲਾਂ ਵਿਚ ਪ੍ਰਗਟ ਹੁੰਦੀ ਹੈ। ਕਵਿਤਾ ਦੇ ਉਦੇਸ਼ ਬਾਰੇ ਉਹ ਦਸਦੇ ਹਨ ਕਿ ਕਵਿਤਾ ਆਪਣੀ ਸਾਤਵਿਕ ਸ਼ਕਤੀ ਰਾਹੀਂ ਮਨੁੱਖ ਨੂੰ ਜੀਵਨ ਛੁਹ ਲਾਉਣ ਦੀ ਸਮਰੱਥਾ ਰਖਦੀ ਹੈ। ਕਵਿਤਾ ਦੇ ਸਰੂਪ ਬਾਰੇ ਉਹ ਮੰਨਦੇ ਹਨ ਕਿ ਕਵਿਤਾ ਦੀ ਸੁੰਦਰਤਾਈ ਸੁੰਦਰ ਜਾਮੇ ਅਰਥਾਤ ਸੁੰਦਰ ਸ਼ੈਲੀ ਵਿਚ ਹੀ ਨਿਖਰਦੀ ਹੈ। ਉਨ੍ਹਾਂ ਦੇ ਕਾਵਿ ਸੰਬੰਧੀ ਇਹ ਵਿਚਾਰ 'ਸਤਿਅੰ,ਸ਼ਿਵੰ ਤੇ ਸੁੰਦਰੰਮ'ਦੇ ਸੂਤਰ ਨਾਲ ਕਾਫ਼ੀ ਹੱਦ ਤਕ ਮੇਲ ਖਾਂਦੇ ਹਨ। ਭਾਈ ਸਾਹਿਬ ਦੇ ਕਾਵਿ ਦੇ ਇਨ੍ਹਾਂ ਸਿੱਧਾਂਤਾਂ ਦੀ ਆਤਮਾ ਦੇਸੀ ਹੈ ਪਰ ਇਨ੍ਹਾਂ ਵਿਚ ਅਜੇਹੇ ਤੱਤ ਸਮੋਏ ਹੋਏ ਹਨ, ਜਿਹੜੇ ਪੂਰਬੀ ਤੇ ਪੱਛਮੀ ਸਾਰੇ ਵਿਦਵਾਨਾਂ ਵਿਚ ਪ੍ਰਵਾਣਿਤ ਹਨ। ਭਾਈ ਸਾਹਿਬ ਦੇ ਇਸ ਕਾਵਿ ਸਿੱਧਾਂਤ ਦੀਆਂ ਮੂਲ ਧਾਰਣਾਵਾਂ ਗੁਰਬਾਣੀ ਦੇ ਕਾਵਿ ਸਿੱਧਾਂਤ ਦੀਆਂ ਮੂਲ ਧਾਰਣਾਵਾਂ ਨਾਲ ਵੀ ਮਿਲਦੀਆਂ ਹਨ। ਗੁਰਬਾਣੀ ਵਿਚ ਸਾਫ਼ ਪ੍ਰਗਟ ਕੀਤਾ ਗਇਆ ਹੈ ਕਿ ਜਿਸ ਹਿਰਦੇ ਵਿਚ ਜਤੁ ਤੇ ਧੀਰਜੁ ਦੇ ਗੁਣ ਵਿਦਮਾਨ ਹੋਣ, ਜਿੱਥੇ ਮਤ ਬਲਵਾਨ ਤੇ ਗਿਆਨ ਵਿਸ਼ਾਲ ਹੋਵੇ, ਜਿੱਥੇ ਭਉ ਤੇ ਭਾਉ ਨਾਲ ਹਿਰਦਾ ਨਿਰਮਲ ਹੋ ਗਇਆ ਹੋਵੇ,ਉਥੇ ਅੰਮ੍ਰਿਤ ਸ਼ਬਦ ਪੈਦਾ ਹੁੰਦਾ ਹੈ, ਜੋ ਮਨੁੱਖਤਾ ਲਈ ਕਲਿਆਣਕਾਰੀ ਹੁੰਦਾ ਹੈ।[18] ਟੈਗੋਰ ਨੇ ਵੀ ਕਹਿਆ ਸੀ," ਕਲਾ ਦਾ ਕਾਰਜ ਮਨੁੱਖ ਨੂੰ ਸੱਚੇ ਸੰਸਾਰ ਦੀ ਸ੍ਰਿਸ਼ਟੀ ਤਥਾ ਸਤ,ਸੌਂਦ੍ਰਯ ਤੇ ਜੀਵਤ ਵਿਸ਼ਵ ਦੇ ਨਿਰਮਾਣ ਲਈ ਪ੍ਰੇਰਨਾ ਦੇਣਾ ਹੈ।[19]"

ਭਾਈ ਸਾਹਿਬ ਦੀ ਵਿਸ਼ੇਸ਼ਤਾ ਇਸ ਵਿਚ ਵੀ ਹੈ ਕਿ ਕਵਿਤਾ ਵਰਗੀ ਸੂਖਮ ਕਲਾ ਸੰਬੰਧੀ ਆਪਣੇ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਨ ਲਈ ਉਨ੍ਹਾਂ ਨੇ ਵਧੇਰੇ ਕਵਿਤਾ ਦਾ ਹੀ ਆਸਰਾ ਲਇਆ ਹੈ। ਕਵਿਤਾ ਸੰਬੰਧੀ ਕੰਦ ਵਿਚ ਆਲੋਚਕਾਂ ਅਤੇ ਕਵੀਆਂ ਨੇ ਵਿਚਾਰ ਆਮ ਉਲੀਕੇ ਹਨ,ਕਾਵਿ ਦੇ ਸਰੂਪ ਵਿਚ ਹੀ ਕਾਵਿ ਦੀ ਪਰਿਭਾਸ਼ਾ ਨਿਰਧਾਰਤ ਕਰਨ ਦਾ ਇਹ ਯਤਨ ਆਧੁਨਿਕ ਪੰਜਾਬੀ ਕਾਵਿ ਵਿਚ ਭਾਈ ਸਾਹਿਬ ਰਾਹੀਂ ਹੀ ਪ੍ਰਾਪਤ ਹੁੰਦਾ ਹੈ।

---

to life to the question:How to live."( Matthew Arnold, Edited by E.K. Chambers, PP.144-146)

17. 'ਕਵਿ ਰੰਗ- ਸੁੰਦਰਤਾ';ਮਟਕ ਹੁਲਾਰੇ,ਪੰਨਾ- 51

18. ਜਤੁ ਪਹਾਰਾ ਧੀਰਜੁ ਸੁਨਿਆਰੁ॥ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥ਜਿਨ ਕਉ ਨਦਰਿ ਕਰਮੁ ਤਿਨਕਾਰ॥
ਨਾਨਕ ਨਦਰੀ ਨਦਰਿ ਨਿਹਾਲ॥ (ਜਪੁਜੀ)

19. ਰਾਬਿੰਦਰ ਨਾਥ ਟੈਗੋਰ,ਪਰਸਨੈਲਿਟੀ, ਪੰਨਾ- 31.

## ਕਾਵਿ- ਰਚਨਾਵਾਂ ਦਾ ਵਿਵੇਚਨ

ਭਾਈ ਸਾਹਿਬ ਦੇ ਕਾਵਿ- ਸਿੱਧਾਂਤ ਨੂੰ ਸਮਝਣ ਤੋਂ ਉਪਰੰਤ ਉਨ੍ਹਾਂ ਦੀ ਨਾਨਾ ਰੂਪਾਤਮਕ ਰਚਨਾ ਦੇ ਵਿਵੇਚਨ ਲਈ ਰੂਪਾਤਮਕ ਵਰਗੀਕਰਣ ਨੂੰ ਆਧਾਰ ਬਣਾਉਣਾ ਹੀ ਜ਼ਰੂਰੀ ਹੈ, ਕਿਉਂਕਿ ਇਸੇ ਵਿਧੀ ਨਾਲ ਉਨ੍ਹਾਂ ਦੇ ਸਾਰੇ ਕਾਵਿ ਦੀ ਸੁਵਿਧਾ ਪੂਰਵਕ ਢੰਗ ਨਾਲ ਵਿਵੇਚਨਾ ਕੀਤੀ ਜਾ ਸਕਦੀ ਹੈ। ਭਾਈ ਸਾਹਿਬ ਦੀ ਕਾਵਿ- ਰਚਨਾ ਵਿਚ 'ਰਾਣਾ ਸੂਰਤ ਸਿੰਘ' ਮਹਾ-ਕਾਵਿ ਹੈ ਅਤੇ ਬਾਕੀ ਦੀ ਸਾਰੀ ਕਾਵਿ-ਰਚਨਾ ਭਾਵੇਂ ਉਹ ਸੰਗ੍ਰਹਿਤ ਹੈ ਜਾਂ ਅਸੰਗ੍ਰਹਿਤ, ਛੋਟੀਆਂ ਕਵਿਤਾਵਾਂ ( Short Poems) ਤੇ ਲੰਮੇਰੀਆਂ ਕਵਿਤਾਵਾਂ ( Long Poems ) ਦੇ ਰੂਪ ਵਿਚ ਮਿਲਦੀ ਹੈ। ਇਸ ਲਈ ਉਨ੍ਹਾਂ ਦੇ ਸਾਰੇ ਕਾਵਿ ਨੂੰ ਮਹਾਂਕਾਵਿ, ਲੰਮੇਰੀਆਂ ਕਵਿਤਾਵਾਂ ਤੇ ਛੋਟੀਆਂ ਕਵਿਤਾਵਾਂ ਦੇ ਵਰਗੀਕਰਣ ਵਿਚ ਰੱਖ ਕੇ ਹੀ ਵਿਚਾਰਿਆ ਗਇਆ ਹੈ।

### (ਅ) ਮਹਾਂਕਾਵਿ- 'ਰਾਣਾ ਸੂਰਤ ਸਿੰਘ'

### 'ਰਾਣਾ ਸੂਰਤ ਸਿੰਘ' ਦਾ ਕਾਵਿ ਰੂਪ

ਸਭ ਤੋਂ ਪਹਲਾਂ 'ਰਾਣਾ ਸੂਰਤ ਸਿੰਘ' ਨੂੰ ਮਹਾ-ਕਾਵਿ ਕਿਉਂ ਮੰਨਿਆ ਗਇਆ ਹੈ, ਇਸ ਗੱਲ ਦਾ ਨਿਰਣਾ ਕਰਨਾ ਜ਼ਰੂਰੀ ਹੈ। ਭਾਰਤੀ ਸਾਹਿਤ- ਸ਼ਾਸਤ੍ਰ ਵਿਚ ਪ੍ਰਬੰਧ- ਕਾਵਿ ਦੇ ਦੋ ਭੇਦ ਮੰਨੇ ਗਏ ਹਨ- ਖੰਡ-ਕਾਵਿ ਅਤੇ ਮਹਾ-ਕਾਵਿ। ਖੰਡ-ਕਾਵਿ ਵਿਚ ਕਿਸੇ ਇਕ ਘਟਨਾ ਨੂੰ ਹੀ ਮਹੱਤਤਾ ਦੇ ਕੇ ਜੀਵਨ ਦੇ ਕਿਸੇ ਇਕ ਪਹਲੂ ਦੀ ਝਾਕੀ ਦਿੱਤੀ ਜਾਂਦੀ ਹੈ, ਜਦ ਕਿ ਮਹਾਂਕਾਵਿ ਵਿਚ ਆਕਾਰ ਦੀ ਵਿਸ਼ਾਲਤਾ ਦੇ ਨਾਲ ਨਾਲ ਭਾਵਾਂ ਦੀ ਉਦਾਰਤਾ ਰਹਿੰਦੀ ਹੈ ਅਤੇ ਇਸ ਵਿਚ ਜੀਵਨ ਦੀ ਅਨੇਕ ਰੂਪਤਾ ਦੇ ਨਾਲ ਜਾਤੀ ਜੀਵਨ ਦੀ ਝਲਕ ਦਿਖਾਈ ਜਾਂਦੀ ਹੈ।[20] ਇਸ ਆਧਾਰ ਤੇ ਵਿਚਾਰ ਕੀਤਿਆਂ ਸਪਸ਼ਟ ਹੋ ਜਾਂਦਾ ਹੈ ਕਿ 'ਰਾਣਾ ਸੂਰਤ ਸਿੰਘ' ਦੀ ਕਥਾ ਵਿਚ ਜੀਵਨ ਦੀ ਕੋਈ ਇਕ ਘਟਨਾ ਸੰਕਲਿਤ ਨਹੀਂ, ਇਸ ਵਿਚ ਜੀਵਨ ਦੀਆਂ ਕਈ ਘਟਨਾਵਾਂ ਨੂੰ ਇਕੱਤ੍ਰ ਕਰਕੇ ਮਾਨਵ- ਜੀਵਨ ਦਾ ਪੂਰਾ ਚਿੱਤ੍ਰ ਉਲੀਕਿਆ ਗਇਆ ਹੈ। ਇਸ ਲਈ 'ਰਾਣਾ ਸੂਰਤ ਸਿੰਘ ਖੰਡ-ਕਾਵਿ ਦੀ ਕੋਟੀ ਵਿਚ ਨਹੀਂ, ਸਿਰਫ਼ ਮਹਾਂਕਾਵਿ ਦੀ ਕੋਟੀ ਵਿਚ ਹੀ ਆ ਸਕਦਾ ਹੈ।

ਪੱਛਮੀ ਵਿਦਵਾਨਾਂ ਨੇ ਪ੍ਰਬੰਧ- ਕਾਵਿ ਨੂੰ ਵਿਵਰਣਾਤਮਿਕ ਕਾਵਿ ( Narrative Poetry) ਕਹਿਆ ਹੈ ਅਤੇ ਇਸ ਦੇ ਚਾਰ ਭੇਦ ਦੱਸੇ ਹਨ: ਲੋਕਗੀਤ,( Ballad ), ਮਹਾਂਕਾਵਿ( Epic ) ਪਦਮਈ ਰੋਮਾਂਸ ਅਤੇ ਨਾਟਕੀ ਕਵਿਤਾ( Dramatic Poetry )। ਇਨ੍ਹਾਂ ਵਿਚੋਂ ਮਹਾਂਕਾਵਿ ਦੇ ਦੋ

---

20. ਬਾਬੂ ਗੁਲਾਬ ਰਾਏ, ਕਾਵਯ ਕੇ ਰੂਪ, ਪੰਨਾ 7

ਭੇਦ ਸਵੀਕਾਰ ਕੀਤੇ ਗਏ ਹਨ। ਸੰਚਿਤ ਮਹਾਂਕਾਵਿ (Epic of Growth ) ਅਤੇ ਕਲਾਤਮਿਕ ਮਹਾਂਕਾਵਿ (Epic of Art )[21]। ਇਸ ਪੱਛਮੀ ਵੰਡ ਦੇ ਆਧਾਰ ਤੇ 'ਰਾਣਾ ਸੂਰਤ ਸਿੰਘ' ਦੇ ਰੂਪ ਨੂੰ ਵੇਖਿਆਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਰਚਨਾ ਗ੍ਰਾਮ ਗੀਤ ਨਹੀਂ ਕਿਉਂਕਿ ਨਾ ਤਾਂ ਇਹ ਆਕਾਰ ਵਿਚ ਛੋਟੀ ਹੈ ਅਤੇ ਨਾ ਇਸ ਦੀ ਕਥਾ ਵਿਚ ਕੇਵਲ ਗ੍ਰਾਮੀਣ ਜੀਵਨ ਦੀ ਝਲਕ ਹੈ। ਦੂਜਾ ਇਸ ਨੂੰ ਪੱਦਮਈ ਰੋਮਾਂਸ ਵੀ ਨਹੀਂ ਕਹਿਆ ਜਾ ਸਕਦਾ, ਕਿਉਂਕਿ ਇੱਥੇ ਪਦਮਈ ਰੋਮਾਂਸ ਦੀ ਭਾਂਤੀ ਕੇਵਲ ਕਿਸੇ ਇਕ ਬੀਰ ਪੁਰਸ਼ ਦੀ ਬੀਰਤਾ, ਸਾਹਸ ਤੇ ਚਮਤਕਾਰ ਦਾ ਵਰਣਨ ਹੀ ਨਹੀਂ। ਤੀਜਾ ਨਾ ਇਹ ਨਾਟਕੀ ਕਵਿਤਾ ਹੈ ਕਿਉਂਕਿ ਇੱਥੇ ਸਾਰਾ ਕਾਵਿ ਨਾਟਕੀ ਸ਼ੈਲੀ ਵਿਚ ਨਹੀਂ ਲਿਖਿਆ ਗਇਆ। ਇਸ ਵਿਚ ਵਧੇਰੇ ਵਿਸ਼ਲੇਸ਼ਣਾਤਮਿਕ ਸ਼ੈਲੀ ਹੀ ਪ੍ਰਧਾਨ ਹੈ ਅਤੇ ਪਾਤਰਾਂ ਦੇ ਵਾਰਤਾਲਾਪ ਨਾਲੋਂ ਕਵੀ ਨੇ ਆਪ ਵਧੇਰੇ ਕੁਝ ਕਹਿਆ ਹੈ। ਹੁਣ ਪ੍ਰਬੰਧ-ਕਾਵਿ ਦਾ ਕੇਵਲ ਇਕੋ ਭੇਦ ਮਹਾਂਕਾਵਿ ਹੀ ਰਹ ਜਾਂਦਾ ਹੈ, ਜਿਸ ਦੇ ਅਨੁਕੂਲ 'ਰਾਣਾ ਸੂਰਤ ਸਿੰਘ' ਦੀ ਰਚਨਾ ਦਿਖਾਈ ਦਿੰਦੀ ਹੈ। ਪਰੰਤੂ ਮਹਾਂਕਾਵਿ ਦੇ ਭੇਦਾਂ ਵਿਚੋਂ ਵੀ ਇਹ ਸੰਚਿਤ ਮਹਾਂਕਾਵਿ ਤੇ ਹੋ ਨਹੀਂ ਸਕਦਾ ਕਿਉਂਕਿ ਇਹ ਵੱਖ ਵੱਖ ਕਵੀਆਂ ਦੀ ਰਚਨਾ ਨਹੀਂ ਹੈ, ਸਗੋਂ ਇਹ ਇਕ ਹੀ ਕਵੀ ਦੁਆਰਾ ਕਲਾ-ਤਮਿਕ ਸ਼ੈਲੀ ਵਿਚ ਲਿਖਿਆ ਹੋਇਆ ਹੈ। ਇਸ ਲਈ ਪੱਛਮੀ ਦ੍ਰਿਸ਼ਟੀ ਤੋਂ 'ਰਾਣਾ ਸੂਰਤ ਸਿੰਘ' ਨੂੰ ਕੇਵਲ ਕਲਾਤਮਿਕ ਮਹਾਂਕਾਵਿ ਹੀ ਕਹਿਆ ਜਾ ਸਕਦਾ ਹੈ।

'ਰਾਣਾ ਸੂਰਤ ਸਿੰਘ' ਦਾ ਆਧਾਰ ਤੇ ਵਸਤੂ-ਯੋਜਨਾ –

ਮਹਾਂ-ਕਾਵਿ ਮੂਲ ਰੂਪ ਵਿਚ ਇਕ ਕਥਾ-ਕਾਵਿ ਹੀ ਹੈ ਤੇ ਇਸ ਲਈ ਵਸਤੂ ਇਸ ਦਾ ਮਹੱਤਵ-ਪੂਰਣ ਅੰਗ ਹੈ। ਸੁਦੇਸ਼-ਬਿਦੇਸ਼ ਦੇ ਆਲੋਚਕਾਂ ਨੇ ਮਹਾਂਕਾਵਿ ਦੇ ਕਥਾ-ਵਸਤੂ ਦਾ ਸੂਖਮ ਵਿਸ਼ਲੇਸ਼ਣ ਕਰਦਿਆਂ ਸਵੀਕਾਰ ਕੀਤਾ ਹੈ ਕਿ ਮਹਾਂਕਾਵਿ ਦੀ ਕਥਾ ਇਤਿਹਾਸਿਕ ਤੇ ਲੋਕ-ਪ੍ਰਸਿੱਧ ਹੋਣੀ ਚਾਹੀਦੀ ਹੈ।[22] ਕਵੀ ਨੂੰ ਮਹਾਂ-ਕਾਵਿ ਦੀ ਰਚਨਾ ਵਿਚ ਆਪਣੀ ਕਲਪਨਾ ਸ਼ਕਤੀ ਦੀ ਵਰਤੋਂ ਦਾ ਅਧਿਕਾਰ ਜ਼ਰੂਰ ਹੈ, ਪਰ ਉਸ ਦੀ ਸਾਰੀ ਕਥਾ ਕਲਪਤ ਨਹੀਂ ਹੋਣੀ ਚਾਹੀਦੀ,[23] ਕਿਉਂਕਿ ਨਿਰੋਲ ਕਲਪਤ ਕਥਾ ਨਾਲ ਸਾਧਾਰਣੀ-ਕਰਨ ਕਠਿਨ ਹੋ ਜਾਂਦਾ ਹੈ।

'ਰਾਣਾ ਸੂਰਤ ਸਿੰਘ' ਦੀ ਕਥਾ ਬਾਰੇ ਸਪਸ਼ਟ ਹੈ ਕਿ ਇਸ ਦਾ ਆਧਾਰ ਇਤਿਹਾਸਿਕ ਹੈ। ਪੰਜਾਬ ਦੇ ਇਤਿਹਾਸ ਵਿਚੋਂ ਅਠਾਰ੍ਹਵੀਂ ਸ਼ਤਾਬਦੀ ਦੇ ਦੂਜੇ ਤੀਜੇ ਦਹਾਕੇ ਦੇ ਸਿੱਖ ਇਤਿਹਾਸ ਤੋਂ ਭਾਈ ਸਾਹਿਬ ਨੇ ਇਸ ਮਹਾਂਕਾਵਿ ਦੀ ਕਥਾ ਨੂੰ ਕਲਪਤ ਕਰਕੇ ਪ੍ਰਗਟ ਕੀਤਾ ਹੈ। ਭਾਈ ਸਾਹਿਬ ਤੋਂ ਪਹਿਲਾਂ ਭਾਰਤੀ ਮਹਾਂਕਾਵਿ ਦੀ ਕਥਾ-ਵਸਤੂ ਇਤਿਹਾਸਿਕ ਅਤੇ ਪੌਰਾਣਿਕ ਕਥਾਵਾਂ ਤੇ ਆਧਾਰਿਤ ਹੁੰਦੀ ਸੀ। ਭਾਈ ਸਾਹਿਬ

---

21. W.H. Hudson, An Introduction to the Study of Literature, PP.180-145.

22. ਇਤਿਹਾਸਕਥੋ ਉਦਭੂਤਮ ਇਤਰਦਵਾ ਸਦਾ ਸ਼੍ਰੇਯਮ- ਕਾਵਿਆਦਰਸ਼- 1/14/15

23. " The prime material of the epic must be real and not invented." ( Aber-Crombie, The Epic ( 1922 ), P. 55 )

ਨੇ ਜਿੱਥੇ ਪੰਜਾਬੀ ਵਿਚ ਪਹਲਾ ਮਹਾਂ ਕਾਵਿ ਲਿਖਣ ਦਾ ਯਤਨ ਕੀਤਾ ਹੈ,ਉਥੇ ਆਪਣੀ ਮੌਲਿਕਤਾ ਦਾ ਪ੍ਰਮਾਣ 'ਰਾਣਾ ਸੂਰਤ ਸਿੰਘ' ਦੀ ਕਥਾ- ਵਸਤੂ ਨੂੰ ਨਵੇਂ ਉਭਰ ਰਹੇ ਸਿੱਖ ਇਤਿਹਾਸ ਵਿਚੋਂ ਚੁਣ ਕੇ ਵੀ ਦਿੱਤਾ ਹੈ। ਇੱਥੇ ਵਿਸ਼ੇਸ਼ਤਾ ਹੈ ਕਿ ਭਾਈ ਸਾਹਿਬ ਨੇ ਇਤਿਹਾਸ ਨੂੰ ਸਿਰਫ਼ ਹੂ-ਬ-ਹੂ ਢੰਗ ਨਾਲ ਪੇਸ਼ ਨਹੀਂ ਕੀਤਾ,ਸਗੋਂ ਇਸ ਨੂੰ ਕਲਪਤ ਢੰਗ ਨਾਲ ਉਸਾਰ ਕੇ ਲਿਖਿਆ ਹੈ।

<u>'ਰਾਣਾ ਸੂਰਤ ਸਿੰਘ' ਦੀ ਕਥਾ</u> — 'ਰਾਣਾ ਸੂਰਤ ਸਿੰਘ' ਦੀ ਕਥਾ ਸੰਬੰਧੀ ਸੰਕੇਤ ਇਸ ਦੇ ਪੂਰੇ ਸਿਰਲੇਖ 'ਰਾਣੀ ਰਾਜ ਕੌਰ ਦਾ ਆਪਣੇ ਪ੍ਰਾਣ ਪ੍ਰਿਯ ਰਾਣਾ ਸੂਰਤ ਸਿੰਘ ਦੇ ਵਿਛੋੜੇ ਵਿਚ ਬ੍ਰਿਹਾ ਤੇ ਪ੍ਰਾਪਤੀ' ਵਿਚੋਂ ਹੀ ਮਿਲ ਜਾਂਦਾ ਹੈ। ਰਾਣਾ ਸੂਰਤ ਸਿੰਘ,ਰਾਣੀ ਰਾਜ ਕੌਰ ਦਾ ਪਤੀ ਹਿਮਾਚਲ ਦੀ ਰਿਆਸਤ ਵਿਚ ਕਿਸੇ ਨਰੀਨਾ ਸੰਤਾਨ ਤੋਂ ਵਾਂਝੇ,ਰਾਜਪੂਤੋਂ ਸਿੰਘ ਸਜੇ ਰਾਣੇ ਦਾ ਘਰ- ਜੁਆਈ ਹੈ, ਜੋ ਉਸ ਦੀ ਮੌਤ ਮਗਰੋਂ ਰਾਜ ਦਾ ਮਾਲਕ ਬਣਦਾ ਹੈ। ਰਾਣੀ ਰਾਜ ਕੌਰ ਰਾਣੇ ਨੂੰ ਅਥਾਹ ਪਿਆਰ ਕਰਦੀ ਹੈ,ਪਰ ਰਾਣੇ ਦੀ ਬ੍ਰਿਤੀ ਜ਼ਿਆਦਾ ਪਰਮਾਰਥਕ ਹੈ। ਰਾਣੇ ਦੇ ਪ੍ਰਭਾਵ ਨਾਲ ਰਾਣੀ ਨੂੰ ਪਰਮਾਰਥ ਦੀ ਲਾਗ ਲਗਦੀ ਹੈ, ਪਰ ਫਿਰ ਵੀ ਉਸ ਦਾ ਪਿਆਰ ਵਧੇਰੇ ਸੰਸਾਰਕ ਹੋਣ ਕਰਕੇ ਰਾਣੇ ਦੇ ਸਰੀਰ ਤਕ ਹੀ ਰਹਿੰਦਾ ਹੈ। ਰਾਣਾ ਸਿੱਖਾਂ ਦੇ ਹੁਕਮ ਅਧੀਨ ਤੇ ਧਰਮ- ਯੁੱਧ ਵਿਚ ਲੜਦਿਆਂ ਸ਼ਹੀਦ ਹੋ ਜਾਂਦਾ ਹੈ। ਰਾਣੀ ਲਈ ਰਾਣੇ ਦੀ ਕੁਰਬਾਨੀ ਅਸਹਿ ਹੈ। ਉਹ ਅਤਿਅੰਤ ਡਾਵਾਂਡੋਲ ਹੋ ਕੇ ਮਰ ਚੁੱਕੇ ਰਾਣੇ ਦੇ ਮਿਲਾਪ ਲਈ ਤਾਂਘਦੀ ਹੈ। ਰਾਜਾ ਕਹਲੂਰ ਰਾਣਾ ਸੂਰਤ ਸਿੰਘ ਹੱਥੀਂ ਲਿੱਖੀ ਇਕ ਜਾਲ੍ਹੀ ਚਿੱਠੀ ਰਾਹੀਂ ਰਾਣੀ ਨੂੰ ਭਰਮਾਣ ਦਾ ਯਤਨ ਕਰਦਾ ਹੈ, ਪਰ ਰਾਣੀ ਪਤੀ- ਪਿਆਰ,ਸਿੱਖੀ ਆਚਰਣ ਅਤੇ ਪ੍ਰਭੂ ਕ੍ਰਿਪਾ ਦੁਆਰਾ ਉਸ ਦੇ ਕਪਟ- ਜਾਲ ਵਿਚ ਨਹੀਂ ਫਸਦੀ ਅਤੇ ਆਪਣੇ ਪਤੀ- ਬ੍ਰਤਾ ਧਰਮ ਵਿਚ ਦ੍ਰਿੜ੍ਹ ਰਹਿੰਦੀ ਹੈ। ਪਰੀ ਨਾਲ ਮਿਲਾਪ ਤੇ ਸਤਿਸੰਗ ਵਿਚ ਹਾਜ਼ਰੀ ਦੇ ਕੇ ਹੌਲੀ ਹੌਲੀ ਉਸ ਨੂੰ ਗੁਰਮਤਿ ਦੇ ਗਿਆਨ ਦੇ ਆਧਾਰ ਤੇ ਅਧਿਆਤਮਿਕਤਾ ਦੀ ਸਮਝ ਪੈਂਦੀ ਹੈ। ਇਸ ਮਾਰਗ ਨੂੰ ਸਮਝ ਕੇ ਅਤੇ ਇਸ ਉਤੇ ਵਿਚਰਦਿਆਂ ਰਾਣੀ 'ਰਾਜ- ਜੋਗ' ਦੀ ਪਦਵੀ ਨੂੰ ਸਮਝ ਕੇ ਰਾਜ ਕਾਜ ਦੇ ਕੰਮ ਨੂੰ ਸੰਭਾਲਦਿਆਂ ਅਤੇ ਆਤਮਿਕ ਅਨੰਦ ਨੂੰ ਮਾਣਦਿਆਂ ਅਕਾਲ ਚਲਾਣਾ ਕਰਦੀ ਹੈ।

<u>ਕਥਾ- ਵਿਸ਼ਲੇਸ਼ਣ</u> — ਭਾਈ ਸਾਹਿਬ ਨੇ 'ਰਾਣਾ ਸੂਰਤ ਸਿੰਘ' ਦੀ ਕਥਾ ਰਾਹੀਂ ਮਾਨਵ ਦੇ ਵਿਕਾਸ ਦਾ ਇਤਿਹਾਸ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਹੀ ਕਾਰਨ ਹੈ ਕਿ ਇਤਿਹਾਸਿਕ ਪ੍ਰਕਾਰ ਦੀ ਸਾਮਗ੍ਰੀ ਨੂੰ ਲੈਂਦਿਆਂ ਵੀ ਉਨ੍ਹਾਂ ਨੇ ਨਵੀਆਂ ਉਦਭਾਵਨਾਵਾਂ ਰਾਹੀਂ ਕਥਾ ਨੂੰ ਨਵਾਂ ਰੰਗ ਦਿੱਤਾ ਹੈ।

<u>ਮੌਤ ਦੀ ਸਮੱਸਿਆ</u> — 'ਰਾਣਾ ਸੂਰਤ ਸਿੰਘ' ਦਾ ਮੁੱਢ ਰਾਣੀ ਰਾਜ ਕੌਰ ਦੀ ਆਪਣੇ ਸ਼ਹੀਦ ਹੋ ਚੁੱਕੇ ਰਾਣੇ ਨਾਲ ਮਿਲਾਪ ਦੀ ਤਾਂਘ ਅਤੇ ਬ੍ਰਿਹਾ ਦੀਆਂ ਵਿਲ੍ਹਕਣੀਆਂ ਨਾਲ ਸ਼ੁਰੂ ਹੁੰਦਾ ਹੈ। ਜੁਗਾਂ ਜੁਗਾਂਤਰਾਂ ਤੋਂ ਮਾਨਵ ਮੌਤ ਸੰਬੰਧੀ ਵਿਚਾਰ ਕਰਦਾ ਆਇਆ ਹੈ। ਮ੍ਰਿਤੂ ਸ੍ਰਿਸ਼ਟੀ ਦੇ ਕਣ ਕਣ ਵਿਚ ਵਿਦਮਾਨ ਹੋ ਕੇ ਵੀ ਅਤਿਅੰਤ ਰਹੱਸਮਈ ਹੈ। ਇਸ ਚਿਰੰਤਨ ਸਤ ਦੇ ਵਿਸ਼ੇ ਸੰਬੰਧੀ ਭਾਰਤੀ ਦਰਸ਼ਨ ਵਿਚ ਵਿਚਾਰ ਹੁੰਦਾ ਆਇਆ ਹੈ। ਬ੍ਰਿਹਦਾਰਣ ਉਪਨਿਸ਼ਦ(3/1/28) ਵਿਚ ਯਾਗਿਆਵਲਕਯ ਨੇ ਮੌਤ ਦੇ ਪ੍ਰਸ਼ਨ ਨੂੰ ਹੀ ਉਠਾਇਆ ਸੀ ਕਿ ਰੁੱਖ ਕਟ ਜਾਣ ਤੇ ਪੁਨਰ- ਰੂਪ ਵਿਚ ਉਜਾਗਰ ਹੋ ਕੇ ਪ੍ਰਸ਼ੁਪਿਤ ਹੋ ਜਾਂਦੇ ਹਨ, ਪਰ ਅਭਾਗਾ ਮਾਨਵ ਹੀ ਕਾਲ ਦੀ ਗੋਦ ਵਿਚ ਸਮਾ ਕੇ ਜੀਵਨ

ਨਹੀਂ ਹੋ ਸਕਦਾ। ਛਾਂਦੋਗਿਯ ਉਪਨਿਸ਼ਦ (5/3/1) ਵਿਚ ਜੀਵਲ ਦੇ ਪੁੱਤਰ ਪਰਵਾਹਣ ਨੇ ਆਰੁਣ ਕੁਮਾਰ ਸ਼੍ਵੇਤ ਕੇਤੂ ਤੋਂ ਪੰਜਾ ਪ੍ਰਸ਼ਨਾਂ ਵਿਚ ਮੌਤ ਦੇ ਰਹੱਸ ਦੀ ਹੀ ਪੁੱਛ ਕੀਤੀ ਸੀ। ਇਹ ਮੌਤ ਦਾ ਪ੍ਰਸ਼ਨ 'ਰਾਣਾ ਸੂਰਤ ਸਿੰਘ' ਦੇ ਮੁੱਢ ਵਿਚ ਰਾਣੀ ਦੇ ਸਾਮ੍ਹਣੇ ਵੀ ਆਉਂਦਾ ਹੈ। ਉਹ ਪੂਰਨ- ਗਿਆਨ ਦੀ ਅਣਹੋਂਦ ਕਾਰਨ ਇਸ ਨੂੰ ਠੀਕ ਸਮਝ ਨਹੀਂ ਸਕਦੀ ਅਤੇ ਸ਼ਹੀਦ ਹੋ ਚੁੱਕੇ ਰਾਣੇ ਦੇ ਮਿਲਾਪ ਲਈ ਵਿਲ੍ਹਕਦੀ ਹੈ।

ਕਿਸੇ ਦੀ ਮੌਤ ਤੋਂ ਬਾਅਦ ਵੀ ਉਸ ਨਾਲ ਮਿਲਾਪ ਲਈ ਤੜਪਣ ਸੰਸਾਰ ਦੇ ਸਾਹਿਤ ਵਿਚ ਕਈ ਰੂਪਾਂ ਵਿਚ ਪ੍ਰਗਟ ਮਿਲਦੀ ਹੈ। ਇਸ ਸੰਬੰਧ ਵਿਚ ਯੂਨਾਨੀ ਸਾਹਿਤ ਵਿਚ ਦੋ ਕਥਾਵਾਂ; ਇਕ ਲਾਊਡਾਮੀਆ( Laodamia ) ਤੇ ਦੂਜੀ ਆਰਫੀਅਸ ਤੇ ਯੂਰੀਡਾਈਸ( Orpheus and Euridice ) ਦੀਆਂ ਮਿਲਦੀਆਂ ਹਨ। ਲਾਊਡਾਮੀਆਂ, ਪਰੋਟੈਸੀਲਾਜ਼( Protesilaus ) ਦੀ ਪਤਨੀ ਅਤੇ ਬੈਲਰੋਫੋਨ ( Bellerophon) ਦੀ ਲੜਕੀ ਸੀ। ਪਰੋਟੈਸੀਲਾਜ਼ ਟਰਾਇ ਦੀ ਜੰਗ ਵਿਚ ਸ਼ਹੀਦ ਹੋ ਜਾਂਦਾ ਹੈ। ਲਾਊਡਾਮੀਆਂ, ਪਤੀ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਘੋਰ ਸ਼ੋਕ ਵਿਚ ਵਿਲ੍ਹਕਦਿਆਂ ਪ੍ਰਾਰਥਨਾ ਕਰਦੀ ਹੈ, ਜਿਸ ਦੇ ਫਲ- ਸਰੂਪ ਹੇਰਾਮ( Heram ) ਦੇਵਤਾ ਤਿੰਨ ਘੰਟੇ ਲਈ ਪਰੋਟੈਸੀਲਾਜ਼ ਨੂੰ ਦੋਬਾਰਾ ਜ਼ਿੰਦਾ ਕਰਕੇ ਉਸ ਪਾਸ ਭੇਜ ਦਿੰਦਾ ਹੈ। ਜਦ ਤਿੰਨ ਘੰਟਿਆਂ ਬਾਅਦ ਉਹ ਫਿਰ ਮਰ ਜਾਂਦਾ ਹੈ, ਲਾਊਡਾਮੀਆਂ ਵਧੇਰੇ ਦੁੱਖ ਨਾ ਸਹਾਰ ਸਕਣ ਕਰਕੇ ਆਤਮ- ਘਾਤ ਕਰ ਲੈਂਦੀ ਹੈ। ਇਸੇ ਤਰ੍ਹਾਂ ਆਰਫੀਅਸ, ਕੈਲਿਓਪ ( Calliope) ਦਾ ਲੜਕਾ, ਡਾਇਓਨੀਸੁਸ ਦਾ ਅਨੁਯਾਈ, ਯੂਨਾਨ ਦਾ ਇਕ ਪ੍ਰਸਿੱਧ ਕਵੀ ਤੇ ਸੰਗੀਤਕਾਰ ਸੀ, ਜਿਸ ਦੀ ਸ਼ਾਦੀ ਯੂਰੀਡਾਈਸ ਨਾਲ ਹੋਈ ਸੀ। ਅਰਿਸਟਾਸ( Aristaus ) ਯੂਰੀਡਾਈਸ ਦਾ ਜ਼ਬਰਦਸਤੀ ਨਾਲ ਸਤ ਭੰਗ ਕਰਨਾ ਚਾਹੁੰਦਾ ਹੈ। ਉਸ ਤੋਂ ਬਚਣ ਲਈ ਨਠਦਿਆਂ ਯੂਰੀਡਾਈਸ ਦਾ ਪੈਰ ਇਕ ਸੱਪ ਤੇ ਆ ਜਾਂਦਾ ਹੈ, ਜਿਸ ਦੇ ਡੱਸਣ ਨਾਲ ਉਹ ਮਰ ਜਾਂਦੀ ਹੈ। ਆਰਫੀਅਸ ਹੇਡਜ਼( Hades ) ਵਿਚ ਜਾ ਕੇ ਆਪਣੇ ਸੰਗੀਤ ਦੁਆਰਾ ਪੇਰੇਸੇਫੋਨ ਨੂੰ ਖ਼ੁਸ਼ ਕਰਕੇ ਯੂਰੀਡਾਈਸ ਨੂੰ ਦੋਬਾਰਾ ਜ਼ਿੰਦਾ ਕਰਵਾ ਲੈਂਦਾ ਹੈ। ਉਸ ਨੂੰ ਹੁਕਮ ਹੁੰਦਾ ਹੈ ਕਿ ਉਹ ਯੂਰੀਡਾਈਸ ਵਲ ਮਾਤ ਲੋਕ ਵਿਚ ਪਹੁੰਚਣ ਤੋਂ ਪਹਿਲਾਂ ਮੁੜ ਕੇ ਨਾ ਵੇਖੇ। ਆਰਫੀਅਸ ਉਤਸੁਕਤਾ ਵਿਚ ਜਦ ਮਾਤ ਲੋਕ ਵਿਚ ਪੁਜਣ ਤੋਂ ਪਹਿਲਾਂ ਹੀ ਯੂਰੀਡਾਈਸ ਵੱਲ ਵੇਖਦਾ ਹੈ, ਉਹ ਤਤਕਾਲ ਹੀ ਦੋਬਾਰਾ ਅਲੋਪ ਹੋ ਜਾਂਦੀ ਹੈ।[25]

ਅਜੇਹੀਆਂ ਕਥਾਵਾਂ ਭਾਰਤੀ ਮਿਥਿਹਾਸ ਵਿਚ 'ਸਾਵਿਤ੍ਰੀ ਸਤਯਵਾਨ' ਅਤੇ 'ਸਤੀ ਅਨ- ਸੂਆ' ਦੇ ਰੂਪ ਵਿਚ ਮਿਲਦੀਆਂ ਹਨ। ਸਾਵਿਤ੍ਰੀ ਮਦ੍ਰ ਦੇਸ਼ ਦੇ ਰਾਜਾ ਅਸ਼ਵਪਤਿ ਦੀ ਬੇਟੀ ਅਤੇ ਸਤਯਵਾਨ ਦੀ ਇਸਤ੍ਰੀ ਨੂੰ ਇਕ ਰਿਖੀ ਨੇ ਦੱਸ ਦਿੱਤਾ ਸੀ ਕਿ ਸਤਯਵਾਨ ਇਕ ਵਰ੍ਹੇ ਅੰਦਰ ਮਰ ਜਾਏਗਾ। ਉਸ ਨੇ ਫਿਰ ਵੀ ਸਤਯਵਾਨ ਨਾਲ ਸ਼ਾਦੀ ਕੀਤੀ। ਇਕ ਵਰ੍ਹੇ ਬਾਅਦ ਜਦ ਉਸ ਦੇ ਪਤੀ ਦੀ ਮੌਤ ਹੋ ਗਈ, ਉਸ ਨੇ ਆਪਣੇ ਪਤੀ-ਬ੍ਰਤ ਧਰਮ ਦੇ ਬਲ ਨਾਲ ਧਰਮ ਰਾਜ ਨੂੰ ਪ੍ਰਸੰਨ ਕਰਕੇ ਸਤਯਵਾਨ ਨੂੰ ਦੋਬਾਰਾ ਜੀਊਂਦਾ ਕਰਵਾ ਲਇਆ।[26] ਸਤੀ ਅਨਸੂਆ ਦਕ੍ਸ਼ ਦੀ ਪੁਤਰੀ ਤੇ ਮਹਾਂਦੇਵ ਦੀ ਇਸਤ੍ਰੀ ਨੇ ਆਪਣੇ

---

24. The Oxford Companion to Classical Literature, compiled and Edited by Sir Paul Harvey, PP. 235, 350.

25. ਉਹੀ, ਪੰਨਾ 298

26. ਭਾਈ ਕਾਨ੍ਹ ਸਿੰਘ ਨਾਭਾ, ਗੁਰ ਸ਼ਬਦ ਰਤਨਾਕਰ, ਮਹਾਨ ਕੋਸ਼, ਪੰਨਾ 142-261

ਪਤੀ ਦਾ ਪਿਤਾ ਦੇ ਜਗ ਵਿਚ ਨਿਰਾਦਰ ਦੇਖ ਕੇ ਜਗਕੁੰਡ ਵਿਚ ਪ੍ਰਾਣ ਦੇ ਦਿੱਤੇ ਸਨ। ਮਹਾਦੇਵ ਨੇ ਦਕ੍ਸ਼ ਦੇ ਜਗ ਨੂੰ ਅਧੂਰਾ ਹੀ ਖਤਮ ਕਰਕੇ ਸਤੀ ਦੀ ਲੋਥ ਨੂੰ ਅਗਨ ਕੁੰਡ ਵਿਚੋਂ ਕਢ ਕੇ ਜੀਵਤ ਕੀਤਾ ਸੀ।[27]

ਇਸੇ ਤਰ੍ਹਾਂ ਦੀ ਕਥਾ ਅਰਵਿੰਦੂ ਘੋਸ਼ ਦੇ ਮਹਾਂ ਕਾਵਿ 'ਲਵ ਐਂਡ ਡੈਥ' (Love and Death ) ਜੋ 1899 ਈ. ਵਿਚ ਲਿਖਿਆ ਗਇਆ ਸੀ ਅਤੇ 1921 ਈ. ਵਿਚ ਪ੍ਰਕਾਸ਼ਿਤ ਹੋਇਆ ਸੀ, ਵਿਚ ਵੀ ਮਿਲਦੀ ਹੈ। ਇਸ ਵਿਚ ਦੱਸਿਆ ਹੈ ਕਿ ਭ੍ਰਿਗੂ ਦੇ ਪੋਤਰੇ ਰੁਰੂ( Ruru ) ਦਾ ਪ੍ਰਿਯੰਬਦਾ ਜੋ ਗੰਧਰਵਾਂ ਦੇ ਰਾਜੇ ਦੀ ਲੜਕੀ ਸੀ ਤੇ ਅਪਸਰਾਂ ਦੀ ਕੁੱਖੋਂ ਪੈਦਾ ਹੋਈ ਸੀ, ਨਾਲ ਪ੍ਰੇਮ ਹੋ ਜਾਂਦਾ ਹੈ। ਸ਼ਾਦੀ ਤੋਂ ਬਾਅਦ, ਜਦ ਉਹ ਪ੍ਰੇਮ ਦੇ ਘੋਰ ਸਿਖਰ ਤੇ ਹੁੰਦੇ ਹਨ ਤਾਂ ਪ੍ਰਿਯੰਬਦਾ ਦੀ ਇਕ ਸੱਪ ਦੇ ਡੱਸਣ ਨਾਲ ਮੌਤ ਹੋ ਜਾਂਦੀ ਹੈ। ਰੁਰੂ ਵਿਰਲਾਪ ਵਿਚ ਇਕ ਤਰ੍ਹਾਂ ਨਾਲ ਪਾਗਲ ਹੋ ਜਾਂਦਾ ਹੈ। ਉਸ ਨੂੰ ਭਟਕਣਾ ਦੀ ਹਾਲਤ ਵਿਚ ਕਾਮ ਦੇਵਤਾ ਮਿਲਦਾ ਹੈ ਅਤੇ ਦਸਦਾ ਹੈ ਕਿ ਜੇ ਉਹ ਆਪਣਾ ਅੱਧਾ ਜੀਵਨ ਕੁਰਬਾਨ ਕਰ ਸਕੇ ਤਾਂ ਪ੍ਰਿਯੰਬਦਾ ਉਸ ਨੂੰ ਦੋਬਾਰਾ ਜੀਵਤ ਹੋ ਕੇ ਮਿਲ ਸਕਦੀ ਹੈ। ਰੁਰੂ ਪਾਤਾਲ ਲੋਕ (Hades ) ਵਿਚ ਜਾ ਕੇ ਆਪਣਾ ਅੱਧਾ ਜੀਵਨ ਕੁਰਬਾਨ ਕਰਨਾ ਸਵੀਕਾਰ ਕਰ ਲੈਂਦਾ ਹੈ ਅਤੇ ਪ੍ਰਿਯੰਬਦਾ ਦੋਬਾਰਾ ਜ਼ਿੰਦਾ ਹੋ ਕੇ ਉਸ ਨੂੰ ਵਾਪਸ ਮਿਲ ਜਾਂਦੀ ਹੈ।

ਪੰਜਾਬ ਦੇ ਜੀਵਨ ਵਿਚ ਵੀ ਮੌਤ ਤੋਂ ਬਾਅਦ ਜ਼ਿੰਦਾ ਕਰਾਉਣ ਦੀਆਂ ਕਈ ਕਥਾਵਾਂ ਪ੍ਰਚਲਿਤ ਹਨ। ਸਰ ਰਿਚਰਡ ਟੈਂਪਲ ਨੇ ਇਕ ਅਜੇਹੇ ਬੰਦੇ ਨਾਲ ਮੁਲਾਕਾਤ ਦਾ ਜ਼ਿਕਰ ਕੀਤਾ ਹੈ, ਜਿਸ ਨੂੰ ਨਿਸਚਾ ਸੀ ਕਿ ਉਸ ਦਾ ਪਿਤਾ ਮੌਤ ਤੋਂ ਬਾਅਦ ਦੋਬਾਰਾ ਜੀਵਤ ਹੋਇਆ ਸੀ।[28] ਸਖੀ ਸਰਵਰ ਦੇ ਜੀਵਨ ਵਿਚ ਵੀ ਇਕ ਮਰੇ ਬੰਦੇ ਅਤੇ ਘੋੜੇ ਨੂੰ ਜ਼ਿੰਦਾ ਕਰਨ ਦੀਆਂ ਘਟਨਾਵਾਂ ਦਾ ਜ਼ਿਕਰ ਆਉਂਦਾ ਹੈ।[29]

ਇਨ੍ਹਾਂ ਸਾਰੀਆਂ ਕਥਾਵਾਂ ਦੇ ਸੰਬੰਧ ਵਿਚ ਇਕ ਗੱਲ ਸਪਸ਼ਟ ਹੈ ਕਿ ਇਨ੍ਹਾਂ ਵਿਚ ਮੌਤ ਤੋਂ ਬਾਅਦ ਕਿਸੇ ਨਾ ਕਿਸੇ ਰੂਪ ਵਿਚ ਦੋਬਾਰਾ ਜੀਵਿਤ ਹੋਣ ਦੀਆਂ ਕਰਾਮਾਤਾਂ ਜੁੜੀਆਂ ਹੋਈਆਂ ਹਨ। ਕਿਸੇ ਥਾਂ ਪਤਨੀ ਦੇ ਕੀਰਨਿਆਂ ਵਜੋਂ ਪਤੀ ਜ਼ਿੰਦਾ ਹੁੰਦਾ ਹੈ ਅਤੇ ਕਿਧਰੇ ਪਤਨੀ ਦੀ ਮੌਤ ਤੇ ਪਤੀ ਦੇ ਦੁੱਖ ਵਿਰਲਾਪ ਅਤੇ ਅਰਾਧਨਾ ਵਜੋਂ ਪਤਨੀ। ਇਨ੍ਹਾਂ ਨਾਲ ਅਲੌਕਿਕ ਕਰਾਮਾਤਾਂ ਕਿਸੇ ਨਾ ਕਿਸੇ ਰੂਪ ਵਿਚ ਜੁੜੀਆਂ ਹੋਈਆਂ ਹਨ।

ਭਾਈ ਸਾਹਿਬ ਨਵੇਂ ਯੁਗ ਦੇ ਮੁੱਢ ਵਿਚ 'ਰਾਣਾ ਸੂਰਤ ਸਿੰਘ' ਦੀ ਕਥਾ ਦੀ ਯੋਜਨਾ ਬਣਾਉਂਦੇ ਹਨ। ਰਾਣਾ ਸੂਰਤ ਸਿੰਘ ਦੀ ਮੌਤ ਤੋਂ ਬਾਅਦ ਰਾਣੀ ਦੇ ਵਿਰਲਾਪ ਅਤੇ ਦੁੱਖ ਨੂੰ ਇਥੇ ਵੀ ਉਲੀਕਿਆ
ਪਰ ਦੋਬਾਰਾ ਜੀਵਤ ਹੋਣ ਦੀ ਕੋਈ ਕਰਾਮਾਤ ਇਥੇ ਕਿਧਰੇ ਨਹੀਂ ਵਾਪਰਦੀ। ਇਥੇ ਕਥਾ ਨੂੰ ਸੁਭਾਵਿਕ ਰੂਪ
~~ਕਿਆ~~ ਗਇਆ ਹੈ/ ਰਾਣੀ ਨੂੰ ਸੁਪਨੇ ਵਿਚ ਕਈ ਵੇਰਾਂ ਰਾਣੇ ਦੇ ਦਰਸ਼ਨ ਹੁੰਦੇ ਹਨ ਪਰ ਦੋਬਾਰਾ
ਵਿਚ ਉਲੀਕਿਆ ਗਿਆ ਹੈ/
ਜੀਵਿਤ ਰੂਪ ਵਿਚ ਕਿਧਰੇ ਨਹੀਂ।

---

27. ਭਾਈ ਕਾਹਨ ਸਿੰਘ ਨਾਭਾ, ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 142 ਤੇ [illegible]
28. Sir Richard Temple, The Legends of the Panjab, P. XV.
29. ਉਹੀ, ਪੰਨਾ 76-81.

<u>ਕਥਾ ਦਾ ਵਿਕਾਸ</u> – ਮਾਨਵਤਾ ਨਾਲ ਸੰਬੰਧ ਸਥਾਪਤ ਕਰਨ ਲਈ ਭਾਈ ਸਾਹਿਬ ਨੇ ਆਰੰਭ ਤੋਂ ਹੀ ਰਾਣੀ ਰਾਜ ਕੌਰ ਦੇ ਮਾਨਸਿਕ ਜਜ਼ਬਾਤ ਨੂੰ ਉਲੀਕਿਆ ਹੈ। ਸਿਰਫ਼ ਵਿਯੋਗ ਤੇ ਬਿਰਹਾ ਦੇ ਜੀਵਨ ਨੂੰ ਲੈ ਕੇ ਰਾਣੀ ਵਧੇਰੇ ਸਮੇਂ ਤਕ ਨਹੀਂ ਚਲ ਸਕਦੀ। ਆਤਮਿਕ ਰਹੱਸ ਦੇ ਗਿਆਨ ਦੁਆਰਾ ਉਸ ਦੀ ਮਾਨਸਿਕ ਅਵਸਥਾ ਸ਼ਾਂਤ ਹੋ ਜਾਂਦੀ ਹੈ। ਇਸੇ ਦੀ ਸਹਾਇਤਾ ਨਾਲ ਉਸ ਦੇ ਨਵੀਨ ਜੀਵਨ ਦਾ ਆਰੰਭ ਹੁੰਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਉਂ ਜਿਉਂ 'ਰਾਣਾ ਸੂਰਤ ਸਿੰਘ' ਦੀ ਕਥਾ ਦਾ ਵਿਕਾਸ ਹੁੰਦਾ ਹੈ, ਇਸ ਵਿਚ ਦਰਸ਼ਨ ਦਾ ਪ੍ਰਵੇਸ਼ ਵਧਦਾ ਹੈ। ਰਾਣੀ ਦੇ ਮਾਨਸਿਕ ਜਜ਼ਬਾਤ ਦੇ ਉਪਰੰਤ ਹੀ 'ਜਪੁਜੀ' ਵਿਚ ਦੱਸੇ ਗਿਆਨ ਖੰਡ, ਧਰਮ ਖੰਡ, ਸਰਮ ਖੰਡ ਤੇ ਕਰਮ ਖੰਡ ਦੇ ਲੋਕ ਦੱਸੇ ਜਾਂਦੇ ਹਨ। ਇਸੇ ਤਰ੍ਹਾਂ ਦੀ ਯਾਤਰਾ ਦਾਂਤੇ ਦੀ 'ਕਾਮੇਡੀ' ਵਿਚ ਜਮਪੁਰੀ, ਵੈਤਰਣੀ, ਵੈਤਰਣੀ ਅਤੇ ਸੁਰਗ ਦੇ ਰੂਪ ਵਿਚ ਮਿਲਦੀ ਹੈ। ਫਿਰ ਰਾਣੀ ਰਾਜ ਕੌਰ ਦੇ ਪਰੀ ਮਹਲ ਵਿਚ ਪ੍ਰਵੇਸ਼', 'ਪਤੀ ਦੇ ਪੱਤਰਾਂ' ਤੇ 'ਸਤਿ-ਸੰਗ ਦਰ' ਤੋਂ ਲੈ ਕੇ 'ਸ਼ੁਕਰ' ਤਕ ਦੇ ਪ੍ਰਕਰਣਾਂ ਵਿਚ ਗੁਰਮਤਿ ਦਰਸ਼ਨ ਦੇ ਆਧਾਰ ਤੇ ਜੀਵਨ- ਦਰਸ਼ਨ ਦੀ ਵਿਆਖਿਆ ਮਿਲਦੀ ਹੈ। ਇਹ ਗਿਆਨ-ਰੂਪੀ ਆਦਰਸ਼ ਹੀ ਰਾਣੀ ਦਾ ਪੱਥ- ਪ੍ਰਦਰਸ਼ਨ ਕਰਦਾ ਚਲਾ ਜਾਂਦਾ ਹੈ। ਇਹ ਆਦਰਸ਼ ਰਾਣੀ ਨੂੰ ਇਕ ਉਚ ਭਾਵ- ਭੂਮੀ ਤੇ ਲੈ ਜਾਂਦਾ ਹੈ, ਜਿੱਥੇ ਉਹ ਮਾਨਵਤਾ ਲਈ ਸੁੰਦਰ ਨਿਰਮਾਣ ਦਾ ਪ੍ਰਤੀਕ ਬਣ ਜਾਂਦੀ ਹੈ। ਇੱਥੇ ਭੌਤਿਕ ਸੰਘਰਸ਼ ਅਤੇ ਵਿਅਕਤੀਗਤ ਵਿਖਮਤਾ ਤੋਂ ਉਤੇ ਉਠ ਕੇ ਹੀ ਅਨੰਦ ਦੇ ਵਾਸਤਵਿਕ ਸਰੂਪ ਦੀ ਸਿਰਜਣਾ ਪ੍ਰਗਟ ਹੁੰਦੀ ਹੈ।

'ਰਾਣਾ ਸੂਰਤ ਸਿੰਘ' ਦੀ ਕਥਾ ਦੀ ਵਿਸ਼ੇਸ਼ਤਾ ਹੈ ਕਿ ਇਸ ਰਾਹੀਂ ਗੁਰਮਤਿ ਦੇ ਸਿੱਧਾਂਤਾਂ ਦਾ ਵਰਣਨ ਇਤਨੇ ਸੁੰਦਰ ਕਾਵਿਮਈ ਸਰੂਪ ਵਿਚ ਹੋਇਆ ਹੈ ਕਿ ਸਿੱਧਾਂਤ ਅਤੇ ਕਾਵਿ- ਦਰਸ਼ਨ ਵਿਚ ਵੱਧੇਰੇ ਅੰਤਰ ਨਹੀਂ ਰਹ ਜਾਂਦਾ। ਅਸਲ ਵਿਚ ਇਹ ਮਹਾਂਕਾਵਿ ਦਰਸ਼ਨ ਦਾ ਕਾਵਿਮਈ ਸੰਸਕ੍ਰਣ ਹੋ ਕੇ ਵੀ ਇਵੇਂ ਪ੍ਰਗਟ ਹੁੰਦਾ ਹੈ ਕਿ ਇਸ ਤੋਂ ਕਵੀ ਦੇ ਜੀਵਨ ਅਨੁਭਵ ਅਤੇ ਵਿਅਕਤਿਤਵ ਦੀ ਛਾਇਆ ਸਪਸ਼ਟ ਦਿਸਦੀ ਹੈ। ਵਾਸਤਵ ਵਿਚ ਭਾਈ ਸਾਹਿਬ ਦਾ ਮੁੱਖ ਉਦੇਸ਼ ਇਸ ਰਚਨਾ ਰਾਹੀਂ ਆਪਣੀ ਵਿਚਾਰਧਾਰਾ ਦੀ ਅਭਿਵਿਅਕਤੀ ਹੀ ਸੀ ਅਤੇ ਜਿਸ ਰਾਹੀਂ ਉਨ੍ਹਾਂ ਨੇ ਮਾਨਵ ਦੇ ਆਤਮਿਕ ਵਿਕਾਸ ਦੇ ਇਤਿਹਾਸ ਨੂੰ ਉਲੀਕਿਆ ਹੈ। ਇਸੇ ਢੰਗ ਨਾਲ ਦਾਂਤੇ ਨੇ ਵੀ 'ਡੀਵਾਈਨ ਕਾਮੇਡੀ' ਵਿਚ ਮਾਨਵ ਜੀਵਨ ਵਿਚ ਗੁਨਾਹ, ਪਸ਼ਚਾਤਾਪ, ਕਲਿਆਣ ਅਤੇ ਅਨੰਦ ਦੀ ਵਿਆਖਿਆ ਕੀਤੀ ਸੀ।[30] ਬਿਲਕੁਲ ਇਸੇ ਤਰ੍ਹਾਂ ਦਾ ਯਤਨ ਅੰਗ੍ਰੇਜ਼ੀ ਵਿਚ ਜਾਹਨ ਬਨੀਅਨ ਦੇ ਨਾਵਲ 'The Pilgrim's Progress' (1678) ਵਿਚ ਵੀ ਮਿਲਦਾ ਹੈ, ਜਿਸ ਵਿਚ ਬਨੀਅਨ ਨੇ ਕਰਿਸਚੀਅਨ ( Christian ) ਦੀ ਮੁਕਤੀ ਲਈ ਯਾਤਰਾ ਨੂੰ ਦ੍ਰਿਸ਼ਟਾਂਤਕ ਢੰਗ ( Allegorically) (xxxxxxxxxxxxxxx) ਨਾਲ ਬਿਆਨਦਿਆਂ ਬਾਈਬਲ ਦੇ ਆਧਾਰ ਤੇ ਈਸਾਈ ਮੱਤ ਦੇ ਸਿੱਧਾਂਤਾਂ ਨੂੰ

---

30. " The Commedia was and has always remained the world's great poem of sin, reparation, redemption and beatitude."
( Dante, The Divine Comedy, The Carlyle-Wicksteed Translation Introduction, P. XI )

ਪ੍ਰਗਟਾਇਆ ਸੀ।[30*] ਇਸ ਨਾਵਲ ਦਾ ਪੰਜਾਬੀ ਵਿਚ ਉਲੱਥਾ 1859 ਈ. ਵਿਚ 'ਮੁ ਯਸੂਈ ਮੁਸਾਫ਼ਰ ਦੀ ਯਾਤਰਾ' ਦੇ ਨਾਂ ਹੇਠ ਪਹਲੀ ਵੇਰ ਹੋਇਆ ਸੀ।[30x] ਪੰਜਾਬੀ ਸਾਹਿਤ ਵਿਚ ਕੋਈ ਅਜੇਹਾ ਪ੍ਰਯੋਗ ਪਹਲਾਂ ਹੋਇਆ ਨਹੀਂ ਮਿਲਦਾ। ਇਸ ਲਈ ਸੰਭਵ ਹੈ ਕਿ 'ਰਾਣਾ ਸੂਰਤ ਸਿੰਘ' ਦੀ ਰਚਨਾ ਵਿਚ ਭਾਈ ਸਾਹਿਬ ਨੇ ਇਸ ਸੋਮੇਂ ਤੋਂ ਵੀ ਕੁਝ ਪ੍ਰੇਰਨਾ ਲਈ ਹੋਵੇ।

<u>'ਰਾਣਾ ਸੂਰਤ ਸਿੰਘ' ਦੀ ਕਥਾ ਤੇ ਰਾਸ਼ਟ੍ਰੀ ਸਥਿਤੀ</u> — ਆਮ ਤੌਰ ਤੇ ਮਹਾਂਕਾਵਿ ਦੀ ਸਿਰਜਣਾ ਉਨ੍ਹਾਂ ਸਮਿਆਂ ਵਿਚ ਹੁੰਦੀ ਹੈ, ਜਦ ਰਾਸ਼ਟ੍ਰ ਕਿਸੇ ਮਹਾਨ ਸੰਘਰਸ਼ ਲਈ ਕਿਰਿਆਸ਼ੀਲ ਹੁੰਦਾ ਹੈ।[31] 'ਰਾਣਾ ਸੂਰਤ ਸਿੰਘ' ਦੀ ਕਥਾ ਨੂੰ ਰਾਸ਼ਟ੍ਰੀ ਪੱਧਰ ਤੇ ਵੇਖਿਆਂ ਸਪਸ਼ਟ ਹੁੰਦਾ ਹੈ ਕਿ ਰਾਣਾ ਸੂਰਤ ਸਿੰਘ ਦੀ ਮੌਤ ਭਾਰਤੀ ਜੀਵਨ- ਆਦਰਸ਼ ਤੇ ਆਜ਼ਾਦੀ ਦੀ ਮੌਤ ਹੈ। ਰਾਣੀ ਰਾਜ ਕੌਰ ਦੇ ਕੀਰਨੇ ਤੇ ਵੈਣ ਭਾਰਤੀ ਜਨਤਾ ਦੇ ਆਦਰਸ਼ ਤੇ ਆਜ਼ਾਦੀ ਖੁੱਸ ਜਾਣ ਦੇ ਵੈਣ ਹਨ। ਰਾਣੀ ਦਾ ਵਿਯੋਗ ਤੇ ਕੀਰਨਿਆਂ ਵਿਚ ਹੀ ਗ੍ਰਸ ਕੇ ਅਕਰਮਕ ਹੋ ਕੇ ਵਿਚਰਨਾ ਹੀ ਉਸ ਦੇ ਜੀਵਨ ਦੀ ਸਮੱਸਿਆ ਦਾ ਹੱਲ ਨਹੀਂ ਸੀ। ਜੀਵਨ ਗੱਡੀ ਨੂੰ ਚਲਾਉਣ ਲਈ ਉਸ ਨੂੰ ਆਤਮਿਕ ਗਿਆਨ ਦੁਆਰਾ ਜੀਵਨ ਵਿਚ ਕਰਮ ਤੇ ਅਧਿਆਤਮਿਕਤਾ ਦਾ ਸੁਮੇਲ ਕਰਨਾ ਪੈਂਦਾ ਹੈ। ਇੱਥੋਂ ਸੰਕੇਤ ਮਿਲਦਾ ਹੈ ਕਿ ਭਾਰਤੀ ਜਨਤਾ ਨੂੰ ਅੰਗ੍ਰੇਜ਼ ਦੀ ਗ਼ੁਲਾਮੀ ਤੋਂ ਛੁਟਕਾਰਾ ਸਿਰਫ਼ ਵੈਣਾਂ ਤੇ ਕੀਰਨਿਆਂ ਨਾਲ ਹੀ ਨਹੀਂ ਮਿਲ ਸਕਦਾ ਸੀ। ਇਸ ਲਈ ਉਨ੍ਹਾਂ ਨੂੰ ਰਾਣੀ ਵਾਂਗ ਜੀਵਨ ਦੀ ਕਠੋਰ ਅਸਲੀਅਤ ਨੂੰ ਸਮਝਦਿਆਂ ਕਰਮ ਨੂੰ ਅਪਣਾਉਣ ਦੀ ਲੋੜ ਸੀ।

<u>'ਰਾਣਾ ਸੂਰਤ ਸਿੰਘ' ਦੀ ਕਥਾ ਤੇ ਪੰਜਾਬ ਦੀ ਸਥਿਤੀ</u> — ਜਦ 'ਰਾਣਾ ਸੂਰਤ ਸਿੰਘ' ਦੀ ਕਥਾ ਨੂੰ ਪੰਜਾਬ ਦੇ ਜੀਵਨ ਤੇ ਲਾਗੂ ਕੀਤਾ ਜਾਏ ਤਾਂ ਅਸੀਂ ਵੇਖਦੇ ਹਾਂ ਕਿ "ਜਿਸ ਵੇਲੇ ਭਾਈ ਸਾਹਿਬ ਨੇ ਰਾਣਾ ਸੂਰਤ ਸਿੰਘ ਦੀ ਸਕੀਮ ਦਿਮਾਗ਼ ਵਿਚ ਲਿਆਂਦੀ ਸੀ.... , ਇਹ ਉਹ ਵਕਤ ਸੀ, ਜਿਸ ਵੇਲੇ ਪੰਜਾਬ ਦਾ ਆਖ਼ਰੀ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਚਲਾਣਾ ਕਰ ਗਇਆ ਸੀ। ਸਾਰੀ ਸਿੱਖ ਰੱਈਅਤ ਵਿਧਵਾ ਹੋ ਗਈ ਸੀ ਤੇ ਰੰਡੀ ਪੰਜਾਬਣ ਆਪਣੇ ਦੁੱਖੀ ਵੈਣ ਧੁਖਧੁਖੀ ਛਾਤੀ ਵਿਚ ਲੈ ਕੇ ਠੰਢੇ ਸਾਹ ਭਰ ਰਹੀ ਸੀ।"[32] ਰਾਣੀ ਸਮੁੱਚੀ ਸਿੱਖ ਜਨਤਾ ਦੀ ਭਾਵਨਾ ਦੁਬਦਾ ਦਾ ਪ੍ਰਤੀਕ ਹੈ ਅਤੇ ਰਾਣਾ ਖ਼ਤਮ ਹੋ ਚੁੱਕੇ ਸਿੱਖ ਆਦਰਸ਼ ਤੇ ਸਵਤੰਤ੍ਰਤਾ ਦਾ। ਰਾਣੀ ਦੇ ਜੀਵਨ ਵਿਕਾਸ ਦੇ ਯਤਨ ਹੀ ਸਿੱਖ ਕੌਮ ਨੂੰ ਨਵੇਂ ਜੀਵਨ ਦਾ ਸੰਦੇਸ਼ ਦੇ ਸਕਦੇ ਸਨ।

---

30* Walter Allen, The English Novel, Edition 1960, P. 22.

30x ਪੰਜਾਬੀ ਸਾਹਿਤਧਾਰਾ, ਸੰਪਾਦਕ ਡਾਕਟਰ ਹਰਚਰਨ ਸਿੰਘ, ਪੰਨਾ 156.

31. " Real epic poems are made only at certain periods in the history of a nation, when it is young and fighting for some great cause, in a time of struggle and adventure. They tell the story of some struggle or adventure which affects the whole nation." ( L.S. Harris, The Nature of English Poetry, P.67 )

32. ਡਾ. ਬਲਬੀਰ ਸਿੰਘ ਜੀ ਦਾ ਲੇਖ, 'ਭਾਈ ਵੀਰ ਸਿੰਘ ਜੀ ਦਾ ਸੰਦੇਸ਼', ਖ਼ਾਲਸਾ ਸਮਾਚਾਰ, 8-6-1961 ਜਿਲਦ 62, ਅੰਕ ਨੰ: 30.

ਇਵੇਂ 'ਰਾਣਾ ਸੂਰਤ ਸਿੰਘ' ਦੀ ਕਥਾ ਨੂੰ ਕਈ ਰੂਪਾਂ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਇਹ ਭਾਈ ਸਾਹਿਬ ਦੀ ਡੂੰਘੀ ਤੇ ਗੰਭੀਰ ਸਾਧਨਾ ਦਾ ਨਤੀਜਾ ਹੈ। ਇਸ ਵਿਚ ਉਨ੍ਹਾਂ ਨੇ ਇਕ ਇਤਿਹਾਸਿਕ, ਸੰਸਕ੍ਰਿਤਕ ਅਤੇ ਸਮਾਜਿਕ ਪਰੰਪਰਾ ਨੂੰ ਚਿੱਤ੍ਰਣ ਦਾ ਯਤਨ ਕੀਤਾ ਹੈ। ਇੱਥੇ ਕਥਾ ਵਧੇਰੇ ਵਿਸਤ੍ਰਿਤ ਨਹੀਂ, ਇਸ ਵਿਚ ਦੀਰਘਤਾ ਦੀ ਥਾਂ ਗੰਭੀਰਤਾ ਹੈ।

<u>'ਰਾਣਾ ਸੂਰਤ ਸਿੰਘ' ਦਾ ਚਿੰਤਨ</u> — 'ਰਾਣਾ ਸੂਰਤ ਸਿੰਘ' ਦਾ ਚਿੰਤਨ ਹੀ ਇਸ ਦੀ ਆਤਮਾ ਹੈ। ਇਸ ਵਿਚ ਇਤਿਹਾਸਿਕ ਪ੍ਰਕਾਰ ਦੀ ਕਥਾ ਨੂੰ ਬਿਆਨ ਕਰਨਾ ਹੀ ਭਾਈ ਸਾਹਿਬ ਦਾ ਮੰਤਵ ਨਹੀਂ ਸੀ, ਸਗੋਂ ਮਾਨਵਤਾ ਨੂੰ ਇਕ ਸੰਦੇਸ਼ ਦਾਨ ਕਰਨਾ ਉਨ੍ਹਾਂ ਦਾ ਅਦਰਸ਼ ਸੀ।[88] ਇਸ ਦੇ ਚਿੰਤਨ ਵਿਚ ਗੁਰਮਤਿ ਦੀ ਕੁਠਾਲੀ ਵਿਚ ਸੰਗ੍ਰਹਤ ਪ੍ਰਾਚੀਨ ਭਾਰਤੀ ਦਰਸ਼ਨ ਤੋਂ ਲੈ ਕੇ ਆਧੁਨਿਕ ਮਨੋਵਿਗਿਆਨ ਤਕ ਆ ਜਾਂਦੇ ਹਨ। 'ਰਾਣਾ ਸੂਰਤ ਸਿੰਘ' ਦੇ ਚਿੰਤਨ ਸੰਬੰਧੀ ਕੁਝ ਵਿਚਾਰ ਦੂਜੇ ਅਧਿਆਇ 'ਜੀਵਨ-ਦਰਸ਼ਨ' ਵਿਚ ਵੀ ਨਾਲ ਨਾਲ ਹੁੰਦੀ ਰਹੀ ਹੈ। ਫਿਰ ਵੀ ਇੱਥੇ ਇਸ ਦੇ ਚਿੰਤਨ ਦੇ ਮੁੱਖ ਗੁਣਾਂ ਦੀ ਸੰਖਿਪਤ ਜਹੀ ਚਰਚਾ ਕਰਨੀ ਜ਼ਰੂਰੀ ਹੈ।

<u>ਦਾਰਸ਼ਨਿਕ ਦ੍ਰਿਸ਼ਟੀ</u> —

<u>ਸਾਮਜਸਯ( Synthesis ) ਦਾ ਸਿੱਧਾਂਤ</u> — 'ਰਾਣਾ ਸੂਰਤ ਸਿੰਘ' ਵਿਚ ਭਾਈ ਸਾਹਿਬ ਦਾ ਨਿਸ਼ਾਨਾ ਜੀਵਨ ਵਿਚ ਸਾਮਜਸਯ( Synthesis ) ਦੀ ਪ੍ਰਾਪਤੀ ਦੇ ਸਿੱਧਾਂਤ ਨੂੰ ਸਪਸ਼ਟ ਕਰਨ ਦਾ ਯਤਨ ਹੈ। ਉਹ ਦਸਦੇ ਹਨ ਕਿ ਵਿਰੋਧੀ-ਸ਼ਕਤੀਆਂ ਦੇ ਸੰਗਮ ਵਿਚ ਹੀ ਸੁੱਖ ਦੀ ਪ੍ਰਾਪਤੀ ਸੰਭਵ ਹੈ। ਜਦ ਸਾਰੇ ਵਿਰੋਧ ਇਕ ਕੇਂਦ੍ਰ ਬਿੰਦੂ ਤੇ ਆ ਕੇ ਕਿਸੇ ਕਾਰਜ ਵਲ ਨਿਯੋਜਤ ਹੁੰਦੇ ਹਨ, ਉਦੋਂ ਹੀ ਵਾਸਤਵਿਕ ਸੁੱਖ-ਸ਼ਾਂਤੀ ਦਾ ਸਿਰਜਣ ਹੁੰਦਾ ਹੈ। ਜੀਵਨ ਦੇ ਹਰੇਕ ਖੇਤਰ ਵਿਚ ਸਾਮਜਸਯ ਤੇ ਸੰਤੁਲਨ ਦੀ ਲੋੜ ਹੈ। ਰਾਣੀ ਰਾਜ ਕੌਰ ਇਸੇ ਦ੍ਰਿਸ਼ਟੀ ਤੋਂ ਮੁੱਢ ਵਿਚ ਵੰਚਿਤ ਹੋਣ ਕਾਰਨ ਅਨੇਕ ਕਸ਼ਟ ਭੋਗਦੀ ਹੈ। ਪਤੀ ਦੀ ਮੌਤ ਉਸ ਦੇ ਜੀਵਨ ਵਿਚ ਇਕ ਖਲਾਅ ਪੈਦਾ ਕਰ ਦਿੰਦੀ ਹੈ। ਅਜੇਹੀ ਦੁਬਦਾ ਵਿਚ ਭਾਵੇਂ ਉਹ ਆਤਮ-ਹੱਤਿਆ ਨਹੀਂ ਕਰਦੀ, ਪਰ ਉਸ ਦੀ ਮਾਨਸਿਕ ਅਵਸਥਾ ਇਸ ਹਾਲਤ ਦੇ ਨੇੜੇ ਜ਼ਰੂਰ ਹੋ ਜਾਂਦੀ ਹੈ। ਜਦ ਸਾਮਜਸਯ ਦਾ ਗਿਆਨ ਉਸ ਦੀ ਬੁੱਧੀ ਅਤੇ ਹਿਰਦੇ ਵਿਚ ਰਚ ਜਾਂਦਾ ਹੈ, ਉਹ ਮਾਨਸਿਕ ਦਵੰਦ ਦੀ ਹਾਲਤ ਤੋਂ ਮੁਕਤ ਹੋ ਜਾਂਦੀ ਹੈ।

ਭਾਈ ਸਾਹਿਬ ਦੇ ਇਸ ਸਾਮਜਸਯ ਦੇ ਸਿੱਧਾਂਤ ਦਾ ਮੂਲ ਆਧਾਰ ਗੁਰਮਤਿ ਦਰਸ਼ਨ ਦਾ 'ਸਹਜ ਜੋਗ' ਦਾ ਸਿੱਧਾਂਤ ਹੈ। ਗੁਰਮਤਿ ਦੀ ਵਿਚਾਰਧਾਰਾ ਤੋਂ ਪਹਿਲਾਂ ਵੀ ਮਨ ਨੂੰ ਵੱਸ ਵਿਚ ਕਰਨ ਦੇ ਅਨੇਕ ਉਪਾਓ ਵੱਖ ਵੱਖ ਦਰਸ਼ਨਾਂ ਵਿਚ ਮਿਲਦੇ ਹਨ। ਵੈਰਾਗ, ਯੋਗ ਤੇ ਤਪ ਸਭ ਮਨ ਨੂੰ ਕਾਬੂ ਰੱਖਣ ਦੇ ਯਤਨ ਸਨ। ਇੰਦ੍ਰੀਆਂ ਨਾਲ ਸੰਬੰਧ ਰੱਖਣ ਵਾਲੇ ਮਨ ਨੂੰ ਕਾਬੂ ਵਿਚ ਕਰਨ ਦੇ ਨਿਵਿਰਤੀ ਮੂਲਕ ਮਾਰਗ ਯੋਗੀ ਤੇ ਵੈਰਾਗੀ ਅਪਣਾਉਂਦੇ ਸਨ। ਯੋਗ ਦੁਆਰਾ ਮਨ ਅਤੇ ਚਿੱਤ ਦੀਆਂ ਬ੍ਰਿਤੀਆਂ ਨੂੰ ਰੋਕਣ ਦੀ ਸਿਖਿਆ

---

88. " The poet and historian differ not by writing in verse or in prose- the true difference is that one relates what has (Contd.).

ਪਤੰਜਲੀ ਨੇ ਦਿੱਤੀ ਸੀ। ਅਦਵੈਤਵਾਦ ਦਾ ਸਮਰਥਨ ਕਰਨ ਵਾਲੇ ਸ਼ੰਕਰਾਚਾਰੀਆ ਨੇ ਵੀ ਮਾਇਆ ਤੋਂ ਮਨ ਦੀ ਰੱਖਿਆ ਲਈ ਸੁਚੇਤ ਕੀਤਾ ਸੀ। ਮਨ ਅਤੇ ਚਿੱਤ ਨੂੰ ਪ੍ਰਵਿਰਤੀ ਮਾਰਗ ਵੱਲ ਨਿਯੋਜਤ ਕਰਨ ਵਾਲੇ ਕੁੱਝ ਵੇਦ, ਉਪਨਿਸ਼ਦ ਅਤੇ ਸ਼ੈਵ ਤੰਤ੍ਰ ਸਨ। ਗੁਰਮਤਿ ਵਿਚ ਪ੍ਰਵਿਰਤੀ ਅਤੇ ਨਵਿਰਤੀ ਮਾਰਗ ਦਾ ਨਿਰਣਾ ਕਰਕੇ ਇਕ ਨਵਾਂ ਮਾਰਗ 'ਸਹਜ ਜੋਗ' ਦਾ ਦੱਸਿਆ ਗਇਆ ਸੀ[34], ਜਿਸਦਾ ਜ਼ੋਰ ਉਦਾਸੀਨਤਾ ਤੇ ਨਹੀਂ, ਸਗੋਂ 'ਲਿਵ' ਰਾਹੀਂ 'ਰਸ- ਸਰੂਪ' ਦੀ ਅਵਸਥਾ ਨੂੰ ਪ੍ਰਾਪਤ ਕਰਨ ਤੇ ਸੀ। ਇਸ ਦੇ ਅਨੁਸਾਰ ਮੁਕਤ ਪੁਰਸ਼ ਵੈਰਾਗੀ ਨਹੀਂ, ਸਗੋਂ ਰਸ- ਸਰੂਪ ਹੈ[35]। ਭਾਈ ਸਾਹਿਬ ਨੇ ਵੀ ਇਸ ਆਧਾਰ ਤੇ 'ਲਿਵ' ਰਾਹੀਂ 'ਰਸ- ਸਰੂਪ' ਬਣਨ ਦੇ ਆਦਰਸ਼ ਉਤੇ ਜ਼ੋਰ ਦਿੱਤਾ ਹੈ, ਜਿਸ ਵਿਚ ਸਰਸਤਾ ਅਤੇ ਅਨੰਦ ਦੋਵੇਂ ਸਮਾਏ ਹੋਏ ਹਨ[36]।

ਇਸ ਸਾਮਜਸਯ ਦੀ ਪ੍ਰਾਪਤੀ ਬਾਰੇ 'ਸਤਿਸੰਗ ਸਾਧਨ' ਦੇ ਪ੍ਰਕਰਣ ਵਿਚ ਗੁਰਮੁਖ ਜੀ ਰਾਣੀ ਨੂੰ ਸਮਝਾਉਂਦਿਆਂ ਦਸਦੇ ਹਨ:

' ਅੰਜਨ ਦੇ ਵਿਚ ਵੱਸ ਰਹਿਣ ਨਿਰੰਜਨਾ

' ਨਾਲ ਰਗ਼ਾਂ ਸੁਰ ਹੋਇ ਧੇੜੇ ਵੱਸਣਾ

' ਆਤਮ ਵਿਚ ਵਿਗਾਸ- ਨਾਮੇ ਰੰਗਿਆ—

' ਜੋ ਆਵੇ ਹੈ, ਰਾਜ ! 'ਖੇੜਾ' ਮੈਂ ਕਹਾਂ[37]।

ਇੱਥੇ ਘਰ ਬਾਹਰ ਦਾ ਤਿਆਗ ਕਰਕੇ ਜੰਗਲ ਵਿਚ ਜਾਣਾ ਅਤੇ ਸਰੀਰ ਨੂੰ ਜੋਗ ਤੇ ਤਪ ਵਾਲੇ ਦੁੱਖ ਦੇਣਾ ਨਹੀਂ ਦੱਸਿਆ ਪਰ ਇਸ ਦੇ ਨਾਲ ਹੀ ਦੇਹੀ ਦੇ ਵਸ ਪੈ ਕੇ ਮਾਇਆ ਵਿਚ ਭੁਲਣ ਤੋਂ ਵੀ ਸੁਚੇਤ ਕੀਤਾ ਹੈ। ਇੱਥੇ ਦੁਨੀਆਂ ਵਿਚ ਰਹਿੰਦਿਆਂ ਇਸ ਤੋਂ ਨਿਰਲੇਪ ਰਹਣ ਉਤੇ ਜ਼ੋਰ ਦਿੱਤਾ ਹੈ। ਇੱਥੇ ਇਹ ਵੀ ਪ੍ਰਗਟ ਕੀਤਾ ਹੈ ਕਿ ਬੁੱਧੀ ਦਾ ਗਿਆਨ ਅਤੇ ਹਿਰਦੇ ਦਾ ਪਿਆਰ ਹੀ ਜੀਵ ਨੂੰ ਇਸ ਰਸਤੇ ਵਲ ਤੋਰਨ ਵਿਚ ਸਹਾਈ ਹੋ ਸਕਦੇ ਹਨ। ਹਿਰਦੇ ਵਿਚ ਸਿਮਰਨ ਤੇ ਪਿਆਰ ਪੈਦਾ ਕਰਨ ਦੇ ਸਾਧਨ ਭਗਤੀ, ਹਉਮੈਂ ਮਾਰਨੀ, ਹੁਕਮ ਮੰਨਣਾ, ਪ੍ਰਾਣਾਂ ਵਿਚ ਧਿਆਨ, ਖ਼ਲਕਤ ਨਾਲ ਪਿਆਰ ਤੇ

---

happened, the other what may happen. Poetry is therefore a more philosophical and a higher thing than history, for the poetry tends to express the universal, history the particular."
( Aristotle, Poetics- IX. 2.3)

34. ਗੁਰਿ ਮਨੁ ਮਾਰਿਓ ਕਰਿ ਸੰਜੋਗੁ॥ ਅਹਿਨਿਸਿ ਰਾਵੇ ਭਗਤਿ ਜੋਗੁ॥
ਗੁਰ ਸੰਤ ਸਭਾ ਦੁਖੁ ਮਿਟੈ ਰੋਗੁ॥ ਜਨ ਨਾਨਕ ਹਰਿਵਰੁ ਸਹਜ ਜੋਗੁ॥
(ਬਸੰਤ ਮਹਲਾ ੧)

35. ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥(ਗਉੜੀ ਮਹਲਾ 5, ਪੰ:204)

36. ਡਾ. ਬਲਬੀਰ ਸਿੰਘ, ਅਮ੍ਰਿਤ ਗੁਰੂ ਚਮਤਕਾਰ, ਭਾਗ ੧, ਭੂਮਿਕਾ

( ਚਲਦਾ )

ਪਰਉਪਕਾਰ ਹਨ।[38] ਇਨ੍ਹਾਂ ਗੁਣਾਂ ਦੀ ਪ੍ਰਾਪਤੀ ਲਈ ਝੂਠ ਨਾ ਬੋਲਣਾ, ਕਿਸੇ ਦਾ ਹਿਰਦਾ ਨਾ ਦੁਖਾਣਾ, ਗ੍ਰਿਹਸਤ ਜਤੀ ਹੋਣਾ, ਹੱਕ ਲੈਣਾ, ਲੋਭ ਤੋਂ ਦੂਰ ਹੋਣਾ, ਗੁੱਸਾ ਨਾ ਕਰਨਾ, ਸੰਤੋਖ ਵਿਚ ਰਹਿੰਦਿਆਂ ਇੰਦ੍ਰੀਆਂ ਤੇ ਕਾਬੂ ਕਰਨਾ ਅਤੇ ਚੜ੍ਹਦੀ ਕਲਾ ਵਿਚ ਰਹਿਣਾ ਜ਼ਰੂਰੀ ਦੱਸਿਆ ਹੈ।[39]

ਭਾਈ ਸਾਹਿਬ ਇੱਥੇ ਹੋਰ ਸਪਸ਼ਟ ਕਰਦੇ ਹਨ ਕਿ ਇਨ੍ਹਾਂ ਗੁਣਾਂ ਦੀ ਪ੍ਰਾਪਤੀ ਨਾਲ 'ਲਿਵ' ਪੈਦਾ ਹੁੰਦੀ ਹੈ। 'ਲਿਵ' ਦੀ ਅਵਸਥਾ ਹੀ 'ਆਤਮ ਪਦ' ਅਖਵਾਉਂਦੀ ਹੈ ਅਤੇ ਇਸ ਹਾਲਤ ਵਿਚ ਨਾਮੀ ਪ੍ਰਭੂ ਕ੍ਰਿਪਾ ਨਾਲ ਆਪਣਾ ਆਪ ਪ੍ਰਭੂ ਨਾਲ ਮੇਲ ਲੈਂਦਾ ਹੈ:

' ਨਾਮ ਜਪਣ ਦੇ ਨਾਲ ਲਿਵ ਹੈ ਲੱਗਦੀ
'ਲਿਵ ਲਗ ਲਗ ਕੇ ਰਾਜ ਨਾਮੀ ਰੱਬ ਜੋ
' ਸ੍ਰਿ ਆਪੇ ਲੈਂਦਾ ਮੇਲ ਕਿਰਪਾ ਧਾਰ ਕੇ:-
'ਆਤਮ ਪਦ ਹੈ ਏਹ ਸਤਿਗੁਰ ਦੱਸਿਆ।[40]

ਇਸ 'ਆਤਮ ਪਦ' ਦੀ ਅਵਸਥਾ ਦਾ ਬਿਆਨ ਸੰਭਵ ਨਹੀਂ। ਇਹ ਅਨੁਭਵੀ ਵਸਤੂ ਹੈ।[41] ਇਹੋ ਸਾਮਜਸਯ ਦੀ ਅਵਸਥਾ ਹੈ। ਇੱਥੇ ਆ ਕੇ ਜੀਵਨ ਦੀ ਦਵੈਤ ਭਾਵਨਾ ਸਮਾਪਤ ਹੋ ਕੇ ਜੀਵਨ ਨੂੰ ਵਾਸਤਵਿਕਤਾ ਅਤੇ ਆਦਰਸ਼ ਦੀ ਇਕਾਈ ਨਾਲ ਜੋੜ ਦਿੰਦੀ ਹੈ। ਇਹ ਸਾਮਜਸਯ ਦੀ ਭਾਵਨਾ ਭਾਰਤੀ ਦਰਸ਼ਨ ਦਾ ਮੂਲ ਹੈ। 'ਆਤਮਾ ਨੰਦ' ਦੁਆਰਾ ਉਪਨਿਸ਼ਦ ਆਤਮਾ ਤੇ ਆਨੰਦ ਵਿਚ ਕੋਈ ਭੇਦ ਸਵੀਕਾਰ ਨਹੀਂ ਕਰਦੇ।[42] ਬੋਧ ਦਰਸ਼ਨ ਮਾਧਿਅਮ ਪ੍ਰਤੀਪਦਾ ਮਾਰਗ ਦੀ ਪੁਸ਼ਟੀ ਕਰਦਾ ਹੈ।[43] ਸਾਂਖ ਦਰਸ਼ਨ ਰਜੋ, ਤਮੋ ਤੇ ਸਤੋ ਦੀ ਸਾਂਝ ਵਿਚੋਂ ਹੀ ਮਿਲਾਪ ਸਥਾਪਤ ਕਰਦਾ ਹੈ।[44] ਸ਼ੰਕਰ ਮਾਇਆ ਨੂੰ ਮਿਥਿਆ ਮੰਨ ਕੇ ਵੀ ਅਦਵੈਤ ਦਾ ਸਮਰਥਨ ਕਰਦੇ ਹਨ।[45]

---

37. ਰਾਣਾ ਸੂਰਤ ਸਿੰਘ, ਪੰਨਾ 200, ਪੰਕਤੀ 194-197

38. 'ਇਸ ਦਾ ਕਾਰਨ ਹੋਮਾ ਹਉਮੈ ਵਾਰਨੀ;
ਵਾਰਾਂ ਫੇਰਾ ਇਹ ਕਰਨਾ ਆਪਣਾ।
'ਖਾਲਕ ਵਿਚ ਧਿਆਨ ਲਿਵ ਨੂੰ ਧਾਰ ਕੇ
' ਸੱਚਾ ਕਰਨ ਪਯਾਰ ਖਲਕਤ ਨਾਲ ਓ
' ਕਮਲ ਵਾਂਗ ਨਿਰਲੇਪ ਰਹਿੰਦਾ ਖਲਕਤੋਂ
' ਖਾਲਕ ਰੂਪ ਵਿਸ਼ਾਲ ਵਾਸਾ ਪਾ ਗਿਆ
' ਉਥੇ ਵਸਦਾ ਨਿਤ ਸਦਾ ਅਨੰਦ ਹੈ।' (ਉਹੀ, ਪੰਨਾ 24, ਪੰਕਤੀ 103-109)

39. ਉਹੀ, ਪੰਨਾ 202, ਪੰਕਤੀ 320-370
40. ਉਹੀ, ਪੰਨਾ 197, ਪੰਕਤੀ- 609-612
41. ਗੂੰਗੇ ਦੇ ਗੁੜ ਵਾਂਗ ਦੱਸ ਨ ਸਕਦਾ,
ਦੇਖ ਨ ਸੱਕੇ ਜੋਗ ਸੱਕੂ ਆਖ ਕੀ
ਤਾਂਤੇ ਜਾਣਨ ਚੱਸ,- ਮੌਜ ਅਨੰਦ ਨੂੰ
ਹੋ ਅਨੰਦ ਦਾ ਰੂਪ ਉਸ ਵਿਚ ਡੁੱਬ ਕੇ-
ਮਾਣ ਰਹੀ ਹੈ ਰਾਜ ਰਸੀਆ ਪ੍ਰੇਮ ਦੀ (ਉਹੀ, ਪੰਨਾ 182, ਪੰਕਤੀ- 93-97)
42. Encyclopaedia of Religion and Ethics, Vol.VIII, P. 597.
43. DR. Radhakrishnan, Indian Philosophy, Vol.I, P. 357.

(ਚਲਦਾ)

ਆਧੁਨਿਕ ਦਰਸ਼ਨ ਤੇ ਮਨੋਵਿਗਿਆਨ ਵੀ ਜੀਵਨ ਵਿਚ ਸਾਮੰਜਸਯ ਦੀ ਲੋੜ ਨੂੰ ਸਮਝਦੇ ਹਨ। ਸੰਸਾਰ ਦੇ ਵੱਧਦੇ ਹੋਏ ਸੰਘਰਸ਼ ਨੂੰ ਰੋਕਣ ਦਾ ਉਪਾਉ ਇਹੀ ਸੰਤੁਲਨ ਅਤੇ ਸਾਮਜਸਯ ਹੈ। ਇੱਥੋਂ ਤਕ ਕਿ ਆਈਨ-ਸਟਾਈਨ ਤੇ ਬਰਟਰੰਡ ਰਸਲ ਵਰਗੇ ਦਾਰਸ਼ਨਿਕ ਵੀ ਆਪਣੇ ਮਾਨਵੀ ਸਿੱਧਾਂਤਾਂ ਦਾ ਮੂਲ ਆਧਾਰ ਸਾਮਜਸਯ ਦੀ ਭਾਵਨਾ ਨੂੰ ਸਵੀਕਾਰ ਕਰਦੇ ਹਨ।

<u>ਮਨੋਵਿਗਿਆਨਕ ਵਿਸ਼ਲੇਸ਼ਣ--</u> 'ਰਾਣਾ ਸੂਰਤ ਸਿੰਘ' ਵਿਚ ਮਾਨਵ ਮਨ ਦਾ ਵਿਸ਼ਲੇਸ਼ਣ ਕਰਨ ਵਿਚ ਕਿਸੇ ਵਿਸ਼ੇਸ਼ ਮਨੋਵਿਗਿਆਨਕ ਪਰੰਪਰਾ ਨੂੰ ਨਹੀਂ ਅਪਣਾਇਆ ਗਇਆ। ਜੀਵਨ ਦੇ ਆਰੰਭ ਤੋਂ ਲੈ ਕੇ ਅੰਤ ਤਕ ਮਨ ਵਿਚ ਉਠਣ ਵਾਲੇ ਭਾਵਾਂ, ਵਿਚਾਰਾਂ ਅਤੇ ਅਨੁਭੂਤੀਆਂ ਦੇ ਚਿਤ੍ਰਨ ਵਿਚ ਭਾਈ ਸਾਹਿਬ ਨੇ ਕਲਪਨਾ ਦਾ ਵਧੇਰੇ ਆਸਰਾ ਲਇਆ ਹੈ। ਫਿਰ ਵੀ ਰਾਣਾ ਸੂਰਤ ਸਿੰਘ ਦਾ ਮਨੋਵਿਗਿਆਨ ਬੜੇ ਕਾਵਿ-ਆਤਮਿਕ ਸਰੂਪ ਵਿਚ ਪੇਸ਼ ਹੋਇਆ ਹੈ।

ਭਾਵ ਪ੍ਰਕਿਰਿਆ ਦੇ ਵਿਸ਼ੇ ਵਿਚ ਡੇਕਾਰਟ( Descartes ) ਦੇ ਸਮੇਂ ਤੋਂ ਵਿਚਾਰ ਸ਼ੁਰੂ ਹੋ ਗਇਆ ਸੀ। ਉਸ ਦੇ ਨਾਲ ਹੀ ਵਿਲੀਅਮ ਜੇਮਜ਼ ਦੀ ਵਿਚਾਰਧਾਰਾ ਦਾ ਵੀ ਕਾਫ਼ੀ ਸਮਰਥਨ ਹੋਇਆ ਸੀ। ਜੇਮਜ਼ ਦੇ ਅਨੁਸਾਰ ਭਾਵ ਇੰਦ੍ਰੀਯਜਨਯ ਹੁੰਦੇ ਹਨ ਤੇ ਸਰੀਰਕ ਕਾਰਜਾਂ ਨਾਲ ਇਨ੍ਹਾਂ ਦਾ ਡੂੰਘਾ ਸੰਬੰਧ ਹੁੰਦਾ ਹੈ। ਉਸ ਦੇ ਅਨੁਸਾਰ ਭਾਵ ਸਰੀਰਕ ਕ੍ਰਿਰਿਆਵਾਂ ਦਾ ਪ੍ਰੀਣਾਮ ਹਨ, ਕਾਰਨ ਨਹੀਂ[46]। ਜੇਮਜ਼ ਦੀ ਇਸ ਵਿਚਾਰਧਾਰਾ ਵਿਚ ਮੈਕਡੂਗਲ ਨੇ ਕੁਝ ਪਰਿਵਰਤਨ ਕੀਤਾ। ਉਸ ਅਨੁਸਾਰ ਭਾਵ ਵਧੇਰੇ ਆਂਤਰਿਕ ਹੁੰਦੇ ਹਨ। ਵਸਤੂ ਅਤੇ ਇੰਦ੍ਰੀ ਪ੍ਰਭਾਵ ਉਸੇ ਪ੍ਰਕਾਰ ਬਣੇ ਰਹਿੰਦੇ ਹਨ, ਪਰ ਭਾਵਾਂ ਦੀ ਪ੍ਰਤਿਕਿਰਿਆ ਵਿਚ ਤਬਦੀਲੀ ਹੁੰਦੀ ਰਹਿੰਦੀ ਹੈ। ਹਰੇਕ ਨੈਸਰਗਿਕ ਪ੍ਰਵਿਰਤੀ ਦੇ ਨਾਲ ਹੀ ਉਸ ਨੇ ਭਾਵਾਂ ਦੀ ਕਲਪਨਾ ਕੀਤੀ ਹੈ। ਉਸ ਨੇ ਆਪਣੇ 'ਹਾਰਮਿਕ ਸਿੱਧਾਂਤ' ( Hormic Theory ) ਵਿਚ ਭਾਵਾਂ ਦੀ ਇਕ ਲੰਬੀ ਸੂਚੀ ਦਿੱਤੀ ਹੈ[47]। ਮਾਨਵ ਮਨ ਦਾ ਅਧਿਐਨ ਕਰਨ ਵਿਚ ਮੈਕਡੂਗਲ ਨੇ ਨੈਤਿਕਤਾ ਦਾ ਵੀ ਧਿਆਨ ਰੱਖਿਆ ਹੈ। ਭਾਵਾਂ ਨੂੰ ਕਵਿਤਾ ਵਿਚ ਪ੍ਰਗਟ ਕਰਨ ਦੇ ਵਿਸ਼ੇ ਵਿਚ ਮੈਕਡੂਗਲ ਦੀ ਧਾਰਣਾ ਹੈ ਕਿ ਕਵੀ ਇਨ੍ਹਾਂ ਭਾਵਾਤਮਕ ਅਨੁਭਵਾਂ ਦਾ ਮੂਰਤੀਕਰਨ ਕਰਕੇ ਇਨ੍ਹਾਂ ਨੂੰ ਵਿਅਕਤੀਗਤ ਸ਼ਕਤੀ ਨਾਲ ਵਾਹਕ ਰੂਪ ਵਿਚ ਵਰਣਨ ਕਰਦੇ ਹਨ[48]।

ਭਾਵਾਂ ਦੇ ਵਿਸ਼ੇ ਵਿਚ ਫ਼ਰਾਇਡ ਦਾ ਵਿਚਾਰ ਇਸ ਤੋਂ ਵੱਖਰਾ ਹੈ। ਅਚੇਤ ਮਨ ਦੀ ਸਥਿਤੀ ਨੂੰ ਵਿਸ਼ੇਸ਼ ਮਹੱਤਵ ਦੇਣ ਵਾਲੇ ਫ਼ਰਾਇਡ ਦਾ ਅੰਤਰ-ਚੇਤਨਾਵਾਦ ਵਧੇਰੇ ਵਿਵਹਾਰਕ ਹੈ। ਉਸ ਦੇ ਅਨੁਸਾਰ ਆਦਮ ਮਾਨਸ( id ) ਦਾ ਸੰਬੰਧ ਨੈਸਰਗਿਕ ਪ੍ਰਵਿਰਤੀ ਨਾਲ ਵਧੇਰੇ ਹੈ। ਉਸ ਨੇ ਨੈਸਰਗਿਕ ਪ੍ਰਵਿਰਤੀ ਨੂੰ ਕੇਵਲ ਦੋ ਭਾਗਾਂ ਵਿਚ ਵੰਡਿਆ ਹੈ: ਯੌਨੀਗਤ ( eros ) ਅਤੇ ਮਿਰਤ( Sadism )

---

44. M. Hiriyanna, The Cultural Heritage of India, Vol.III, P. 41.

45. DR. Radhakrishnan, Indian Philosophy, Vol. II, P. 565.

46. " Emotion is a consequence, not the cause of the bodily expression." ( William James, Principles of Psychology, Vol. II, P. 450)

47. W. MC. Dougall, An Outline of Psychology, P. 324 ( Contd.)

ਫ਼ਰਾਇਡ ਦਾ ਨਿਸਚਿਤ ਵਿਚਾਰ ਹੈ ਕਿ ਮਾਨਸਿਕ ਸੰਤੁਲਨ ਦੇ ਵਿਗੜਨ ਦਾ ਕਾਰਨ ਮਾਨਵ ਦੀਆਂ ਆਂਤਰਿਕ ਲੋੜਾਂ ਦੀ ਅਤ੍ਰਿਪਤੀ ਹੈ।[49] ਭਾਵਾਂ ਦੇ ਉਥਾਨ ਪਤਨ ਦਾ ਮੂਲ ਕਾਰਨ ਵੀ ਇਹੀ ਰਹੱਸ ਹੈ। ਇਵੇਂ 'ਮਨੋਵਿਗਿਆਨੀਆਂ' ਨੇ ਵੱਖ ਵੱਖ ਢੰਗ ਨਾਲ ਮਾਨਵ ਮਨ ਦਾ ਵਿਸ਼ਲੇਸ਼ਣ ਕੀਤਾ ਹੈ।

<u>ਚਿੰਤਾ ਤੋਂ ਪੈਦਾ ਚੇਤੰਨਤਾ</u> — ਮਨ ਦਾ ਮਨੋਵਿਗਿਆਨਕ ਵਿਸ਼ਲੇਸ਼ਣ 'ਰਾਣਾ ਸੂਰਤ ਸਿੰਘ' ਵਿਚ ਬਹੁਤ ਸੂਖ਼ਮ ਢੰਗ ਨਾਲ ਹੋਇਆ ਹੈ। ਇਸ ਦੇ ਮੁੱਢ ਵਿਚ ਰਾਣੀ ਦੇ ਹਿਰਦੇ ਵਿਚ ਮਰ ਚੁਕੇ ਪਤੀ ਦੇ ਵਿਛੋੜੇ ਵਿਚ ਭਾਵੀ ਚਿੰਤਾ ਦੀ ਕੁਰਲਾਹਟ ਉਠਦੀ ਹੈ, ਪਰ ਨਾਲ ਹੀ ਰਾਣੀ ਦੇ ਹਿਰਦੇ ਵਿਚ ਪਛਤਾਵਾ ਜਾਗਦਾ ਹੈ ਕਿ ਉਸ ਨੇ ਸਮੇਂ ਨਾਲ ਜੀਵਨ ਦੀ ਸੱਚਾਈ ਨੂੰ ਕਿਉਂ ਨਾ ਪਛਾਣਿਆ:

' ਜਦੋਂ ਕੰਤ ਕਿਰਪਾਲ ਦੁਨੀਆਂ ਵਿੱਚ ਸੇ
'ਤਦੋਂ ਰਹੀ ਅਨਗਹਿਲ ਵਿਚ ਭੁਲੇਖਿਆਂ;
'ਕੀਤੀ ਰਤੀ ਨ ਸਾਰ ਕੁਝ ਭੇਤ ਦੀ।[50]

ਅਤ੍ਰਿਪਤੀ ਅਤੇ ਚਿੰਤਾ ਮਨੁੱਖ ਨੂੰ ਪ੍ਰਗਤੀ ਲਈ ਮੁਕਤੀ ਦਿੰਦੇ ਹਨ। ਸਾਰੇ ਗਿਆਨ ਅਤੇ ਵਿਗਿਆਨ ਦੇ ਮੂਲ ਵਿਚ ਚਿੰਤਾ ਹੈ। ਚਿੰਤਾ ਹੀ ਸ੍ਰਿਸ਼ਟੀ ਦਾ ਮੂਲ ਰਹੱਸ ਹੈ। ਚਿੰਤਾ ਤੋਂ ਚੇਤੰਨਤਾ ਪੈਦਾ ਹੁੰਦੀ ਹੈ, ਭਾਵੇਂ ਵਧੇਰੇ ਸੰਭਵ ਤੇ ਮੁਕਤੀ ਨਹੀਂ। ਮਨ ਅਤੀਤ ਦੀ ਚਿੰਤਾ ਵਿਚ ਪਛਤਾਵਾ ਕਰ ਸਕਦਾ ਹੈ ਅਤੇ ਇਸ ਨੂੰ ਪ੍ਰਾਪਤ ਕਰਨ ਲਈ ਵਿਆਕੁਲ ਤੇ ਦੁਖੀ ਵੀ ਹੋ ਸਕਦਾ ਹੈ। ਰਾਣੀ ਵੀ ਇਸੇ ਲਈ ਵਿਲ੍ਕਦੀ ਤੇ ਕੁਰਲਾਂਦੀ ਹੈ:-

'ਬਿਰਹੋਂ ਲਾਗੂ ਆਣ ਮੈਨੂੰ ਘੇਰਿਆ,
'ਕੀਤਾ ਪਕੜ ਕਬਾਬ ਸੀਨਾ ਭੁੰਨਿਆ;
'ਮੱਛੀ ਜਿੱਕੁਰ ਰੇਤ ਬਿਰ੍ਹੋਂ ਲੁਛਾਵਦਾ:
'ਚੜ੍ਹਿਆ ਜ਼ਾਲਮ ਨਿੱਤ ਸਿਰ ਨੂੰ ਹੀ ਰਹੇ।
' ਲੋਚ ਦਿਨ ਤੇ ਰਾਤ ਪਯਾਰੇ ਮੇਲ ਨੂੰ।[51]

ਰਾਜਮਾਤਾ ਰਾਣੀ ਚੰਦਰ ਕੌਰ ਰਾਣੀ ਨੂੰ ਕਾਫ਼ੀ ਧੀਰਜ ਦਿੰਦੀ ਹੈ, ਪਰ ਦੁੱਖ ਤੇ ਚਿੰਤਾ ਨੂੰ ਨਵਿਰਤ ਹੋਣ ਵਿਚ ਵੀ ਸਮਾਂ ਲਗਦਾ ਹੈ।

<u>ਆਸ਼ਾ</u> — ਚਿੰਤਾ ਨੂੰ ਸੰਭਵ ਪ੍ਰਦਾਨ ਕਰਕੇ ਜੀਵਨ ਵਿਚ ਗਤੀਮਾਨਤਾ ਲਿਆਉਣ ਵਾਲੀ ਬ੍ਰਿਤੀ ਆਸ਼ਾ ਹੈ। ਆਸ਼ਾ ਵਿਕਾਸ ਵਲ ਪ੍ਰੇਰਦੀ ਹੈ। ਰਾਣੀ ਰਾਜ ਕੌਰ ਘੋਰ ਵਿਰਲਾਪ ਤੋਂ ਉਪਰੰਤ ਸੁਪਨੇ ਵਿਚ ਉਡਾਰੀ ਰਾਹੀਂ ਗਿਆਨ ਖੰਡ, ਧਰਮ ਖੰਡ, ਕਰਮ ਖੰਡ, ਸਰਮ ਖੰਡ ਦੇ ਨਜ਼ਾਰਿਆਂ ਦੇ ਦਰਸ਼ਨ ਅਤੇ ਸੱਚ ਖੰਡ ਵਿਚ ਰਾਣਾ ਸੂਰਤ ਸਿੰਘ ਨੂੰ ਵੇਖ ਕੇ ਕੁਝ ਧੀਰਜ ਪ੍ਰਾਪਤ ਕਰਦੀ ਹੈ। ਇੱਥੋਂ ਵਾਪਸੀ ਤੇ ਸੁੰਦਰੀ ਰਾਣੀ ਨੂੰ ਹੌਸਲਾ ਦਿੰਦਿਆਂ ਦਸਦੀ ਹੈ:

---

48. W. Mc. Dougall, An outline of Psychology, P. 314.

49. Freud, Collected Papers, IV.

" ਰਿਦੇ ਤੁਸਾਂ ਦੇ ਪ੍ਰੇਮ ਪੈਦਾ ਹੋ ਗਿਆ,-
" ਜੋਮ ਜੋਸ਼ ਦਾ ਪ੍ਰੇਮ ਹੈ ਇਹ ਕਹਰ ਦਾ;
"ਪਰ ਹੈ ਨਿਰਮਲ ਸਾਫ ਕਾਈ ਮੇਲ ਤੋਂ ----
" ਸੋਤ ਭਾਵਨਾ ਨਾਲ ਇਸ ਦੇ ਹੈ ਮਿਲੀ
" ਪ੍ਰਭੂ ਪ੍ਰੇਮ ਦੀ ਵਾਸ ਇਸ ਵਿਚ ਹੈ ਰਲੀ।[52]

ਇਵੇਂ ਆਸ਼ਾ ਦੀ ਕਿਰਨ ਰਾਣੀ ਦੇ ਹਿਰਦੇ ਵਿਚ ਵਿਕਸਿਤ ਹੋਣਾ ਸ਼ੁਰੂ ਕਰਦੀ ਹੈ। 'ਕਾਮਾਯਨੀ' ਵਿਚ ਜਯਸ਼ੰਕਰ ਪ੍ਰਸਾਦ ਨੇ ਵੀ ਆਸ਼ਾ ਦੀ ਆਲੋਕ ਕਿਰਨ ਨੂੰ ਹੀ ਜੀਵਨ ਦਾ ਆਧਾਰ ਦੱਸਿਆ ਹੈ।[53]

ਸ਼ਰਧਾ — ਇਹ ਆਸ਼ਾ ਰਾਣੀ ਵਿਚ ਪਤੀ ਲਈ ਸ਼ਰਧਾ ਨੂੰ ਹੋਰ ਉਤੇਜਿਤ ਕਰਦੀ ਹੈ।ਸ਼ਰਧਾ ਜੀਵਨ ਦੀ ਸਾਰੀ ਜੜ੍ਹਤਾ ਅਤੇ ਨਿਸ਼- ਕਿਰਿਅਤਾ ਨੂੰ ਸਮਾਪਤ ਕਰ ਦਿੰਦੀ ਹੈ।ਸ਼ਰਧਾ ਅਸਲ ਵਿਚ ਇਕ ਆਸਤਿਕ ਸਤ- ਬਿਰਤੀ ਹੈ, ਜੋ ਚੇਤੰਨ ਸ਼ਕਤੀ ਦਾ ਉਦਾਤ ਰੂਪ ਹੈ। ਇਸ ਦੇ ਪ੍ਰਵੇਸ਼ ਨਾਲ ਮਨ ਨੂੰ ਉਸ ਦੇ ਪ੍ਰਸ਼ਨ ਦਾ ਉੱਤਰ ਮਿਲ ਜਾਂਦਾ ਹੈ। ਸ਼ਰਧਾ ਵਿਚ ਚੇਤਨਾ ਕਿਰਿਆ-ਸ਼ਕਤੀ ਕੇਂਦ੍ਰਿਤ ਹੁੰਦੀ ਹੈ।ਇਸ ਸ਼ਰਧਾ ਦੀ ਪ੍ਰਾਪਤੀ ਨਾਲ ਹੀ ਰਾਣੀ ਨੂੰ ਜਦ ਸੁਰਤ ਵਿਚ 'ਬਾਰ੍ਹ' ਵਾਲੇ ਪ੍ਰਕਰਣ ਵਿਚ ਰਾਣੇ ਦੇ ਦਰਸ਼ਨ ਹੁੰਦੇ ਹਨ, ਉਹ'ਰਾਜ਼ੀ ਸਦਾ ਰਜ਼ਾਇ' ਨੂੰ ਕਬੂਲਦਿਆਂ ਕਹਿੰਦੀ ਹੈ:

'ਰਾਜ਼ੀ ਸਦਾ ਰਜ਼ਾਇ ਦਾਸੀ ਆਪ ਦੀ,
' ਪਰ ਇਕ ਬਿਨੈ ਉਚਾਰ,ਕਰਦੀ ਹੈ,ਸੁਣੋ:[54]

ਸ਼ਰਧਾ ਨਾਲ ਜੀਵਨ ਵਿਚ ਦ੍ਰਿੜ੍ਹਤਾ ਤੇ ਸੋਧ ਵੱਧਦੀ ਹੈ। ਰਾਣੀ ਨੂੰ ਰਾਜਾ ਕਹਲੂਰ ਰਾਣਾ ਸੂਰਤ ਸਿੰਘ ਦੀ ਝੂਠੀ 'ਪਾਤੀ'[55] ਰਾਹੀਂ ਆਪਣੀ ਕਾਮਵਾਸ਼ਨਾ ਤੇ ਦੁਰ-ਇਛਾਵਾਂ ਦੀ ਪੂਰਤੀ ਲਈ ਵਰਗਲਾਉਣ ਦਾ ਯਤਨ ਕਰਦਾ ਹੈ, ਪਰ ਉਹ ਉਸ ਦੀ ਚਾਲ ਵਿਚ ਆਪਣੇ ਵਿਸ਼ਵਾਸ਼ ਕਾਰਨ ਹੀ ਨਹੀਂ ਫਸਦੀ।

ਟੋਟ — ਅਤ੍ਰਿਪਤੀ ਅਤੇ ਅਸੰਤੋਖ ਨੂੰ ਮਨ ਬੁੱਧੀ ਦੇ ਕਾਬੂ ਵਿਚ ਰੱਖਣ ਦਾ ਯਤਨ ਕਰਦਾ ਹੈ ਪਰ ਨਿਸਫਲ। ਸ਼ਰਧਾ ਦੇ ਬਾਵਜੂਦ ਵੀ ਮਨ ਵਿਚ ਸੰਗ੍ਰਹਿਤ ਹੋਣ ਵਾਲੀਆਂ ਅਤ੍ਰਿਪਤ ਪ੍ਰਵਿਰਤੀਆਂ ਰਾਣੀ ਵਿਚ ਕਈ ਵੇਰਾਂ ਫੁਟਦੀਆਂ ਹਨ। ਰਾਣੀ ਨੂੰ ਵਕਤੀ ਸੰਤੋਖ ਮਿਲਦਾ ਹੈ, ਪਰ ਛੇਤੀ ਹੀ ਇਹ ਆਂਤਰਿਕ ਸੰਘਰਸ਼ ਟੋਟ ਦੇ ਰੂਪ ਵਿਚ ਪ੍ਰਗਟ ਹੋ ਕੇ ਉਸ ਦੇ ਅੰਦਰਲੇ ਝੰਝਾਵਾਤ ਨੂੰ ਜਗਾ ਦਿੰਦਾ ਹੈ। ਸੁਪਨੇ ਵਿਚ ਆਕਾਸ਼ ਦੇ ਖੰਭਾਂ

---

50. ਰਾਣਾ ਸੂਰਤ ਸਿੰਘ,ਪੰਨਾ 4,ਪੰਕਤੀ 194-196
51. ਉਹੀ,ਪੰਨਾ 5,ਪੰਕਤੀ- 255-259
52. ਉਹੀ,ਪੰਨਾ 35,ਪੰਕਤੀ 196-201
53. ਆਸ਼ਾ ਕੀ ਆਲੋਕ- ਕਿਰਨ ਸੇ ਕੁਛ ਮਾਨਸ ਸੇ ਲੇ ਮੇਰੇ,
ਲਘੁ ਜਲਧਰ ਕਾ ਸ੍ਰਿਜਨ ਹੁਆ ਥਾ ਜਿਸ ਕੋ ਸਸਿ ਲੇਖਾ ਘੇਰੇ।
(ਜਯ ਸ਼ੰਕਰ ਪ੍ਰਸਾਦ,ਕਾਮਾਯਨੀ,ਭਾਸ਼ਾ ਵਿਭਾਗ,ਪੰਨਾ -210)
54. ਰਾਣਾ ਸੂਰਤ ਸਿੰਘ,ਪੰਨਾ-44,ਪੰਕਤੀ 289-290
55. ਉਹੀ,ਪ੍ਰਕਰਣ10,ਪੰਨਾ 45-51.

ਦੀ ਯਾਤਰਾ ਤੋਂ ਬਾਅਦ ਕੁਝ ਚੈਨ ਪਾ ਕੇ 'ਬਾਗ਼'[56] ਵਾਲੇ ਪ੍ਰਕਰਣ ਵਿਚ ਉਹ ਫਿਰ ਭਟਕਦੀ ਹੈ। ਇਵੇਂ 'ਪਰੀ ਮਹਲ ਵਾਪਸੀ'[57] ਅਤੇ 'ਪਤੀ ਦੇ ਪੱਤਰਾਂ'[58] ਤੋਂ ਕੁਝ ਗਿਆਨ ਪ੍ਰਾਪਤ ਕਰਕੇ ਉਸਨੂੰ ਕੁਝ ਧੀਰਜ ਆਉਂਦਾ ਹੈ, ਪਰ ਕੁਝ ਸਮੇਂ ਉਪਰੰਤ ਉਹ ਫਿਰ 'ਟੈਟ'[59] ਦਾ ਅਨੁਭਵ ਕਰਦੀ ਹੈ। ਆਂਤਰਿਕ ਅਤ੍ਰਿਪਤੀ ਦੀ ਹਾਲਤ ਵਿਚ ਉਸ ਦੀ ਬੁੱਧੀ ਉਸ ਦੇ ਮਨ ਨੂੰ ਸਦੀਵੀ ਟਿਕਾ ਨਹੀਂ ਦੇ ਸਕਦੀ।

<u>ਚੇਤਨਾ</u> – ਹੀ ਸਫਲਤਾ ਦਾ ਰਹੱਸ ਹੈ। ਗਿਲਾਨੀ ਨਾਲ ਭਰਿਆ ਹੋਇਆ ਮਨ ਆਪਣੇ ਗੁੰਮ ਹੋਏ ਵੈਭਵ ਨੂੰ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਮਾਨਵ ਮਨ ਦੀ ਚੇਤਨਾ ਹੀ ਇਸ ਦਾ ਪ੍ਰਾਣ ਹੈ। ਚੇਤਨਾ ਨੂੰ ਅੰਤਰਮੁਖੀ ਬਣਾਉਣਾ ਜ਼ਰੂਰੀ ਹੈ। ਇਸੇ ਰਾਹੀਂ ਆਤਮਾ ਦੇ ਮੂਲ ਰਹੱਸ ਦੀ ਸਮਝ ਆਉਂਦੀ ਹੈ। ਚੇਤਨਾ ਬੁੱਧੀ ਨੂੰ ਉਸ ਦੀ ਅਸਲੀ ਰੂਪ ਰੇਖਾ ਦਸਦੀ ਹੈ। ਬੁੱਧੀ ਕੇਵਲ ਗਿਆਨ ਹੈ, ਚੇਤਨਾ ਬੁੱਧੀ ਦੇ ਸਹੀ ਪੱਥ ਦਾ ਨਿਰਮਾਣ ਕਰਕੇ ਮਾਨਵ ਨੂੰ ਉਸ ਦੇ ਹੱਥਾਂ ਵਿਚ ਸੌਂਪ ਦਿੰਦੀ ਹੈ। ਚੇਤਨਾ ਦੇ ਕਰਤਵ ਸੰਬੰਧੀ ਭਾਈ ਸਾਹਿਬ ਸਪਸ਼ਟ ਕਰਦੇ ਹਨ:

' ਪਰ ਜਦ ਹੋਵੇ ਦੂਰ ਤਿੱਖਾ ਚਾਨਣਾ
' ਖਿੜ ਪਏ ਰਚਨਾ ਸਭ ਪੁਤਲੀ ਖੋਲ੍ਹ ਜਯੋਂ;
'ਪੁਤਲੀ ਖਿੜਦਯਾਂ ਨਾਲ ਖਿੜਦਾ ਹੈ ਹਿਰਦਾ:
' ਰਚਨਾ ਹਿਰਦਾ, ਨੈਣ ਤਿੰਨੇ ਵਿਗਸਦੇ[60]

ਚੇਤਨਾ ਦਾ ਕਾਰਜ ਹੈ- ਮਨ ਦਾ ਪੱਥ- ਪ੍ਰਦਰਸ਼ਨ ਕਰਨਾ। ਇਸ ਨਾਲ ਵਾਸਤਵਿਕ ਤੱਤ ਸਪਸ਼ਟ ਹੋ ਜਾਂਦਾ ਹੈ। ਰਾਣੀ ਰਾਜ ਕੌਰ ਦੇ ਹਿਰਦੇ ਵਿਚ 'ਪਰੀ ਦੇ ਉਪਦੇਸ਼' ਤੇ 'ਪਤੀ ਦੇ ਪੱਤਰਾਂ' ਰਾਹੀਂ ਗਿਆਨ ਅਤੇ ਸਤਿਸੰਗ ਤੋਂ ਪ੍ਰਾਪਤ ਜੀਵਨ ਜੁਗਤੀ ਦਾ ਅਨੁਭਵ ਉਸ ਦੀ ਚੇਤਨਾ ਵਿਚ ਪ੍ਰਕਾਸ਼ ਪੈਦਾ ਕਰਦਾ ਹੈ। ਇਸ ਚੇਤਨਾ ਦੇ ਕਾਰਨ ਹੀ ਰਾਣੀ ਦੀ ਸ਼ਾਂਤੀ ਵਧਦੀ ਹੈ। ਚੇਤਨਾ ਦੇ ਸਹਯੋਗ ਨਾਲ ਮਨ ਆਤਮ- ਦਰਸ਼ਨ ਕਰ ਲੈਂਦਾ ਹੈ ਤੇ ਮਨ ਦੀ ਚੰਚਲਤਾ ਸਮਾਪਤ ਹੋ ਜਾਂਦੀ ਹੈ।

<u>ਲਿਵ</u>— ਚੇਤਨਾ ਦੇ ਪ੍ਰਕਾਸ਼ ਨਾਲ 'ਲਿਵ' ਦੀ ਖਿੜੀ ਜਾਗਦੀ ਹੈ। ਇਸ ਦੇ ਸਹਾਰੇ ਰਾਣੀ ਦਾ ਮਨ ਨਿਰੰਤਰ ਉਚ ਭਾਵਨਾ ਵਲ ਵਧਦਾ ਹੈ। ਇਸ ਦਾ ਅੰਤ ਅਨੰਦ ਵਿਚ ਹੁੰਦਾ ਹੈ। ਅਨੰਦ ਵਧੇਰੇ ਵਿਆਪਕ ਤੇ ਅਧਿਆਤਮਿਕ ਸ਼ਬਦ ਹੈ। ਇਸ ਲਈ ਭਾਈ ਸਾਹਿਬ ਨੇ ਅਨੰਦ ਲਈ 'ਲਿਵ' ਦੇ ਸ਼ਬਦ ਦਾ ਪ੍ਰਯੋਗ ਕੀਤਾ ਹੈ:

---

56. ਰਾਣਾ ਸੂਰਤ ਸਿੰਘ, ਪ੍ਰਕਰਣ 9, ਪੰਨਾ- 40-45
57. ਉਹੀ, ਪ੍ਰਕਰਣ 15-17, ਪੰਨਾ- 75-85
58. ਉਹੀ, ਪ੍ਰਕਰਣ 21, ਪੰਨਾ 114-134
59. ਉਹੀ, ਪ੍ਰਕਰਣ 22, ਪੰਨਾ 135-141
60. ਉਹੀ, ਪੰਨਾ 75, ਪੰਕਤੀ- 37- 40

ਲਿਵ ਵਿਚ ਰਹਿੰਦੀ ਰਾਜ ਸੰਚੇ ਰੱਬ ਦੇ....
ਹਰਿ ਰਸ ਵਿਚ ਰਸ ਲੀਨ ਗੁਰਮੁਖ ਸੋਹਿਣੀ
ਕਰਦਯਾ ਰਾਜ ਪ੍ਰਬੰਧ ਨਾਮ ਜਪੰਦਿਆਂ
ਸਾਂਈਂ ਨਾਲ ਸੰਜੋਗ ਉਸ ਦਾ ਹੋ ਗਿਆ
ਪੂਰਨ ਪਦ ਤੇ ਆਪ ਇਸਥਿਤ ਹੋ ਗਈ।[61]

ਇਵੇਂ 'ਰਾਣਾ ਸੂਰਤ ਸਿੰਘ' ਵਿਚ ਸਪਸ਼ਟ ਹੁੰਦਾ ਹੈ ਕਿ 'ਲਿਵ' ਅਥਵਾ ਅਨੰਦ ਪ੍ਰਾਪਤੀ ਲਈ ਪ੍ਰਯਤਨਸ਼ੀਲ ਮਾਨਵ ਨੂੰ ਅਨੇਕ ਅਨੁਭਵਾਂ ਅਤੇ ਸੰਘਰਸ਼ਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਅੰਤ ਵਿਚ ਚੇਤਨਾ ਦੀ ਸਹਾਇਤਾ ਨਾਲ ਉਸ ਨੂੰ ਇਸ ਦੀ ਪ੍ਰਾਪਤੀ ਜ਼ਰੂਰ ਹੁੰਦੀ ਹੈ। 'ਲਿਵ' ਰਾਹੀਂ 'ਰਸ- ਸਵਰੂਪ' ਬਣਨ ਵਿਚ ਹੀ ਚਿਰੰਤਨ ਸੁੱਖ( Bliss) ਹੈ। 'ਲਿਵ' ਦੀ ਪ੍ਰਾਪਤੀ ਨਾਲ ਹੀ ਰਾਣੀ ਦੇ ਮਨ ਦੀ ਸਾਰੀ ਪਿਪਾਸਾ ਸ਼ਾਂਤ ਹੋ ਜਾਂਦੀ ਹੈ ਅਤੇ ਉਸ ਦੇ ਮਨ ਦੀਆਂ ਸਾਰੀਆਂ ਸ਼ਕਤੀਆਂ ਕੇਂਦ੍ਰਿਤ ਹੋ ਕੇ ਕਾਰਜ ਕਰਦੀਆਂ ਹਨ। ਇਸੇ ਤਰ੍ਹਾਂ ਦੇ ਅਨੰਦ ਦੀ ਕਲਪਨਾ ਦੇ ਆਦਰਸ਼ ਨੂੰ ਜਯ ਸ਼ੰਕਰ ਪ੍ਰਸਾਦ ਨੇ 'ਕਾਮਾਯਨੀ' ਦੇ ਅੰਤ ਵਿਚ ਵੀ ਵਿਅਕਤ ਕੀਤਾ ਹੈ।[62]

<u>ਸੁਪਨਿਆਂ ਦੀ ਕਲਪਨਾ</u>— ਭਾਈ ਸਾਹਿਬ ਨੇ 'ਰਾਣਾ ਸੂਰਤ ਸਿੰਘ' ਦੀ ਕਥਾ ਨੂੰ ਗਤੀ ਦੇਣ ਲਈ ਸੁਪਨਿਆਂ ਦੀ ਜੋ ਕਲਪਨਾ ਕੀਤੀ ਹੈ, ਉਸ ਦੇ ਨਿਰਮਾਣ ਵਿਚ ਵੀ ਦਰਸ਼ਨ ਅਤੇ ਮਨੋਵਿਗਿਆਨ ਦਾ ਸੁਮੇਲ ਕੀਤਾ ਮਿਲਦਾ ਹੈ। ਸਰੀਰਕ ਵਿਗਿਆਨ ਅਨੁਸਾਰ ਨਿੰਦਰਾ ਅਤੇ ਸੁਪਨੇ ਕੇਵਲ ਵਧੇਰੇ ਪਰਿਸ਼ਰਮ ਕਰਨ ਹੁੰਦੇ ਹਨ।ਸੁਪਨੇ ਵਾਸਤਵ ਵਿਚ ਪੂਰਨ ਚੇਤਨ ਅਤੇ ਅਚੇਤਨ ਦੇ ਮੱਧ ਦੀ ਸਥਿਤੀ ਹਨ।ਇਨ੍ਹਾਂ ਵਿਚ ਮਾਨਵ ਮਨ ਕਲਪਨਾ ਅਤੇ ਸਤ ਦੋਹਾਂ ਦਾ ਅਨੰਦ ਲੈ ਲੈਂਦਾ ਹੈ।

'ਰਾਣਾ ਸੂਰਤ ਸਿੰਘ' ਵਿਚ ਰਾਣੀ ਰਾਜ ਕੌਰ ਦੇ ਸੁਪਨੇ ਵਧੇਰੇ ਜਾਗ੍ਰਤ ਸੁਪਨੇ ਹੀ ਹਨ। ਸੁਪਨਿਆਂ ਵਿਚ ਹੀ ਉਸ ਦੇ ਅੰਤਰ ਦੀ ਜਗਿਆਸਾ ਉਦਿਤ ਹੋ ਕੇ ਅਨੇਕ ਪ੍ਰਸ਼ਨ ਕਰਦੀ ਹੈ। 'ਪੁਜਾਰੀ', 'ਦਰਸ਼ਨ' ਤੇ 'ਉਤਰਾਈ' ਵਾਲੇ ਪ੍ਰਕਰਣਾਂ ਵਿਚ ਰਾਣੀ ਮੂਰਛਾ ਹਾਲਤ ਵਿਚ 'ਜਪੁਜੀ' ਵਿਚ ਪ੍ਰਗਟ ਕੀਤੇ ਖੰਡਾਂ ਵਿਚ ਵਿਚਰਦੀ 'ਸੱਚ ਖੰਡ' ਵਿਚ ਰਾਣਾ ਸੂਰਤ ਸਿੰਘ ਨੂੰ ਬੈਠਿਆਂ ਵੇਖਦੀ ਹੈ। ਇਸੇ ਤਰ੍ਹਾਂ 'ਪਰੀ ਮਹਲ- ਪਹਿਲੜੀ ਰਾਤ'[63] ਵਾਲੇ ਪ੍ਰਕਰਣ ਵਿਚ ਰਾਣੀ ਸੰਧਿਆ ਦੀ ਛਾਇਆ ਵਿਚ ਸੁਪਨ ਅਵਸਥਾ ਵਿਚ ਪਹੁੰਚੀ ਰਾਣੇ ਨੂੰ ਚਿੱਟੇ ਚਮਕਦੇ ਚੰਦਰਮਾ ਦੇ ਮੰਦਰ ਵਿਚ ਸੰਗਤ ਨਾਲ ਜੁੜਿਆ ਬੈਠਿਆ ਵੇਖਦੀ ਹੈ।

---

61. ਰਾਣਾ ਸੂਰਤ ਸਿੰਘ, ਪੰਨਾ 233, ਪੰਕਤੀ 376-381
62. ਸਮਰਸ ਥੇ ਜੜ ਯਾ ਚੇਤਨ ਸੁੰਦਰ ਸਾਕਾਰ ਬਨਾ ਥਾ
    ਚੇਤਨਤਾ ਏਕ ਵਿਲਸਤੀ ਆਨੰਦ ਅਖੰਡ ਘਨਾ ਥਾ।
    (ਜਯ ਸ਼ੰਕਰ ਪ੍ਰਸਾਦ, ਕਾਮਾਯਨੀ, ਭਾਸ਼ਾ ਵਿਭਾਗ, ਪੰਨਾ- 280)
63. ਰਾਣਾ ਸੂਰਤ ਸਿੰਘ, ਪ੍ਰਕਰਣ 15, ਪੰਨਾ 75-80

'ਝਿਲਮਿਲੇ ਚੱਕਰ'[64] ਅਤੇ 'ਸਤਿਸੰਗ- ਪ੍ਰਕਾਸ਼'[65] ਵਾਲੇ ਪ੍ਰਕਰਣਾਂ ਵਿਚ ਵੀ ਉਹ ਸੁਪਨਿਆਂ ਵਿਚ ਰਾਣੀ ਦੇ ਦਰਸ਼ਨ ਕਰਦੀ ਹੈ।

ਫਰਾਇਡ ਨੇ ਸੁਪਨ ਮਨੋਵਿਗਿਆਨ ਨੂੰ ਕਵੀ ਦੀ ਜਾਗ੍ਰਤ ਕਲਪਨਾ ਨਾਲ ਸੰਬੰਧਿਤ ਕੀਤਾ ਹੈ। ਉਸ ਦੇ ਅਨੁਸਾਰ ਪ੍ਰਤੱਖ ਵਸਤੂ ਦੇ ਮੂਲ ਵਿਚ ਕੋਈ ਪ੍ਰਛੰਨ ਵਸਤੂ ਸਮਾਈ ਰਹਿੰਦੀ ਹੈ ਜੋ ਸੁਪਨੇ ਕਿਰਤ ਦੀ ਵਾਸਤਵਿਕ ਵਸਤੂ ਹੁੰਦੀ ਹੈ। ਪ੍ਰਛੰਨ ਵਸਤੂ ਵਿਚ ਕੋਈ ਕੁੰਠਾ ਹੀ ਹੁੰਦੀ ਹੈ, ਜਿਸ ਦਾ ਨਿਰਮਾਣ ਅਚੇਤਨ ਮਨ ਰਾਹੀਂ ਹੁੰਦਾ ਹੈ। ਇਹ ਕੁੰਠਾ ਹੀ ਵਾਸਤਵਿਕ ਅਥਵਾ ਪ੍ਰਤੱਖ ਰੂਪ ਨਾਲ ਪ੍ਰਕਾਸ਼ਿਤ ਹੋ ਕੇ ਇੱਛਾ- ਪੂਰਤੀ ( Wish-fulfilment ) ਕਰਦੀ ਹੈ। ਕੁੰਠਾਵਾਂ ਦਾ ਉਦਾਤੀਕਰਨ( Sublimation ) ਹੀ ਕਲਾ ਵਿਚ ਪ੍ਰਗਟ ਹੁੰਦਾ ਹੈ।[66] ਇਵੇਂ ਭਾਈ ਸਾਹਿਬ ਨੇ ਵੀ ਰਾਣੀ ਦੀਆਂ ਅਤ੍ਰਿਪਤ ਇੱਛਾਵਾਂ ਨੂੰ ਸੁਪਨਿਆਂ ਰਾਹੀਂ ਉਲੀਕਿਆ ਹੈ। ਰਾਣੀ ਦੇ ਅਚੇਤਨ ਮਨ ਵਿਚ ਉਠਣ ਵਾਲੇ ਸਾਰੇ ਭਾਵ ਚੇਤਨ- ਸ਼ਕਤੀ ਵਿਚ ਸਪਸ਼ਟ ਹੋ ਉਠਦੇ ਹਨ। 'ਰਾਣਾ ਸੂਰਤ ਸਿੰਘ' ਵਿਚ ਇਹ ਸੁਪਨਿਆਂ ਦਾ ਨਿਰਮਾਣ ਇਸ ਦੇ ਮਨੋਵਿਗਿਆਨਕ ਪੱਖ ਨੂੰ ਹੋਰ ਉਜਾਗਰ ਕਰਦਾ ਹੈ।

<u>ਸਮਾਜਿਕ ਤੇ ਰਾਜਨੀਤਿਕ ਸਮੱਸਿਆਵਾਂ</u> – 'ਰਾਣਾ ਸੂਰਤ ਸਿੰਘ' ਵਿਚ ਭਾਈ ਸਾਹਿਬ ਨੇ ਸਮਾਜਿਕ ਤੇ ਰਾਜਨੀਤਿਕ ਸਮੱਸਿਆਵਾਂ ਨੂੰ ਵੀ ਸਥਾਨ ਦਿੱਤਾ ਹੈ। ਦਾਰਸ਼ਨਿਕ ਤੇ ਧਾਰਮਿਕ ਖੇਤਰ ਵਿਚ ਭਾਈ ਸਾਹਿਬ ਨੇ ਮਾਨਵ ਮਨ ਨੂੰ ਅਧਿਆਤਮਿਕਤਾ ਤਕ ਲੈ ਜਾਣ ਦਾ ਯਤਨ ਕੀਤਾ ਹੈ,ਪਰ ਉਨ੍ਹਾਂ ਨੇ ਮਾਨਵ ਦੀਆਂ ਭੌਤਿਕ ਲੋੜਾਂ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ। ਇਸੇ ਲਈ ਉਨ੍ਹਾਂ ਨੇ ਤਿਆਗ ਦੀ ਥਾਂ ਕਰਮ ਤੇ ਜ਼ੋਰ ਦਿੱਤਾ ਹੈ। ਮਾਨਵ ਅੰਤਰ ਮਨ ਦੀ ਭੁੱਖ ਅਤੇ ਪਿਆਸ ਤੋਂ ਲੈ ਕੇ ਪੇਟ ਦੀ ਜਵਾਲਾ ਤਕ ਨੂੰ ਸ਼ਾਂਤ ਕਰਨਾ ਚਾਹੁੰਦਾ ਹੈ। ਭਾਈ ਸਾਹਿਬ ਨੇ ਦੈਨਿਕ ਕਾਰਜਾਂ ਤੋਂ ਲੈ ਕੇ ਭੌਤਿਕ ਜਗਤ ਤਕ ਲਈ ਸਾਮਜਸਯ ਦੀ ਜ਼ਰੂਰਤ ਨੂੰ ਪ੍ਰਗਟ ਕੀਤਾ ਹੈ। ਇੱਛਾ,ਗਿਆਨ ਅਤੇ ਕਿਰਿਆ ਤਿੰਨਾਂ ਦੀ ਸ਼ਕਤੀ ਸਾਮਜਸਯ ਦੇ ਅਭਾਵ ਵਿਚ ਖੀਣ ਰਹਿੰਦੀ ਹੈ। ਵਿਅਕਤੀ,ਸਮਾਜ,ਸ਼ਾਸਕ,ਸ਼ਾਸਤ ਤੇ ਪੁਰਸ਼ ਨਾਰੀ ਸਭ ਲਈ ਇਸ ਦੀ ਲੋੜ ਹੈ।

ਰਾਜਨੀਤਿਕ ਸਮੱਸਿਆਵਾਂ ਦਾ ਨਿਰਾਕਰਣ ਕਰਨ ਲਈ 'ਸਤਿਸੰਗ ਸਾਧਨ'[67] ਵਾਲੇ ਪ੍ਰਕਰਣ ਵਿਚ ਗੁਰਮੁਖ ਦੇ ਬਚਨਾਂ ਰਾਹੀਂ ਭਾਈ ਸਾਹਿਬ ਨੇ ਆਦਰਸ਼ ਰਾਜ ਦੇ ਗੁਣਾਂ ਦੀ ਕਲਪਨਾ ਵੀ ਕੀਤੀ ਹੈ। ਇੱਥੇ ਆਦਰਸ਼ ਰਾਜ ਦਾ ਸੰਕਲਪ ਸੰਪੂਰਣ ਮਾਨਵਤਾ ਨੂੰ ਲੈ ਕੇ ਕੀਤਾ ਗਇਆ ਹੈ।ਹਰ ਰਾਜ ਵਿਚ ਮੁੱਢਲੀ ਸਮੱਸਿਆ ਵਿਅਕਤੀ ਅਤੇ ਸਮਾਜ ਦੀ ਹੈ। ਵਿਅਕਤੀ ਸਮਾਜ ਦਾ ਹੀ ਇਕ ਅੰਗ ਹੈ ਤੇ ਵਿਅਕਤੀਆਂ ਨਾਲ ਹੀ ਸਮਾਜ ਦਾ ਅਸਤਿਤਵ ਬਣਦਾ ਹੈ। ਭਾਈ ਸਾਹਿਬ ਨੇ ਅਧਿਕਾਰ ਤੇ ਕਰਤਵ ਨੂੰ ਨਾਲ ਨਾਲ ਰੱਖਣ ਦਾ ਯਤਨ ਕੀਤਾ ਹੈ। ਇਸੇ ਆਦਰਸ਼ ਨੂੰ ਸਮਝਦਿਆਂ ਰਾਣੀ ਅੰਤ ਵਿਚ ਵਿਅਕਤੀ ਅਤੇ

---

64. ਰਾਣਾ ਸੂਰਤ ਸਿੰਘ,ਪ੍ਰਕਰਣ 24,ਪੰਨਾ 147-157
65. ਉਹੀ,ਪ੍ਰਕਰਣ 28,ਪੰਨਾ 170-180
66. Freud, The Relation of the Poet to Day Dreaming, Collected Papers,Vol.IV, P. 174.
67. ਰਾਣਾ ਸੂਰਤ ਸਿੰਘ,ਪ੍ਰਕਰਣ 31,ਪੰਨਾ 197-204

ਸਮਾਜ ਦੋਹਾਂ ਨੂੰ ਨਾਲ ਲੈ ਕੇ ਚਲਦੀ ਹੈ। ਇਨ੍ਹਾਂ ਪੱਖਾਂ ਦਾ ਵਧੇਰੇ ਵਿਸਥਾਰ ਨਾਲ ਚਰਚਾ ਦੂਜੇ ਅਧਿਆਇ ਦੇ ਅੰਤਿਮ ਭਾਗ 'ਸਮਾਜਿਕ' ਤੇ 'ਰਾਜਨੀਤਿਕ' ਵਿਚਾਰਾਂ ਵਿਚ ਅੱਗੇ ਕੀਤਾ ਜਾ ਚੁੱਕਾ ਹੈ।

ਸੰਖੇਪ ਵਿਚ 'ਰਾਣਾ ਸੂਰਤ ਸਿੰਘ' ਵਿਚ ਅਧਿਆਤਮਿਕ, ਸਮਾਜਿਕ, ਰਾਜਨੀਤਿਕ, ਮਨੋਵਿਗਿਆਨਕ ਅਤੇ ਵਿਅਕਤੀਗਤ ਸਾਰੇ ਪੱਖਾਂ ਤੇ ਵਿਚਾਰ ਕਰਦਿਆਂ ਜੀਵਨ ਦੇ ਵਿਕਾਸ ਲਈ ਲੋੜੀਂਦੀਆਂ ਸਾਰੀਆਂ ਵਸਤੂਆਂ ਨੂੰ ਪ੍ਰਗਟ ਕੀਤਾ ਗਇਆ ਹੈ। ਇੱਥੇ ਜੀਵਨ ਨੂੰ ਸੰਪੂਰਣ ਇਕਾਈ ਦੇ ਰੂਪ ਵਿਚ ਲੱਇਆ ਗਇਆ ਹੈ। ਭਾਈ ਸਾਹਿਬ ਨੇ ਵਿਅਕਤੀ ਦੇ ਅੰਤਰ- ਤਮ ਤੋਂ ਲੈ ਕੇ ਵਿਸ਼ਵ ਤਕ ਦੇ ਸੰਘਰਸ਼ ਨੂੰ ਸਮਾਪਤ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਅੰਤਰ ਜਗਤ ਵਿਚ ਹਿਰਦੇ ਤੇ ਬੁੱਧੀ ਦਾ ਸੁਮੇਲ ਜ਼ਰੂਰੀ ਦੱਸਿਆ ਹੈ। ਉਨ੍ਹਾਂ ਦਾ ਦੱਸਿਆ ਮਾਰਗ ਮਨੋਵਿਗਿਆਨਕ ਅਸੂਲਾਂ ਦੇ ਵੀ ਅਨੁਕੂਲ ਹੈ। ਇੱਥੇ ਉਨ੍ਹਾਂ ਨੇ ਅਧਿਆਤਮਿਕ ਖੇਤਰ ਦੀ ਮੁਕਤੀ ਦੀ ਪਿਪਾਸਾ ਨੂੰ ਵਿਵਹਾਰਕ ਰੂਪ ਵਿਚ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਰਾਣੀ ਰਾਜ ਕੌਰ ਜਿਸ ਸਾਮਜਸਯ ਅਤੇ ਸੰਤੁਲਨ ਨੂੰ 'ਲਿਵ' ਰਾਹੀਂ 'ਰਸ- ਸਰੂਪ' ਹੋ ਕੇ ਪ੍ਰਾਪਤੀ ਕਰਦੀ ਹੈ, ਇਹੋ ਮਾਨਵ ਜੀਵਨ ਦਾ ਅੰਤਿਮ ਲਕਸ਼ ਹੈ। ਇਹ ਅਨੰਦ ਮਾਨਵ ਨੂੰ ਆਪੇ ਤਕ ਸੀਮਤ ਨਹੀਂ ਰੱਖਦਾ, ਸਗੋਂ ਮਾਨਵ ਨੂੰ ਮਾਨਵਤਾ ਦੇ ਪ੍ਰੇਮ ਲਈ ਪ੍ਰੇਰਦਿਆਂ ਮਾਨਵ ਵਿਚ ਇਕ ਵਿਆਪਕ ਦ੍ਰਿਸ਼ਟੀ ਨੂੰ ਸੰਕੁਚਤ ਕਰਦਾ ਹੈ।

'ਰਾਣਾ ਸੂਰਤ ਸਿੰਘ' ਦੀ ਕਲਾ –

ਵਸਤੂ- ਸੰਗਠਨ – 'ਰਾਣਾ ਸੂਰਤ ਸਿੰਘ' ਦੀ ਕਥਾ ਦੀ ਚੋਣ ਵਿਚ ਵੀ ਭਾਈ ਸਾਹਿਬ ਦੀ ਮੌਲਿਕਤਾ ਪ੍ਰਗਟ ਹੁੰਦੀ ਹੈ। ਭਾਈ ਸਾਹਿਬ ਦੇ ਹਿਰਦੇ ਵਿਚ ਸਿੱਖ ਇਤਿਹਾਸ ਤੇ ਸੰਸਕ੍ਰਿਤੀ ਪ੍ਰਤਿ ਡੂੰਘਾ ਅਨੁਰਾਗ ਸੀ। ਉਨ੍ਹਾਂ ਨੇ ਇਸ ਨਵੀਂ ਸਿੱਖ ਸੰਸਕ੍ਰਿਤੀ ਤੇ ਇਤਿਹਾਸ ਵਿਚੋਂ ਕਥਾ ਦੀ ਚੋਣ ਕਰਕੇ ਦਲੇਰੀ ਵੀ ਦੱਸੀ ਹੈ। ਭਾਈ ਸਾਹਿਬ ਤੋਂ ਪਹਿਲਾਂ ਭਾਰਤੀ ਮਹਾਂਕਾਵਿ ਦੀ ਕਥਾ ਪੁਰਾਣੀਆਂ ਹਿੰਦੂ ਮਿਥਿਹਾਸਿਕ ਕਥਾਵਾਂ ਦੁਆਲੇ ਹੀ ਘੁੰਮਦੀ ਜਾਂਦੀ ਸੀ। ਭਾਈ ਸਾਹਿਬ ਨੇ ਪੰਜਾਬੀ ਵਿਚ ਜਿੱਥੇ ਪਹਿਲਾ ਮਹਾਂਕਾਵਿ ਲਿਖਣ ਦਾ ਯਤਨ ਕੀਤਾ ਹੈ, ਉਥੇ ਸਿੱਖ ਇਤਿਹਾਸ ਤੇ ਸੰਸਕ੍ਰਿਤੀ ਨੂੰ ਮਹਾਂਕਾਵਿ ਦਾ ਵਿਸ਼ਾ ਬਣਾ ਕੇ ਭਾਰਤੀ ਮਹਾਂਕਾਵਿ ਪਰੰਪਰਾ ਵਿਚ ਇਕ ਨਵਾਂ ਵਾਧਾ ਕੀਤਾ ਹੈ।[68]

ਭਾਈ ਸਾਹਿਬ ਦੀ ਇਸ ਕਥਾ- ਚੋਣ ਉਤੇ ਕਈ ਵੇਰਾਂ ਦੋਸ਼ ਲਾਇਆ ਜਾਂਦਾ ਹੈ ਕਿ ਉਨ੍ਹਾਂ ਨੇ ਇਸ ਮਹਾਂ ਕਾਵਿ ਵਿਚ ਸਿੱਖ ਧਰਮ ਤੇ ਸੰਸਕ੍ਰਿਤੀ ਦਾ ਉਲੇਖ ਕਰਕੇ ਇਸ ਨੂੰ ਸੰਪਰਦਾਇਕ ਬਣਾ ਦਿੱਤਾ ਹੈ। ਇਹ ਦੋਸ਼ ਨਿਰਮੂਲ ਹੈ। ਇਸ ਦ੍ਰਿਸ਼ਟੀਕੋਣ ਤੋਂ ਜਾਂਚਦਿਆਂ ਸੰਸਾਰ ਦੇ ਸਾਰੇ ਚੰਗੇ ਮਹਾਂਕਾਵਿ ਰਚਤਾ ਇਸ ਦੋਸ਼ ਦੇ ਸ਼ਿਕਾਰ ਹੋਏ ਲਗਣਗੇ। ਦਾਂਤੇ ਨੇ 'ਡੀਵਾਈਨ ਕਾਮੇਡੀ' ਵਿਚ ਕੇਵਲ ਮੱਧ- ਕਾਲੀਨ

68. " Epic poet is bound to the past in one way; it is laid upon him to tell the stories of the greatness of his own race."
( W.P. Ker, Epic and Romance, 1926, P. 25)

ਯੁਗ ਦੇ ਰੋਮਨ ਕੈਥੋਲਿਕ ਧਰਮ ਦਾ ਪ੍ਰਤਿਪਾਦਨ ਹੀ ਕੀਤਾ ਹੈ।[69] ਮਿਲਟਨ ਦਾ 'ਪੈਰਾਡਾਇਸ ਲਾਸਟ' ਵੀ ਈਸਾਈ ਮੱਤ ਦੀ ਪਿਉਰੇਟਨ ਸੰਪਰਦਾਇ ਦੀ ਵਿਚਾਰਧਾਰਾ ਨਾਲ ਸੰਬੰਧਿਤ ਹੈ।[70] ਆਧੁਨਿਕ ਹਿੰਦੀ ਮਹਾਂ-ਕਾਵਿ ਦੇ ਰਚਣਹਾਰਿਆਂ ਵਿਚੋਂ ਪ੍ਰਸਾਦ ਨੇ 'ਕਾਮਾਯਨੀ' ਵਿਚ ਮਨੂੰ ਦੀ ਪੁਰਾਣੀ ਮਿਥਿਹਾਸਿਕ ਕਥਾ ਅਤੇ ਮੈਥਲੀਸ਼ਰਣ ਗੁਪਤ ਨੇ 'ਸਾਕੇਤ' ਤੇ 'ਜੈ ਭਾਰਤ' ਵਿਚ ਰਾਮਾਇਣ ਅਤੇ ਮਹਾਂਭਾਰਤ ਦੀਆਂ ਪੁਰਾਤਨ ਹਿੰਦੂ ਕਥਾਵਾਂ ਦੀ ਨਵ-ਉਸਾਰੀ ਕਰਕੇ ਹਿੰਦੂ ਮੱਤ ਦੀ ਵਿਚਾਰਧਾਰਾ ਨੂੰ ਹੀ ਉਲੀਕਿਆ ਹੈ। ਇਸ ਲਈ ਕਿਸੇ ਮਹਾਂਕਾਵਿ ਰਚਣਹਾਰੇ ਉਤੇ ਕਿਸੇ ਧਰਮ ਤੇ ਸੰਸਕ੍ਰਿਤੀ ਦੇ ਇਤਿਹਾਸ ਤੋਂ ਕਥਾ ਲੈ ਕੇ ਮਹਾਂਕਾਵਿ ਦਾ ਨਿਰਮਾਣ ਕਰਨ ਉਤੇ ਸੰਪਰਦਾਇਕਤਾ ਦਾ ਦੂਸ਼ਣ ਲਾਣਾ ਉਚਿਤ ਨਹੀਂ। ਇਹ ਸਵੀਕਾਰ ਕਰਨਾ ਪੈਂਦਾ ਹੈ ਕਿ ਹਰ ਉਸ ਵੱਡੇ ਕਲਾਕਾਰ ਦੀ ਵਿਚਾਰਧਾਰਾ ਵਿਚ ਜਿਸ ਦਾ, ਕਿਸੇ ਧਾਰਮਿਕ ਵਿਚਾਰਧਾਰਾ ਵਿਚ ਵਿਸ਼ਵਾਸ਼ ਹੈ, ਉਤੇ ਉਸ ਦੇ ਧਾਰਮਿਕ ਸੰਸਕਾਰਾਂ ਦਾ ਪ੍ਰਭਾਵ ਸਿੱਧੇ ਜਾਂ ਪਰੋਖ ਰੂਪ ਵਿਚ ਪੈ ਜਾਣਾ ਸੁਭਾਵਿਕ ਹੈ। ਇਸ ਵਾਸਤਵਿਕਤਾ ਨੂੰ ਕਦੇ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਕਲਾਕਾਰ ਦੀ ਖੂਬੀ ਇਹੋ ਵੇਖਣੀ ਹੁੰਦੀ ਹੈ ਕਿ ਉਹ ਆਪਣੇ ਵਿਸ਼ਵਾਸ਼ਾਂ ਨੂੰ ਕਿੱਥੋਂ ਤਕ ਮਾਨਵੀ ਅਤੇ ਵਿਆਪਕ ਬਣਾਉਣ ਦੇ ਸਮਰੱਥ ਹੋ ਸਕਿਆ ਹੈ।

<u>ਮੁੱਢ</u> — ਮਹਾਂਕਾਵਿ ਦਾ ਮੁੱਢ ਨਮਸਕਾਰਾਤਮਕ, ਆਸ਼ੀਰਵਾਦਾਤਮਕ, ਵਸਤੂ ਨਿਰਦੇਸ਼ਾਤਮਕ ਤੇ ਮੰਗਲਾਚਰਣ ਨਾਲ ਹੋ ਸਕਦਾ ਹੈ। ਰਾਣਾ ਸੂਰਤ ਸਿੰਘ ਦੇ[72] ਮੁੱਢ ਵਿਚ ਭਾਈ ਸਾਹਿਬ ਨੇ ਮੰਗਲਾਚਰਣ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਤੁਕ ਦਿੱਤੀ ਹੈ। ਇੱਥੇ ਮੰਗਲਾਚਰਣ ਕਥਾ ਸੰਖਿਪਤ ਹੈ। ਇਸ ਦਾ ਅਸਲੀ ਮੁੱਢ ਨਿਰਦੇਸ਼ਾਤਮਕ ਹੀ ਕਹਿਆ ਜਾ ਸਕਦਾ ਹੈ ਕਿਉਂਕਿ ਇਸ ਵਿਚ ਕਥਾ ਇਕ ਦਮ ਆਰੰਭ ਹੋ ਜਾਂਦੀ ਹੈ।

<u>ਕ੍ਰਮ-ਬੱਧਤਾ</u> — ਮਹਾਂਕਾਵਿ ਦੀ ਕਥਾ ਦਾ ਕ੍ਰਮ-ਬੱਧ ਹੋਣਾ ਜ਼ਰੂਰੀ ਹੈ। ਮਹਾਂਕਾਵਿ ਭਾਵੇਂ ਘਟਨਾ ਪ੍ਰਧਾਨ ਹੋਵੇ ਜਾਂ ਚਰਿੱਤ੍ਰ ਪ੍ਰਧਾਨ, ਇਸ ਵਿਚ ਵਸਤੂ ਦਾ ਵਿਸ਼ੇਸ਼ ਮਹੱਤਵ ਹੈ।[73] ਮਹਾਂਕਾਵਿ ਦੀ ਕਥਾ ਲਈ

---

69. " The Divine Comedy is the incarnation of all that is most splendid and wonderful in mediaeval Catholicisim. In it, the reader finds the quaintessence of the philosophy, theology and the chivalry of the Middle Ages."
( The Outline of Literature, Edited by John Drinkwater, P. 171)

70. " Paradise Lost was written to be justification of the 'ways of God to Man', resting on a theological system as definite and almost as carefully articulated in the De Doctrina Christiana as the which Dante has accepted from the Summa of Acquinas." (Herbert J.C. Grierson, Metaphysical Lyrics and Poems of the Seventeenth Century, Oxford, 1952, Introduction, P. XV)

71. ਵਿਸ਼ਵਾ ਨਾਥ, ਸਾਹਿਤਯ ਦਰਪਣ, 6/319

72. ਜੈ ਹੋ ਜੈ ਹੋ-

ਜੱਤ੍ਰ ਤੱਤ੍ਰ ਬਿਰਾਜ ਹੈ ਅਵਧੂਤ ਰੂਪ ਰਸਾਲ
ਜੱਤ੍ਰ ਤੱਤ੍ਰ ਦਿਸਾ ਵਿਸਾ ਹੋਇ ਫੈਲਿਓ ਅਨੁਰਾਗ (ਜਾਪੁ ਸਾ: ਪਾ: ੧੦)

73. " Possibly the outstanding characteristics of the epic is the immensity of its theme." (Louis Untermeyer, The Forms of Poetry, New York, 1926, P. 10 )

ਜ਼ਰੂਰੀ ਹੈ ਕਿ ਇਸ ਦਾ ਆਦਿ, ਮੱਧ ਤੇ ਅੰਤ ਸਪਸ਼ਟ ਰੂਪ ਵਿਚ ਹੋਵੇ।[74] 'ਰਾਣਾ ਸੂਰਤ ਸਿੰਘ' ਇਸ ਦੇ ਪਹਿਲੇ ਦਾ 11ਵੇਂ ਤੋਂ 24ਵੇਂ ਪ੍ਰਕਰਣ ਨੂੰ ਮੱਧ ਅਤੇ 25ਵੇਂ ਤੋਂ 35ਵੇਂ ਪ੍ਰਕਰਣ ਨੂੰ ਅੰਤ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ।

<u>ਆਦਿ</u> – 'ਰਾਣਾ ਸੂਰਤ ਸਿੰਘ' ਵਿਚ 'ਸਮਾਧ' ਤੇ 'ਬੁੱਤ' ਵਾਲੇ ਪ੍ਰਕਰਣਾਂ ਵਿਚ ਰਾਣੀ ਦੇ ਪਤੀ-ਵਿਜੋਗ ਵਿਚ ਕੀਰਨਿਆਂ ਨੂੰ ਉਲੀਕਿਆ ਹੈ। 'ਮਾਂਦਗੀ' ਵਾਲੇ ਪ੍ਰਕਰਣ ਵਿਚ ਮੰਤਰੀ ਦੇ ਵਿਚਾਰ ਅਤੇ ਮਚਰੀ ਦੇ ਪਖੰਡਾਂ ਦਾ ਬਿਆਨ ਹੈ। ਫਿਰ 'ਪਲੰਘ', 'ਉਡਾਰੀ', 'ਦਰਸ਼ਨ, ਉਤਰਾਈ' ਤੇ 'ਮਗਨਤਾ' ਵਾਲੇ ਪ੍ਰਕਰਣਾਂ ਵਿਚ ਰਾਣੀ ਦੀ ਮੂਰਛਾ ਹਾਲਤ ਵਿਚ ਮੰਡਾਂ ਦੀ ਉਡਾਰੀ, ਸੱਚ ਖੰਡ ਵਿਚ ਦੂਰੋਂ ਰਾਣੇ ਦੇ ਦਰਸ਼ਨ ਅਤੇ ਸੁੰਦਰੀ ਤੇ ਰਾਣੀ ਚੰਦਰ ਕੌਰ ਨਾਲ ਵਿਚਾਰ ਵਟਾਂਦਰਾ ਹੈ। 'ਬਾਗ਼' ਵਾਲੇ ਪ੍ਰਕਰਣ ਵਿਚ ਰਾਣੀ ਆਪਣੇ ਰਾਣੇ ਨੂੰ ਕਲਪਨਾ ਵਿਚ ਸੁੰਦਰ ਤਖਤ ਉਤੇ ਬੈਠਿਆਂ ਵੇਖਦੀ ਹੈ। 'ਪਾਤੀ' ਵਾਲੇ ਪ੍ਰਕਰਣ ਵਿਚ ਰਾਜੇ ਕਹਲੂਰ ਦੀ ਰਾਣੀ ਨੂੰ 'ਰਾਣਾ ਸੂਰਤ ਸਿੰਘ' ਦੀ ਜਾਲ੍ਹੀ ਚਿੱਠੀ ਰਾਹੀਂ ਵਰਗਲਾਣ ਦਾ ਜ਼ਿਕਰ ਹੈ, ਜਿਸ ਦਾ ਰਾਣੀ ਮੂੰਹ ਤੋੜ ਨੀਤੀ- ਪੂਰਵਕ ਉੱਤਰ ਭੇਜਦੀ ਹੈ। ਇੱਥੋਂ ਤਕ ਦੀ ਕਥਾ ਨੂੰ ਆਦਿ ਕਹਿਆ ਜਾ ਸਕਦਾ ਹੈ, ਕਿਉਂਕਿ ਇੱਥੇ ਕਥਾ ਦੀਆਂ ਵੱਖ ਵੱਖ ਤੰਦਾਂ ਖੁਲ੍ਹਦੀਆਂ ਹਨ ਅਤੇ ਰਾਣੀ ਦੀ ਮਾਨਸਿਕ ਹਾਲਤ ਸੰਬੰਧੀ ਜਾਣਕਾਰੀ ਹੁੰਦੀ ਹੈ, ਜਿਸ ਵਿਚ ਕੋਈ ਵਿਸ਼ੇਸ਼ ਤਬਦੀਲੀ ਵਾਪਰੀ ਨਹੀਂ ਦਿਸਦੀ।

<u>ਮੱਧ</u>– ਇਸ ਤੋਂ ਬਾਅਦ 'ਪਰੀ ਮਹਲ ਚੜ੍ਹਾਈ' ਤੋਂ ਲੈ ਕੇ 'ਪਰੀ-ਮਹਲ-ਰੁੱਖ ਭੇਤ' ਵਾਲੇ ਪ੍ਰਕਰਣਾਂ ਤਕ ਪਰੀ ਮਹਲ ਦੀ ਵਿਖਿਆ ਤੇ ਰਾਣੇ ਦੇ ਪੱਤਰਾਂ ਸੰਬੰਧੀ ਜਾਣਕਾਰੀ ਹੁੰਦੀ ਹੈ। 'ਮਾਤਾ ਵਿਰਲਾਪ' ਵਾਲੇ ਪ੍ਰਕਰਣ ਵਿਚ ਰਾਣੀ ਚੰਦਰ ਕੌਰ ਦਾ ਰਾਣੀ ਦੇ ਲਾਪਤਾ ਹੋ ਜਾਣ ਤੇ ਵਿਰਲਾਪ ਨੂੰ ਉਲੀਕਿਆ ਹੈ। 'ਦਰਬਾਰ' ਵਿਚ ਪਹਲੀ ਵੇਰਾਂ ਰਾਣੀ ਆਂਤਰਿਕ ਰੈਨ ਦੀ ਸਮਾਪਤੀ ਤੇ ਸ਼ਾਹੀ ਦਰਬਾਰ ਵਿਚ ਆਉਂਦੀ ਹੈ। 'ਪਤੀ ਦੇ ਪੱਤਰਾਂ' ਵਾਲੇ ਪ੍ਰਕਰਣਾਂ ਵਿਚ ਰਾਣੇ ਦੇ ਪੱਤਰਾਂ ਰਾਹੀਂ ਰਾਣੀ ਨੂੰ ਜੀਵਨ- ਗਿਆਨ ਦੇਣ ਦਾ ਯਤਨ ਮਿਲਦਾ ਹੈ। ਕਥਾ ਦੇ ਇਸ ਭਾਗ ਨੂੰ ਮੱਧ ਆਖਿਆ ਜਾ ਸਕਦਾ ਹੈ, ਕਿਉਂਕਿ ਇੱਥੇ ਆ ਕੇ ਕਥਾ ਰੂਪ ਵਿਕਾਸ ਕਰਦੀ ਹੈ ਅਤੇ ਰਾਣੀ ਪ੍ਰਕਾਸ਼ ਦੇ ਪੱਖ ਉਤੇ ਵਿਚਰਨਾ ਸ਼ੁਰੂ ਕਰਦੀ ਹੈ। ਹਾਲੀ ਤਕ ਪੂਰੀ ਤਰ੍ਹਾਂ ਉਸ ਦੇ ਜੀਵਨ ਵਿਚ ਪ੍ਰਕਾਸ਼ ਨਹੀਂ ਜਾਗਦਾ, ਇਸੇ ਕਰਕੇ ਉਸ ਦੀ ਮਾਨਸਿਕ ਅਵਸਥਾ ਵਿਚ ਪ੍ਰਕਾਸ਼ ਅਤੇ ਟੋਟ ਨਾਲੋਂ ਨਾਲ ਚਲਦੇ ਹਨ।

<u>ਅੰਤ</u> – ਫਿਰ 'ਸਤਿਸੰਗ- ਦਰ' ਤੋਂ 'ਸਤਿਸੰਗ ਕਰਨੀ' ਤਕ ਦੇ ਪ੍ਰਕਰਣਾਂ ਵਿਚ ਰਾਣੀ ਦਾ ਪਰੀ ਦੇ ਦੱਸੇ ਸਤਿਸੰਗ ਅਸਥਾਨ ਵਿਚ ਪ੍ਰਵੇਸ਼ ਅਤੇ ਉਥੋਂ ਪ੍ਰਾਪਤ ਹੋਏ ਗਿਆਨ ਦਾ ਉਲੇਖ ਹੈ। 'ਸ਼ੁਕਰ' ਵਿਚ ਰਾਣੀ ਦਾ ਸੱਚੇ ਗਿਆਨ ਨੂੰ ਪ੍ਰਾਪਤ ਕਰਕੇ ਇਸ ਤੇ ਅਮਲ ਕਰਦਿਆਂ ਜੀਵਨ ਬਿਤਾਉਣ ਨਾਲ ਕਥਾ ਦਾ ਅੰਤ ਕੀਤਾ

---

74. "Now a whole is that which has beginning, middle and end."
( Aristotle on the Art of Poetry, Bywater's Translation, P. 40)

ਗਇਆ ਹੈ। ਇਸ ਭਾਗ ਨੂੰ ਅੰਤ ਇਸ ਵਾਸਤੇ ਕਹਿਆ ਗਇਆ ਹੈ ਕਿ ਇੱਥੇ ਆ ਕੇ ਰਾਣੀ ਪ੍ਰਕਾਸ਼ ਨੂੰ ਪ੍ਰਾਪਤ ਕਰਕੇ ਸੱਚੇ ਜੀਵਨ ਮਾਰਗ ਨੂੰ ਅਪਣਾ ਲੈਂਦੀ ਹੈ ਅਤੇ ਉਸ ਦੇ ਆਂਤਰਿਕ ਜੀਵਨ ਵਿਚ ਟਿਕਾ ਆ ਜਾਂਦਾ ਹੈ।

<u>ਕਥਾ ਦੀ ਸਰਲਤਾ</u> – 'ਰਾਣਾ ਸੂਰਤ ਸਿੰਘ' ਵਿਚ ਇਵੇਂ ਸਰਲ ਰੇਖਾਵਾਂ ਨਾਲ ਹੀ ਸਾਰੀ ਕਥਾ ਨੂੰ ਪ੍ਰਸਾਰਿਆ ਗਇਆ ਹੈ। ਇਸ ਦੇ ਵਸਤੂ ਵਿਚ ਕਿਸੇ ਦੀਰਘ ਕੌਸ਼ ਪਰੀਖਾ, ਵਿਸਤ੍ਰਿਤ ਘਟਨਾ- ਕਰਮ ਅਤੇ ਪਾਤਰਾਂ ਦੀ ਬਹੁਲਤਾ ਨਹੀਂ ਮਿਲਦੀ। ਅਰਸਤੂ ਕਥਾ ਦਾ ਵਰਗੀਕਰਣ ਜਟਿਲ ਤੇ ਸਰਲ ਦੋ ਭਾਗਾਂ ਵਿਚ ਕਰਦਾ ਹੈ।[75] 'ਰਾਣਾ ਸੂਰਤ ਸਿੰਘ' ਦੀ ਕਥਾ ਸਰਲ ਹੈ, ਇਸ ਵਿਚ ਜਟਿਲਤਾ ਨਹੀਂ।

<u>ਪਰਾ- ਪ੍ਰਕ੍ਰਿਤਕ ਅੰਸ਼ ਦੀ ਅਣਹੋਂਦ</u> – ਸੰਸਕ੍ਰਿਤ ਤੇ ਯੂਨਾਨੀ ਮਹਾਂ ਕਾਵਿਆਂ ਵਿਚ ਪਰਾ-ਪ੍ਰਕ੍ਰਿਤਕ ਅੰਸ਼ ਕਥਾ ਦੀ ਧਾਰਾ ਵਿਚ ਪਰਿਵਰਤਨ ਕਰਦੇ ਦਿਖਾਈ ਦਿੰਦੇ ਹਨ ਅਤੇ ਕਈ ਮੌਕਿਆਂ ਤੇ ਪਰਿਸਥਿਤੀਆਂ ਦੀ ਯੋਜਨਾ ਕਿਸੇ ਅਦ੍ਰਿਸ਼ਟ ਸ਼ਕਤੀ ਉਤੇ ਆਧਾਰਿਤ ਹੁੰਦੀ ਹੈ।[76] 'ਰਾਣਾ ਸੂਰਤ ਸਿੰਘ' ਦੀ ਕਥਾ ਸੁਭਾਵਿਕ ਗਤੀ ਨਾਲ ਚਲਦੀ ਹੈ, ਇਸ ਵਿਚ ਕੋਈ ਕਰਾਮਾਤ ਜਾਂ ਪਰਾ- ਪ੍ਰਕ੍ਰਿਤਕ ਘਟਨਾ ਨਹੀਂ ਵਾਪਰਦੀ। ਆਧੁਨਿਕ ਯੁਗ ਵਿਚ ਕਿਸੇ ਕਿਸਮ ਦੀ ਕਰਾਮਾਤ ਨੂੰ ਅਸੁਭਾਵਿਕ ਸਮਝਿਆ ਜਾਂਦਾ ਹੈ।

'ਰਾਣਾ ਸੂਰਤ ਸਿੰਘ' ਵਿਚ ਕਥਨ-ਉਪਕਥਨਾਂ ਅਤੇ ਸੰਵਾਦਾਂ ਰਾਹੀਂ ਘਟਨਾ ਕਰਮ ਅੱਗੇ ਵਧਦਾ ਰਹਿੰਦਾ ਹੈ। ਸੂਖਮ ਮਨੋਭਾਵਾਂ ਦਾ ਨਿਰੂਪਣ ਸੰਵਾਦ ਸ਼ੈਲੀ ਨਾਲ ਹੋਇਆ ਹੈ। 'ਪਰੀ ਮਹਲ' ਵਾਲੇ ਪ੍ਰਕਰਣ ਵਿਚ ਪਰੀ ਤੇ ਰਾਜ ਅਤੇ 'ਸਤਿਸੰਗ' ਵਾਲੇ ਪ੍ਰਕਰਣ ਵਿਚ ਗੁਰਮੁਖ ਜੀ ਅਤੇ ਰਾਣੀ ਦੇ ਸੰਵਾਦਾਂ ਦਾ ਕਥਾ ਦੇ ਵਿਕਾਸ ਵਿਚ ਮਹਤਵ-ਪੂਰਣ ਸਥਾਨ ਹੈ। ਸਾਰੀ ਕਥਾ ਰਾਣੀ ਰਾਜ ਕੌਰ ਦੁਆਲੇ ਘੁੰਮਦੀ ਹੈ ਅਤੇ ਆਰੰਭ ਤੋਂ ਲੈ ਕੇ ਅੰਤ ਤਕ ਉਹ ਹੀ ਕੇਂਦ੍ਰਬਿੰਦੂ ਬਣੀ ਰਹਿੰਦੀ ਹੈ। ਇਹ ਕਥਾ ਵਧੇਰੇ ਵਿਸਤ੍ਰਿਤ ਨਾ ਹੋ ਕੇ ਭਾਵਮਈ ਅਤੇ ਕੇਂਦ੍ਰਿਤ ਹੈ।

<u>ਸਥਾਨ ਦੀ ਏਕਤਾ</u> – 'ਰਾਣਾ ਸੂਰਤ ਸਿੰਘ' ਵਿਚ ਸਥਾਨ ਏਕਤਾ ਦਾ ਗੁਣ ਵੀ ਕਾਫ਼ੀ ਹੱਦ ਤਕ ਅਪਣਾਇਆ ਗਇਆ ਹੈ। ਮੂਲ ਕਥਾ ਪਹਾੜੀ ਰਿਆਸਤ ਤਕ ਹੀ ਸੀਮਤ ਹੈ। ਇਹ ਰਾਣੀ ਦੇ ਮਹਲ, ਮਹਲ ਦੇ ਇਰਦ ਗਿਰਦ, ਸਮਾਧ, ਬਾਰਾਂਦਰੀ ਤੇ ਬਾਗ਼ ਤਕ ਹੀ ਵਧੇਰੇ ਸੀਮਤ ਰਹਿੰਦੀ ਹੈ। 'ਪਰੀ-ਮਹਲ' ਤੇ 'ਸਤਿਸੰਗ ਦਰ' ਵੀ ਰਾਣੀ ਦੀ ਨਗਰੀ ਤੋਂ ਕੋਈ ਬਹੁਤ ਦੂਰ ਨਹੀਂ।

---

75. " Plots are either simple or complex, since the actions they represent are naturally of the twofold descriptions."
(Aristotle On the Art of Poetry, Bywater's Translation, P. 46)

76. " Very few epic poets have ventured to do without supernatural machinary of some sort."
( Abercrombie, The Epic, P. 55 )

ਕਥਾ ਦੋਸ਼ – ਇਨ੍ਹਾਂ ਵਿਸ਼ੇਸ਼ਤਾਈਆਂ ਦੇ ਬਾਵਜੂਦ ਵੀ 'ਰਾਣਾ ਸੂਰਤ ਸਿੰਘ' ਦੀ ਕਥਾ ਨੂੰ ਬਿਲਕੁਲ ਨਿਰਦੋਸ਼ ਨਹੀਂ ਕਹਿਆ ਜਾ ਸਕਦਾ। ਇਸ ਵਿਚ ਕਈ ਥਾਈਂ ਧਰਮ ਦੇ ਗਿਆਨ ਦੀ ਵਿਆਖਿਆ ਇਤਨੀ ਹਾਵੀ ਹੋ ਜਾਂਦੀ ਹੈ ਕਿ ਮੂਲ ਘਟਨਾ ਦੀ ਚਾਲ ਰੁਕ ਜਾਂਦੀ ਹੈ। 'ਪਤੀ ਦੇ ਪੱਤ੍ਰ' ਤੇ 'ਸਤਿਸੰਗ ਦਰ' ਤੋਂ ਲੈ ਕੇ 'ਸਤਿਸੰਗ ਕਰਨੀ' ਤਕ ਦੇ ਪ੍ਰਕਰਣਾਂ ਵਿਚ ਭਾਈ ਸਾਹਿਬ ਦੇ ਵਿਚਾਰ ਸਿੱਧੇ ਵਧੇਰੇ ਪ੍ਰਗਟ ਹੁੰਦੇ ਹਨ। ਇਸ ਤਰੁੱਟੀ ਤੋਂ ਚੇਤੰਨ ਹੁੰਦਿਆਂ ਜੇ ਭਾਈ ਸਾਹਿਬ ਇਕੋ ਕਥਾ ਨੂੰ ਕੁਝ ਵਧੇਰੇ ਮੁੱਖ ਰੱਖ ਕੇ ਸੰਕੇਤ-ਮਈ ਸ਼ੈਲੀ ਰਾਹੀਂ ਕਾਰਜ ਕਰਦੇ, ਤਾਂ ਕਥਾ ਵਧੇਰੇ ਪ੍ਰਭਾਵਸ਼ਾਲੀ ਬਣ ਸਕਦੀ ਸੀ। ਹੁਣ ਇੱਥੇ ਬਲਵਾਨ ਵਿਚਾਰ ਸਿੱਧੇ ਪ੍ਰਗਟ ਹੋਏ ਜ਼ਰੂਰ ਮਿਲਦੇ ਹਨ ਤੇ ਇਨ੍ਹਾਂ ਦੀ ਕੀਮਤ ਤੋਂ ਮੁਨਕਰ ਵੀ ਨਹੀਂ ਹੋਇਆ ਜਾ ਸਕਦਾ ਪਰ ਇਹ ਕਥਾ ਵਿਚ ਪੂਰੀ ਤਰ੍ਹਾਂ ਰਚੇ ਹੋਏ ਨਹੀਂ, ਸਗੋਂ ਕੁਝ ਨਿਵੇਕਲੇ ਰੂਪ ਵਿਚ ਪ੍ਰਗਟ ਹੁੰਦੇ ਹਨ।

ਭਾਵ- ਨਿਰੂਪਣ — 'ਰਾਣਾ ਸੂਰਤ ਸਿੰਘ' ਦਾ ਭਾਵ ਅਤੇ ਕਲਪਨਾ ਪੱਖ ਵੀ ਭਾਈ ਸਾਹਿਬ ਦੇ ਵਿਅਕਤਿਤਵ ਨਾਲ ਓਤਪੋਤ ਹੈ। ਕਥਾ ਨੂੰ ਮਨ ਅਨੁਕੂਲ ਨਿਰਮਤ ਕਰਨ ਦੇ ਲਈ ਭਾਈ ਸਾਹਿਬ ਨੇ ਵਿਭਿੰਨ ਭਾਵਾਂ ਦਾ ਨਿਰੂਪਣ ਕੀਤਾ ਹੈ। ਭਾਵ- ਸਾਕਾਰਤਾ ਦੇ ਕਾਰਨ ਵਸਤੂ ਵਰਣਨ ਦੀ ਸ਼ਕਤੀ ਵਿਚ ਕਾਫ਼ੀ ਵਾਧਾ ਹੁੰਦਾ ਹੈ। ਰਾਣੇ ਦੀ ਮੌਤ ਤੇ ਰਾਣੀ ਦਾ ਸ਼ੋਕ ਗ੍ਰਸਤ ਹੋਣਾ ਸੁਭਾਵਿਕ ਹੈ। ਇੱਥੇ ਵਿਸ਼ੇਸ਼ਤਾ ਹੈ ਕਿ ਰਾਣੀ ਦੇ ਅੰਤਰ ਵਿਚ ਉਠਣ ਵਾਲੇ ਸ਼ੋਕਭਾਵ ਕਵੀ ਦੇ ਸ਼ਬਦਾਂ ਵਿਚ ਮੂਰਤੀਮਾਨ ਹੋ ਗਏ ਹਨ। ਚਿੰਤਾ ਦਾ ਚਿਤ੍ਰਨ ਕਰਨ ਤੋਂ ਪਸ਼ਚਾਤ ਭਾਈ ਸਾਹਿਬ ਨੇ ਮਾਨਸਿਕ ਜਗਤ ਵਿਚ ਇਸ ਦੇ ਪ੍ਰਭਾਵ ਨੂੰ ਵਰਣਨ ਕੀਤਾ ਹੈ। ਜਿਵੇਂ ਕੋਮਲ ਅਤੇ ਸੂਖਮ ਭਾਵਾਂ ਦੇ ਚਿਤ੍ਰਅੰਕਣ ਵਿਚ ਉਨ੍ਹਾਂ ਦੇ ਮਧੁਰ ਭਾਵ ਜਾਗ੍ਰਿਤ ਹੋ ਜਾਂਦੇ ਹਨ। ਗਿਆਨ ਪ੍ਰਕਾਸ਼ ਦੇ ਨਾਲ ਹੀ ਆਤਮਾ ਦੇ ਉਦੇ ਹੋਣ ਤੇ ਸਦ੍ਰਰ ਸਜਗ ਹੋ ਜਾਂਦਾ ਹੈ। ਖੰਡਾਂ ਦੀ ਮੂਰਛਾ ਹਾਲਤ ਵਿਚ ਦਰਸ਼ਨ ਕਰਕੇ ਰਾਣੀ ਦੇ ਹਿਰਦੇ ਵਿਚ ਜਗਿਆਸਾ ਤੇ ਕੁਤੂਹਲ ਅਨੇਕ ਪ੍ਰਸ਼ਨ ਕਰਦੇ ਹਨ। 'ਪਰੀ ਮਹਲ' ਪ੍ਰਵੇਸ਼ ਤੇ 'ਸਤਿਸੰਗ ਦਰ' ਵਿਚ ਭਾਈ ਸਾਹਿਬ ਨੇ ਉਦਾਤ ਭਾਵਾਂ ਦਾ ਨਿਰੂਪਣ ਕੀਤਾ ਹੈ। ਜਿਨ੍ਹਾਂ ਸਥਾਈ ਭਾਵਾਂ ਦੇ ਨਾਲ ਹੀ ਹੋਰ ਸੰਚਾਰੀ ਭਾਵਾਂ ਦਾ ਉਲੇਖ ਵੀ ਮਿਲਦਾ ਹੈ। ਚਿੰਤਾ ਆਪਣੇ ਨਾਲ ਸ਼ੋਕ, ਵਿਸ਼ਾਦ ਤੇ ਕਰੁਣਾ ਨੂੰ ਲੈ ਕੇ ਚਲਦੀ ਹੈ। ਆਸ਼ਾ ਦਾ ਭਾਵ ਜਾਗ੍ਰਤੀ, ਜਗਿਆਸਾ ਤੇ ਪ੍ਰਕਾਸ਼ ਦਾ ਸਿਰਜਣ ਕਰਦਾ ਹੈ। ਕਰਮ ਲਾਲਸਾ ਨੂੰ ਲੈ ਕੇ ਟੁਰਦਾ ਹੈ। ਇਸ ਤਰ੍ਹਾਂ 'ਰਾਣਾ ਸੂਰਤ ਸਿੰਘ' ਵਿਚ ਅਨੇਕ ਭਾਵਾਂ ਦਾ ਇਕ ਸਾਥ ਸਮਾਵੇਸ਼ ਕਾਵਿ ਵਿਚ ਏਕਾਕਾਰ ਹੋ ਕੇ ਆਇਆ ਹੈ।

ਦ੍ਰਿਸ਼- ਵਰਣਨ — 'ਰਾਣਾ ਸੂਰਤ ਸਿੰਘ' ਵਿਚ ਸਥੂਲ ਵਸਤੂ ਚਿੱਤ੍ਰਨ ਵਿਚ ਵੀ ਭਾਈ ਸਾਹਿਬ ਦੀ ਪ੍ਰਾਪਤੀ ਕਾਫ਼ੀ ਸੰਤੋਖ- ਜਨਕ ਹੈ। ਇਸ ਵਿਚ 'ਸਮਾਧ'[77], 'ਬੁੱਤ'[78], ਬਾਗ਼[79], 'ਪਰੀ- ਮਹਲ'[80] ਸਤਿਸੰਗ ਸਥਾਨ[81], 'ਦਰਬਾਰ'[82], ਆਦਿਕ ਦਾ ਚਿੱਤ੍ਰਨ ਬੜੀ ਬਰੀਕੀ ਨਾਲ ਹੋਇਆ ਮਿਲਦਾ ਹੈ। ਸਮਾਧ ਦੇ ਦ੍ਰਿਸ਼

---

77. ਰਾਣਾ ਸੂਰਤ ਸਿੰਘ, ਪ੍ਰਕਰਣ 1
78. ਉਹੀ, ਪ੍ਰਕਰਣ 2
79. ਉਹੀ, ਪ੍ਰਕਰਣ 9
80. ਉਹੀ, ਪ੍ਰਕਰਣ 11
81. ਉਹੀ, ਪ੍ਰਕਰਣ 26
82. ਉਹੀ, ਪ੍ਰਕਰਣ 20

ਵਰਣਨ ਦੀ ਉਦਾਹਰਣ ਹੀ ਵੇਖੋ:

ਸੁੰਦਰ ਇਕ ਸਮਾਧ ਕੋਲੇ ਏਸ ਦੇ
ਉਸਰੀ ਖੜੀ ਸੁਢਾਲ ਚੂਨੇ ਗੱਚ ਹੈ।
ਗੁੰਬਦ ਫਾਂਕੀਦਾਰ, ਨਾਲੇ ਕਲਸੀਆਂ,
ਕਲਸ ਸੁਨਹਿਰੀ ਨਾਲ ਖੜਾ ਵਿਚਾਲੇ
ਚਿੱਟਾ ਮਰਮਰ ਸੰਖ ਅੰਦਰ ਲੱਗਿਆ
ਅਬਰੀਦਾਰ ਸੰਜਾਫ਼ ਲਗੀ ਨਾਲ ਹੈ
ਅੰਡਾਕਾਰ ਸਮਾਧ ਗੁੰਬਦ ਹੇਠ ਹੈ,
ਕਾਰੀਗਰੀ ਅਜੀਬ ਬਣੀ ਜੁ ਨਾਲ ਹੈ।[83]

<u>ਪ੍ਰਕ੍ਰਿਤੀ ਚਿੱਤ੍ਰਨ</u> – 'ਰਾਣਾ ਸੂਰਤ ਸਿੰਘ' ਵਿਚ ਪ੍ਰਕ੍ਰਿਤੀ ਵਧੇਰੇ ਪਿਠ-ਭੂਮੀ ਦਾ ਕਾਰਜ ਹੀ ਕਰਦੀ ਹੈ। ਸਾਰੀ ਕਥਾ ਦਾ ਸੰਬੰਧ ਪਹਾੜੀ ਰਿਆਸਤ ਨਾਲ ਹੈ, ਇਸ ਲਈ ਇੱਥੇ ਪ੍ਰਕ੍ਰਿਤੀ ਦਾ ਭਰਪੂਰ ਵਰਣਨ ਆਉਣਾ ਸੁਭਾਵਿਕ ਹੈ। ਆਰੰਭ ਵਿਚ ਹੀ ਨਦੀ ਦੇ ਕਿਨਾਰੇ ਬ੍ਰਿਛਾਂ, ਬੂਟਿਆਂ ਤੇ ਸਬਜ਼ੇ ਨਾਲ ਲਹਿ ਲਹਾਂਦੇ ਰਾਣਾ ਸੂਰਤ ਸਿੰਘ ਦੀ ਸਮਾਧ ਦੇ ਮੈਦਾਨ ਦਾ ਜ਼ਿਕਰ ਹੈ। 'ਮਗਨਤਾ' ਵਾਲੇ ਪ੍ਰਕਰਣ ਵਿਚ ਰਾਣੀ ਦੀ ਰਾਣੇ ਦੀ ਯਾਦ ਵਿਚ ਮਗਨਤਾ ਤੋਂ ਪਹਿਲੇ ਆਕਾਸ਼ ਵਿਚ ਸਿਤਾਰਿਆਂ ਦੀ ਝਲਕਣ ਤੇ ਮਿੱਠੀ ਮਿੱਠੀ ਰੁਮਕਦੀ ਪੌਣ ਟਿਕਾ ਵਾਲਾ ਸੁਹਾਵਣਾ ਵਾਯੂਮੰਡਲ ਉਤਪੰਨ ਕਰਦੀ ਹੈ:

ਛਟਕ ਰਹੀ ਸੀ ਰਾਤ ਨਿਰਮਲ ਛਿਣਕੀ,
ਮਟਕ ਮਟਕ ਮਟਕਾਰ ਤਾਰੇ ਝਲਕਦੇ।
ਅਟਕ ਰਹੀ ਇਸ ਮੌਜ ਵਿਰਤੀ ਰਾਜ ਦੀ।[84]

'ਪਰੀ ਮਹਲ'[85] ਵਿਚ ਪਰੀ ਨਾਲ ਰਾਣੀ ਦੀ ਵਾਰਤਾਲਾਪ ਪ੍ਰਕ੍ਰਿਤੀ ਦੇ ਇਕਾਂਤ ਵਾਯੂ-ਮੰਡਲ ਵਿਚ ਕੁਝ ਵਧੇਰੇ ਹੀ ਪ੍ਰਭਾਵਸ਼ਾਲੀ ਬਣ ਜਾਂਦੀ ਹੈ। 'ਸਤਿਸੰਗ ਸਥਾਨ' ਵੀ ਪ੍ਰਕ੍ਰਿਤੀ ਦੀ ਸੁੰਦਰਤਾ ਦੇ ਘਿਰੇ ਵਾਯੂਮੰਡਲ ਵਿਚ ਪਰਬਤ ਦੀ ਗੁਫ਼ਾ ਵਿਚ ਹੋਣ ਕਰਕੇ ਵਧੇਰੇ ਰਮਣੀਕ ਹੋ ਜਾਂਦਾ ਹੈ।

ਇਸ ਦੇ ਨਾਲ ਹੀ ਕਈ ਥਾਈਂ ਭਾਈ ਸਾਹਿਬ ਪ੍ਰਕ੍ਰਿਤੀ ਅਤੇ ਮਾਨਵ ਵਿਚ ਇਕ ਸੰਬੰਧ ਸਥਾਪਤ ਕਰ ਲੈਂਦੇ ਹਨ। 'ਖਾੜ'[86], 'ਪਰੀ-ਮਹਲ ਵਕ੍ਰਾਈ'[87], 'ਮਾਤਾ ਵਿਰਲਾਪ'[88] ਵਾਲੇ ਪ੍ਰਕਰਣਾਂ ਵਿਚ ਪ੍ਰਕ੍ਰਿਤੀ ਅਤੇ ਮਾਨਵੀ ਕਾਰਜ ਇਕ ਸਾਥ ਹੋ ਕੇ ਚਲਦੇ ਹਨ। ਇੱਥੇ ਭਾਈ ਸਾਹਿਬ ਨੇ ਪ੍ਰਕ੍ਰਿਤੀ ਦੀ

---

83. ਰਾਣਾ ਸੂਰਤ ਸਿੰਘ, ਪੰਨਾ 1, ਪੰਕਤੀ-11-18
84. ਉਹੀ, ਪੰਨਾ 36, ਪੰਕਤੀ- 6-8
85. ਉਹੀ, ਪ੍ਰਕਰਣ 14-15
86. ਉਹੀ, ਪ੍ਰਕਰਣ 9
87. ਉਹੀ, ਪ੍ਰਕਰਣ 11
88. ਉਹੀ, ਪ੍ਰਕਰਣ 19

ਜੜ੍ਹਤਾ ਵਿਚ ਚੇਤੰਨਤਾ ਦਾ ਹੀ ਨਹੀਂ, ਮਾਨਵੀਅਤਾ ਦਾ ਆਰੋਪ ਵੀ ਕੀਤਾ ਹੈ। ਵਰਡਜ਼ਵਰਥ ਦੀ ਪ੍ਰਕ੍ਰਿਤੀ ਨਾਲ ਵਾਰਤਾਲਾਪ ਕਰਦਾ ਹੈ, ਪਰ 'ਰਾਣਾ ਸੂਰਤ ਸਿੰਘ' ਵਿਚ ਪ੍ਰਕ੍ਰਿਤੀ ਮਾਨਵ ਦੀ ਸਾਥਣ ਬਣ ਕੇ ਉਸ ਦੇ ਪ੍ਰਸ਼ਨਾਂ ਦਾ ਉੱਤਰ ਵੀ ਮੋਨ ਭਾਸ਼ਾ ਵਿਚ ਦੇ ਜਾਂਦੀ ਹੈ। 'ਪਰੀ ਮਹਲ-ਰਸੋਈ' ਵਾਲੇ ਪ੍ਰਕਰਣ ਵਿਚ ਰੁੱਖ ਆਪਣੀ ਛਾਂ ਨਾਲ ਰਾਣੀ ਤੇ ਰਾਧਾਂ ਨੂੰ ਅਤਿਥੀ ਜਾਣ ਕੇ ਛੇ ਛੋਹ ਬਖਸ਼ਦੇ ਹਨ। ਫਿਰ ਕੁਝ ਦੇਰ ਬਾਅਦ ਸਫ਼ਰ ਲਈ ਟੁਰਨ ਦੀ ਪ੍ਰੇਰਨਾ ਦੇਣ ਲਈ ਬੱਦਲ ਗੱਜ ਕੇ ਜਗਾਂਦਿਆਂ ਵਿਦਾ ਵੀ ਕਰਦੇ ਹਨ।

ਕੀਤਾ ਹੋਰ ਉਪਕਾਰ ਸੁਹਣੀ ਪੌਣ ਨੇ
ਸੈਨਾ ਬੱਦਲਾਂ ਚਾੜ੍ਹ ਮੋੜੇ ਆਪਣੇ
ਲੈ ਆਈ ਇਹ ਨਾਲ ਰਸ ਪਹਾੜ ਤੇ
ਇਹਨਾਂ ਡਿੱਠਾ ਆਣ ਸੂਰਜ ਕਹਿਰ ਜੋ

- - - - - - - - - - - -

ਬੱਦਲਾਂ ਵਾਲਾ ਮੰਤ੍ਰ ਸੁਣਿਆਂ ਬ੍ਰਿਛ ਨੇ
ਖੁਸ਼ੀ ਹੋਇ ਹੁਣ ਹੋਰ ਮਾਨੋਂ ਸੋਚਦਾ:
'ਅਤਿਥਯਾ ਸੰਦੀ ਸੇਵ ਸੁਹਣੀ ਹੋ ਗਈ,
'ਘਰ ਆਏ ਮਿਹਮਾਨ ਰਾਜ਼ੀ ਜਾਣਗੇ।[89]

'ਰਾਣਾ ਸੂਰਤ ਸਿੰਘ' ਵਿਚ ਪ੍ਰਕ੍ਰਿਤੀ ਦੇ ਪ੍ਰਤੀਕ, ਰੂਪਕ ਅਤੇ ਉਪਮਾਵਾਂ ਆਪਣੀ ਸੰਪੂਰਣ ਸਜੀਵਤਾ ਦੀ ਅਭਿਵਿਅਕਤੀ ਕਰਦੀਆਂ ਹਨ। ਇੱਥੇ ਪ੍ਰਕ੍ਰਿਤੀ ਚਿੱਤ੍ਰਨ ਦੀ ਸਹਾਇਤਾ ਨਾਲ ਭਾਈ ਸਾਹਿਬ ਨੇ ਕਾਫ਼ੀ ਹੱਦ ਤਕ ਕਲਾ ਦਾ ਸ਼ਿੰਗਾਰ ਕੀਤਾ ਹੈ।[90]

ਚਰਿੱਤ੍ਰ ਚਿੱਤ੍ਰਨ — ਚਰਿੱਤ੍ਰ ਚਿੱਤ੍ਰਨ ਨੂੰ ਪੱਛਮੀ ਆਲੋਚਕਾਂ ਨੇ ਵਧੇਰੇ ਮਹੱਤਵ ਦਿੱਤਾ ਹੈ। ਕਿਸੇ ਵੀ ਕਥਾ ਦੇ ਨਿਰਮਾਣ ਲਈ ਸਭ ਤੋਂ ਪਹਿਲਾਂ ਪਾਤਰਾਂ ਨੂੰ ਵਿਅਕਤਿਤਵ ਪ੍ਰਦਾਨ ਕੀਤਾ ਜਾਂਦਾ ਹੈ। ਪਾਤਰ ਆਪਣੇ ਵਿਅਕਤਿਤਵ ਦੁਆਰਾ ਹੀ ਖਿੱਚ ਦਾ ਕੇਂਦ੍ਰ ਬਣਦੇ ਹਨ। ਭਾਰਤ ਵਿਚ ਚਰਿੱਤ੍ਰ ਸ੍ਰਿਸ਼ਟੀ ਰਸ-ਸਿੱਧਾਂਤ ਦੇ ਅੰਤਰਗਤ ਹੀ ਆ ਜਾਂਦੀ ਹੈ। ਸਤ ਅਤੇ ਅਸਤ ਦੋਹਾਂ ਪ੍ਰਕਾਰ ਦੇ ਪਾਤਰ ਅਨੰਦ ਸਿਰਜਣ ਵਿਚ ਸਹਾਇਕ ਹੁੰਦੇ ਹਨ।

ਭਾਈ ਸਾਹਿਬ ਨੇ ਪੱਛਮ ਦੇ ਵਿਅਕਤੀਵਾਦ ਅਤੇ ਭਾਰਤ ਰਸ ਸਿੱਧਾਂਤ ਦੋਹਾਂ ਦੇ ਸੁਮੇਲ ਰਾਹੀਂ 'ਰਾਣਾ ਸੂਰਤ ਸਿੰਘ' ਵਿਚ ਪਾਤਰ ਚਿੱਤ੍ਰਨ ਦਾ ਨਿਰਮਾਣ ਕੀਤਾ ਹੈ। ਉਨ੍ਹਾਂ ਨੇ ਪਾਤਰਾਂ ਨੂੰ ਕੇਵਲ ਵਿਅਕਤੀਗਤ ਵਿਸ਼ੇਸ਼ਤਾਈਆਂ ਭਰਪੂਰ ਬਣਾਉਣ ਦਾ ਯਤਨ ਨਹੀਂ ਕੀਤਾ। ਇੱਥੇ ਪਾਤਰਾਂ ਵਿਚ ਚਿੰਤਨ ਦਾ ਇਕ ਵਿਸ਼ੇਸ਼ ਰੂਪ ਸਮਾਇਆ ਹੋਇਆ ਹੈ। ਇੱਥੇ ਪਾਤਰ ਸਹੀ ਅਰਥਾਂ ਵਿਚ ਮਾਨਵ ਇਕਾਈਆਂ ਹਨ,

---

89. ਰਾਣਾ ਸੂਰਤ ਸਿੰਘ, ਪੰਨਾ 56-57, ਪੰਕਤੀ 295-336
90. ਪ੍ਰਕ੍ਰਿਤੀ- ਚਿਤ੍ਰਨ ਦੇ ਹੋਰ ਵਿਸਥਾਰ ਲਈ ਵੇਖੋ ਅਧਿਆਇ ਪੰਜਵਾਂ।

ਜਿਨ੍ਹਾਂ ਦੇ ਮਾਧਿਅਮ ਰਾਹੀਂ ਭਾਈ ਸਾਹਿਬ ਕਿਸੇ ਆਦਰਸ਼ ਤਕ ਜਾਣਾ ਚਾਹੁੰਦੇ ਹਨ।[91] ਇਨ੍ਹਾਂ ਵਿਚ ਪ੍ਰਾਣ-ਪ੍ਰਤਿਸ਼ਠਾ ਕੇਵਲ ਵਿਅਕਤੀਗਤ ਵਿਸ਼ੇਸ਼ਤਾਈਆਂ ਨੂੰ ਉਘਾੜਨ ਲਈ ਹੀ ਨਹੀਂ ਕੀਤੀ ਗਈ। ਇਨ੍ਹਾਂ ਤੋਂ ਪ੍ਰਤੀਕ ਦਾ ਕੰਮ ਵੀ ਲਿਆ ਗਇਆ ਹੈ। ਰਾਣਾ ਸੂਰਤ ਸਿੰਘ ਤੇ ਰਾਣੀ ਰਾਜ ਕੌਰ ਭਾਵੇਂ ਪਤੀ ਪਤਨੀ ਦੇ ਰੂਪ ਵਿਚ ਆਉਂਦੇ ਹਨ, ਪਰ ਇਸ ਦੇ ਨਾਲ ਹੀ ਉਹ ਆਦਰਸ਼- ਸਰੂਪ ਤੇ ਆਦਰਸ਼- ਸਿੱਧੀ ਦੇ ਸਾਧਕ ਦੇ ਪ੍ਰਤਿਰੂਪ ਵੀ ਹਨ। ਉਨ੍ਹਾਂ ਵਿਚ ਇਕ ਸ਼ਾਸ਼ਵਤ ਚੇਤਨਾ ਵਿਦਮਾਨ ਹੈ ਜੋ ਉਨ੍ਹਾਂ ਨੂੰ ਦੇਸ਼ ਕਾਲ ਦੇ ਬੰਧਨਾ ਤੋਂ ਉਤੇ ਉਠਾ ਲੈ ਜਾਂਦੀ ਹੈ।

'ਰਾਣਾ ਸੂਰਤ ਸਿੰਘ' ਦੀ ਪਾਤਰ ਉਸਾਰੀ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਭਾਈ ਸਾਹਿਬ ਨੇ ਇਸ ਵਿਚ ਥੋੜ੍ਹੇ ਜਹੇ ਪਾਤਰਾਂ ਰਾਹੀਂ ਸਾਰੇ ਜੀਵਨ ਦੀ ਅਭਿਵਿਅਕਤੀ ਕੀਤੀ ਹੈ। ਇੱਥੇ ਨਾਟਕੀ ਸ਼ੈਲੀ ਰਾਹੀਂ ਹੀ ਪਾਤਰਾਂ ਦਾ ਅੰਤਰ- ਮਨ ਖੋਲ੍ਹਣ ਦਾ ਯਤਨ ਕੀਤਾ ਗਇਆ ਹੈ। 'ਰਾਣਾ ਸੂਰਤ ਸਿੰਘ' ਦੇ ਚਰਿੱਤ੍ਰ ਚਿੱਤ੍ਰਨ ਦੇ ਸਮੁੱਚੇ ਗੁਣਾਂ ਨੂੰ ਸਮਝਣ ਤੋਂ ਬਾਅਦ ਇਸ ਦੇ ਮੁੱਖੀ ਪਾਤਰਾਂ ਦਾ ਵਿਸ਼ਲੇਸ਼ਣ ਵੀ ਜ਼ਰੂਰੀ ਹੈ।

<u>ਰਾਣਾ ਸੂਰਤ ਸਿੰਘ</u> — 'ਰਾਣਾ ਸੂਰਤ ਸਿੰਘ' ਦੀ ਸਾਰੀ ਕਥਾ ਰਾਣਾ ਸੂਰਤ ਸਿੰਘ ਤੇ ਰਾਣੀ ਰਾਜ ਕੌਰ ਦੁਆਲੇ ਘੁੰਮਦੀ ਹੈ। ਸੰਸਕ੍ਰਿਤ ਮਹਾਂਕਾਵਿ ਪਰੰਪਰਾ ਵਿਚ ਨਾਇਕ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਇਆ ਹੈ। ਇਸੇ ਲਈ ਭਾਰਤੀ ਮਹਾਂਕਾਵਿ ਵਿਚ ਨਾਇਕ ਦੇ ਚਰਿੱਤ੍ਰ ਚਿੱਤ੍ਰਨ ਦੀ ਚਲੀ ਆਉਂਦੀ ਪ੍ਰਣਾਲੀ ਵਿਚ ਨਾਇਕ ਲਈ ਆਦਰਸ਼ ਅਤੇ ਮਹਾਨਤਾ ਦੇ ਗੁਣਾਂ ਨੂੰ ਵਧੇਰੇ ਗ੍ਰਹਣ ਕੀਤਾ ਗਇਆ ਹੈ। ਵਿਸ਼ਵਾ ਨਾਥ ਨੇ ਨਾਇਕ ਲਈ ਕਿਸੇ ਸੁਰ, ਕੁਲੀਨ ਖੱਤਰੀ ਦਾ ਹੋਣਾ ਜ਼ਰੂਰੀ ਮੰਨਿਆ ਹੈ, ਜੋ ਧੀਰ, ਉਦਾਤ, ਗੰਭੀਰ, ਖਿਮਾਸ਼ੀਲ, ਸਥਿਰ ਤੇ ਹੰਕਾਰਰਹਿਤ ਹੋਣਾ ਚਾਹੀਦਾ ਹੈ।[92]

ਭਾਈ ਸਾਹਿਬ ਨੇ ਵੀ ਰਾਣਾ ਸੂਰਤ ਸਿੰਘ ਨੂੰ ਆਦਰਸ਼ ਅਤੇ ਮਹਾਨ ਰੂਪ ਵਿਚ ਚਿਤ੍ਰਿਆ ਹੈ, ਪਰ ਉਸ ਦੀ ਉਸਾਰੀ ਸੁਭਾਵਿਕ ਢੰਗ ਨਾਲ ਕੀਤੀ ਹੈ। ਉਸ ਦੀ ਉਸਾਰੀ ਵਿਚ ਅਤਿ-ਮਾਨਵੀਅਤਾ ਦੀ ਥਾਂ ਮਾਨਵੀ ਸ਼ਕਤੀ ਦਾ ਹੀ ਵਿਕਾਸ ਦੱਸਿਆ ਹੈ। ਰਾਣਾ ਸੂਰਤ ਸਿੰਘ ਸੁੰਦਰਤਾ ਤੇ ਜਵਾਨੀ ਦਾ ਪੁੰਜ, ਰਾਜਭਾਗ ਦਾ ਸੁਆਮੀ, ਪ੍ਰਭੂ ਤੇ ਜੀਵਨ ਪ੍ਰੇਮੀ, ਜੀਵਨ ਦੇ ਬਾਹਰਮੁਖੀ ਤੇ ਅੰਤਰਮੁਖੀ ਸਰੂਪ ਦਾ ਗਿਆਤਾ, ਧਰਮ ਯੁੱਧ ਵਿਚ ਸ਼ਹੀਦੀ ਪ੍ਰਾਪਤ ਕਰਨ ਵਾਲਾ ਨਾਇਕ ਹੈ। ਉਹ ਜਾਗ੍ਰਤ ਆਸ਼ਾਵਾਦ ਅਤੇ ਕਰਮਵਾਦ ਦਾ ਸੰਦੇਸ਼ ਦਿੰਦਾ ਹੈ।

ਇਵੇਂ ਰਾਣਾ ਸੂਰਤ ਸਿੰਘ ਇਕ ਮਹਾਨ ਚੇਤਨਾ ਅਤੇ ਸ਼ਕਤੀ ਦੇ ਰੂਪ ਵਿਚ ਪੇਸ਼ ਹੋਇਆ

---

91. " Character is what makes us ascribe certain moral qualities to the agents; and thought is shown in all they say when proving a particular point or it may be enunciating a general truth".
(Aristotle on the Art of Poetry, Bywater's Translation, P. 36)

92. ਵਿਸ਼ਵਾ ਨਾਥ, ਸਾਹਿਤਯ ਦਰਪਣ- ਧੀਰੇਦਾ ਤਰੁਣ ਸਮਨਿਵਤ 6/316

ਹੈ। ਭਾਵੇਂ ਉਹ ਜੀਵਤ ਰੂਪ ਵਿਚ ਕਥਾ ਵਿਚ ਨਹੀਂ ਆਉਂਦਾ ਪਰ ਫਿਰ ਵੀ ਉਸੇ ਦੀ ਸ਼ਖ਼ਸੀਅਤ ਸਾਰੀ ਕਥਾ ਨੂੰ ਗਤੀਮਾਨ ਕਰਦੀ ਹੈ। ਮਾਨਵਤਾ ਨੂੰ ਉਚ- ਆਦਰਸ਼ ਵਲ ਲੈ ਜਾਣਾ ਉਸ ਦਾ ਨਿਸ਼ਾਨਾ ਹੈ। ਉਸ ਦੇ ਜੀਵਨ ਵਿਚ ਨਿਸ਼ਕਾਮ ਕਰਮ ਅਤੇ ਤਿਆਗ ਦੀ ਭਾਵਨਾ ਸਪਸ਼ਟ ਮਿਲਦੀ ਹੈ। ਇਸੇ ਕਾਰਨ ਉਸ ਦੀ ਪਰਜਾ ਉਸ ਦੀ ਆਪਣੀ ਹੋ ਕੇ ਉਸ ਦਾ ਸਤਿਕਾਰ ਕਰਦੀ ਹੈ।

ਰਾਣਾ ਸੂਰਤ ਸਿੰਘ ਦੀ ਦ੍ਰਿਸ਼ਟੀ ਅਤਿਅੰਤ ਵਿਆਪਕ ਹੈ। ਉਸ ਦਾ ਰਾਣੀ ਰਾਜਕੌਰ ਨਾਲ ਪਿਆਰ ਵੀ ਆਦਰਸ਼ ਰੂਪ ਦਾ ਹੈ। ਉਸ ਦਾ ਚਰਿੱਤ੍ਰ ਇਕ ਸੰਤੁਲਨ ਤੇ ਸਾਮਜਸਯ ਦਾ ਪ੍ਰਤਿਰੂਪ ਹੈ। ਰਾਜਨੀਤੀ ਦੇ ਖੇਤਰ ਵਿਚ ਉਹ ਸ਼ਾਸਕ ਬਣ ਕੇ ਵੀ ਕਿਸੇ ਨੂੰ ਕਸ਼ਟ ਦੇਣ ਦਾ ਯਤਨ ਨਹੀਂ ਕਰਦਾ। ਰਾਣੇ ਨੂੰ ਸਮਾਰਸਤਾ ਦੀ ਪ੍ਰਾਪਤੀ ਨਾਮ ਸਿਮਰਨ ਅਤੇ ਜੀਵਨ ਕਾਰ ਕਰਦਿਆਂ ਸੁਰਤ ਨੂੰ ਪ੍ਰਭੂ ਚਰਨਾਂ ਵਿਚ ਜੋੜਨ ਨਾਲ ਹੋਈ ਸੀ। ਇਸ ਦਾ ਉਪਦੇਸ਼ ਉਹ ਪਰੀ ਤੇ ਸਤਿਸੰਗ ਵਿਚ ਹੋਰਾਂ ਨੂੰ ਵੀ ਦਿੰਦਾ ਹੈ। ਉਸ ਦੀ ਖ਼ੂਬੀ ਹੈ ਕਿ ਜਿਸ ਤਿਆਗ ਅਤੇ ਦਇਆ ਦਾ ਉਪਦੇਸ਼ ਸਭ ਨੂੰ ਦਿੰਦਾ ਹੈ, ਉਸ ਦੀ ਪਾਲਣਾ ਉਹ ਆਪ ਵੀ ਕਰਦਾ ਹੈ। ਸੁੱਖ- ਦੁੱਖ ਤੇ ਆਸ਼ਾ- ਨਿਰਾਸ਼ਾ ਵਿਚ ਉਸ ਦੀ ਸੰਤੁਲਤ ਦ੍ਰਿਸ਼ਟੀ ਕਾਇਮ ਰਹਿੰਦੀ ਹੈ। ਇਸੇ ਕਰਕੇ ਉਹ ਮਾਨਵ ਦੇ ਆਦਰਸ਼ ਰੂਪ ਵਿਚ ਆਉਂਦਾ ਹੈ। ਇਨ੍ਹਾਂ ਗੁਣਾਂ ਕਰਕੇ ਹੀ ਪਰੀ ਰਾਣੇ ਦੀ ਸਿਫ਼ਤ ਕਰਦਿਆਂ ਕਹਿੰਦੀ ਹੈ:

'ਦੇਵੀ ਮੂਰਤਿ, ਸੰਤ, ਗੁਰਮੁਖ ਸੋਹਿਣਾ
'ਰਾਜ ਜੋਗ ਪਰਬੀਨ, ਸਹਜੇ ਰੱਤਿਆ
'ਸੂਰਤ ਸਿੰਘ ਸੁਜਾਨ, ਪਰਉਪਕਾਰੀਆ
'ਨਿੰਨ ਭਗਤ, ਜਗਤਾਰ, ਪ੍ਰੀਤਮ ਸੱਭ ਦਾ।[93]

ਇਨ੍ਹਾਂ ਉਦਾਤ ਗੁਣਾਂ ਦਾ ਸੁਆਮੀ ਹੋਣ ਕਰਕੇ ਹੀ ਰਾਣਾ ਸੂਰਤ ਸਿੰਘ ਨਾਇਕ ਦੇ ਰੂਪ ਵਿਚ ਇਥੇ ਆਇਆ ਹੈ। ਉਸ ਦਾ ਵਿਅਕਤਿਤਵ ਸਾਰੇ ਕਾਵਿ ਤੇ ਛਾਇਆ ਹੋਇਆ ਹੈ। ਰਾਣਾ ਸੂਰਤ ਸਿੰਘ ਦੀ ਅਣਹੋਂਦ ਵਿਚ ਕਥਾ ਦਾ ਚਲਣਾ ਅਸੰਭਵ ਸੀ। ਕਥਾ ਤੇ ਹੋਰ ਸਾਰੇ ਪਾਤਰਾਂ ਤੇ ਰਾਣੇ ਦੇ ਮਹਾਨ ਵਿਅਕਤਿਤਵ ਦੀ ਛਾਇਆ ਪ੍ਰਤੱਖ ਹੈ।

ਰਾਣਾ ਸੂਰਤ ਸਿੰਘ ਦਾ ਉਦਾਤ ਤੇ ਮਹਾਨ ਚਰਿੱਤ੍ਰ ਅੰਕਣ ਪੰਜਾਬੀ ਕਵਿਤਾ ਵਿਚ ਭਾਈ ਸਾਹਿਬ ਦਾ ਇਕ ਨਵਾਂ ਪ੍ਰਯੋਗ ਵੀ ਹੈ। ਇਸ ਰਾਹੀਂ ਗੁਰਮਤਿ ਦਰਸ਼ਨ ਦੇ ਆਦਰਸ਼ਕ ਮਾਨਵ 'ਗੁਰਮੁਖ' ਜਿਸ ਨੂੰ ਭਾਈ ਸਾਹਿਬ ਨੇ ਆਪਣੇ ਦਰਸ਼ਨ ਵਿਚ ਸਵੀਕਾਰ ਕੀਤਾ ਹੈ, ਨੂੰ ਸਾਕਾਰ ਕਰਨ ਦਾ ਯਤਨ ਕੀਤਾ ਹੈ। ਰਾਣਾ ਸੂਰਤ ਸਿੰਘ ਨੂੰ ਨਾਇਕ ਸਵੀਕਾਰ ਕਰਦਿਆਂ ਹੀ ਭਾਈ ਸਾਹਿਬ ਨੇ ਇਸ ਮਹਾਂਕਾਵਿ ਦਾ ਨਾਮਕਰਨ ਵੀ ਉਸੇ ਦੇ ਨਾਂ ਤੇ ਕੀਤਾ ਹੈ।

---

93. ਰਾਣਾ ਸੂਰਤ ਸਿੰਘ, ਪੰਨਾ 64, ਪੰਕਤੀ 358-361

ਰਾਣੀ ਰਾਜ ਕੌਰ — ਰਾਣੀ ਰਾਜ ਕੌਰ ਮਾਨਵ ਦਾ ਪ੍ਰਤੀਕ ਹੁੰਦਿਆਂ ਸੰਘਰਸ਼- ਸ਼ੀਲ ਵਿਅਕਤੀ ਦੀ ਪ੍ਰਤਿਨਿਧਤਾ ਕਰਦੀ ਹੈ। ਆਪਣੀਆਂ ਆਂਤਰਿਕ ਭਾਵਨਾਵਾਂ ਤੋਂ ਲੈ ਕੇ ਜੀਵਨ ਦੀਆਂ ਭੌਤਿਕ ਸਮੱਸਿਆਵਾਂ ਤਕ ਨਾਲ ਉਸ ਨੂੰ ਜੰਗ ਕਰਨਾ ਪੈਂਦਾ ਹੈ। ਜੀਵਨ ਦਾ ਹਰੇਕ ਪ੍ਰਸ਼ਨ ਉਸ ਦੇ ਸਾਮ੍ਹਣੇ ਆਉਂਦਾ ਹੈ। ਇਕ ਪਾਸੇ ਜੇ ਪਤੀ- ਵਿਯੋਗ ਵਿਚ ਨਿਢਾਲ ਹੋ ਕੇ ਉਹ ਸ਼ੂਨ ਅਵਸਥਾ ਤਕ ਪੁਜਦੀ ਹੈ ਤਾਂ ਨਾਲ ਹੀ ਜੀਵਨ ਦੇ ਸੱਚੇ ਪੱਥ- ਪ੍ਰਦਰਸ਼ਨ ਨਾਲ ਉਹ ਅੰਤ ਵਿਚ ਆਦਰਸ਼ਕ ਜੀਵਨ- ਮਾਰਗ ਉਤੇ ਵਿਚਰਦਿਆਂ ਵੀ ਦਿਸਦੀ ਹੈ। ਮਾਨਵ ਦੀ ਸੰਪੂਰਣ ਜਿਗਿਆਸਾ ਨਾਲ ਉਹ ਰਹੱਸਮਈ ਸੰਸਾਰ ਨੂੰ ਵੇਖਦੀ ਹੈ। ਆਂਤਰਿਕ ਦੁਰਬਲਤਾਵਾਂ ਨੂੰ ਲੈ ਕੇ ਵੀ ਉਹ ਇਨ੍ਹਾਂ ਤੋਂ ਉਤੇ ਉਠਣਾ ਚਾਹੁੰਦੀ ਹੈ।

ਸੰਸਕ੍ਰਿਤ ਮਹਾਂ-ਕਾਵਿਆਂ ਵਿਚ ਦੇਵ- ਦਾਨਵ ਦਾ ਸੰਘਰਸ਼ ਚਿੱਤ੍ਰਨ ਕੀਤਾ ਜਾਂਦਾ ਸੀ। ਉਥੇ ਦੇਵਤਿਆਂ ਦੀ ਵਿਜੈ ਅਤੇ ਦਾਨਵਾਂ ਦੀ ਹਾਰ ਦੱਸ ਕੇ ਆਦਰਸ਼ ਦੀ ਸਥਾਪਣਾ ਕੀਤੀ ਜਾਂਦੀ ਸੀ। ਸੰਸਕ੍ਰਿਤ ਪਰੰਪਰਾ ਦੇ ਇਸ ਬਾਹਰਮੁਖੀ ਸਰੂਪ ਨੂੰ ਭਾਈ ਸਾਹਿਬ ਨੇ ਅੰਤਰਮੁਖੀ ਕਰ ਦਿੱਤਾ ਹੈ। ਗੇਟੇ ਦਾ ਫ਼ਾਉਸਟ ਵੀ ਕਹਿੰਦਾ ਹੈ " ਮੇਰੇ ਹੀ ਅੰਤਰ ਵਿਚ ਦੋ ਆਤਮਾਵਾਂ ਨਿਵਾਸ ਕਰਦੀਆਂ ਹਨ, ਇਕ ਪਲਾਇਣੀ ਅਤੇ ਦੂਜੀ ਸਦਾ ਸੜਦੀ ਰਹਿੰਦੀ ਹੈ।"[94] ਰਾਣੀ ਦੇ ਅੰਦਰ ਵੀ ਇਕ ਦਵੰਦ ਚਲਦਾ ਰਹਿੰਦਾ ਹੈ, ਜੋ ਅੰਤ ਵਿਚ ਗਿਆਨ ਅਤੇ ਪ੍ਰੇਮ ਦੇ ਸਰੂਪ ਨੂੰ ਅਨੁਭਵ ਕਰਕੇ 'ਰਸ- ਸਰੂਪ' ਦੀ ਅਵਸਥਾ ਵਿਚ ਪਰਿਵਰਤਿਤ ਹੁੰਦਾ ਹੈ।

ਮਾਨਵ ਦਾ ਪ੍ਰਤਿਰੂਪ ਹੋਣ ਦੇ ਕਾਰਨ ਰਾਣੀ ਵਿਚ ਇਕ ਸਾਧਾਰਣ ਵਿਅਕਤੀ ਦੀਆਂ ਸਾਰੀਆਂ ਪ੍ਰਵ੍ਰਿਤੀਆਂ ਮਿਲਦੀਆਂ ਹਨ। ਮੁੱਢ ਵਿਚ ਰਾਣੇ ਦੀ ਮੌਤ ਉਸ ਨੂੰ ਨਿਰਾਸ਼ ਕਰ ਦਿੰਦੀ ਹੈ,[95] ਕਿਉਂਕਿ ਇਸ ਨਾਲ ਉਹ ਆਪਣੇ ਜੀਵਨ ਵਿਚ ਇਕ ਖਲਾਅ ਮਹਿਸੂਸ ਕਰਦੀ ਹੈ। ਪਰ ਫਿਰ 'ਪਰੀ' ਤੇ 'ਰਾਣੇ ਦੇ ਪੱਤਰਾਂ' ਦੇ ਗਿਆਨ ਰਾਹੀਂ ਜੀਵਨ ਦੇ ਸਤ ਨੂੰ ਜਾਣ ਕੇ ਉਹ ਕਰਮ ਵਿਚ ਪ੍ਰਵ੍ਰਿਤ ਹੁੰਦੀ ਹੈ। ਰਾਣੀ ਅੰਦਰ ਮੁੱਢ ਵਿਚ ਸੁਭਾਵਿਕ ਦੁਰਬਲਤਾਵਾਂ ਹਨ,ਪਰ ਇਹ ਉਸ ਨੂੰ ਨੀਚ ਅਤੇ ਪਤਿਤ ਨਹੀਂ ਬਣਾਉਂਦੀਆਂ। ਰਾਣੀ ਦਾ ਰਾਣੇ ਦੇ ਵਿਅਕਤੀਗਤ ਪ੍ਰੇਮ ਵਿਚ ਖੁਭ ਜਾਣ ਤੇ ਵੀ ਉਸ ਦਾ ਪ੍ਰੇਮ ਸਾਧਾਰਣ ਰੋਮਾਂਟਿਕ ਕੋਟੀ ਦਾ ਹੀ ਨਹੀਂ ਰਹਿੰਦਾ,ਇਸ ਵਿਚ ਆਦਰਸ਼ ਸਨੇਹ ਝਲਕਦਾ ਹੈ। ਉਹ ਡਿਗਦਿਆਂ ਢਹਿੰਦਿਆਂ ਅੰਤ ਵਿਚ ਆਦਰਸ਼ ਪ੍ਰਾਪਤੀ ਵਿਚ ਸਫਲ ਹੋ ਜਾਂਦੀ ਹੈ। ਮਨੋਵਿਗਿਆਨਕ ਆਧਾਰ ਤੇ ਚਿੱਤ੍ਰਿਆ ਰਾਣੀ ਦਾ ਮਾਨਸਿਕ ਦਵੰਦ ਜੀਵਨ ਦਾ ਵਾਸਤਵਿਕ ਦਵੰਦ ਹੈ। ਇਸੇ ਦ੍ਰਿਸ਼ਟੀ ਤੋਂ ਰਾਣੀ ਰਾਜ ਕੌਰ ਇਤਿਹਾਸਿਕ ਪ੍ਰਕਾਰ ਦੇ ਕਲੇਵਰ ਵਿਚ ਵੀ ਬਿਲਕੁਲ ਆਧੁਨਿਕ ਹੈ।

---

94. Two souls,alas within my breast abide,
The one to quit, the other ever burning. ( Goethe,Faust,88)

95. ਕਦੀ ਨ ਮਿਲਸੀ ਹਾਇ ! ਸਾਈਂ ਪਯਾਰੜਾ !
ਹੋਯਾ ਸਦਾ ਵਿਜੋਗ ਮੇਰੇ ਨਾਲ ਹੈ !
ਮੈਂ ਕਲੀ ! ਪਤਿਹੀਨ! ਮੈਂ ਪਤਿਹੀਨ ਹਾਂ !
ਸਕਾਂ ਨਾ ਮੌਤ ਸਹਾਰ ਭਯਾਨਕ ਬੇਸੜੀ।
(ਰਾਣਾ ਸੂਰਤ ਸਿੰਘ,ਪੰਨਾ 3,ਪੰਕਤੀ 122-125.

ਮੁੱਖ ਪਾਤਰ —

ਰਾਣੀ ਚੰਦਰ ਕੌਰ— ਰਾਣੀ ਚੰਦਰ ਕੌਰ ਰਾਹੀਂ ਭਾਈ ਸਾਹਿਬ ਨੇ ਮਾਂ ਦੀ ਮਮਤਾ ਅਤੇ ਮਾਂ ਦੀ ਚਿੰਤਾਵਾਂ ਨੂੰ ਹਮੇਸ਼ਾਂ ਪ੍ਰਸੰਨ ਦੇਖਣ ਦੀ ਕਾਂਖਿਆ ਨੂੰ ਉਲੀਕਿਆ ਹੈ। ਰਾਣੀ ਚੰਦਰ ਕੌਰ ਦਾ ਹਿਰਦਾ ਰਾਣੀ ਦੇ ਰਾਣੇ ਪ੍ਰਤਿ ਅਥਾਹ ਪ੍ਰੇਮ ਨੂੰ ਵੇਖ ਕੇ ਪਸੀਜ ਜਾਂਦਾ ਹੈ। ਉਹ ਰਾਣੀ ਨੂੰ ਮੌਤ ਦੀ ਅਸਲੀਅਤ ਸਮਝਣ ਲਈ ਕਹਿੰਦੀ ਹੈ ਕਿ ਇਕ ਵੇਰਾਂ ਜੋ ਇਸ ਸੰਸਾਰ ਤੋਂ ਉਠ ਜਾਂਦਾ ਹੈ, ਉਸ ਦਾ ਵਾਪਿਸ ਆਉਣਾ ਅਸੰਭਵ ਹੈ।[96]

ਰਾਣੀ ਚੰਦਰ ਕੌਰ ਨੂੰ ਵੀ ਆਪਣੇ ਪਤੀ ਦੀ ਮੌਤ ਦਾ ਦੁੱਖ ਬਰਦਾਸ਼ਤ ਕਰਨਾ ਪਇਆ ਸੀ, ਇਸ ਲਈ ਉਹ ਜੀਵਨ ਦੀ ਸਮੱਸਿਆ ਨੂੰ ਵਾਸਤਵਿਕ ਦ੍ਰਿਸ਼ਟੀਕੋਣ ਤੋਂ ਵੇਖਦੀ ਹੈ। ਫਿਰ ਰਾਣੀ ਦੀ ਮਾਂ ਹੋਣ ਦੇ ਨਾਤੇ ਉਸ ਨੂੰ ਧੀ ਦਾ ਸੁੱਖ ਹੀ ਸੁੱਖ ਹੈ। ਭਾਈ ਸਾਹਿਬ ਨੇ ਉਸ ਦੀ ਉਸਾਰੀ ਵਿਚ ਕੁਝ ਮੌਕੇ ਅਜੇਹੇ ਪੈਦਾ ਕੀਤੇ ਹਨ, ਜਦ ਉਸ ਦਾ ਮਾਂ ਦੀ ਮਮਤਾ ਵਾਲਾ ਪਿਆਰ ਛਲਕਦਾ ਪ੍ਰਤੀਤ ਹੁੰਦਾ ਹੈ। ਪਹਲੀ ਵੇਰਾਂ ਰਾਣੀ ਦਾ ਰਾਜਮਾਤਾ ਨੂੰ ਦੱਸੇ ਬਗੈਰ ਰਾਣਾ ਸੂਰਤ ਸਿੰਘ ਦੇ ਸਿਮਰਨ ਵਾਲੇ ਕਮਰੇ[97] ਵਿਚ ਜਾਣਾ ਅਤੇ ਦੂਜੀ ਵੇਰਾਂ 'ਪਰੀ ਮਹਲ'[98] ਜਾਣਾ ਤੇ ਉਥੇ ਪੂਰਾ ਇਕ ਦਿਨ ਗੁੰਮ ਰਹਣ ਤੇ ਮਾਤਾ ਕਹਰਾਂ ਦਾ ਵਿਰਲਾਪ ਕਰਦੀ ਹੈ। ਜਦ ਵਿਛੋੜੇ ਪਿੱਛੋਂ ਧੀ ਉਸ ਨੂੰ ਮਿਲਦੀ ਹੈ, ਉਹ ਮਮਤਾ ਵੱਸ ਕਿਤਨੇ ਹਿਤ ਨਾਲ ਉਸ ਨੂੰ ਮਿਲਦੀ ਹੈ:

ਵੇਹ ਨੈ ਧੀ ਦੀ ਛੋਹ ਲਈ ਸਿਆਣ ਸੀ।
ਏਹੋ ਹੋ ਗਈ ਤਸੱਲ, ਦੇਖਣ ਲੋੜ ਨਾ।
ਘੁਟ ਗਲੇ ਦੇ ਨਾਲ ਮਾਤਾ ਲਾਉਂਦੀ,
ਘੁਟ ਘੁਟ ਚੰਬੜ ਨਾਲ ਹੋਵੇ ਵੱਖ ਨਾ।[99]

ਹੋਰ ਪਾਤਰ- ਰਾਧਾਂ ਨੂੰ ਰਾਣੀ ਦੀ ਦਾਸੀ ਅਤੇ ਸਖੀ ਦੇ ਰੂਪ ਵਿਚ ਉਲੀਕਿਆ ਗਇਆ ਹੈ। ਪਰੀ ਅਤੇ ਸਤਿਸੰਗ ਦੇ ਗੁਰਮੁਖ ਜੀ ਦੋਵੇਂ ਆਦਰਸ਼ਵਾਦੀ ਦ੍ਰਿਸ਼ਟੀਕੋਣ ਤੋਂ ਉਲੀਕੇ ਗਏ ਹਨ। ਪਰੀ ਅਧਿਆਤਮਿਕ ਜੀਵਨ ਦੀ ਪੈਂਡਾਊ, ਜ਼ਿੰਦਗੀ ਦੇ ਰਹੱਸ ਦੀ ਗਿਆਤਾ ਤੇ ਦੁਨਿਆਵੀ ਜੀਵਨ ਤੋਂ ਉਤੇ ਵਿਚਰਦੀ ਤਿਆਗ ਮੂਰਤ ਹੈ। ਉਹ ਮਨੁੱਖਾਂ ਦੇ ਉਸ ਭਾਗ ਦੀ ਪ੍ਰਤਿਨਿਧਤਾ ਕਰਦੀ ਹੈ, ਜੋ ਇਕਾਂਤ ਵਿਚ ਨਾਮ ਅਭਿਆਸ ਨੂੰ ਹੀ ਜੀਵਨ ਦਾ ਆਦਰਸ਼ ਸਮਝਦਾ ਹੈ। ਇਹ ਸਾਧਨਾ ਬਹੁਤ ਕਠਿਨ ਹੈ, ਪਰ ਜਦ ਤੋਂ ਦੁਨੀਆਂ ਵਜੂਦ ਵਿਚ ਆਈ ਹੈ, ਇਨਸਾਨਾਂ ਦੀ ਇਕ ਸ਼੍ਰੇਣੀ ਪ੍ਰਭੂ ਅਨੁਰਾਗ ਵਿਚ ਬੱਧੀ ਇਸ ਪਾਸੇ ਵੱਲ ਰੁਚਿੱਤ ਰਹੀ ਹੈ। ਗੁਰਮੁਖ ਜੀ ਵੀ ਆਦਰਸ਼ ਪੁਰਖ ਹਨ, ਜੋ ਜੀਵਨ ਦੇ ਗਿਆਨ ਨੂੰ ਜੀਵਨ ਦੀਆਂ ਘਾਟੀਆਂ ਤੇ ਘਟਾ ਕੇ ਸਮਝਾਉਂਦੇ ਹਨ। ਇਨ੍ਹਾਂ ਪਾਤਰਾਂ ਦੀਆਂ ਵਿਅਕਤੀਗਤ ਵਿਸ਼ੇਸ਼ਤਾਈਆਂ ਬਰੀਕੀ ਨਾਲ ਨਹੀਂ ਉਲੀਕੀਆਂ ਗਈਆਂ, ਇਹ ਵਧੇਰੇ ਸਮਾਨ- ਰੂਪ ਵਿਚ ਹੀ ਚਿਤ੍ਰੇ ਗਏ ਹਨ।

---

96. ਆਏ ਪਰਤ ਨ ਦੇਸ਼ ਮਰ ਕੇ ਜੋ ਗਏ।
ਜੋ ਲੋੜੇ ਇਹ ਬਾਤ ਮਰਦਾ ਆਪ ਹੈ।
'ਭੱਜਧਾ ਬਣਦਾ ਨਾਹਿ ਬੁੱਤ ਸਰੀਰ ਦਾ।
'ਆਪਣਾ ਆਪ ਨ ਰੋੜ੍ਹ ਧੀਦਾ ਰੋਂਦਿਆਂ।
'ਰਾਜ ਕਾਜ ਸੰਭਾਲ ਕਾਰੇ ਲਗ ਧੀ; (ਰਾਣਾ ਸੂਰਤ ਸਿੰਘ, ਪੰਨਾ 10, ਪੰਕਤੀ 20-24)

ਸੰਖੇਪ ਵਿਚ 'ਰਾਣਾ ਸੂਰਤ ਸਿੰਘ' ਦੇ ਚਰਿੱਤ੍ਰ ਚਿਤ੍ਰਨ ਵਿਚ ਇਤਿਹਾਸ, ਦਰਸ਼ਨ ਅਤੇ ਮਨੋਵਿਗਿਆਨ ਦੇ ਸੁਮੇਲ ਰਾਹੀਂ ਭਾਈ ਸਾਹਿਬ ਨੇ ਸਾਰੇ ਪਾਤਰਾਂ ਨੂੰ ਇਕ ਵਿਆਪਕ ਧਰਾਤਲ ਤੇ ਰੱਖਦਿਆਂ ਉਨ੍ਹਾਂ ਵਿਚ ਚਿੰਤਨ ਦਾ ਪ੍ਰਵੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸੇ ਕਰਕੇ ਇਸ ਦੇ ਮੁੱਖ ਪਾਤਰ ਸੰਕੇਤਕ ਹਨ। ਇੱਥੇ ਚਰਿੱਤ੍ਰ ਤੇ ਵਿਅਕਤੀ ਸਾਧਨ ਨਾਂ ਮਾਤ੍ਰ ਹੀ ਹਨ ਅਤੇ ਪਾਤਰਾਂ ਦੀਆਂ ਵਿਅਕਤੀਗਤ ਵਿਸ਼ੇਸ਼ਤਾਈਆਂ ਦਾ ਉਲੇਖ ਵੀ ਵਧੇਰੇ ਨਹੀਂ ਕੀਤਾ ਗਇਆ। ਇੱਥੇ ਚਰਿੱਤ੍ਰਾਂ ਦੇ ਮਾਰਮਿਕ ਅੰਸ਼ਾਂ ਨੂੰ ਹੀ ਜ਼ਿਆਦਾ ਉਜਾਗਰ ਕੀਤਾ ਗਇਆ ਹੈ।

<u>ਰਸ</u>— ਰਸ ਕਾਵਿ ਦੀ ਆਤਮਾ ਹੈ। ਦੰਡੀ ਦਾ 'ਰਸ ਭਾਵਨਿਰੰਤਰਮ੍' ਤੋਂ ਇਹੀ ਭਾਵ ਹੈ ਕਿ ਮਹਾਂ-ਕਾਵਿ ਵਿਚ ਯਥਾ ਸਥਾਨ ਸਾਰੇ ਰਸਾਂ ਦਾ ਸਮਾਵੇਸ਼ ਜ਼ਰੂਰੀ ਹੈ। ਸਿਰਫ਼ ਸ਼ਰਤ ਇਹ ਹੈ ਕਿ ਕੋਈ ਇਕ ਰਸ ਪ੍ਰਮੁੱਖ ਹੋਣਾ ਚਾਹੀਦਾ ਹੈ, ਜਿਸ ਦੇ ਅਧੀਨ ਬਾਕੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ।[100] ਰਸ ਰਾਹੀਂ ਹੀ ਕਾਵਿ ਦੇ ਲਕਸ਼ 'ਅਨੰਦ' ਦੀ ਪ੍ਰਾਪਤੀ ਹੁੰਦੀ ਹੈ।

ਭਾਈ ਸਾਹਿਬ ਨੇ 'ਰਾਣਾ ਸੂਰਤ ਸਿੰਘ' ਵਿਚ ਕਾਵਿ ਦੇ ਰਸ ਅਤੇ ਦਰਸ਼ਨ ਦੇ ਅਨੰਦ ਨੂੰ ਇਕ ਦੂਜੇ ਦੇ ਸਮੀਪ ਹੀ ਪੇਸ਼ ਕੀਤਾ ਹੈ। ਇੱਥੇ ਰਸਾਂ ਦਾ ਵਿਧਾਨ ਸੁਭਾਵਿਕ ਰੀਤੀ ਅਨੁਸਾਰ ਹੋਇਆ ਹੈ। ਇੱਥੇ 'ਸਮਾਧ', 'ਪੁੱਤ' ਦੇ ਪ੍ਰਕਰਣਾਂ ਵਿਚ ਕਰੁਣਾ ਰਸ ਦਾ ਸਰੂਪ ਦਿਖਾਈ ਦਿੰਦਾ ਹੈ। ਇੱਥੇ ਰਾਣੀ ਦਾ ਸ਼ੋਕ, ਦੁੱਖ ਤੇ ਨਿਰਾਸ਼ਾ ਸਾਰੇ ਕਰੁਣਾ ਦਾ ਸੰਚਾਰ ਕਰਦੇ ਹਨ। ਆਰੰਭ ਦੀ ਇਹ ਕਰੁਣਾ ਕਥਾ ਦੇ ਅੰਤ ਤੋਂ ਕੁਝ ਪਹਿਲਾਂ ਤਕ ਦੌੜਦੀ ਦੱਸੀ ਹੈ। ਕਰੁਣਾ ਦੇ ਨਾਲ 'ਉਡਾਰੀ', 'ਦਰਸ਼ਨ' ਦੇ ਪ੍ਰਕਰਣਾਂ ਵਿਚ ਅਨੰਦ ਦਾ ਵੀ ਕੁਝ ਪ੍ਰਵੇਸ਼ ਹੁੰਦਾ ਹੈ, ਪਰ ਇਹ ਅਨੰਦ ਸਦੀਵੀ ਨਹੀਂ। 'ਟੋਟ' ਵਾਲੇ ਪ੍ਰਕਰਣ ਵਿਚ ਰਾਣੀ ਅੰਦਰ ਨਿਰਾਸ਼ਾ ਫਿਰ ਜਾਗਦੀ ਹੈ। ਸੁਪਨੇ ਵਿਚ ਆਉਣ ਵਾਲੀਆਂ ਯਾਦਾਂ ਅਤੇ ਰਾਣੇ ਦੇ ਦਰਸ਼ਨ ਵਿਯੋਗ ਨੂੰ ਹੋਰ ਵਧਾ ਦਿੰਦੇ ਹਨ।

ਇਨ੍ਹਾਂ ਤੋਂ ਬਾਅਦ ਨਿਰਵੇਦ ਭਾਵ ਤੋਂ ਸ਼ਾਂਤ ਰਸ ਦੀ ਉਤਪਤੀ ਹੁੰਦੀ ਹੈ। ਪ੍ਰਾਚੀਨ ਸੰਸਕ੍ਰਿਤ ਮਹਾਂਕਾਵਿ ਦੀ ਰੂਪ ਰੇਖਾ ਦੇ ਅੰਤਿਮ ਭਾਗ ਵਿਚ ਵੀ ਨਿਰਵੇਦ ਭਾਵ ਦੀ ਉਤਪਤੀ ਹੁੰਦੀ ਸੀ। ਬਾਲਮੀਕੀ ਦਾ ਰਾਮ ਅੰਤ ਵਿਚ ਸਰਯੂ ਨਦੀ ਵਿਚ ਲੋਪ ਹੋ ਜਾਂਦਾ ਹੈ। 'ਮਹਾਂਭਾਰਤ' ਵਿਚ ਪਾਂਡਵ ਅੰਤ ਵਿਚ ਹਿਮਾਲਯ ਵਿਚ ਗੁੰਮ ਹੋ ਜਾਂਦੇ ਹਨ। ਕਾਲੀਦਾਸ ਦੇ 'ਰਘੁਵੰਸ਼' ਦੇ ਅੰਤ ਵਿਚ ਵੀ ਰਾਜਾ ਸੁਦਰਸ਼ਨ ਬਿਰਧ ਅਵਸਥਾ ਵਿਚ ਆਪਣੇ ਤੇਜੱਸਵੀ ਪੁੱਤਰ ਅਗਨੀਵਰਣ ਨੂੰ ਰਾਜਾ ਬਣਾ ਕੇ ਆਪ ਨੈਮਿਸ਼ਾਰਣਯ ਵਿਚ

---

97. ਰਾਣਾ ਸੂਰਤ ਸਿੰਘ, ਪ੍ਰਕਰਣ 4

98. ਉਹੀ, ਪ੍ਰਕਰਣ 18

99. ਉਹੀ, ਪੰਨਾ 107, ਪੰਕਤੀ 449-452

100. " One predominant sentiment should run through the entire length of the poem, even in the midst of such a diversity of the topics discussed therein."
( A Prose English Translation of Agni Puran edited and published by Manmath Nath, Vol.II, Edition 1964)

ਨਿਵਾਸ ਕਰਨ ਲਗਦਾ ਹੈ। ਇਵੇਂ ਪ੍ਰਚੀਨ ਸਾਧਾਰਣ ਜਨਤਾ ਲਈ ਲਿਖੇ ਜਾਣ ਵਾਲੇ ਮਹਾਂਕਾਵਿਆਂ ਦੇ ਅੰਤ ਵਿਚ ਜੀਵਨ ਦੀ ਦਾਰਸ਼ਨਿਕ ਪਰਿਸਥਿਤੀ ਦੇ ਰੂਪ ਵਿਚ ਸ਼ਾਂਤ ਰਸ ਦੀ ਵਿਵਸਥਾ ਪ੍ਰਾਪਤ ਹੁੰਦੀ ਹੈ। 'ਰਾਣਾ ਸੂਰਤ ਸਿੰਘ' ਵਿਚ ਨਿਰਵੇਦ ਦੀ ਭਾਵਨਾ 'ਉਡਾਰੀ', 'ਪਰੀ ਦੀ ਸਿਖਿਆ' ਅਤੇ ਰਾਣੇ ਦੇ ਪੱਤਰਾਂ ਦੀ ਸਿਖਿਆ ਰਾਹੀਂ ਜਾਗ੍ਰਤ ਹੁੰਦੀ ਹੈ, ਪਰ ਇਹ ਕੇਵਲ ਇਕ ਭਾਵਨਾ ਬਣ ਕੇ ਰਹ ਜਾਂਦੀ ਹੈ। ਜੇ ਇੱਥੇ ਹੀ ਰਾਣੀ ਨੂੰ ਸ਼ਾਂਤ ਰਸ ਦਸ਼ਾ ਪ੍ਰਾਪਤ ਹੋ ਜਾਂਦੀ, ਤਾਂ ਰਾਣੀ ਦਾ 'ਟੈਂਟ' ਵਿਚ ਆਉਣਾ ਨਾ ਵਾਪਰਦਾ ਅਤੇ ਕਥਾ ਦੀ ਗਤੀ ਉਥੇ ਹੀ ਸਮਾਪਤ ਹੋ ਜਾਂਦੀ। ਰਾਣੀ ਨੂੰ ਨਿਰਵੇਦ ਦਾ ਪਰਿਪਕ ਦਰਸ਼ਨ 'ਸਤਿਸੰਗ' ਤੋਂ ਹੀ ਪ੍ਰਾਪਤ ਹੁੰਦਾ ਹੈ। ਇੱਥੇ ਅੰਤ ਵਿਚ ਕਿਧਰੇ ਵੀ ਤਿਆਗ ਜਾਂ ਅਲੋਪ ਹੋਣ ਦਾ ਉਲੇਖ ਨਹੀਂ ਆਉਂਦਾ, ਸਗੋਂ ਜੀਵਨ ਕਾਰ ਕਰਦਿਆਂ 'ਰਸ- ਸਰੂਪ' ਹੋ ਕੇ ਮੁਕਤ ਹੋ ਜਾਣ ਦਾ ਉਦੇਸ਼ ਸਾਮ੍ਹਣੇ ਆਉਂਦਾ ਹੈ।

'ਰਾਣਾ ਸੂਰਤ ਸਿੰਘ' ਵਿਚ ਯੁੱਧ ਦਾ ਵਰਣਨ ਸਿੱਧਾ ਨਾ ਹੋਣ ਕਰਕੇ ਇਸ ਵਿਚ ਬੀਰ, ਭਿਆਨਕ, ਰੌਦਰ ਅਤੇ ਵੀਭਤਸ ਰਸਾਂ ਦੀ ਸਿੱਧੀ ਵਰਤੋਂ ਨਹੀਂ ਕੀਤੀ ਜਾ ਸਕੀ। ਇੱਥੇ ਯੁੱਧ ਦਾ ਜ਼ਿਕਰ ਰਾਣੇ ਦੀ ਜੰਗ ਵਿਚ ਸ਼ਹੀਦੀ ਅਤੇ 'ਪਤੀ ਦੇ ਪੱਤਰ' ਵਾਲੇ ਪ੍ਰਕਰਣ ਵਿਚ ਰਾਣੇ ਦੇ ਪਹਿਲੇ ਦੋ ਪੱਤਰਾਂ ਜਿਨ੍ਹਾਂ ਵਿਚ ਧਰਮ- ਯੁੱਧਾਂ ਵਿਚ ਕੁਰਬਾਨ ਹੋਏ ਸ਼ਹੀਦਾਂ ਦਾ ਉਲੇਖ ਹੈ, ਰਾਹੀਂ ਆਉਂਦਾ ਹੈ। ਇਸ ਕਰਕੇ ਇਨ੍ਹਾਂ ਸਥਾਨਾਂ ਤੇ ਉਤਸ਼ਾਹ ਦਾ ਭਾਵ ਜਾਗ੍ਰਿਤ ਹੁੰਦਾ ਹੈ। ਰੌਦਰ ਰਸ 'ਸਤਿਸੰਗ- ਦਰ' ਵਾਲੇ ਪ੍ਰਕਰਣ ਵਿਚ ਰਾਤ ਦੇ ਸਮੇਂ ਹਨੇਰੀ- ਝੱਖੜ, ਬੱਦਲਾਂ ਦੀ ਗੜਗੜਾਹਟ, ਬਿਜਲੀ ਦੇ ਕੜਕਣ ਅਤੇ ਕਹਿਰਾਂ ਦੀ ਬਰਖਾ ਦੇ ਵਰਣਨ ਵਿਚ ਉਤਪੰਨ ਹੋਇਆ ਹੈ, ਜਿਵੇਂ:

> ਮੀਂਹ ਨੇ ਇਕ ਧੂਮਲ ਆਪ ਮਚਾਇਆ,
> ਆਪੇ ਰੋਵੇ, ਹੱਸ, ਭੜਥੂ ਪਾਉਂਦਾ
> ਕੁਦਰਤ ਵਿਚ ਤਰਥੱਲ ਇਸ ਦਾ ਆ ਗਿਆ,
> ਮਾਨੋ ਪਾਈ ਛਿੰਝ ਇਸ ਬਲਵਾਨ ਨੇ,–[101]

ਇਵੇਂ 'ਉਡਾਰੀ', 'ਦਰਸ਼ਨ', 'ਉਤਰਾਈ', 'ਪਰੀ ਮਹਲ- ਪਰਵੇਸ਼' ਵਾਲੇ ਪ੍ਰਕਰਣਾਂ ਵਿਚ ਅਦਭੁਤ ਰਸ ਦੀ ਉਤਪਤੀ ਵੀ ਹੁੰਦੀ ਹੈ। 'ਹਾਸ ਰਸ' ਨੂੰ 'ਰਾਣਾ ਸੂਰਤ ਸਿੰਘ' ਦੀ ਗੰਭੀਰ ਮਰਿਆਦਾ ਸਥਾਨ ਨਹੀਂ ਦੇ ਸਕੀ। ਸ਼ਿੰਗਾਰ ਰਸ ਦੇ ਅੰਤਰਗਤ ਪ੍ਰੇਮ, ਰਤੀ, ਸੌਂਦ੍ਰਯ ਆਦਿਕ ਸਾਰੀਆਂ ਵਸਤੂਆਂ ਆ ਜਾਂਦੀਆਂ ਹਨ। ਰਾਣੀ ਦਾ ਰਾਣੇ ਨਾਲ ਸੁਪਨਿਆਂ ਵਿਚ ਮਿਲਾਪ 'ਬਾਗ਼' ਤੇ 'ਸਤਿਸੰਗ- ਪ੍ਰਕਾਸ਼' ਦੇ ਪ੍ਰਕਰਣਾਂ ਵਿਚ ਹੁੰਦਾ ਹੈ। ਇੱਥੇ ਉਨ੍ਹਾਂ ਦੇ ਮਿਲਾਪ ਵਿਚ ਪੁਲਕ, ਸਪਰਸ਼ ਅਤੇ ਨੈਂਣਾ ਦੇ ਅਨੁਭਵ

---

101. ਰਾਣਾ ਸੂਰਤ ਸਿੰਘ, ਪੰਨਾ 158, ਪੰਕਤੀ 46-50

ਨੂੰ ਬੜੇ ਸੂਖਮ ਰੂਪ ਵਿਚ ਉਲੀਕਿਆ ਹੈ:

ਰੁਟ ਰਾਣੇ ਹਿਤ ਨਾਲ ਪਜਾਰੀ ਰਾਜ ਦਾ
ਹੱਥ ਵਿਚ ਲੈ ਹੱਥ ਕੋਮਲ ਪਯਾਰਿਆ।
ਉਛਲਿਆ ਕਰ ਜ਼ੋਰ, ਹਿਰਦਾ ਨਾਰ ਦਾ
ਜੀਭ ਰਸਤਿਉਂ ਡੁੱਲ ਲੱਗਾ ਪੈਣ ਸੀ।[102]

ਇੱਥੇ ਸ਼ਿੰਗਾਰ ਦਾ ਹੋਰ ਪ੍ਰਯੋਗ ਪ੍ਰਕ੍ਰਿਤੀ ਦੇ ਪ੍ਰਾਣਵਾਨ ਅਲੰਬਨ ਤੇ ਸਜੀਵ ਚਿੱਤ੍ਰਨ ਵਿਚ ਵੀ ਪ੍ਰਾਪਤ ਹੁੰਦਾ ਹੈ।

'ਰਾਣਾ ਸੂਰਤ ਸਿੰਘ' ਵਿਚ ਭਾਵੇਂ ਸਾਰੇ ਰਸਾਂ ਦਾ ਸਮਾਵੇਸ਼ ਕੀਤਾ ਗਇਆ ਹੈ, ਪਰ ਇਹ ਸਾਰੇ ਮਿਲ ਕੇ ਮੁੱਖ ਅੰਗੀ ਰਸ 'ਸ਼ਾਂਤ ਰਸ' ਨੂੰ ਪੈਦਾ ਕਰਨ ਵਿਚ ਸਹਾਈ ਹੁੰਦੇ ਹਨ। ਇਸ ਵਿਚ ਪ੍ਰਧਾਨ ਰਸ 'ਸ਼ਾਂਤ- ਰਸ' ਹੀ ਹੈ।

<u>ਅਲੰਕਾਰ</u>— 'ਰਾਣਾ ਸੂਰਤ ਸਿੰਘ' ਵਿਚ ਅਲੰਕਾਰਾਂ ਦਾ ਸਮਾਵੇਸ਼ ਵੀ ਸਹਜ ਰੀਤੀ ਨਾਲ ਹੋਇਆ ਹੈ। ਭਾਵ ਨਿਰੂਪਣ ਦੇ ਲਈ ਸਜੀਵ ਉਪਮਾਵਾਂ, ਪ੍ਰਤੀਕਾਂ ਅਤੇ ਰੂਪਕਾਂ ਨੂੰ ਗ੍ਰਹਣ ਕੀਤਾ ਗਇਆ ਹੈ, ਇਸੇ ਕਾਰਨ ਅਨੇਕ ਥਾਵਾਂ ਤੇ ਭਾਵ ਮੂਰਤੀਮਾਨ ਹੋ ਉਠੇ ਹਨ। ਵੈਸੇ ਵੀ ਅਲੰਕਾਰਾਂ ਨਾਲ ਰਚਨਾ ਵਿਚ ਕਈ ਪ੍ਰਕਾਰ ਦੇ ਚਮਤਕਾਰ ਆ ਜਾਂਦੇ ਹਨ। ਸ਼ਾਬਦਿਕ ਚਮਤਕਾਰ ਬੁੱਧੀ ਨੂੰ ਅਤੇ ਭਾਵਵਤ ਚਮਤਕਾਰ ਹਿਰਦੇ ਨੂੰ ਪ੍ਰਭਾਵਿਤ ਕਰਦੇ ਹਨ। ਭਾਈ ਸਾਹਿਬ ਵਿਚ ਅਨੁਭੂਤੀ ਦੀ ਮਾਤ੍ਰਾ ਵਧੇਰੇ ਹੋਣ ਕਰਕੇ ਇੱਥੇ ਭਾਵਵਤ ਅਲੰਕਾਰਾਂ ਨੂੰ ਪ੍ਰਧਾਨਤਾ ਮਿਲੀ ਹੈ। ਅਲੰਕਾਰਾਂ ਦੀ ਵਰਤੋਂ ਕਰਕੇ ਹੀ ਦ੍ਰਿਸ਼ਾਂ ਵਿਚ ਵੀ ਹਿਰਦੇ ਤੱਤ ਦਾ ਰੰਗ ਉਘੜਦਾ ਹੈ:

'ਫਿਰ ਉਠੇ ਇਕ ਪੌਣ ਹਲਕੀ ਅੱਤ ਦੀ
' ਸੂਖਮ ਵਾਂਙ ਅਕਾਸ਼, ਪਾਵੇ ਜੱਫੀਆਂ।
' ਏ ਵਗਦੀ ਇਕ ਵੇਗ ਵਰਗਾ ਵਾਉ ਨ:
'ਥਰਥਰਾਟ ਜਿਉਂ ਆਇ ਕੋਈ ਤਾਰ ਹੈ
'ਤਿਕੁੱਰ ਸੀ ਥਰਰਾਟ ਇਸ ਦਾ ਵੇਗ ਜੋ।[103]

ਸ਼ਬਦ ਅਲੰਕਾਰਾਂ ਨੂੰ ਭਾਈ ਸਾਹਿਬ ਨੇ 'ਰਾਣਾ ਸੂਰਤ ਸਿੰਘ' ਵਿਚ ਘਟ ਵਰਤਿਆ ਹੈ। ਇੱਥੇ ਅਲੰਕਾਰਾਂ ਨੂੰ ਠੋਸ ਠੋਸ ਕੇ ਭਰਨ ਦਾ ਯਤਨ ਨਹੀਂ ਕੀਤਾ ਗਇਆ। ਇਨ੍ਹਾਂ ਦੀ ਵਰਤੋਂ ਭਾਵ, ਅਨੁਭੂਤੀ ਅਤੇ ਰਸ ਦੇ ਸਹਕਾਰੀ ਰੂਪ ਵਿਚ ਵਧੇਰੇ ਹੋਈ ਹੈ।[104]

<u>ਭਾਸ਼ਾ</u> — ਮਹਾਂਕਾਵਿ ਦੀ ਗੰਭੀਰਤਾ ਨੂੰ ਮੁੱਖ ਰਖਦਿਆਂ ਹੀ ਅਰਸਤੂ ਨੇ ਮਹਾਂਕਾਵਿ ਦੀ ਭਾਸ਼ਾ ਨੂੰ ਸਾਧਾਰਣ ਭਾਸ਼ਾ ਤੋਂ ਉਚਾ ਰੱਖਣ ਲਈ ਕਹਿਆ ਸੀ।[105] 'ਰਾਣਾ ਸੂਰਤ ਸਿੰਘ' ਵਿਚ ਭਾਈ ਸਾਹਿਬ ਨੇ ਜਿੱਥੇ ਵਿਦਵਾਨਾਂ

---

102. ਰਾਣਾ ਸੂਰਤ ਸਿੰਘ, ਪੰਨਾ 173, ਪੰਕਤੀ 172-175
103. ਉਹੀ, ਪੰਨਾ 23, ਪੰਕਤੀ 62-66
104. ਵਧੇਰੇ ਵਿਸਥਾਰ ਲਈ ਵੇਖੋ ਅਧਿਆਇ ਚੌਥਾ- 'ਕਾਵਿ- ਕਲਾ'
105. "The Diction becomes distinguished and non-prosaic by the use of unfamiliar terms i.e strange words, metaphors, lengthened

(ਚਲਦਾ)

ਵਿਚ ਚਲ ਰਹੀ ਬ੍ਰਿਜੀ ਦੀ ਪਰੰਪਰਾ ਨੂੰ ਛੱਡ ਕੇ ਪੰਜਾਬੀ ਨੂੰ ਅਪਣਾਇਆ ਹੈ, ਉਥੇ ਪੰਜਾਬੀ ਭਾਸ਼ਾ ਨੂੰ ਇਸ ਦੇ ਗੰਭੀਰ ਰੂਪ ਵਿਚ ਵਰਤਣ ਦਾ ਯਤਨ ਵੀ ਕੀਤਾ ਹੈ। ਇਥੇ ਭਾਵਾਂ ਦੇ ਅਨੁਸਾਰ ਹੀ ਭਾਸ਼ਾ ਦਾ ਸਰੂਪ ਪ੍ਰਾਪਤ ਹੁੰਦਾ ਹੈ ਅਤੇ ਭਾਸ਼ਾ ਆਪਣੇ ਸਹਜ, ਓਜ ਤੇ ਮਧੁਰ ਗੁਣਾਂ ਨਾਲ ਭਰਪੂਰ ਹੋ ਕੇ ਭਾਵਾਂ ਨੂੰ ਲੈ ਕੇ ਟੁਰਦੀ ਹੈ। ਇਥੇ ਭਾਸ਼ਾ ਸੰਗੀਤ-ਮਈਤਾ ਨਾਲ ਵੀ ਓਤਪੋਤ ਹੈ। ਸੰਗੀਤ ਭਾਵ ਨੂੰ ਪ੍ਰਵਾਹਿਤ ਕਰਕੇ ਇਸ ਨੂੰ ਗਤੀ ਪ੍ਰਦਾਨ ਕਰਦਾ ਹੈ। ਸੰਗੀਤ ਤੇ ਲੈਅ ਦੇ ਤੱਤਾਂ ਨਾਲ ਮਿਲ ਕੇ ਭਾਸ਼ਾ ਦੀ ਮਧੁਰਤਾ ਹੋਰ ਵਧ ਜਾਂਦੀ ਹੈ। ਇਵੇਂ ਭਾਸ਼ਾ ਦੇ ਸਾਰੇ ਗੁਣਾਂ ਨੂੰ ਭਾਈ ਸਾਹਿਬ ਨੇ ਇਥੇ ਕਲਾਮਈ ਢੰਗ ਨਾਲ ਅਪਣਾਉਣ ਦਾ ਯਤਨ ਕੀਤਾ ਹੈ।[106]

ਛੰਦ- ਮਹਾ-ਕਾਵਿ ਲਈ ਅਰਸਤੂ ਨੇ ਬੀਰ ਰਸੀ ਛੰਦ ਨੂੰ ਹੀ ਵਧੇਰੇ ਉਪਯੋਗੀ ਦੱਸਿਆ ਹੈ।[107] ਭਾਈ ਸਾਹਿਬ ਨੇ ਵੀ ਪੰਜਾਬ ਦੀ ਬੀਰ-ਰਸੀ ਦਿਲ ਧੜਕਣ ਨਾਲ ਇਕ-ਮਿਕ ਹੋਏ 'ਸਿਰਖੰਡੀ' ਛੰਦ ਨੂੰ 'ਰਾਣਾ ਸੂਰਤ ਸਿੰਘ' ਲਈ ਵਰਤਿਆ ਹੈ। 'ਸਿਰਖੰਡੀ' ਛੰਦ ਦੇ ਪ੍ਰਧਾਨ ਰੂਪ ਦੀਆਂ ਵੈਸੇ 21 ਮਾਤ੍ਰਾਂ ਹੁੰਦੀਆਂ ਹਨ, ਪਰ ਭਾਈ ਸਾਹਿਬ ਨੇ ਇਸ ਦੀ ਇਕ ਮਾਤ੍ਰਾ ਘਟਾ ਕੇ 20 ਮਾਤ੍ਰਾ ਵਾਲੇ ਸਿਰਖੰਡੀ ਛੰਦ ਦੀ ਵਰਤੋਂ ਰਾਹੀਂ 'ਬੀਰ ਰਸ' ਦੀ ਥਾਂ 'ਸ਼ਾਂਤ ਰਸ' ਦੇ ਪ੍ਰਭਾਵ ਨੂੰ ਉਜਾਗਰ ਕਰਨ ਦਾ ਇਕ ਨਵਾਂ ਪ੍ਰਯੋਗ ਕੀਤਾ ਹੈ। ਇਕ ਮਾਤ੍ਰਾ ਦੇ ਘਟਣ ਨਾਲ ਇਥੇ 'ਸਿਰਖੰਡੀ' ਛੰਦ ਦੀ ਚਾਲ ਤੇ ਧਾਪ ਵਿਚ ਕੋਈ ਫ਼ਰਕ ਨਹੀਂ ਪੈਂਦਾ, ਪਰ ਵਾਯੂਮੰਡਲ 'ਬੀਰ ਰਸ' ਭਰਪੂਰ ਹੋਣ ਦੀ ਥਾਂ 'ਸ਼ਾਂਤ ਰਸ' ਭਰਪੂਰ ਹੋ ਜਾਂਦਾ ਹੈ।[108] ਇਕ ਉਦਾਹਰਣ ਪ੍ਰਸਤੁਤ ਹੈ:

ਪੱਧਰ ਇਕ ਮਦਾਨ ਪਰਬਤ ਘੇਰਿਆ;
ਛੋਟਾ ਪਰ ਰਮਣੀਕ, ਸੁਥਰਾ ਸੋਹਣਾ,
ਵਿਚ ਹਿਮਾਚਲ ਧਾਰ, ਜੋ ਤੋਂ ਵਿਥ ਤੇ
ਲਹਿ ਲਹਿ ਸਬਜ਼ੀ ਨਾਲ ਸਾਰਾ ਕਰ ਰਿਹਾ।[109]

---

forms and every-thing that deviates from the ordinary modes of speech"
( Aristotle on the Art of Poetry, Bywater's Translation, P. 75)

106. ਭਾਸ਼ਾ ਸੰਬੰਧੀ ਵਧੇਰੇ ਵਿਸਥਾਰ ਲਈ ਵੇਖੋ ਅਧਿਆਇ ਚੌਥਾ

107. " As for its ( Epic's ) metre, the heroic has been assigned to it from experience; were any one to attempt a narrative poem in some one, or in several, of the other metres, the incongruity of the things would be apparent. The heroic in fact is the greatest and weightiest metres-which is what makes it more tolerant."
( Aristotle on the Art of Poetry, Bywater's Translation, P. 82)

108. ਡਾ. ਬਲਬੀਰ ਸਿੰਘ ਜੀ ਦਾ ਲੇਖ- 'ਭਾਈ ਵੀਰ ਸਿੰਘ ਜੀ ਦਾ ਸੰਦੇਸ਼, ਖਾਲਸਾ ਸਮਾਚਾਰ, 8-6-1961, ਜਿਲਦ 62, ਅੰਕ ਨੰ: 30

109. ਰਾਣਾ ਸੂਰਤ ਸਿੰਘ, ਪੰਨਾ 1, ਪੰਕਤੀ 1-4

ਭਾਈ ਸਾਹਿਬ ਨੇ ਸਾਰੇ 'ਰਾਣਾ ਸੂਰਤ ਸਿੰਘ' ਵਿਚ ਕੇਵਲ ਇਕੋ 'ਸਿਰਖੰਡੀ' ਛੰਦ ਨੂੰ ਹੀ ਨਿਭਾਇਆ ਹੈ। ਵਿਸ਼ਵਾ ਨਾਥ ਨੇ ਇਕ ਸਰਗ ਵਿਚ ਦੋ ਜਾਂ ਤਿੰਨ ਛੰਦ ਬਦਲਣ ਬਾਰੇ ਕਹਿਆ ਸੀ,[110] ਪਰ ਇਸ ਗੱਲ ਨੂੰ ਬਹੁਤ ਸਵੀਕਾਰ ਨਹੀਂ ਕੀਤਾ ਗਇਆ। 'ਰਾਮ ਚ੍ਰਿਤਰ ਮਾਨਸ' ਵਿਚ ਵੀ ਇਕੋ ਦੋਹਾ- ਚੌਪਈ ਛੰਦ ਦਾ ਪ੍ਰਯੋਗ ਮਿਲਦਾ ਹੈ। ਵੈਸੇ ਸਾਰੇ ਮਹਾਂ-ਕਾਵਿ ਨੂੰ ਇਕ ਛੰਦ ਵਿਚ ਨਿਭਾਹੁਣ ਲਈ ਬੜੀ ਸਾਧਨਾ ਦੀ ਲੋੜ ਹੁੰਦੀ ਹੈ ਅਤੇ ਭਾਈ ਸਾਹਿਬ ਨੇ ਕਿਸੇ ਵੀ ਤਰ੍ਹਾਂ ਇਸ ਤੋਂ ਮੂੰਹ ਨਹੀਂ ਮੋੜਿਆ।[111]

ਮਹਾਂ-ਕਾਵਿ ਪਰੰਪਰਾ ਤੇ 'ਰਾਣਾ ਸੂਰਤ ਸਿੰਘ'

ਪੱਛਮੀ ਮਹਾਂਕਾਵਿ — ਪੱਛਮ ਵਿਚ ਮਹਾਂਕਾਵਿ ਦਾ ਸਰੂਪ ਸਭ ਤੋਂ ਪਹਿਲੇ ਸੰਕਲਿਨਾਤਮਿਕ ਪ੍ਰਣਾਲੀ ਤੋਂ ਆਰੰਭ ਹੋਇਆ ਸੀ। ਯੂਨਾਨ ਵਿਚ ਹੋਮਰ ਨੇ 'ਈਲੀਅਡ' ਤੇ 'ਆਡੀਸੀ' ਵਿਚ ਰਾਸ਼ਟਰੀ ਜੀਵਨ ਨੂੰ ਇਕ ਸੂਤਰ ਵਿਚ ਬੰਨ੍ਹਦਿਆਂ ਦੋ ਸੰਸਕ੍ਰਿਤੀਆਂ ਦੇ ਸੰਘਰਸ਼ ਨੂੰ ਹੀ ਉਲੀਕਿਆ ਸੀ। ਯੂਨਾਨ ਵਾਂਗ ਲਾਤੀਨੀ ਵਿਚ ਵੀ ਮਹਾਂਕਾਵਿ ਦੀ ਰਾਸ਼ਟਰੀ-ਗੀਤ ਦੇ ਰੂਪ ਵਿਚ ਕਬੂਲੀ ਹੋਈ ਸੀ।[112] ਵਰਜਿਲ ਨੇ 'ਇਨੀਡ' ਅਤੇ ਦਾਂਤੇ ਨੇ 'ਡੀਵਾਈਨ ਕਾਮੇਡੀ' ਵਿਚ ਜੀਵਨ ਦੀ ਵਿਖਮਤਾ ਦੇ ਨਾਲ ਰਾਸ਼ਟਰੀ ਜੀਵਨ ਦੇ ਰੂਪ ਨੂੰ ਹੀ ਪ੍ਰਗਟ ਕਰਨ ਦਾ ਯਤਨ ਕੀਤਾ ਸੀ। ਯੂਨਾਨ ਤੇ ਰੋਮ ਤੋਂ ਹੁੰਦੀ ਹੋਈ ਸੰਸਕ੍ਰਿਤੀ ਇੰਗਲੈਂਡ ਪਹੁੰਚੀ ਸੀ। ਇਤਾਲਵੀ ਪ੍ਰਭਾਵ ਹੇਠਾਂ ਅੰਗ੍ਰੇਜ਼ੀ ਵਿਚ ਸਪੈਂਸਰ ਨੇ 'ਫੇਅਰੀ ਕਵੀਨ' ਵਿਚ ਭਾਵਾਂ ਅਤੇ ਵਿਚਾਰਾਂ ਨੂੰ ਪ੍ਰਧਾਨਤਾ ਦਿੱਤੀ। ਮਿਲਟਨ ਨੇ 'ਪੈਰਾਡਾਈਸ ਲਾਸਟ' ਰਾਹੀਂ ਆਦਮ ਤੇ ਈਵ ਵਿਚ ਮਾਨਵੀ ਭਾਵਨਾਵਾਂ ਨੂੰ ਚਿੱਤ੍ਰਤ ਕੀਤਾ ਸੀ। 'ਪੈਰਾਡਾਈਸ ਲਾਸਟ' ਤੋਂ ਪਿੱਛੋਂ ਮਹਾਂਕਾਵਿ ਦਾ ਇਕ ਵਧੇਰੇ ਸਵਤੰਤ੍ਰ ਸਰੂਪ ਅੰਗ੍ਰੇਜ਼ੀ ਵਿਚ ਸ਼ੁਰੂ ਹੋਇਆ ਸੀ। ਇਸ ਪ੍ਰਭਾਵ ਹੇਠ ਵਰਡਜ਼-ਵਰਥ ਦੀ 'ਪਰੇਲੂਡ', ਕੀਟਸ ਦੀ 'ਇੰਡੀਮੀਅਨ', ਸ਼ੈਲੇ ਦੀ 'ਪਰਾਮੀਥੀਅਸ ਅਨ- ਬਾਊਂਡ' ਵਿਚ ਵਰਣਨ ਦੀ ਥਾਂ ਭਾਵ- ਪ੍ਰਕਾਸ਼ਨ ਤੇ ਜ਼ੋਰ ਦਿੱਤਾ ਜਾਣ ਲੱਗਾ।

ਭਾਰਤੀ ਮਹਾਂ-ਕਾਵਿ — ਭਾਰਤ ਵਿਚ ਪੁਰਾਤਨ ਮਹਾਂਕਾਵਿ ਦਾ ਸਰੂਪ ਸੰਸਕ੍ਰਿਤ ਦੇ ਮਹਾਂਕਾਵਿ 'ਰਾਮਾਇਣ' ਤੇ 'ਮਹਾਂਭਾਰਤ' ਵਿਚ ਪ੍ਰਗਟ ਮਿਲਦਾ ਹੈ। ਕਾਲੀਦਾਸ ਦੇ ਮਹਾਂਕਾਵਿ 'ਰਘੁਵੰਸ਼' ਨਾਲ ਮਹਾਂ ਕਾਵਿ ਦਾ ਕਲਾਤਮਿਕ ਪੱਖ ਸਿਖਰ ਤੇ ਪੁਜਦਾ ਹੈ। ਸੰਸਕ੍ਰਿਤ ਤੋਂ ਬਾਅਦ ਹਿੰਦੀ ਵਿਚ ਮਹਾਂਕਾਵਿ ਦਾ ਪ੍ਰਥਮ ਸਰੂਪ 'ਪ੍ਰਿਥਵੀ ਰਾਜ ਰਾਸੋ' ਅਤੇ ਜਾਇਸੀ ਦੇ 'ਪਦਮਾਵਤ' ਵਿਚ ਪ੍ਰਾਪਤ ਹੁੰਦਾ ਹੈ। ਮਧਯੁਗ ਵਿਚ ਤੁਲਸੀ ਦਾ 'ਰਾਮ ਚਰਿਤਰ ਮਾਨਸ' ਮਹਾਂ-ਕਾਵਿ ਦੇ ਆਦਰਸ਼ ਰੂਪ ਵਿਚ ਨਿਖਰਦਾ ਹੈ। ਰੀਤੀ ਕਾਲ ਵਿਚ ਕੇਸ਼ਵ ਨੇ 'ਰਾਮ ਚੰਦ੍ਰਿਕਾ' ਰਾਹੀਂ ਮਹਾਂਕਾਵਿ ਪਰੰਪਰਾ ਦਾ ਅਨੁਸਰਣ ਕੀਤਾ।

'ਰਾਣਾ ਸੂਰਤ ਸਿੰਘ' ਨਾਲ ਪੰਜਾਬੀ ਮਹਾਂਕਾਵਿ ਪਰੰਪਰਾ ਦਾ ਮੁੱਢ — ਪੰਜਾਬੀ ਵਿਚ ਦਮੋਦਰ ਅਤੇ ਵਾਰਸ-ਸ਼ਾਹ ਦੀ 'ਹੀਰ' ਵਿਚ ਆਲੋਚਕ ਮਹਾਂਕਾਵਿ ਦੇ ਕੁਝ ਗੁਣਾਂ ਦਾ ਵਿਦਮਾਨ ਹੋਣਾ ਮੰਨਦੇ ਹਨ, ਪਰ ਅਸਲ ਵਿਚ ਇਹ ਕਿੱਸੇ ਹੀ ਹਨ ਤੇ ਇਨ੍ਹਾਂ ਨੂੰ ਮਹਾਂ ਕਾਵਿ ਨਹੀਂ ਕਹਿਆ ਜਾ ਸਕਦਾ। ਇਨ੍ਹਾਂ ਰਚਨਾਵਾਂ ਦੇ

---

110. ਵਿਸ਼ਵਾਨਾਥ, ਸਾਹਿਤਯ ਦਰਪਣ, 6/320
111. ਛੰਦ ਸੰਬੰਧੀ ਵਧੇਰੇ ਵਿਸਥਾਰ ਲਈ ਵੇਖੋ ਅਧਿਆਇ ਚੌਥਾ
112. Treble, A Book of Narrative Verse, Introduction, P. 6.

ਨਾਲ ਹੀ 'ਰਾਮਾਇਣ' ਤੇ 'ਮਹਾਂਭਾਰਤ' ਦੀਆਂ ਰਚਨਾਵਾਂ ਹੱਥਲਿਖਤਾਂ ਦੇ ਰੂਪ ਵਿਚ ਮਿਲਦੀਆਂ ਹਨ।[113] ਪਰ ਇਨ੍ਹਾਂ ਰਚਨਾਵਾਂ ਨੂੰ ਕਲਾਤਮਿਕ ਮਹਾਂਕਾਵਿ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ।

ਪੰਜਾਬੀ ਵਿਚ ਮਹਾਂ-ਕਾਵਿ ਦਾ ਸਹੀ ਮੁੱਢ ਭਾਈ ਸਾਹਿਬ ਦੇ 'ਰਾਣਾ ਸੂਰਤ ਸਿੰਘ' ਨਾਲ ਹੀ ਸ਼ੁਰੂ ਹੁੰਦਾ ਹੈ। ਭਾਈ ਸਾਹਿਬ ਨੇ ਰਾਣਾ ਸੂਰਤ ਸਿੰਘ ਰਾਹੀਂ ਕਲਪਤ ਕਲਾਤਮਿਕ ਮਹਾਂਕਾਵਿ ਦਾ ਮੁੱਢ ਬੰਨ੍ਹਿਆ ਹੈ। ਕਥਾਨਕ ਦੇ ਰੂਪ ਵਿਚ ਰਾਣਾ ਸੂਰਤ ਸਿੰਘ ਸੰਪੂਰਣ ਜੀਵਨ ਨੂੰ ਲੈ ਕੇ ਹੀ ਚਲਦਾ ਹੈ। ਰਾਣਾ ਸੂਰਤ ਸਿੰਘ ਆਦਰਸ਼ਕ ਮਾਨਵ ਅਤੇ ਰਾਣੀ ਰਾਜ ਕੌਰ ਮਾਨਵ ਦੇ ਵਿਕਾਸ ਦੀ ਕਥਾ ਨੂੰ ਵਿਅਕਤ ਕਰਦੀ ਹੈ। ਇਸ ਰਚਨਾ ਰਾਹੀਂ ਭਾਈ ਸਾਹਿਬ ਨੇ ਆਪਣੇ ਸਾਰੇ ਚਿੰਤਨ ਅਤੇ ਅਨੁਭਵ ਦਾ ਪ੍ਰਕਾਸ਼ਨ ਕੀਤਾ ਹੈ। ਇੱਥੇ ਸੰਪੂਰਣ ਜੀਵਨ ਸੰਘਰਸ਼ ਪਿੱਛੋਂ ਜੀਵਨ ਵਿਚ ਸਾਮਜਸਯ( Synthesis ) ਦੁਆਰਾ 'ਅਨੰਦ' ਜਾਂ 'ਖੇੜੇ' ਤੇ 'ਰਸ-ਸਰੂਪ' ਦੀ ਅਵਸਥਾ ਦਾ ਉਲੇਖ ਗੁਰਮਤਿ ਦਰਸ਼ਨ ਦੇ ਆਧਾਰ ਤੇ ਕੀਤਾ ਹੈ। ਇਸ ਦੇ ਨਾਲ ਯੁਗ ਅਤੇ ਕਾਲ ਦੇ ਸਰੂਪ ਨੂੰ ਮੁੱਖ ਰਖਦਿਆਂ ਇੱਥੇ ਸਮਾਜਿਕ ਤੇ ਸਦਾਚਾਰਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਉਲੇਖ ਵੀ ਕੀਤਾ ਹੈ।

ਪ੍ਰਾਚੀਨ ਮਹਾਂਕਾਵਿ ਵਿਚ ਵਰਣਨਾਤਮਿਕ ਸ਼ੈਲੀ ਰਾਹੀਂ ਹੀ ਕਥਾ ਉਸਾਰੀ ਜਾਂਦੀ ਸੀ, ਪਰ ਭਾਈ ਸਾਹਿਬ ਨੇ ਵਸਤੂ- ਨਿਸ਼ਠ ( Objective ) ਵਰਣਨ ਨੂੰ ਵਧੇਰੇ ਆਤਮ- ਨਿਸ਼ਠ ( Subjective) ਤੇ ਭਾਵਾਤਮਿਕ ਰੂਪ ਵਿਚ ਪੇਸ਼ ਕੀਤਾ ਹੈ। ਇੱਥੇ ਘਟਨਾਵਾਂ ਦੀ ਭਰਮਾਰ ਨਹੀਂ,ਸਗੋਂ ਭਾਈ ਸਾਹਿਬ ਅਲਪ ਜਹੀ ਕਥਾ ਨੂੰ ਲੈ ਕੇ ਕੇਂਦ੍ਰੀਕਰਣ ਵਲ ਹੀ ਵਧੇਰੇ ਉਨਮੁਖ ਰਹੇ ਹਨ। ਭਾਈ ਸਾਹਿਬ ਨੇ ਇਸ ਵਿਚ ਪਾਤਰ ਵੀ ਸੀਮਤ ਗਿਣਤੀ ਦੇ [illegible] ਲਏ ਹਨ ਤੇ ਪਾਤਰਾਂ ਦੇ ਵਧੇਰੇ ਵਿਅਕਤੀਗਤ ਗੁਣਾਂ ਨੂੰ ਹੀ ਧਿਆਨ ਨਹੀਂ ਕੀਤਾ। ਇੱਥੇ ਪਾਤਰ ਆਪਣਾ ਵਿਅਕਤਿਤਵ ਕਵੀ ਦੇ ਉਦੇਸ਼ ਵਿਚ ਵਿਲੀਨ ਕਰਦੇ ਦਿਖਾਈ ਦਿੰਦੇ ਹਨ। ਇਸ ਵਿਚ ਪਾਤਰਾਂ ਦੀ ਮਾਨਸਿਕ ਅਭਿਵਿਅਕਤੀ ਤੇ ਆਤਰਿਕ ਪ੍ਰਕਾਸ਼ਨ ਉਨ੍ਹਾਂ ਨੂੰ ਵਿਆਪਕਤਵ ਪ੍ਰਦਾਨ ਕਰਦਾ ਹੈ। 'ਰਾਣਾ ਸੂਰਤ ਸਿੰਘ' ਦੀ ਭਾਸ਼ਾ ਵਿਚ ਕਿਧਰੇ ਸਿੱਥਲਤਾ ਨਹੀਂ ਆਉਂਦੀ। ਭਾਈ ਸਾਹਿਬ ਨੇ ਆਤਰਿਕ ਸੂਖਮ ਭਾਵਾਂ ਦੇ ਵਰਣਨ ਲਈ ਪ੍ਰਗਲ ਤੇ ਚਿੱਤ੍ਰਮਈ ਭਾਸ਼ਾ ਨੂੰ ਵਰਤਿਆ ਹੈ। ਇਸ ਸਾਰੀ ਰਚਨਾ ਨੂੰ ਭਾਈ ਸਾਹਿਬ ਨੇ ਕੇਵਲ ਇਕ ਸਿਰਖੰਡੀ ਛੰਦ ਵਿਚ ਨਿਭਾਉਣ ਦਾ ਯਤਨ ਕੀਤਾ ਹੈ।

ਇਸ ਤਰ੍ਹਾਂ ਭਾਈ ਸਾਹਿਬ ਨੇ ਕਾਵਿ ਵੈਭਵ,ਚਿੰਤਨ ਪੱਖ ਦੀ ਪ੍ਰੌਢਤਾ ਸਵਸਥ ਜੀਵਨ ਦਰਸ਼ਨ ਅਤੇ ਮਾਨਵੀ ਭਾਵਨਾਵਾਂ ਦੇ ਵਿਸ਼ਲੇਸ਼ਣ ਦੀ ਸਹਾਇਤਾ ਨਾਲ 'ਰਾਣਾ ਸੂਰਤ ਸਿੰਘ' ਨੂੰ ਮਹਾਂਕਾਵਿ ਦਾ ਰੂਪ ਦੇਣ ਦਾ ਯਤਨ ਕੀਤਾ ਹੈ। ਇਹ ਭਾਈ ਸਾਹਿਬ ਦੇ ਵਿਅਕਤਿਤਵ ਦੀ ਵੀ ਸੰਪੂਰਣ ਅਭਿਵਿਅਕਤੀ ਹੈ। ਇਸ ਵਿਚ ਭਾਈ ਸਾਹਿਬ ਆਪਣੀ ਸਾਰੀ ਸਾਧਨਾ ਨੂੰ ਲੈ ਕੇ ਪੇਸ਼ ਹੁੰਦੇ ਹਨ ਤੇ ਇਹ ਉਨ੍ਹਾਂ ਦੇ ਜੀਵਨ ਮੰਥਨ ਦਾ ਪ੍ਰੀਣਾਮ ਹੈ।

'ਰਾਣਾ ਸੂਰਤ ਸਿੰਘ' ਦਾ ਪੰਜਾਬੀ ਮਹਾਂ-ਕਾਵਿ ਪਰੰਪਰਾ ਤੇ ਪ੍ਰਭਾਵ --- ਭਾਈ ਸਾਹਿਬ ਦੀ 'ਰਾਣਾ ਸੂਰਤ ਸਿੰਘ' ਨਾਲ ਸ਼ੁਰੂ ਕੀਤੀ ਮਹਾਂਕਾਵਿ ਦੀ ਪਰੰਪਰਾ ਦੇ ਪ੍ਰਭਾਵ ਸਦਕਾ ਹੀ ਪੰਜਾਬੀ ਵਿਚ ਮਹਾਂਕਾਵਿ ਪਰੰਪਰਾ

---

113. ਡਾ.ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ (1701-1850)ਪੰਨਾ 124

ਦਾ ਵਿਕਾਸ ਪੰਡਤ ਮਾਨ ਸਿੰਘ ਕਾਲੀਦਾਸ ਦੇ 'ਰਾਮਾਇਣ(1920), ਲਾਲਾ ਕਿਰਪਾ ਸਾਗਰ ਦੇ 'ਲਖਸ਼ਮੀ ਦੇਵੀ'(1920), ਅਵਤਾਰ ਸਿੰਘ ਆਜ਼ਾਦ ਦੇ 'ਮਰਦ ਅਗੰਮੜਾ', 'ਸੂਲ-ਸੁਰਾਹੀ', 'ਵਿਸ਼ਵ-ਨੂਰ' ਤੇ 'ਮਹਾਂਬਲੀ', ਸੰਤ ਇੰਦਰ ਸਿੰਘ ਚੱਕਰਵਰਤੀ ਦੇ 'ਮਾਲਵੇਂਦਰ' ਤੇ 'ਹਿੰਦ ਦੀ ਚਾਦਰ' ਅਤੇ ਪ੍ਰੋ. ਮੋਹਨ ਸਿੰਘ ਦੇ 'ਏਸ਼ੀਆ ਦਾ ਚਾਨਣ' (ਜੋ ਐਡਵਿਨ ਆਰਨਲਡ ਦੀ 'ਲਾਈਟ ਆਫ਼ ਏਸ਼ੀਆ' ਦਾ ਅਨੁਵਾਦ ਹੈ) ਆਦਿਕ ਰਾਹੀਂ ਹੋਇਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਸਾਰੇ ਮਹਾਂ-ਕਾਵਿ ਰਚਤਾ ਵਿਸ਼ੇਸ਼ ਕਾਵਿ ਪ੍ਰਤਿਭਾ ਦੇ ਸੁਆਮੀ ਹਨ, ਪਰ ਇਨ੍ਹਾਂ ਸਭਨਾਂ ਦੇ ਰਚੇ ਮਹਾਂਕਾਵਿਆਂ ਵਿਚ 'ਰਾਣਾ ਸੂਰਤ ਸਿੰਘ' ਦੇ ਪ੍ਰਭਾਵ ਦੇ ਕੁਝ ਚਿੰਨ੍ਹ ਸਪਸ਼ਟ ਮਿਲਦੇ ਹਨ।

ਅਵਤਾਰ ਸਿੰਘ ਆਜ਼ਾਦ ਨੇ ਪੰਜਾਬੀ ਵਿਚ ਹੁਣ ਤਕ ਸਭ ਤੋਂ ਵਧੇਰੇ ਚਾਰ ਮਹਾਂਕਾਵਿ ਲਿਖੇ ਹਨ। ਉਨ੍ਹਾਂ ਦੇ ਸਾਰੇ ਮਹਾਂ-ਕਾਵਿ ਉਸੇ ਆਸ਼ੇ ਨੂੰ ਪ੍ਰਗਟ ਕਰਦੇ ਹਨ ਜੋ ਭਾਈ ਸਾਹਿਬ ਨੇ 'ਰਾਣਾ ਸੂਰਤ ਸਿੰਘ' ਵਿਚ ਪ੍ਰਗਟ ਕੀਤਾ ਹੈ। ਇਸ ਸੰਬੰਧ ਵਿਚ ਆਜ਼ਾਦ ਜੀ ਨੇ 'ਮਹਾਂਬਲੀ' ਦੇ ਮੁੱਖ ਸ਼ਬਦ ਦੇ ਸਿਰਲੇਖ ਹੇਠ ਆਪ ਲਿਖਿਆ ਹੈ, 'ਦੇਸ਼ ਦੇ ਬਟਵਾਰੇ ਸਮੇਂ ਜੋ ਮਹਾਨ-ਦੁੱਖਾਂਤ ਮੈਂ ਵੇਖਿਆ, ਉਸ ਨੇ ਮੇਰੀ ਵਿਚਾਰਧਾਰਾ ਦਾ ਰੁੱਖ ਇਕ ਦਮ ਬਦਲ ਦਿੱਤਾ ਅਤੇ ਮੈਂ ਪ੍ਰਤਿੱਗਿਆ ਲੈ ਲਈ ਕਿ ਮਾਨਵਤਾ, ਦੇਸ਼ ਭਗਤੀ ਅਤੇ ਸਰਵ-ਪਿਆਰ ਦਾ ਉਹ ਸੁਨੇਹਾ ਜੋ ਗੁਰੂ ਸਾਹਿਬਾਂ ਨੇ ਬਾਣੀ ਅਤੇ ਆਪਣੇ ਅਮਲੀ ਜੀਵਨ ਰਾਹੀਂ ਸੰਸਾਰ ਨੂੰ ਦਿੱਤਾ ਹੈ, ਮੈਂ ਉਸ ਨੂੰ ਵੱਧ ਤੋਂ ਵੱਧ ਅਸਰ ਭਰਪੂਰ ਰੂਪ ਵਿਚ ਪੇਸ਼ ਕਰਾਂਗਾ।" ਇਸ ਆਸ਼ੇ ਨੂੰ ਉਨ੍ਹਾਂ 'ਮਰਦ ਅਗੰਮੜਾ' ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, 'ਵਿਸ਼ਵ ਨੂਰ' ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ 'ਮਹਾਂਬਲੀ' ਵਿਚ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਦੇ ਬਿਆਨ ਰਾਹੀਂ ਪ੍ਰਗਟ ਕੀਤਾ ਹੈ। 'ਰਾਣਾ ਸੂਰਤ ਸਿੰਘ' ਵਿਚ ਭਾਈ ਸਾਹਿਬ ਨੇ ਪ੍ਰਾਚੀਨ ਮਹਾਂ-ਕਾਵਿ ਦੇ ਅੱਠ ਸਰਗਾਂ ਵਾਲੀ ਪਰੰਪਰਾ ਦੀ ਥਾਂ ਇਸ ਨੂੰ 35 ਪ੍ਰਕਰਣਾਂ ਵਿਚ ਵੰਡਿਆ ਹੈ। ਆਜ਼ਾਦ ਜੀ ਨੇ ਵੀ ਇਸੇ ਢੰਗ ਨੂੰ ਅਪਣਾਉਂਦਿਆਂ 'ਮਰਦ ਅਗੰਮੜਾ' ਨੂੰ 34 ਪ੍ਰਕਰਣਾਂ ਅਤੇ 'ਵਿਸ਼ਵ ਨੂਰ' ਨੂੰ 20 ਪ੍ਰਕਰਣਾਂ ਵਿਚ ਲਿਖਿਆ ਹੈ।

'ਰਾਣਾ ਸੂਰਤ ਸਿੰਘ' ਵਿਚ ਇਕ ਵਿਆਪਕ ਜੀਵਨ ਆਦਰਸ਼ ਨੂੰ ਉਲੀਕਣ ਦੀ ਪਰੰਪਰਾ ਤੋਰੀ ਗਈ ਸੀ। ਪੰਡਤ ਮਾਨ ਸਿੰਘ ਕਾਲੀਦਾਸ ਨੇ 'ਰਾਮਾਇਣ' ਵਿਚ ਰਾਮ ਚੰਦਰ ਜੀ ਦੇ ਜੀਵਨ ਰਾਹੀਂ, ਸੰਤ ਇੰਦਰ ਸਿੰਘ ਚੱਕਰਵਰਤੀ ਨੇ 'ਮਾਲਵੇਂਦਰ' ਵਿਚ ਬਾਬਾ ਰਾਮ ਸਿੰਘ ਦੇ ਜੀਵਨ ਰਾਹੀਂ ਤੇ 'ਹਿੰਦ ਦੀ ਚਾਦਰ' ਵਿਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਰਾਹੀਂ ਅਤੇ ਪ੍ਰੋ. ਮੋਹਨ ਸਿੰਘ ਦੇ ਅਨੁਵਾਦ ਕੀਤੇ 'ਏਸ਼ੀਆ ਦੇ ਚਾਨਣ' ਵਿਚ ਮਹਾਤਮਾ ਬੁੱਧ ਦੇ ਜੀਵਨ ਰਾਹੀਂ ਵੀ ਇਕ ਵਿਆਪਕ ਜੀਵਨ ਆਦਰਸ਼ ਨੂੰ ਪ੍ਰਗਟ ਕਰਨ ਦਾ ਯਤਨ ਮਿਲਦਾ ਹੈ। ਲਾਲਾ ਕਿਰਪਾ ਸਾਗਰ ਦੇ 'ਲਕਸ਼ਮੀ ਦੇਵੀ' ਵਿਚ 'ਰਾਣਾ ਸੂਰਤ ਸਿੰਘ' ਦੀ ਪਹਾੜੀ ਰਿਆਸਤ ਦੇ ਬਿਆਨ ਵਾਂਗ ਚੰਦਰਾਲ ਦੀ ਪਹਾੜੀ ਰਿਆਸਤ ਦਾ ਬਿਆਨ ਮਿਲਦਾ ਹੈ। 'ਲਖਸ਼ਮੀ ਦੇਵੀ' ਵਿਚ ਪਾਤਰਾਂ ਨੂੰ ਨਾਵਾਂ ਦੀ ਚੋਣ ਵਿਚ ਵੀ 'ਰਾਣਾ ਸੂਰਤ ਸਿੰਘ' ਦਾ ਪ੍ਰਭਾਵ ਮਿਲਦਾ ਹੈ। 'ਰਾਣਾ ਸੂਰਤ ਸਿੰਘ' ਵਿਚ ਰਾਣੀ ਰਾਜ ਕੌਰ ਦੀ ਮਾਂ ਦਾ ਨਾਂ 'ਚੰਦਰ ਕੌਰ' ਹੈ ਅਤੇ 'ਲਖਸ਼ਮੀ ਦੇਵੀ' ਵਿਚ ਜੈਮਲ ਸਿੰਘ ਦੀ ਮਾਤਾ ਦਾ ਨਾਂ ਵੀ ਚੰਦਰ ਕੌਰ ਹੈ।

'ਰਾਣਾ ਸੂਰਤ ਸਿੰਘ' ਵਾਲੀ ਸਾਰੇ ਮਹਾਂਕਾਵਿ ਨੂੰ ਇਕੋ ਛੰਦ ਵਿਚ ਨਿਭਾਉਣ ਦੀ ਪਰੰਪਰਾ ਅਵਤਾਰ ਸਿੰਘ ਆਜ਼ਾਦ ਦੇ 'ਮਰਦ ਅਗੰਮੜਾ' ਵਿਚ ਮਿਲਦੀ ਹੈ ਜੋ ਸਿਰਫ਼ ਦੋਹਿਰੇ ਛੰਦ ਵਿਚ ਲਿਖਿਆ ਗਇਆ ਹੈ। ਭਾਈ ਸਾਹਿਬ ਨੇ 'ਰਾਣਾ ਸੂਰਤ ਸਿੰਘ' ਨੂੰ ਸਿਰਖੰਡੀ ਛੰਦ ਵਿਚ ਲਿਖਿਆ ਸੀ। ਅਵਤਾਰ ਸਿੰਘ ਆਜ਼ਾਦ ਨੇ 'ਮਹਾਂ ਬਲੀ' ਵਿਚ ਅਤੇ ਪ੍ਰੋ. ਮੋਹਨ ਸਿੰਘ ਨੇ 'ਏਸ਼ੀਆ ਦੇ ਚਾਨਣ' ਵਿਚ ਹੋਰ ਛੰਦਾਂ ਦੇ ਨਾਲ ਸਿਰਖੰਡੀ ਛੰਦ ਨੂੰ ਵੀ ਵਰਤਿਆ ਹੈ। ਪ੍ਰੋ. ਮੋਹਨ ਸਿੰਘ ਨੇ 'ਏਸ਼ੀਆ ਦੇ ਚਾਨਣ' ਵਿਚ ਭਾਈ ਸਾਹਿਬ ਦੇ ਪ੍ਰਭਾਵ ਹੇਠ ਜਿਥੇ ਸਿਰਖੰਡੀ ਛੰਦ ਨੂੰ ਵਰਤਿਆ ਹੈ, ਉਥੇ ਛੰਦ ਇਕੋ ਤੁਕ ਵਿਚ ਖਤਮ ਨਹੀਂ ਹੁੰਦਾ, ਸਗੋਂ ਕਈ ਤੁਕਾਂ ਤਕ ਤੁਰਦਾ ਜਾਂਦਾ ਹੈ।[114]

ਇਵੇਂ 'ਰਾਣਾ ਸੂਰਤ ਸਿੰਘ' ਦਾ ਪੰਜਾਬੀ ਮਹਾਂ-ਕਾਵਿ ਪਰੰਪਰਾ ਤੇ ਬਹੁ- ਪੱਖੀ ਪ੍ਰਭਾਵ ਪਇਆ ਹੈ। ਇਸ ਦੀ ਵਿਸ਼ੇਸ਼ਤਾ ਹੈ ਕਿ ਇਸ ਨਾਲ ਜੋ ਇਕ ਪਾਸੇ ਪੰਜਾਬੀ ਵਿਚ ਮਹਾਂਕਾਵਿ ਦੀ ਜੋ ਘਾਟ ਸੀ, ਉਹ ਪੂਰੀ ਹੁੰਦੀ ਹੈ, ਉਥੇ ਨਾਲ ਹੀ ਇਹ ਰਚਨਾ ਆਉਣ ਵਾਲੇ ਮਹਾਂਕਾਵਿ ਰਚਣ ਵਾਲਿਆਂ ਦਾ ਪੱਥ- ਪ੍ਰਦਰਸ਼ਨ ਵੀ ਕਰਦੀ ਹੈ। 'ਰਾਣਾ ਸੂਰਤ ਸਿੰਘ' ਭਾਈ ਸਾਹਿਬ ਦੀ ਪੰਜਾਬੀ ਕਾਵਿ ਨੂੰ ਇਕ ਅਨੂਠੀ ਦੇਣ ਹੈ। ਇਹ ਰਚਨਾ ਪੰਜਾਬੀ ਕਾਵਿ ਵਿਚ ਹੀ ਨਹੀਂ, ਆਪਣੇ ਵਸਤੂ ਕਾਰਨ ਵਿਸ਼ਵ ਮਹਾਂਕਾਵਿ ਪਰੰਪਰਾ ਵਿਚ ਵੀ ਇਕ ਨਿੱਗਰ ਵਾਧਾ ਹੈ।

---

114. ਜਿਸ ਦਮ ਅਠਵਾਂ ਸਾਲ ਪੂਰਾ ਹੋਇਆ।
ਰਾਜੇ ਚਾਹਿਆ ਵਿਦਿਆ ਦੇਵੇ ਕੰਵਰ ਨੂੰ,
ਜਿਹੜੀ ਕਿਸੇ ਖੁਦਿਆਰੇ ਨੂੰ ਹੈ ਸੋਂਹਦੀ,
ਕਿਉਂਕਿ ਉਹ ਸੀ ਬੁਧ ਦੀ ਭੁੱਖਾ ਖਤਰਿਆਂ
ਵਾਲੀ ਹੋਣੀ ਤੋਂ ਅਤ ਘਬਰਾਂਦਾ। (ਮੋਹਨ ਸਿੰਘ, ਏਸ਼ੀਆ ਦਾ ਚਾਨਣ)

## (ੲ) ਲੰਮੇਰੀਆਂ ਕਵਿਤਾਵਾਂ

ਭਾਈ ਸਾਹਿਬ ਦੀ ਪ੍ਰਬੰਧਾਤਮਿਕਤਾ ਉਨ੍ਹਾਂ ਦੀ ਮੁੱਢਲੀ ਰਚਨਾ 'ਰਾਣਾ ਸੂਰਤ ਸਿੰਘ' ਰਾਹੀਂ ਵਿਦਿਤ ਹੋ ਜਾਂਦੀ ਹੈ। ਇਸ ਤੋਂ ਬਾਅਦ ਸਮੇਂ ਸਮੇਂ ਲੰਮੇਰੀਆਂ ਕਵਿਤਾਵਾਂ ਦੀ ਰਚਨਾ ਰਾਹੀਂ ਵੀ ਉਨ੍ਹਾਂ ਨੇ ਇਸ ਰੁਚੀ ਦੀ ਸਾਖ ਭਰੀ ਹੈ। ਲੰਮੇਰੀ ਕਵਿਤਾ ਨਾਂ ਭਾਵੇਂ ਆਧੁਨਿਕ ਕਾਲ ਵਿਚ ਪ੍ਰਚਲਿਤ ਹੋਇਆ ਹੈ, ਪਰ ਇਸ ਤਰ੍ਹਾਂ ਦੇ ਕਾਵਿ ਰੂਪ ਦੀ ਪਰੰਪਰਾ ਪ੍ਰਾਚੀਨ ਕਾਲ ਤੋਂ ਸਾਹਿਤ ਵਿਚ ਚਲੀ ਆ ਰਹੀ ਹੈ। ਕਿਸੇ ਕਥਾ- ਖੰਡ ਨੂੰ ਲੈ ਕੇ ਘਟ ਤੋਂ ਘਟ ਪਾਤਰਾਂ ਰਾਹੀਂ ਲਕਸ਼ ਵਿਸ਼ੇਸ਼ ਤਕ ਜਾਣਾ ਹੀ ਲੰਮੇਰੀ ਕਵਿਤਾ ਦਾ ਮੁੱਖ ਉਦੇਸ਼ ਹੁੰਦਾ ਹੈ। ਲੰਮੇਰੀ ਕਵਿਤਾ ਸਾਰੀ ਵੈਨਿਕ ਨਹੀਂ ਹੋ ਸਕਦੀ, ਇਸ ਵਿਚ ਕਾਵਿ ਅੰਸ਼ ਤੋਂ ਇਲਾਵਾ ਕਿਸੇ ਕਥਾ, ਸਿੱਧਾਂਤ ਜਾਂ ਗਿਆਨ ਨੂੰ ਅਭਿਵਿਅਕਤ ਕੀਤਾ ਜਾਂਦਾ ਹੈ।[1] ਇਸ ਵਿਚ ਆਮ ਤੌਰ ਤੇ ਕਿਸੇ ਚਿੰਨ੍ਹਾਤਮਿਕ ਕਥਾ ਨੂੰ ਦਾਰਸ਼ਨਿਕ ਆਧਾਰ ਰਾਹੀਂ ਭਾਵਾਂ ਦੀ ਸਾਣ ਤੇ ਚਾੜ੍ਹ ਕੇ ਪੇਸ਼ ਕੀਤਾ ਜਾਂਦਾ ਹੈ। ਲੰਮੇਰੀਆਂ ਕਵਿਤਾਵਾਂ ਵਿਚ ਸਿਰਫ਼ ਘਟਨਾਵਾਂ ਦਾ ਬਿਆਨ ਹੀ ਨਹੀਂ ਹੁੰਦਾ, ਇਨ੍ਹਾਂ ਵਿਚ ਕਵੀ ਦੀ ਕਲਪਨਾ, ਹੁਨਰ ਤੇ ਸੰਗੀਤ ਦੇ ਗੁਣਾਂ ਦਾ ਸੰਜੋਗ ਵੀ ਮਿਲਦਾ ਹੈ।[2] ਲੰਮੇਰੀ ਕਵਿਤਾ ਦੀ ਉਸਾਰੀ ਵਿਚ ਕਵੀ ਦੀ ਪ੍ਰਤਿਭਾ ਦਾ ਵਿਸ਼ੇਸ਼ ਭਾਗ ਹੁੰਦਾ ਹੈ ਜੋ ਇਸ ਨੂੰ ਨਿਰੋਲ ਕਥਾਤਮਿਕ ਬਿਆਨ ਤੋਂ ਉਤੇ ਚੁੱਕ ਕੇ ਅਜੇਹੇ ਗੁਣਾਂ ਭਰਪੂਰ ਬਣਾ ਦਿੰਦੀ ਹੈ ਕਿ ਇਸ ਵਿਚ ਵਿਲੱਖਣਤਾ ਦਾ ਗੁਣ ਪ੍ਰਵੇਸ਼ ਕਰ ਜਾਂਦਾ ਹੈ।[3]

ਫ਼ਾਰਸੀ, ਉਰਦੂ ਤੇ ਅੰਗ੍ਰੇਜ਼ੀ ਸਾਹਿਤ ਵਿਚ ਲੰਮੇਰੇ ਰੂਪ ਦੀਆਂ ਕਵਿਤਾਵਾਂ ਦੀ ਰਚਨਾ ਭਰਪੂਰ ਰੂਪ ਵਿਚ ਮਿਲਦੀ ਹੈ। ਸੰਸਕ੍ਰਿਤ ਕਵਿਤਾ ਦੀ ਵੰਡ ਪ੍ਰਬੰਧ- ਕਾਵਿ ਅਤੇ ਖੰਡ ਕਾਵਿ ਦੇ ਆਧਾਰ ਤੇ ਹੋਣ ਕਰਕੇ ਉਸ ਵਿਚ ਲੰਮੇਰੀਆਂ ਕਵਿਤਾਵਾਂ ਦੇ ਰੂਪ ਦਾ ਨਾਮ ਪ੍ਰਥਕ ਰੂਪ ਵਿਚ ਨਹੀਂ ਮਿਲਦਾ। ਪੰਜਾਬੀ ਕਵਿਤਾ ਦੇ

---

1. "Long poems are never purely lyric--- besides being poems they are also stories, descriptions of ideas or of knowledge, or the like." ( L.S. Harris, The Nature of English Poetry, P. 61 )

2. " The ability to tell a story in verse with manly sentiment and a certain vigour is nothing, if there be in the narrative poem no poetic vision, no magic, no music other than ~~ax~~ obvious sound of the gallop of events." ( T. Earle Welby quoted by N.L. Clay, The Narrative Art in Verse, London, 1949, P. VII )

3. " And yet the reader is conscious of something which vastly enhances the narrative, and without which the story, however, adroitly constructed would lack the individuality imparted to it by the peculiar genius of the poet." ( A.L. Macdonald and F.C. Walker, Narrative English Poems, London, 1929, P. VII )

ਖੇਤਰ ਵਿਚ ਭਾਵੇਂ ਇਸ ਢੰਗ ਦੀ ਕਾਵਿ ਰਚਨਾ ਕਾਫ਼ੀ ਗਿਣਤੀ ਵਿਚ ਮਿਲਦੀ ਹੈ,ਪਰ ਅਸਲੀ ਆਧੁਨਿਕ ਢੰਗ ਦੀਆਂ ਲੰਮੇਰੀਆਂ ਕਵਿਤਾਵਾਂ ਜੋ ਪੱਛਮ ਵਿਚ ਪ੍ਰਚਲਿਤ ਸਨ,ਦਾ ਮੁੱਢ ਭਾਈ ਸਾਹਿਬ ਦੀਆਂ ਲੰਮੇਰੀਆਂ ਕਵਿਤਾਵਾਂ ਨਾਲ ਹੀ ਸ਼ੁਰੂ ਹੁੰਦਾ ਹੈ। ਵੈਸੇ ਪੰਜਾਬੀ ਕਵਿਤਾ ਦੇ ਖੇਤਰ ਵਿਚ ਗੁਰਬਾਣੀ ਦੇ ਪ੍ਰਬੰਧ- ਕਾਵਿ ਰੂਪਾਂ (ਜਪੁਜੀ,ਸੁਖਮਨੀ,ਆਸਾ ਦੀ ਵਾਰ,ਜੈਤਸਰੀ ਦੀ ਵਾਰ ਆਦਿਕ) ਤੋਂ ਛੁੱਟ ਬਾਰਾਮਾਹਾ,ਸੀਹਰਫ਼ੀਆਂ ਅਤੇ ਵਾਰਾਂ ਦੇ ਰੂਪ ਨੂੰ ਲੰਮੇਰੀਆਂ ਕਵਿਤਾਵਾਂ ਦੇ ਖੇਤਰ ਵਿਚ ਹੀ ਰੱਖਿਆ ਜਾ ਸਕਦਾ ਹੈ।

ਭਾਈ ਸਾਹਿਬ ਨੇ ਪੱਛਮੀ ਲੰਮੇਰੀਆਂ ਕਵਿਤਾਵਾਂ ਵਾਂਗੂੰ ਜੋ ਆਪਣੀਆਂ ਲੰਮੇਰੀਆਂ ਕਵਿਤਾਵਾਂ ਰਾਹੀਂ ਨਵੀਂ ਪ੍ਰਥਾ ਸ਼ੁਰੂ ਕੀਤੀ ਸੀ, ਉਹ ਪੰਜਾਬੀ ਲਈ ਇਕ ਨਵੀਂ ਚੀਜ਼ ਹੈ। ਭਾਈ ਸਾਹਿਬ ਇਨ੍ਹਾਂ ਕਵਿਤਾਵਾਂ ਰਾਹੀਂ ਕਿਸੇ ਘਟਨਾ ਦਾ ਵਰਣਨ ਨਹੀਂ ਕਰਨਾ ਚਾਹੁੰਦੇ,ਉਹ ਇਨ੍ਹਾਂ ਰਾਹੀਂ ਕੇਵਲ ਇਕ ਸੰਦੇਸ਼ ਛੋੜ ਜਾਂਦੇ ਹਨ। ਉਨ੍ਹਾਂ ਦੀਆਂ ਲੰਮੇਰੀਆਂ ਕਵਿਤਾਵਾਂ ਵਿਚ ਸੰਕੇਤ ਵਧੇਰੇ ਹੈ ਅਤੇ ਇਹ ਸਿੱਧਾਂਤ ਪ੍ਰਤਿਪਾਦਨ ਤੇ ਦਾਰਸ਼ਨਿਕ ਸਥਾਪਣਾ ਦਾ ਮਾਧਿਅਮ ਹਨ। ਪੱਛਮ ਵਿਚ ਵੀ ਲੰਮੇਰੀਆਂ ਕਵਿਤਾਵਾਂ ਰਾਹੀਂ ਕਿਸੇ ਨੈਤਿਕਤਾ ਅਤੇ ਆਦਰਸ਼ ਦਾ ਪ੍ਰਤਿਪਾਦਨ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਵਿਚ ਮਾਨਵੀ ਭਾਵਨਾਵਾਂ ਨੂੰ ਪ੍ਰਧਾਨਤਾ ਦਿੱਤੀ ਜਾਂਦੀ ਹੈ।[4]

ਭਾਈ ਸਾਹਿਬ ਦੀਆਂ ਲੰਮੇਰੀਆਂ ਕਵਿਤਾਵਾਂ ਸੰਗ੍ਰਹਿਤ ਤੇ 'ਖਾਲਸਾ ਸਮਾਚਾਰ' ਵਿਚ ਪ੍ਰਕਾਸ਼ਿਤ ਪਰ ਅਸੰਗ੍ਰਹਿਤ ਰੂਪ ਵਿਚ ਮਿਲਦੀਆਂ ਹਨ। ਸੰਗ੍ਰਹਿਤ ਰੂਪ ਵਿਚ ਇਹ 'ਲਹਿਰਾਂ ਦੇ ਹਾਰ' ਦੇ ਸੰਗ੍ਰਹਿ ਵਿਚ 'ਜੀਵਨ ਕੀ ਹੈ ?', 'ਜਮਨਾ ਕਲਗੀਆਂ ਵਾਲੇ ਦੇ ਦੀਦਾਰ ਦੀ ਸਿੱਕ ਵਿਚ', 'ਨਰਗਸ', 'ਹਿਮਾਲਯ- ਗੰਗਾ- ਸਮੁੰਦਰ', 'ਅਰਸ਼ੀ ਯਾਰਾਂ ਦੇ ਵਿਛੋੜੇ'; 'ਬੁਲਬੁਲ ਤੇ ਰਾਹੀ', 'ਪੁਸ਼ਪਾਵਤੀ- ਚੰਦ੍ਰਾਵਤ', 'ਬਿਸਮਿਲ ਮੋਰ' ਤੇ 'ਭੂੰਡਿਆ ਤੋਤਾ'; 'ਬਿਜਲੀਆਂ ਦੇ ਹਾਰ' ਦੇ ਸੰਗ੍ਰਹਿ ਵਿਚ 'ਅਟਕ', 'ਮਰਦ ਦਾ ਕੁੱਤਾ', 'ਕੁਤਬ ਦੀ ਲਾਠ', 'ਬੇਲਾ ਭੁਆਨੀ'; 'ਪਿਆਰ ਤੇ ਫ਼ਰਜ਼' ਦੀਆਂ ਦੇਵੀਆਂ ਦਾ ਸੰਬਾਦ', 'ਪਦਮ ਬ੍ਰਿਛ ਦੀ ਬਹਾਰ', 'ਗੰਗਾ ਰਾਮ' ਅਤੇ 'ਮਟਕ ਹੁਲਾਰੇ' ਸੰਗ੍ਰਹਿ ਵਿਚ 'ਨਲੀ', 'ਨਿਸ਼ਾਤ ਬਾਗ਼ ਤੇ ਨੂਰ ਜਹਾਂ', ਤੇ 'ਫ਼ਰਾਮੁਰਜ਼ ਦੀ ਵਿਲਕਣੀ' ਦੇ ਸਿਰਲੇਖਾਂ ਹੇਠ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਤੋਂ ਛੁੱਟ ਵਿਕੋਲਿਤਰੀਆਂ ਪੋਥੀ ਦੇ ਰੂਪ ਵਿਚ ਪ੍ਰਕਾਸ਼ਿਤ ਲੰਮੇਰੀਆਂ ਕਵਿਤਾਵਾਂ 'ਨਿਨ-ਨਾਣ- ਭਰਜਾਈ', 'ਪ੍ਰੀਤ ਵੀਣਾ' ਅਤੇ 'ਕੰਤ ਮਹੇਲੀ' ਮਿਲਦੀਆਂ ਹਨ।

ਅਸੰਗ੍ਰਹਿਤ ਰੂਪ ਵਿਚ ਭਾਈ ਸਾਹਿਬ ਦੀਆਂ ਨੌ ਹੋਰ ਲੰਮੇਰੀਆਂ ਕਵਿਤਾਵਾਂ : 'ਮਿੱਠੀਆਂ ਉਡੀਕਾਂ'[5], 'ਅਰਦਾਸ'[6], 'ਬਿਹਬਲ ਬਿਰਹਨੀ ਤੇ ਕੋਇਲ'[7], 'ਫ਼ਰਿਆਦ'[8], 'ਦੁਮੇਲ ਦੇ ਪਾਣੀਆਂ ਦਾ ਨਾਦ'[9], 'ਸੌਦਾਗਰੀ ਬੀਸਾ'[10], 'ਇਹ ਨੈਣ ਬਿਦੇਸੀ'[11], 'ਆਗਤ ਪਤਿਕਾ'[12], 'ਢੋਲਣ ਆਇਆ'[13] ਖਾਲਸਾ

---

4. V.H. Collins, A Book of Narrative Verse, Introduction.
5. 'ਮਿੱਠੀਆਂ ਉਡੀਕਾਂ', 'ਖਾਲਸਾ ਸਮਾਚਾਰ, 27-7-1961 } 3-8-1961 } ਜਿਲਦ 62, ਅੰਕ ਨੰ: 36,37
6. ਅਰਦਾਸ ਉਹੀ 24-8-1961 31-8-1961

(ਚਲਦਾ)

ਸਮਾਚਾਰ ਵਿਚ ਪ੍ਰਕਾਸ਼ਿਤ ਮਿਲਦੀਆਂ ਹਨ, ਜੋ ਹਾਲੀ ਤਕ ਕਿਸੇ ਪੁਸਤਕ ਦੇ ਆਕਾਰ ਵਿਚ ਅੰਕਿਤ ਨਹੀਂ ਹੋਈਆਂ।

ਭਾਈ ਸਾਹਿਬ ਦੀਆਂ ਇਨ੍ਹਾਂ ਸਾਰੀਆਂ ਨੀਮੇਰੀਆਂ ਕਵਿਤਾਵਾਂ ਨੂੰ ਵਿਵੇਚਨਾ ਦੀ ਸੁਵਿਧਾ ਲਈ ਤਿੰਨ ਸ਼੍ਰੇਣੀਆਂ: ਸੰਬਾਦਾਤਮਿਕ( Dialogues ), ਨਾਟਕੀ ਏਕਾਲਾਪ ਅਥਵਾ ਆਤਮ ਸੰਲਾਪਾਤਮਿਕ( Dramatic Monologues ) ਅਤੇ ਵਰ੍ਣਨਾਤਮਿਕ- ਬਿਰਤਾਂਤਕ- ਸੰਬਾਦਾਤਮਿਕ ਮਿਸ਼ਰਤ ਵਿਚ ਵੰਡਿਆ ਜਾ ਸਕਦਾ ਹੈ।

1. <u>ਸੰਬਾਦਾਤਮਿਕ ਕਵਿਤਾਵਾਂ</u> –

ਸੰਬਾਦਾਤਮਿਕ ਸ਼੍ਰੇਣੀ ਵਿਚ ਰੱਖੀਆਂ ਨੀਮੇਰੀਆਂ ਕਵਿਤਾਵਾਂ ਉਹ ਹਨ, ਜਿਨ੍ਹਾਂ ਵਿਚ ਦੋ ਮਨੁੱਖਾਂ, ਦੋ ਪੰਛੀਆਂ ਜਾਂ ਕਿਸੇ ਵੀ ਰੂਪ ਵਿਚ ਦੋ ਵਸਤੂਆਂ ਦੇ ਵਾਰਤਾਲਾਪ ਰਾਹੀਂ ਭਾਈ ਸਾਹਿਬ ਨੇ ਆਪਣੇ ਆਦਰਸ਼ ਪ੍ਰਤਿਪਾਦਨ ਦਾ ਯਤਨ ਕੀਤਾ ਹੈ। ਇਸ ਸ਼੍ਰੇਣੀ ਵਿਚ 'ਹਿਮਾਲਯ- ਗੰਗਾ- ਸਮੁੰਦਰ', 'ਬੁਲਬੁਲ ਤੇ ਰਾਹੀ', 'ਪੁਸ਼ਪਾਵਤੀ- ਰੰਦ੍ਰਾਵਤ', 'ਬਿਸਮਿਲ ਮੋਰ', 'ਫੁੰਡਿਆ ਤੋਤਾ', 'ਅਟਕ', 'ਮਰਦ ਦਾ ਕੁੱਤਾ' !ਪਿਆਰ ਤੇ ਫ਼ਰਜ਼ ਦੀਆਂ ਦੇਵੀਆਂ ਦਾ ਸੰਬਾਦ', 'ਗੰਗਾ ਰਾਮ', 'ਨਿਨਾਣ ਭਰਜਾਈ', 'ਬਿਹਬਲ ਬਿਰਹਨੀ ਤੇ ਕੋਇਲ', 'ਫਰਿਆਦ', 'ਇਹ ਨੈਣ ਬਿਦੇਸੀ' ਕਵਿਤਾਵਾਂ ਆਉਂਦੀਆਂ ਹਨ, ਜੋ ਉਕਤ ਦੱਸੀਆਂ ਵਿਸ਼ੇਸ਼ਤਾਈਆਂ ਨੂੰ ਕਿਸੇ ਨ ਕਿਸੇ ਰੂਪ ਵਿਚ ਰੱਖਦੀਆਂ ਹਨ।

<u>ਹਿਮਾਲਯ- ਗੰਗਾ- ਸਮੁੰਦਰ-</u>

'ਹਿਮਾਲਯ- ਗੰਗਾ- ਸਮੁੰਦਰ'[14] ਪਹਿਲਾਂ ਸਤੰਬਰ, 1922 ਵਿਚ 'ਦਿਲ ਤਰੰਗ' ਅਤੇ ਫਿਰ 1928 ਵਿਚ 'ਲਹਿਰਾਂ ਦੇ ਹਾਰ' ਵਿਚ ਸੰਕਲਿਤ ਮਿਲਦੀ ਹੈ। ਇਸ ਕਵਿਤਾ ਵਿਚ ਗੰਗਾ ਦਰਿਆ ਦਾ ਗੰਗੋਤਰੀ ਤੋਂ ਨਿਕਲ ਕੇ ਸਮੁੰਦਰ ਵਿਚ ਸਮਾਣ ਦੀ ਵਿਥਿਆ ਨੂੰ ਬਿਆਨ ਕੀਤਾ ਗਇਆ ਹੈ। ਇੱਥੇ ਭਾਈ ਸਾਹਿਬ ਨੇ ਹਿਮਾਲਯ- ਗੰਗਾ ਸਮੁੰਦਰ ਦੇ ਸੰਕੇਤ ਰਾਹੀਂ ਸੰਸਾਰ ਦੀ ਅਜੂਨੀ ਅਸਲੀਅਤ ਅਰਥਾਤ ਸੰਜੋਗ

---

| | | | | |
|---|---|---|---|---|
| ਅਰਦਾਸ | ਖਾਲਸਾ ਸਮਾਚਾਰ | 7-9-1961 | ਜਿਲਦ 62 | ਅੰਕ ਨੰ: 40, 41 |
| | | 14-9-1961 | ਉਹੀ | 42, 43, 44 |
| | | 21.-9-1961 | | |
| 7. ਬਿਹਬਲ ਬਿਰਹਨੀ ਤੇ ਕੋਇਲ | " | 9-8-1962 | ਜਿਲਦ 63 | ਅੰਕ ਨੰ: 36-37 |
| | | 16-8-1962 | | |
| 8. ਫਰਿਯਾਦ | " | 6-9-1962 | " " | " 40-41 |
| | | 13-9-1962 | | |
| 9. ਦੁਮੇਲ ਦੇ ਪਾਣੀਆਂ ਦਾ ਨਾਦ | " | 17-9-1964 | " 65 | " 48 |

10. "ਸੌਦਾਗਰੀ ਬੀਮਾ" ਜੋ ਖਾਲਸਾ ਸਮਾਚਾਰ ਵਿਚ 25-2-1966 ਤੋਂ 28-7-1966 ਤਕ ਪ੍ਰਕਾਸ਼ਿਤ ਹੋਈ ਸੀ

| | | | | |
|---|---|---|---|---|
| 11. ਇਹ ਨੈਣ ਬਿਦੇਸੀ' | " " | 9-2-1967 | ਜਿਲਦ 68 | ਅੰਕ ਨੰ: 11 |
| 12. ਆ ਗਤ ਪਤਿਕਾ | " " | 2-3-1967 | | |
| | | 9-3-1967 | " " | " 14-16 |
| | | 16-3-1967 | | |

(ਚਲਦਾ)

ਵਿਜੋਗ ਅਤੇ ਜੀਵਨ ਮੌਤ ਦੇ ਨਿਰੰਤਰ ਚਲ ਰਹੇ ਨਿਯਮ ਵੱਲ ਇਸ਼ਾਰਾ ਕੀਤਾ ਹੈ:

ਏਹੋ ਕਾਰ ਅਨੂਠੀ ਹੋਣੀ ਅਕਰਖ ਉਦਕਰਖੋਂ ਭਾਈ
ਮਿਲ ਵਿਛੜਨ, ਸੰਜੋਗ ਵਿਜੋਗੀ ਚਲੀ ਧੁਰਾਂ ਤੋਂ ਆਈ।[15]

ਪ੍ਰਕ੍ਰਿਤੀ ਦੇ ਖੇਤਰ ਦੀ ਹਰ ਵਸਤੂ ਸੰਸਾਰ ਦੇ ਇਸ ਮਰਮ ਵਲ ਸੰਕੇਤ ਕਰਦੀ ਹੈ। ਸ਼ੈਲੇ ਵੀ 'ਦੀ ਕਲਾਊਡ' ਵਿਚ ਦਸਦਾ ਹੈ ਕਿ ਜੀਵਨ- ਮੌਤ ਦਾ ਨਿਰੰਤਰ ਗੇੜ ਸੰਸਾਰ ਵਿਚ ਚਲ ਰਹਿਆ ਹੈ, ਪਰ ਮੌਤ ਨਾਲ ਖ਼ਾਤਮਾ ਨਹੀਂ, ਸਿਰਫ਼ ਰੂਪ ਦੀ ਤਬਦੀਲੀ ਹੀ ਵਾਪਰਦੀ ਹੈ।[16]

ਇਸ ਦੇ ਨਾਲ ਹੀ ਭਾਈ ਸਾਹਿਬ ਦਸਦੇ ਹਨ ਕਿ ਜਿਵੇਂ ਗੰਗਾ ਵਿਚ ਨੇਕਾਂ ਦੇ ਦੁੱਖ ਹਰਣ ਤੇ ਤਰਸ ਦੀ ਅਜ਼ੀਮੀ ਚਿਣਗ ਹੈ, ਉਸੇ ਤਰ੍ਹਾਂ ਨੇਕੀ ਤੇ ਪਰਉਪਕਾਰੀ ਜੀਵਨ ਵਾਲੇ ਮਾਨਵ ਪਰਉਪਕਾਰ ਨੂੰ ਲੈ ਕੇ ਜੀਵਨ ਵਿਚ ਵਿਚਰਦੇ ਰਹਿੰਦੇ ਹਨ। ਸੰਸਾਰ ਵਿਚ ਨੀਵੇਂ ਤੇ ਭੈੜੇ ਮਨੁੱਖ ਨੇਕ ਤੇ ਪਰਉਪਕਾਰੀ ਵਿਅਕਤੀਆਂ ਦੀ ਨੁਕਤਾਚੀਨੀ ਅਤੇ ਬੁਰਾਈ ਕਰਕੇ ਸਵੈ- ਹੰਕਾਰ ਵਿਚ ਮੱਤੇ ਨਿੱਜ ਵਡਿਆਈ ਕਰਦੇ ਹਨ[17], ਪਰ ਗੁਣਵਾਨਾਂ ਨੂੰ ਦੂਸ਼ਣ ਲਾਣ ਵਾਲਾ ਨੀਵਾਂ ਹੀ ਰਹਿੰਦਾ ਹੈ।

ਦਵੱਯਾ ਛੰਦ ਵਿਚ ਇਹ ਰਚਨਾ ਭਾਈ ਸਾਹਿਬ ਦੀ ਕਲਾ- ਵਿਕਾਸ ਵਿਚ ਮਹੱਤਵ-ਪੂਰਨ ਸਥਾਨ ਰੱਖਦੀ ਹੈ। ਇਸ ਕਵਿਤਾ ਦੇ ਮੁੱਢ ਵਿਚ ਭਾਈ ਸਾਹਿਬ ਦੀ ਵਿਸ਼ਾਲ ਕਲਪਨਾ ਨੇ ਹਿਮਾਲਾ ਤੇ 'ਰੂੰ' ਦੇ ਧੁਣਖੇ ਗੁਹੜਿਆਂ ਵਾਂਗੂ ਬਰਫ਼ ਬਣ ਕੇ ਡਿੱਗਣ ਦੇ ਚਿੱਤ੍ਰ ਨੂੰ ਬੜੇ ਕਲਾਮਈ ਢੰਗ ਨਾਲ ਸਜੀਵ ਰੂਪ ਵਿਚ ਪੇਸ਼ ਕੀਤਾ ਹੈ। ਇਸ ਕਵਿਤਾ ਵਿਚ ਗਿਆਨ ਦਾ ਵਧੇਰੇ [illegible] ਭਾਗ ਕਲਾ- ਪੂਰਵਕ ਢੰਗ ਨਾਲ ਉਘਾੜਿਆ ਹੈ, ਪਰ ਗੰਗਾ ਤੇ ਸਾਗਰ ਦੇ ਵਾਰਤਾਲਾਪ ਵਿਚ ਭਾਈ ਸਾਹਿਬ ਦਾ ਉਪਦੇਸ਼ ਕੁਝ ਵਧੇਰੇ ਹੀ ਸਿੱਧੇ ਢੰਗ ਨਾਲ ਪ੍ਰਗਟ ਹੋਇਆ ਹੈ।

---

13. 'ਵੇਲਣ ਆਇਆ', ਖ਼ਾਲਸਾ ਸਮਾਚਾਰ ( 30-3-1967 ਜਿਲਦ 68 ਅੰਕ ਨੰ: 18,19
6-4-1967 " " " 20-21
20- 4- 1967
27- 4- 1967

14. ਲਹਿਰਾਂ ਦੇ ਹਾਰ, ਪੰਨਾ 102

15. ਉਹੀ, ਪੰਨਾ- 112

16. I am the daughter of earth and water
And the nursing of the sky;
I pass through the pores of ocean and shores
I change, but I can not die.
( Shelley- The Cloud )

17. 'ਉਚਿਆਂ ਦੀ ਉਚਿਆਈ ਉਚੀ
ਉਚਿਆਂ ਦੀ ਨੀਵਾਈ
'ਨੀਵਿਆਂ ਕੋਲੋਂ ਉਹ ਭੀ ਉਚੀ
ਹੁੰਦੀ ਦੂਣ ਸਵਾਈ। (ਹਿਮਾਲਯ- ਗੰਗਾ- ਸਮੁੰਦਰ, ਲਹਿਰਾਂ ਦੇ ਹਾਰ, ਪੰਨਾ- 108.)

## ਬੁਲਬੁਲ ਤੇ ਰਾਹੀ —

'ਬੁਲਬੁਲ ਤੇ ਰਾਹੀ' ਨੂੰ ਸਤੰਬਰ, 1907 ਵਿਚ ਨੈਨੀਤਾਲ ਦੇ ਪਹਾੜ ਤੇ ਭਾਈ ਸਾਹਿਬ ਨੇ ਲਿਖਿਆ ਦੱਸਿਆ ਹੈ।[18] ਬਾਬਾ ਪ੍ਰੇਮ ਸਿੰਘ 'ਹੋਤੀ' ਦਾ ਕਥਨ ਹੈ ਕਿ 'ਬੁਲਬੁਲ ਤੇ ਰਾਹੀ' ਨੂੰ ਭਾਈ ਸਾਹਿਬ ਨੇ 'ਰਾਣਾ ਸੂਰਤ ਸਿੰਘ' ਤੋਂ ਪਹਲਾਂ ਲਿਖਿਆ ਸੀ ਤੇ ਇਹ ਖਰੜੇ ਦੇ ਰੂਪ ਵਿਚ ਉਨ੍ਹਾਂ ਪਾਸ ਪਈ ਰਹੀ ਸੀ।[19] ਇਸ ਲਈ ਸੰਭਵ ਹੈ ਕਿ ਇਸ ਕਵਿਤਾ ਨੂੰ ਭਾਈ ਸਾਹਿਬ ਨੇ 'ਰਾਣਾ ਸੂਰਤ ਸਿੰਘ' ਤੋਂ ਪਹਲੇ ਲਿਖਿਆ ਹੋਵੇ ਅਤੇ ਇਸ ਦੀ ਸੁਧਾਈ ਤੇ ਅੰਤਿਮ ਸਰੂਪ ਵਿਚ ਸਿਰਜਣਾ ਉਨ੍ਹਾਂ ਨੇ ਆਪਣੇ ਉਕਤ ਕਥਨ ਦੇ ਅਨੁਸਾਰ ਨੈਨੀਤਾਲ ਵਿਖੇ ਹੀ ਕੀਤੀ ਹੋਵੇ।

ਇਸ ਕਵਿਤਾ ਦੀ ਭੂਮਿਕਾ ਵਿਚ ਭਾਈ ਸਾਹਿਬ ਲਿਖਦੇ ਹਨ ਕਿ "ਖਿੜੀ ਬਹਾਰ ਵਿਚ ਇਕ ਬੁਲਬੁਲ ਕੈਦ ਪੈ ਗਈ। ਪਤਝੜੀ ਰੁੱਤ ਵਿਚ ਕਿਵੇਂ ਖਲਾਸੀ ਪਾ ਕੇ ਫੇਰ ਗੁਲਜ਼ਾਰ ਵਿਚ ਆਉਂਦੀ ਹੈ। ਉਜਾੜਾ ਦੇਖ ਵਿਲਾਪਦੀ ਹੈ। ਇਕ ਰਾਹੀ ਨਾਲ ਉਸ ਦੀ 'ਪ੍ਰੇਮ' ਤੇ ਆਤਮਿਕ ਗੱਲਬਾਤ ਹੁੰਦੀ ਹੈ। ਉਹ ਦਿਲ ਤਰੰਗ ਤੇ ਵਿਚਾਰਾਂ ਹੇਠਲੀਆਂ ਸਤਰਾਂ ਵਿਚ ਅੰਕਿਤ ਹਨ।"[20] ਲੌਕਿਕ ਧਰਾਤਲ ਤੋਂ ਅਲੌਕਿਕ ਅਤੇ ਆਦਰਸ਼ ਦੀ ਸਥਾਪਣਾ ਹੀ ਭਾਈ ਸਾਹਿਬ ਦੇ ਕਾਵਿ ਦੀ ਵਿਸ਼ੇਸ਼ਤਾ ਹੈ।

ਸਭ ਤੋਂ ਪਹਲਾਂ ਇੱਥੇ ਮੁੱਢ ਤੋਂ ਹੀ ਭਾਈ ਸਾਹਿਬ ਦੀ ਕਵਿਤਾ ਵਿਚ ਦੇਸ਼ ਦੀ ਪਰਾਧੀਨਤਾ ਸੰਬੰਧੀ ਚੇਤੰਨਤਾ ਦੀ ਜਾਣਕਾਰੀ ਹੁੰਦੀ ਹੈ। ਜੇ ਉਪ੍ਰੋਕਤ ਬਾਬਾ ਪ੍ਰੇਮ ਸਿੰਘ 'ਹੋਤੀ' ਦੇ ਕਥਨ ਨੂੰ ਸਵੀਕਾਰ ਕਰ ਲਇਆ ਜਾਵੇ ਤਾਂ ਸਪਸ਼ਟ ਹੈ ਕਿ ਭਾਈ ਸਾਹਿਬ ਦੀ ਪਹਲੀ ਰਚਨਾ ਵਿਚੋਂ ਹੀ ਗੁਲਾਮੀ ਦੇ ਹਾਵੇ ਅਤੇ ਸਵਤੰਤ੍ਰਤਾ ਲਈ ਹਾੜੇ ਨਿਕਲਣੇ ਆਰੰਭ ਹੋ ਜਾਂਦੇ ਹਨ। ਬੁਲਬੁਲ ਦੀ ਕੈਦ ਤੇ ਚਿੰਤਾ ਸੰਕੇਤਕ ਤੌਰ ਤੇ ਦੇਸ਼ਵਾਸੀਆਂ ਦਾ ਅੰਗ੍ਰੇਜ਼ੀ ਸਾਮਰਾਜ ਦੇ ਅਧੀਨ ਹੋ ਜਾਣ ਦਾ ਭਾਵੀ ਪਛਤਾਵਾ ਹੈ। ਬੁਲਬੁਲ ਕੈਦ ਵਿਚ ਪੈ ਕੇ ਸਵਤੰਤ੍ਰਤਾ ਲਈ ਕੂਕਦੀ ਹੈ:

ਪਯਾਰੀ ਸੁਤੰਤ੍ਰਤਾ ਓ
ਪਯਾਰੀ ਉਹ ਖੁੱਲ੍ਹ ਸਾਰੀ
ਵਾਰੀ ਗਈ ਸਜਨ ਤੋਂ
ਜਿੰਦ ਜੋ ਸੀ ਸਵਾਈ।[21]

ਉਰਦੂ ਦਾ ਕਵੀ ਇਕਬਾਲ ਵੀ 'ਪਰਿੰਦੇ ਕੀ ਫ਼ਰਯਾਦ' ਵਿਚ ਇਸੇ ਢੰਗ ਨਾਲ ਆਜ਼ਾਦੀ ਲਈ ਵਿਲ੍ਕਦਾ ਹੈ।[22]

---

18. ਲਹਿਰਾਂ ਦੇ ਹਾਰ, ਪੰਨਾ 128
19. ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ, ਪੰਨਾ 262
20. ਲਹਿਰਾਂ ਦੇ ਹਾਰ, ਪੰਨਾ 129
21. ਉਹੀ, ਪੰਨਾ 133
22. ਆਜ਼ਾਦੀਯਾਂ ਕਹਾਂ ਵੁਹ ਅਬ ਅਪਨੇ ਘੌਸਲੇ ਕੀ ?
    ਅਪਨੀ [redacted] ਖੁਸ਼ੀ ਸੇ ਆਨਾ, ਅਪਨੀ ਖੁਸ਼ੀ ਸੇ ਜਾਨਾ।
    (ਇਕਬਾਲ; ਪਰਿੰਦੇ ਕੀ ਫਰਯਾਦ', ਬਾਂਗਿ-ਦਰਾ, ਭਾਸ਼ਾ ਵਿਭਾਗ, ਪੰਨਾ 23)

ਕੈਦ ਦੀ ਅਵਸਥਾ ਵਿਚ ਰਹਣ ਨਾਲੋਂ ਬੁਲਬੁਲ ਮੌਤ ਨੂੰ ਤਰਜੀਹ ਦਿੰਦੀ ਹੈ। ਬੁਲਬੁਲ ਸੋਚਦੀ ਹੈ ਕਿ 'ਦਾਓ ਲਗੇ ਉਡਾਰੀ ਮਾਰੂੰ ਕਰਾਂਗੀ ਧਾਈ' ਅਤੇ ਜਦ ਇਕ ਬੱਰੇ ਪਾਸੋਂ ਪਿੰਜਰੇ ਦੀ ਖਿੜਕੀ ਖੁਲ੍ਹੀ ਰਹ ਜਾਂਦੀ ਹੈ, ਬੁਲਬੁਲ ਨੂੰ ਆਜ਼ਾਦ ਹੋਣ ਦਾ ਮੌਕਾ ਹੱਥ ਲੱਗ ਜਾਂਦਾ ਹੈ। ਇੱਥੇ ਸੰਕੇਤਕ ਤੌਰ ਤੇ ਭਾਈ ਸਾਹਿਬ ਦਸਦੇ ਹਨ ਕਿ ਬੰਦੀ ਬਣਾਉਣ ਵਾਲੇ ਅੰਗ੍ਰੇਜ਼ ਦੇ ਜਬਰ ਤੇ ਗ਼ਲਤੀਆਂ ਕਾਰਨ ਭਾਰਤੀਆਂ ਨੂੰ ਆਜ਼ਾਦੀ ਦਾ ਮੌਕਾ ਆਖ਼ੀਰ ਹੱਥ ਲੱਗਿਆ। ਇਸ ਲਈ ਜ਼ਰੂਰਤ ਹੈ ਕਿ ਬੁਲਬੁਲ ਵਾਂਗ ਗ਼ੁਲਾਮੀ ਦੀ ਤੜਪ ਨੂੰ ਮਹਸੂਸ ਕਰਦਿਆਂ ਆਜ਼ਾਦੀ ਦੀ ਪ੍ਰਾਪਤੀ ਲਈ ਚੇਤੰਨ ਰਹਿਆ ਜਾਵੇ।

ਇਸ ਕਵਿਤਾ ਵਿਚ ਦੇਸ਼ ਪ੍ਰੇਮ ਦੀ ਹੂਕ ਤੋਂ ਛੁੱਟ ਇਹ ਵੀ ਪ੍ਰਗਟ ਹੁੰਦਾ ਹੈ ਕਿ ਇਸ ਕਵਿਤਾ ਦੇ ਲਿਖਣ ਸਮੇਂ ਤਕ ਭਾਈ ਸਾਹਿਬ ਨੇ ਜੀਵਨ ਵਿਚ ਪ੍ਰੇਮ-ਦਰਸ਼ਨ ਦੀ ਸਥਾਪਣਾ ਕਰ ਲਈ ਸੀ। ਇੱਥੇ ਪੰਛੀ ਦੀ ਵਾਰਤਾਲਾਪ ਰਾਹੀਂ ਉਹ ਮਾਨਵੀ ਮਨੋ-ਬ੍ਰਿਤੀਆਂ ਦਾ ਅੰਕਣ ਕਰਦੇ ਜਾਂਦੇ ਹਨ। ਇੱਥੇ ਭਾਈ ਸਾਹਿਬ ਇਕ ਐਸੇ ਮਾਨਵੀ ਧਰਾਤਲ ਤੇ ਪਹੁੰਚ ਗਏ ਹਨ, ਜਿੱਥੇ ਸਾਰਾ ਸੰਸਾਰ ਉਨ੍ਹਾਂ ਨੂੰ ਅਥਾਹ ਸੌਂਦ੍ਰਯ ਦਾ ਸੁਧਾ ਸਾਗਰ ਪ੍ਰਤੀਤ ਹੁੰਦਾ ਹੈ:

'ਅਣਡਿੱਠ' ਹੈ ਜੋ ਕਾਰਨ
ਜਿਸ ਤੋਂ ਸੁਹਣਪ ਪ੍ਰਗਟੇ,
ਉਸ ਦਾ ਸਰੂਪ ਇਕ ਰਸ
ਰਹਿੰਦਾ ਸਦਾ ਸਦਾਈਂ।[23]

ਉਨ੍ਹਾਂ ਨੂੰ ਮਾਨਵ ਸੁਧਾ-ਸਾਗਰ ਦੀ ਇਕ ਬੂੰਦ ਮਾਤ੍ਰ ਦਿਖਾਈ ਦਿੰਦਾ ਹੈ।ਉਹ ਸਮਝਾਉਂਦੇ ਹਨ ਕਿ ਕੇਵਲ ਪ੍ਰਕ੍ਰਿਤੀ ਵਿਚ ਮਨ ਉਲਝਾ ਦੇਣਾ ਭੁੱਲ ਹੈ। ਤਸਵੀਰ ਦੇ ਦੋ ਪਾਸਿਆਂ ਵਾਂਗ ਸੰਸਾਰ ਦੀ ਦੁਪੱਖ ਵਾਲੀ ਅਸਲੀਅਤ ਨੂੰ ਵੀ ਸਮਝਣ ਦੀ ਲੋੜ ਹੈ।[24]

ਭਾਈ ਸਾਹਿਬ ਹੋਰ ਸਪਸ਼ਟ ਕਰਦੇ ਹਨ ਕਿ ਪ੍ਰੇਮ ਦਾ ਦੀਪਕ ਜਿਸ ਹਿਰਦੇ ਵਿਚ ਰੌਸ਼ਨ ਹੋ ਜਾਂਦਾ ਹੈ, ਉਸ ਦੇ ਸਲ ਨੂੰ ਉਹੀ ਜਾਣ ਸਕਦਾ ਹੈ।[25] ਜਿਉਂ ਜਿਉਂ [illegible] ਇਲਾਹੀ ਸੁੰਦਰਤਾ ਦੇ ਪ੍ਰੇਮ ਦੀ ਕਦਰ ਵਧਦੀ ਹੈ, ਤਿਉਂ ਤਿਉਂ ਇਸ ਦੀ ਪਛਾਣ ਵੱਧ ਕੇ ਵਧੇਰੇ ਅਨੰਦ ਦੀ ਉਪਜਾਇਕ ਹੁੰਦੀ ਹੈ। ਸੱਚਾ ਪ੍ਰੇਮ ਇਕ ਪਵਿੱਤ੍ਰ ਪਦਾਰਥ ਹੈ, ਜਿਸ ਵਿਚ ਕਪਟ ਦੀ ਮਾਇਆ ਅਤੇ ਇੰਦ੍ਰੀਅਤਾ ਨਹੀਂ ਹੁੰਦੀ:

---

23. ਲਹਿਰਾਂ ਦੇ ਹਾਰ, ਪੰਨਾ 151
24. ਪਰਗਟ ਜੁ ਖੇਡ ਦੇਖੇਂ,
ਸਾਰੀ ਦੁਪੱਖ ਵਾਲੀ
ਮੂਰਤ ਦੇ ਦੋਇ ਪਾਸੇ
ਦੋਵੇਂ ਸਦਾ ਤਕਾਈਂ। (ਲਹਿਰਾਂ ਦੇ ਹਾਰ, ਪੰਨਾ 150)
25. ਲਗੀ ਬੁਰੀ, ਮੁਸਾਫ਼ਰ !
[illegible] ਲੱਗੇ ਜਿਨ੍ਹੂੰ ਸੁ ਜਾਣੇ,
ਬਿਰਹੋਂ ਨ ਸਾਰ ਜਾਣੇ, ਦੇਖੀ ਨ ਜਿਨ ਜੁਦਾਈ। (ਉਹੀ, ਪੰਨਾ 137)

ਜੋ ਧਿਆਨ ਸੁੰਦਰਤਾ ਦਾ
- ਵਧਦਾ ਜਿ ਸਾਡ੍ਹ ਰਹੀਏ
ਦ੍ਰਿਸ਼ਟੀ ਵਿਕਾਰ ਵਾਲੀ
ਲਾਲਚ ਭਰੀ ਨ ਪਾਈ।[26]

ਪ੍ਰੇਮ ਦੇ ਪ੍ਰਕਾਸ਼ ਦੇ ਰਸ ਨੂੰ ਇਕ ਰਸ ਰਿਦਾ ਹੀ ਪ੍ਰਾਪਤ ਕਰ ਸਕਦਾ ਹੈ। 'ਇਕ ਰਸ' ਤੋਂ ਭਾਵ 'ਲਿਵ' ਦੀ ਅਵਸਥਾ ਵਿਚ ਆਉਣ ਤੋਂ ਹੈ। ਇਸ ਤਰ੍ਹਾਂ ਦੁੱਖ ਨਾਲ ਪਰਿਤਾਪਤ ਵਿਅਕਤੀਆਂ ਨੂੰ ਸੀਤਲਤਾ ਪ੍ਰਦਾਨ ਕਰਨ ਲਈ ਭਾਈ ਸਾਹਿਬ ਦ੍ਰਿਸ਼ਟਮਾਨ ਤੋਂ ਅੱਗੇ ਪ੍ਰੇਮ ਦੇ ਆਧਾਰ ਤੇ ਅਦ੍ਰਿਸ਼ਟ ਵਲ ਵਧਣ ਲਈ ਪ੍ਰੇਰਦੇ ਹਨ। ਭਾਈ ਸਾਹਿਬ ਸਪਸ਼ਟ ਕਰਦੇ ਹਨ ਕਿ ਜੀਵਨ ਦੀ ਕਠੋਰ ਅਸਲੀਅਤ ਤੋਂ ਮਾਯੂਸ ਹੋਣ ਦੀ ਲੋੜ ਨਹੀਂ। ਸੁੱਖ ਦੁੱਖ ਵਿਚ ਕੋਈ ਮੌਲਿਕ ਅੰਤਰ ਨਹੀਂ। ਦੁੱਖ ਵਿਅਕਤੀ ਨੂੰ ਸੁੱਖ ਦੀ ਆਸ਼ਾ ਤੇ ਅਨੰਦ ਦਿੰਦਾ ਹੈ ਅਤੇ ਬਿਨਾਂ ਦੁੱਖ ਦੇ ਸੁੱਖ ਦਾ ਵੀ ਕੋਈ ਅਸਤਿਤਵ ਨਹੀਂ। ਇਸ ਦ੍ਰਿਸ਼ਟਮਾਨ ਵਿਚ ਪਲਟੇ ਆਣੇ ਪ੍ਰਕ੍ਰਿਤੀ ਦੇ ਨਿਯਮ ਅਨੁਕੂਲ[27] ਹਨ। ਉਤਸਰਗ ਦੁਆਰਾ ਹੀ ਜੀਵਨ ਦੇ ਵਾਸਤਵਿਕ ਅਨੰਦ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਸੰਸਾਰ ਵਿਚ ਸੱਚ ਤੇ ਹੱਕ ਦੀ ਪਛਾਣ ਘਟ ਹੈ। ਰਾਹੀ ਦੇ ਕਥਨ ਅਨੁਸਾਰ ਬਹੁਤੇ ਲੋਕੀ ਡੌਲੇ ਦੇ ਜ਼ੋਰ ਖੁਹ ਕੇ ਹੀ ਟਪਾਰਾਂ ਮਾਰਦੇ ਫਿਰਦੇ ਹਨ। ਜੇ ਸੱਚ ਤੇ ਹੱਕ ਦੀ ਪਛਾਣ ਸਭ ਵਿਚ ਆ ਜਾਵੇ, ਦੁਨੀਆਂ ਸੁਰਗ ਬਣ ਸਕਦੀ ਹੈ।

ਇਵੇਂ ਭਾਈ ਸਾਹਿਬ ਨੇ ਇਸ ਕਵਿਤਾ ਰਾਹੀਂ ਆਪਣੇ ਸਵਤੰਤ੍ਰ ਦਰਸ਼ਨ ਦੀ ਸਥਾਪਣਾ ਕੀਤੀ ਹੈ। ਇੱਥੇ ਸਿਰਫ਼ ਦਰਸ਼ਨ, ਅਲੌਕਿਕਤਾ ਤੇ ਅਧਿਆਤਮਿਕਤਾ ਪਿੱਛੇ ਰਹਿ ਜਾਂਦੇ ਹਨ, ਸਾਰਾ ਕੁਝ ਜੀਵਨ ਵਿਚ ਘੁਲ ਮਿਲ ਕੇ ਪੱਥ-ਪ੍ਰਦਰਸ਼ਕ ਬਣ ਜਾਂਦਾ ਹੈ। ਭਾਈ ਸਾਹਿਬ ਨੇ ਇਸ ਰਚਨਾ ਵਿਚ 'ਦਿਗ ਪਾਲ' ਛੰਦ ਦੀ ਵਰਤੋਂ ਕੀਤੀ ਹੈ। ਭਾਈ ਸਾਹਿਬ ਦੀ ਇਹ ਕਵਿਤਾ ਇਕਬਾਲ ਦੀ ਕਿਰਤ 'ਪਰਿੰਦੇ ਕੀ ਫ਼ਰਯਾਦ' ਜੋ 1905 ਤੋਂ ਪਹਿਲਾਂ ਲਿਖੀ ਗਈ ਸੀ, ਨਾਲ ਕੁਝ ਕੁਝ ਮਿਲਦੀ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਜਿੱਥੇ 'ਪਰਿੰਦੇ ਕੀ ਫ਼ਰਯਾਦ' ਰਾਹੀਂ ਇਕਬਾਲ ਸੰਕੇਤਕ ਤੌਰ ਤੇ ਕੇਵਲ ਆਜ਼ਾਦੀ ਲਈ ਤੜਪ ਪ੍ਰਗਟ ਕਰਦਾ ਹੈ, ਉਥੇ ਭਾਈ ਸਾਹਿਬ ਇਸ ਵਿਚ ਦੇਸ਼ ਪ੍ਰੇਮ, ਦਰਸ਼ਨ ਤੇ ਨੀਤੀ ਦਾ ਸੁਮਿਸ਼ਰਣ [illegible] ਪ੍ਰਗਟ ਕਰਦੇ ਹਨ, ਜਿਸ ਕਰਕੇ ਇਹ ਇਕ ਵਧੇਰੇ ਗੰਭੀਰ ਰਚਨਾ ਬਣ ਜਾਂਦੀ ਹੈ।

---

26. ਲਹਿਰਾਂ ਦੇ ਹਾਰ, ਪੰਨਾ 140.
27. ਖਿੜਿਆਂ ਪ੍ਰਗਟ ਜੁ ਦੇਖੇਂ ਬਦਲੇ ਏ ਪਲ ਛਿਨੇ ਹੈ,
    ਕਾਇਮ ਇ ਬਦਲੀ ਅੰਦਰ ਤੁਰਿਆ ਸਦਾ ਹੀ [illegible] ਜਾਈ।
    ਠਹਿਰਨ ਨ ਏਸ ਅੰਦਰ, ਇਕ ਰਸ ਨ ਰਹਿਣ ਏਥੇ
    ਪਲਟੇ ਤੇ ਪਲਟਾ ਆਵੇ ਮੂਰਤ ਦੀ ਖੇਡ ਨਿਆਰੀ।

    (ਉਹੀ, ਪੰਨਾ- 147.)

## ਪੁਸ਼ਪਾਵਤੀ- ਚੰਦ੍ਰਾਵਤ -

'ਪੁਸ਼ਪਾਵਤੀ- ਚੰਦ੍ਰਾਵਤ' ਸਤੰਬਰ,1907 ਵਿਚ ਨੈਨੀਤਾਲ ਵਿਖੇ ਭਾਈ ਸਾਹਿਬ ਨੇ ਲਿਖੀ ਸੀ ਅਤੇ ਕਈ ਵੇਰ ਛਪਣ ਤੋਂ ਬਾਅਦ 'ਲਹਿਰਾਂ ਦੇ ਹਾਰ' ਸੰਚੇ ਵਿਚ ਸ਼ਾਮਲ ਕੀਤੀ ਗਈ ਸੀ।[28] ਇਸ ਕਵਿਤਾ ਵਿਚ ਭਾਈ ਸਾਹਿਬ ਨੇ ਪ੍ਰੇਮ ਸਿੱਧਾਂਤ ਦੀ ਸਥਾਪਣਾ ਕਰਦਿਆਂ ਲਿਖਿਆ ਹੈ, "ਰੂਪ,ਰੰਗ, ਕਈ ਲੋੜਾਂ,ਗਰਜ਼ਾਂ ਕਰਕੇ ਜੋ ਖਿੱਚ ਪੈ ਜਾਏ,ਜਾਂ ਕਿਸੇ ਦਾ 'ਚੰਗਾ ਲਗਣਾ' ਜੀ ਸਮਾ ਜਾਏ, ਇਹ ਪ੍ਰੇਮ ਸਮਝਿਆ ਜਾਣ ਦੀ ਭੁੱਲ ਅਕਸਰ ਹੁੰਦੀ ਹੈ, ਸੱਚੇ ਪਿਆਰ ਦੇ ਨਕਸ਼ ਇਨ੍ਹਾਂ ਸਤਰਾਂ ਵਿਚ ਅੰਕਿਤ ਹਨ।"

ਇਸ ਕਵਿਤਾ ਦੇ ਮੁੱਢ ਵਿਚ ਚੰਦ੍ਰਾਵਤ ਦਾ ਪੁਸ਼ਪਾਵਤੀ ਨਾਲ ਪ੍ਰੇਮ ਉਸ ਦੇ ਰੂਪ,ਗੁਣਾਂ ਕਾਰਨ ਦੱਸਿਆ ਹੈ:-

ਮੈਂ ਮੋਹਿਤ ਇਸ ਰੂਪ ਸੁਹਾਵੇ
ਭੌਰ ਕਮਲ ਜਿਉਂ ਵਿੱਧ ਰਿਹਾ,
ਲਪਟ ਰਿਹਾ ਇਸ ਰੂਪ ਲਪਟ ਨੂੰ,
ਚਾਂਦਨਿ- ਚੰਦ ਚਕੋਰ ਜਿਹਾ।[29]

ਇੱਥੇ ਭਾਈ ਸਾਹਿਬ ਨੇ ਰੂਪ ਰੰਗ ਦੀ ਖਿੱਚ ਕਾਰਨ ਪ੍ਰੇਮ ਨਾਲ ਪੂਰਾ ਨਿਆਂ ਕੀਤਾ ਹੈ। ਪਰ ਪੁਸ਼ਪਾਵਤੀ ਸਮਝਦੀ ਹੈ ਕਿ ਰੂਪ ਰੰਗ ਤੇ ਗੁਣਾਂ ਆਸਰੇ ਪ੍ਰੇਮ ਸਥਾਈ ਨਹੀਂ ਕਿਉਂਕਿ ਇਹ ਗੁਣ ਬਦਲਣਹਾਰ ਅਤੇ ਨਾਸ਼ਮਾਨ ਹਨ। ਇਸ ਵਿਚਾਰ ਨੂੰ ਸਮਝ ਕੇ ਚੰਦ੍ਰਾਵਤ ਦੇ ਵਿਚਾਰ ਵੀ ਫਿਰ ਦਰਜੇ-ਬ-ਦਰਜੇ ਉਚੇ ਹੁੰਦੇ ਹਨ। ਉਹ ਸਮਝਦਾ ਹੈ ਕਿ ਪ੍ਰੇਮ ਰੁੱਖ ਦੀਆਂ ਰੂਪ ਵਿਚ ਲੱਗੀਆਂ ਜੜ੍ਹਾਂ ਹੇਠ ਉਤਰਦੀਆਂ ਮਨ ਦੀ ਸੁੰਦਰਤਾ ਅਤੇ ਵਿਦਿਆ ਦੇ ਗੁਣਾਂ ਤੋਂ ਪਾਣੀ ਲੈਂਦੀਆਂ ਹਨ, ਪਰ ਜਦ ਪ੍ਰੇਮ ਹੋਰ ਡੂੰਘਾ ਹੋ ਕੇ ਹਿਰਦੇ ਤਕ ਪੁਜਦਾ ਹੈ, ਫਿਰ ਬਾਹਰਲੇ ਪਾਣੀ ਦੀ ਲੋੜ ਨਹੀਂ ਰਹਿੰਦੀ। ਅੰਦਰੋਂ ਹੀ ਆਧਾਰ ਦੇ ਸਾਮਾਨ ਮਿਲਦੇ ਹਨ। ਜਿਸ ਪ੍ਰੇਮ ਅਨੁਭਵ ਨੂੰ ਚੰਦ੍ਰਾਵਤ ਦੇਰ ਨਾਲ ਸਮਝਦਾ ਹੈ, ਪੁਸ਼ਪਾਵਤੀ ਉਸ ਨੂੰ ਮੁੱਢ ਤੋਂ ਸਮਝਦੀ ਹੈ:

ਤੂੰ ਡਿੱਠਾ,ਤੂੰ ਦ੍ਰਿਸ਼ਯ ਰਿਹਾ ਨਾ, ਨਜ਼ਰ ਆਪ ਤੂੰ ਹੋਇ ਗਿਆ।
ਤੇਰੇ ਵਿਚ ਸਮਾਈ ਹੋਈ, ਦੂਆ ਨਜ਼ਰੋਂ ਲੋਪ ਰਿਹਾ।[30]

ਭਾਈ ਸਾਹਿਬ ਸਪਸ਼ਟ ਕਰਦੇ ਹਨ ਕਿ ਪ੍ਰੇਮ ਦਾ ਪ੍ਰਵਾਹ ਅੰਦਰੋਂ ਆਪ ਮੁਹਾਰੇ ਫੁਟਦਾ ਹੈ,ਪ੍ਰੇਮੀਆਂ ਨੂੰ ਪ੍ਰੇਮ ਦੇ ਅਸਲੀ ਸਰੂਪ ਤੋਂ ਜਾਣੂ ਹੋਣਾ ਚਾਹੀਦਾ ਹੈ। ਦੂਜਾ ਭਾਈ ਸਾਹਿਬ ਦੇ ਪ੍ਰੇਮ ਵਿਚ ਆਦਰਸ਼ਵਾਦਿਤਾ ਵਧੇਰੇ ਹੈ,ਇਸ ਵਿਚ ਕੇਵਲ ਸਮਾਜਿਕ ਕੀਮਤਾਂ ਵਿਰੁਧ ਬਗ਼ਾਵਤ ਹੀ ਨਹੀਂ। ਪੁਸ਼ਪਾਵਤੀ ਸੋਚਦੀ ਹੈ ਕਿ ਪਤਾ ਨਹੀਂ ਉਨ੍ਹਾਂ ਦੇ ਮਾਪੇ ਸ਼ਾਦੀ ਦੀ ਆਗਿਆ ਦੇਣਗੇ ਜਾਂ ਨਹੀਂ। ਪਰ ਉਹ ਛੇਤੀ ਹੀ ਇਸ ਸ਼ੰਕੇ ਨੂੰ ਭੁੱਲ ਕੇ

---

28. ਲਹਿਰਾਂ ਦੇ ਹਾਰ,ਪੰਨਾ- 154
29. ਉਹੀ,ਪੰਨਾ 160
30. ਉਹੀ,ਪੰਨਾ- 169.

ਪ੍ਰੇਮ ਨੂੰ ਸਰੀਰਕ ਸੰਜੋਗ ਤੋਂ ਅਗੇਰੇ 'ਵਿਚ ਆਤਮੇਂ ਸੇਜਾਂ ਪਧਾਰਾਂ ਛਿਨ ਵਿਸਰੇ ਤਨ ਛੁਟ ਮਰਾਂ' ਦੀ ਅਵਸਥਾ ਨੂੰ ਸਮਝ ਲੈਂਦੀ ਹੈ। ਵੈਸੇ ਭਾਈ ਸਾਹਿਬ ਮੰਨਦੇ ਹਨ ਕਿ ਜਿੱਥੇ ਦ੍ਰਿੜ੍ਹਤਾ ਹੋਵੇ, ਉਥੇ ਸੰਜੋਗ ਆਵੱਸ਼ ਹੁੰਦਾ ਹੈ। ਪੁਸ਼ਪਾਵਤੀ ਤੇ ਚੰਦ੍ਰਾਵਤ ਦੇ ਮਾਪੇ ਵੀ ਅੰਤ ਵਿਚ ਉਨ੍ਹਾਂ ਦਾ ਮੰਗਲਾਚਾਰ ਕਰ ਦਿੰਦੇ ਹਨ। ਇੱਥੇ ਭਾਈ ਸਾਹਿਬ ਨੇ ਸੰਕੇਤ ਕੀਤਾ ਹੈ ਕਿ ਆਦਰਸ਼ਕ ਸਮਾਜ ਕੋਈ ਪ੍ਰੇਮੀਆਂ ਦੇ ਪ੍ਰੇਮ ਨੂੰ ਤੋੜਨ ਵਾਲਾ ਹੀ ਨਹੀਂ। ਆਦਰਸ਼ਕ ਸਮਾਜ ਪ੍ਰੇਮੀਆਂ ਦੇ ਇਸ਼ਕ ਦੀ ਵਿਰੋਧਤਾ ਉਦੋਂ ਕਰਦਾ ਹੈ, ਜਦ ਪ੍ਰੀਤਮ ਸਿੰਘ ਸਫ਼ੀਰ ਦੇ ਅੱਖਰਾਂ ਵਿਚ ਇਸ਼ਕ ਵਿਗੜ ਕੇ ਬਕਵਾਸ ਬਣ ਜਾਂਦਾ ਹੈ:-

ਘਰ ਘਰ ਮਚੀਏ ਮਾਹੀਏ
ਘਰ ਘਰ ਚੈਨੀਆਂ
ਹੋਕਾਂ ਇਸ਼ਕ ਦੀਆਂ
ਵੈਨ ਸੁ ਵੈਨੀਆਂ
ਬਣ ਗਈਆਂ ਬੱਕ ਬੱਕ ਵੇ ( ਇਸ ਦਿਲ ਵਨ ਨ ਤੱਕ ਵੇ)

ਭਾਈ ਸਾਹਿਬ ਨੇ ਇਸਤ੍ਰੀ ਪੁਰਸ਼ ਦੇ ਪਰਸਪਰ ਪ੍ਰੇਮ ਦੀ ਸੁਭਾਵਿਕ ਖਿੱਚ ਨੂੰ ਸਵੀਕਾਰ ਕੀਤਾ ਹੈ, ਪਰ ਉਹ ਉਸ ਪ੍ਰੇਮ ਖੁਨ੍ਹ ਦੇ ਅਨੁਯਾਈ ਨਹੀਂ, ਜੋ ਸਮਾਜ ਅਤੇ ਮਾਨਵ- ਜੀਵਨ ਦੇ ਦੁਖਾਂਤ ਦਾ ਕਾਰਨ ਬਣਦੀ ਹੈ। ਭਾਈ ਸਾਹਿਬ ਦੇ ਪ੍ਰੇਮ ਆਦਰਸ਼ ਵਿਚ ਮਾਂਸਲਤਾ ਦੀ ਥਾਂ ਸਾਤਵਿਕਤਾ ਵਧੇਰੇ ਹੈ।

ਇਸ ਕਵਿਤਾ ਵਿਚ ਭਾਈ ਸਾਹਿਬ ਨੇ ਆਪਣੇ ਪ੍ਰੇਮ ਦਰਸ਼ਨ ਨੂੰ ਪੁਸ਼ਪਾਵਤੀ ਤੇ ਚੰਦ੍ਰਾਵਤ ਦੇ ਸੰਵਾਦਾਂ ਰਾਹੀਂ ਸਪਸ਼ਟ ਕਰਦਿਆਂ ਨਾਟਕੀ ਰੂਪ ਦਿੱਤਾ ਹੈ। ਸਾਰੀ ਕਵਿਤਾ ਵਿਚ ਭਾਈ ਸਾਹਿਬ ਦਾ ਬਿਆਨ ਬੜਾ ਮਾਰਮਿਕ ਤੇ ਪ੍ਰਭਾਵਸ਼ਾਲੀ ਰਹਿਆ ਹੈ।

ਬਿਸਮਿਲ ਮੋਰ[31] — 'ਬਿਸਮਿਲ ਮੋਰ' ਕਵਿਤਾ ਭਾਈ ਸਾਹਿਬ ਨੇ ਜੁਲਾਈ 1922 ਵਿਚ ਪ੍ਰਕਾਸ਼ਿਤ ਕੀਤੀ ਸੀ। ਇਸ ਵਿਚ ਉਨ੍ਹਾਂ ਨੇ ਬਿਸਮਿਲ ਮੋਰ ਤੇ ਸ਼ਿਕਾਰੀ ਦੀ ਵਾਰਤਾਲਾਪ ਰਾਹੀਂ ਆਪਣੇ ਰਾਜਸੀ ਤੇ ਨੀਤੀਪਰਕ ਵਿਚਾਰਾਂ ਦੀ ਵਿਆਖਿਆ ਕੀਤੀ ਹੈ। ਇਸ ਕਵਿਤਾ ਦੇ ਸੰਬੰਧ ਵਿਚ ਭਾਈ ਸਾਹਿਬ ਲਿਖਦੇ ਹਨ, " ਹਿੰਦੁਸਤਾਨ ਵਿਚ ਮੋਰ ਖਾਣ ਯਾ ਮਾਰਨ ਦਾ ਖਯਾਲ ਗਿਰਾਵਾਂ ਸ਼ਹਿਰਾਂ ਵਿਚ ਡਾਢੀ ਨਫ਼ਰਤ ਨਾਲ ਡਿੱਠਾ ਜਾਂਦਾ ਹੈ। ਇਸ ਕਵਿਤਾ ਵਿਚ ਕਿਸੇ ਇਕ ਅਤਿ ਕਰੂਪ ਵਾਲੇ ਨੀਵੇਂ ਆਦਮੀ ਦਾ, ਨਵਾਂ ਪੱਛਮੀ ਮੱਤ ਲੈ, ਅੰਗ੍ਰੇਜ਼ੀ ਪੜ੍ਹ ਜਾ ਕੇ, ਚੰਗੀ ਤਨਖਾਹ ਲੈ ਕੇ ਪੁਰਾਣੇ ਰੋਮਨ ਲੋਕਾਂ ਦੇ ਹਾਲ ਪੜ੍ਹ, ਮੋਰ ਮਾਸ ਖਾਣ ਦੇ ਸ਼ੌਕ ਤੋਂ ਲਾਚਾਰ ਹੋ 'ਮੋਰ ਸ਼ਿਕਾਰ' ਕਰਨ ਦੀ ਵਾਰਤਾ ਹੈ। ਉਹ ਕਾਲੇ ਧੂਤ ਅਤੇ ਕੋਝੇ ਚਿਹਰੇ ਵਾਲੇ ਬਾਬੂ ਦਾ ਮੋਰ ਨੂੰ ਗੋਲੀ ਮਾਰਨਾ, ਮੋਰ ਦਾ ਉਸ ਨੂੰ ਝਾੜਨਾ ਤੇ ਇਸ ਝਾੜ ਵਿਚ ਉਚੇ 'ਰਸ- ਮੰਡਲ' ਦੇ ਖਯਾਲ ਤੇ ਅਰਸ਼ੀ ਭਾਵ ਦੱਸਣੇ, ਮੋਰਨੀ ਦਾ ਦੁੱਖ ਕਰਨਾ ਤੇ ਗਿਰਾਂ ਵਾਲਿਆਂ ਦਾ ਕੋਪ, ਕਈ ਸਾਲ ਹੋਏ ਇਕ ਕਵਿਤਾ ਵਿਚ ਲਿਖੇ ਗਏ ਸਨ।[32]"

---

31. ਲਹਿਰਾਂ ਦੇ ਹਾਰ, ਪੰਨਾ 174
32. ਉਹੀ, ਪੰਨਾ 174.

ਭਾਈ ਸਾਹਿਬ ਦੇ ਸਮਕਾਲੀ ਸਮੇਂ ਵਿਚ ਧਾਰਮਿਕ ਤੇ ਸੁਧਾਰਿਕ ਲਹਿਰਾਂ ਦਾ ਮਨੋਰਥ ਲੋਕਾਂ ਨੂੰ ਆਪਣੇ ਧਰਮ ਵਿਚ ਪੱਕਿਆਂ ਕਰਕੇ ਸੁਦੇਸ਼ੀ ਸਭਿਆਚਾਰ ਨਾਲ ਪ੍ਰੇਮ ਵਧਾ ਕੇ ਦੇਸ਼- ਪਿਆਰ ਦੇ ਭਾਵਾਂ ਨੂੰ ਪੈਦਾ ਕਰਨਾ ਸੀ। ਇਸ ਕਵਿਤਾ ਉਤੇ ਉਹ ਅਸਰ ਪ੍ਰਤੱਖ ਹੈ। ਇਸ ਸ਼ਤਾਬਦੀ ਦੇ ਮੁੱਢ ਵਿਚ ਅੰਗ੍ਰੇਜ਼ੀ ਸਾਮਰਾਜ ਫੈਲਣ ਨਾਲ ਭਾਰਤ ਵਿਚ ਕੁਝ ਨੀਵੀਆਂ ਜਾਤੀਆਂ ਦੇ ਲੋਕ ਸਰਕਾਰੀ ਸਹੂਲਤਾਂ ਕਾਰਨ ਈਸਾਈ ਬਣ ਕੇ ਪੱਛਮੀ ਸਭਿਅਤਾ ਦੇ ਪੂਰਨਿਆਂ ਤੇ ਤੁਰਨ ਲਗ ਪਏ ਸਨ। ਭਾਈ ਸਾਹਿਬ ਦੇ ਹਿਰਦੇ ਵਿਚ ਦੇਸ਼ ਪ੍ਰੇਮ ਦੀ ਕਣੀ ਇਸ ਅਧੋਗਤੀ ਤੋਂ ਦੁਖੀ ਹੋ ਕੇ ਉਨ੍ਹਾਂ ਨਵੇਂ ਬਣੇ ਬਾਬੂਆਂ ਨੂੰ ਫਿਟਕਾਰ ਪਾਉਂਦੀ ਹੈ।

ਇਸ ਦੇ ਨਾਲ ਹੀ ਇਥੇ ਮੋਰ ਸਮਝਾਉਂਦਾ ਹੈ ਕਿ ਮਾਨਵ ਨੂੰ ਜੀਵਨ ਵਿਚ ਸੱਚ ਤੇ ਇਨਸਾਫ਼ ਨੂੰ ਅਪਣਾਉਂਦਿਆਂ ਕਦੇ ਆਪਣੇ ਤੋਂ ਨੀਵੇਂ ਨਾਲ ਜ਼ੁਲਮ ਨਹੀਂ ਕਰਨਾ ਚਾਹੀਦਾ। ਸਿਰਜਣਹਾਰ ਸਾਰੀ ਸਿਰਜਣਾ ਦੇ ਜ਼ੱਰੇ ਜ਼ੱਰੇ ਵਿਚ ਲੁਪਤ ਹੈ। ਮਾਨਵ ਨੂੰ ਉਸ ਸ਼ਕਤੀ ਦੀ ਹੋਂਦ ਨੂੰ ਅਨੁਭਵ ਕਰਨਾ ਚਾਹੀਦਾ ਹੈ[33] ਅਤੇ ਅਜਾਈਂ ਹਿੰਸਾਤਮਿਕ ਕਰਮਾਂ ਤੋਂ ਦਰੇਗ਼ ਕਰਨਾ ਚਾਹੀਦਾ ਹੈ। ਜੀਵਨ ਦੋ ਖਿਣ ਦਾ ਹੈ, ਐਵੇਂ ਤ੍ਰਿਸ਼ਨਾ ਲਈ ਰਕਤਪਾਤ ਕਿਉਂ ਕੀਤਾ ਜਾਏ :

ਮੂੰਹ ਮਾਸ ਬਦਲੇ ਮੈਨੂੰ ਮਾਰਿਆ ਈ
ਪੰਜ ਸੁੰਦਰਤਾ ਦੀ ਕੂੰਠ ਸੁੱਟੀਆ ਓਇ !
ਸ਼ੀਸ਼ਾ 'ਰਬ- ਦੀਦਾਰ' ਦਾ ਚੂਰ ਕੀਤਾ
ਹੱਟ 'ਰੱਬ- ਵਪਾਰ' ਦੀ ਲੁੱਟੀਆ ਓਇ![34]

ਇਸ ਕਵਿਤਾ ਨੂੰ ਭਾਈ ਸਾਹਿਬ ਨੇ ਬੈਂਤ ਛੰਦ ਵਿਚ ਲਿਖਿਆ ਹੈ। ਇਸ ਦੇ ਕਲਾ ਪੱਖ ਸੰਬੰਧੀ ਕਹਿਆ ਜਾ ਸਕਦਾ ਹੈ ਕਿ ਇਥੇ ਅਨੁਭੂਤੀ ਦੀ ਡੂੰਘਾਈ ਅਤੇ ਚਿਤ੍ਰਨ ਦੀ ਸੂਖਮਤਾ ਘਟ ਹੋਣ ਕਰਕੇ ਬਿਆਨ ਕੁਝ ਸਿਧ ਪੱਧਰਾ ਹੈ।

ਫੁੰਡਿਆ ਤੋਤਾ -

'ਫੁੰਡਿਆ ਤੋਤਾ' ਕਵਿਤਾ ਦੀ ਭੂਮਿਕਾ ਵਿਚ ਭਾਈ ਸਾਹਿਬ ਲਿਖਦੇ ਹਨ, " ਇਕ ਫਲਾਂ ਦੇ ਬਾਗ਼ ਵਿਚ ਮਾਲੀ ਦੀ ਗੁਲੇਲ ਨਾਲ ਮਰਨਾਊ ਸੱਟ ਨਾਲ ਫੁੰਡਿਆ ਤੋਤਾ ਆਪਣੇ ਵੱਲ ਤੱਕ ਰਹੇ ਮਾਲੀ ਨੂੰ ਆਪਣੀਆਂ ਤਰਸਯੋਗ ਅੱਖਾਂ ਨਾਲ ਮਾਨੋਂ ਆਪਣੇ ਆਖਰੀ ਦਿਲ ਤਰੰਗ ਕਹਿ ਰਿਹਾ ਹੈ।"[35] ਇਨ੍ਹਾਂ ਦਿਲ ਤਰੰਗਾਂ ਵਿਚ ਤੋਤਾ ਮਾਲੀ ਦੇ ਬਾਗ਼ ਤੇ ਝੂਠੇ ਹੱਕ ਹਕੂਕ ਸਮਝਣ ਤੇ [illegible]

---

33. ਸੁਹਣੇ ਕਾਦਰ ਨੇ ਸੁਹਣੀ ਹੈ ਰਚੀ ਕੁਦਰਤ,
ਕੁਦਰਤ ਵਿਚ ਇਹ ਸੁਹਜ ਪਛਾਣੀਏਂ ਜੀ
ਵੱਸੀ ਸੁੰਦਰਤਾ ਦਾ ਸਾਰੇ ਮੀਂਹ ਇੱਥੇ
ਦੀਦੇ ਖੋਲ੍ਹ ਇਸ ਛਹਬਰ ਨੂੰ ਮਾਣੀਏਂ ਜੀ। (ਲਹਿਰਾਂ ਦੇ ਹਾਰ, ਪੰਨਾ [illegible] 181)

34. ਉਹੀ, ਪੰਨਾ - 182

35. ਉਹੀ, ਪੰਨਾ 189.

ਜਮਾਣ ਤੇ ਗਿਲਾ ਕਰਦਿਆਂ ਸੰਸਾਰ ਵਿਚ 'ਹੱਕ ਨਹੱਕ' ਤੇ ਮਨੁੱਖੀ ਉਪੱਦਰਾਂ ਦੀ ਸਮੱਸਿਆ ਵੱਲ ਸੰਕੇਤ ਕਰਦਾ ਹੈ।[36] ਤੋਤੇ ਦੀ ਵਿਧਿਆ ਸੁਣ ਕੇ ਧਰਤੀ ਕੂਕ ਕੇ ਮਾਨਵ ਦੀ ਵਾਸਤਵਿਕ ਪ੍ਰਵ੍ਰਿਤੀ ਬਾਰੇ ਦਸਦੀ ਹੈ ਕਿ ਮਾਨਵ ਨੇ ਹੀ ਧਰਤੀ ਦੀਆਂ ਵੰਡੀਆਂ ਪਾ ਕੇ ਮਨੁੱਖਾਂ ਵਿਚ ਵੰਡੀਆਂ ਪਾਈਆਂ ਹੋਈਆਂ ਹਨ। ਇਨ੍ਹਾਂ ਵੰਡੀਆਂ ਕਾਰਨ ਹੀ ਧਰਤੀ ਦੁਖੀਆਂ ਤੇ ਮਜ਼ਲੂਮਾਂ ਦੇ ਖ਼ੂਨ ਨਾਲ ਹਮੇਸ਼ਾ ਲਥ ਪਥ ਰਹਿੰਦੀ ਹੈ।

ਇਸ ਦੇ ਨਾਲ ਹੀ ਭਾਈ ਸਾਹਿਬ ਨੇ ਇੱਥੇ ਅੰਗ੍ਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਦੀ ਕੁਟਲ ਨੀਤੀ ਉਤੇ ਵੀ ਵਿਅੰਗ ਕੀਤਾ ਹੈ:

ਸਾਂਝੀਵਾਲ ਸਰਕਾਰ ਦੇ ਪੁੱਤ ਸਾਰੇ
ਪਾ ਵਿਤਕਰੇ ਵੀਰ ਨ ਵਿਛੋੜੀਏ ਜੀ !
ਕਾਣੀ ਵੰਡ ਸਰਦਾਰ ਦਾ ਕੰਮ ਨਾਹੀਂ
ਬਣ ਮਲਾਹ ਨ ਬੇੜੇ ਨੂੰ ਬੋੜੀਏ ਜੀ।[37]

ਇਸ ਕਵਿਤਾ ਵਿਚਲਾ ਆਦਰਸ਼ ਮਾਨਵ ਲਈ ਬੜੀ ਮਹੱਤਤਾ ਰੱਖਦਾ ਹੈ, ਪਰ ਇਸ ਦੀ ਅਭਿਵਿਅੰਜਨਾ ਵਿਚ ਉਪਦੇਸ਼ ਵਧੇਰੇ ਹੈ ਤੇ ਕਲਾ ਘਟ। ਇੱਥੇ ਭਾਈ ਸਾਹਿਬ ਦੇ ਬੋਲਾਂ ਵਿਚ ਹਿਰਦੇ ਦੀ ਥਾਂ ਬੁੱਧੀ ਦਾ ਸਵਰ ਪ੍ਰਧਾਨ ਹੈ।

**ਅਟਕ -**

'ਅਟਕ' ਕਵਿਤਾ ਵਿਚ ਭਾਈ ਸਾਹਿਬ ਨੇ ਦੇਸ਼ ਪਿਆਰ ਦੇ ਰੰਗ ਵਿਚ ਰੰਗੀਜ ਕੇ ਭਾਰਤ ਦੇ ਗ਼ੁਲਾਮ ਹੋਣ ਦੇ ਦੁਖਦਾਈ ਪੱਖ ਉਤੇ ਝਾਤ ਮਾਰੀ ਹੈ। ਇਸ ਵਿਚ ਪਹਿਲਾਂ ਕਵੀ 'ਅਟਕ' ਦਰਿਆ ਨੂੰ ਗਿਲਾ ਕਰਦਾ ਹੈ ਕਿ ਦਰਿਆ ਦਾ ਜਲ ਨਿਰੰਤਰ ਵੇਗ ਵਿਚ ਵਹ ਰਹਿਆ ਹੈ,ਪਰ ਇਸ ਨੇ ਪੱਛਮ ਵਲੋਂ ਭਾਰਤ ਉਤੇ ਧਾਵਾ ਕਰਕੇ ਗ਼ੁਲਾਮ ਬਣਾਉਣ ਵਾਲਿਆਂ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਪਾਈ। ਅਟਕ ਉੱਤਰ ਦਿੰਦਾ ਹੈ ਕਿ ਬ੍ਰਹਮੰਡ ਵਿਚ ਹਰ ਇਕ ਵਸਤੂ ਨਿਰੰਤਰ ਚਾਲ ਵਿਚ ਵਿਚਰ ਰਹੀ ਹੈ ਅਤੇ ਅਟਕ ਨਾਮ ਕੇਵਲ ਮੌਤ ਦਾ ਹੈ:-

ਧਰਤੀ ਨਖਯੱਤ੍ਰ ਚਲੇ, ਰੈਣ ਦਿਨ,ਬਨਸਪਤੀ,
ਜੀਵ ਜੰਤੂ ਸੱਭ ਟੁਰੇ- ਅਟਕ-ਜਾ ਸੋ ਫਟਕਦਾ ਹੈ।[38]

---

36. ਜੀਵ ਜੰਤ ਉਪਾਇ ਇਸ ਧਰਤਿ ਉਤੇ
ਦਿੱਤੀ ਖ਼ੁਲ੍ਹ ਫਲ ਮੂਲ ਦੇ ਖਾਵਣੇ ਦੀ।
ਕਾਣੀ ਵੰਡ ਕਿਉਂ ਵੰਡਣੈਂ ਬਾਗ਼ਵਾਨਾ !
ਝੂਠੇ ਹੱਕ ਧਰੂਕ ਜਮਾਵਣੇ ਦੀ ? ( ਲਹਿਰਾਂ ਦੇ ਹਾਰ, ਪੰਨਾ 192)

37. ਉਹੀ, ਪੰਨਾ 193

38. ਬਿਜਲੀਆਂ ਦੇ ਹਾਰ, ਪੰਨਾ 46.

ਇਕਬਾਲ ਵੀ 'ਚਾਂਦ ਔਰ ਤਾਰੇ' ਕਵਿਤਾ ਵਿਚ ਪ੍ਰਕ੍ਰਿਤੀ ਦੇ ਇਸੇ ਨਿਯਮ ਵੱਲ ਸੰਕੇਤ ਕਰਦਾ[39] ਹੈ। ਅਟਕ ਆਪਣੇ ਨਾਉਂ ਨੂੰ ਅਟਿਕ ਅਰਥਾਤ ਕਦੇ ਨਾ ਟਿਕਣ ਵਾਲਾ ਦਸਦਾ ਹੈ। ਉਹ ਸਮਝਾਉਂਦਾ ਹੈ ਕਿ ਅਕਲਹੀਣ ਦਰਿਆ ਅਕਲ ਵਾਲੇ ਯਾਤ੍ਰਵੀਆਂ ਦੇ ਰਸਤੇ ਵਿਚ ਕੀ ਰੁਕਾਵਟ ਪਾ ਸਕਦਾ ਹੈ। ਯਾਤ੍ਰਵੀਆਂ ਦੇ ਰਸਤੇ ਵਿਚ ਭਾਰਤ ਵਾਸੀ ਹੀ 'ਮੇਲ,ਬਲ,ਸਾਹਸ' ਰਾਹੀਂ ਰੁਕਾਵਟ ਪਾ ਸਕਦੇ ਹਨ। ਇੱਥੇ ਭਾਈ ਸਾਹਿਬ ਸਪਸ਼ਟ ਕਰਦੇ ਹਨ ਕਿ ਉਪੱਦਰ,ਜ਼ੁਲਮ ਤੇ ਜਬਰ ਦੇ ਰਸਤੇ ਵਿਚ ਰੁਕਾਵਟ ਮਾਨਵ ਦੀ ਅਕਲ ਤੇ ਸ਼ਕਤੀ ਦੀ ਸਹਾਇਤਾ ਨਾਲ ਪਾਈ ਜਾ ਸਕਦੀ ਹੈ। ਜਦ ਇਨ੍ਹਾਂ ਗੁਣਾਂ ਦੀ ਅਣਹੋਂਦ ਹੋਵੇ, ਰਾਸ਼ਟ੍ਰ ਦਾ ਪਰਾਧੀਨ ਹੋ ਜਾਣਾ ਕੋਈ ਅਸੁਭਾਵਿਕ ਨਹੀਂ।

ਇਸ ਕਵਿਤਾ ਵਿਚ ਭਾਈ ਸਾਹਿਬ ਨੇ ਮਾਨਵ ਤੇ ਰਾਸ਼ਟ੍ਰ ਦੇ ਆਦਰਸ਼ ਨੂੰ ਸੰਕੇਤਕ ਰੂਪ ਵਿਚ ਪ੍ਰਗਟ ਕੀਤਾ ਹੈ। ਇਸ ਕਵਿਤਾ ਵਿਚ ਭਾਈ ਸਾਹਿਬ ਦਾ ਬਿਆਨ ਬੜਾ ਸਰਲ ਤੇ ਸਿੱਧਾ ਹੈ। ਇਸ ਵਿਚ ਉਨ੍ਹਾਂ ਅੰਦਰ ਆਪਣੇ ਆਸ਼ੇ ਨੂੰ ਵਿਅਕਤ ਕਰਨ ਦੀ ਰੁਚੀ ਇਤਨੀ ਪ੍ਰਬਲ ਹੈ ਕਿ ਸਰਲ ਢੰਗ ਵਿਚ ਹੋਇਆ ਬਿਆਨ ਵੀ ਟੁੰਬਦਾ ਹੈ।[40] ਧਨੀ ਰਾਮ ਚਾਤ੍ਰਿਕ ਜੀ ਨੇ ਵੀ 'ਅਟਕ ਦਰਯਾ' ਨਾਮੀ ਕਵਿਤਾ ਲਿਖੀ ਹੈ, ਜਿਸ ਵਿਚ 'ਅਟਕ' ਦੇ ਤੇਜ਼ ਤੇ ਅਮੋੜ ਵਹਣ ਨੂੰ ਅੰਤ ਵਿਚ ਸਮੁੰਦਰ ਵਿਚ ਸਮਾ ਜਾਣ ਦਾ ਜ਼ਿਕਰ ਕੀਤਾ ਹੈ।[41] ਪਰ ਉਸ ਨਾਲੋਂ ਭਾਈ ਸਾਹਿਬ ਦੀ ਇਹ ਕਵਿਤਾ ਵਧੇਰੇ ਡੂੰਘਾਈ ਰੱਖਦੀ ਹੈ।

ਮਰਦ ਦਾ ਕੁੱਤਾ —

'ਮਰਦ ਦਾ ਕੁੱਤਾ' ਕਵਿਤਾ ਅਗਸਤ,1927 ਵਿਚ 'ਬਿਜਲੀਆਂ ਦੇ ਹਾਰ' ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਵਿਚ ਭਾਈ ਸਾਹਿਬ ਨੇ ਆਪਣੇ ਪ੍ਰੇਮ ਦੇ ਸਿੱਧਾਂਤ ਨੂੰ ਨਿਰੂਪਣ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਦੇ ਅਨੁਸਾਰ ਸੱਚਾ ਪ੍ਰੇਮ ਮਾਨਵ ਪ੍ਰੇਮ ਦਾ ਹੀ ਰੂਪ ਧਾਰਦਾ ਹੈ। ਮਾਨਵ ਪ੍ਰੇਮ ਹੀ ਪ੍ਰਭੂ ਪ੍ਰੇਮ ਦੀ ਪ੍ਰਾਪਤੀ ਦਾ ਮਾਰਗ ਹੈ। ਮਾਨਵ ਪ੍ਰੇਮ ਦੇ ਗੁਣਾਂ ਨੂੰ ਅਪਣਾਉਣ ਵਾਲਾ ਵਿਅਕਤੀ ਸਦਾ ਸੁਰਜੀਤ ਹੋ ਜਾਂਦਾ ਹੈ ਅਤੇ ਮਾਨਵ ਪ੍ਰੇਮੀਆਂ ਦੇ ਪਿਆਰ ਦੀ ਸੁਗੰਧ ਧਰਤੀ ਤੇ ਸਦਾ ਵਸਦੀ ਰਹਿੰਦੀ ਹੈ।

' ਮਾਣਨ ਹਾਰੇ ਤੁਰ ਗਏ ਸਮੇਂ ਗਏ ਹਨ ਬੀਤ,
' ਪਰ ਲਪਟੀ ਹੈ ਦੇ ਰਹੀ ਲਪਟ ਆਪਣੀ ਪ੍ਰੀਤ।
' ਸੁੱਚੀ ਪ੍ਰੀਤੀ ਦੇਂਵਦੀ ਸਦਾ ਸਦਾ ਖੁਸ਼ਬੋਇ।
'ਨਾਮ ਧਰੀਕੀ ਪ੍ਰੀਤਿ ਦੀ ਨਾਸ਼ਮਾਨ ਹੈ ਲੋਇ।[42]

---

39. " ਕਾਮ ਅਪਨਾ ਹੈ ਸੁਬਹੋ-ਸ਼ਾਮ ਚਲਨਾ
" ਚਲਨਾ ਚਲਨਾ,ਮਦਾਮ ਚਲਨਾ
" ਬੇਤਾਬ ਹੈ ਇਸ ਜਹਾਂ ਕੀ ਹਰ ਸ਼ੈ
" ਕਹਤੇ ਹੈ ਜਿਸੇ ਸਕੂੰ,ਨਹੀਂ ਹੈ ਰਹਤੇ ਹੈਂ ਸਿਤਮ-ਕਸ਼-ਏ-ਸਫ਼ਰ ਸਬ
" ਤਾਰੇ,ਇਨਸਾਂ,ਸ਼ਜਰ,ਹਜਰ,ਸਬ।
(ਇਕਬਾਲ,ਚਾਂਦ ਔਰ ਤਾਰੇ,ਬਾਂਗਿ-ਦਰਾ,ਭਾਸ਼ਾ ਵਿਭਾਗ,ਪੰਨਾ 131)

40. "Many long writings are not poetry at all, but are more

(ਚਲਦਾ)

ਮਾਨਵ ਪ੍ਰੇਮ ਦੇ ਆਦਰਸ਼ ਨੂੰ ਗੁਰਮਤਿ ਵਿਚ ਵੀ ਬੜੀ ਮਾਨਤਾ ਪ੍ਰਾਪਤ ਹੈ।[43] ਅੰਗ੍ਰੇਜ਼ੀ ਦਾ ਕਵੀ ਲੀ ਹੰਟ ਵੀ 'ਅਬੂ ਬਿਨ ਆਦਮ' ਕਵਿਤਾ ਵਿਚ ਅਬੂ ਦਾ ਨਾਂ ਪ੍ਰਭੂ ਪਿਆਰਿਆਂ ਦੀ ਸੂਚੀ ਵਿਚ ਸਭ ਤੋਂ ਉਤੇ ਉਸ ਦੇ ਸਾਥੀ- ਮਨੁੱਖਾਂ ਦੇ ਪ੍ਰੇਮ ਕਾਰਨ ਹੀ ਦਸਦਾ ਹੈ।[44]

ਭਾਈ ਸਾਹਿਬ ਦੀ ਇਸ ਕਵਿਤਾ ਦੇ ਦੋ ਭਾਗ ਹਨ। ਪਹਿਲੇ ਭਾਗ ਦੇ ਚਾਰ ਸੋਰਠਿਆਂ ਵਿਚ ਸੁੰਦਰੀ ਦਾ ਕੁੱਤੇ ਨੂੰ ਵੇਖ ਕੇ ਪ੍ਰਸ਼ਨ ਤੇ ਦਾਨੇ ਦਾ ਉੱਤਰ ਹੈ। ਦੂਜੇ ਭਾਗ ਵਿਚ ਕੁੱਤੇ ਦਾ ਉੱਤਰ 29 ਦੋਹਿਰਿਆਂ ਵਿਚ ਮਿਲਦਾ ਹੈ। ਇਵੇਂ ਇੱਥੇ ਇਕੋ ਕਵਿਤਾ ਵਿਚ ਦੋ ਛੰਦਾਂ ਦੀ ਵਰਤੋਂ ਮਿਲਦੀ ਹੈ। ਇਸ ਕਵਿਤਾ ਦੇ ਵਧੇਰੇ ਭਾਗ ਦਾ ਬਿਆਨ ਸਾਧਾਰਣ ਹੈ, ਪਰ ਅੰਤ ਵਿਚ ਆ ਕੇ ਭਾਵੁਕ ਵੇਗ ਦੇ ਤੀਬਰ ਹੋਣ ਤੇ ਕਲਾ ਕੁਝ ਨਿਖਰਦੀ ਹੈ। ਵੈਸੇ ਲੰਮੇਰੀਆਂ ਕਵਿਤਾਵਾਂ ਵਿਚ ਕਈ ਥਾਵਾਂ ਤੇ ਬਿਆਨ ਦਾ ਸਾਧਾਰਣ ਹੋ ਜਾਣਾ ਅਤੇ ਕਈ ਥਾਵਾਂ ਤੇ ਨਿਖਰਨਾ ਸੁਭਾਵਿਕ ਹੁੰਦਾ ਹੈ।[45]

'ਪਿਆਰ' ਤੇ 'ਫ਼ਰਜ਼' ਦੀਆਂ ਦੇਵੀਆਂ ਦਾ ਸੰਬਾਦ –

'ਪਿਆਰ' ਤੇ 'ਫ਼ਰਜ਼' ਦੀਆਂ ਦੇਵੀਆਂ ਦਾ ਸੰਬਾਦ' ਕਵਿਤਾ 'ਬਿਜਲੀਆਂ ਦੇ ਹਾਰ' ਵਿਚ ਅਗਸਤ, 1927 ਵਿਚ ਛਪੀ ਸੀ।[46] ਇਸ ਵਿਚ ਭਾਈ ਸਾਹਿਬ ਨੇ ਪ੍ਰੇਮ ਤੇ ਫ਼ਰਜ਼ ਦੇ ਸੰਬੰਧ ਨੂੰ ਸਪਸ਼ਟ ਕੀਤਾ ਹੈ। ਪਿਆਰ ਦੀ ਦੇਵੀ ਦੇ ਕਥਨਾਂ ਰਾਹੀਂ ਭਾਈ ਸਾਹਿਬ ਨੇ ਪ੍ਰੇਮੀ ਦੀ ਵੇਦਨਾ ਅਨੁਭੂਤੀ ਅਤੇ ਅਤੀਤ ਦੀ ਸਿਮ੍ਰਤੀ ਭਰਨ ਦਾ ਯਤਨ ਕੀਤਾ ਹੈ। ਕਰੁਣਾ ਕਲਿਤ ਹਿਰਦੇ ਵਿਚ ਵਸਦੀ ਹੋਈ ਵਿਕਲ ਰਾਗਣੀ ਨਾਲ ਉਨ੍ਹਾਂ ਦਿਨਾਂ ਨੂੰ ਯਾਦ ਕੀਤਾ ਹੈ, ਜਦੋਂ ਉਸ ਨੂੰ ਅਪਲਕ ਨੈਣਾਂ ਰਾਹੀਂ ਉਸ ਅਨੰਤ ਛਵੀ ਦੇ ਦਰਸ਼ਨਾਂ ਵਿਚ ਜੀਵਨ ਦਾ ਰਸ ਪ੍ਰਾਪਤ ਹੋਇਆ ਸੀ। ਇਸ ਮਿਲਾਪ- ਅਨੰਦ ਵਿਚ ਖ਼ੁਸ਼ੀ ਦੀਆਂ ਤਰੰਗਾਂ ਉਛਲਦੀਆਂ ਹਨ:

ਛੁਟਦੇ ਖ਼ੁਸ਼ੀ ਫੁਹਾਰੇ, ਬਰਸਨ ਅਨੰਦ ਬੱਦਲ
ਮੌਜਾਂ ਦਾ ਰਾਗ ਛਿੜਿਆ, ਹਾਸੀ ਬਜਾਇ ਤਾਲੀ।[47]

---

effective in verse than they would be in prose."
( L.E. Harris, The Nature of English Poetry, P. 64 )

41. ਅਟਕ ਦਰਯਾ, ਚੰਦਨ ਵਾੜੀ, ਪੰਨਾ 155

42. ਮਰਦ ਦਾ ਕੁੱਤਾ, ਬਿਜਲੀਆਂ ਦੇ ਹਾਰ, ਪੰਨਾ 55

43. ਨਾਨਕ ਗਲੀ ਕੂੜੀਆਂ ਬਾਝੁ ਪ੍ਰੀਤਿ ਕਰੇਇ॥
ਤਿਚਰੁ ਜਾਣੈ ਭਲਾ ਕਰਿ ਜਿਚਰੁ ਲੇਵੈ ਦੇਇ॥ ( ਵਾਰ ਵਡਹੰਸ ਮਹਲਾ ੧)

44. " Abou spoke more low,
but cheerly still and said, I pray thee then,
write me as one that loves his fellow- men."
The Angel wrote and vanished. The next night
It came with a great wakening light
And showed the names whom love of God had blessed
And lo! Ben Adhem's name above all the rest.
( Leigh Hunt, Abou Ben Adhem )

(ਚਲਦਾ)

ਇਸ ਪਲ ਦੀ ਪ੍ਰਾਪਤੀ ਸਿੱਕਾਂ ਸਿੱਕਦਿਆਂ, ਲੋਚਾਂ ਲੋਚਦਿਆਂ ਤੇ ਪਿਆਰੇ ਦਾ ਰਾਹ ਤੱਕਦਿਆਂ ਪ੍ਰਾਪਤ ਹੁੰਦੀ ਹੈ। ਮਿਲਾਪ ਦੇ ਸੁਪਨੇ ਨੂੰ ਤੋੜਦਿਆਂ ਫਰਜ਼ ਦੀ ਦੇਵੀ ਦੁਨੀਆਂ ਨੂੰ ਸੁੰਦਰਤਾ ਤੇ ਅਨੰਦ ਦੀ ਥਾਂ ਸਿਰਫ਼ ਫਰਜ਼ਾਂ ਦੀ ਘਾਟੀ ਸਮਝਦੀ ਹੈ।[48] ਫਰਜ਼ ਦੀ ਦੇਵੀ ਜੀਵਨ ਦੀ ਮਾਦਿਕਤਾ ਦੀ ਹੀ ਪ੍ਰਤਿਨਿਧਤਾ ਕਰਦਿਆਂ ਦਸਦੀ ਹੈ ਕਿ ਉਸ ਦਾ ਦਿਲਾਂ ਦੀ ਨਰਮੀ, ਅੰਦਰ ਦੀ ਖਿੱਚ ਤੇ ਮਿਲਾਪ ਵਿਚ ਮੱਤੇ ਰਹਣ ਨਾਲ ਕੋਈ ਸੰਬੰਧ ਨਹੀਂ।[49] ਪਰ ਉਹ ਜੀਵਨ ਵਿਚ ਪਿਆਰ ਤੇ ਫਰਜ਼ ਦੇ ਸੰਗਮ ਤੋਂ ਅਣਜਾਣ ਹੈ। ਪਿਆਰ ਦੀ ਦੇਵੀ ਦਾ ਸੰਪਰਕ ਉਸ ਨੂੰ ਅਨੁਭਵ ਕਰਾਉਂਦਾ ਹੈ ਕਿ ਉਸ ਨੇ ਕਈਆਂ ਦੇ ਪ੍ਰੇਮ-ਮਿਲਾਪ ਨੂੰ ਤੋੜਿਆ ਹੈ, ਪਰ 'ਮਿਲਾਪ- ਖਿੱਚ ' ਨੂੰ ~~xxxxxxxxxxxx~~ ਖ਼ਤਮ ਕਰਨ ਤੋਂ ਉਹ ਫਿਰ ਵੀ ਅਸਮਰੱਥ ਰਹੀ ਹੈ।

ਇੱਥੇ ਭਾਈ ਸਾਹਿਬ ਜੀਵਨ ਵਿਚ ਪ੍ਰੇਮ ਤੇ ਫਰਜ਼ ਦੇ ਸੰਜੋਗ ਦੀ ਲੋੜ ਨੂੰ ਦਸਦੇ ਹਨ। ਪ੍ਰੇਮ ਅਤੇ ਫਰਜ਼ ਵਿਚ ਕੋਈ ਵਿਰੋਧਤਾ ਨਹੀਂ, ਇਕ ਦੀ ਪੂਰਤੀ ਦੂਜੇ ਦੇ ਸਹਯੋਗ ਨਾਲ ਹੈ।

ਇਸ ਕਵਿਤਾ ਲਈ ਭਾਈ ਸਾਹਿਬ ਨੇ 'ਬੁਲਬੁਲ ਤੇ ਰਾਹੀ' ਵਿਚ ਅਪਣਾਏ 'ਦਿਗਪਾਲ' ਛੰਦ ਨੂੰ ਹੀ ਚੁਣਿਆ ਹੈ। ਇਸ ਵਿਚ ਭਾਈ ਸਾਹਿਬ ਦਾ ਆਸ਼ਾ ਕਲਾ ਦੇ ਰੰਗ ਵਿਚ ਰੰਗਿਆ ਪੇਸ਼ ਹੁੰਦਾ ਹੈ। ਇੱਥੇ ਨੈਤਿਕਤਾ ਤੇ ਅਧਿਆਤਮਿਕਤਾ ਦਾ ਆਰੋਪ ਕਾਵਿ ਦੀ ਆਤਮਾ ਨੂੰ ਸਮਾਪਤ ਨਹੀਂ ਕਰਦਾ, ਸਗੋਂ ਇੱਥੇ ਵਿਚਾਰ ਤੇ ਜਜ਼ਬੇ ਦਾ ਸੰਜੋਗ ਹੋਇਆ ਮਿਲਦਾ ਹੈ।

<u>ਰੰਗਾ ਰਾਮ</u> –

'ਰੰਗਾ ਰਾਮ' ਕਵਿਤਾ 'ਖਿਜਲੀਆਂ ਦੇ ਹਾਰ' ਸੰਗ੍ਰਹਿ ਵਿਚ ਅਗਸਤ, 1927 ਵਿਚ ਛਪੀ ਸੀ, ਪਰ ਬਾਬਾ ਪ੍ਰੇਮ ਸਿੰਘ ਹੋਤੀ ਦਾ ਕਥਨ ਹੈ ਕਿ ਭਾਈ ਸਾਹਿਬ ਨੇ ਇਹ ਕਵਿਤਾ 1908 ਈ. ਵਿਚ ਉਨ੍ਹਾਂ ਨੂੰ ਮਰਦਾਨ ਵਿਖੇ ਪੜ੍ਹ ਕੇ ਸੁਣਾਈ ਸੀ।[49*] ਇਸ ਕਥਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਾਈ

---

45. " Long poems usually have flat passages; the poetry in them varies in strength; they are usually written in plainer verse than lyric poems." (L. . Harris, The Nature of English Poetry, P.64
46. ਖਿਜਲੀਆਂ ਦੇ ਹਾਰ, ਪੰਨਾ 71.
47. ਉਹੀ, ਪੰਨਾ 72.
48. ਦੁਨੀਆਂ ਨ ਸੁੰਦਰਤਾ ਹੈ, ਮੇਲਾ ਨ ਮੌਜ ਥਾਂ ਹੈ
    ਫਰਜ਼ਾਂ ਦੀ ਹੈ ਏ ਘਾਟੀ, ਲੇਖੇ ਦੀ ਏ ਵਹੀ ਹੈ। (ਉਹੀ, ਪੰਨਾ 76)
49. 'ਨਰਮੀ ਦਿਲਾਂ' ਦੀ, ਨਾਲੇ ਖਾਣੀ ਜੁ 'ਖਿੱਚ ਅੰਦਰ,
    ਰਹਿਣਾ 'ਮਿਲਾਪ' ਮੱਤੇ, ਮੈਨੂੰ ਨ ਲੋੜ ਕਾ-ਈ। (ਉਹੀ, ਪੰਨਾ 78)

49* ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ, ਪੰਨਾ 262.

ਸਾਹਿਬ ਨੇ ਇਸ ਰਚਨਾ ਨੂੰ 1908 ਈ. ਤੋਂ ਪਹਿਲੇ ਲਿਖ ਲਇਆ ਸੀ।

ਗੰਗਾਰਾਮ ਪਿੰਜਰੇ ਪਏ ਪਾਲਤੂ ਤੋਤੇ ਨੂੰ ਆਖਦੇ ਹਨ। ਇਕ ਅਜੇਹੇ ਗੰਗਾ ਰਾਮ ਦੀ ਵਿਥਿਆ ਨੂੰ ਆਧਾਰ ਬਣਾ ਕੇ ਭਾਈ ਸਾਹਿਬ ਨੇ ਭਾਰਤਵਾਸੀਆਂ ਦੀ ਪਰਾਧੀਨਤਾ ਦੇ ਵਿਰੁੱਧ ਆਪਣੇ ਹਾਵ-ਭਾਵਾਂ ਨੂੰ ਵਿਅਕਤ ਕੀਤਾ ਹੈ। ਗੰਗਾ ਰਾਮ ਪਿੰਜਰੇ ਵਿਚੋਂ ਨਿਕਲ ਕੇ ਵੀ ਉਡ ਨਹੀਂ ਸਕਦਾ, ਜੋ ਜੰਗਲੀ ਤੋਤੇ ਲਈ ਬੜੀ ਅਨੋਖੀ ਗੱਲ ਹੈ। ਇਸ ਰਾਹੀਂ ਭਾਈ ਸਾਹਿਬ ਸੰਕੇਤ ਕਰਦੇ ਹਨ ਕਿ ਬਹੁਤ ਦੇਰ ਦੀ ਗੁਲਾਮੀ ਵੀ ਮਨੁੱਖਾਂ ਦੀ ਸ਼ਕਤੀ ਨੂੰ ਨਿਰਬਲ ਬਣਾ ਦਿੰਦੀ ਹੈ ਅਤੇ ਬਹੁਤੀ ਦੇਰ ਗੁਲਾਮ ਰਹੇ ਲੋਕੀ ਗੰਗਾ ਰਾਮ ਵਾਂਗ ਪਰ ਮਾਰਦਿਆਂ ਵੀ ਉਡ ਨਹੀਂ ਸਕਦੇ। ਪਰ ਭਾਈ ਸਾਹਿਬ ਦਾ ਵਿਸ਼ਵਾਸ਼ ਹੈ ਕਿ ਜੇ ਆਪਣੀ ਉਡਣ ਦੀ ਸਮਰੱਥਾ ਵਿਚ ਅਚਿੰਤ ਹੋ ਕੇ ਵਿਸ਼ਵਾਸ਼ ਕੀਤਾ ਜਾਏ, ਫਿਰ ਉਡ ਸਕਣ ਜੋਗ ਹੋਣਾ ਅਸੰਭਵ ਨਹੀਂ:

'ਕਰ ਪੱਕ ਭਰੋਸਾ ਆਪਣੇ ਤੇ,ਸਮਰੱਥ ਆਪ ਤੂੰ ਉਡਣ ਨੂੰ।
'ਫਿਰ ਹੋਇ ਅਚਿੰਤ ਚਲਾ ਚਲ ਤੂੰ,ਕਰ ਦੂਰ ਦਿਲੋਂ ਡਰ ਡਿੱਗਣ ਨੂੰ।[50]

ਇੱਥੇ ਭਾਈ ਸਾਹਿਬ ਆਸ਼ਾਵਾਦੀ ਹਨ ਕਿ ਜੇ ਹਿੰਮਤ ਦਾ ਦਾਮਨ ਫੜਿਆ ਹੋਵੇ, ਗੁਲਾਮੀ ਦੇ ਕਾਰਨ ਗੁਆਚੀ- ਸ਼ਕਤੀ ਨੂੰ ਨਵੇਂ ਸਿਰੇ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਭਾਈ ਸਾਹਿਬ ਇਹ ਵੀ ਦਸਦੇ ਹਨ ਕਿ ਕਈਆਂ ਨੂੰ ਗੰਗਾ ਰਾਮ ਵਾਂਗੂੰ ਗੁਲਾਮੀ ਦਾ ਜੀਵਨ ਹੀ ਸੁਰਗ ਲਗਦਾ ਹੈ ਕਿਉਂਕਿ ਇਸ ਵਿਚ ਮਾਦਿਕ ਲੋੜਾਂ ਦੀ ਪੂਰਤੀ ਹੁੰਦੀ ਰਹਿੰਦੀ ਹੈ,ਭਾਵੇਂ ਆਤਮਾ ਕੁਰਲੀ ਰਹਿੰਦੀ ਹੈ। ਇਸੇ ਕਰਕੇ ਬੁੱਢੇ ਤੋਤੇ ਦੀ ਅਰਦਾਸ ਰਾਹੀਂ ਭਾਈ ਸਾਹਿਬ ਕਹਿੰਦੇ ਹਨ:

'ਸਾਨੂੰ ਰੱਖ ਸੁਤੰਤਰ ਦਾਤੇ ! ਬੰਦੀ ਸਾਥੋਂ ਦੂਰ ਰਹੇ,
'ਪਰ ਤੰਤਰ ਨਾ ਕਦੇ ਕਰਾਵੀਂ ਖੁਲ੍ਹ ਦਾ ਸਦਾ ਸਰੂਰ ਰਹੇ।[51]

ਭਾਰਤ ਨੂੰ ਗੁਲਾਮੀ ਵਿਚ ਰੱਖਣ ਵਾਲੇ ਅੰਗ੍ਰੇਜ਼ ਦਾਅਵਾ ਕਰਦੇ ਸਨ ਕਿ ਉਨ੍ਹਾਂ ਨੇ ਭਾਰਤ ਦੇ ਸੁੱਖ ਤੇ ਸੁਰੱਖਿਅਤਾ ਲਈ ਆਪਣਾ ਸਾਮਰਾਜ ਸਥਾਪਤ ਕੀਤਾ ਸੀ। ਭਾਈ ਸਾਹਿਬ ਵਿਅੰਗਾਤਮਿਕ ਢੰਗ ਨਾਲ ਲਿਖਦੇ ਹਨ ਕਿ ਉਹ ਆਪਣੀ ਵਾਗ ਡੋਰ ਉਨ੍ਹਾਂ ਧਰਮੀਆਂ ਤੋਂ ਬਚੀ ਚਾਹੁੰਦੇ ਹਨ:

' ਖੰਭ ਅਸਾਡੇ,ਪੈਰ ਅਸਾਡੇ,ਦਿਲ ਸਾਡੇ ਨੂੰ ਰੋਕ ਕਰੇ
'ਧਰਮੀ' ਐਸੇ ਅਸਾਂ ਨ ਮੇਲੀਂ ਡੋਰ ਪਾਇ ਹਥ ਵਾਗ ਫੜੇ।[52]

ਭਾਈ ਸਾਹਿਬ ਸਾਮਰਾਜੀ ਬ੍ਰਿਤੀ ਦੀ ਹੀ ਨਿਖੇਧੀ ਕਰਦੇ ਹਨ ਜੋ ਦੂਜਿਆਂ ਨੂੰ ਗੁਲਾਮ ਬਣਾਉਂਦੀ ਹੈ।[53] ਇੱਥੇ ਭਾਈ ਸਾਹਿਬ ਦਾ ਮਾਨਵਤਾਵਾਦੀ ਦ੍ਰਿਸ਼ਟੀਕੋਣ ਵਿਕਾਸ ਕਰਦਾ ਹੈ। ਰਾਬਿੰਦਰ ਨਾਥ ਟੈਗੋਰ ਵੀ ਅਜੇਹੀ ਸਵਤੰਤ੍ਰਤਾ ਦੀ ਮੰਗ ਕਰਦੇ ਹਨ, ਜਿੱਥੇ ਮਨ ਬਿਨਾ ਕਿਸੇ ਦੇ ਡਰ ਦੇ ਸਿਰ ਉਚਿਆਂ

---

50. ਬਿਜਲੀਆਂ ਦੇ ਹਾਰ, ਪੰਨਾ 92
51. ਉਹੀ,ਪੰਨਾ- 103
52. ਉਹੀ,ਪੰਨਾ- 106

(ਚਲਦਾ)

ਕਰਕੇ ਅਤੇ ਗਿਆਨ ਸਵਤੰਤ੍ਰ ਹੋ ਕੇ ਵਿਚਰ ਸਕਦਾ ਹੈ।[54]

ਇਸ ਕਵਿਤਾ ਵਿਚ ਭਾਈ ਸਾਹਿਬ ਦਾ ਆਦਰਸ਼ ਵਧੇਰੇ ਸਿੱਧਾ ਹੀ ਪ੍ਰਗਟ ਹੁੰਦਾ ਹੈ। ਵੈਸੇ ਵੀ ਨੈਤਿਕਤਾ ਤੇ ਉਪਦੇਸ਼ ਦੇ ਸਵਰ ਨੂੰ ਪ੍ਰਧਾਨਤਾ ਦੇਣ ਵਾਲੇ ਕਵੀਆਂ ਵਿਚ ਇਹ ਰੁਚੀ ਆਮ ਮਿਲਦੀ ਹੈ। ਪਰ ਇਸ ਦੇ ਬਾਵਜੂਦ ਵੀ ਭਾਈ ਸਾਹਿਬ ਦੇ ਮੁੱਢਲੇ ਦੌਰ ਦੀ ਇਹ ਕਵਿਤਾ ਉਨ੍ਹਾਂ ਦੀ ਗ਼ੁਲਾਮੀ ਦੇ ਦੁੱਖ ਦੇ ਅਨੁਭਵ ਅਤੇ ਆਜ਼ਾਦੀ ਲਈ ਤੜਪ ਦੀ ਸਿੱਧੀ ਵਿਆਖਿਆ ਕਰਦੀ ਹੈ। ਅੰਗ੍ਰੇਜ਼ ਦੇ ਰਾਜ ਵਿਚ ਆਜ਼ਾਦੀ ਲਈ ਤੜਪ ਦੀ ਸਿੱਧੀ ਵਿਆਖਿਆ ਕਰਦੀ ਹੈ। ਅੰਗ੍ਰੇਜ਼ ਦੇ ਰਾਜ ਵਿਚ ਆਜ਼ਾਦੀ ਲਈ ਆਵਾਜ਼ ਸਿੱਧੇ ਢੰਗ ਨਾਲ ਨਹੀਂ ਨਿਕਲਣ ਦਿੱਤੀ ਜਾਂਦੀ ਸੀ, ਇਸੇ ਲਈ ਭਾਈ ਸਾਹਿਬ ਨੇ ਗੰਗਾ ਰਾਮ ਨੂੰ ਦੁਅਰਥਕ ਕਾਵਿ (Allegorical) ਦੇ ਰੂਪ ਵਿਚ ਉਲੀਕਿਆ ਹੈ। 'ਗੰਗਾ ਰਾਮ' ਵਾਂਗ ਡਾਕਟਰ ਮੋਹਨ ਸਿੰਘ ਦੀਵਾਨਾ ਨੇ 'ਪਿੰਜਰੇ ਦਾ ਤੋਤਾ' (ਧੁੱਪ ਛਾਂ) ਨਾਮੀ ਕਵਿਤਾ ਵਿਚ ਵੀ ਚਿੰਨ੍ਹਾਤਮਿਕ ਢੰਗ ਨਾਲ ਸਵਤੰਤ੍ਰਤਾ ਨੂੰ ਹੀ ਜੀਵਨ ਆਖਿਆ ਹੈ।[55]

<u>ਨਿਨਾਣ - ਭਰਜਾਈ</u> —

'ਨਿਨਾਣ ਭਰਜਾਈ' ਦੀ ਲੰਮੇਰੀ ਸੰਬਾਦਾਤਮਿਕ ਕਵਿਤਾ ਪਹਿਲਾਂ 1899 ਈ. ਵਿਚ ਇਕ ਟ੍ਰੈਕਟ ਦੇ ਰੂਪ ਵਿਚ ਛਪੀ ਸੀ। ਫਿਰ ਇਹ 1934 ਈ. ਵਿਚ 'ਖਾਲਸਾ ਸਮਾਚਾਰ' ਸਪਤਾਹਕ ਵਿਚ ਕਿਸ਼ਤਾਂ ਵਿਚ ਛਪੀ ਸੀ ਅਤੇ ਦੋਬਾਰਾ ਪੋਥੀ ਆਕਾਰ ਵਿਚ ਅਗਸਤ, 1951 ਵਿਚ ਪ੍ਰਕਾਸ਼ਿਤ ਹੋਈ ਸੀ।

ਇਸ ਕਵਿਤਾ ਦਾ ਪੂਰਾ ਸਿਰਲੇਖ 'ਘਰ ਸੁਧਾਰ ਸੰਬੰਧੀ ਨਿਨਾਣ ਭਰਜਾਈ ਦੀ ਸਿਖਿਆਦਾਇਕ ਵਾਰਤਾਲਾਪ (ਬੈਂਤਾਂ ਵਿਚ)' ਪੋਥੀ ਤੇ ਦਿੱਤਾ ਹੋਇਆ ਹੈ। ਜਿਸ ਕਾਲ ਦੀ ਇਹ ਰਚਨਾ ਹੈ, ਉਸ ਸਮੇਂ ਸੁਧਾਰਵਾਦ ਦੀ ਰੁਚੀ ਪ੍ਰਬਲ ਸੀ। ਅਸਲ ਵਿਚ ਆਧੁਨਿਕ ਰਾਸ਼ਟ੍ਰਵਾਦ ਦੀ ਪ੍ਰਥਮ ਜਾਗ੍ਰਤੀ ਧਾਰਮਿਕ ਅਤੇ ਸਮਾਜਿਕ ਸੁਧਾਰਵਾਦੀ ਅੰਦੋਲਨਾ ਦੇ ਰੂਪ ਵਿਚ ਪ੍ਰਗਟ ਹੋਈ ਸੀ।[56] ਇਸ ਕਵਿਤਾ ਵਿਚ ਭਾਈ ਸਾਹਿਬ ਨੇ ਸਮੇਂ ਦੇ ਅਨੁਸਾਰ ਘਰੋਗੀ ਸੁਧਾਰ ਦਾ ਸੰਦੇਸ਼ ਦਿੱਤਾ ਹੈ, ਜੋ ਸਮਾਜਿਕ ਕ੍ਰਾਂਤੀ ਦਾ ਮੂਲ

---

53. 'ਉਹ ਸਤਖਤਾ ਦੂਰ ਰਹਾਵੀ ਵਿਦਿਆ ਉਹ ਸਿਖਾਵੀਂ ਨਾ।
   'ਜਾਲ ਲਾਣ ਤੇ ਅੜਨ ਪਿੰਜਰੇ ਕੈਦ ਪਾਣ ਸਿਖਲਾਵੇ ਜੋ।(ਬਿਜਲੀਆਂ ਦੇ ਹਾਰ, ਪੰਨਾ 106)

54. Where the mind is without fear and
    the head is held high;
    Where knowledge is free.
    ( Tagore- Gitanjali )

55. ਜੀਵਨ ਪੂਰੀ ਖੁਲ੍ਹ ਹੈ, ਜੀਵਨ ਹੈ ਸੁੱਖ ਦੁੱਖ
    ਅੰਦਰ ਸ਼ੀਸ਼ ਮਹੱਲ ਦੇ, ਸੁੱਕੇ ਹਰਿਆ ਰੁੱਖ ( ਡਾ. ਮੋਹਨ ਸਿੰਘ, ਪਿੰਜਰੇ ਦਾ ਤੋਤਾ- ਧੁਪ ਛਾਂ)

56. A.R. Desai, Social Background of Indian Nationalism, P. 251.

ਆਧਾਰ ਹੈ। ਇੱਥੇ ਭਾਈ ਸਾਹਿਬ ਨੇ ਨਿਨਾਣ ਭਰਜਾਈ ਅਤੇ ਫਿਰ ਨਿਨਾਣ ਦੀ ਆਪਣੀ ਮਾਤਾ,ਛੋਟੀ ਭੈਣ,ਪਿਤਾ ਤੇ ਭਰਾ ਨਾਲ ਵਾਰਤਾਲਾਪ ਰਾਹੀਂ ਘਰੇਲੂ ਜੀਵਨ ਵਿਚ ਪਏ ਹੋਏ ਝਗੜਿਆਂ ਨੂੰ ਸੁਲਝਾਣ ਦਾ ਰਾਹ ਅੰਕਿਤ ਕੀਤਾ ਹੈ।

ਇਹ 60 ਸਫ਼ਿਆਂ ਦੀ ਸਾਰੀ ਕਵਿਤਾ ਬੈਂਤ ਛੰਦ ਵਿਚ ਰਚੀ ਗਈ ਹੈ। ਸੰਬਾਦਾਤਮਿਕ ਤੇ ਵਿਆਖਿਆਨਮਈ ਸ਼ੈਲੀ ਵਿਚ ਰਚਿਤ ਇਹ ਰਚਨਾ ਪ੍ਰਵਾਹ- ਪੂਰਨ ਨਿਬੰਧ- ਕਾਵਿ ਹੀ ਹੈ। ਇਸ ਕਵਿਤਾ ਵਿਚ ਉਪਦੇਸ਼ਾਂ ਦੀ ਇਤਨੀ ਅਧਿਕ ਨਿਯੋਜਨਾ ਹੋਈ ਹੈ ਕਿ ਇਕ ਤਰ੍ਹਾਂ ਨਾਲ ਇਹ ਨੀਤੀਵਾਦੀ ਨਿਬੰਧ- ਕਾਵਿ ਹੀ ਬਣ ਗਇਆ ਹੈ। ਇਸ ਵਿਚ ਭਾਈ ਸਾਹਿਬ ਦੀ ਉਪਦੇਸ਼ਕ ਵਾਲੀ ਰੁਚੀ ਵਧੇਰੇ ਪ੍ਰਗਟ ਹੁੰਦੀ ਹੈ, ਇਸ ਲਈ ਇੱਥੇ ਵਿਸ਼ੁੱਧ ਕਾਵਿ ਦੇ ਗੁਣ ਘਟ ਮਿਲਦੇ ਹਨ।

<u>ਬਿਹਬਲ ਬਿਰਹਨੀ ਤੇ ਕੋਇਲ</u> –

'ਬਿਹਬਲ ਬਿਰਹਨੀ ਤੇ ਕੋਇਲ' ਕਵਿਤਾ ਹਾਲੀ ਤਕ ਭਾਈ ਸਾਹਿਬ ਦੇ ਕਿਸੇ ਸੰਗ੍ਰਹਿ ਵਿਚ ਪ੍ਰਕਾਸ਼ਿਤ ਨਹੀਂ ਹੋਈ। ਇਹ ਭਾਈ ਸਾਹਿਬ ਦੇ ਸਪਤਾਹਕ 'ਖਾਲਸਾ ਸਮਾਚਾਰ' ਦੇ ਦੋ ਅੰਕਾਂ 9-8-1962 ਅਤੇ 16-8-1962 ਵਿਚ ਪ੍ਰਕਾਸ਼ਿਤ ਮਿਲਦੀ ਹੈ।[57]

ਇਸ ਕਵਿਤਾ ਵਿਚ ਇਕ ਬਿਰਹਨੀ ਆਪਣੇ ਪਿਰ ਦੇ ਵਿਛੋੜੇ ਵਿਚ ਰੁਦਨ ਕਰਦੀ ਅੰਤਾ- ਸਤਲ ਦੀ ਵੇਦਨਾ ਨੂੰ ਕੋਇਲ,ਬੱਦਲਾਂ,ਅੰਬਾਂ ਦੇ ਬੂਟਿਆਂ ਅਤੇ ਸੂਰਜ ਅੱਗੇ ਪ੍ਰਗਟ ਕਰਦੀ ਹੈ।ਕੋਇਲ ਬਿਰਹਨੀ ਨੂੰ ਦਸਦੀ ਹੈ ਕਿ ਪ੍ਰੇਮ ਮਾਰਗ ਵਿਚ ਗ਼ਮ ਹੀ ਗ਼ਮ ਹੈ ਪਰ ਪ੍ਰੀਤਮ ਦੇ ਗ਼ਮ ਨੂੰ ਕਿਸੇ ਨਿਆਮਤ ਤੋਂ ਘਟ ਨਹੀਂ ਸਮਝਣਾ ਚਾਹੀਦਾ ਅਤੇ ਇਸੇ ਰਾਹੀਂ ਜੀਵਨ ਮਰਮ ਦਾ ਭੇਦ ਸਮਝ ਆਉਂਦਾ ਹੈ:

ਕਹਿੰਦਾਂ ਹੋ ਨਾ ਪਿਆਰੀ ਸਾਡੇ ਪੱਲੇ ਹੀ ਗ਼ਮ ਹੈ
ਪਰ ਗ਼ਮ ਪ੍ਰੀਤਮ ਦਾ ਪਿਆਰੀ- ਕਿਹੜੀ ਨਿਆਮਤ ਤੋਂ ਕਮ ਹੈ ?
ਬਿਰਹੋਂ ਤੀਰ ਦੁਖਾਲਾ ਅੰਦਰ ਚੁੱਭਿਆ ਨ ਜਿਸ ਨੇ
ਜੀਵਨ- ਮਰਮ ਦੁਰਾਲਾ- ਭੇਤ ਲਧਾ ਨਾ ਉਸ ਨੇ।[58]

ਇੱਥੇ ਕਰੁਣਾ ਅਤੇ ਵੇਦਨਾ ਦੇ ਅਧਿਕ ਤੋਂ ਅਧਿਕ ਪ੍ਰਸਾਰ ਰਾਹੀਂ ਸਤ ਦੇ ਰੂਪ ਨੂੰ ਗ੍ਰਹਣ ਕਰਨ ਦਾ ਯਤਨ ਕੀਤਾ ਗਇਆ ਹੈ। ਬਿਰਹਨੀ ਦੀ ਵਿਅਕਤੀਗਤ ਵੇਦਨਾ ਅੰਤ ਵਿਚ ਇਕ ਆਦਰਸ਼ ਦਾ ਨਿਰਮਾਣ ਵੀ ਕਰ ਲੈਂਦੀ ਹੈ।

---

57. ਖਾਲਸਾ ਸਮਾਚਾਰ, 9-8-1962 / 16-8-1962 ਜਿਲਦ 63 ਅੰਕ ਨੰ: 36ਤੇ 37

58. ਉਹੀ 16-8-1962 ਉਹੀ " " 37

ਇਸ ਕਵਿਤਾ ਵਿਚ ਜਦ ਬਿਰਹਨੀ ਆਪਣੇ ਕਰੁਣਾ ਉਦਗਾਰਾਂ ਨੂੰ ਪ੍ਰਕ੍ਰਿਤੀ ਵਿਚੋਂ ਕੋਇਲ,ਬੱਦਲ,ਅੰਬ,ਸੂਰਜ,ਚੰਦਰਮਾ,ਪਉਣ ਤੇ ਗਗਨ ਨੂੰ ਸੰਬੋਧਨ ਕਰਦਿਆਂ ਆਪਣੀ ਪੀੜਾ ਨੂੰ ਪ੍ਰਗਟ ਕਰਦੀ ਹੈ,ਉਦੋਂ ਉਸ ਦੇ ਮਾਨਸਿਕ ਚਿੱਤ੍ਰਨ ਵਿਚ ਪ੍ਰਕ੍ਰਿਤੀ ਵੀ ਸਹਯੋਗ ਦਿੰਦੀ ਹੈ। ਇੱਥੇ ਆਂਤਰਿਕ ਅਨੁਭੂਤੀ ਵਿਚ ਪ੍ਰਕ੍ਰਿਤੀ ਨਾਲ ਰਾਗਾਤਮਿਕ ਸੰਬੰਧ ਦੇ ਕਾਰਨ ਇਕ ਵਚਿੱਤ੍ਰ ਪ੍ਰਕਾਰ ਦੀ ਤਨਮਯਤਾ ਅਤੇ ਬਿਹਬਲਤਾ ਆ ਜਾਂਦੀ ਹੈ। ਬਿਰਹਾ ਦੀ ਭਾਵੁਕ ਅਭਿਵਿਅਕਤੀ ਕਾਰਨ ਇਸ ਕਵਿਤਾ ਵਿਚ ਕਲਾ ਚੰਗੀ ਨਿਖਰੀ ਹੈ।

ਫ਼ਰਿਯਾਦ—

'ਫ਼ਰਿਯਾਦ' ਕਵਿਤਾ ਵੀ ਹਾਲੀ ਤਕ ਅਸੰਗ੍ਰਹਿਤ ਹੈ। ਇਹ 'ਖਾਲਸਾ ਸਮਾਚਾਰ' ਵਿਚ 6-9-1962 ਅਤੇ 13-9-1962 ਦੇ ਦੋ ਅੰਕਾਂ ਵਿਚ ਛਪੀ ਮਿਲਦੀ ਹੈ।[59] ਇਸ ਵਿਚ ਭਾਈ ਸਾਹਿਬ ਨੇ ਆਪਣੇ ਜੀਵਨ ਦਰਸ਼ਨ ਦੇ ਉਸ ਅੰਗ ਦੀ ਵਿਆਖਿਆ ਕੀਤੀ ਹੈ, ਜਿਸ ਵਿਚ ਉਹ ਦੱਸਣਾ ਚਾਹੁੰਦੇ ਹਨ ਕਿ ਅਸਲੀ ਜੀਵਨ ਉਦੋਂ ਤਕ ਹੈ,ਜਦ ਤਕ 'ਜੀਵਨ ਕਣੀ' ਸਰੀਰ ਵਿਚ ਸਮਾਈ ਹੋਈ ਹੈ। ਇਸ 'ਕਣੀ' ਜੋ ਜੀਵਨ ਨੂੰ ਜੀਵਤ ਰੱਖਦੀ ਹੈ, ਦੇ ਮਰਮ ਨੂੰ ਸਮਝਣਾ ਤੇ ਵਿਕਸਾਉਣਾ ਹੀ ਜੀਵਨ ਦਾ ਮੂਲ ਲਕਸ਼ ਹੈ।

ਇਸ ਆਦਰਸ਼ ਨੂੰ ਭਾਈ ਸਾਹਿਬ ਨੇ 'ਇਕ ਦਿਓਦਾਰ ਦੇ ਢੱਠੇ ਹੋਏ ਗਲ ਸੜ ਰਹੇ ਬ੍ਰਿਛ' ਦੀ ਫ਼ਰਿਆਦ ਰਾਹੀਂ ਸਥਾਪਤ ਕੀਤਾ ਹੈ। ਦਿਓਦਾਰ ਪੁੱਛਦਾ ਹੈ ਕਿ ਜਦ ਤਕ ਉਹ ਹਰਾ ਭਰਾ ਸੀ,ਉਸ ਨੂੰ ਅਗਨੀ,ਸੂਰਜ,ਪੌਣ,ਪਾਣੀ,ਧਰਤੀ ਦੀ ਮਿੱਟੀ ਸਾਰੇ ਪਾਲਦੇ ਸਨ, ਪਰ ਉਸ ਦੇ ਡਿੱਗ ਪੈਣ ਤੇ ਇਹੋ ਵਸਤੂਆਂ ਉਸ ਨੂੰ ਖ਼ਤਮ ਕਰਨ ਦੇ ਆਹਰ ਕਰ ਰਹੀਆਂ ਹਨ। ਦਿਓਦਾਰ ਨੂੰ ਸਮਝਾਉਂਦਿਆਂ ਪੌਣ ਦਸਦੀ ਹੈ ਕਿ ਕੀਮਤ ਉਸ ਦੇ ਸਰੀਰ ਦੀ ਨਹੀਂ, ਆਤਮਾ ਦੀ ਸੀ, ਜੋ ਵਿਆਪਕ ਜੀਵਨ ਕਣੀ ਦਾ ਇਕ ਅੰਗ ਹੈ:

ਨਈ ਤੂੰ ਭੋਗ ਉਮਰਾ ਸੀ ਲਮੇਰੀ।
ਨਾ ਜੀਵਨ ਰਮਜ਼ ਨੂੰ ਪਾਈ ਚਤੇਰੀ
ਤੇਰੀ ਇਸ ਡੀਲ ਵਿਚ ਵਸਦੀ ਕਣੀ ਸੀ।
ਕਣੀ ਜੀਵਨ ਕਿ ਇਸ ਤੋਂ ਦੇਹ ਬਣੀ ਸੀ।[60]

ਜਿੱਥੇ ਇਹ ਕਣੀ ਵਿਦਮਾਨ ਹੈ, ਉਥੇ ਪ੍ਰਕ੍ਰਿਤੀ ਦੇ ਸਾਰੇ ਨਿਯਮ ਉਸ ਨੂੰ ਪਾਲਣ ਵਿਚ ਸਹਾਈ ਹੁੰਦੇ ਹਨ।

---

59. ਖਾਲਸਾ ਸਮਾਚਾਰ, 6-9-1962 / 13-9-1962 } ਜਿਲਦ 63 ਅੰਕ ਨੰ: 40,41

60. ਉਹੀ 13-9-1962 ਉਹੀ " " 41

ਜਿਥੋਂ ਇਹ ਨਿਕਲ ਤੁਰਦੀ ਹੈ, ਉਥੇ ਸਰੀਰ ਬਸ ਇਕ ਖੋਲ ਬਣ ਕੇ ਹੀ ਰਹਿ ਜਾਂਦਾ ਹੈ। ਗੁਰਮਤਿ ਵਿਚ ਵੀ ਇਸੇ ਕਣੀ ਨੂੰ ਸ੍ਰਿਸ਼ਟੀ ਦਾ ਆਧਾਰ ਮੰਨਿਆ ਗਇਆ ਹੈ।[61] ਇਸ ਮਰਮ ਕਥਾ ਰਾਹੀਂ ਭਾਈ ਸਾਹਿਬ ਨੇ ਪ੍ਰਭੂ ਤੇ ਜੀਵ ਦੇ ਸੰਬੰਧ ਦੀ ਵਿਆਖਿਆ ਕੀਤੀ ਹੈ।

ਇਸ ਕਵਿਤਾ ਵਿਚ ਭਾਈ ਸਾਹਿਬ ਨੇ 'ਦਿਓਦਾਰ' ਦੇ ਪ੍ਰਸ਼ਨਾਂ ਅਤੇ 'ਫ਼ਰਿਯਾਦ ਪਰ ਪੌਣ ਦਾ ਸਾਰਿਆਂ ਵੱਲੋਂ ਉੱਤਰ' ਰਾਹੀਂ ਕਵਿਤਾ ਦੀ ਉਸਾਰੀ ਕੀਤੀ ਹੈ। ਇਸ ਕਵਿਤਾ ਵਿਚ ਭਾਵਾਂ ਦਾ ਪਾਸਾਰ ਵਧੇਰੇ ਹੋਣ ਕਰਕੇ ਅਭਿਵਿਅਕਤੀ ਕਲਾਤਮਿਕ ਰੂਪ ਵਿਚ ਨਿਖਰੀ ਹੈ।

<u>ਏਹ ਨੈਣ ਬਿਦੇਸੀ</u> —

'ਏਹ ਨੈਣ ਬਿਦੇਸੀ' ਅਸੰਗ੍ਰਹਿਤ ਕਵਿਤਾ ਨੂੰ ਭਾਈ ਸਾਹਿਬ ਨੇ 15-10-1934 ਨੂੰ ਸ਼ਿਮਲੇ ਵਿਚ ਲਿਖਿਆ ਸੀ, ਜੋ 'ਖਾਲਸਾ ਸਮਾਚਾਰ' ਵਿਚ 9-2-1967 ਨੂੰ ਪ੍ਰਕਾਸ਼ਿਤ ਹੋਈ ਸੀ।[62] ਇਸ ਕਵਿਤਾ ਵਿਚ ਭਾਈ ਸਾਹਿਬ ਨੇ ਦੋਸ਼ਣ ਦਾ ਖੰਡਨ ਕੀਤਾ ਹੈ ਕਿ ਪ੍ਰੇਮ ਉਤਪਤੀ ਲਈ ਨੈਣਾਂ ਨੂੰ ਦੋਸ਼ੀ ਸਮਝਿਆ ਜਾਂਦਾ ਹੈ, ਪਰ ਵਾਸਤਵ ਵਿਚ ਨੈਣਾਂ ਦਾ ਪ੍ਰੇਮ ਭਾਵ ਦੀ ਉਤਪਤੀ ਵਿਚ ਕੋਈ ਦੋਸ਼ ਨਹੀਂ।

ਇਸ ਕਵਿਤਾ ਵਿਚ ਦਿਲ ਸੁੰਦਰੀ ਦੇ ਪ੍ਰੇਮ ਵਿਚ ਫਸ ਕੇ ਨੈਣਾਂ ਨੂੰ ਦੋਸ਼ੀ ਠਹਿਰਾਉਂਦਾ ਹੈ ਕਿਉਂਕਿ ਇਸ ਨੂੰ ਭਰਮ ਹੈ ਕਿ ਨੈਣਾਂ ਰਾਹੀਂ ਹੀ 'ਅਕਸ-ਨਕਸ਼' ਦਿਲ ਤੇ ਪੈਂਦੇ ਹਨ। ਭਾਈ ਸਾਹਿਬ ਦਸਦੇ ਹਨ ਕਿ ਨੈਣਾਂ ਨੂੰ ਦੋਸ਼ੀ ਸਮਝਣ ਦੇ ਗਲਤ ਖ਼ਿਆਲ ਦਾ ਲੜ ਫੜ ਕੇ ਬਿਲਵਾ ਮੰਗਲ ਨੇ [illegible] ਨੈਣ ਹੀ ਕਢਾ ਦਿੱਤੇ ਸਨ; ਟਾਲਸਟਾਇ ਨੇ 'ਕ੍ਰੋਧ ਵਿਰੋਧੀ ਲੇਖ' ਲਿਖ ਕੇ ਇਸਤ੍ਰੀ ਵਿਰੁਧ ਦਿਲ ਦੀ ਕੁਲਫਤ ਨੂੰ ਛਾਣਿਆ ਸੀ; ਸ਼ਿਵ ਜੀ ਨੇ 'ਰਤੀ ਨਾਥ' ਦੇ ਅਕਸ ਤੋਂ ਮੋੜ ਕੇ ਤੀਜਾ ਨੈਣ ਖੋਲ੍ਹ ਕੇ ਅੱਗ ਦਾ ਮੀਂਹ ਵਸਾ ਕੇ ਰਤੀ ਨਾਥ ਨੂੰ ਖਤਮ ਕਰ ਦਿੱਤਾ ਸੀ; ਬਾਬਾ ਤਾਹਿਰ ਨੇ ਵੀ ਨੈਣਾਂ ਨੂੰ ਦੋਸ਼ੀ ਮਿਥਦਿਆਂ ਨਸ਼ਤਰ ਨਾਲ ਇਨ੍ਹਾਂ ਨੂੰ ਬਾਹਰ ਕੱਢਣ ਲਈ ਕਹਿਆ ਸੀ। ਇਵੇਂ ਨੈਣਾਂ ਤੇ ਲਾਏ ਜਾਂਦੇ ਇਸ ਦੋਸ਼ ਦਾ ਨਿਰਾਕਰਨ ਕਰਨ ਲਈ ਭਾਈ ਸਾਹਿਬ ਨੇਤਰਹੀਣ ਸੂਰ ਦਾਸ ਨੂੰ ਪੁਛਦੇ ਹਨ ਕਿ ਉਸ ਦੀਦੇਹੀਣ ਅੰਦਰ ਨਕਸ਼ਹੀਣ ਪ੍ਰੇਮ ਕਿਵੇਂ ਪ੍ਰਵੇਸ਼ ਕਰ ਗਇਆ ਸੀ। ਸੂਰਦਾਸ ਸਮਝਾਉਂਦਾ ਹੈ ਕਿ ਉਸ ਨੈਣ-ਵਿਹੂਣੇ ਦੇ ਦਿਲ ਵਿਚ ਵੀ ਸੁੰਦ ਨਹੀਂ ਵਸਦੀ ਸੀ, ਉਸ ਦੇ ਦਿਲ ਵਿਚ ਵੀ 'ਅਭਾਵ ਪੁਰੱਖ' ਦਾ ਪ੍ਰੇਮ ਸਮਾਇਆ ਸੀ।

ਹਸ-ਕੀਤੀ ਇਹ 'ਨੈਣ-ਵਿਹੂਣਾ' ਸਚੀ ਖੋਹਲ ਸੁਣਾਵੇ:
ਸਾਡੇ ਦਿਲ ਵਿਚ 'ਸੁੰਦ' ਨ ਵਸਦੀ, ਨਹੀਂ 'ਅਭਾਵ' ਵਸੇਂਦਾ,
'ਅਭਾਵ-ਪੁਰੱਖ' ਇਕ ਹੋਂਦ ਅਨੋਖੀ ਦਿਲ ਸਾਡਾ ਘਰ ਲੈਂਦਾ।[63]

---

61. ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕ ਕੀਜੈ॥
ਆਤਮ ਰਾਮੁ ਸਭ ਏਕੈ ਹੈ ਪਸਰੇ ਸਭ ਚਰਨ ਤਲੈ ਸਿਰੁ ਦੀਜੈ॥ (ਕਲਿਆਨ ਮਹਲਾ 4)
62. ਖਾਲਸਾ ਸਮਾਚਾਰ, 9-2-1967 ਜਿਲਦ 68 ਅੰਕ ਨੰ: 11
63. ਉਹੀ

ਸੂਰਦਾਸ ਸਪਸ਼ਟ ਕਰਦਾ ਹੈ ਕਿ ਸੱਚੇ ਪ੍ਰੇਮ ਲਈ ਦੋਸ਼ੀ ਦਿਲ ਹੈ, ਨੈਣ ਨਹੀਂ। ਜੇ 'ਦਿਲ- ਮੰਦਰ' ਨਿਰਮਲ ਹੋ ਜਾਏ, ਇਹ ਫਿਰ ਨਕਸ਼ਾਂ ਦੀ ਸੁੰਦਰਤਾ ਤੋਂ ਦੁਖੀ ਨਹੀਂ ਕਰਦਾ। ਦਿਲ ਜੇ ਨੈਣਾਂ ਰਾਹੀਂ ਵੇਖੀ ਸੁੰਦਰਤਾ ਦੇ ਨਕਸ਼ਾਂ ਉਹਲੇ ਲੁਕੇ 'ਸੁੰਦਰ' ਤੇ ਝਾਤੀ ਪਾਏ, ਉਸੇ ਨਾਲ ਅਸਲੀ ਠੰਢ ਪ੍ਰਾਪਤ ਹੋਵੇਗੀ। ਸੂਰਦਾਸ ਕਹਿੰਦਾ ਹੈ:

ਨੈਣ ਵਿਚਾਰੇ ਹਨ ਬੇਦੋਸੇ, ਦੇਖਣਹਾਰ ਤਾਂ ਦਿਲ ਹੈ,
ਬਿਨ ਦੇਖੇ ਭੀ ਨਕਸ਼ 'ਅਭਾਵੇਂ' ਘੜ ਲੈਂਦਾ ਇਹ ਦਿਲ ਹੈ।
ਨਕਸ਼ ਲੈਣ ਜਾਂ ਨਕਸ਼ ਘੜਨ ਦੀ ਦਿਲ ਦੀ ਬਾਨ ਛੁਟੇ ਜਾਂ
ਦਿਲ ਮੰਦਰ ਨਿਰਮਲ ਹੋ ਉਪਰੋਂ, ਉਪਰੋਂ ਉਚਾ ਭਾਵ ਲਏ ਤਾਂ

* * * * * * * * * * *

'ਅਟਲ ਹੋਂਦ' ਵਿਚ ਨਕਸ਼ ਸੁਹਾਵੇ ਅੱਖ ਮਟੱਕੇ ਮਾਰੇ,
ਦਿਲ ਜੇ ਗਾਹਕ ਇਸ ਦਾ ਹੋਵੇ ਨੈਣ ਇਹ ਨਕਸ਼ ਉਤਾਰੇ;
ਸੁੰਦਰਤਾ ਦੇ ਨਕਸ਼ਾਂ ਉਹਲੇ ਸੁੰਦਰ ਭਾਵੇ ਝਾਤੀ
ਇਹ ਝਾਤੀ ਬੀ ਨੈਣਾਂ ਰਸਤੇ ਠੰਢ ਠਾਰਦੀ ਛਾਤੀ।[64]

ਇਵੇਂ ਇਸ ਕਵਿਤਾ ਵਿਚ ਭਾਈ ਸਾਹਿਬ ਨੇ ਦਿਲ ਨੂੰ ਸਰੀਰਕ ਸੁੰਦਰਤਾ ਦੇ ਨਕਸ਼ਾਂ ਵਿਚ ਹੀ ਖੁਭ ਜਾਣ ਤੋਂ ਉਤੇ ਰਹਣ ਦੀ ਪ੍ਰੇਰਨਾ ਦਿੱਤੀ ਹੈ। ਦਿਲ ਨੂੰ ਕੇਵਲ ਸੁੰਦਰਤਾ ਦੀਆਂ ਖਿੱਚਾਂ ਤੋਂ ਉਤੇ ਉਠ ਕੇ ਸੁੰਦਰ ਅਰਥਾਤ ਪ੍ਰਭੂ ਵੱਲ ਵੀ ਮੁਹਾਰਾਂ ਮੋੜਨੀਆਂ ਚਾਹੀਦੀਆਂ ਹਨ। ਇਸ ਨਾਲ ਹੀ ਮਨ ਨੂੰ ਸ਼ਾਂਤੀ ਮਿਲ ਸਕਦੀ ਹੈ।

ਇਸ ਕਵਿਤਾ ਦੀ ਵਿਸ਼ੇਸ਼ਤਾ ਹੈ ਕਿ ਭਾਈ ਸਾਹਿਬ ਨੇ ਜੀਵਨ ਦੀ ਇਕ ਗੰਭੀਰ ਸਮੱਸਿਆ ਦਾ ਵਿਸ਼ਲੇਸ਼ਣ ਬੜੇ ਨਾਟਕੀ ਢੰਗ ਨਾਲ ਕੀਤਾ ਹੈ। ਪਹਲਾਂ ਬਿਲਵਾ ਮੰਗਲ, ਟਾਲਸਟਾਇ, ਸ਼ਿਵਜੀ ਤੇ ਬਾਬਾ ਤਾਹਿਰ ਦੇ ਹਵਾਲੇ ਦੇ ਕੇ ਸਮੱਸਿਆ ਦੇ ਇਕ ਪੱਖ ਨੂੰ ਲਇਆ ਹੈ ਤੇ ਫਿਰ ਸੂਰਦਾਸ ਦੇ ਉੱਤਰ ਰਾਹੀਂ ਆਪਣੇ ਅਸਲੀ ਨਿਸ਼ਾਨੇ ਨੂੰ ਉਲੀਕਿਆ ਹੈ। ਇਸ ਕਵਿਤਾ ਵਿਚ ਦਾਰਸ਼ਨਿਕ ਭਾਵਾਂ ਦਾ ਜ਼ੋਰ ਹੋਣ ਕਰਕੇ ਭਾਸ਼ਾ ਸੰਕ੍ਰਿਤਕ ਤੇ ਸਮਾਸ- ਯੁਕਤ ਵਧੇਰੇ ਹੈ।

2. ਨਾਟਕੀ ਏਕਾਲਾਪ ਅਥਵਾ ਆਤਮ- ਸੰਲਾਪਾਤਮਿਕ ਕਵਿਤਾਵਾਂ( Dramatic Monologues )

ਭਾਈ ਸਾਹਿਬ ਦੀਆਂ ਨੀਮੇਰੀਆਂ ਕਵਿਤਾਵਾਂ ਦੀ ਦੂਜੀ ਸ਼੍ਰੇਣੀ ਨਾਟਕੀ ਏਕਾਲਾਪ ਅਥਵਾ ਆਤਮ- ਸੰਲਾਪਾਤਮਿਕ ਕਵਿਤਾਵਾਂ( Dramatic Monologues ) ਦੀ ਹੈ। ਅੰਗ੍ਰੇਜ਼ੀ ਵਿਚ ਰਾਬਰਟ

---

64. ਖਾਲਸਾ ਸਮਾਚਾਰ, 9-2-1967, ਜਿਲਦ 68, ਅੰਕ ਨੰ:11

ਬਰਾਊਨਿੰਗ ਨੇ ਨਾਟਕੀ ਇਕਾਲਾਪ ਅਥਵਾ ਆਤਮ-ਸੰਲਾਪ ਸ਼ੈਲੀ ਦੀਆਂ ਕਵਿਤਾਵਾਂ ਦੀ ਪਰੰਪਰਾ ਨੂੰ ਬੜਾ ਪ੍ਰਫੁੱਲਤ ਕੀਤਾ ਸੀ। ਇਸ ਤਰ੍ਹਾਂ ਦੀ ਕਵਿਤਾ ਵਿਚ ਪਾਤਰਾਂ ਦੀਆਂ ਮਨੋਗਤੀਆਂ ਨੂੰ ਕਵੀ ਨਾਟਕੀ ਇਕਾਲਾਪ ਅਥਵਾ ਆਤਮ-ਸੰਲਾਪ ਦੇ ਮਾਧਿਅਮ ਰਾਹੀਂ ਵਿਅੰਜਤ ਕਰਦਾ ਹੈ। ਅਜੇਹੀਆਂ ਕਵਿਤਾਵਾਂ ਵਿਚ ਕਵੀ ਬਹੁਤ ਸਾਰੇ ਪਾਤਰਾਂ ਦੇ ਸੰਘਰਸ਼ ਨਾਲ ਸੰਬੰਧਿਤ ਨਹੀਂ ਹੁੰਦਾ, ਜਿਤਨਾ ਕਿ ਇਕੋ ਮਨ ਦੀ ਡੂੰਘਾਈ ਨਾਲ।[65] ਅਜੇਹੀਆਂ ਕਵਿਤਾਵਾਂ ਵਿਚ ਵਧੇਰੇ ਆਤਮ-ਉਦਗਾਰ ਹੀ ਅਭਿਵਿਅਕਤ ਹੁੰਦੇ ਹਨ ਅਤੇ ਨਾਲ ਹੀ ਪਰਿਸਥਿਤੀਆਂ ਦਾ ਆਤਮੀਅਤਾ ਪੂਰਵਕ ਚਿੱਤ੍ਰਨ ਤੇ ਵਿਅਕਤਿਤਵ ਦਾ ਮਰਮ-ਸਪਰਸ਼ੀ ਵਿਸ਼ਲੇਸ਼ਣ। ਇੱਥੇ ਮਨ ਪ੍ਰਕ੍ਰਿਆ ਦੀ ਨਿਰਬਾਧ ਅਭਿਵਿਅਕਤੀ ਸੰਵੇਦਨਾ ਨੂੰ ਪ੍ਰਮੁੱਖ, ਪ੍ਰਤੱਖ ਅਤੇ ਸਿੱਧੇ ਢੰਗ ਨਾਲ ਪੇਸ਼ ਕਰਦੀ ਹੈ।[66] ਇੱਥੇ ਕਥਾ ਪ੍ਰਵਾਹ ਅਤੇ ਘਟਨਾਵਾਂ ਦੇ ਬਿਆਨ ਦੀ ਵਧੇਰੇ ਲੋੜ ਨਹੀਂ ਹੁੰਦੀ, ਸਗੋਂ ਇੱਥੇ ਆਤਮ-ਉਦਗਾਰਾਂ ਦਾ ਜ਼ੋਰ ਹੋਣ ਕਰਕੇ ਵੈਣਿਕ ਤਰਾਣਾਂ ਸੁਭਾਵਿਕ ਹੀ ਉਪਜਦੀਆਂ ਹਨ।[67]

ਭਾਈ ਸਾਹਿਬ ਦੀਆਂ ਨਾਟਕੀ ਇਕਾਲਾਪ ਅਥਵਾ ਆਤਮ-ਸੰਲਾਪਾਤਮਿਕ ਕਵਿਤਾਵਾਂ ਵਿਚ: 'ਜਮਨਾ ਕਲਗੀਆਂ ਵਾਲੇ ਦੇ ਦੀਦਾਰ ਦੀ ਸਿੱਕ ਵਿਚ', 'ਨਰਗਸ', 'ਫਰਾਮੁਰਜ਼ ਦੀ ਵਿਲਕਣੀ', 'ਕੰਤ ਮਹੇਲੀ', 'ਮਿੱਠੀਆਂ ਉਡੀਕਾਂ', 'ਅਰਦਾਸ', 'ਆਰਤ ਪਤ੍ਰਿਕਾ' ਅਤੇ 'ਬੋਲਣ ਆਇਆ' ਰੱਖੀਆਂ ਜਾ ਸਕਦੀਆਂ ਹਨ ਕਿਉਂਕਿ ਇਨ੍ਹਾਂ ਵਿਚ ਪਾਤਰਾਂ ਜਾਂ ਵਸਤੂਆਂ ਦਾ ਆਤਮ ਸੰਲਾਪ ਜਾਂ ਨਾਟਕੀ ਇਕਲਾਪ ਮਿਲਦਾ ਹੈ। ਇਸ ਤੋਂ ਇਲਾਵਾ 'ਕੁਤਬ ਦੀ ਲਾਠ' ਤੇ 'ਦੁਮੇਲ ਦੇ ਪਾਣੀਆਂ ਦਾ ਨਾਦ' ਦੋ ਅਜੇਹੀਆਂ ਕਵਿਤਾਵਾਂ ਹਨ, ਜਿਥੇ ਲਾਠ ਤੇ ਦੁਮੇਲ ਦੇ ਪਾਣੀ ਦੇ ਉਦਗਾਰਾਂ ਦੀ ਥਾਂ ਭਾਈ ਸਾਹਿਬ ਨੇ ਆਪਣੇ ਆਤਮ ਉਦਗਾਰ ਜੋ ਉਨ੍ਹਾਂ ਨੂੰ ਵੇਖ ਕੇ ਉਪਜਦੇ ਹਨ, ਨੂੰ ਪ੍ਰਗਟ ਕੀਤਾ ਹੈ।

<u>ਜਮਨਾ ਕਲਗੀਆਂ ਵਾਲੇ ਦੇ ਦੀਦਾਰ ਦੀ ਸਿੱਕ ਵਿਚ</u> :

'ਜਮਨਾ ਕਲਗੀਆਂ ਵਾਲੇ ਦੇ ਦੀਦਾਰ ਦੀ ਸਿੱਕ' ਵਿਚ ਪਹਿਲਾਂ 'ਦਿਲਤਰੰਗ' ਸੰਗ੍ਰਹਿ ਵਿਚ ਸਤੰਬਰ, 1922 ਅਤੇ ਫਿਰ 'ਲਹਿਰਾਂ ਦੇ ਹਾਰ' ਸੰਗ੍ਰਹਿ ਵਿਚ ਮਾਰਚ, 1928 ਵਿਚ ਛਪੀ ਸੀ।[68] ਇਸ ਕਵਿਤਾ ਦੇ ਸਿਰਲੇਖ ਹੇਠ ਭਾਈ ਸਾਹਿਬ ਲਿਖਦੇ ਹਨ, "ਪਾਉਂਟਾ ਉਹ ਰਮਣੀਕ ਥਾਂ ਹੈ ਜਿਥੇ ਜਮਨਾ ਪਹਾੜ ਤੇ ਦੂਨ ਨੂੰ ਛੱਡ ਮੈਦਾਨੀਂ ਦਾਖ਼ਲ ਹੋਣ ਲਗਦੀ ਹੈ। ਕਲਗੀਆਂ ਵਾਲੇ ਨੇ ਏਥੇ ਡੇਰਾ ਲਾਇਆ, ਕੋਟ ਤੇ ਟਿਕਾਣਾ ਪਾਇਆ ਤੇ ਕੁਛ ਕਾਲ ਬੜੇ ਅਨੰਦ ਵਿਚ ਰਹੇ। ਜਮਨਾ ਵਿਚ ਅਠਖੇਲੀਆਂ ਕਰਦੇ, ਕਿਨਾਰੇ

---

65. " He ( Browning ) was interested not so much in the conflict of a group of characters, as in the fortunes of a single mind, for this purpose he evolved the dramatic monologue." ( Sir Ifor Evans, A Short History of English Literature, P.62 )

66. "The object of the dramatic monologue is to give facts from within". ("The Dramatic Monologues in the Victorian Period," Proceedings of the British Academy quoted by Robert Langbaum The Dramatic Monologues in Modern Literary Tradition, P. 78.)

(ਚਲਦਾ)

ਤੇ ਦੀਵਾਨ ਲਗਾਉਂਦੇ,ਕੀਰਤਨ ਹੁੰਦੇ ਤੇ ਆਪ ਨਾਦ ਕਰਦੇ ਹੁੰਦੇ ਸੇ। ਕਿਤਨੀ ਕਾਵਯ ਰਚਨਾ ਏਥੇ ਹੀ ਹੋਈ। ਜਮਨਾ ਉਦੋਂ ਦੀ ਮਾਨੋਂ ਆਪ ਦੇ ਪਿਆਰ ਵਿਚ ਬਿਰਹੋਂ ਸਿਰ ਚਾਈ ਹੁਣ ਤਕ ਆਪ ਦੀ ਤਲਾਸ਼ ਵਿਚ ਹੈ। ਉਸ ਦੇ ਪ੍ਰੇਮ ਕਸ ਆਏ ਦਿਲ ਤਰੰਗ,ਇਸ ਕਵਿਤਾ ਵਿਚ ਅੰਕਿਤ ਹਨ।" ਇਨ੍ਹਾਂ ਦਿਲ- ਤਰੰਗਾਂ ਨੂੰ ਜਮਨਾ ਦੇ ਆਤਮ- ਸੰਲਾਪ ਰਾਹੀਂ ਪ੍ਰਤੀਕ ਕੇ ਭਾਈ ਸਾਹਿਬ ਨੇ ਜਮਨਾ ਰਾਹੀਂ ਗੁਰੂ ਗੋਬਿੰਦ ਸਿੰਘ ਪ੍ਰਤਿ ਪਿਆਰ ਤੇ ਸ਼ਰਧਾ ਵਿਚ ਦਰਸ਼ਨ ਸਿੱਕ ਨੂੰ ਹੀ ਪ੍ਰਗਟ ਨਹੀਂ ਕੀਤਾ,ਸਗੋਂ ਜਮਨਾ ਦੀ ਭਾਲ ਦੀ ਚੇਸ਼ਟਾ [illegible] ਰਾਹੀਂ ਜੀਵਨ ਦੇ ਆਦਿ ਤੱਤ ਪ੍ਰਤਿ ਨਿਰੰਤਰ ਖਿੱਚ ਨੂੰ ਰੂਪਮਾਨ ਕੀਤਾ ਹੈ:

ਨੇਹੁੰ ਸੀ ਲਗਾ ਕੇ ਸਹੀਓ ! ਕਾਲਜਾ ਚੁਰਾ ਕੇ ਸਹੀਓ !
ਖਿੱਚ ਦਾ ਤੁਣੁੱਕਾ ਲਾ ਕੇ ਆਪਾ ਨੀ ਛਿਪਾ ਗਿਆ।[69]

ਇਸ ਵਿਚ ਕੋਈ ਸੰਦੇਹ ਨਹੀਂ ਕਿ ਇਹ ਕਵਿਤਾ ਜਮਨਾ ਦੀ ਕਲਗੀਆਂ ਵਾਲੇ ਦੇ ਦਰਸ਼ਨਾਂ ਦੀ ਸਿੱਕ ਦਾ ਆਤਮ- ਸੰਲਾਪ ਹੋਣ ਕਰਕੇ ਕੁਝ ਧਾਰਮਿਕ ਅੰਸ਼ ਰੱਖਦੀ ਹੈ। ਇਸ ਦੇ ਬਾਵਜੂਦ ਵੀ ਇਹ ਮੰਨਣਾ ਪੈਂਦਾ ਹੈ ਕਿ ਇਸ ਵਿਚ ਭਾਈ ਸਾਹਿਬ ਨੇ ਜਾਤੀ- ਭਾਵਨਾ ਨੂੰ ਸੰਕੀਰਣ ਅਰਥ ਵਿਚ ਗ੍ਰਹਣ ਨਹੀਂ ਕੀਤਾ। ਇਹ ਇਕ ਵਿਆਪਕ ਦਰਸ਼ਨ ਦੇ ਪ੍ਰਗਟਾਵੇ ਦਾ ਆਧਾਰ ਬਣੀ ਹੈ। ਇੱਥੇ ਜਮਨਾ ਦੀ ਗੁਰੂ ਸਾਹਿਬ ਦੇ ਦਰਸ਼ਨ ਦੀ ਵਿਲ੍ਹਕਣੀ ਰਾਹੀਂ ਆਤਮਾ ਦੀ ਅਨੰਤ ਲਈ ਭਾਲ ਨੂੰ ਵਿਅਕਤ ਕੀਤਾ ਹੈ। ਗੁਰੂ ਸਾਹਿਬ ਵਿਚਲੀ ਜੋਤ ਜਮਨਾ ਦੇ ਕੰਢੇ ਪ੍ਰਕਾਸ਼ ਕਰਕੇ ਫਿਰ 'ਜੋਤਿ' ਵਿਚ ਸਮਾ ਗਈ ਸੀ,ਜਿਸ ਨੂੰ ਵੇਖਣ ਲਈ ਜਮਨਾ ਸਿੱਕ ਰਹੀ ਹੈ। ਇਹੋ ਜੀਵਨ ਦਾ ਅਸਲੀ ਮਰਮ ਹੈ। ਜੋਤ ਪ੍ਰਗਟ ਹੋ ਕੇ ਅਨੰਤ- ਜੋਤ ਵਿਚ ਸਮਾ ਜਾਂਦੀ ਹੈ ਅਤੇ ਫਿਰ ਉਸ ਜੋਤ ਦਾ ਉਸੇ ਸਰੂਪ ਵਿਚ ਦਰਸ਼ਨ ਇਕ ਵਿਲ੍ਹਕਣੀ ਬਣ ਕੇ ਹੀ ਰਹ ਜਾਂਦਾ ਹੈ।ਜਮਨਾ ਦਾ ਇਹ ਪ੍ਰਸ਼ਨ ਸਮੁੱਚੇ ਮਾਨਵ ਜੀਵਨ ਦਾ ਇਕ ਸਾਂਝਾ ਪ੍ਰਸ਼ਨ ਹੈ,ਜਿਸ ਦੇ ਰਹੱਸ ਨੂੰ ਸਮਝਣ ਲਈ ਮਾਨਵ ਆਦਿ ਜੁਗ ਤੋਂ ਪ੍ਰਯਤਨਸ਼ੀਲ ਹੈ। ਮਾਨਵ ਆਉਂਦੇ ਜਾਂਦੇ ਰਹਿੰਦੇ ਹਨ, ਪਰ ਇਹ 'ਦਰਸ਼ਨ ਦੀ ਸਿੱਕ' ਸਦਾ ਕਾਇਮ ਰਹਿੰਦੀ ਹੈ।

---

Proceedings of the British Academy quoted by Robert Langbaum, The Dramatic Monologues in modern Literary Tradition, P. 78.)

67. "For all its affinity to drama, the dramatic monologue has an affinity to the lyric in just the respect in which the lyric is antithetical to drama" (Robert Langbaum, The Dramatic Monologues in Modern Literary Tradition, 1957, P. 189)

68. ਲਹਿਰਾਂ ਦੇ ਹਾਰ,ਪੰਨਾ 89-96

69. ਲਹਿਰਾਂ ਦੇ ਹਾਰ,ਪੰਨਾ 90

ਇਸ ਕਵਿਤਾ ਵਿਚ ਭਾਈ ਸਾਹਿਬ ਦਾ ਉਪਦੇਸ਼ ਸਿੱਧਾ ਪ੍ਰਗਟ ਨਹੀਂ ਹੁੰਦਾ ਸਗੋਂ ਕਲਾ ਦੇ ਰੰਗ ਵਿਚ ਸਮੋਇਆ ਪੇਸ਼ ਹੁੰਦਾ ਹੈ। ਕਬਿੱਤ ਛੰਦ ਵਿਚ ਇਹ ਰਚਨਾ ਆਤਮ- ਸੰਲਾਪ ਦੇ ਰੂਪ ਵਿਚ ਉਦਗਾਰਾਂ ਦਾ ਭਾਵਮਈ ਨਿਰੂਪਣ ਹੋਣ ਕਰਕੇ ਵੈਰਿਕ ਗੁਣਾਂ ਭਰਪੂਰ ਹੈ।

<u>ਨਰਗਸ (ਉਤਾਘ- ਨੈਣੀ)-</u>

'ਨਰਗਸ' ਕਵਿਤਾ ਵੀ ਪਹਿਲਾਂ 'ਦਿਲ- ਤਰੰਗ' ਵਿਚ ਸਤੰਬਰ,1922 ਅਤੇ ਫਿਰ 'ਲਹਿਰਾਂ ਦੇ ਹਾਰ' ਵਿਚ ਮਾਰਚ 1928 ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਕਵਿਤਾ ਦੇ ਸੰਬੰਧ ਵਿਚ ਭਾਈ ਸਾਹਿਬ ਲਿਖਦੇ ਹਨ" ਨਰਗਸ ਯਾ ਉਤਾਘਨੈਣੀ' ਸਿਆਲੇ ਦਾ ਫੁੱਲ ਹੈ ਜੋ ਪਹਾੜਾਂ ਵਿਚ ਤੇ ਮੈਦਾਨੀ ਪੰਜਾਬ ਦਿਆਂ ਬਾਗ਼ਾਂ ਵਿਚ ਹੁੰਦਾ ਹੈ। ਇਕ ਲੰਮੀ ਡੰਡਲ ਦੇ ਸਿਰ ਤੇ ਲੱਗਦਾ ਹੈ। ਤਾਘ ਭਰੀਆਂ ਅੱਖਾਂ ਵਾਂਙੂੰ ਉਡੀਕਦਾ ਇਕ ਸਰੂਪ ਬਣ ਖਲੋਂਦਾ ਹੈ। ਐਉਂ ਜਾਪਦਾ ਹੈ ਕਿ ਕੋਈ ਇਕ ਦੀਦਾਰ- ਪ੍ਰੇਮਣ ਮਾਨੋ ਦੀਦਾਰ- ਲਗਨ ਵਿਚ ਨਰਗਸ ਦਾ ਫੁਲ ਬਣ ਗਈ ਹੈ"[70] ਇੱਥੇ ਨਰਗਸ ਦੇ ਨਾਟਕੀ- ਏਕਾਲਾਪ ਰਾਹੀਂ ਭਾਈ ਸਾਹਿਬ ਨੇ ਵੇਦਨਾ ਨੂੰ ਇਕ ਜੀਵਨ ਦਰਸ਼ਨ ਦੇ ਰੂਪ ਵਿਚ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਨਰਗਸ ਦਾ ਰੁਦਨ ਅਤੇ ਆਤਮ- ਸਮਰਪਣ ਹੀ ਭਾਈ ਸਾਹਿਬ ਦੀ ਆਂਤਰਿਕ ਵੇਦਨਾ ਅਤੇ ਪੀੜਾ ਨੂੰ ਸਾਕਾਰ ਕਰਦਾ ਹੈ। ਨਰਗਸ ਨੂੰ ਸਿਮ੍ਰਤੀਆਂ ਤੇ ਕਰੁਣਾ ਵਿਚੋਂ ਵੀ ਅਨੰਦ ਪ੍ਰਾਪਤ ਹੁੰਦਾ ਹੈ। ਨਰਗਸ ਦੇ ਨੈਣਾਂ ਵਿਚ ਕਰੁਣਾ ਦੀਆਂ ਦੋ ਬੂੰਦਾਂ ਹੀ ਦਰਸ਼ਨ- ਪਿਆਸ ਦੀ ਲੋਚਨਾ ਨੂੰ ਸਪਸ਼ਟ ਕਰਨ ਦੀ ਸ਼ਕਤੀ ਰਖਦੀਆਂ ਹਨ। ਇਹ ਵੇਦਨਾ ਅਨੁਭੂਤੀ ਹੀ ਭਾਈ ਸਾਹਿਬ ਦੀ ਕਵਿਤਾ ਦਾ ਸ੍ਰੋਤ ਹੈ।

ਇੱਥੇ ਭਾਈ ਸਾਹਿਬ ਦੀਆਂ ਰਹੱਸਵਾਦੀ ਪ੍ਰਵਿਰਤੀਆਂ ਦੇ ਕਾਰਨ ਵੇਦਨਾ ਅਲੌਕਿਕ ਰੂਪ ਧਾਰਨ ਕਰ ਲੈਂਦੀ ਹੈ। ਇਸੇ ਕਰਕੇ ਕਈ ਥਾਂ ਗੁਹਜ ਗੁੱਥੇ ਜੀਵਨ ਮਰਮ ਨੂੰ ਵੀ ਉਜਾਗਰ ਕਰ ਜਾਂਦੀ ਹੈ:

ਪੀਲੀ ਅੱਖ ਕਟੋਰੀ ਦੇ ਵਾਂਗ ਕੀਤੀ
'ਦਰਸ਼ਨ- ਪਯਾਸ' ਹੈ ਅੱਜ ਤਕ ਰੱਜ ਪੀਤੀ।
'ਦਰਸ਼ਨ- ਪਯਾਸ' ਹੈ ਮੈਂਡੜੀ ਵੰਡ ਆਈ
ਕਾਸਾ ਅੱਖ ਦਾ ਸਦਾ ਤੋਂ ਅੱਡਿਆ ਈ।[71]

ਟੈਗੋਰ ਵੀ ਇਸੇ ਦਰਸ਼ਨ- ਪਿਆਸ ਦੀ ਸਿੱਕ ਵਿਚ ਮੁਗਧ ਹੋ ਕੇ ਗਾਂਦੇ ਹਨ ਕਿ ਵਿਸ਼ਵ- ਖੇਡ ਵਿਚ ਵਿਚਰਦਿਆਂ ਉਨ੍ਹਾਂ ਨੂੰ ਜੀਵਨ ਵਿਚ ਰੱਖੀ ਪ੍ਰੇਮ ਦੀ ਬਖਸ਼ਿਸ਼ ਕਾਰਨ ਨੈਣਾਂ ਰਾਹੀਂ ਪ੍ਰਭੂ- ਦਰਸ਼ਨ ਤੇ ਕੰਨਾਂ

---

70. ਲਹਿਰਾਂ ਦੇ ਹਾਰ ਪੰਨਾ 97
71. ਉਹੀ, ਪੰਨਾ 101

ਰਾਹੀਂ ਪ੍ਰਭੂ- ਗੀਤ ਸੁਣਨ ਦਾ ਅਵਸਰ ਪ੍ਰਾਪਤ ਹੋਇਆ ਹੈ।[72]

ਇਸ ਕਵਿਤਾ ਦੀ ਰਚਨਾ ਵਿਚ ਬੈਂਤ ਛੰਦ ਦੀ ਵਰਤੋਂ ਕੀਤੀ ਗਈ ਹੈ। ਕਈ ਥਾਂ ਬਿਆਨ ਸਾਧਾਰਣ ਹੈ, ਪਰ ਕਈ ਥਾਵਾਂ ਤੇ ਬਿਆਨ ਬੜਾ ਭਰਵਾਂ ਤੇ ਕਲਾਮਈ ਹੋ ਗਇਆ ਹੈ। ਇਸ ਕਵਿਤਾ ਰਾਹੀਂ ਭਾਈ ਸਾਹਿਬ ਦਾ ਪ੍ਰਕ੍ਰਿਤੀ ਦੇ ਕਿਸੇ ਰੂਪ ਵਿਚ ਬ੍ਰਿਤੀ ਨੂੰ ਕੇਂਦ੍ਰਿਤ ਕਰਕੇ ਭਰਵਾਂ ਚਿੱਤ੍ਰ ਖਿੱਚ ਲੈਣ ਦੀ ਸ਼ਕਤੀ ਵੱਲ ਸੰਕੇਤ ਵੀ ਮਿਲਦਾ ਹੈ। ਇਸ ਕਵਿਤਾ ਵਿਚ ਵੇਦਨਾ ਤੇ ਕਰੁਣਾ ਦਾ ਛੋਹਿਆ ਹੋਇਆ ਸਵਰ ਕਾਵਿ ਦੀ ਰਸਦਾਇਕਤਾ ਦਾ ਇਕ ਵਿਸ਼ੇਸ਼ ਕਾਰਨ ਬਣਿਆ ਹੈ।

ਫ਼ਰਾਮੁਰਜ਼ ਦੀ ਵਿਲਕਣੀ –

'ਫ਼ਰਾਮੁਰਜ਼ ਦੀ ਵਿਲਕਣੀ' ਪਹਿਲੀ ਵੇਰਾਂ 'ਮਟਕ ਹੁਲਾਰੇ' ਵਿਚ 1925 ਈ. ਵਿਚ ਪ੍ਰਕਾਸ਼ਿਤ ਹੋਈ ਸੀ। 'ਫ਼ਰਾਮੁਰਜ਼ ਤੇ ਲਾਲਾ-ਰੁਖ' ਦੀ ਪ੍ਰੀਤ ਕਥਾ ਨੂੰ ਅੰਗ੍ਰੇਜ਼ੀ ਵਿਚ ਪਹਿਲਾਂ ਸਰ ਟਾਮਸ ਮੂਰ ਨੇ ਕਾਵਿ- ਬੰਧ ਕੀਤਾ ਸੀ।[73] ਪੰਜਾਬੀ ਵਿਚ ਭਾਈ ਸਾਹਿਬ ਨੇ ਇਸ ਪ੍ਰੇਮ- ਜੋੜੇ ਦੀ ਕਥਾ ਨੂੰ ਅਭਿਵਿਅਕਤ ਕੀਤਾ ਹੈ। ਕਵੀ ਮੂਰ ਨੇ ਦੱਸਿਆ ਸੀ ਕਿ ਬੁਖਾਰੇ ਦੇ ਸ਼ਹਜ਼ਾਦੇ ਦਾ ਭਾਰਤ ਦੀ ਸ਼ਹਜ਼ਾਦੀ ਲਾਲਾ ਰੁਖ ਨਾਲ ਕਸ਼ਮੀਰ ਵਿਚ ਵਿਆਹ ਹੋਣਾ ਸੀ। ਸ਼ਹਜ਼ਾਦੇ ਦੀ ਇੱਛਾ ਸੀ ਕਿ ਕਿਵੇਂ ਲਾਲਾਰੁਖ ਉਸ ਦੇ ਪ੍ਰੇਮ ਵਿਚ ਰੰਗੀ ਜਾਵੇ। ਸ਼ਹਜ਼ਾਦੀ ਦੇ ਕਸ਼ਮੀਰ ਸਫ਼ਰ ਵਿਚ ਨੌਕਰਾਂ ਚਾਕਰਾਂ ਨਾਲ ਸ਼ਹਜ਼ਾਦਾ ਵੀ ਇਕ ਗਵੱਈਏ ਦੇ ਭੇਸ ਵਿਚ ਆਪਣੇ ਰਾਗ, ਕਾਵਿ ਪ੍ਰੇਮ ਅਤੇ ਉਚੀ ਸੁੰਦਰਤਾ ਦੇ ਗੁਣਾਂ ਕਰਕੇ ਸ਼ਹਜ਼ਾਦੀ ਦੇ ਪ੍ਰੇਮ ਨੂੰ ਜਿੱਤ ਲੈਂਦਾ ਹੈ। ਸ਼ਹਜ਼ਾਦੀ ਨੂੰ ਗਵੱਈਏ ਦਾ ਹੀ ਫ਼ਰਾਮੁਰਜ਼ ਹੋਣ ਦਾ ਕੋਈ ਪਤਾ ਨਹੀਂ। ਉਹ ਦੁਵਿਰਤੀ ਵਿਚ ਫਸ ਜਾਂਦੀ ਹੈ ਕਿਉਂਕਿ ਉਹ ਜਾਣਦੀ ਹੈ ਕਿ ਉਸ ਦਾ ਮੰਗੇਤਰ ਬੁਖਾਰੇ ਦਾ ਸ਼ਹਜ਼ਾਦਾ ਹੈ, ਪਰ ਉਸ ਦਾ ਪ੍ਰੇਮ ਉਸ ਗਵੱਈਏ ਨਾਲ ਹੋ ਗਇਆ ਹੈ। ਕਸ਼ਮੀਰ ਪੁੱਜ ਕੇ ਵਿਆਹ ਦੇ ਦਰਬਾਰ ਵਿਚ ਸ਼ਹਜ਼ਾਦੀ ਨੂੰ ਪਤਾ ਲਗਦਾ ਹੈ ਕਿ ਉਸ ਦਾ ਮਨ ਹਰ ਲੈਣ ਵਾਲਾ ਗਵੱਈਆ ਫ਼ਰਾਮੁਰਜ਼ ਹੀ ਉਸ ਦਾ ਅਸਲੀ ਪਤੀ ਪ੍ਰੀਤਮ ਹੈ। ਕਵੀ ਮੂਰ ਨੇ ਇੱਥੋਂ ਤਕ ਹੀ ਇਸ ਕਥਾ ਨੂੰ ਉਲੀਕਿਆ ਸੀ, ਪਰ ਭਾਈ ਸਾਹਿਬ ਨੇ ਇਸ ਤੋਂ ਬਾਅਦ ਦੇ ਕਥਾ- ਖੰਡ ਨੂੰ ਛੋਹਿਆ ਹੈ। ਭਾਈ ਸਾਹਿਬ ਦੀ ਬਿਆਨ ਕੀਤੀ ਕਥਾ ਵਿਚ ਲਾਲਾ ਰੁਖ ਦੀ ਸੁੰਦਰਤਾ ਤੇ ਸ਼ੈਦਾ ਹੋਇਆ ਫ਼ਰਾਮੁਰਜ਼ ਵਿਆਹ ਦੀ ਪਹਿਲੀ ਰਾਤ ਦੀ ਸੁੱਖ ਨੀਂਦਰ ਵਿਚ ਇਕ ਸੁਫ਼ਨਾ ਵੇਖਦਾ ਹੈ, ਜਿਸ ਵਿਚ ਉਸ ਨੂੰ ਜੰਨਤ ਦੇ ਦਰਸ਼ਨ ਹੁੰਦੇ ਹਨ ਅਤੇ ਨਾਲ ਹੀ ਉਸ ਨੂੰ ਨੇੜੇ ਆਉਂਦੀ ਮੌਤ ਦਾ ਝਾਵਲਾ ਪੈਂਦਾ ਹੈ। ਇਸ ਸੁਫ਼ਨੇ ਵਿਚ ਆਉਂਦੀ ਮੌਤ ਤੋਂ ਬਚਣ ਲਈ ਰੱਬੀ ਦਰਗਾਹ ਵਿਚ ਜੀਵਨ ਲਈ ਇਕ ਆਰਜ਼ੂ ਵਿਲਕ ਕੇ ਕਰਦਾ ਹੈ।[74]

---

72 " I have had my invitations to this world's festival, and thus my life has been blessed. My eyes have seen and my ears have heard". ( Tagore- Gitanjali )

73 " He (Thomas Moore) is chiefly remembered, however, for Lala Rookh (1817) written during the vogue for Oriental verse romances, which achieved great (contd.)

ਭਾਈ ਸਾਹਿਬ ਨੇ ਇਸ ਕਵਿਤਾ ਦੇ ਸਿਰਲੇਖ ਹੇਠ ਲਿਖਿਆ ਹੈ, " ਫ਼ੁਰਾਮੁਰਜ਼ ਦੀ ਵਿਲਕਣੀ- ਸ਼ਾਲਾਮਾਰ ਦੀ ਬਾਰਾਂਦਰੀ ਵਿਚ ਸਵੇਰੇ ਸੁਫ਼ਨੇ ਤੋਂ ਉਠ ਕੇ"।[75] ਇਸ ਤੋਂ ਬਾਅਦ 122 ਪੰਕਤੀਆਂ ਦੀ ਇਸ ਕਵਿਤਾ ਵਿਚ ਮੁੱਢਲੀਆਂ 17 ਪੰਕਤੀਆਂ ਵਿਚ ਪ੍ਰਕ੍ਰਿਤੀ ਨਾਲ ਸ਼ਿੰਗਾਰੀ ਸੁੰਦਰ ਬਾਰਾਂਦਰੀ ਦਾ ਵਰਣਨ ਹੈ, ਜਿਸ ਵਿਚ ਫ਼ੁਰਾਮੁਰਜ਼ ਸੁੱਤਾ ਪਇਆ ਹੈ ਅਤੇ ਅਗਲੀਆਂ 105 ਪੰਕਤੀਆਂ ਵਿਚ ਫ਼ੁਰਾਮੁਰਜ਼ ਦੀ ਆਪਣੀ ਪ੍ਰੇਮਿਕਾ ਲਾਲਾ ਰੁਖ ਲਈ ਪਿਆਰ ਵਿਲਕਣੀ ਹੈ। ਫ਼ੁਰਾਮੁਰਜ਼ ਦਾ ਦਿਲ ਲਾਲਾ ਰੁਖ ਦੀ ਸੁੰਦਰਤਾ ਨੇ ਹਰ ਤੇ ਲਇਆ ਹੈ, ਪਰ ਇਸ ਨਾਲ ਉਸ ਦਾ ਦਿਲ ਹੋਰ ਉਚਾ ਤੇ ਰੋਸ਼ਨ ਹੋ ਜਾਂਦਾ ਹੈ। ਸੱਚੇ ਪ੍ਰੇਮ ਨਾਲ ਉਸ ਦਾ ਆਸਤਕ ਭਾਵ ਹੋਰ ਜ਼ੋਰ ਪਕੜਦਾ ਹੈ। ਉਹ ਲਾਲਾ-ਰੁਖ ਦੀ ਸੁੰਦਰਤਾ ਰਾਹੀਂ ਇਲਾਹੀ ਸੁੰਦਰਤਾ ਦਾ ਜਲਵਾ ਵੇਖਣਾ ਲੋਚਦਾ ਹੈ। ਉਸ ਦੀ ਨਜ਼ਰ ਵਿਚ ਲਾਲਾਰੁਖ ਦੇ ਸਾਮ੍ਹਣੇ ਜੰਨਤ ਦੀਆਂ ਹੂਰਾਂ ਤੇ ਉਥੇ ਦੇ ਸਾਰੇ ਸੁੱਖ ਮਾਤ ਹਨ।

ਇਸ ਕਵਿਤਾ ਵਿਚ ਭਾਈ ਸਾਹਿਬ ਨੇ ਹਰ ਸੁੰਦਰਤਾ ਤੇ ਹਰ ਪਿਆਰ ਵਿਚੋਂ ਪ੍ਰਭੂ ਦੀ ਲੁਕੀ ਛੁਹ ਨੂੰ ਮਾਣਨ ਦਾ ਢੰਗ ਦੱਸਿਆ ਹੈ। ਇੱਥੇ ਦਿਸਦੀ ਸੁੰਦਰਤਾ ਦੇ ਪ੍ਰਕਾਸ਼ ਤੋਂ ਇਸ ਦੇ ਕਾਰਨ ਅਬਿਨਾਸ਼ੀ ਸੁੰਦਰ ਵੱਲ ਜਾਣ ਦੀ ਪ੍ਰੇਰਨਾ ਦਿੱਤੀ ਹੈ। ਫ਼ੁਰਾਮੁਰਜ਼ ਦੀ ਲੋਚਾ ਹਰ ਜੀਂਦੇ ਜਾਗਦੇ ਮਨੁੱਖ ਦੀ ਲੋਚਾ ਹੈ, ਪਰ ਇਸ ਵਿਚ ਕੁਝ ਜਾਗ੍ਰਤੀ ਵੀ ਹੈ। ਮਾਨਵ ਵਿਚ ਜੀਣ ਦੀ ਲੋਚਾ ਹੈ। ਕਸ਼ਮੀਰ ਵਰਗੇ ਜੰਨਤ ਤੇ ਲਾਲਾ ਰੁਖ ਵਰਗੀ ਸੁੰਦਰੀ ਦੇ ਪ੍ਰੇਮ ਨੂੰ ਪ੍ਰਾਪਤ ਕਰਕੇ ਫ਼ੁਰਾਮੁਰਜ਼ ਦਾ ਆਉਂਦੀ ਮੌਤ ਨੂੰ ਵੇਖ ਕੇ ਜੀਵਨ ਲਈ ਵਿਲ੍ਹਕਣਾ ਸੁਭਾਵਿਕ ਹੈ। ਪਰ ਉਸ ਦੀ ਇਹ ਵਿਲਕਣੀ ਦੁਨਿਆਵੀ ਵਿਲਕਣੀ ਹੀ ਨਹੀਂ ਰਹਿੰਦੀ, ਇਸ ਰਾਹੀਂ ਪ੍ਰਭੂ ਦੇ ਸਰਵਨਾਮਾਂ, ਗੁਣਾਂ ਤੇ ਭਿੰਨ ਭਿੰਨ ਵਿਸ਼ਵਾਸਾਂ, ਪ੍ਰਭੂ ਦੀ ਸਰਬ- ਵਿਆਪਕਤਾ, ਦੁਨਿਆਵੀ ਪ੍ਰੀਤ ਤੇ ਮਾਨਵ ਦੀ ਅਦ੍ਰਿੱਖ ਪ੍ਰਭੂ ਪ੍ਰਤਿ ਲਾਲਸਾ ਵੀ ਪ੍ਰਗਟ ਹੋ ਜਾਂਦੀ ਹੈ।

ਭਾਈ ਸਾਹਿਬ ਨੇ ਇਸ ਕਵਿਤਾ ਵਿਚ ਦਰਸ਼ਨ ਨੂੰ ਭਾਵਮਈ ਪੁੱਠ ਚਾੜ੍ਹ ਕੇ ਫ਼ੁਰਾਮੁਰਜ਼ ਦੇ ਆਤਮ- ਸੰਲਾਪ ਰਾਹੀਂ ਉਲੀਕਿਆ ਹੈ। ਇਸ ਕਵਿਤਾ ਵਿਚਲੀ ਕਲਾ ਸੂਖਮ ਤੇ ਹੁਨਰੀ ਗੁਣਾਂ ਕਰਕੇ ਕਾਫ਼ੀ ਉਚੀ ਕਹੀ ਜਾ ਸਕਦੀ ਹੈ। ਇੱਥੇ ਸਿੱਧਾ ਉਪਦੇਸ਼ ਨਹੀਂ, ਵਿਚਾਰ ਜਜ਼ਬਿਆਂ ਵਿਚ ਰੰਗੇ ਮਿਲਦੇ ਹਨ। ਇਸ ਕਵਿਤਾ ਵਿਚ ਸਿਰਖੰਡੀ ਛੰਦ ਦੀ ਵਰਤੋਂ ਕਾਰਨ ਜਜ਼ਬੇ ਖੁਲ੍ਹੇ ਪ੍ਰਵਾਜ਼ ਲੈ ਸਕੇ ਹਨ। ਸਹੀ ਅਰਥਾਂ ਵਿਚ ਇਹ ਇਕ ਸੰਖਿਪਤ ਜਹੀ ਭਾਵ- ਕਥਾ ਹੈ, ਜਿਸ ਦੀ ਰਚਨਾ ਵਸਤੂ- ਵਿਅੰਜਨਾ ਨੂੰ ਗੌਣ ਬਣਾ ਕੇ ਕੀਤੀ ਗਈ ਹੈ।

ਕੰਤ ਮਹੇਲੀ -

'ਕੰਤ ਮਹੇਲੀ' ਦਾ ਬਾਰਾਂਮਾਹ ਪੋਥੀ ਰੂਪ ਵਿਚ 1952 ਈ. ਵਿਚ ਪ੍ਰਕਾਸ਼ਿਤ ਹੋਇਆ ਸੀ। ਬਾਰਾਂਮਾਹ ਇਕ ਲੋਕ- ਕਾਵਿ ਰੂਪ ਵਿਚ ਮਰੋੜੀ ਰਚਨਾ ਹੈ, ਜਿਸ ਵਿਚ ਬੌਧਿਕਤਾ ਨਾਲੋਂ ਭਾਵੁਕਤਾ

---

European success."
( The Norton Anthology of English Literature, Vol.2, P. 495 )

74. ਪ੍ਰੋ. ਪੂਰਨ ਸਿੰਘ, ਮਟਕ ਹੁਲਾਰੇ, ਭੂਮਿਕਾ, ਪੰਨਾ 20

75. ਉਹੀ, ਪੰਨਾ 143.

ਜ਼ਿਆਦਾ ਹੁੰਦੀ ਹੈ। ਵਿਛੋੜੇ ਦੀ ਪੀੜ ਨਾਲ ਪ੍ਰਾਪਤ ਹੋਏ ਦੁੱਖ ਦਾ ਕਰੁਣਾਮਈ ਚਿੱਤ੍ਰ ਇਸ ਰਚਨਾ ਵਿਚ ਖੂਬ ਉਘੜਦਾ ਹੈ। ਗੁਰੂ ਨਾਨਕ ਸਾਹਿਬ ਦਾ ਬਾਰਾਮਾਹ ਤੁਖਾਰੀ ਤੇ ਗੁਰੂ ਅਰਜਨ ਦੇਵ ਜੀ ਦਾ ਮਾਝ ਰਾਗ ਦਾ ਬਾਰਾਮਾਹ ਪ੍ਰੇਮ-ਵਿਛੋੜੇ ਦੀ ਅਭਿਵਿਅਕਤੀ ਦੀਆਂ ਉੱਤਮ ਰਚਨਾਵਾਂ ਹਨ। ਸੂਫ਼ੀ ਕਵੀਆਂ ਨੇ ਵੀ ਬਾਰਾ-ਮਾਹ ਨੂੰ ਆਪਣੇ ਪ੍ਰਭੂ ਵਿਛੋੜੇ ਦੀ ਵੇਦਨਾ ਦੇ ਪ੍ਰਗਟਾਵੇ ਲਈ ਕਾਫ਼ੀ ਵਰਤਿਆ ਹੈ। ਭਾਈ ਸਾਹਿਬ ਦਾ ਇਹ ਬਾਰਾਮਾਹ ਇਕ ਪ੍ਰਕਾਰ ਬਿਰਹਣੀ ਦਾ ਨਾਟਕੀ-ਏਕਾਲਾਪ ਹੈ, ਜਿਸ ਰਾਹੀਂ ਉਨ੍ਹਾਂ ਨੇ ਆਪਣੇ ਪ੍ਰੇਮ-ਸਿੱਧਾਂਤ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ।

ਪ੍ਰੇਮ ਮਨੁੱਖੀ ਆਤਮਾ ਦੀ ਇਕ ਬੁਨਿਆਦੀ ਸੁਭਾਵਿਕ ਬ੍ਰਿਤੀ ਹੈ। ਪ੍ਰੇਮਿਕਾ ਪ੍ਰੇਮੀ ਤੋਂ ਵਿਛੜ ਕੇ ਕੁਰਲਾਂਦੀ ਹੈ। ਪ੍ਰਕ੍ਰਿਤੀ ਦੇ ਵਾਯੂਮੰਡਲ ਦੀ ਤਬਦੀਲੀ ਪ੍ਰੇਮੀ ਜਜ਼ਬੇ ਵਿਚ ਉਕਸਾਹਟ ਪੈਦਾ ਕਰਦੀ ਹੈ। ਇਹ ਕਵਿਤਾ ਭਾਈ ਸਾਹਿਬ ਦੀ ਇਕ ਪ੍ਰਕਾਰ ਨਾਲ ਆਤਮ-ਕਥਾ ਹੈ, ਜਿਸ ਨੂੰ ਹਰ ਪ੍ਰਭੂ-ਪ੍ਰੇਮੀ ਦਾ ਆਤਮਿਕ ਰੋਮਾਂਸ ਕਿਹਾ ਜਾ ਸਕਦਾ ਹੈ. ਇੱਥੇ ਭਾਈ ਸਾਹਿਬ ਨੇ ਆਪਣੇ ਆਪ ਨੂੰ ਇਕ ਪਤਨੀ ਦੇ ਰੂਪ ਵਿਚ ਉਲੀਕਿਆ ਹੈ ਜੋ ਪਤੀ ਰੂਪੀ ਪ੍ਰੇਮੀ ਦੇ ਵਿਛੋੜੇ ਵਿਚ ਵਿਲ੍ਹਕਦੀ ਹੈ। ਸਾਲ ਦੇ ਮਹੀਨੇ ਗੁਜ਼ਰਣ ਨਾਲ ਪ੍ਰੇਮ ਦੀ ਸਿੱਕ ਹੋਰ ਵਧਦੀ ਹੈ, ਪਰ ਸਾਰੇ ਵਿਛੋੜੇ ਦਾ ਅੰਤ ਸਿੱਕਾਂ ਸਿੱਕਦੇ ਪਤੀ ਰੂਪੀ ਪ੍ਰਭੂ ਦੇ ਮਿਲਾਪ ਨਾਲ ਹੈ। ਇੱਥੇ ਪ੍ਰੇਮ ਵਿਛੋੜੇ ਦੀ ਵਿਲ੍ਹਕਣੀ ਅੰਤ ਵਿਚ ਮਿਲਾਪ ਦੇ 'ਖਿੜ-ਸੋਹਾਗ' ਦੇ ਅਨੰਦ ਵਿਚ ਪਲਟ ਜਾਂਦੀ ਹੈ:

ਕੂਕ ਕੂਕ ਕੌਣ ਏ ਵੇਂਹਦਾ ? ਏਹ ਤਾਂ ਨੈਣ ਪਿਆਰੇ,
ਇਹ ਤਾਂ ਮਾਹੀ ਦੀਆਂ ਛਾਤਾਂ, ਛਾਤਾਂ ਮਾਹੀ ਦੀਆਂ ਪਈਆਂ !
ਆਹੋ ਆਹੋ ਨੀ ਸਹੀਓ ! ਆ ਗਿਆ ਮਾਹੀ ਨੀ ਮੇਰਾ !
ਤੇਰੇ ਬਾਝੋਂ ਮੈਂ ਮਾਹੀ ! ਮੈਂ ਤਾਂ ਮੈਂ ਹੀ ਨ ਰਹੀਆਂ।[76]

ਭਾਈ ਸਾਹਿਬ ਦੀ ਇਸ ਰਚਨਾ ਵਿਚ ਦਾਰਸ਼ਨਿਕਤਾ ਘਟ ਅਤੇ ਜਜ਼ਬਾ ਵਧ ਹੈ। ਇੱਥੇ ਰੁੱਤਾਂ ਦੀ ਤਬਦੀਲੀ ਨਾਲ ਇਸਤ੍ਰੀ ਮਨ ਦੇ ਭਾਵਾਂ ਦਾ ਵਰਣਨ ਬੜੇ ਸੂਖਮ ਢੰਗ ਨਾਲ ਕੀਤਾ ਗਇਆ ਹੈ। ਸਾਲ ਦੇ ਬਾਰਾਂ ਮਹੀਨੇ ਹੁੰਦੇ ਹਨ ਤੇ ਇੱਥੇ ਬਾਰਾਂ ਹੀ ਬੰਦਾਂ ਵਿਚ ਇਤਨੇ ਹੀ ਪ੍ਰਕ੍ਰਿਤੀ ਦੇ ਪੂਰਨ ਚਿੱਤ੍ਰ ਮਿਲਦੇ ਹਨ। ਇਸ ਕਵਿਤਾ ਵਿਚ ਤਾਲ, ਰਾਗ, ਛੰਦ ਤੇ ਤੁਕਾਂਤ ਨੇ ਵੀ ਮਿਠਾਸ ਦਾ ਪ੍ਰਭਾਵ ਪੈਦਾ ਕਰਨ ਵਿਚ ਸਹਾਇਤਾ ਕੀਤੀ ਹੈ। ਵੈਸੇ ਆਧੁਨਿਕ ਪੰਜਾਬੀ ਕਵਿਤਾ ਵਿਚ ਬਾਰਾਂ-ਮਾਹ ਘਟ ਹੀ ਲਿਖੇ ਗਏ ਹਨ। ਇਕ ਬਾਰਾਂ-ਮਾਹ ਅੰਮ੍ਰਿਤਾ ਪ੍ਰੀਤਮ ਦਾ 'ਕਿਕਰਾ ਵੇ ਕੰਡਿਆਲਿਆ' (ਸਰਘੀ ਵੇਲਾ) ਮਿਲਦਾ ਹੈ। ਪਰ ਉਸ ਵਿਚ ਬਿਰਹਾ ਦੇ ਰਵਾਇਤੀ ਰੁਦਨ ਨਾਲੋਂ ਨਵੇਂ ਤੇ ਇਨਕਲਾਬੀ ਖ਼ਿਆਲਾਂ ਨੂੰ ਵਰਣਨ ਕੀਤਾ ਗਇਆ ਹੈ।

## ਮਿੱਠੀਆਂ ਉਡੀਕਾਂ

'ਮਿੱਠੀਆਂ ਉਡੀਕਾਂ' ਅਸੰਗ੍ਰਹਿਤ ਕਵਿਤਾ ਖ਼ਾਲਸਾ ਸਮਾਚਾਰ ਦੇ ਦੋ ਅੰਕਾਂ 27-7-1961 ਅਤੇ 3-8-1961 ਵਿਚ ਪ੍ਰਕਾਸ਼ਿਤ ਮਿਲਦੀ ਹੈ।[77] ਇਸ ਸਾਰੀ ਕਵਿਤਾ ਵਿਚ ਭਾਈ ਸਾਹਿਬ ਨੇ ਪ੍ਰਭੂ ਮਿਲਾਪ

76. ਕੰਤ ਮਹੇਲੀ, ਪੰਨਾ 15

(ਚਲਦਾ)

ਦੀ ਉਡੀਕ ਨੂੰ ਬਿਆਨ ਕਰਦਿਆਂ ਦੱਸਿਆ ਹੈ ਕਿ ਪ੍ਰਭੂ ਮਿਲਾਪ ਦੀ ਉਡੀਕ ਵਿਚ ਵੀ ਇਕ ਰਸ ਹੈ।ਜਿਸ ਹਿਰਦੇ ਵਿਚ ਪ੍ਰਭੂ ਪ੍ਰੇਮ ਮਚਲਦਾ ਹੈ, ਉਥੇ ਪ੍ਰੇਮ ਵਿਚ ਉਡੀਕ ਮਿੱਠੀ ਮਿੱਠੀ ਗੁਦਗੁਦਾਈ ਪੈਦਾ ਕਰਦੀ ਹੈ:

ਮਿੱਠੀਆਂ ਮਿੱਠੀਆਂ ਉਡੀਕਾਂ
ਮਿੱਠੇ ਮਿੱਠੇ ਪਯਾਰੇ
ਤੁਮਾਡੇ ਆਗਮ ਦੀਆਂ
'ਤੁਸੀ ਆਵਰੋ!
ਪਯਾਰੀਆਂ ਪਯਾਰੀਆਂ ਤਾਂਘਾਂ
ਦਾਤਾ ਉਡੀਕਾਂ ਕਰ ਰਹੀ ਹਾਂ।[78]

ਇਸ ਵਿਚ ਭਾਈ ਸਾਹਿਬ ਹੋਰ ਸਪਸ਼ਟ ਕਰਦੇ ਹਨ ਕਿ ਪ੍ਰਭੂ ਪ੍ਰੇਮ ਵਿਚ ਉਡੀਕ 'ਤੁਣਕਿਆਂ ਵਾਲੀ ਰਸ ਮਿਸੀ' ਬਣ ਕੇ ਜੀਵਨ ਦੇ ਮਰਮ ਨੂੰ ਖੋਲ੍ਹਦੀ ਹੈ।

ਇਸ ਕਵਿਤਾ ਵਿਚ ਭਾਈ ਸਾਹਿਬ ਦੀ ਪ੍ਰਭੂ ਮਿਲਾਪ ਲਈ ਸਿੱਕ ਬੜੇ ਜਜ਼ਬਾਤੀ ਰੂਪ ਵਿਚ ਪ੍ਰਗਟ ਹੋਈ ਹੈ। ਸਾਰੀ ਕਵਿਤਾ ਮੁਕਤ ਛੰਦ ਵਿਚ ਹੋਣ ਕਰਕੇ ਇਕ ਪ੍ਰਵਾਹ ਵਿਚ ਵਗਦੀ ਪ੍ਰਤੀਤ ਹੁੰਦੀ ਹੈ।

<u>ਅਰਦਾਸ</u> –

'ਅਰਦਾਸ' ਅਸੰਗ੍ਰਹਿਤ ਕਵਿਤਾ ਖਾਲਸਾ ਸਮਾਚਾਰ ਦੇ ਪੰਜ ਅੰਕਾਂ– 24-8-1961, 31-8-1961,7-9-1961,14-9-1961 ਅਤੇ 21-9-1961 ਵਿਚ ਪ੍ਰਕਾਸ਼ਿਤ ਮਿਲਦੀ ਹੈ।[79] ਇਸ ਕਵਿਤਾ ਵਿਚ ਭਾਈ ਸਾਹਿਬ ਦਸਦੇ ਹਨ ਕਿ ਉਹ ਹਿਰਦਾ ਸੁਭਾਗ ਹੈ,ਜਿਸ ਵਿਚ ਪਰਮਾਤਮਾ ਦੀ ਯਾਦ ਹਮੇਸ਼ਾ ਸਮਾਈ ਰਹਿੰਦੀ ਹੈ। ਉਹ ਵੀ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰਦੇ ਹਨ ਕਿ ਕਾਸ਼ ਦਾਤਾ ਸਦਾ ਉਨ੍ਹਾਂ ਦੇ ਹਿਰਦੇ ਵਿਚ ਵੀ ਵਸਦਾ ਰਹੇ:

ਹੇ ਮੇਰੇ ਸਾਈਆਂ ਜੀਓ
ਮੇਰਾ ਚਿਤ ਨਿਤ ਕਰਦਾ
ਜੋ ਮੇਰੇ ਮਨ ਅੰਦਰ
ਸਦਾ ਤੁਸਾਂ ਦਾ ਸੁਖ ਆਸਨ
ਸਜਿਆ ਰਹੇ,–[80]

---

| | | | | |
|---|---|---|---|---|
| 77. | ਖਾਲਸਾ ਸਮਾਚਾਰ | 27-7-1961<br>3-8-1961 | ਜਿਲਦ 62 | ਅੰਕ ਨੰ: 37 ਤੇ 38 |
| 78. | ਉਹੀ | 3-8-1961 | ਉਹੀ | ਅੰਕ 37 |
| 79. | ਉਹੀ | 24-8-1961<br>31-8-1961<br>7-9-1961<br>14-9-1961<br>21-9-1961 | ਉਹੀ | ਅੰਕ,40,41,42,43 ਅਤੇ 44 |

(ਚਲਦਾ)

ਉਹ ਮੰਨਦੇ ਹਨ ਕਿ ਸਾਧਕ ਵਿਚ ਅਨੇਕ ਊਣਤਾਈਆਂ ਹੁੰਦੀਆਂ ਹਨ ਪਰ ਫਿਰ ਵੀ ਖਿਮਾ ਸਰੂਪ ਦਾਤਾਰ ਮੁਆਫ਼ੀ ਦਾ ਪੁੰਜ ਹੈ। ਇਸ ਲਈ ਸਾਧਕ ਹਿਰਦੇ ਵਿਚ ਸਾਈਆਂ ਜੀ ਦੇ ਪ੍ਰਵੇਸ਼ ਲਈ ਸਹਕਦਾ ਹੈ:

> ਸਾਈਂ ਦਾਤਾ ਜੀਓ
> ਉਪਰਾਮ ਨ ਹੋਵਿਓ
> ਮੇਰੀ ਅਰਦਾਸ ਸੁਣ ਲਵਿਓ
> ਮੇਰੇ ਮੰਨ ਅੰਦਰ ਦੀ
> ਆਪਣਾ ਸੁਖ ਆਸਣ ਬਣਾਈ
> ਰਖਿਓ।[81]

ਇਸ ਸਾਰੀ ਕਵਿਤਾ ਵਿਚ ਭਾਈ ਸਾਹਿਬ ਦੇ ਪ੍ਰਭੂ ਮਿਲਾਪ ਲਈ ਉਦਗਾਰ ਬੜੇ ਜਜ਼ਬੇ ਦੇ ਰੰਗ ਵਿਚ ਪ੍ਰਗਟ ਹੋਏ ਹਨ। ਇਸ ਸਾਰੀ ਕਵਿਤਾ ਵਿਚ ਮੁਕਤ ਛੰਦ ਨੂੰ ਬੜੀ ਸਫਲਤਾ ਸਹਿਤ ਨਿਭਾਇਆ ਗਇਆ ਹੈ।

**ਆਗਤ ਪਤਿਕਾ** –

'ਆਗਤ ਪਤਿਕਾ' ਭਾਈ ਸਾਹਿਬ ਦੀ ਅਸੰਗ੍ਰਹਿਤ ਕਵਿਤਾ ਡੇਹਰਾਦੂਨ ਵਿਖੇ 18-8-1950 ਨੂੰ ਸੰਪੂਰਣ ਹੋਈ ਸੀ, ਜੋ ਖਾਲਸਾ ਸਮਾਚਾਰ ਦੇ 2-3-1967,9-3-1967 ਅਤੇ 16-3-1967 ਦੇ ਤਿੰਨ ਅੰਕਾਂ ਵਿਚ ਪ੍ਰਕਾਸ਼ਿਤ ਹੋਈ ਮਿਲਦੀ ਹੈ। 'ਕੰਤ ਮਹੇਲੀ' ਵਿਚ ਜਿਥੇ ਵਿਛੋੜੇ ਦੇ ਦੁੱਖ ਦਾ ਗਾਇਨ ਮਿਲਦਾ ਹੈ, ਉਥੇ ਇਸ ਕਵਿਤਾ ਵਿਚ ਇਕ ਇਸਤ੍ਰੀ ਜਿਸ ਦਾ ਪਤੀ ਜੰਗ ਤੋਂ ਫ਼ਤਹ ਪਾ ਕੇ ਮੁੜਿਆ ਹੈ, ਦੇ ਹਿਰਦੇ ਦੀ ਖ਼ੁਸ਼ੀ ਨੂੰ ਅਭਿਵਿਅਕਤ ਕੀਤਾ ਗਇਆ ਹੈ। ਤੇਰਾਂ ਬੰਦਾਂ ਦੀ ਇਹ ਕਵਿਤਾ ਵੀ 'ਕੰਤ ਮਹੇਲੀ' ਦੀ ਤਰਜ਼ ਤੇ ਨਿਭਾਈ ਗਈ ਹੈ।

ਪੀਆ ਦੀ ਆਮਦ ਦੀ ਸੋਅ ਸੁਣ ਕੇ ਮੁਟਿਆਰ ਦਾ ਹਿਰਦਾ ਖ਼ੁਸ਼ੀ ਨਾਲ ਮਚਲਦਾ ਹੈ। ਉਸ ਨੂੰ ਖ਼ੁਸ਼ੀ ਵਿਚ ਕਾਂ ਤੇ ਹਵਾਵਾਂ ਵੀ ਉਸ ਦੇ ਪੀਆ ਦੀ ਆਮਦ ਦੀ ਖ਼ੁਸ਼ੀ ਦੀਆਂ ਵਧਾਈਆਂ ਦਿੰਦੀਆਂ ਹਨ। ਮਾਹੀ ਦੀ ਆਮਦ ਤੇ ਵਿਛੜੀ ਨਾਰ ਉਸ ਨੂੰ ਮਿਲ ਕੇ ਖ਼ੁਸ਼ੀ ਵਿਚ ਮੁਗਧ ਹੋ ਕੇ ਰੱਜ ਰੱਜ ਕੇ ਮਿਲਦੀ ਹੈ:

> ਸਚ ਮੁਚ ਆਇਆ ਨੀ ਮਾਹੀ ਮੇਰੇ ਵਿਹੜੇ ਆ ਵੜਿਆ
> ਆ ਗਧਾ ਮੇਰੇ ਦੁਆਰੇ ਠੰਢਾਂ ਰਜ ਰਜ ਪਈਆਂ।[83]

---

| | | | | |
|---|---|---|---|---|
| 80. | ਖਾਲਸਾ ਸਮਾਚਾਰ | 24-8-1961 | ਜਿਲਦ 62 | ਅੰਕ ਨੰ: 40 |
| 81. | ਉਹੀ | 21-9-1961 | ਉਹੀ | " 44 |
| 82 | ਉਹੀ | 2-3-1967<br>9-3-1967<br>16-3-1967 | ਜਿਲਦ 68 | " " 14,<br>" " 15,16 |
| 83. | ਉਹੀ | 2-3-1967 | ਜਿਲਦ 68 | ਅੰਕ ਨੰ:14 |

ਮਿਲਾਪ ਦੀ ਖੁਸ਼ੀ ਵਿਚ ਮੁਟਿਆਰ ਉਨ੍ਹਾਂ ਰਾਹਾਂ ਤੋਂ ਸਦਕੇ ਜਾਂਦੀ ਹੈ, ਜਿਨ੍ਹਾਂ ਤੋਂ ਉਸ ਦਾ ਮਾਹੀ ਤੁਰ ਕੇ ਆਇਆ ਹੈ। ਮਿਲਾਪ ਦੀ ਇਸ ਘੜੀ ਨੂੰ ਪ੍ਰਾਪਤ ਕਰਕੇ ਮੁਟਿਆਰ ਕੰਤ ਨੂੰ ਹਮੇਸ਼ਾ ਆਪਣੇ ਪਾਸ ਰਹਣ ਲਈ ਅਰਜੋਈ ਕਰਦੀ ਹੈ।

ਇਸ ਤਰ੍ਹਾਂ ਪੀਆ ਮਿਲਾਪ ਦੇ ਸੰਕੇਤ ਰਾਹੀਂ ਭਾਈ ਸਾਹਿਬ ਨੇ ਸਿੱਕਦੀ ਆਤਮਾ ਦੇ ਪਰਮਾਤਮਾ ਰੂਪੀ ਪੀਆ ਨਾਲ ਮੇਲ ਨੂੰ ਬਿਆਨ ਕੀਤਾ ਹੈ। ਆਤਮਾ ਨੂੰ ਪ੍ਰਭੂ ਮਿਲਾਪ ਦੀ ਉਹੀ ਖੁਸ਼ੀ ਹੁੰਦੀ ਹੈ ਜੋ ਇਕ ਮੁਟਿਆਰ ਚਿਰਾਂ ਬਾਅਦ ਪੀਆ ਨੂੰ ਪ੍ਰਾਪਤ ਕਰਕੇ ਕਰਦੀ ਹੈ।

ਇਸ ਕਵਿਤਾ ਵਿਚ ਸਰੋਦੀ ਹੂਕ ਬੜੀ ਤੀਖਣ ਹੈ। ਮੁਟਿਆਰ ਦੀ ਖੁਸ਼ੀ ਵਿਚ ਸਾਰਾ ਵਾਯੂਮੰਡਲ ਖੇੜੇ ਭਰਪੂਰ ਬਣ ਜਾਂਦਾ ਹੈ। ਇਥੇ ਪ੍ਰਕ੍ਰਿਤੀ ਵੀ ਉਸ ਦੀਆਂ ਖੁਸ਼ੀਆਂ ਵਿਚ ਸ਼ਰੀਕ ਹੁੰਦੀ ਹੈ।

ਜੀਭ ਲਗ ਗਈ ਏ ਵਾ ਨੂੰ ਪਈ ਗਾਂਦੀ ਏ 'ਆਇਆ',
'ਆਇਆ ਤੇਰਾ ਨੀ ਸ਼ਹੁ ਵੇ ! ਤੈਨੂੰ ਦੇਵਾਂ ਵਧਾਈਆਂ।'

ਇਸ ਕਵਿਤਾ ਤੋਂ ਇਹ ਵੀ ਪ੍ਰਗਟ ਹੁੰਦਾ ਹੈ ਕਿ ਭਾਈ ਸਾਹਿਬ ਜਿਥੇ ਕਲਾਮਈ ਢੰਗ ਨਾਲ ਵਿਜੋਗ ਦਾ ਬਿਆਨ ਕਰ ਸਕਦੇ ਹਨ, ਉਥੇ ਸੰਜੋਗ ਦੇ ਬਿਆਨ ਵਿਚ ਵੀ ਉਨ੍ਹਾਂ ਦੀ ਕਲਾ ਨਿਖਰ ਸਕਦੀ ਹੈ।

<u>ਢੋਲਣ ਆਇਆ</u> –

'ਢੋਲਣ ਆਇਆ' ਅਸੰਗ੍ਰਹਿਤ ਕਵਿਤਾ ਖਾਲਸਾ ਸਮਾਚਾਰ ਦੇ ਚਾਰ ਅੰਕਾਂ– 30-3-1967, 6-4-1967, 20-4-1967 ਤੇ 27-4-1967 ਵਿਚ ਪ੍ਰਕਾਸ਼ਿਤ ਮਿਲਦੀ ਹੈ[84]। ਇਸ ਕਵਿਤਾ ਵਿਚ ਭਾਈ ਸਾਹਿਬ ਨੇ ਢੋਲਣ ਰੂਪੀ ਪ੍ਰਭੂ ਦੀ ਆਮਦ ਨੂੰ ਗਾਇਆ ਹੈ ਜੋ ਆਤਮਾ ਰੂਪੀ ਜਗਿਆਸੂ ਮੁਟਿਆਰ ਨੂੰ ਚਾਈਂ ਚਾਈਂ ਮਿਲਦਾ ਹੈ। ਇਥੇ ਪ੍ਰਭੂ ਦੀਆਂ ਵਿਸ਼ੇਸ਼ਤਾਈਆਂ ਦਾ ਉਲੇਖ ਵੀ ਕੀਤਾ ਹੈ। ਢੋਲਨ ਰੂਪੀ ਪ੍ਰਭੂ ਦਾ ਵਰਨਨ ਨਿਰਾਲਾ ਹੈ ਜੋ ਆਪ ਛਿਪ ਕੇ ਦਰਸ ਦਿਖਾਂਦਾ ਹੈ ਅਤੇ ਆਪਣੇ ਪਿਆਰ ਦੇ ਤੁਣਕੇ ਮਾਰਦਾ ਹੈ। ਢੋਲਣ ਰੂਪੀ ਪ੍ਰਭੂ 'ਸਦ- ਵੈਰਾਗੀ' ਹੈ ਜੋ ਕਿਸੇ ਨਾਲ ਪ੍ਰੀਤ ਨਾ ਰਖਦਾ ਹੋਇਆ ਵੀ ਸਭ ਨੂੰ ਪਿਆਰ ਕਰਦਾ ਹੈ। ਇਕ ਇਕ ਨੂੰ ਪਿਆਰ ਕਰਕੇ ਵੀ ਉਹ ਸਭ ਤੋਂ ਛੁਪ ਕੇ ਰਹਿੰਦਾ ਹੈ।

ਢੋਲਣ ਮੇਰਾ ਸਦ ਵੈਰਾਗੀ, ਪ੍ਰੀਤ ਨ ਉਸ ਦੀ ਕਿਧਰੇ ਲਾਗੀ
ਫਿਰ ਸਭਨਾਂ ਦਾ ਪ੍ਰੇਮੀ ਢੋਲਾ, ਨਾਲੇ ਭੀਖਾ ਨਾਲੇ ਹੌਲਾ।

* * * * *

ਚੀ
ਇਕ ਇਕ ਦਾ ਸਾਰਾ ਬਣ ਜਾਂਦਾ, ਫਿਰ ਸਭਨਾਂ ਤੋਂ ਛੁਪ ਛੀ ਜਾਂਦਾ
ਇਸ ਢੋਲਣ ਦੀ ਸਮਝ ਨ ਆਵੇ, ਪਰ ਉਸ ਬਿਨ ਛਿਨ ਰਿਹਾ ਨ ਜਾਵੇ।

ਇਸ ਕਵਿਤਾ ਵਿਚ ਭਾਈ ਸਾਹਿਬ ਦੀ ਵੈਰਾਗ ਹੂਕ ਬੜੀ ਪ੍ਰਬਲ ਹੈ। ਸਾਰੀ ਕਵਿਤਾ ਮਿਲਾਪ ਦੀ ਸਥਿਤੀ ਦਾ ਉਦਗਾਰਮਈ ਬਿਆਨ ਹੋਣ ਕਰਕੇ ਬੜੇ ਭਾਵਮਈ ਰੰਗ ਵਿਚ ਨਿਖਰੀ ਹੈ। ਇਥੇ

---

84. ਖਾਲਸਾ ਸਮਾਚਾਰ 30-3-1967

(ਚਲਦਾ)

ਮੂਲ ਆਸ਼ਾ ਭਾਵੇਂ ਦਾਰਸ਼ਨਿਕ ਹੈ, ਪਰ ਇਸ ਦੀ ਅਭਿਵਿਅਕਤੀ ਜਜ਼ਬਾਤੀ ਹੋਣ ਕਰਕੇ ਬੜੇ ਸਰਲ ਤੇ ਸਾਦਾ ਰੂਪ ਵਿਚ ਹੋਈ ਹੈ।

## ਕੁਤਬ ਦੀ ਲਾਠ –

'ਕੁਤਬ ਦੀ ਲਾਠ' ਕਵਿਤਾ ਅਗਸਤ 1927 ਵਿਚ 'ਬਿਜਲੀਆਂ ਦੇ ਹਾਰ' ਵਿਚ ਸੰਗ੍ਰਹਿਤ ਹੋਈ ਸੀ।[85] ਇਸ ਕਵਿਤਾ ਵਿਚ ਭਾਈ ਸਾਹਿਬ ਨੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਭਾਰਤ ਦੀ ਧਰਤੀ ਤੇ ਸਥਾਪਤ ਹਰ ਵਸਤੂ ਭਾਰਤੀ ਹੈ। ਭਾਰਤ ਦੀ ਧਰਤੀ ਉਤੇ ਰਹਣ ਵਾਲਿਆਂ ਦਾ ਅਸਲ ਨਸਲ ਭਾਵੇਂ ਕੋਈ ਹੋਵੇ, ਪਰ ਮੂਲ ਰੂਪ ਵਿਚ ਉਹ ਭਾਰਤੀ ਹਨ। ਦੂਜਾ ਇਥੇ ਭਾਈ ਸਾਹਿਬ ਨੇ ਸੁੰਦਰਤਾ ਦੇ ਵਿਆਪਕ- ਮਤ ਵੱਲ ਦ੍ਰਿਸ਼ਟੀਪਾਤ ਕਰਦਿਆਂ ਦੱਸਿਆ ਹੈ ਕਿ ਕਲਾ ਦੀ ਸੁੰਦਰਤਾ ਨੂੰ ਜਾਤ-ਜਨਮ ਅਤੇ ਅਸਲ- ਨਸਲ ਦੇ ਵਿਤਕਰਿਆਂ ਤੋਂ ਉਤੇ ਰੱਖ ਕੇ ਸਮਝਣਾ ਚਾਹੀਦਾ ਹੈ:

ਹਿੰਦੁਸਤਾਨੀ ਅਜਬਾਂ ਅੰਦਰ ਤੂੰ ਮਿਨਾਰ ਲਾਸਾਨੀ
ਅਸਲ ਨਸਲ ਭਾਵੇਂ ਹੈ ਤੇਰੀ ਤੂੰ ਹੈਂ ਹਿੰਦੁਸਤਾਨੀ।
ਜਾਤ ਜਨਮ ਤੇ ਅਸਲ ਨਸਲ ਨੂੰ ਕੋਈ ਕਦੇ ਨ ਜਾਣੇ।
ਜਦ ਸੁੰਦਰਤਾ ਦਰਸ਼ਨ ਦੇਵੇ ਸਭ ਕੁਈ ਅਪਣੀ ਜਾਣੇ।[86]

ਇਸ ਕਵਿਤਾ ਦਾ ਸਾਮਿਅਕ ਉਦੇਸ਼ ਅੰਗ੍ਰੇਜ਼ਾਂ ਨਾਲ ਸੁਤੰਤ੍ਰਤਾ ਲਈ ਟੱਕਰ ਲੈਣ ਲਈ ਸਾਰੇ ਭਾਰਤ ਵਾਸੀਆਂ ਨੂੰ ਇਕੱਠੇ ਕਰਨਾ ਵੀ ਸੀ। ਭਾਈ ਸਾਹਿਬ ਦਸਦੇ ਹਨ ਕਿ ਹਿੰਦੂਆਂ ਦਾ ਨਾਤਾ ਆਰੀਆ ਸੰਸਕ੍ਰਿਤੀ ਨਾਲ ਤੇ ਮੁਸਲਮਾਨਾਂ ਦਾ ਸੈਮਟਿਕ ਨਸਲ ਨਾਲ ਹੈ, ਪਰ ਦੋ ਵਿਭਿੰਨ ਸੰਸਕ੍ਰਿਤੀਆਂ ਨਾਲ ਸੰਬੰਧ ਰੱਖਣ ਵਾਲਿਆਂ ਦਾ ਅੰਗ੍ਰੇਜ਼ ਨਾਲ ਸਾਂਝੀ ਟੱਕਰ ਲੈਣ ਲਈ ਸੰਸਕ੍ਰਿਤਕ ਵਖੇਵਿਆਂ ਨੂੰ ਭੁੱਲ ਕੇ ਰਾਸ਼ਟ੍ਰਵਾਦ ਦੇ ਨਾਅਰੇ ਹੇਠਾਂ ਇਕੱਠਾ ਹੋਣਾ ਜ਼ਰੂਰੀ ਹੈ। ਇਥੇ ਭਾਈ ਸਾਹਿਬ ਨੇ ਇਕ ਸਾਮਿਅਕ ਸਮੱਸਿਆ ਨੂੰ ਵਿਆਪਕ ਅਰਥਾਂ ਵਿਚ ਰੱਖ ਕੇ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਇਸ ਵਿਚਲੀ ਰਾਸ਼ਟ੍ਰਵਾਦ ਦੀ ਪ੍ਰੇਰਨਾ ਆਜ਼ਾਦੀ ਦੇ ਸੰਘਰਸ਼ ਸਮੇਂ ਵਿਸ਼ੇਸ਼ ਮਹੱਤਤਾ ਰੱਖਦੀ ਸੀ, ਪਰ ਇਸ ਦੀ ਮਹੱਤਤਾ ਹੁਣ ਵੀ ਘਟੀ ਨਹੀਂ। ਰਾਸ਼ਟ੍ਰਵਾਦ ਦੀ ਭਾਵਨਾ ਦੀ ਲੋੜ ਹਰ ਸੁਤੰਤ੍ਰ ਦੇਸ਼ ਲਈ ਹਰ ਸਮੇਂ ਰਹਿੰਦੀ ਹੈ।

ਇਹ ਕਵਿਤਾ ਭਾਈ ਸਾਹਿਬ ਦੀ ਕੁਤਬ ਦੀ ਲਾਠ ਨੂੰ ਸੰਬੋਧਿਤ ਇਕ-ਬਚਨੀ ਦੇ ਰੂਪ ਵਿਚ ਪੇਸ਼ ਹੁੰਦੀ ਹੈ। ਦਵੱਯਾ ਛੰਦ ਵਿਚ ਲਿਖੀ ਇਸ ਰਚਨਾ ਦਾ ਕੌਮੀ ਨਜ਼ਮਾਂ ਵਿਚ ਵਿਸ਼ੇਸ਼ ਸਥਾਨ ਹੈ। ਭਾਵੇਂ ਇਹ ਇਕ ਉਪਦੇਸ਼ਾਤਮਿਕ ਕਾਵਿ-ਕਿਰਤ ਹੈ, ਪਰ ਆਪਣੇ ਆਸ਼ੇ ਕਰਕੇ ਪੰਜਾਬੀ ਕਾਵਿ ਵਿਚ ਇਸ ਦਾ ਇਤਿਹਾਸਿਕ ਸਥਾਨ ਹੈ।

---

84 ਖਾਲਸਾ ਸਮਾਚਾਰ 6-4-1967, 20-4-1967, 27-4-1967 ਜਿਲਦ 68 ਅੰਕ 18-21

85. ਬਿਜਲੀਆਂ ਦੇ ਹਾਰ, ਪੰਨਾ 63-64

86. ਉਹੀ, ਪੰਨਾ - 64

## ਦੁਮੇਲ ਦੇ ਪਾਣੀਆਂ ਦੇ ਨਾਦ (ਕਸ਼ਮੀਰ ਦਾ ਇਤਿਹਾਸ)

'ਦੁਮੇਲ ਦੇ ਪਾਣੀਆਂ ਦੇ ਨਾਦ'(ਕਸ਼ਮੀਰ ਦਾ ਇਤਿਹਾਸ) ਅਸੰਗ੍ਰਹਿਤ ਕਵਿਤਾ ਖਾਲਸਾ ਸਮਾਚਾਰ ਵਿਚ 17-9-1964 ਨੂੰ ਛਪੀ ਸੀ।[87] ਇਸ ਕਵਿਤਾ ਵਿਚ ਭਾਈ ਸਾਹਿਬ ਨੇ ਦੁਮੇਲ ਨੂੰ ਸੰਬੋਧਨ ਕਰਦਿਆਂ ਦੱਸਿਆ ਹੈ ਕਿ ਕਸ਼ਮੀਰ ਵਿਚ ਦੁਮੇਲ ਦੇ ਪਾਣੀ ਦਾ ਨਾਦ ਸਦਾ ਇਕੋ ਧੁਨ ਵਿਚ ਆ ਰਿਹਾ ਹੈ, ਭਾਵੇਂ ਕਸ਼ਮੀਰ ਦੇ ਇਤਿਹਾਸ ਨੇ ਕਈ ਪਲਟੇ ਖਾਧੇ ਹਨ:

ਕਦੋਂ ਦਾ ਨਾਦ ਤੇਰੇ ਪਾਣੀਆਂ ਨੇ
ਇਸੇ ਧੁਨ ਵਿਚ ਦੁਮੇਲੇ ! ਛੇੜਿਆ ਹੈ,
ਦਿਨੇ ਰਾਤੀਂ ਇਹ ਇਕ ਗੀਤ ਗਾਵੇ
ਜਦੋਂ ਆਵੇ ਇਕ ਹੀ ਸੁਰ ਸੁਣਾਵੇ
ਇਹੋ ਸੁਰ ਨਾਦ ਸੀ ਤੇਰਾ ਸੁਣੀਂਦਾ
ਇਹੋ ਇਕ ਗੀਤ ਸੀ ਤੂੰ ਤਦ ਭੀ ਗਾਂਦਾ।[88]

ਭਾਈ ਸਾਹਿਬ ਇੰਝ ਪ੍ਰਗਟ ਕਰਦੇ ਹਨ ਕਿ ਕਸ਼ਮੀਰ ਵਿਚ ਜਦੋਂ ਰਾਮ ਚੰਦਰ ਜੀ ਦੇ ਚਰਣ ਪਏ ਸਨ, ਜਦੋਂ ਕੁਰਛੇਤਰ ਤੇ ਲੜਾਈ ਹੋ ਰਹੀ ਸੀ, ਜਦੋਂ ਟੈਕਸਿਲਾ ਦੇ ਰਾਜ ਅੰਭੀਕਾ ਦੇਸ਼-ਧ੍ਰੋਹੀ ਬਣ ਕੇ ਵੈਰੀ ਨਾਲ ਰਲਿਆ ਸੀ, ਜਦੋਂ ਚੰਦਰ ਗੁਪਤ ਨੇ ਯੂਨਾਨੀਆਂ ਨੂੰ ਬਾਹਰ ਕੱਢ ਕੇ ਆਪਣਾ ਰਾਜ ਸਥਾਪਤ ਕੀਤਾ ਸੀ, ਜਦੋਂ ਵਿਕ੍ਰਮ, ਹਰਸ਼, ਕੰਨਿਸ਼ਕ ਨੇ ਰਾਜ ਕਮਾਇਆ ਸੀ, ਜਦੋਂ ਮਹਮੂਦ ਨੇ ਦੇਸ਼ ਨੂੰ ਗੁਲਾਮ ਬਣਾ ਕੇ ਮੰਦਰ ਤੋੜੇ ਸਨ, ਜਦੋਂ ਗੁਰੂ ਨਾਨਕ ਤੇ ਗੁਰੂ ਹਰਿਗੋਬਿੰਦ ਜੀ ਨੇ ਕਸ਼ਮੀਰ ਦੀ ਧਰਤੀ ਤੇ ਚਰਣ ਪਾ ਕੇ ਇਸ ਨੂੰ ਨਿਵਾਜਿਆ ਸੀ, ਜਦੋਂ ਪਠਾਣਾਂ ਨੇ ਹੱਲੇ ਕੀਤੇ ਸਨ ਅਤੇ ਜਦੋਂ ਰਣਜੀਤ ਸਿੰਘ ਨੇ ਕਸ਼ਮੀਰ ਨੂੰ ਫਤਹ ਕਰਕੇ ਆਪਣੇ ਕਬਜ਼ੇ ਵਿਚ ਕੀਤਾ ਸੀ, ਉਦੋਂ ਵੀ ਦੁਮੇਲ ਦੇ ਪਾਣੀ ਦਾ ਨਾਦ ਧੁਨ ਵਾਂਗੂੰ ਆ ਰਿਹਾ ਸੀ।

ਭਾਈ ਸਾਹਿਬ ਇਵੇਂ ਸਪਸ਼ਟ ਕਰਦੇ ਹਨ ਕਿ ਇਤਿਹਾਸ ਵਿਚ ਪਲਟੇ ਆਉਂਦੇ ਰਹਿੰਦੇ ਹਨ, ਪਰ ਪ੍ਰਕ੍ਰਿਤੀ ਆਪਣੇ ਨਿਯਮ ਵਿਚ ਵਿਚਰਦੀ ਰਹਿੰਦੀ ਹੈ। ਇਸ ਦੇ ਨਾਲ ਹੀ ਇਸ ਕਵਿਤਾ ਵਿਚ ਭਾਈ ਸਾਹਿਬ ਦਾ ਦੇਸ਼ ਪ੍ਰੇਮ ਦਾ ਜਜ਼ਬਾ ਵੀ ਪ੍ਰਗਟ ਹੁੰਦਾ ਹੈ। ਪਠਾਣਾਂ ਦੇ ਕਸ਼ਮੀਰ ਵਾਸੀਆਂ ਤੇ ਕੀਤੇ ਜ਼ੁਲਮਾਂ ਦਾ ਉਲੇਖ ਕਰਦਿਆਂ ਉਹ ਕੁਰਲਾ ਉਠਦੇ ਹਨ:

ਪਠਾਣਾਂ ਫੇਰ ਸੀ ਕਸ਼ਮੀਰ ਦਬਾਈ।
ਸਭੀ ਅੱਖ ਦੇਸ਼ ਦੀ ਹੰਝੂ ਰੁਆਈ।

---

87. ਖਾਲਸਾ ਸਮਾਚਾਰ, 17-9-1964, ਜਿਲਦ 65, ਅੰਕ ਨੰ: 48

88. ਉਹੀ

ਗਿਰਾਵਨ ਮੰਦਰਾਂ ਬੁਤ ਤੋੜ ਸਿੱਟਣ।
ਧਰਮ ਹਾਰੇ ਨ ਜੋ ਵਿਚ ਜਲ ਦੇ ਸਿੱਟਣ।
ਕੀ ਛੋਟੀ ਜਾਣ ਦਰਦਾਂ ਨੇ ਛਿੜਾਈ।
ਤੂੰ ਆਪਣੀ ਧੁਨ ਤਦੋਂ ਇਹੋ ਸੀ ਲਾਈ।
ਕਸੀ ਜ਼ੁਲਮਾਂ ਨੇ ਕਹਿਰਾਂ ਨੇ ਮੁਕਾਈ
ਪ ਚੇਲੇ ਮਰਦ ਨੇ ਆ ਕੇ ਛੁਡਾਈ।[89]

ਇਸ ਕਵਿਤਾ ਵਿਚ ਇਤਿਹਾਸਿਕ ਵਰਣਨ ਵਧੇਰੇ ਹੈ, ਪਰ ਇਸ ਨੂੰ ਭਾਈ ਸਾਹਿਬ ਨੇ ਨਿੱਜੀ ਆਤਮ ਉਦਗਾਰਾਂ ਰਾਹੀਂ ਪ੍ਰਗਟ ਕੀਤਾ ਹੈ। 'ਦੁਮੇਲ ਦੇ ਪਾਣੀਆਂ' ਨੂੰ ਵੇਖ ਕੇ ਭਾਈ ਸਾਹਿਬ ਦੇ ਹਿਰਦੇ ਵਿਚ ਇਕ ਕਰੰਦਨ ਉਠਦਾ ਹੈ, ਜਿਸ ਨੂੰ ਉਹ ਨਾਟਕੀ ਏਕਾਲਾਪ ਦੇ ਰੂਪ ਵਿਚ ਪ੍ਰਗਟ ਕਰਦੇ ਹਨ।

## 3. ਵਰਨਾਤਮਿਕ- ਬਿਰਤਾਂਤਕ- ਸੰਵਾਦਾਤਮਿਕ ਗੁਣਾਂ ਵਾਲੀਆਂ ਮਿਸ਼ਰਤ ਕਵਿਤਾਵਾਂ —

ਭਾਈ ਸਾਹਿਬ ਦੀਆਂ ਲੰਮੇਰੀਆਂ ਕਵਿਤਾਵਾਂ ਦੀ ਤੀਜੀ ਸ਼੍ਰੇਣੀ ਵਰਣਨਾਤਮਿਕ-ਬਿਰਤਾਂਤਕ- ਸੰਵਾਦਾਤਮਿਕ ਕਵਿਤਾਵਾਂ ਦੀ ਹੈ, ਜਿਨ੍ਹਾਂ ਵਿਚ ਵਰਣਨ, ਬਿਰਤਾਂਤ ਤੇ ਸੰਵਾਦ ਮਿਸ਼ਰਤ ਰੂਪ ਵਿਚ ਮਿਲਦਾ ਹੈ। ਇਸ ਸ਼੍ਰੇਣੀ ਵਿਚ 'ਜੀਵਨ ਕੀ ਹੈ'?, 'ਅਰਸ਼ੀ ਯਾਰਾਂ ਦੇ ਵਿਛੋੜੇ', 'ਪਦਮ ਬ੍ਰਿਛ ਦੀ ਬਹਾਰ', 'ਬੇਲਾ ਭੁਆਨੀ', 'ਨਲੀ', 'ਨਿਸ਼ਾਤ ਤੇ ਨੂਰ ਜਹਾਂ', 'ਪ੍ਰੀਤ ਵੀਣਾ' ਅਤੇ 'ਸੌਦਾਗਰੀ ਬੀਸਾ' ਕਵਿਤਾਵਾਂ ਰੱਖੀਆਂ ਜਾ ਸਕਦੀਆਂ ਹਨ।

'ਜੀਵਨ ਕੀ ਹੈ'?

'ਜੀਵਨ ਕੀ ਹੈ?' ਕਵਿਤਾ ਪਹਿਲੀ ਵੇਰਾਂ 1921 ਈ. ਵਿਚ ਛਪੀ ਸੀ ਤੇ ਫਿਰ 'ਲਹਿਰਾਂ ਦੇ ਹਾਰ' ਵਿਚ ਮਾਰਚ 1928 ਵਿਚ ਸੰਗ੍ਰਹਿਤ ਹੋਈ ਸੀ।[90] ਇਸ ਕਵਿਤਾ ਦੇ ਸੰਬੰਧ ਵਿਚ ਭਾਈ ਸਾਹਿਬ ਲਿਖਦੇ ਹਨ, "ਜੀਵਨ ਕੀ ਹੈ"? (ਜ਼ਿੰਦਗੀ ਕਿਆ ਹੈ ?) ਇਕ ਸਵਾਲ ਹੈ, ਜੋ ਹਰ ਦਿਲ ਵਿਚ ਲਹਿਰਦਾ ਹੈ— ਕਿਤੇ ਐਵੇਂ, ਕਿਤੇ ਗੁਦਗੁਦੀ ਕਰਕੇ, ਕਿਤੇ ਰੰਗੀ ਤਰ੍ਹਾਂ ਹਿੱਲ ਕੇ, ਕਿਤੇ ਡੂੰਘੀ ਪਾ ਕੇ, ਕਿਤੇ ਘਾਉ ਲਾ ਕੇ ਛੱਡਦਾ ਹੈ। ਕਵਿਤਾ, ਦਰਸ਼ਨ (ਫ਼ਿਲਸਫ਼ਾ), ਧਰਮ ਦਾ ਸਾਹਿਤ ਇਸੇ ਪ੍ਰਸ਼ਨ ਲਾਏ ਘਾਵਾਂ ਦੇ ਇਲਾਜ ਮਾਨਤੇ ਹਨ - - - - - ਜੀਵਨ ਜੋ ਕੁਛ ਹੈ, ਪ੍ਰਸ਼ਨੋਤਰ ਦਾ ਮੁਥਾਜ ਨਹੀਂ, ਵਿਚਾਰ ਗੋਚਰਾ ਨਹੀਂ — - - - ਇਸ - - - ਕਵਿਤਾ 'ਜੀਵਨ ਕੀ ਹੈ' ਦੇ ਪ੍ਰਸ਼ਨ ਦੀ ਅੰਤਰ- ਆਤਮੇਂ ਇਕ ਰੌਣਕ ਇਸ

---

89. ਖਾਲਸਾ ਸਮਾਚਾਰ, 17-9-1964, ਜਿਲਦ 65 ਅੰਕ ਨੰ:48

90. ਲਹਿਰਾਂ ਦੇ ਹਾਰ, ਪੰਨਾ- 39

ਦੇ ਇਲਾਜ ਲਈ ਸਿਰ ਟਕਰਾਂਦੀ ਇਕ ਛੰਭ ਤੇ ਆ ਕੇ ਆਪਣੇ ਬਾਵਰੇਪਣ ਵਿਚ ਇਹੋ ਪ੍ਰਸ਼ਨ ਛੰਭ ਤੇ ਕਰਦੀ ਹੈ। ਛੰਭ ਤੋਂ 'ਫਿਰ ਆਵੀਂ' ਦੀ ਆਵਾਜ਼ ਉਸ ਨੂੰ ਸੁਣਾਈ ਦੇਂਦੀ ਜਾਪਦੀ ਹੈ। ਕੁਛ ਦਿਨਾਂ ਮਗਰੋਂ ਉਹ ਫੇਰ ਆਉਂਦੀ ਹੈ, ਛੰਭ ਵਿਚ ਕੰਵਲਾਂ ਦੇ ਪੱਤੇ ਆ ਜਾਂਦੇ ਹਨ, ਇਹ ਵੇਖ ਕੁਛ ਗੱਲਾਂ ਕਰਦੀ ਹੈ, ਪਰ 'ਫੇਰ ਆਵੀਂ' ਦੀ ਫੇਰ ਸੱਦ ਸੁਖਲਈ ਸੁਣਦੀ ਹੈ..... ਅੰਤ ਇਕ ਦਿਨ ਸਾਰਾ ਸਰੋਵਰ ਕੰਵਲ ਫੁੱਲਾਂ ਨਾਲ ਖਿੜ ਜਾਂਦਾ ਹੈ। ਉਹ ਖੇੜੇ ਦਾ ਹੁਸਨ - ਨਜ਼ਾਰਾ, ਉਹ ਅਡੋਲ ਸੁੰਦਰਤਾ ਦੀ ਛਬੀ ਵੇਖ ਖੁਸ਼ੀ ਖਿੜਦੀ ਹੈ ਕਿ ਉਸ ਦਾ ਜੀਵਨ ਅਸਲੇ ਦੇ ਰੰਗ ਵਿਚ ਖਿੜ ਜਾਂਦਾ ਹੈ। 'ਜੀਵਨ ਇਹ ਹੈ' ਉਸ ਦੇ ਉਤੇ ਵਰਤ ਜਾਂਦਾ ਹੈ, ਫੇਰ ਛੰਭ ਤੋਂ ਪ੍ਰਸ਼ਨ ਕਰਨ ਦਾ ਫੁਰਨਾ ਨਹੀਂ ਫੁਰਦਾ। ਪ੍ਰਸ਼ਨ ਉੱਤਰ ਤਾਂ ਜੀਵਨ ਦੇ ਆਪਣੇ ਅਸਲੇ ਦੇ ਰੰਗ ਤੋਂ ਵੇ ਜਾਣ ਦੇ ਮਕਾਨ ਦੀਆਂ ਗੱਲਾਂ ਹਨ, ਜਦ ਖਿੜ ਪਏ ਤਾਂ ਹੋ ਗਏ ਉਹ ਜੋ ਜੀਵਨ ਹੈ ਤਾਂ ਹੁਣ ਪੁੱਛੇ ਕੌਣ? ਕਿਉਂ ਤੇ ਕੀ ? ਜੀਵਨ ਖੇੜਾ ਹੈ"।[91] ਇਵੇਂ 'ਜੀਵਨ ਕੀ ਹੈ' ਵਿਚ ਭਾਈ ਸਾਹਿਬ ਨੇ ਜੀਵਨ ਦੇ ਗੁੱਝੇ ਰਹੱਸ ਬਾਰੇ ਆਪਣਾ ਸਿੱਧਾਂਤ ਪੇਸ਼ ਕਰਨ ਦਾ ਯਤਨ ਕੀਤਾ ਹੈ।

ਇਸ ਕਵਿਤਾ ਵਿਚਲੀ ਮੁਟਿਆਰ ਮਾਨਵ ਮਨ ਦਾ ਹੀ ਪ੍ਰਤੀਕ ਹੈ ਜੋ ਅੰਤ ਵਿਚ ਜੀਵਨ ਦੇ ਚਰਮ ਲਕਸ਼ ਨੂੰ ਅਨੁਭਵ ਕਰ ਲੈਂਦੀ ਹੈ। ਇੱਥੇ ਦੱਸਿਆ ਹੈ ਕਿ ਮਾਨਵ ਮਨ ਜੀਵਨ ਪੰਥ ਤੇ ਵਿਚਰਦਿਆਂ ਭਾਵਾਂ ਦੇ ਉਥਾਨ ਪਤਨ ਵਿਚ ਦੌੜਦਾ ਹੈ। ਵੇਦਾਂਤ-ਵਾਦੀਆਂ ਨੇ ਸਤ-ਚਿਤ- ਆਨੰਦ ਦੀ ਕਲਪਨਾ ਕੀਤੀ ਸੀ, ਜਿਸ ਦੇ ਅਨੁਸਾਰ ਰਾਜਸ ਤੇ ਤਾਮਸ ਦੇ ਸਥਾਨ ਤੇ ਜਦ ਸਤੋ ਗੁਣ ਦੀ ਪ੍ਰਧਾਨਤਾ ਹੋ ਜਾਂਦੀ ਹੈ, ਉਦੋਂ ਅਨੰਦ ਦੀ ਅਵਸਥਾ ਜਾਗ੍ਰਿਤ ਹੁੰਦੀ ਹੈ। ਗੁਰਮਤਿ ਵਿਚ ਵੀ 'ਸਹਜ' ਸੰਬੰਧੀ ਧਾਰਨਾ ਅਨੰਦ ਤੇ ਰਸ ਦੇ ਸੁੰਦਰ ਸੁਮੇਲ ਤੇ ਆਧਾਰਿਤ ਹੈ। ਭਾਈ ਸਾਹਿਬ ਨੇ ਇਸੇ 'ਸਹਜ ਅਨੰਦ' ਨੂੰ 'ਖੇੜੇ' ਦੀ ਸੰਗਿਆ ਦਿੱਤੀ ਹੈ। ਉਹ ਸਪਸ਼ਟ ਕਰਦੇ ਹਨ ਕਿ ਇਸ ਖੇੜੇ ਦੀ ਪ੍ਰਾਪਤੀ ਬਾਹਰੋਂ ਨਹੀਂ, ਅੰਦਰੋਂ ਹੁੰਦੀ ਹੈ। ਅਸਲੀ ਜੀਵਨ ਬਸ ਆਪਣੇ ਆਪ ਨੂੰ ਅਸਲੇ ਦੇ ਰੰਗ ਵਿਚ ਖਿੜਾਉਣਾ ਹੈ।

ਇਹ ਸਾਰੀ ਰਚਨਾ ਇਕ ਹੀ ਮਨ- ਸਥ ਸਥਿਤੀ ਵਿਚ ਰਚੀ ਗਈ ਹੈ। ਸਾਰੀ ਕਵਿਤਾ ਵਿਚ ਦਵੱਯੇ ਛੰਦ ਦੀ ਵਰਤੋਂ ਸੰਗੀਤਮਈ ਧਵਨੀ ਦੇ ਸੰਚਾਰ ਵਿਚ ਸਹਾਈ ਹੋਈ ਹੈ। ਭਾਵ- ਅਨੁਭੂਤੀ ਦੀ ਸਚਾਈ ਨੇ ਹੀ ਇੱਥੇ ਕਾਵਿ ਨੂੰ ਆਵੇਗ ਦਿੱਤਾ ਹੈ। ਇੱਥੇ ਜੀਵਨ- ਦਰਸ਼ਨ ਦਾ ਨਿਰੂਪਣ ਕਾਵਿਆਤਮਿਕ ਕਲੇਵਰ ਵਿਚ ਹੋਇਆ ਹੈ। ਇੱਥੇ ਸੰਕxxxxxxxx ਪ੍ਰਕ੍ਰਿਤੀ ਦੀ ਸੁੰਦਰਤਾ ਵੀ ਸੂਖਮ ਤੇ ਭਰਪੂਰ ਰੂਪ ਵਿਚ ਨਿਖਰੀ ਹੈ। ਇਸ ਵਿਚ ਸਰੋਵਰ ਦਾ ਚਿੱਤ੍ਰ ਸਜੀਵ ਤੇ ਸੁਪ੍ਰਣ ਹੋ ਗਇਆ ਹੈ। ਸਰੋਵਰ ਤੇ ਵਾਪਰਦੀ ਪ੍ਰਾਕ੍ਰਿਤਕ ਤਬਦੀਲੀ ਮੁਟਿਆਰ ਦੇ ਹਿਰਦੇ ਦੀ ਆਂਤਰਿਕ ਤਬਦੀਲੀ ਨਾਲ ਸੰਬੰਧਿਤ ਹੋ ਜਾਂਦੀ ਹੈ। ਇਸ ਕਵਿਤਾ ਨੂੰ ਨਿਖਾਰਣ ਵਿਚ ਪ੍ਰਕ੍ਰਿਤੀ ਦੇ ਵਿਭਿੰਨ ਅੰਗ ਵਿਸ਼ੇਸ਼ ਯੋਗ ਦਿੰਦੇ ਹਨ। ਸਰੋਵਰ ਦੀ ਕੰਵਲਾਂ ਨਾਲ ਸ਼ਿੰਗਾਰੀ ਛਬੀ ਹੀ ਮੁਟਿਆਰ ਨੂੰ ਚੇਤਨਾ ਪ੍ਰਦਾਨ ਕਰਦੀ ਹੈ। ਇੱਥੇ ਬਹੁਤਾ ਪ੍ਰਕ੍ਰਿਤੀ ਵਰਣਨ ਭਾਵੇਂ ਮਾਨਵੀ

---

91. ਜੀਵਨ ਕੀ ਹੈ, ਲਹਿਰਾਂ ਦੇ ਹਾਰ, ਪੰਨਾ 41-42

ਭਾਵਨਾਵਾਂ ਦੇ ਵਾਹਨ ਰੂਪ ਵਿਚ ਹੀ ਹੋਇਆ ਹੈ, ਪਰ ਕਈ ਥਾਵਾਂ ਤੇ ਪ੍ਰਕ੍ਰਿਤੀ ਦਾ ਸੌਂਦਰਯ ਮੁਗਧ ਕਰਨ ਵਾਲਾ ਹੈ, ਜਿਵੇਂ:

" ਗੋਲ ਗੋਲ ਤੇ ਸਾਵੇ ਚੱਕਰ ਤੈਂ ਵਿਚ ਛਾਏ,
" ਕਿਸੇ ਕਿਸੇ ਤੇ ਪਾਣੀ ਤੁਪਕੇ ਮੋਤੀ ਜਿਉਂ ਡਲ੍ਹਕਾਏ !
" ਕੀ ਜੀਵਨ ਏ ਗੋਲ ਚੱਕਰੀ ਫਿਰੀ ਡਲ੍ਹਕ ਇਕ ਜਾਣਾਂ ?
" ਪਿਆ ਨਿਤਾਣਾ ਹੈ ਸਰਵਰ ਵਿਚ ਭੇਤ ਹਿਠਾਹਾਂ ਛੁਪਾਣਾ ?[92]

ਇਸ ਦੇ ਨਾਲ ਹੀ ਕਈ ਥਾਵਾਂ ਤੇ ਪ੍ਰਕ੍ਰਿਤੀ ਦੀ ਧਵਨੀਮਈ ਵਿਅੰਜਨਾ ਵੀ ਸਜੀਵ ਤੇ ਟੁੰਬਣ ਵਾਲੀ ਬਣ ਗਈ ਹੈ:

ਸਰਰ ਸਰਰ ਇਕ ਧੁਨੀ ਅਨੋਖੀ ਉਸ ਸਰ ਵਿਚੋਂ ਆਈ,
ਮਾਨੋ ਕੁਈ ਅਪਸਰਾਂ ਜਲ ਤੋਂ ਮੁੜ ਪਯਾਰੀ ਵਿਚ ਗਾਈ:
'ਫਿਰ ਆਨਾ' ਫਿਰ ਆਨਾ ਆਨਾ ਆਨਾ ਆਨਾ ਆਨਾ।'[93]

ਇਸ ਕਵਿਤਾ ਵਿਚ ਭਾਈ ਸਾਹਿਬ ਨੇ ਵਸਤੂ- ਵਰਣਨ ਦੀ ਸੰਵਾਦਾਂ ਰਾਹੀਂ ਨਿਯੋਜਨਾ ਕਰਕੇ, ਇਸ ਨੂੰ ਸਜੀਵ ਅਤੇ ਛੋਟੇ ਛੋਟੇ ਚਿੱਤ੍ਰਾਂ ਵਿਚ ਸਜਾ ਕੇ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਇੱਥੇ ਕਥਾ ਦਾ ਬਿਰਤਾਂਤ ਨਾਂ ਮਾਤ੍ਰ ਹੀ ਹੈ, ਭਾਈ ਸਾਹਿਬ ਦਾ ਅਸਲੀ ਮੰਤਵ ਭਾਵਾਂ ਦਾ ਪ੍ਰਕਾਸ਼ਨ ਹੈ। ਇਹ ਰਚਨਾ ਭਾਈ ਸਾਹਿਬ ਦੀ ਕਾਵਿ ਕਲਾ ਦਾ ਇਕ ਉੱਤਮ ਨਮੂਨਾ ਹੈ।

'ਅਰਸ਼ੀ ਯਾਰਾਂ ਦੇ ਵਿਛੋੜੇ '

'ਅਰਸ਼ੀ ਯਾਰਾਂ ਦੇ ਵਿਛੋੜੇ' ਪਹਿਲਾਂ 'ਦਿਲ ਤਰੰਗ' ਵਿਚ ਸਤੰਬਰ, 1922 ਅਤੇ ਫਿਰ 'ਲਹਿਰਾਂ ਦੇ ਹਾਰ' ਸੰਗ੍ਰਹਿ ਵਿਚ ਮਾਰਚ, 1928 ਵਿਚ ਛਪੀ ਸੀ।[94] ਇਸ ਕਵਿਤਾ ਦੇ ਸਿਰਲੇਖ ਹੇਠ ਭਾਈ ਸਾਹਿਬ ਲਿਖਦੇ ਹਨ," ਪੰਜਾਬ ਵਿਚ ਹੁਨਾਲੇ ਦੀ ਤਾਬੀ ਗਰਮੀ ਦੀ ਪੀੜਾ ਦੇ ਨਾਲ ਰਾਤਾਂ ਨੂੰ ਧੁਰ ਛੱਤ ਤੇ ਸੌਣ ਤੇ ਨੀਲੇ ਨੀਲੇ ਆਕਾਸ਼ਾਂ ਵਿਚ ਖਿੜੇ ਤਾਰਿਆਂ ਦੀ ਬਹਾਰ ਲੁੱਟਣ ਦੀ ਬਰਕਤ ਇਕ ਵਟਾਂਦਰਾ ਹੈ ਜੋ ਰਸੀਆਂ ਨੂੰ ਮਹਿੰਗਾ ਨਹੀਂ ਜਰਦਾ। ਜਦੋਂ ਖ਼ਿਆਲ ਆਉਂਦਾ ਹੈ ਤੇ ਇਕ ਦਮ ਇਹ ਅਰਸ਼ੀ ਸੁੰਦਰਤਾ ਤੇ ਕੁਦਰਤੀ ਖੇੜੇ ਤੇ ਨੂਰ ਦੇ ਵਸ ਰਹੇ ਫੁਹਾਰੇ ਅੱਖੋਂ ਉਹਲੇ ਹੁੰਦੇ ਹਨ, ਤਦ ਇਕ ਉਦਾਸੀ ਦੇ ਰੰਗ ਛਾਉਂਦੇ ਹਨ, ਦੋਹਾਂ ਵੇਲਿਆਂ ਦੇ ਦਿਲ ਤਰੰਗ ਇਸ ਕਵਿਤਾ ਵਿਚ ਅੰਕਿਤ ਹਨ।"[95] ਇੱਥੇ ਭਾਈ ਸਾਹਿਬ ਨੇ ਪੰਜਾਬੀ ਲੋਕਾਂ ਦੇ ਸਾਧਾਰਣ ਰੁਤ ਅਨੁਭਵ ਰਾਹੀਂ ਜੀਵਨ ਵਿਚ ਆਸ਼ਾਵਾਦੀ ਦ੍ਰਿਸ਼ਟੀਕੋਣ, ਪ੍ਰਭੂ ਦੇ ਸਰਗੁਣ- ਨਿਰਗੁਣ ਸਰੂਪ ਅਤੇ ਸੁੰਦਰਤਾ ਦੇ ਪਿਆਰ ਨੂੰ ਅੰਕਿਤ ਕੀਤਾ ਹੈ। ਬਾਕੀ ਗਰਮੀਆਂ

---

92. ਜੀਵਨ ਕੀ ਹੈ, ਲਹਿਰਾਂ ਦੇ ਹਾਰ, ਪੰਨਾ- 52
93. ਉਹੀ, ਪੰਨਾ- 50
94. ਉਹੀ, ਪੰਨਾ 113
95. ਉਹੀ

ਰੰਗੀਆਂ ਹਨ ਜਾਂ ਸਰਦੀਆਂ, ਇਹ ਭਾਈ ਸਾਹਿਬ ਦਾ ਜ਼ਾਤੀ ਅਨੁਭਵ ਹੈ, ਜਿਸ ਨੂੰ ਵਿਆਪਕ ਰੂਪ ਵਿਚ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਇਸ ਕਵਿਤਾ ਵਿਚ ਪ੍ਰਕ੍ਰਿਤੀ ਦੀ ਪਿਠ- ਭੂਮੀ ਵਿਚ ਹੀ ਉਦੇਸ਼ ਪੂਰਤੀ ਦਾ ਨਿਰਮਾਣ ਹੋਇਆ ਹੈ। ਰਾਤ ਨੂੰ ਆਕਾਸ਼ ਦੀ ਸੁੰਦਰਤਾ ਨੂੰ ਉਲੀਕਦਿਆਂ ਭਾਈ ਸਾਹਿਬ ਨੇ ਕੋਮਲ ਭਾਵਾਂ ਦਾ ਨਿਰੂਪਣ ਬੜੇ ਸੂਖਮ ਢੰਗ ਨਾਲ ਕੀਤਾ ਹੈ। ਇਨ੍ਹਾਂ ਗੁਣਾਂ ਦੇ ਹੁੰਦਿਆਂ ਵੀ ਇਹ ਮੰਨਣਾ ਪੈਂਦਾ ਹੈ ਕਿ ਇਸ ਕਵਿਤਾ ਦੇ ਮੁੱਢ ਵਿਚ ਜੀਭ ਦੇ ਕਰਤਵਾਂ ਅਤੇ ਸਿਤਾਰਿਆਂ ਦਾ ਬਿਆਨ ਆਕਾਰ ਅਨੁਕੂਲ ਨਾ ਰਹ ਕੇ ਕੁਝ ਲੋੜ ਤੋਂ ਵਧੀਕ ਵਿਸਥਾਰ ਵਾਲਾ ਹੋ ਜਾਂਦਾ ਹੈ।

'ਪਦਮ ਬ੍ਰਿਛ ਦੀ ਬਹਾਰ' –

'ਕਸੌਲੀ ਪਹਾੜ ਉਤੇ ਪਦਮ ਬ੍ਰਿਛ ਦੀ ਬਹਾਰ' ਕਵਿਤਾ ਅਗਸਤ, 1927 ਈ. ਵਿਚ 'ਬਿਜਲੀਆਂ ਦੇ ਹਾਰ' ਵਿਚ ਅੰਕਿਤ ਹੋਈ ਸੀ।[96] ਪਤਝੜ ਦੇ ਮੌਸਮ ਵਿਚ ਕਸੌਲੀ ਪਹਾੜ ਤੇ ਪਦਮ ਦਾ ਖਿੜਨਾ ਭਾਈ ਸਾਹਿਬ ਨੂੰ ਜੀਵਨ ਵਿਚ ਖੇੜੇ ਦੇ ਆਸ਼ਾਵਾਦੀ ਦ੍ਰਿਸ਼ਟੀਕੋਣ ਦੀ ਸਥਾਪਨਾ ਵਿਚ ਸਹਾਇਤਾ ਦੇ ਜਾਂਦਾ ਹੈ। ਇੱਥੇ ਪਦਮ ਨੂੰ ਵੇਖ ਕੇ ਭਾਈ ਸਾਹਿਬ ਨੂੰ ਜੀਵਨ ਰਹੱਸ ਦੀ ਇਕ ਕਿਰਨ ਲਿਸ਼ਕਾਰਾ ਦੇ ਜਾਂਦੀ ਹੈ ਕਿ ਪਤਝੜ ਵਿਚ ਵੀ ਪਦਮ ਦਾ ਖੇੜਾ ਜੀਵਨ ਦੀ ਹਰ ਹਾਲਤ ਵਿਚ ਖੇੜੇ ਦੀ ਅਵਸਥਾ ਨੂੰ ਕਾਇਮ ਰੱਖਣ ਦਾ ਸੰਕੇਤ ਹੈ:

ਰੁੱਤ ਉਦਾਸੀ ਦੇ ਵਿਚ ਖਿੜ ਕੇ ਪਦਮ ਕੂਕ ਪਏ ਕਹਿੰਦੇ:-
'ਸਦਾ ਬਹਾਰ' ਉਨ੍ਹਾਂ ਤੇ ਜਿਹੜੇ ਹੋ ਦਿਲਗੀਰ ਨ ਬਹਿੰਦੇ।
ਖੇੜਾ ਭਰਿਆ ਹਰ ਰੁੱਤੇ ਹੈ, ਹਰ ਹਾਲੇ ਹਰ ਜਾਈ,
ਖਹਿੜਾ ਛੱਡਯਾ ਜਿਸ ਨ ਇਸ ਦਾ ਰਮਜ਼ ਓਸ ਨੇ ਪਾਈ।[97]

ਇਸ ਕਵਿਤਾ ਵਿਚ ਕਾਲੀਦਾਸ ਦੀ ਵਰਣਨ- ਮਈ ਸ਼ੈਲੀ ਅਤੇ ਵਰਡਜ਼ ਵਰਥ ਤੇ ਕਾਲਰਿਜ ਦੀਆਂ ਰਹੱਸ ਉਨਮੁਖ ਪ੍ਰਵਿਰਤੀਆਂ ਵਾਲਾ ਰੰਗ ਭਾਈ ਸਾਹਿਬ ਵਿਚ ਜਗਿਆਸਾ ਬਣ ਕੇ ਆਉਂਦਾ ਹੈ। ਇਸ ਕਵਿਤਾ ਵਿਚ ਪ੍ਰਕ੍ਰਿਤੀ ਦਾ ਦ੍ਰਿਸ਼ ਵਰਣਨ ਭਾਵਾਂ ਅਤੇ ਪ੍ਰਭਾਵ ਉਤਪਾਦਕ ਹੈ।

'ਬੇਲਾ ਭੁਆਨੀ'

'ਬੇਲਾ ਭੁਆਨੀ' ਕਵਿਤਾ ਅਗਸਤ, 1927 ਵਿਚ 'ਬਿਜਲੀਆਂ ਦੇ ਹਾਰ' ਸੰਗ੍ਰਹਿ ਵਿਚ ਛਪੀ ਸੀ।[98] ਅਸਲ ਵਿਚ 'ਕੁਤਬ ਦੀ ਲਾਠ' ਤੇ 'ਬੇਲਾ ਭੁਆਨੀ' ਇਕੋ ਵਿਸ਼ੇ ਸੰਬੰਧੀ ਲਿਖੀਆਂ ਗਈਆਂ ਹਨ, ਸਿਰਫ਼ ਦੋਹਾਂ ਦੀ ਅਭਿਵਿਅੰਜਨਾ ਵਿਧੀ ਵਿਚ ਅੰਤਰ ਹੈ। 'ਕੁਤਬ ਦੀ ਲਾਠ' ਵਿਚ ਭਾਈ

96. ਬਿਜਲੀਆਂ ਦੇ ਹਾਰ, ਪੰਨਾ 86
97. ਉਹੀ, ਪੰਨਾ 87
98. ਉਹੀ, ਪੰਨਾ 65-70

ਸਾਹਿਬ ਨੇ ਲਾਠ ਨਾਲ ਇਕ-ਬਚਨੀ ਰਾਹੀਂ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਪਰ 'ਬੇਲਾ ਭੁਆਨੀ' ਵਿਚ ਬਿਰਤਾਂਤਕ ਸ਼ੈਲੀ ਵਿਚ ਪ੍ਰਿਥਵੀ ਰਾਜ ਦੀ ਬੇਟੀ ਬੇਲਾ ਭੁਆਨੀ ਦੇ ਸੰਵਾਦ ਰਾਹੀਂ ਕੁਤਬ ਦੀ ਲਾਠ ਦੀ ਕਥਾ ਨੂੰ ਬਿਆਨਿਆ ਗਇਆ ਹੈ। ਇਸ ਕਵਿਤਾ ਰਾਹੀਂ ਭਾਰਤ ਦੇ ਅਤੀਤ ਦੇ ਗੌਰਵ, ਕਲਾ ਕੌਸ਼ਲਤਾ ਦੀ ਮਹਾਨਤਾ ਨੂੰ ਪ੍ਰਗਟ ਕੀਤਾ ਹੈ ਅਤੇ ਨਾਲ ਹੀ ਮੁਗ਼ਲਾਂ ਦੇ ਉਪਦਰਾਂ ਵਿਰੁਧ ਗਿਲਾਨੀ ਜ਼ਾਹਿਰ ਕਰਦਿਆਂ ਭਾਈ ਸਾਹਿਬ ਨੇ ਰਾਸ਼ਟ੍ਰ- ਪ੍ਰੇਮ ਦੀ ਭਾਵਨਾ ਨੂੰ ਅਭਿਵਿਅਕਤ ਕੀਤਾ ਹੈ।

ਇਸ ਕਵਿਤਾ ਵਿਚ ਬੇਲਾ ਭੁਆਨੀ ਜੋ ਕਿ ਪ੍ਰਿਥਵੀ ਰਾਜ ਦੀ ਲੜਕੀ ਸੀ, ਦਸਦੀ ਹੈ ਕਿ ਉਹ ਬਚਪਨ ਤੋਂ ਹੀ ਜਮਨਾ ਵਿਚ ਹਰ ਰੋਜ਼ ਇਸ਼ਨਾਨ ਲਈ ਜਾਂਦੀ ਸੀ। ਸ਼ਾਦੀ ਤੋਂ ਛੇਤੀ ਹੀ ਪਿੱਛੋਂ ਉਹ ਪਤੀ ਦੀ ਮੌਤ ਕਾਰਨ ਵਿਧਵਾ ਹੋ ਗਈ ਸੀ। ਵਿਧਵਾ ਬਣ ਜਾਣ ਤੇ ਉਸ ਨੇ ਪਿਤਾ ਕੋਲ ਰਹਿੰਦਿਆਂ ਵੀ ਕੁਤਬ ਦੀ ਲਾਠ ਦੇ ਨੇੜੇ ਵਿਸ਼ਨੂੰ ਦੇ ਮੰਦਰ ਵਿਚ ਭਗਤੀ ਅਤੇ ਜਮਨਾ ਵਿਚ ਹਰ ਰੋਜ਼ ਇਸ਼ਨਾਨ ਦੇ ਨੇਮ ਨੂੰ ਜਾਰੀ ਰੱਖਿਆ। ਉਸ ਦੇ ਪਿਤਾ ਨੂੰ ਬੇਲਾ ਦਾ ਹਰ ਰੋਜ਼ ਜਮਨਾ ਤੇ ਜਾਣਾ ਪਸੰਦ ਨਹੀਂ ਸੀ, ਉਸ ਨੇ ਹਰ ਰੋਜ਼ ਜਮਨਾ ਤੋਂ ਪਾਣੀ ਮੰਗਵਾਉਣ ਦਾ ਪ੍ਰਬੰਧ ਅਤੇ ਜਮਨਾ ਦੇ ਦਰਸ਼ਨਾਂ ਲਈ ਲਾਠ ਬਣਵਾ ਕੇ ਸਾਰੇ ਪ੍ਰਬੰਧ ਆਪਣੇ ਪਾਸ ਹੀ ਕਰ ਦਿੱਤੇ। ਉਸ ਲਾਠ ਨੂੰ ਪਹਿਲਾਂ ਬੇਲਾ ਭੁਆਨੀ ਤੇ ਫਿਰ 'ਲਾਠ ਪਿਥੋਰਾ' ਕਹਿਆ ਜਾਣ ਲਗ ਪਇਆ। ਪ੍ਰਿਥਵੀ ਰਾਜ ਦੀ ਮੌਤ ਪਿੱਛੋਂ ਕੁਤਬ ਦੀਨ ਨੇ ਵਿਸ਼ਨੂੰ ਦਾ ਮੰਦਰ ਤੁੜਵਾ ਕੇ ਮਸਜਿਦ ਬਣਾਉਣ ਦੀ ਤਜਵੀਜ਼ ਬਣਾਈ ਅਤੇ ਨਾਲ ਹੀ ਲਾਠ ਉਤੇ ਅਰਬੀ ਅੱਖਰ ਉਕਰਵਾ ਕੇ ਇਸ ਨੂੰ ਆਪਣਾ ਬਣਾ ਲਇਆ। ਇਸ ਦੇ ਨਾਲ ਹੀ ਕੁਤਬਦੀਨ ਨੇ ਉਹੋ ਜਹੀਆਂ ਤਿੰਨ ਹੋਰ ਲਾਠਾਂ ਬਣਾਉਣ ਦੀ ਯੋਜਨਾ ਵੀ ਤਿਆਰ ਕੀਤੀ ਸੀ। ਹਾਲੀ ਉਨ੍ਹਾਂ ਦੀਆਂ ਮਹਰਾਬਾਂ ਤੇ ਕੰਧਾਂ ਹੀ ਬਣੀਆਂ ਸਨ ਕਿ ਉਸ ਦੀ ਮੌਤ ਹੋ ਗਈ। ਸਮੇਂ ਦੇ ਗੇੜ ਨਾਲ ਕੁਤਬਦੀਨ ਦਾ ਬਣਾਇਆ ਸਭ ਕੁਝ ਵੈਰਾਨ ਹੋ ਜਾਂਦਾ ਹੈ, ਸਿਰਫ਼ ਮੁੱਢਲੀ ਪ੍ਰਿਥਵੀ ਰਾਜ ਦੀ ਬਣਵਾਈ ਲਾਠ ਹੀ ਕਾਇਮ ਰਹਿੰਦੀ ਹੈ।

ਇਸ ਕਵਿਤਾ ਵਿਚ ਭਾਈ ਸਾਹਿਬ ਨੇ ਮੁਗ਼ਲਾਂ ਵਲੋਂ ਭਾਰਤੀ ਕਲਾ ਦੇ ਨਾਮ ਨਿਸ਼ਾਨ ਮੇਟਣ ਦੇ ਯਤਨਾਂ ਵਲ ਇਸ਼ਾਰਾ ਕੀਤਾ ਹੈ। ਦਵੱਯਾ ਛੰਦ ਵਿਚ ਭਾਈ ਸਾਹਿਬ ਦੀ ਇਹ ਰਚਨਾ ਭਾਰਤੀ ਸੰਸਕ੍ਰਿਤੀ ਤੇ ਕਲਾ ਦੇ ਪਿਆਰ ਦਾ ਉਤਸ਼ਾਹ ਪੈਦਾ ਕਰਕੇ ਦੇਸ਼- ਪਿਆਰ ਲਈ ਪ੍ਰੇਰਨਾ ਦੇਣ ਦੀ ਸਮਰਥਾ ਰੱਖਦੀ ਹੈ। ਇਸ ਕਵਿਤਾ ਵਿਚ ਭਾਈ ਸਾਹਿਬ ਦਾ ਬਿਆਨੀਆ ਹੁਨਰ ਕਲਾਤਮਿਕ ਰੂਪ ਵਿਚ ਉਘੜਦਾ ਹੈ।

'ਲਲੀ' –

'ਲਲੀ' ਕਵਿਤਾ 'ਮਟਕ ਹੁਲਾਰੇ' ਵਿਚ ਜੁਲਾਈ, 1925 ਈ. ਵਿਚ ਸੰਗ੍ਰਹਿਤ ਹੋਈ ਸੀ।[99] ਲਲੀ ਦੀ ਜੀਵਨ ਕਹਾਣੀ ਸਾਰੀ ਦੀ ਸਾਰੀ ਰੋਮਾਂਚ ਕਰਨ ਵਾਲੀ ਫ਼ਕੀਰੀ ਕਥਾ ਹੈ। ਰੱਬ-ਰੰਗ-ਰੱਤੀ ਲਲੀ ਇਕ ਪਹੁੰਚੇ ਹੋਏ ਫਕੀਰ ਤੇ ਗ਼ਰੀਬ ਪੰਡਤ ਦੀ ਲੜਕੀ ਸੀ। ਉਸ ਦੀ ਸੱਸ ਉਸ ਨੂੰ ਬਹੁਤ ਤੰਗ ਕਰਦੀ

---

99. ਮਟਕ ਹੁਲਾਰੇ, ਪੰਨਾ 127- 129.

ਸੀ। ਇਕ ਦਿਨ ਲਲੀ ਦੀ ਮਾਂ ਨੇ ਇਕ ਦੇਗਚੀ ਖੀਰ ਦੀ ਭਰ ਕੇ ਲਲੀ ਦੇ ਸਾਹੁਰੇ ਘਰ ਘਲੀ। ਖੀਰ ਮਿਕਦਾਰ ਵਿਚ ਸੱਸ ਨੂੰ ਥੋੜ੍ਹੀ ਦਿੱਸੀ ਅਤੇ ਉਸ ਨੇ ਹਿਕਾਰਤ ਨਾਲ ਲਲੀ ਨੂੰ ਖੀਰ ਸਾਰੇ ਆਂਢ ਗੁਆਂਢ ਵੰਡ ਆਣ ਲਈ ਕਹਿਆ। ਪ੍ਰਭੂ ਦੀ ਕਰਨੀ ਅਜੇਹੀ ਵਾਪਰੀ ਕਿ ਖੀਰ ਸਭ ਵਿਚ ਵੰਡਣ ਤੇ ਵੀ ਖਤਮ ਨਾ ਹੋਈ। ਇਸ ਹੈਰਾਨੀ ਵਾਲੀ ਕਰਨੀ ਤੋਂ ਸ਼ਰਮਿੰਦਾ ਹੋ ਕੇ ਲਲੀ ਦੀ ਸੱਸ ਨੇ ਛਿੱਥਾ ਪੈ ਕੇ ਬਾਕੀ ਦੀ ਖੀਰ ਨੂੰ ਦਰਿਆ ਵਿਚ ਰੋੜ੍ਹ ਆਉਣ ਲਈ ਕਹਿਆ। ਉਹ ਖੀਰ ਦਾ ਦੇਗਚਾ ਤਰਦਾ ਤਰਦਾ ਉਥੇ ਜਾ ਠਹਿਰਿਆ, ਜਿੱਥੇ ਦਰਿਆ ਕਿਨਾਰੇ ਲਲੀ ਦੇ ਪਿਤਾ ਬੈਠੇ ਬੰਦਗੀ ਕਰ ਰਹੇ ਸਨ। ਲਲੀ ਇਸ ਘਰੋਗੀ ਨਾਚਾਕੀ ਤੇ ਪਿਤਾ ਵਾਲੀ ਸਾਂਈਂ ਦੀ ਚਾਟ ਕਰਕੇ ਨੀਮ ਪਾਗਲ ਹੋ ਜਾਂਦੀ ਹੈ। ਜਦ ਉਸ ਦੇ ਹਿਰਦੇ ਵਿਚ ਸੱਚਾ ਪ੍ਰਕਾਸ਼ ਉਜਾਗਰ ਹੁੰਦਾ ਹੈ ਤਾਂ ਉਹ ਨਾਲਾਇਕੀ ਤੋਂ ਕੰਜਣ ਮੰਗ ਕੇ ਆਪਣਾ ਆਪ ਸੰਭਾਲਦੀ ਹੈ।[100]

ਭਾਈ ਸਾਹਿਬ ਨੇ ਇਸ ਕਵਿਤਾ ਵਿਚ ਲਲੀ ਦੇ ਜੀਵਨ ਦੀ ਕਥਾ ਦੇ ਉਸ ਖੰਡ ਨੂੰ ਛੋਹਿਆ ਹੈ, ਜਦ ਲਲੀ ਆਪਣੇ ਅੰਦਰਲੇ ਹੁਸਨ ਤੋਂ ਚੇਤੰਨ ਹੁੰਦੀ ਹੈ ਅਤੇ ਉਸ ਦਾ ਹੁਸਨ- ਅਹਸਾਸ ਜਾਗਦਾ ਹੈ। ਭਾਈ ਸਾਹਿਬ ਇੱਥੇ ਪ੍ਰਗਟ ਕਰਦੇ ਹਨ ਕਿ ਸਾਂਈ- ਪ੍ਰੇਮ ਦੇ ਬਚਪਨ ਵਾਲੀ ਭੋਲੀ ਅਵਸਥਾ ਵਿਚ ਨੀਮ ਪਾਗਲਪਣ ਭਾਵੇਂ ਰਹੇ ਪਰ ਉਚੇਰੀ ਜਾਗ੍ਰਤੀ ਨਾਲ ਬਾਵਲਪਣ ਦੀ ਹਾਲਤ ਨੂੰ ਟੱਪ ਕੇ ਕੰਜਣ ਦੀ ਲੋੜ ਜ਼ਰੂਰ ਮਹਿਸੂਸ ਹੁੰਦੀ ਹੈ। ਗੁਰਮਤਿ ਦੇ ਅਨੁਸਾਰ ਵੀ 'ਸਾਂਈਂ ਪਿਆਰ' ਆਪੇ ਤੋਂ ਬੇਸੁੱਧ ਕਰਕੇ ਨੀਮ ਪਾਗਲ ਨਹੀਂ ਬਣਾਉਂਦਾ,ਸਗੋਂ ਜੀਵਨ ਪ੍ਰਤਿ ਪੂਰੀ ਤਰ੍ਹਾਂ ਜਾਗ੍ਰਤ ਕਰਦਾ ਹੈ।[101] ਇਸੇ 'ਜਾਗ੍ਰਤ ਦਸ਼ਾ' ਨੂੰ ਭਾਈ ਸਾਹਿਬ ਨੇ 'ਹੁਸਨ- ਅਹਸਾਸ ਜਾਗਿਆ ਵਾਲੀ' ਕਹਿਆ ਹੈ। ਸੱਚਾ ਪ੍ਰੇਮ ਜੀਵਨ ਤੋਂ ਉਪਰਾਮ ਕਰਕੇ ਤੋੜਨ ਵਾਲਾ ਨਹੀਂ,ਸਗੋਂ ਜੋੜਨ ਵਾਲਾ ਹੁੰਦਾ ਹੈ।

ਦਵੱਯਾ ਛੰਦ ਵਿਚ ਰਚੀ ਇਹ ਰਹੱਸ- ਕਥਾ ਭਾਈ ਸਾਹਿਬ ਦੀ ਬਿਰਤਾਂਤਕ ਤੇ ਵਰਣਨਾਤਮਿਕ ਸ਼ੈਲੀ ਦੀ ਇਕ ਚੰਗੀ ਰਚਨਾ ਹੈ। ਇਸ ਵਿਚ ਕਥਾ ਅਲਪ ਹੈ, ਬਹੁਤੇਰੇ ਅਭਿਵਿਅੰਜਨਾ ਲਲੀ ਦੀ ਜਾਗ੍ਰਤ ਅਵਸਥਾ ਦੀ ਹੀ ਮਿਲਦੀ ਹੈ।

'ਨਿਸ਼ਾਤ ਬਾਗ਼ ਤੇ ਨੂਰ ਜਹਾਂ' –

'ਨਿਸ਼ਾਤ ਬਾਗ਼ ਤੇ ਨੂਰ ਜਹਾਂ' ਕਵਿਤਾ ਪਹਿਲੀ ਵੇਰਾਂ ਜੁਲਾਈ 1925 ਵਿਚ 'ਮਟਕ ਹੁਲਾਰੇ' ਸੰਗ੍ਰਹਿ ਵਿਚ ਛਪੀ ਸੀ।[102] ਭਾਈ ਸਾਹਿਬ ਨੂੰ "ਕਸ਼ਮੀਰ ਨਜ਼ਾਰਿਆਂ ਵਿਚ - - - - ਹੋ ਚੁੱਕੀ ਮਹਾਰਾਣੀ ਨੂਰ ਜਹਾਂ ਯਾਦ ਆਉਂਦੀ ਹੈ ਤੇ ਉਹਦੇ ਵਿਛੋੜੇ ਦਾ ਸੂਖਮ ਦਰਦ ਆਪ ਨੂੰ ਨਿਸ਼ਾਤ ਬਾਗ਼ ਦੇ ਖੇੜੇ ਵਿਚ ਇਕ ਸਹਿਮ ਰੂਪ ਵਿਚ ਦਿਸਦਾ ਹੈ। ਬਾਗ਼ ਕਹਿੰਦਾ ਹੈ ਕਿ ਹੋਰ ਸਭ ਕੋਈ ਮੇਰੇ ਥੀਂ ਖ਼ੁਸ਼ੀ

---

100. ਪ੍ਰੋ. ਪੂਰਨ ਸਿੰਘ,ਮਟਕ ਹੁਲਾਰੇ,ਭੂਮਿਕਾ,ਪੰਨਾ 19

101. ਨਿਰਗੁਨ ਨਿਮਾਣੀ ਅਨਾਥਿ ਬਿਨਵੈ ਮਿਲਹੁ ਪ੍ਰਭ ਕਿਰਪਾ [redacted] ਕਰੇ॥
ਭ੍ਰਮ ਭੀਤ ਖੋਈਐ ਸਹਜਿ ਸੋਈਐ ਪ੍ਰਭ ਪਲਕ ਪੇਖਤ ਨਵ ਨਿਧੇ॥
ਗ੍ਰਿਹ ਲਾਲ ਆਵੈ ਮਹਲੁ ਪਾਵੈ ਮਿਲਿ ਸੰਗ ਮੰਗਲ ਗਾਈਐ॥ (ਰਾਗ ਬਿਹਾਗੜਾ ਮ:5)

102. ਮਟਕ ਹੁਲਾਰੇ,ਪੰਨਾ 133-140.

ਨੈਣ ਆਉਂਦਾ ਹੈ, ਪਰ ਉਹ ਸੁੰਦਰ ਆਪਣੇ 'ਹੁਸਨ-ਅਹਿਸਾਸ' ਦੇ ਸਰੂਰ ਵਿਚ ਆਪਣੇ ਮਦ-ਭਰੇ ਨੈਣ ਕਟਾਖਸ਼ ਨਾਲ ਬਾਗ਼ ਨੂੰ ਇਕ ਖੁਸ਼ੀ ਦੀ ਰੂਹ ਇਕ ਸੁਖ ਭਰੀ ਰਸ ਦੀ ਦਾਤ ਦੇਂਦੀ ਹੁੰਦੀ ਸੀ, ਜੋ ਹੁਣ ਨਹੀਂ ਮਿਲ ਰਹੀ।"[103]

ਇੱਥੇ ਭਾਈ ਸਾਹਿਬ ਨੇ ਨਿਸ਼ਾਤ ਬਾਗ਼ ਦੀ ਹੂਰ ਜਹਾਂ ਲਈ ਵਿਲਕਣੀ ਰਾਹੀਂ ਪ੍ਰੇਮ ਦਰਸ਼ਨ ਨੂੰ ਉਲੀਕਿਆ ਹੈ। ਇਸ ਵਿਚ ਜ਼ਿਆਦਾ ਭਾਈ ਸਾਹਿਬ ਦਾ ਅੰਤਰ-ਤਮ ਹੀ ਬੋਲ ਰਹਿਆ ਹੈ। ਉਨ੍ਹਾਂ ਨੇ ਪ੍ਰੇਮ ਦੀ ਅਵਸਥਾ ਨੂੰ ਬਾਗ਼ ਦੇ ਸਾਕਾਰ ਚਿੱਤ੍ਰ ਰਾਹੀਂ ਪੇਸ਼ ਕੀਤਾ ਹੈ। ਪ੍ਰੇਮ ਅੰਦਰਲੇ ਹੁਸਨ-ਅਹਿਸਾਸ ਨੂੰ ਜਾਗ੍ਰਤ ਕਰਕੇ ਇਕ ਕੰਬਣੀ ਛੇੜ ਦਿੰਦਾ ਹੈ, ਜੋ ਥਰਰਾਹਟ ਬਣ ਕੇ ਖੇੜੇ ਵਿਚ ਬਦਲ ਜਾਂਦੀ ਹੈ। ਪ੍ਰੇਮ-ਮਿਲਾਪ ਦੀਆਂ ਘੜੀਆਂ ਨੂੰ ਭੁਲਣਾ ਅਸੰਭਵ ਹੋ ਜਾਂਦਾ ਹੈ। ਉਹ ਪ੍ਰਗਟ ਕਰਦੇ ਹਨ ਕਿ ਜਿਸ ਤਰ੍ਹਾਂ ਪ੍ਰੇਮੀ ਤੋਂ ਵਿਛੜ ਕੇ ਪ੍ਰੇਮਿਕਾ ਸਾਰੀਆਂ ਮਾਦਿਕ ਖੁਸ਼ੀਆਂ ਨੂੰ ਪ੍ਰਾਪਤ ਕਰਕੇ ਵੀ ਵਿਲਕਦੀ ਹੈ, ਉਸੇ ਤਰ੍ਹਾਂ ਰੱਬੀ-ਪ੍ਰੇਮ ਤੋਂ ਵਿਛੜੀ ਆਤਮਾ ਜੀਵਨ ਦੇ ਸਾਰੇ ਸੁੱਖਾਂ ਨੂੰ ਪ੍ਰਾਪਤ ਕਰਕੇ ਵੀ ਕੁਰਲਾਂਦੀ ਹੈ। ਨਿਸ਼ਾਤ ਬਾਗ਼ ਦੀ ਵਿਲਕਣੀ ਇਸੇ ਅਵਸਥਾ ਨੂੰ ਪ੍ਰਗਟ ਕਰਦੀ ਹੈ:

ਉਹ ਨੈਣਾਂ ਦੀ ਰਮ ਪਲਕ ਦੀ ਖਿਜਲੀ ਦੀ ਥਰਰਾਵਨ
ਰਗ ਰੇਸ਼ ਮਾਂਡੇ ਵਿਚ ਫਿਰ ਕੇ ਭਰ ਦੇਂਦੀ ਕੰਪਾਵਨ,
ਉਹ ਰਸ ਭਰੀ ਲਹਿਰ ਸੀ ਖੇੜਾ, ਉਹ ਨਿਸ਼ਾਤ ਮਨ ਭਾਵਨ।[104]

ਇਸ ਕਵਿਤਾ ਵਿਚ ਭਾਈ ਸਾਹਿਬ ਦਾ ਉਦੇਸ਼ ਕੇਵਲ ਕਰੁਣਾ ਸੰਚਾਰ ਨਹੀਂ ਸਗੋਂ ਜੀਵਨ-ਦਰਸ਼ਨ ਦੀ ਸਥਾਪਣਾ ਹੈ। ਦਵੱਯਾ ਛੰਦ ਵਿਚ ਲਿਖੀ ਇਸ ਰਚਨਾ ਵਿਚ ਸੌਂਦ੍ਰਯ-ਚਿੱਤ੍ਰਨ ਅਤੇ ਭਾਵ-ਨਿਰੂਪਣ ਦਾ ਸਫਲ ਸੁਮਿਸ਼ਰਣ ਮਿਲਦਾ ਹੈ।

<u>'ਪ੍ਰੀਤ ਵੀਣਾ'</u> -

'ਪ੍ਰੀਤ ਵੀਣਾ' ਨੂੰ ਭਾਈ ਸਾਹਿਬ ਨੇ 'ਗੁਲਮਰਗ ਦੀ ਉਚੀ ਬਰਫ਼ਾਨੀ ਇਕਾਂਤ ਵਿਚ ਸ੍ਰਿਗਲੂਆਂ ਦੀ ਛਾਵਾਂ ਹੇਠ, ਨੇਅਰ ਦੀਆਂ ਸਾਵੀਆਂ ਕਚਾਹ ਤੇ ਚੁਹਚਹੇ ਰੰਗ ਗੁੰਝਿਆਂ ਨਾਲ ਮਨਮੋਹ ਰਹੀਆਂ ਬੂਟੀਆਂ ਦੇ ਵਿਚ ਬੈਠਿਆਂ' 1928[105] ਵਿਚ ਲਿਖਿਆ ਸੀ, ਜੋ ਪਹਲੀ ਵੇਰਾਂ ਪੋਥੀ ਰੂਪ ਵਿਚ 1929 ਈ. ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਕਵਿਤਾ ਵਿਚ ਦੋ ਪ੍ਰੀਤਮਾਂ ਦੇ ਵਿਛੋੜੇ ਦੇ 'ਬਿਰਹੋਂ ਦੁੱਖ' ਤੇ ਸੁਹਾਗ-ਸੰਜੋਗ ਦਾ ਗਾਇਨ ਮਿਲਦਾ ਹੈ।

ਇਸ ਕਵਿਤਾ ਵਿਚ ਭਾਈ ਸਾਹਿਬ ਨੇ ਬਿਆਨ ਕੀਤਾ ਹੈ ਕਿ ਇਕ ਜ਼ਾਲਮ ਰਾਜੇ ਨੇ ਕਿਸੇ ਝੀਲ ਦੇ ਇਕ ਕਿਨਾਰੇ ਯੁਵਤੀ ਪ੍ਰੇਮਿਕਾ ਨੂੰ ਅਤੇ ਦੂਜੇ ਕਿਨਾਰੇ ਯੁਵਕ ਪ੍ਰੇਮੀ ਨੂੰ ਇਸ ਆਸ ਨਾਲ

---

103. ਪ੍ਰੋ. ਪੂਰਨ ਸਿੰਘ, ਮਟਕ ਹੁਲਾਰੇ, ਭੂਮਿਕਾ, ਪੰਨਾ 16
104. ਮਟਕ ਹੁਲਾਰੇ, ਪੰਨਾ 138
105. ਪ੍ਰੋ. ਪੂਰਨ ਸਿੰਘ, ਪ੍ਰੀਤ ਵੀਣਾ, ਮੁਖਬੰਧ, ਪੰਨਾ- ਗ

ਕੈਦ ਕੀਤਾ ਸੀ ਕਿ ਸੁੰਦਰੀ ਪ੍ਰੇਮੀ ਨੂੰ ਜਾਦੂ ਹੇਠਾਂ ਲਿਆ ਕੇ ਉਸ ਜ਼ਾਲਮ ਵੱਲ ਖਿੱਚੀ ਜਾਏਗੀ। ਸਾਰੇ ਪਾਸੇ ਪਹਿਰੇ ਤੇ ਨਾਕੇ-ਬੰਦੀ ਹੋਣ ਤੇ ਵੀ ਕਛੂ ਅੱਖ ਬਚਾ ਕੇ ਇਕ ਬਜਰੇ ਵਿਚ ਬੈਠ ਕੇ ਝੀਲ ਵਿਚ ਠਿਲ੍ਹ ਪੈਂਦਾ ਹੈ। ਪ੍ਰੇਮਿਕਾ ਵੀ 'ਦਿਲ-ਤਰੰਗਾਂ' ਰਾਹੀਂ ਮਾਹੀ ਦੀ ਸੰਦ ਸੁਣ ਕੇ ਦੂਜੇ ਕਿਨਾਰੇ ਤੋਂ ਬਜਰੇ ਵਿਚ ਚਲ ਪੈਂਦੀ ਹੈ। ਤਾਰਿਆਂ ਦੀ ਲੋਅ ਵਿਚ ਬਜਰੇ ਜੁੜ ਜਾਂਦੇ ਹਨ ਅਤੇ ਦੋਹਾਂ ਪ੍ਰੇਮੀਆਂ ਦਾ 'ਰੂਪ-ਰੰਗ-ਰਾਗ' ਵਿਚ ਮੇਲ ਹੋ ਜਾਂਦਾ ਹੈ। ਦੋਵੇਂ ਰੂਹਾਂ ਇਕ ਬਜਰੇ ਵਿਚ ਇਕੱਠੀਆਂ ਹੋ ਕੇ ਅਲੋਪ ਹੋ ਜਾਂਦੀਆਂ ਹਨ। ਇਕ ਬਜਰਾ ਖਾਲੀ ਮੁੜ ਆਉਂਦਾ ਹੈ। ਜ਼ਾਲਮ ਰਾਜੇ ਦੇ ਹਲਕਾਰੇ ਅਨੇਕ ਯਤਨਾਂ ਨਾਲ ਵੀ ਦੂਜੇ ਬਜਰੇ ਨੂੰ ਨਹੀਂ ਲਭ ਸਕਦੇ ਤੇ ਇਹ ਉਨ੍ਹਾਂ ਵਾਸਤੇ ਇਕ ਅਣਬੁਝੀ ਹੀ ਬਣੀ ਰਹਿੰਦੀ ਹੈ।

ਇਵੇਂ ਇਸ ਕਵਿਤਾ ਵਿਚ ਭਾਈ ਸਾਹਿਬ ਨੇ 'ਸੱਚੇ- ਪ੍ਰੇਮ' ਉਤੇ 'ਧੁਰ' ਦੀ ਛਾਇਆ ਹੋਣ ਦੇ ਅਟੱਲ ਨੇਮ ਨੂੰ ਪ੍ਰਦੀਪਤ ਕਰਨ ਦਾ ਯਤਨ ਕੀਤਾ ਹੈ।[106] ਸੱਚੇ ਪ੍ਰੇਮ ਵਿਚ ਲੁਛ ਰਹਿਆਂ ਦੀ ਬੇਕਦਰੀ ਕਈ ਆਪ ਸਵਾਰਥੀ ਕਰਦੇ ਹਨ, ਪਰ ਉਹ ਪ੍ਰੇਮ ਦੀ ਅਸਗਾਹ ਕਾਂਗ ਨੂੰ ਆਪਣੇ ਵੱਸ ਵਿਚ ਕਰਨੋਂ ਅਸਮਰੱਥ ਰਹਿੰਦੇ ਹਨ। ਇਹੋ ਜਹੇ ਅਸਫਲ ਯਤਨ ਸੰਸਾਰ ਵਿਚ ਹੁੰਦੇ ਆਏ ਹਨ। ਸੱਚੇ ਪ੍ਰੇਮ ਵਿਚ ਵਿਛੋੜੇ ਪਿੱਛੋਂ ਮੇਲ ਜ਼ਰੂਰ ਹੁੰਦਾ ਹੈ। ਇਹ ਮਿਲਾਪ ਦੀ ਟੀਸੀ ਪ੍ਰੇਮ ਵਿਚ ਇਕ ਨੁਕਤਾ ਹੈ, ਜਿੱਥੇ ਹਰ ਸੱਚਾ ਪ੍ਰੇਮੀ ਪਹੁੰਚਣ ਲਈ ਲੋਚਦਾ ਹੈ। ਇਸ ਮਿਲਾਪ ਤੋਂ ਭਾਵ ਹਰ ਸੱਚੇ ਪ੍ਰੇਮੀ ਦਾ ਸੁਰਤ ਨੂੰ ਉਚਾਈ ਤੇ ਸਦੀਵ ਲਈ ਰੱਖਣ ਦਾ ਯਤਨ ਹੈ, ਜਿੱਥੇ ਆ ਕੇ 'ਖੇੜੇ' ਵਾਲਾ ਰਸ ਭਰਿਆ ਲਗਾਤਾਰਤਾ ਵਾਲਾ ਜੀਵਨ 'ਮਨ ਤਨ ਰੰਗ ਭੀਨਾ' ਵਾਲਾ ਜੀਵਨ ਹੁੰਦਾ ਹੈ।[107] ਪ੍ਰੀਤ ਵੀਣਾ ਵਿਚ ਇਸੇ ਟੀਸੀ ਨੂੰ ਭਾਈ ਸਾਹਿਬ ਨੇ ਸਾਕਾਰ ਕਰਨ ਦਾ ਯਤਨ ਕੀਤਾ ਹੈ।

ਪ੍ਰੇਮ ਟੀਸੀ ਨੂੰ ਕਈ ਕਲਾਕਾਰਾਂ ਨੇ ਅਨੁਭਵ ਕੀਤਾ ਹੈ, ਪਰ ਇਸ ਨੂੰ ਜੀਵਨ ਵਿਚ ਸੰਪੂਰਣ ਰੂਪ ਵਿਚ ਪ੍ਰਗਟਾ ਨਹੀਂ ਸਕੇ। 'ਪ੍ਰੀਤ ਵੀਣਾ' ਤੋਂ ਪਹਿਲਾਂ ਫ਼ਰਾਂਸੀਸੀ ਲਿਖਾਰੀ ਪੀਅਰ ਲੂਈਸ (Piere Louise) ਨੇ 'ਮਾਡਰਨ ਕਿਊਪਡ ਤੇ ਸਾਇਕੀ' (Modern Cupid & Psyche) ਅਤੇ ਰੋਮਨ ਰੋਲੈਂਡ ਨੇ 'ਐਨੀ ਐਂਡ ਸਿਲਵੀ' (Annie and Sylvie) ਵਿਚ ਵੀ ਪ੍ਰੇਮ ਟੀਸੀ ਦੇ ਆਦਰਸ਼ ਨੂੰ ਪ੍ਰਤੀਕਣ ਦਾ ਯਤਨ ਕੀਤਾ ਸੀ, ਪਰ ਉਹ ਦੋਵੇਂ ਇਸ ਵਿਚ ਸਫਲ ਨਹੀਂ ਹੋ ਸਕੇ ਸਨ। ਦੋਵੇਂ ਮਿਲਾਪ ਦੇ ਛਿਨ ਨੂੰ ਲਗਾਤਾਰਤਾ ਦੇਣ ਤੋਂ ਨਾਕਾਮ ਰਹੇ ਸਨ। ਪਹਿਲੇ ਵਿਚ ਪ੍ਰੇਮੀ ਆਪਣੀ ਪ੍ਰੀਤਮਾ ਨੂੰ ਅਤੇ ਦੂਜੇ ਵਿਚ ਪ੍ਰੀਤਮਾਂ ਆਪਣੇ ਪ੍ਰੇਮੀ ਨੂੰ ਇਸ ਛਿਨ ਮਗਰੋਂ ਛੱਡ ਕੇ ਤੁਰ ਜਾਂਦੀ ਹੈ। ਇਨ੍ਹਾਂ ਦੋਹਾਂ ਲਿਖਾਰੀਆਂ ਦਾ ਮਿਲਾਪ ਦੇ ਛਿਨ ਦਾ ਸਿਖਰ ਜੋਗ ਤੇ ਵਾਸ਼ਨਾ ਦੇ ਰਸ ਕਾਰਨ ਕਰੂਪ ਹੋ ਜਾਂਦਾ ਹੈ। ਭਾਈ ਸਾਹਿਬ ਨੇ ਇੱਥੇ ਪ੍ਰੇਮ ਟੀਸੀ ਵਿਚ ਮਿਲਾਪ ਨੂੰ ਵਾਸ਼ਨਾ ਤੋਂ ਉਤੇ ਉਠਾ ਕੇ ਕਾਲ

---

106. ਪ੍ਰੋ. ਪੂਰਨ ਸਿੰਘ, ਮੁਖਬੰਧ, ਪ੍ਰੀਤ ਵੀਣਾ, ਪੰਨਾ 1
107. ਉਹੀ

ਨੂੰ ਵੀ ਪੌਬਰਾ ਦਿੱਤਾ ਹੈ ਅਤੇ ਵੈਪਿਆਰ ਕੁੱਠੇ ਜੀਵਾਂ ਨੂੰ ਆਪਣੀ ਰੂਹ ਨਾਲ ਇਕ- ਰਸ, ਅਟੱਲ ਤੇ ਅਮਰ ਕਰ ਵਿਖਾਇਆ ਹੈ।[108] ਇਵੇਂ 'ਪ੍ਰੀਤ ਵੀਣਾ' ਰੂਹਾਨੀ ਸੰਜੋਗ ਦਾ ਬਿਆਨ ਹੈ ਜੋ ਭਟਕਦਿਆਂ ਮਨਾਂ ਨੂੰ ਸਰੀਰਕ ਰੋਕਾਂ ਤੋਂ ਉਚਾ ਚੁਕ ਕੇ ਪ੍ਰਭੂ ਦੇ ਚਰਨਾਂ ਨਾਲ ਜੋੜਨ ਲਈ ਪ੍ਰੇਰਦਾ ਹੈ।

'ਪ੍ਰੀਤ ਵੀਣਾ' ਵਿਚ ਇਕ ਵਿਸ਼ੇਸ਼ ਰਸ ਤੇ ਸਰਲਤਾ ਹੈ। ਇੱਥੇ ਸਾਦੇ ਸਾਦੇ ਨਿੱਕੇ ਨਿੱਕੇ ਪਰ ਅਰਥਾਂ ਨਾਲ ਭਰਪੂਰ ਸ਼ਬਦਾਂ ਦੀ ਮੀਨਾਕਾਰੀ ਇਤਨੀ ਸੁੰਦਰ ਹੈ, ਕਿ ਪੜ੍ਹਨ ਨਾਲ ਲੋਰੀਆਂ ਦਾ ਰਸ ਤੇ ਸੁਆਦ ਆਉਂਦਾ ਹੈ।[109] ਇਸੇ ਤਰ੍ਹਾਂ ਦਾ ਸ਼ਾਬਦਿਕ-ਰਸ ਟੈਨੀਸਨ ਦੀ ਕਵਿਤਾ 'ਦੀ ਲੇਡੀ ਆਫ਼ ਸ਼ੈਲਾਟ'[110] ਤੇ ਜੋਨ ਇੰਗੋਲੋ ਦੀ ਕਵਿਤਾ 'ਦੀ ਹਾਈ ਟਾਈਡ ਆਨ ਦੀ ਕੋਸਟ ਆਫ਼ ਲਿੰਕਨਸ਼ਾਇਰ'[111] ਵਿਚ ਵੀ ਮਿਲਦਾ ਹੈ। ਇਨ੍ਹਾਂ ਕਵਿਤਾਵਾਂ ਦਾ ਸੰਗੀਤ 'ਪ੍ਰੀਤ ਵੀਣਾ' ਦੇ ਸੰਗੀਤ ਵਾਂਗ ਸਾਡੇ ਕੰਨਾਂ ਵਿਚ ਗੂੰਜਦਾ ਰਹਿੰਦਾ ਹੈ ਤੇ ਉਹ ਕਵਿਤਾ ਦੇ ਅਭਿੰਨ ਅੰਗ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ, ਕੇਵਲ ਰਸ ਉਤਪਤੀ ਦੇ ਸਾਧਨ ਵਜੋਂ ਨਹੀਂ।[112] 'ਪ੍ਰੀਤ ਵੀਣਾ' ਦੇ ਮੁੱਢ ਵਿਚ ਝੀਲ ਉਤੇ ਰਾਤ ਦਾ ਨਜ਼ਾਰਾ ਤੇ ਹਨੇਰਾ ਸੰਗੀਤ ਰਸ ਵਿਚ ਇਕ ਸੂਖਮ ਸਰਗਮ ਵਜਾ ਰਹਿਆ ਪ੍ਰਤੀਤ ਹੁੰਦਾ ਹੈ:-

ਚਾਰ ਚੁਫੇਰਿਓਂ ਚੁੱਪਾਂ ਛਾਈਆਂ, ਨੀਂਦ ਲੋਰੀਆਂ ਗਾਂਦੀਆਂ ਆਈਆਂ।
ਨਾਲ ਹਨੇਰਾ ਸਾਜ਼ ਲਿਆਈਆਂ ਹੋਰ ਆਵਾਜ਼ਾਂ ਨੀਂਦ ਸੁਆਈਆਂ।[113]

ਇਸ ਸਾਰੀ ਕਵਿਤਾ ਵਿਚ ਵਿਚਾਰ ਸਿੱਧੇ ਨਹੀਂ ਪ੍ਰਗਟ ਕੀਤੇ ਗਏ, ਸਾਰੀ ਰਚਨਾ ਵਿਚ ਖਿਆਲਾਂ ਦੀ ਅਸਿੱਧੇ ਤੌਰ ਤੇ ਫਿੱਕੀ ਫਿੱਕੀ ਕਿਸੇ ਲੁਕਵੀਂ ਰਮਜ਼ ਦੀ ਟੋਹ ਮਿਲਦੀ ਹੈ। ਇੱਥੇ ਸਥੂਲ ਦੇ ਪ੍ਰਤਿ ਸੂਖਮ ਦਾ ਵਿਦ੍ਰੋਹ ਹੈ। ਇਥੇ ਭਾਈ ਸਾਹਿਬ ਦੀ ਸ਼ਬਦਾਂ ਦੀ ਚੋਣ ਐਸੀ ਹੈ ਕਿ ਇਹ ਭਾਵਾਂ ਦੀ ਵਿਅੰਜਨਾ ਦੇ ਸਮਰੱਥ ਹੈ।

---

108. ਪ੍ਰਿੰ. ਅਮਰ ਸਿੰਘ ਮਲਕ, ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ, ਪੰਨਾ 287-88

109. ਸ਼ਾਮਾਂ ਪੈ ਗਈਆਂ, ਲਹਿਰਾਂ ਸੌਂ ਗਈਆਂ,-
ਪਾਣੀ ਸੀਨੇ ਲੱਗ ਲਹਿਰਾਂ ਸੌਂ ਗਈਆਂ,-
ਸਾਰਾ ਦਿਨ ਸਨ ਨਚਦੀਆਂ ਰਹੀਆਂ,
ਨਚ ਨਚ ਕੇ ਹੁਣ ਥਕ ਥਕ ਪਈਆਂ,
ਸੁਹਲ ਜਿੰਦੀਆਂ ਸੁਹਣੀਆਂ ਸਹੀਆਂ-
ਨੈਣੀ ਨੀਂਦਾਂ ਸਨ ਭਰ ਰਹੀਆਂ
ਛਾਤੀ ਤੇ ਸਿਰ ਰੱਖ ਲਹਿਰਾਂ ਸੌਂ ਗਈਆਂ
ਸ਼ਾਮਾਂ ਪੈ ਗਈਆਂ। (ਪ੍ਰੀਤ ਵੀਣਾ, ਪੰਨਾ 3)

110. Willows whiten, aspens quiver
Little breezez dusk and shiver
Thro' the wave that runs for ever
By the Island in the river
Flowing down to Comlet.
( Tennyson- Lady of Shalott )

( Contd. )

ਇਹ ਸਾਰੀ ਰਚਨਾ ਇਕ ਚਿੱਤ੍ਰ- ਸ਼ਾਲਾ ਸਮਾਨ ਹੈ। ਇਸ ਦੇ ਸੱਤ ਬੰਦਾਂ ਵਿਚ ਪ੍ਰਕ੍ਰਿਤੀ ਦੇ ਸੁੰਦਰ ਚਿੱਤ੍ਰ ਉਲੀਕੇ ਮਿਲਦੇ ਹਨ। ਮੁੱਢਲੇ ਬੰਦ ਵਿਚ ਨਜ਼ਾਰਾ ਸ਼ਾਮ ਸਮੇਂ ਸਾਰਾ ਦਿਨ ਉਛਲਦੀਆਂ ਰਹੀਆਂ ਲਹਰਾਂ ਦੇ ਟਿਕਾ ਦਾ ਹੈ:-

ਸ਼ਾਮਾਂ ਪੈ ਗਈਆਂ ਲਹਿਰਾਂ ਸੌਂ ਗਈਆਂ
ਪਾਣੀਆਂ ਸੀਨੇ ਲਗ ਲਹਿਰਾਂ ਸੌਂ ਗਈਆਂ[114] —

ਇਸ ਨਜ਼ਾਰੇ ਤੋਂ ਪੈਦਾ ਹੋਇਆ ਰਾਗ ਸੱਤਾਂ ਬੰਦਾਂ ਵਿਚ ਦੁਹਰਾਇਆ ਮਿਲਦਾ ਹੈ। ਇੱਥੇ ਝੀਲ ਦਾ ਚਿੱਤ੍ਰ, ਸੁਹਣੇ ਦਾ ਬਜਰੇ ਵਿਚ ਪ੍ਰਵੇਸ਼ ਦਾ ਚਿੱਤ੍ਰ, ਤੁਰਦੀ ਰਾਤ ਦਾ ਨਜ਼ਾਰਾ, ਜ਼ਾਲਮ ਦੇ ਹਲਕਾਰਿਆਂ ਦੀ ਭਾਲ ਦਾ ਚਿੱਤ੍ਰ ਬੜੇ ਸੂਖਮ ਤੇ ਸੰਕੇਤਕ ਰੂਪ ਵਿਚ ਉਘਾੜਿਆ ਹੈ। ਇਸ ਕਵਿਤਾ ਵਿਚ ਭਾਈ ਸਾਹਿਬ ਦੀ ਉਪਮਾਂ ਤੇ ਰੂਪਕ ਅਲੰਕਾਰਾਂ ਦੀ ਚੋਣ ਵੀ ਬੜੀ ਰਸ- ਪੂਰਤ ਹੈ।

'ਪ੍ਰੀਤ ਵੀਣਾ' ਭਾਈ ਸਾਹਿਬ ਦੀਆਂ ਉਨ੍ਹਾਂ ਪ੍ਰਤਿਨਿਧ ਰਚਨਾਵਾਂ ਵਿਚ ਗਿਣੀ ਜਾ ਸਕਦੀ ਹੈ, ਜਿਨ੍ਹਾਂ ਰਾਹੀਂ ਭਾਈ ਸਾਹਿਬ ਦੇ ਕਾਵਿ- ਹਿਰਦੇ ਦਾ ਪ੍ਰਕਾਸ਼ ਪੂਰੇ ਜੋਬਨ ਤੇ ਵੇਖਿਆ ਜਾ ਸਕਦਾ ਹੈ।

'<u>ਸੌਦਾਗਰੀ ਬੀਮਾ</u>'

'ਸੌਦਾਗਰੀ ਬੀਮਾ' ਭਾਈ ਸਾਹਿਬ ਦੀ ਬਾਣੀ ਅੰਕਾਂ ਵਿਚ 25-2-1966 ਤੋਂ ਲੈ ਕੇ 28-7-1966 ਤਕ 'ਖਾਲਸਾ ਸਮਾਚਾਰ' ਸਪਤਾਹਕ ਵਿਚ ਪ੍ਰਕਾਸ਼ਿਤ ਅਸੰਗ੍ਰਹਿਤ ਲੰਮੇਰੀ ਕਵਿਤਾ ਹੈ। ਇਸ ਦੇ ਬਾਣੀ ਬੰਦਾਂ ਵਿਚ ਕੇਂਦਰੀ ਵਿਸ਼ਾ ਇਹੋ ਹੈ ਕਿ ਮਨੁੱਖ ਨੂੰ ਜੀਵਨ ਵਿਚ ਸੱਚ ਤੇ ਨੇਕ ਕਰਮਾਂ ਦੀ ਸੌਦਾਗਰੀ ਦਾ ਬੀਮਾ ਮਿਲਦਾ ਹੈ, ਪਰ ਮਨੁੱਖ ਜੀਵਨ ਵਿਚ ਸੱਚ ਦਾ ਵਪਾਰ ਕਰਨ ਦੀ ਥਾਂ ਮਾਇਆ ਵਿਚ ਉਲਝ ਕੇ ਜ਼ਿੰਦਗੀ ਬਰਬਾਦ ਕਰ ਦਿੰਦਾ ਹੈ ਅਤੇ ਜੀਵਨ ਵਿਚ ਸੱਚੀ ਸੌਦਾਗਰੀ ਤੋਂ ਵੰਚਿਤ ਰਹ ਜਾਂਦਾ ਹੈ।

ਇਸ ਕਵਿਤਾ ਵਿਚ ਭਾਈ ਸਾਹਿਬ ਵਿਆਖਿਆ- ਦੇ ਹਨ ਕਿ ਦਿਲ ਦੇ ਬਦਲੇ ਮਾਇਆ ਖਰੀਦੀ ਜਾਂਦੀ ਹੈ, ਪਰ ਜਦ ਮੌਤ ਤੋਂ ਬਾਅਦ 'ਅਸਲੀ ਵਤਨ ਵੰਞਣ' ਦਾ ਸਮਾਂ ਆਉਂਦਾ ਹੈ ਤਾਂ ਮਾਇਆ ਇੱਥੇ ਹੀ ਰਹ ਜਾਂਦੀ ਹੈ।[115] ਜੀਵਨ ਵਿਚ ਕਿਤਨੀ ਵੀ ਮਾਇਆ ਜੋੜ੍ਹ ਲਈ ਜਾਏ, ਮੌਤ ਸਮੇਂ

---

111. Cusha ! Cusha ! Cusha ! calling
Ere the dews were falling
Farre away I heard her song
" Cusha ! Cusha !" all along
( Jean Ingellow- The High Tide on the Coast of Lincoln - shire )

112. " At the close of the poem, you feel the music-echoes ringing in your mind- then you realise that the music is not just a pleasant accompaniment or a clever device to make a story palatable but just as much a part of the poem as the story."
( N.L. Clay, The Narative Art in Verse, 1949,P.20

113. ਪ੍ਰੀਤ ਵੀਣਾ, ਪੰਨਾ 4

114. ਉਹੀ, ਪੰਨਾ 1

115. ਮਾਇਆ ਖ੍ਰੀਦੀ ਦਿਲ ਦੇ ਬਦਲੇ ਦਿਲ ਦੇ ਕੇ ਜਿਨ੍ਹ ਲੀਤੀ।

(ਚਲਦਾ

ਵਸੀਅਤ ਕਰਕੇ ਕਫ਼ਨ ਤੋਂ ਹੱਥ ਬਾਹਰ ਕੱਢ ਕੇ ਹੀ ਜਾਣਾ ਪੈਂਦਾ ਹੈ। ਸੰਸਾਰ ਵਿਚ ਰਾਜ ਤੇ ਤਾਕਤ ਦੇ ਨਸ਼ੇ ਵਿਚ ਮਖ਼ਮੂਰ ਬਾਦਸ਼ਾਹ ਦੌਲਤ ਇਕੱਠੀ ਕਰਨ ਲਈ ਲੋਕਾਂ ਨੂੰ ਥਰ ਥਰ ਕੰਬਾਂਦੇ ਹਨ, ਪਰ ਮੌਤ ਦੇ ਸਮੇਂ ਉਨ੍ਹਾਂ ਨੂੰ ਵੀ ਸਾਰਾ ਕੁਝ ਪੁੱਤਰ ਦੇ ਨਾਂ ਹੀ ਕਰਕੇ ਜਾਣਾ ਪੈਂਦਾ ਹੈ। ਨਾਦਰ ਸ਼ਾਹ ਦਿੱਲੀ ਤੇ ਮਥਰਾ ਦਾ ਕਤਲਾਮ ਕਰਕੇ ਛਬੀ ਕਰੋੜ ਦਾ ਤਖ਼ਤ ਲੁੱਟ ਕੇ ਲੈ ਜਾਂਦਾ ਹੈ, ਪਰ ਮੌਤ ਉਸ ਦੇ ਸਿਰ ਵੀ ਕੂਕਦੀ ਹੈ ਅਤੇ ਉਹ ਕਿਸੇ ਦੇ ਹੱਥੋਂ ਕਤਲ ਹੋ ਕੇ ਸਭ ਕੁਝ ਇੱਥੇ ਛੱਡ ਜਾਂਦਾ ਹੈ। ਮਾਇਆ ਲਈ ਮਾਨਵ ਸੱਜਣ ਧ੍ਰੋਹ-, ਵਿਸਾਹ- ਘਾਤ ਤੇ ਹੋਰ ਦੁਸ਼-ਕਰਮ ਕਰਦਾ ਹੈ, ਪਰ ਵਕਤ ਵਿਹਾ ਜਾਣ ਤੇ ਹੀ ਅਨੁਭਵ ਹੁੰਦਾ ਹੈ ਕਿ ਇਹ ਸਭ ਕੁਝ ਵਿਅਰਥ ਹੈ। ਕਈ ਲੋਕੀ ਮਾਇਆ ਦੇ ਲਾਲਚ ਵਿਚ ਗ਼ੈਰ- ਕੌਮ ਦਾ ਹੱਥ ਠੋਕਾ ਬਣ ਕੇ ਆਪਣੇ ਦੇਸ਼- ਵਾਸੀਆਂ ਨਾਲ ਧ੍ਰੋਹ ਕਮਾਉਂਦੇ ਹਨ, ਜਿਸ ਕਾਰਨ ਦੇਸ਼ ਟੁਕੜੇ ਟੁਕੜੇ ਹੋ ਕੇ ਤਬਾਹ ਹੋ ਜਾਂਦਾ ਹੈ ਅਤੇ ਦੇਸ਼ਵਾਸੀਆਂ ਨੂੰ ਤਸੀਹੇ ਸਹਣੇ ਪੈਂਦੇ ਹਨ।

ਇਸ ਦੇ ਨਾਲ ਹੀ ਭਾਈ ਸਾਹਿਬ ਸੱਚੀ ਸੌਦਾਗਰੀ ਦਾ ਉਲੇਖ ਕਰਦਿਆਂ ਦਸਦੇ ਹਨ ਕਿ ਸੱਚੀ ਸੌਦਾਗਰੀ ਉਹ ਕਰਦੇ ਹਨ ਜੋ ਧਰਮ ਦੇ ਨਾਂ ਤੇ ਜੀਵਨ ਤਕ ਕੁਰਬਾਨ ਕਰ ਦਿੰਦੇ ਹਨ। ਇਸ ਸ਼ੁੱਭ ਸੌਦਾਗਰੀ ਦੇ ਕਰਤਵ ਨੂੰ ਪਾਲਦਿਆਂ ਹੀ ਹਕੀਕਤ ਰਾਏ ਵਰਗੇ ਧਰਮੀ ਆਪਣੇ ਆਪ ਨੂੰ ਹਸਦਿਆਂ ਹਸਦਿਆਂ ਕਤਲ ਕਰਵਾ ਦਿੰਦੇ ਹਨ। ਮਾਇਆ ਤੋਂ ਉਤੇ ਉਠ ਕੇ ਹੀ ਮਨ ਨੂੰ ਸਾਬਤ ਰੱਖਦਿਆਂ ਵੰਡ ਦੇ ਸਮੇਂ ਜ਼ਾਲਮਾਂ ਦੇ ਹਮਲਿਆਂ ਦੇ ਘੇਰੇ ਵਿਚ ਆ ਕੇ ਜਤ- ਸਤ ਨੂੰ ਕਾਇਮ ਰਖਦਿਆਂ ਹੀ ਮੁਟਿਆਰਾਂ ਨੇ ਖੂਹਾਂ ਵਿਚ ਛਾਲਾਂ ਮਾਰ ਦਿੱਤੀਆਂ ਸਨ:

ਜਿੰਦਾਂ ਦਿੱਤੀਆਂ ਜਿਵੇਂ ਸੱਪ ਨੇ- ਕੁੰਜ ਸੁਖਲੀ ਦਿੱਤੀ।
ਜ਼ਾਲਮ ਪਾਸ ਵੇਚ ਮਨ ਦੇਹੀ- ਦੁਨੀਆਂ ਖ਼ੀਦ ਨਾ ਲਿੱਤੀ।
ਸਬਰ ਦਿਲ ਨੇ ਵਤਨੇ ਗਈਆਂ ਜਗ ਵਿਚ ਵਾਹਵਾ ਹੋਈ।
ਖੂਹ ਭਰ ਗਿਆ ਆਖਦਾ, 'ਕੁੜੀਓ! ਧੰਨ ਸੌਦਾਗਰੀ ਕੀਤੀ।[116]

ਜਿਵੇਂ ਭਾਈ ਸਾਹਿਬ ਦੀ ਇਸ ਰਚਨਾ ਵਿਚ ਧਾਰਮਿਕ ਤੇ ਸਦਾਚਾਰਕ ਵਿਚਾਰਾਂ ਦੀ ਬਹੁਲਤਾ ਮਿਲਦੀ ਹੈ। ਇੱਥੇ ਭਾਈ ਸਾਹਿਬ ਇਕ ਉਪਦੇਸ਼ਕ ਵਾਂਗ ਦ੍ਰਿਸ਼ਟਾਂਤ ਦੇ ਕੇ ਆਪਣੇ ਆਸ਼ੇ ਨੂੰ ਸਪਸ਼ਟ ਕਰਦੇ ਹਨ। ਇਸ ਰਚਨਾ ਵਿਚ ਚਿੱਤ੍ਰਾਂ ਤੇ ਅਲੰਕਾਰਾਂ ਦੀ ਵਰਤੋਂ ਵਿਰਲੀ ਹੈ। ਸਾਰੀ ਰਚਨਾ ਵਿਚ ਦਵੈਯਾ

115. ਵਤਨ ਵੰਡਣ ਦਾ ਵੇਲਾ ਆਇਆ ਮਾਇਆ ਠਗੀ ਕੀਤੀ।
ਪਸਰ ਪਈ ਇਹ ਵਤਨ ਆਪਣੇ ਨਾਲ ਨਹੀਂ ਮੈਂ ਟੁਰਦੀ।
ਬੇਦਿਲ ਜਾਣਾ ਪਿਆ ਵਤਨ ਨੂੰ ਭੈੜ ਸੌਦਾਗਰੀ ਕੀਤੀ।
(ਖਾਲਸਾ ਸਮਾਚਾਰ, 24-2-1966, ਜਿਲਦ 67, ਅੰਕ ਨੰ: 17)

116. ਉਹੀ, 28-7. 1966, ਜਿਲਦ 67, ਅੰਕ ਨੰ: 39.

ਛੰਦ ਦੀ ਵਰਤੋਂ ਕੀਤੀ ਗਈ ਹੈ। ਕਈ ਥਾਂ ਸ਼ਬਦਾਂ ਤੇ ਤੁੱਕਾਂ ਨੂੰ ਬਾਰ ਬਾਰ ਵਰਤ ਕੇ ਸਪਸ਼ਟਤਾ ਪੈਦਾ ਕਰਨ ਦਾ ਯਤਨ ਕੀਤਾ ਗਇਆ ਹੈ। ਇਸ ਦੇ ਪਹਿਲੇ ਦਸ ਬੰਦਾਂ ਦੇ ਅੰਤ ਵਿਚ 'ਝਠ ਸੌਦਾਗਰੀ ਕੀਤੀ' ਅਤੇ ਅੰਤਲੇ ਬਾਰਾਂ ਬੰਦਾਂ ਵਿਚ 'ਧੰਨ ਦੀ ਸਚ ਸੌਦਾਗਰੀ ਕੀਤੀ' ਦਾ ਦੁਹਰਾਓ ਮਿਲਦਾ ਹੈ। ਇਸ ਕਵਿਤਾ ਦੀ ਵਿਸ਼ੇਸ਼ਤਾ ਇਤਨੀ ਕਾਵਿ ਗੁਣਾਂ ਕਰਕੇ ਨਹੀਂ, ਜਿਤਨੀ ਇਕ ਵਿਚਾਰ ਲੜੀ ਨੂੰ ਲੰਬੇ ਪ੍ਰਬੰਧ- ਕਾਵਿ ਰੂਪ ਵਿਚ ਬੰਨ੍ਹਣ ਕਰਕੇ ਹੈ।

**ਸਾਰ**

ਭਾਈ ਸਾਹਿਬ ਨੇ ਆਪਣੀਆਂ ਨੀਮਰੀਆਂ ਕਵਿਤਾਵਾਂ ਨਾਲ ਸਹੀ ਅਰਥਾਂ ਵਿਚ ਪੰਜਾਬੀ ਵਿਚ ਆਧੁਨਿਕ ਪੱਛਮੀ ਢੰਗ ਦੀਆਂ ਨੀਮਰੀਆਂ ਕਵਿਤਾਵਾਂ ਨੂੰ ਸ਼ੁਰੂ ਕੀਤਾ ਹੈ। ਉਨ੍ਹਾਂ ਤੋਂ ਪਹਿਲੇ ਦੇ ਪੰਜਾਬੀ ਕਾਵਿ ਵਿਚ ਨੀਮਰੀਆਂ ਕਵਿਤਾਵਾਂ ਸੀਹਰਫ਼ੀਆਂ, ਬਾਰਾਂ-ਮਾਹਿਆਂ, ਵਾਰਾਂ ਤੇ ਪ੍ਰਬੰਧ- ਕਾਵਿ ਦੇ ਰੂਪ ਵਿਚ ਹੀ ਮਿਲਦੀਆਂ ਸਨ। ਭਾਈ ਸਾਹਿਬ ਨੇ ਜੋ ਨੀਮਰੀਆਂ ਕਵਿਤਾਵਾਂ ਲਿਖੀਆਂ ਹਨ, ਉਨ੍ਹਾਂ ਵਿਚ ਦਾਰਸ਼ਨਿਕ ਤੇ ਆਦਰਸ਼- ਵਿਅੰਜਕ, ਉਪਦੇਸ਼ਾਤਮਿਕ ਤੇ ਨੀਤੀਵਾਦੀ, ਵਿਵਰਣਾਤਮਿਕ ਅਤੇ ਵਰਣਨਾਤਮਿਕ, ਦੇਸ਼- ਭਗਤੀ ਅਤੇ ਸਾਮਿਅਕ ਜੀਵਨ ਸੰਬੰਧੀ ਅੰਸ਼ ਸਮਾਏ ਹੋਏ ਮਿਲਦੇ ਹਨ। ਇਨ੍ਹਾਂ ਵਿਚ ਜੀਵਨ ਦੇ ਰਹੱਸ, ਨੈਤਿਕ ਜੀਵਨ- ਆਦਰਸ਼, ਪ੍ਰੇਮ ਤੇ ਕਰੁਣਾ, ਸੰਜਮ ਤੇ ਸਾਧਨਾ ਅਤੇ ਤਿਆਗ ਤੇ ਸਿਮਰਨ ਨੂੰ ਮਾਨਵਤਾ ਦੀਆਂ ਉਥਾਨ ਮੂਲਕ ਪ੍ਰਵਿਰਤੀਆਂ ਦੇ ਰੂਪ ਵਿਚ ਪ੍ਰਗਟ ਕੀਤਾ ਗਇਆ ਹੈ।

ਭਾਈ ਸਾਹਿਬ ਦੀਆਂ ਨੀਮਰੀਆਂ ਕਵਿਤਾਵਾਂ ਵਿਚੋਂ ਉਨ੍ਹਾਂ ਦੀ ਅੰਤਰ-ਮੁਖੀ ਪ੍ਰਵਿਰਤੀ ਵਲ ਸੰਕੇਤ ਵਧੇਰੇ ਮਿਲਦਾ ਹੈ। ਇਨ੍ਹਾਂ ਰਚਨਾਵਾਂ ਵਿਚ ਭਾਈ ਸਾਹਿਬ ਦਾ ਨਿਰੰਤਰ ਤੌਰ ਤੇ ਬਾਹਰਮੁਖੀ ਆਕਰਸ਼ਣ ਤੋਂ ਉਤੇ ਉਠਣ ਦਾ ਯਤਨ ਦਿਖਾਈ ਦਿੰਦਾ ਹੈ। ਇਹ ਨੀਮਰੀਆਂ ਕਵਿਤਾਵਾਂ ਉਨ੍ਹਾਂ ਦੇ ਗਿਆਨ, ਸੂਝ ਤੇ ਕਲਪਨਾ ਦੀਆਂ ਉਡਾਰੀਆਂ ਦੀ ਪੂਰੀ ਤਰ੍ਹਾਂ ਵਿਆਖਿਆ ਕਰਦੀਆਂ ਹਨ।

ਇਨ੍ਹਾਂ ਨੀਮਰੀਆਂ ਕਵਿਤਾਵਾਂ ਵਿਚ ਭਾਈ ਸਾਹਿਬ ਦੀ ਨਿਰੂਪਣ ਮੁਕਤੀ ਤੇ ਵੈਦਿਕ ਗੁਣਾਂ ਦਾ ਸੰਜੋਗ ਮਿਲਦਾ ਹੈ। ਇਨ੍ਹਾਂ ਰਾਹੀਂ ਕਿਸੇ ਕਥਾ ਨੂੰ ਹੀ ਬਿਆਨ ਕਰਨਾ ਭਾਈ ਸਾਹਿਬ ਦਾ ਮਨੋਰਥ ਨਹੀਂ, ਉਹ ਕਿਸੇ ਅਲਪ ਜਹੀ ਕਥਾ, ਘਟਨਾ, ਦ੍ਰਿਸ਼ ਅਤੇ ਪਾਤਰਾਂ ਨੂੰ ਰੂਪਮਾਨ ਕਰਕੇ ਬੜੇ ਮਾਰਮਿਕ ਢੰਗ ਨਾਲ ਇਨ੍ਹਾਂ ਨੂੰ ਦੀਰਘ ਭਾਵ ਚਿੱਤ੍ਰਨ ਦਾ ਸੋਮਾ ਬਣਾ ਲੈਂਦੇ ਹਨ। ਇਨ੍ਹਾਂ ਕਵਿਤਾਵਾਂ ਦੇ ਬਿਆਨ ਵਿਚ ਨਜ਼ਾਰਾ ਪੇਸ਼ ਕਰਨਾ, ਤੀਬਰ ਭਾਵ ਪ੍ਰਗਟਾਉਣੇ ਤੇ ਵਾਤਾਵਰਣ ਕਾਇਮ ਕਰਨ ਦੇ ਗੁਣ ਘਟ ਜਾਂ ਵਧ ਜ਼ੋਰ ਨਾਲ ਜ਼ਰੂਰ ਮਿਲਦੇ ਹਨ।

ਇਨ੍ਹਾਂ ਕਵਿਤਾਵਾਂ ਨੂੰ ਉਲੀਕਣ ਲਈ ਭਾਈ ਸਾਹਿਬ ਨੇ ਵਿਭਿੰਨ ਵਿਧੀਆਂ ਦੇ ਪ੍ਰਯੋਗ ਕੀਤੇ ਹਨ। ਉਨ੍ਹਾਂ ਨੇ ਸੰਵਾਦ ਦੀ ਵਿਧੀ, ਨਾਟਕੀ ਏਕਾਲਾਪ ਅਥਵਾ ਆਤਮ- ਸੰਲਾਪਾਤਮਿਕ ਅਤੇ ਵਰਣਨਾਤਮਿਕ- ਬਿਰਤਾਂਤਕ- ਸੰਵਾਦਾਤਮਿਕ ਮਿਸ਼ਰਤ ਢੰਗ ਦੀ ਵਿਧੀ ਦੀ ਸਹਾਇਤਾ ਨਾਲ ਵਸਤੂ ਦੇ ਨਿਰਮਾਣ ਦਾ ਯਤਨ ਕੀਤਾ ਹੈ। ਇਨ੍ਹਾਂ ਕਵਿਤਾਵਾਂ ਵਿਚ ਭਾਈ ਸਹਿਬ ਦੀ ਦ੍ਰਿਸ਼ਟੀ, ਸ਼ੈਲੀ ਤੇ ਪਾਤਰ, ਉਨ੍ਹਾਂ

ਦੇ ਆਪਣੇ ਹੀ ਰਹੇ ਹਨ। ਇਨ੍ਹਾਂ ਵਿਚ ਵਸਤੂ ਵਿਅੰਜਨਾ, ਸ਼ੀਲ ਨਿਰੂਪਣ ਅਤੇ ਭਾਵ-ਅਭਿਵਿਅਕਤੀ ਦੇ ਗੁਣ ਉਨ੍ਹਾਂ ਦੀ ਕਾਵਿ ਸ਼ੈਲੀ ਦੇ ਮੁੱਖ ਉਪਾਦਾਨ ਦੇ ਤੌਰ ਤੇ ਮਿਲਦੇ ਹਨ। ਇਨ੍ਹਾਂ ਰਚਨਾਵਾਂ ਵਿਚ ਉਨ੍ਹਾਂ ਦੀ ਭਾਵਨਾ, ਕਲਪਨਾ, ਮੌਲਿਕਤਾ, ਗੰਭੀਰਤਾ ਅਤੇ ਇਕ ਅਭਿੰਨ ਸਵਤੰਤ੍ਰਤਾ ਦਾ ਸੰਚਾਰ ਹੋਇਆ ਮਿਲਦਾ ਹੈ।

ਭਾਈ ਸਾਹਿਬ ਦੀਆਂ ਇਨ੍ਹਾਂ ਲੰਮੇਰੀਆਂ ਕਵਿਤਾਵਾਂ ਦੀ ਤੁਲਨਾ ਪੰਜਾਬੀ ਦੇ ਤੱਤ-ਕਾਲੀਨ ਕਵੀਆਂ ਦੀਆਂ ਲੰਮੇਰੀਆਂ ਕਵਿਤਾਵਾਂ ਨਾਲ ਸਮਝ ਕੇ ਹੀ ਕਰਨੀ ਚਾਹੀਦੀ ਹੈ। ਵਰਣਨ ਪ੍ਰਧਾਨ ਅਤੇ ਬਾਹਰਮੁਖੀ ਧਿਆਨ ਵਾਲੀਆਂ ਕਵਿਤਾਵਾਂ ਨਾਲ ਇਨ੍ਹਾਂ ਦੀ ਬਰਾਬਰੀ ਸੁਵਿਧਾ ਪੂਰਵਕ ਢੰਗ ਨਾਲ ਨਹੀਂ ਕੀਤੀ ਜਾ ਸਕਦੀ, ਕਿਉਂਕਿ ਇਨ੍ਹਾਂ ਦੀ ਪ੍ਰਕ੍ਰਿਤੀ ਹੀ ਉਨ੍ਹਾਂ ਨਾਲੋਂ ਭਿੰਨ ਹੈ। ਇਨ੍ਹਾਂ ਕਵਿਤਾਵਾਂ ਵਿਚ ਭਾਵਨਾ ਦੀ ਜੋ ਡੂੰਘਾਈ ਅਤੇ ਨਿਸ਼ਠਾ ਦਿਖਾਈ ਦਿੰਦੀ ਹੈ, ਉਹ ਭਾਈ ਸਾਹਿਬ ਦੀ ਆਪਣੀ ਵਸਤੂ ਹੈ। ਇਨ੍ਹਾਂ ਵਿਚ ਜੋ ਇਕ ਅਨਗੜ੍ਹ ਪ੍ਰਵਾਹ ਦਿਖਾਈ ਦਿੰਦਾ ਹੈ, ਉਹ ਭਾਈ ਸਾਹਿਬ ਦੇ ਕਾਵਿ ਹਿਰਦੇ ਦੇ ਹੀ ਅੰਤਰ- ਦ੍ਰਿਸ਼ਟੀ ਦੇ ਪ੍ਰਵਾਹ ਦਾ ਪ੍ਰਤਿਬਿੰਬ ਹੈ। ਇਸੇ ਲਈ ਉਨ੍ਹਾਂ ਦੀਆਂ ਇਹ ਕਵਿਤਾਵਾਂ ਵਿਅਕਤਿਤਵ ਨਿਸ਼ਠ, ਆਤਮ ਅਭਿਮੁਖੀ ਅਤੇ ਭਾਵ ਪ੍ਰਧਾਨ ਹਨ।

ਭਾਈ ਸਾਹਿਬ ਦੀਆਂ ਕੁਝ ਲੰਮੇਰੀਆਂ ਕਵਿਤਾਵਾਂ: 'ਜੀਵਨ ਕੀ ਹੈ'?, 'ਜਮਨਾ ਕਲਗੀਆਂ ਵਾਲੇ ਦੇ ਦੀਦਾਰ ਦੀ ਸਿੱਕ ਵਿਚ', 'ਹਿਮਾਲਯ- ਗੰਗਾ- ਸਮੁੰਦਰ', 'ਬੁਲਬੁਲ ਤੇ ਚਾਹੀ', 'ਪ੍ਰਸੁਪਾਵਤੀ- ਚੰਦ੍ਰਾਵਤ', 'ਗੂੰਗਿਆ ਤੋਤਾ' (ਲਹਿਰਾਂ ਦੇ ਹਾਰ), 'ਅਟਕ', 'ਕੁਤਬ ਦੀ ਲਾਠ', 'ਬੇਲਾ ਭੁਆਣੀ' (ਬਿਜਲੀਆਂ ਦੇ ਹਾਰ), ਫੁਰਾਮੁਰਜ਼ ਦੀ ਵਿਲਕਣੀ(ਮਟਕ ਹੁਲਾਰੇ), 'ਪ੍ਰੀਤ ਵੀਣਾ', 'ਕੰਤ ਮਹੇਲੀ', 'ਚਿਰਥਲ ਬਿਰਹਨੀ ਤੇ ਕੋਇਲ'[117], 'ਫਰਿਆਦ'[118], 'ਇਹ ਨੈਣ ਬਿਦੇਸੀ'[119], 'ਆਗਤ ਪਤਿਕਾ'[120], 'ਬਸੰਤ ਆਇਆ'[121] (ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਤ ਅਸੰਗ੍ਰਹਿਤ) ਬੜੇ ਕਲਾਤਮਿਕ ਰੂਪ ਵਿਚ ਉਜਾਗਰ ਹੋਈਆਂ ਹਨ।

ਲੰਮੀ ਕਵਿਤਾ ਇਕ ਵਿਸਥਾਰ ਮਈ ਰਚਨਾ ਹੈ ਅਤੇ ਇਸ ਲਈ ਇਸ ਵਿਚ ਜਜ਼ਬੇ ਦੀ ਤੀਬਰਤਾ ਦਾ ਇਕਸਾਰ ਰਹਣਾ ਕਠਿਨ ਹੁੰਦਾ ਹੈ। ਇਸ ਕਰਕੇ ਲੰਮੀ ਕਵਿਤਾ ਵਿਚ ਕਾਵਿ- ਪੱਧਰ ਦਾ

---

| | | | | | |
|---|---|---|---|---|---|
| 117. | ਖਾਲਸਾ ਸਮਾਚਾਰ | 9-8-1962<br>16-8-1962 | ਜਿਲਦ ਨੰ:63 | ਅੰਕ ਨੰ: | 36 ਤੇ 37 |
| 118. | ਉਹੀ | 6-9-1962<br>13-9-1962 | " | " | " 40 ਤੇ 41 |
| 119. | ਉਹੀ | 9-2-1967 | " | 68 | " 11 |
| 120 | ਉਹੀ | 2-3-1967<br>9-3-1967<br>16-3-1967 | " | " | " 14 ਤੋਂ 16 |
| 121. | ਉਹੀ | 30-3-1967<br>6-4-1967<br>20-4-1967<br>27-4-1967 | " | " | " 18-ਤੋਂ 21 |

ਮਿਆਰ ਬਦਲਦਾ ਰਹਿੰਦਾ ਹੈ। ਕਿਸੇ ਥਾਂ ਨਿਰਾ ਬੜਾ ਕਲਾਮਈ ਹੁੰਦਾ ਹੈ ਤੇ ਕਿਸੇ ਥਾਂ ਇਹ ਸਾਧਾਰਣ ਪੱਧਰ ਤੋਂ ਵੀ ਹੇਠਾਂ ਚਲਾ ਜਾਂਦਾ ਹੈ।[122] ਇਹ ਕਥਨ ਭਾਈ ਸਾਹਿਬ ਦੀਆਂ ਵੀ ਕੁਝ ਲੰਮੇਰੀਆਂ ਕਵਿਤਾਵਾਂ: 'ਨਰਗਸ' 'ਅਰਸ਼ੀ ਯਾਰਾਂ ਦੇ ਵਿਛੋੜੇ', 'ਬਿਸਮਿਲ ਮੋਰ'(ਲਹਿਰਾਂ ਦੇ ਹਾਰ), 'ਮਰਦ ਦਾ ਕੁੱਤਾ' (ਬਿਜਲੀਆਂ ਦੇ ਹਾਰ) 'ਨਿਰਵਾਣ ਦਰਜਾ'(ਪੋਥੀ ਰੂਪ ਵਿਚ), 'ਸੌਦਾਗਰੀ ਬੀਮਾ'[123] (ਖ਼ਾਲਸਾ ਸਮਾਚਾਰ ਵਿਚ ਪ੍ਰਕਾਸ਼ਿਤ) ਤੇ ਵੀ ਲਾਗੂ ਹੁੰਦਾ ਹੈ, ਕਿਉਂਕਿ ਇਨ੍ਹਾਂ ਵਿਚ ਬਿਆਨ ਕਿਸੇ ਥਾਂ ਬੜਾ ਕਲਾਤਮਿਕ ਅਤੇ ਕਿਸੇ ਥਾਂ ਸਿੱਧਾ ਉਪਦੇਸ਼ ਬ੍ਰਿਤੀ ਅਧੀਨ ਹੋਣ ਕਰਕੇ ਕੁਝ ਸਾਧਾਰਨ ਤੇ ਢਿੱਲਾ ਹੋ ਜਾਂਦਾ ਹੈ। ਇਨ੍ਹਾਂ ਵਿਚ ਜਿਥੇ ਵੀ ਭਾਈ ਸਾਹਿਬ ਦਾ ਉਪਦੇਸ਼ਕ ਵਿਆਖਿਆਤਾ ਰੂਪ ਪ੍ਰਗਟ ਹੁੰਦਾ ਹੈ, ਉਹ ਆਦੇਸ਼- ਉਪਦੇਸ਼ ਅਤੇ ਆਵੇਦਨ- ਨਿਵੇਦਨ ਵਿਚ ਘੁਸ ਜਾਣ ਕਰਕੇ ਕਲਾਕਾਰ ਰੂਪ ਤੇ ਕੁਝ ਭਾਰੂ ਹੁੰਦੇ ਹਨ। ਪਰ ਲੰਮੇਰੀਆਂ ਕਵਿਤਾਵਾਂ ਵਿਚ ਇਵੇਂ ਹੋ ਜਾਣਾ ਕੁਝ ਹੱਦ ਤਕ ਸੁਭਾਵਿਕ ਹੁੰਦਾ ਹੈ।

ਭਾਈ ਸਾਹਿਬ ਦੀਆਂ ਲੰਮੇਰੀਆਂ ਕਵਿਤਾਵਾਂ ਦੀ ਮਹੱਤਤਾ ਇਸ ਵਿਚ ਵੀ ਹੈ ਕਿ ਇਨ੍ਹਾਂ ਵਿਚ ਇਤਨੀ ਸ਼ਕਤੀ ਜ਼ਰੂਰ ਹੈ ਕਿ ਇਨ੍ਹਾਂ ਨੂੰ ਬਾਰ ਬਾਰ ਪੜ੍ਹਨ ਤੇ ਵੀ ਇਕ ਰਸ ਮਿਲਦਾ ਹੈ ਅਤੇ ਦੂਜਾ ਇਨ੍ਹਾਂ ਰਾਹੀਂ ਕਾਵਿ ਦੇ ਬਿਆਨੀਆ ਪੱਖ ਦੀ ਵਿਭਿੰਨਤਾ ਤੇ ਵਿਸ਼ਾਲਤਾ ਦਾ ਪ੍ਰਦਰਸ਼ਨ ਹੁੰਦਾ ਹੈ। ਇਹੋ ਲੰਮੇਰੀ ਕਵਿਤਾ ਦੇ ਦੋ ਵੱਡੇ ਮਾਪ ਸਮਝੇ ਜਾਂਦੇ ਹਨ, ਜਿਨ੍ਹਾਂ ਤੇ ਭਾਈ ਸਾਹਿਬ ਦੀਆਂ ਲੰਮੇਰੀਆਂ ਕਵਿਤਾਵਾਂ ਪੂਰੀਆਂ ਉਤਰਦੀਆਂ ਹਨ।[124]

ਭਾਈ ਸਾਹਿਬ ਨੇ ਆਧੁਨਿਕ ਪੰਜਾਬੀ ਕਵਿਤਾ ਵਿਚ ਜਿਥੇ ਆਧੁਨਿਕ ਲੰਮੇਰੀਆਂ ਕਵਿਤਾਵਾਂ ਦੀ ਪਰੰਪਰਾ ਨੂੰ ਸ਼ੁਰੂ ਕੀਤਾ ਹੈ, ਉਥੇ ਉਨ੍ਹਾਂ ਨੇ ਇਨ੍ਹਾਂ ਰਾਹੀਂ ਹੋਰ ਪੰਜਾਬੀ ਕਵੀਆਂ ਨੂੰ ਵੀ ਕਾਫ਼ੀ ਪ੍ਰਭਾਵਿਤ ਕੀਤਾ ਹੈ। ਭਾਈ ਸਾਹਿਬ ਨੇ ਲੰਮੇਰੀਆਂ ਕਵਿਤਾਵਾਂ ਵਿਚ ਸੰਵਾਦਾਤਮਿਕ ਵਿਧੀ ਨੂੰ ਅਪਣਾਇਆ ਸੀ। ਇਸ ਵਿਧੀ ਦਾ ਪ੍ਰਯੋਗ ਧਨੀ ਰਾਮ ਚਾਤ੍ਰਿਕ ਜੀ ਦੀਆਂ ਕਵਿਤਾਵਾਂ 'ਬਾਲ ਵਿਧਵਾ' ਤੇ 'ਬੁਲਬੁਲ' (ਚੰਦਨਵਾੜੀ) ਵਿਚ ਮਿਲਦਾ ਹੈ। ਭਾਈ ਸਾਹਿਬ ਨੇ ਨਾਟਕੀ ਏਕਾਲਾਪ ਅਥਵਾ ਆਤਮ-ਸੰਲਾਪਾਤਮਿਕ( Dramatic Monologue) ਦਾ ਪ੍ਰਯੋਗ ਪੰਜਾਬੀ ਵਿਚ ਪਹਿਲੀ ਵੇਰਾਂ ਸ਼ੁਰੂ ਕੀਤਾ ਸੀ, ਉਸੇ ਤਰ੍ਹਾਂ ਦੇ ਪ੍ਰਯੋਗ ਚਾਤ੍ਰਿਕ ਜੀ ਦੀ ਕਵਿਤਾ 'ਰਾਧਾ ਸੰਦੇਸ਼'(ਚੰਦਨ ਵਾੜੀ), ਪ੍ਰੋ. ਮੋਹਨ ਸਿੰਘ ਦੀ

---

122. " If you plotted the graph of the strength of the poetry in a long poem you would get a wavy line which at some points would dip below the level at which speech becomes poetry." ( L.S. Harris, The Nature of English Poetry, P. 63 )

123. ਖ਼ਾਲਸਾ ਸਮਾਚਾਰ, 25-2- 1966 ਤੋਂ 28-7-1966 ਤਕ

124. " 1-Can it stand being read over and over again with concentration.
2-Does it help to show the range and variety of the Narrative in verse." ( N.L. Clay, The Narrative Art in Verse, 1949, P. Viii)

ਕਵਿਤਾ 'ਅੰਬੀ ਦੇ ਬੂਟੇ ਥੱਲੇ' (ਸਾਵੇ ਪੱਤਰ),ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਮਜਬੂਰ','ਮਾਂ ਤੇ ਧੀ ਦਾ ਵਿਰਲਾਪ' (ਸਰਘੀ ਵੇਲਾ) ਵਿਚ ਵਿਸ਼ੇਸ਼ ਤੌਰ ਤੇ ਮਿਲਦਾ ਹੈ। ਭਾਈ ਸਾਹਿਬ ਨੇ ਜੋ ਆਤਮ-ਪੁਰਕਾਰਾਂ ਦੀ ਅਭਿਵਿਅਕਤੀ ਦੀ ਲੀਹ ਤੋਰੀ ਸੀ, ਉਸ ਨੇ ਆਉਣ ਵਾਲੇ ਕਵੀਆਂ ਨੂੰ ਖਾਸ ਤੌਰ ਤੇ ਪ੍ਰਭਾਵਿਤ ਕੀਤਾ ਹੈ। ਇਸ ਦਾ ਪ੍ਰਯੋਗ ਚਾਤ੍ਰਿਕ ਜੀ ਦੀਆਂ ਕਵਿਤਾਵਾਂ 'ਕੌਰਾ ਕਾਦਰ','ਪੰਜਾਬ','ਅੰਮ੍ਰਿਤਸਰ-ਸਿਫ਼ਤੀ ਦਾ ਘਰ','ਬਾਨ ਵਰੇਸ','ਜੀਉਣ ਪੰਧ'(ਚੰਦਨ ਵਾੜੀ),'ਅਰਸ਼ੀ ਕਿਣਕਾ'(ਨਵਾਂ ਜਹਾਨ); ਪ੍ਰੋ. ਮੋਹਨ ਸਿੰਘ ਦੀਆਂ ਕਵਿਤਾਵਾਂ ਬਸੰਤ(ਸਾਵੇ ਪੱਤਰ),'ਕਸ਼ਮੀਰ','ਤਾਜ ਮਹਲ'(ਕਸੁੰਭੜਾ),'ਮੇਰਾ ਦੇਸ਼','ਸਤ ਸੰਗ','ਗੋਰੀ ਮੁੰਗਲੀ ਵਿਚ ਕਲਾਵੇ' (ਅਧਵਾਟੇ),'ਧੀਦੋ ਦੀ ਜਵਾਨੀ','ਹਨੇਰਾ','ਮੌਲੀ ਮੁੜ ਕੇ ਧਰਤੀ ਚੀਨ ਦੀ' (ਕਚ- ਸਚ); ਅੰਮ੍ਰਿਤਾ ਪ੍ਰੀਤਮ ਦੀਆਂ ਕਵਿਤਾਵਾਂ 'ਕਿਕਰਾ ਵੇ ਕੰਡਿਆਲਿਆ', 'ਤਵਾਰੀਖ','ਅਮਨ ਦੇ ਗੀਤ'(ਸਰਘੀ ਵੇਲਾ),'ਅੱਜ ਆਖਾਂ ਵਾਰਸ ਸ਼ਾਹ ਨੂੰ','ਪੰਜਾਬ ਦੀ ਕਹਾਣੀ' (ਲੰਮੀਆਂ ਵਾਟਾਂ),'ਸੁਨੇਹੜੇ'(ਸੁਨੇਹੜੇ),'ਦਿਲਾਂ ਦੇ ਭੇਤ' (ਅਸ਼ੋਕਾ ਚੇਤੀ) ਅਤੇ ਪ੍ਰੋ. ਪੂਰਨ ਸਿੰਘ ਦੀਆਂ ਕਵਿਤਾਵਾਂ 'ਜਵਾਨ ਪੰਜਾਬ ਦੇ','ਖੂਹ ਤੇ' (ਖੁੱਲ੍ਹੇ ਮੈਦਾਨ) ਆਦਿਕ ਵਿਚ ਮਿਲਦਾ ਹੈ।

ਬਾਕੀ ਧਨੀ ਰਾਮ ਚਾਤ੍ਰਿਕ ਜੀ ਨੇ ਭਾਈ ਸਾਹਿਬ ਵਾਲੀ ਸਮਾਜਿਕ ਤੇ ਸਦਾਚਾਰਕ ਉਪਦੇਸ਼ਕ ਬਿਰਤੀ ਨੂੰ x ਵੀ ਆਪਣੀਆਂ ਲੰਮੇਰੀਆਂ ਕਵਿਤਾਵਾਂ ਵਿਚ ਅਪਣਾਇਆ ਹੈ। ਉਨ੍ਹਾਂ ਦਾ ਭਾਈ ਸਾਹਿਬ ਨਾਲੋਂ ਫ਼ਰਕ ਇਹ ਹੈ ਕਿ ਭਾਈ ਸਾਹਿਬ ਨੇ ਕਿਸੇ ਵੀ ਕਵਿਤਾ ਵਿਚ ਆਪ ਸਿੱਧਾ ਉਪਦੇਸ਼ ਨਹੀਂ ਦਿੱਤਾ, ਉਨ੍ਹਾਂ ਨੇ ਉਪਦੇਸ਼ ਨੂੰ ਕਿਸੇ ਰਾਹੀਂ ਦਿੱਤਾ ਹੈ,ਪਰ ਚਾਤ੍ਰਿਕ ਜੀ ਨੇ ਕਈ ਕਵਿਤਾਵਾਂ ਜਿਵੇਂ'ਗ੍ਰਹਸਥ ਦਾ ਧਰਮ','ਤ੍ਰਿਸ਼ਨਾ ਦਾ ਪੁਤਲਾ','ਬਲਦ ਦੀ ਕਹਾਣੀ'(ਚੰਦਨ ਵਾੜੀ),'ਸਿਹਰਾ'(ਨਵਾਂ ਜਹਾਨ) ਵਿਚ ਨੀਤੀ ਉਪਦੇਸ਼ ਦਾ ਪ੍ਰਚਾਰ ਸਿੱਧਾ ਆਪ ਕੀਤਾ ਹੈ।

ਭਾਈ ਸਾਹਿਬ ਦੀ ਅਪਣਾਈ ਬਿਰਤਾਂਤਕ-xxx ਵਰਣਨਾਤਮਿਕ ਢੰਗ ਦੀਆਂ ਕਵਿਤਾਵਾਂ ਦਾ ਪ੍ਰਭਾਵ ਚਾਤ੍ਰਿਕ ਜੀ ਦੀ 'ਸੁਰਗੀ ਜੀਉੜੇ' (ਚੰਦਨ ਵਾੜੀ) ਅਤੇ ਪ੍ਰੋ. ਮੋਹਨ ਸਿੰਘ ਦੀਆਂ ਕਵਿਤਾਵਾਂ 'ਛੌਤੇ ਦੀ ਬੇਰੀ','ਸੈਦਾ ਤੇ ਸਬਜ਼ਾ','ਦੇਸ਼ ਪਿਆਰ' (ਸਾਵੇ ਪੱਤਰ),'ਕੁੜੀ ਪੋਠੋਹਾਰ ਦੀ', 'ਰਾਣੀ ਸਾਹਿਬ ਕੌਰ'(ਕਸੁੰਭੜਾ) ਆਦਿਕ ਤੇ ਮਿਲਦਾ ਹੈ।

ਇਹ ਭਾਈ ਸਾਹਿਬ ਦੇ ਪ੍ਰਭਾਵ ਸਦਕਾ ਹੀ ਹੈ ਕਿ ਉਨ੍ਹਾਂ ਦੀ ਚਲਾਈ ਲੀਹ ਤੇ ਟੁਰਦਿਆਂ ਆਪਣੀ ਮੌਲਿਕਤਾ ਤੇ ਸੂਖ਼ਮਸੀਅਤ ਦੇ ਸੰਜੋਗ ਨਾਲ ਪ੍ਰੋ. ਪੂਰਨ ਸਿੰਘ,ਲਾਲਾ ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਆਦਿਕ ਨੇ ਇਸ ਪਰੰਪਰਾ ਵਿਚ ਕਾਫ਼ੀ ਵਾਧਾ ਕੀਤਾ ਹੈ। ਹੁਣ ਪਿਛਲੇ ਕੁਝ ਕੁ ਸਾਲਾਂ ਤੋਂ ਲੰਮੇਰੀਆਂ ਕਵਿਤਾਵਾਂ ਦੀ ਰਚਨਾ ਵੱਲ ਘਟ ਧਿਆਨ ਦਿੱਤਾ ਜਾ ਰਹਿਆ ਹੈ। "ਹਰ ਕੋਈ ਨਵਾਂ ਕਵੀ ਛੋਟੀ ਕਵਿਤਾ ਜੋ ਥੋੜ੍ਹ- ਵਿਤੀ ਅਤੇ ਥੋੜ੍ਹ ਪੂੰਜੀ ਹੁੰਦੀ ਹੈ, ਲਿਖ ਕੇ ਸਬਰ ਕਰ ਲੈਂਦਾ ਹੈ।ਇਸ ਲਈ ਇਸ ਗੱਲ ਦਾ ਬੜਾ ਡਰ ਹੈ ਕਿ ਪੰਜਾਬੀ ਵਿਚ ਲੰਮੇਰੀ ਕਵਿਤਾ ਦਾ ਰਿਵਾਜ ਘਟਦਾ ਘਟਦਾ ਮੁੱਕ ਹੀ ਨਾ ਜਾਵੇ।"[125]

ਭਾਈ ਸਾਹਿਬ ਦੀ ਵਿਸ਼ੇਸ਼ਤਾ ਹੈ ਕਿ ਉਹ ਕਦੇ ਵੀ ਮਿਹਨਤ ਤੋਂ ਨਹੀਂ ਕਤਰਾਉਂਦੇ ਸਨ, ਇਸੇ ਕਰਕੇ ਉਹ xxx ਗਿਣਤੀ ਵਿਚ ਪੰਜਾਬੀ ਵਿਚ ਹੁਣ ਤਕ ਸਭ ਤੋਂ ਵਧੇਰੇ ਤਕਰੀਬਨ 31

ਨ ਲਾਲ ... ਦਰਨ , ਕ ... ਤ, 3.

## (ਸ) ਛੋਟੀਆਂ ਕਵਿਤਾਵਾਂ

ਸਵਤੰਤ੍ਰ ਰੂਪ ਵਿਚ ਰਸ- ਸੰਚਾਰ ਵਿਚ ਸੂਖਮ ਅਥਵਾ ਪੂਰਵ ਤੇ ਪਰ ਦੀ ਸਹਾਇਤਾ ਤੋਂ ਬਿਨਾ ਰਸ ਦੇਣ ਦੀ ਸਮਰੱਥਾ ਰੱਖਣ ਵਾਲੀ ਕਾਵਿ ਰਚਨਾ ਨੂੰ ਛੋਟੀ ਕਵਿਤਾ ਕਹਿਆ ਜਾਂਦਾ ਹੈ। ਛੋਟੀ ਕਵਿਤਾ ਵਿਚ ਕਿਸੇ ਇਕ ਭਾਵ, ਕਲਪਨਾ ਜਾਂ ਵਿਚਾਰ ਨੂੰ ਪਦ ਵਿਚ ਗੁੰਨ੍ਹਿਆ ਜਾਂਦਾ ਹੈ ਅਤੇ ਇਸ ਦੇ ਸੀਮਤ ਆਕਾਰ ਵਿਚ ਅਭਿਵਿਅਕਤੀ ਨੂੰ ਚਮਤਕਾਰ- ਪੂਰਨ ਬਣਾਉਣ ਦਾ ਯਤਨ ਕੀਤਾ ਜਾਂਦਾ ਹੈ। ਛੋਟੀ ਕਵਿਤਾ ਵਿਚ ਸੰਖਿਪਤਾ ਤੇ ਸਰਸਤਾ ਦੇ ਗੁਣਾਂ ਦੀ ਬੜੀ ਲੋੜ ਹੁੰਦੀ ਹੈ। ਛੋਟੀ ਕਵਿਤਾ ਦਾ ਲੰਮੇਰੀ ਕਵਿਤਾ ਨਾਲੋਂ ਅੰਤਰ ਇਹੋ ਹੈ ਕਿ ਛੋਟੀ ਕਵਿਤਾ ਵਿਚ ਜੀਵਨ ਦੇ ਖੰਡ, ਖੰਡ ਵੀ ਨਹੀਂ, ਉਸ ਦੇ ਵੀ ਅੰਸ਼ ਦਾ ਅੰਕਣ ਹੁੰਦਾ ਹੈ, ਜਦੋਂ ਕਿ ਲੰਮੇਰੀ ਕਵਿਤਾ ਵਿਚ ਜੀਵਨ ਦੇ ਕਿਸੇ ਵਿਸ਼ਾਲ ਪੱਖ ਦੀ ਕਲਪਨਾ ਸਾਕਾਰ ਹੁੰਦੀ ਹੈ। ਇਸੇ ਲਈ ਛੋਟੀ ਕਵਿਤਾ ਦਾ ਪ੍ਰਭਾਵ ਛਿਣਕ ਹੁੰਦਾ ਹੈ ਤੇ ਇੱਥੇ ਥੋੜ੍ਹੇ ਵਿਚ ਹੀ ਰਸ- ਅਨੁਭੂਤੀ ਕਰਾ ਦਿੱਤੀ ਜਾਂਦੀ ਹੈ। ਛੋਟੀ ਕਵਿਤਾ ਵਿਚ ਕੇਵਲ ਇਕੋ ਮਾਨਸਿਕ ਰੌ ਦਾ ਨਿਰੂਪਣ ਹੁੰਦਾ ਹੈ।[1]

ਛੋਟੀ ਕਵਿਤਾ ਰੂਪ ਦੇ ਪੱਖੋਂ ਦੋ ਪ੍ਰਕਾਰ ਦੀ ਹੋ ਸਕਦੀ ਹੈ। ਇਕ ਸਰੋਦੀ ਗੁਣਾਂ ਭਰਪੂਰ ਕਵਿਤਾ ਅਤੇ ਦੂਜੀ ਸਰੋਦੀ ਗੁਣਾਂ ਬਾਹਰੀ ਕਵਿਤਾ। ਸਰੋਦੀ ਗੁਣਾਂ ਭਰਪੂਰ ਛੋਟੀ ਕਵਿਤਾ ਨੂੰ ਗੀਤ ਕਹਿਆ ਜਾਂਦਾ ਹੈ। ਗੀਤ ਵਿਚ ਵਿਅਕਤਕ ਅਨੁਭੂਤੀ ਦੀ ਪ੍ਰਧਾਨਤਾ ਰਹਿੰਦੀ ਹੈ ਅਤੇ ਇਸ ਦਾ ਮੁੱਖ ਸੋਮਾ ਵਿਅਕਤੀ ਦਾ ਅੰਤਰ- ਤਮ ਹੁੰਦਾ ਹੈ।[2] ਇਸ ਵਿਚ ਕਿਸੇ ਇਕ ਭਾਵ ਜਾਂ ਸਥਿਤੀ ਨੂੰ ਜਜ਼ਬੇ ਦੇ ਮਾਧਿਅਮ ਰਾਹੀਂ ਉਲੀਕਿਆ ਜਾਂਦਾ ਹੈ।[3] ਗੀਤ ਵਿਚ ਨਾ ਤਾਂ ਸਥੂਲ ਕ੍ਰਿਆਂ ਅਤੇ ਮੋਟੀਆਂ ਕਲਪਨਾਵਾਂ ਨੂੰ ਵਿਅਕਤ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਇਸ ਦੀ ਅਭਿਵਿਅਕਤੀ ਵਰਣਨਾਤਮਿਕ ਤੇ ਵਿਆਖਿਆਤਮਿਕ ਰੂਪ ਵਿਚ ਹੋ ਸਕਦੀ ਹੈ। ਗੀਤ ਆਤਮ- ਅਭਿਵਿਅੰਜਨਾ ਅਤੇ ਨਿਜੀ ਰਾਗਾਤਮਿਕਤਾ ਦੇ ਪ੍ਰਗਟਾਵੇ ਲਈ ਢੁਕਵਾਂ ਕਾਵਿ ਸਾਧਨ ਬਣ ਜਾਂਦਾ ਹੈ।[4] ਗੀਤ ਲਈ ਤੀਬਰ ਰਾਗਾਤਮਿਕਤਾ ਦੀ ਲੋੜ ਹੁੰਦੀ ਹੈ ਅਤੇ ਇਸੇ ਲਈ ਸੰਸਾਰ ਦੇ ਗੀਤ ਆਕਾਰ ਵਿਚ ਸੰਖਿਪਤ ਹਨ ਕਿਉਂਕਿ ਆਵੇਸ਼ ਕੇਵਲ ਕੁਝ ਖਿਣਾਂ ਲਈ ਠਹਿਰਦਾ ਹੈ।[5]

---

1. " A short poem expresses one mood only."
   ( L.S. Harris, The Nature of English Poetry, P. 99 )
2. " The sources of such poetry ( lyrical ) are clearly within and it we designate subjective."
   ( Norman Hepple, Lyrical Forms in English, Cambridge, 1939, P. 9 )
3. " The important thing to remember is that this one idea or situation is expressed in lyrical poetry through the medium of emotion."
   ( Ibid, P. 10 )
4. " Of all the poetic modes, the lyric is the best adapted for emotional expression." ( Ibid, P. 9 )
5. " Lyrical poems are always short poems --- The reason is that
   (contd.)

ਕਈ ਵੇਰਾਂ ਸਿਰਫ਼ ਗਾਏ ਜਾਣ ਦੀ ਸਮਰੱਥਾ ਰੱਖਣ ਵਾਲੀ ਛੋਟੀ ਕਵਿਤਾ ਨੂੰ ਗੀਤ ਸਮਝਿਆ ਜਾਂਦਾ ਹੈ, ਪਰ ਇਹ ਵਿਚਾਰ ਭਰਾਮਕ ਹੈ। ਜੇ ਸਿਰਫ਼ ਗੇਯਤਾ ਦੇ ਗੁਣ ਕਾਰਨ ਕਵਿਤਾ ਨੂੰ ਗੀਤ ਮੰਨਿਆ ਜਾਵੇ ਤਾਂ ਸਭ ਪ੍ਰਕਾਰ ਦੀ ਛੋਟੀ ਕਵਿਤਾ ਗੀਤ ਦੇ ਘੇਰੇ ਵਿਚ ਆ ਜਾਏਗੀ। ਪ੍ਰਾਚੀਨ ਅਤੇ ਆਧੁਨਿਕ ਸਮੇਂ ਦੀਆਂ ਕਾਫ਼ੀ ਸਾਰੀਆਂ ਛੋਟੀਆਂ ਕਵਿਤਾਵਾਂ ਛੰਦ ਬੱਧ ਹੀ ਹਨ ਅਤੇ ਇਨ੍ਹਾਂ ਵਿਚ ਕਿਸੇ ਨ ਕਿਸੇ ਮਾਤ੍ਰਾ ਵਿਚ ਗੇਯਤਾ ਦੇ ਗੁਣ ਦਾ ਪ੍ਰਾਪਤ ਹੋਣਾ ਸੁਭਾਵਿਕ ਹੈ। ਕਈ ਕਵੀ ਨੀਤੀ- ਉਪਦੇਸ਼ ਤੇ ਹੋਰ ਵਿਸ਼ਿਆਂ ਨੂੰ ਵੀ ਕਵਿਤਾ ਵਿਚ ਬੰਨ੍ਹ ਕੇ ਗਾਉਂਦੇ ਹਨ। ਗੇਯਤਾ ਦਾ ਗੁਣ ਲੰਮੇਰੀਆਂ ਕਵਿਤਾਵਾਂ ਵਿਚ ਵੀ ਮਿਲਦਾ ਹੈ। ਇਸ ਲਈ ਕੇਵਲ ਗੇਯਤਾ ਦੇ ਗੁਣ ਨੂੰ ਹੀ ਗੀਤ ਤੇ ਸਾਧਾਰਣ ਛੋਟੀ ਕਵਿਤਾ ਦੇ ਅੰਤਰ ਦਾ ਆਧਾਰ ਨਹੀਂ ਮੰਨਿਆ ਜਾ ਸਕਦਾ।

ਇਸੇ ਕਰਕੇ ਆਧੁਨਿਕ ਸਮੇਂ ਵਿਚ ਗੀਤ ਦੀਆਂ ਦੋ ਜਾਤਾਂ ਹੋ ਗਈਆਂ ਹਨ। ਇਕ ਉਹ ਜੇਹੜੇ ਸੁਰ, ਤਾਲ ਤੇ ਲੈਅ ਦੀ ਕੈਦ ਵਿਚ ਰੱਖ ਕੇ ਗਾਏ ਜਾ ਸਕਦੇ ਹਨ ਅਤੇ ਦੂਜੇ ਉਹ ਜੇਹੜੇ ਰਸਿਕ ਤੇ ਕੋਮਲ ਭਾਵਨਾਵਾਂ ਦੇ ਪਾਤਰ ਹੋਣ ਕਰਕੇ ਗੀਤ ਸਦਾਉਂਦੇ ਹਨ। ਗੁਣ ਕੇਵਲ ਸਾਜ਼ ਤੇ ਗਾਇਆ ਜਾ ਸਕਣਾ ਹੀ ਗੀਤ ਦਾ ਮਿਆਰ ਨਹੀਂ। ਗੁਣ ਗੀਤ ਉਹੀ ਰਚਨਾ ਹੈ ਜੋ ਬੜੀ ਸਾਦਾ ਅਤੇ ਸ਼ੈਲੀ ਵਜੋਂ ਸੰਗੀਤਾਤਮਿਕਤਾ ਦੇ ਗੁਣਾਂ ਭਰਪੂਰ ਹੁੰਦੀ ਹੈ। ਇਵੇਂ ਬਹੁਤੀਆਂ ਛੋਟੀਆਂ ਕਵਿਤਾਵਾਂ ਗੀਤ ਦੇ ਅੰਤਰ-ਗਤ ਹੀ ਆ ਜਾਂਦੀਆਂ ਹਨ।[6] ਰਚਨਾ ਦੇ ਪਹਿਲੂ ਤੋਂ ਗੀਤਾਂ ਦੀਆਂ ਤਿੰਨ ਪ੍ਰਧਾਨ ਕਿਸਮਾਂ ਹੋ ਗਈਆਂ ਹਨ: ਸਾਹਿਤਿਕ ਗੀਤ, ਲੋਕ- ਗੀਤ ਤੇ ਸੰਗੀਤਕ[7] ਗੀਤ।

ਸਾਧਾਰਣ ਛੋਟੀ ਕਵਿਤਾ(Non-Lyric ) ਤੇ ਗੀਤ ( Lyric) ਵਿਚ ਸਹੀ ਅੰਤਰ ਇਹ ਹੈ ਕਿ ਗੀਤ ਵਿਚ ਕਵੀ ਦੇ ਹਿਰਦੇ ਅਤੇ ਮਨ ਦਾ ਸਿੱਧਾ ਗਾਇਨ ਹੁੰਦਾ ਹੈ ਅਤੇ ਸਾਧਾਰਣ ਛੋਟੀ ਕਵਿਤਾ ਵਿਚ ਨਿਰੋਲ ਕਵਿਤਾ ਤੋਂ ਛੁੱਟ ਕਿਸੇ ਘਟਨਾ, ਸਿੱਧਾਂਤ ਜਾਂ ਤਰਕ ਵਿਤਰਕ ਦਾ ਨਿਰੂਪਣ ਹੁੰਦਾ ਹੈ।[8] ਸਾਧਾਰਣ ਕਵਿਤਾ ਦੀ ਰਚਨਾ ਸਥਿਰ ਤੇ ਸ਼ਾਂਤ ਦਸ਼ਾ ਵਿਚ ਹੁੰਦੀ ਹੈ ਅਤੇ ਗੀਤ ਦੀ ਰਚਨਾ ਭਾਵ- ਆਵੇਸ਼ ਦੀ ਸਥਿਤੀ ਵਿਚ। ਗੀਤ ਦੀ ਸੰਗੀਤਾਤਮਿਕਤਾ ਸਾਧਾਰਣ ਛੋਟੀ ਕਵਿਤਾ ਦੇ ਸਮਾਨ ਛੰਦ ਵਿਵਸਥਾ ਤੋਂ ਆਰੋਪਤ ਨਹੀਂ ਹੁੰਦੀ, ਸਗੋਂ ਉਦਭੂਤ ਹੁੰਦੀ ਹੈ ਅਤੇ ਇਹ ਗੀਤ ਰਚਨਾ ਦੀ ਪ੍ਰਕ੍ਰਿਆ ਵਿਚ ਹੀ ਸਮਾਈ ਹੁੰਦੀ ਹੈ।

ਛੋਟੀ ਕਵਿਤਾ ਵਿਚ ਭਾਵੇਂ ਇਹ ਗੀਤ ਰੂਪ ਵਿਚ ਹੋਵੇ ਜਾਂ ਸਾਧਾਰਣ ਕਵਿਤਾ ਦੇ ਰੂਪ ਵਿਚ, ਇਸ ਦਾ ਜੀਵਨ ਵਿਚ ਆਪਣਾ ਸਥਾਨ ਰਿਹਾ ਹੈ। ਪੁਰਾਣੇ ਸਮੇਂ ਵਿਚ ਵੀ ਛੋਟੀ ਕਵਿਤਾ ਦੀ ਬੜੀ ਮਹੱਤਤਾ

a single mood, a single intense feeling does not take long to express. And the intense feeling, the ecstasy which goes to make a lyric does not last long."
( L.S. Harris, The Nature of English Poetry, P. 43 )

6. " Lyric-a fairly short poem expressing emotion. Originally it always meant a poem intended to be sung and has kept something of the meaning. The early definition is embarrasing as some people can sing almost anything and some can't sing at all, so we can hardly test a lyric by trying to sing it. A lyric is however to be thought of as being fairly simple and musical in diction. Most short poems may be classed as lyrics."
( Marjorie Boulton, The Anatomy of Poetry, London, 1959, P.101 )

(ਚਲਦਾ)

ਸੀ ਕਿਉਂਕਿ ਇਸ ਦੇ ਮਾਧਿਅਮ ਰਾਹੀਂ ਹੀ ਇਕ ਖਿਣ ਵਿਚ ਚਮਤਕਾਰ ਦੱਸਿਆ ਜਾ ਸਕਦਾ ਸੀ। ਆਧੁਨਿਕ ਸਮੇਂ ਵਿਚ ਵੀ ਵਿਅਕਤੀ ਪਾਸ ਖਾਲੀ ਸਮੇਂ ਦੀ ਥੁੜ੍ਹ ਕਾਰਨ ਇਹ ਬੜੀ ਕਾਰਵੰਦ ਹੈ। ਇਸ ਲਈ ਸਭ ਕਵੀਆਂ ਨੇ ਛੋਟੀਆਂ ਕਵਿਤਾਵਾਂ ਦੀ ਰਚਨਾ ਕੀਤੀ ਹੈ। ਛੋਟੀ ਕਵਿਤਾ ਦਾ ਇਹ ਨਾਂ ਭਾਵੇਂ ਆਧੁਨਿਕ ਸਮੇਂ ਵਿਚ ਪ੍ਰਚਲਿਤ ਹੋਇਆ ਹੈ, ਪਰ ਇਸ ਤਰ੍ਹਾਂ ਦੇ ਕਾਵਿ ਰੂਪ ਦਾ ਵਜੂਦ ਕਵਿਤਾ ਦੇ ਆਦਿ ਕਾਲ ਤੋਂ ਮਿਲਦਾ ਹੈ।

ਪੰਜਾਬੀ ਸਾਹਿਤ ਵਿਚ ਛੋਟੀ ਕਵਿਤਾ— ਮੁਕਤਕ ਅਤੇ ਗੀਤਾਂ ਦੇ ਰੂਪ ਵਿਚ ਪੰਜਾਬੀ ਦੇ ਮੁੱਢ ਤੋਂ ਹੀ ਮਿਲਦੀ ਹੈ। ਪੰਜਾਬੀ ਵਿਚ ਅਪਭ੍ਰੰਸ਼- ਕਾਲ ਤੋਂ ਦੋਹੜੇ, ਦੋਹੇ ਤੇ ਲੋਕ- ਗੀਤਾਂ ਦੀ [illegible] ਆਮ ਮਿਲਦੀ ਹੈ। ਗੁਰੂ ਨਾਨਕ ਕਾਲ ਵਿਚ ਇਸ ਪ੍ਰਣਾਲੀ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਗੁਰਬਾਣੀ ਦੇ ਸ਼ਬਦ- ਸਮੂਹ ਇਕ ਪ੍ਰਕਾਰ ਦੇ ਅਧਿਆਤਮਿਕ ਗੀਤ ਹਨ, ਜਿਨ੍ਹਾਂ ਦੀ ਰਚਨਾ ਨਿਸ਼ਚਿਤ ਰਾਗ ਤੇ ਰਾਗਣੀਆਂ ਤੇ ਆਧਾਰਿਤ ਹੈ। ਸੂਫੀਆਂ ਦੀਆਂ ਕਾਫੀਆਂ ਵੀ ਇਹੋ ਸਰੂਪ ਰੱਖਦੀਆਂ ਹਨ।[9] 19ਵੀਂ ਸ਼ਤਾਬਦੀ ਦੇ ਦੂਜੇ ਦਹਾਕੇ ਵਿਚ ਇਹ ਪ੍ਰਣਾਲੀ ਅਲੰਕ੍ਰਿਤ ਸਮੱਸਿਆ ਪੂਰਤੀਆਂ, ਕਾਫੀਆਂ, ਬੈਂਤਾਂ ਦੇ ਰੂਪ ਵਿਚ ਵਿਚਰਦੀ ਰਹਿੰਦੀ ਹੈ। ਇਵੇਂ ਛੋਟੀ ਕਵਿਤਾ ਦੀ ਹੋਂਦ ਪੰਜਾਬੀ ਵਿਚ ਕਾਫ਼ੀ ਮਿਲਦੀ ਹੈ, ਪਰ ਸੁਤੰਤਰ ਮਜ਼ਮੂਨ ਲੈ ਕੇ ਨਿੱਜੀ ਕਵਿਤਾ ਦਾ ਰਿਵਾਜ ਭਰਪੂਰ ਰੂਪ ਵਿਚ ਹਾਲੀ ਸ਼ੁਰੂ ਨਹੀਂ ਹੋਇਆ ਹੁੰਦਾ। ਸਿੰਘ ਸਭਾ ਲਹਿਰ ਦੇ ਪ੍ਰਚਾਰ ਅਤੇ ਪੰਜਾਬੀ ਪੱਤਰਕਾਰੀ ਦੀ ਸਹਾਇਤਾ ਨਾਲ ਭਾਈ ਦਿੱਤ ਸਿੰਘ ਵਰਗਿਆਂ ਨੇ ਇਸ ਪਾਸੇ ਵੱਲ ਕੁਝ ਕਦਮ ਚੁੱਕੇ ਸਨ, ਪਰ ਇਸ ਦਾ ਸਹੀ ਰਿਵਾਜ ਭਾਈ ਸਾਹਿਬ ਦੀਆਂ ਛੋਟੀਆਂ ਕਵਿਤਾਵਾਂ ਨਾਲ ਸ਼ੁਰੂ ਹੁੰਦਾ ਹੈ।

ਭਾਈ ਸਾਹਿਬ ਦੀਆਂ ਛੋਟੀਆਂ ਕਵਿਤਾਵਾਂ ਸਰੋਦੀ( Lyric ) ਤੇ ਅਸਰੋਦੀ(Non-Lyric ) 'ਤ੍ਰੇਲ ਤੁਪਕੇ' ਦੀਆਂ ਤੁਰਿਆਈਆਂ'(1921)ਅਤੇ 'ਦਿਲ- ਤਰੰਗ'(1922) ਜੋ ਬਾਅਦ ਵਿਚ 'ਲਹਿਰਾਂ ਦੇ ਹਾਰ' (1928) ਵਿਚ ਸੰਯੁਕਤ ਕਰ ਲਈਆਂ ਗਈਆਂ ਸਨ; 'ਮਟਕ ਹੁਲਾਰੇ'(1925) ਵਿਚ 'ਰਸ- ਰੰਗ- ਛੁਹ', 'ਪੱਥਰ ਕੰਬਣੀਆਂ' ਅਤੇ 'ਕਸ਼ਮੀਰ ਨਜ਼ਾਰੇ' ਦੇ ਭਾਗਾਂ ਵਿਚ; 'ਬਿਜਲੀਆਂ ਦੇ ਹਾਰ' (1927); 'ਕੰਬਦੀ ਕਲਾਈ' ਦੇ ਗੀਤਾਂ (1933) ਅਤੇ 'ਮੇਰੇ ਸਾਂਈਆਂ ਜੀਓ'(1953)ਵਿਚ ਅੰਕਿਤ ਮਿਲਦੀਆਂ ਹਨ। ਇਨ੍ਹਾਂ ਤੋਂ ਛੁੱਟ ਭਾਈ ਸਾਹਿਬ ਦੀਆਂ ਕੁਝ ਛੋਟੀਆਂ ਕਵਿਤਾਵਾਂ ਉਨ੍ਹਾਂ ਦੇ ਸਮੇਂ 'ਖਾਲਸਾ ਸਮਾਚਾਰ' ਸਪਤਾਹਕ ਵਿਚ ਵੀ ਛਪੀਆਂ ਸਨ ਜੋ ਕਿਸੇ ਪੁਸਤਕ- ਆਕਾਰ ਵਿਚ ਅੰਕਿਤ ਨਹੀਂ ਹੋਈਆਂ ਅਤੇ ਕੁਝ ਕਵਿਤਾਵਾਂ ਉਨ੍ਹਾਂ ਦੇ ਦੇਹਾਂਤ ਤਕ ਅਣਛਪੀਆਂ ਰਹ ਗਈਆਂ ਸਨ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ

---

ਪੰਜਾਬੀ ਦੁਨੀਆਂ

7. ਗੀਤ- ਕਾਵਿ ਅੰਕ, ਭਾਸ਼ਾ ਵਿਭਾਗ, ਪੰਨਾ 2

8. " The real difference between Lyric and Non-Lyric is that Lyric is simply poetry while Non-Lyric is poetry and at the same time something else, but be it a story or a theory or an argument."
( L.S. Harris, The Nature of English Poetry, P. 43 )

( ਚਲਦਾ)

ਉਨ੍ਹਾਂ ਦੇ ਅਕਾਲ ਚਲਾਣੇ ਤੋਂ ਮਗਰੋਂ 15-8-1957 ਤੋਂ ਲੈ ਕੇ 21-12-1967 ਤਕ ਵਿਚ ਵਿਚ ਕੁਝ ਵਰਕਿਆਂ ਨੂੰ ਛੱਡ ਕੇ ਇਕ ਇਕ ਕਰਕੇ 'ਖ਼ਾਲਸਾ ਸਮਾਚਾਰ' ਵਿਚ ਛਪੀਆਂ ਸਨ।[10]

ਭਾਈ ਸਾਹਿਬ ਦੀਆਂ ਛੋਟੀਆਂ ਕਵਿਤਾਵਾਂ ਵਿਚੋਂ ਬਹੁਤੀਆਂ ਕਵਿਤਾਵਾਂ ਸੁਤੇ ਸਿੱਧ ਹੀ ਗੀਤ ਹਨ ਅਤੇ ਕਈ ਗੀਤ ਹੀ ਉਚਾਰਨ ਹੋਈਆਂ ਹਨ। ਵਿਵੇਚਨਾ ਦੀ ਸੁਵਿਧਾ ਲਈ ਇਨ੍ਹਾਂ ਵਿਚੋਂ ਸਰੋਦੀ ਕਵਿਤਾਵਾਂ ਨੂੰ ਸਾਹਿਤਿਕ ਗੀਤਾਂ, ਲੋਕ- ਗੀਤਾਂ ਅਤੇ ਧਾਰਮਿਕ ਸੰਗੀਤਕ ਗੀਤਾਂ ਅਤੇ ਸਾਧਾਰਣ ਕਵਿਤਾਵਾਂ ਨੂੰ ਨੀਤੀਪਰਕ ਅਤੇ ਉਪਦੇਸ਼ਾਤਮਿਕ, ਸਾਮਿਅਕ ਪਦ-ਰਚਨਾ ਅਤੇ ਫੁਟਕਲ ਦੋਹਰਿਆਂ ਤੇ ਸੋਰਠਿਆਂ ਦੇ ਵਰਗੀਕਰਣ ਅਧੀਨ ਰੱਖ ਕੇ ਵਿਚਾਰ ਵਿਚ ਲਿਆਂਦਾ ਗਇਆ ਹੈ।

<u>ਸਾਹਿਤਿਕ ਗੀਤ</u> —

ਭਾਈ ਸਾਹਿਬ ਦੀਆਂ ਛੋਟੀਆਂ ਕਵਿਤਾਵਾਂ ਵਿਚੋਂ ਜ਼ਿਆਦਾ ਕਵਿਤਾਵਾਂ ਸਾਹਿਤਿਕ ਗੀਤਾਂ ਦੇ ਰੂਪ ਵਿਚ ਹੀ ਮਿਲਦੀਆਂ ਹਨ। ਵੈਸੇ ਵੀ ਆਧੁਨਿਕ ਸਮੇਂ ਵਿਚ ਗੀਤ ਦੇ ਖੇਤਰ ਵਿਚ ਸਾਹਿਤਿਕ ਗੀਤਾਂ ਦੀ ਹੀ ਪ੍ਰਧਾਨਤਾ ਹੈ। ਸਾਹਿਤਿਕ ਗੀਤਾਂ ਵਿਚ ਆਮ ਸਾਹਿਤਿਕ ਗੁਣਾਂ ਵਾਲੀ, ਸ਼ਬਦ ਸਜਾਵਟ ਤੇ ਪ੍ਰਗਟਾਉ ਕੁਝ ਕੁਝ ਦਿਮਾਗੀ ਅਤੇ ਭਾਵ ਕੋਮਲ ਤੇ ਰੰਸਿਕ ਭਾਵਨਾਵਾਂ ਵਾਲੇ ਹੁੰਦੇ ਹਨ। ਇਨ੍ਹਾਂ ਦਾ ਚਿਹਰਾ- ਮੁਹਰਾ ਭਾਵੇਂ ਪਰੰਪਰਾਗਤ ਗੀਤਾਂ ਨਾਲ ਨਹੀਂ ਮਿਲਦਾ, ਪਰ ਇਨ੍ਹਾਂ ਦੇ ਸ਼ਬਦ ਉਹਲਿਓਂ ਮਨੁੱਖੀ ਮਨ ਦੇ ਅਤਿ ਕੋਮਲ ਤੇ ਰਸਿਕ ਜਜ਼ਬੇ ਧੜਕਦੇ ਲੱਭੇ ਜਾ ਸਕਦੇ ਹਨ।[11] ਸਾਹਿਤਿਕ ਗੀਤ ਛੰਦ- ਚਾਲ ਦੀ ਰੀਤ ਅਨੁਸਾਰ ਅਤੇ ਮੁਕਤ ਛੰਦ ਦੋਹਾਂ ਵਿਚ ਰਚੇ ਜਾ ਸਕਦੇ ਹਨ। ਇਨ੍ਹਾਂ ਵਿਚ ਕਵੀ ਨਿੱਜੀ ਨਿਰੂਪਣ ਲਈ ਬਾਹਰਲੇ ਸੰਸਾਰ ਦੀਆਂ ਰੰਗ ਰੰਗਤਾਂ ਨੂੰ ਤਿਆਗ ਕੇ ਅੰਦਰਲੇ ਸੰਸਾਰ ਦੀਆਂ ਸ਼ਾਬਦਿਕ ਤਸਵੀਰਾਂ ਰਾਹੀਂ ਆਪਣੀਆਂ ਮਾਨਸਿਕ ਰੁਚੀਆਂ ਨੂੰ ਸਰਬ- ਲੌਕਿਕ ਰੂਪ ਦੇਂਦਾ ਹੋਇਆ ਰੂਪਮਾਨ ਕਰਦਾ ਹੈ। ਇਨ੍ਹਾਂ ਵਿਚ ਕਵੀ ਦੇ ਜਜ਼ਬੇ ਦੇ ਕਾਰਨ ਸਰੋਦੀ ਗੁਣ ਆਪ ਮੁਹਾਰੇ ਪੈਦਾ ਹੁੰਦਾ ਹੈ, ਪਰ ਇਸ ਦੇ ਨਾਲ ਹੀ ਇਨ੍ਹਾਂ ਦੇ ਕਾਵਿਕ ਅੰਸ਼ਾਂ ਵਿਚੋਂ ਭਾਵ- ਤੱਤ, ਸ਼ੈਲੀ ਤੱਤ, ਕਲਪਨਾ ਤੱਤ ਅਤੇ ਬੁੱਧੀ- ਤੱਤ ਦੀ ਤੱਤ- ਚੋਕੜੀ ਦੇ ਨਾਲ ਸੰਘਣਤਾ (Condensation) ਸੰਖਿਪਤਤਾ ( Brevity ), ਸੁਭਾਵਿਕਤਾ ( Spontaneity ) ਵਿਅਕਤਿਕਤਾ ( Personality) ਸੁਝਾਉ- ਸ਼ਕਤੀ ( Suggestivity ) ਅਤੇ ਜੀਵਨ- ਅਨੁਭਵ (Practical Observations) ਦੇ ਗੁਣਾਂ ਨੂੰ ਸੰਮਿਲਤ ਕਰਨ ਦੀ ਲੋੜ ਹੁੰਦੀ ਹੈ।[12]

ਭਾਈ ਸਾਹਿਬ ਦਾ ਦਾਰਸ਼ਨਿਕ ਮਨ ਵੀ ਜਦੋਂ ਪ੍ਰਭੂ ਦੇ ਅਣ-ਸੁਲਝੇ ਰਹੱਸਾਂ ਤੇ ਗੁੱਝੇ ਮਰਮਾਂ ਨੂੰ ਨਿਰਖ ਕੇ ਸਿਜਦਾ ਕਰਨਾ ਚਾਹੁੰਦਾ ਹੈ; ਜਦੋਂ ਕੁਦਰਤ ਦੇਵੀ ਦੇ ਅਰਸ਼ੀ ਚਮਤਕਾਰੇ ਉਨ੍ਹਾਂ ਦੇ ਰੰਸਿਕ ਕਾਵਿ-ਹਿਰਦੇ ਨੂੰ ਟੁੰਬ ਜਾਂਦੇ ਹਨ; ਜਦ ਉਨ੍ਹਾਂ ਦਾ ਹਿਰਦਾ ਮਨੁੱਖਤਾ ਦੇ ਗੌਰਵ- ਪੂਰਨ ਇਤਿਹਾਸ ਉਤੇ

---

9. ਪੰਜਾਬੀ ਦੁਨੀਆਂ 'ਗੀਤ- ਕਾਵਿ ਅੰਕ, ਭਾਸ਼ਾ ਵਿਭਾਗ, ਪੰਨਾ- 31
10. ਵੇਖੋ ਪਰਿਸ਼ਿਸ਼ਟ ਨੰ. 1
11. ਪੰਜਾਬੀ ਦੁਨੀਆਂ, ਗੀਤ- ਕਾਵਿ ਅੰਕ, ਭਾਸ਼ਾ ਵਿਭਾਗ, ਪੰਨਾ 2
12. ਉਹੀ, ਪੰਨਾ 26

ਗਦ ਗਦ ਹੋ ਕੇ ਨੱਚ ਉਠਦਾ ਹੈ; ਜਦੋਂ ਉਹ ਮਨੁੱਖੀ ਕੁਟਤਾਈਆਂ ਨੂੰ ਵੇਖ ਕੇ ਵਿਲ੍ਹਕ ਰਹੇ ਹੁੰਦੇ ਹਨ;ਓਦੋਂ ਉਹ ਅਜੇਹੇ ਉਨਮੱਤ ਵੇਗਾਂ ਨੂੰ ਗੀਤਾਂ ਦੇ ਮਧੁਰ ਤਰਾਨਿਆਂ ਦੁਆਰਾ ਹੀ ਪ੍ਰਗਟ ਕਰਦੇ ਹਨ। ਇਸੇ ਕਰਕੇ ਉਨ੍ਹਾਂ ਦੇ ਸਾਹਿਤਿਕ ਗੀਤਾਂ ਵਿਚ ਰਹੱਸਵਾਦੀ ਪੱਧਰ ਤੇ ਪ੍ਰੇਮ,ਨਿਵੇਦਨ,ਅਤ੍ਰਿਪਤੀ,ਵੇਦਨਾ ਅਨੁਭੂਤੀ,ਸੌਂਦ੍ਰ ਆਕਰਸ਼ਣ ਤੇ ਜੀਵਨ ਦੀ ਮਾਰਮਿਕ ਵਿਅੰਜਨਾ ਮਿਲਦੀ ਹੈ।

ਆਪਣੇ ਸਾਹਿਤਿਕ ਗੀਤਾਂ ਦੀ ਸ੍ਰਿਸ਼ਟੀ ਵਿਚ ਭਾਈ ਸਾਹਿਬ ਇਕ ਐਸੀ ਆਧਾਰ ਭੂਮੀ ਤੇ ਖੜੇ ਹਨ, ਜਿਥੇ ਉਨ੍ਹਾਂ ਨੂੰ ਬਾਹਰਮੁਖੀ ਵਸਤੂਆਂ ਨੂੰ ਕਾਵਿ ਦਾ ਵਿਸ਼ੈ ਬਣਾਉਣ ਦੀ ਲੋੜ ਨਹੀਂ ਰਹਿੰਦੀ।ਉਨ੍ਹਾਂ ਦੀਆਂ ਵਿਅਕਤੀਗਤ ਅਨੁਭੂਤੀਆਂ ਤੇ ਮਨ ਦੀਆਂ ਤਰੰਗਾਂ ਬੇਬਸ ਹੋ ਕੇ ਫੁੱਟ ਪੈਂਦੀਆਂ ਹਨ। ਮੁੱਢ ਤੋਂ ਹੀ ਉਨ੍ਹਾਂ ਨੇ ਆਪਣੇ ਆਂਤਰਿਕ ਭਾਵ ਕਿਸੇ ਨੂੰ ਸਮਰਪਣ ਕਰ ਦਿੱਤੇ ਹਨ ਅਤੇ ਉਸੇ ਦੀ ਖੇਡ ਉਹ ਆਪਣੇ ਸਾਮ੍ਹਣੇ ਵਿਚਰ ਰਹੀ ਪ੍ਰਤੀਤ ਕਰਦੇ ਹਨ। ਭਾਈ ਸਾਹਿਬ ਨੇ 'ਤ੍ਰੇਲ ਤੁਪਕੇ' ਦੀ ਭੂਮਿਕਾ ਵਿਚ ਲਿਖਿਆ ਸੀ," ਏਹ ਖਯਾਲ ਜੋ ਕਿਸੇ ਖਾਸ ਮਜ਼ਮੂਨ ਆਰਾਦੀ ਖਾਸ ਵਿਸ਼ੇ ਵਰਣਨ ਵਾਸਤੇ ਨਹੀਂ ਲਿਖੇ ਗਏ, ਪਰ 'ਘਾਹ ਪੱਤੀਆਂ' ਤੇ ਜਿਵੇਂ ਤ੍ਰੇਲ ਦੇ ਤੁਪਕੇ ਆ ਡਲ੍ਹਕਦੇ ਹਨ,ਤਿਵੇਂ ਇਨ੍ਹਾਂ ਦਾ ਪ੍ਰਕਾਸ਼ ਹੈ ਤੇ 'ਤ੍ਰੇਲ ਦੇ ਸੂਰਜ ਸਮਰਪਤ ਵਜੂਦ' ਵਾਂਙੂ ਏਹ 'ਸਭ ਮਹਿ ਜੋਤਿ ਜੋਤਿ ਹੈ ਸੋਇ' ਦੀ ਦਰਸ਼ਨ ਤਾਂਘ ਨੂੰ ਸਮਰਪਤ ਹਨ।"[13]

ਭਾਈ ਸਾਹਿਬ ਦੇ ਇਨ੍ਹਾਂ ਗੀਤਾਂ ਵਿਚ ਭਾਵਨਾਵਾਂ ਅਨੇਕ ਰੂਪਾਂ ਵਿਚ ਖਿੰਡੀਆਂ ਮਿਲਦੀਆਂ ਹਨ। ਆਸ਼ਾ- ਨਿਰਾਸ਼ਾ,ਸੁੱਖ- ਦੁੱਖ ਤੇ ਉਥਾਨ- ਪਤਨ ਸਭ ਇਨ੍ਹਾਂ ਵਿਚੋਂ ਤਿਰੋਹਿਤ ਹੋ ਰਹੇ ਹਨ। ਇਨ੍ਹਾਂ ਸਭ ਵਿਚ ਕੋਈ ਡੂੰਘੀ ਗੱਲ ਛੁਪੀ ਹੋਈ ਹੈ। ਇਥੇ ਭਾਈ ਸਾਹਿਬ ਦਾ ਮਨ ਇਕ ਕੇਂਦ੍ਰ ਦੁਆਲੇ ਇਕਾਗਰ ਹੋ ਗਇਆ ਹੈ। ਇਸ ਅਨੰਤ ਦੇ ਪ੍ਰੇਮ ਦਾ ਸੁਆਦ ਜਿਥੇ ਮਧੁਰ ਹੈ, ਉਥੇ ਇਸ ਦਾ ਸੱਲ ਬੜਾ ਤਿੱਖਾ ਹੈ ; ਭਾਈ ਸਾਹਿਬ ਨੂੰ ਕੋਮਲ ਅਨੁਭੂਤੀ ਦੇ [illegible] ਅਨੁਭਵ ਰਾਹੀਂ ਦੁਨਿਆਵੀ ਘਟਨਾਵਾਂ [illegible] ਅਨੁਭਵੀ ਹੈ:-

ਮਿੱਠੇ ਤਾਂ ਲਗਦੇ ਮੈਨੂੰ ਝੂਲਾਂ ਦੇ ਹੁਲਾਰੇ
ਜਾਨ ਮੇਰੀ ਪਰ ਕੰਬਦੀ ![14]

ਵਿਛੁੜ- ਪਤੀ ਦੇ ਵਿਸ਼ਾਲ ਆਂਗਨ ਵਿਚ ਜਦੋਂ ਕਦੇ ਵੀ ਉਹ ਅਰਦਾਸ ਪ੍ਰਾਰਥਨਾ ਦੀ ਇੱਛਾ ਨਾਲ ਵਿਚਾਰਾਂ ਦਾ ਸੰਕਲਨ ਕਰਦੇ ਹਨ, ਉਨ੍ਹਾਂ ਦੀ ਕਾਮਨਾ ਵਿਚ ਇਕ ਲੋਚਾਰ ਉਠਦੀ ਹੈ। ਪ੍ਰੇਮ ਦੀ ਇਸ ਟੀਸ ਨੂੰ ਸਾਕਾਰ ਕਰਦਿਆਂ ਉਹ ਲਿਖਦੇ ਹਨ:

ਨੈਣ ਭਰਨ ਖਿੱਚ ਚੜ੍ਹੇ ਕਾਲਜੇ ਬਉਰਾਨੀ ਹੋ ਜਾਵਾਂ।
ਤਿੰਵਣ ਦੇਸ਼ ਬਿਗਾਨਾ ਦਿੱਸੇ, ਘਰ ਖਾਵਣ ਨੂੰ ਆਵੇ।[15]

---

13. ਲਹਿਰਾਂ ਦੇ ਹਾਰ,ਪੰਨਾ 8
14. ਮਟਕ ਹੁਲਾਰੇ,ਪੰਨਾ 32
15. [illegible] 'ਲੰਗੀਆਂ',ਲਹਿਰਾਂ ਦੇ ਹਾਰ,ਪੰਨਾ 10

ਇਹੋ ਟੀਸ ਫਿਰ 'ਮਿਟਦੀ ਨ ਤਾਂਘ ਅਰੂਪ ਦੀ, ਪਲ ਰੂਪ ਤੇ ਫਿਰ ਝੁਖੀਆਂ'[16] ਅਤੇ 'ਅਜਕ ਅਜਕ ਜਾਂਦੇ ਜਿਉਂ ਬਰਸਨ ਸੁਕ ਸੁਕ ਭਰ ਭਰ ਅੱਖਨ'[17] ਵਿਚ ਵੀ ਕਸਕਦੀ ਹੈ।

ਭਾਈ ਸਾਹਿਬ ਅੰਚਲ ਚੁੱਕ ਕੇ ਵੇਖਣ ਲਈ ਵਿਲ੍ਹਕ ਰਹੇ ਹਨ। ਪ੍ਰੇਮ ਤੇ ਭਗਤੀ ਨੇ ਉਨ੍ਹਾਂ ਦੇ ਪ੍ਰਾਣਾਂ ਵਿਚ ਚੇਤਨਾ ਭਰ ਦਿੱਤੀ ਹੈ। ਉਨ੍ਹਾਂ ਨੂੰ ਸਾਰੇ ਵਾਤਾਵਰਣ ਵਿਚ ਮਧੁਰ ਸਵਰਗੀ ਸੰਗੀਤ ਪਸਰਿਆ ਪ੍ਰਤੀਤ [illegible] ਹੁੰਦਾ ਹੈ:-

ਮਿੱਠੀ ਮਿੱਠੀ ਧੁਨਾਟ, ਪਯਾਰੀ ਪਯਾਰੀ ਕੰਬਣੀ
ਤਾਰਾਂ ਤਰਬਾਂ ਦੀ, ਕਿਉਂ ਖਲੋ ਗਈ ਏ ?
ਹੁਣ ਮੈਂ, ਸਾਂਈਆਂ ਮੇਰੇ ! ਕੀ ਭੇਟਾ ਕਰਾਂ ਆਪ ਨੂੰ ?[18]

ਉਨ੍ਹਾਂ ਨੂੰ ਵਿਸ਼ਵ ਦੇ ਅਣੂ ਅਣੂ ਤੇ ਕਣ ਕਣ ਵਿਚ ਉਸ ਅਰੂਪ ਸੁੰਦਰਤਾ ਦਾ ਸੰਚਾਰ ਮਿਲਦਾ ਹੈ। ਉਹ ਪ੍ਰੀਤਮ ਨਾਲ ਦੂਰੀ ਨੂੰ ਸਮਾਪਤ ਕਰਨਾ ਚਾਹੁੰਦੇ ਹਨ। ਉਹ ਅਨੇਕ ਅਨਿਨ ਬੇਨਤੀਆਂ ਰਾਹੀਂ ਪ੍ਰੀਤਮ ਦੇ ਦਰਸ਼ਨ ਲਈ ਸਿੱਕ ਪ੍ਰਗਟ ਕਰਦੇ ਹਨ। ਉਹ ਆਪਣੀ ਸੌਦ ਨੂੰ ਪ੍ਰਭੂ [illegible] ਹਜ਼ੂਰੀ ਵਿਚ ਭੇਜਣਾ ਲੋਚਦੇ ਹਨ:

ਫਿਰ ਪਏ ਮੇਰਾ ਚੁੱਪ ਗਲਾ ਬੋਲਦੀ ਬੁਲਬੁਲ ਵਾਂਙੂੰ
ਹਾਂ, ਖਾਲ ਭਲੇ ਦੀਆਂ ਥਿਰਕਦੀਆਂ ਥਿਰਕਦੀਆਂ
ਤਾਨਾਂ ਹੀਰੀਆਂ ਪਹੁੰਚ ਜੇ ਪੈਣ
ਤੁਸਾਂ ਮੇਰੇ ਸਾਂਈਆਂ ਜੀਓ ਦੀ
ਹਜ਼ੂਰੀ ਵਿਚ।[19]

ਜਾਰਜ ਹਰਬਰਟ ਵੀ ਇਸੇ ਤਰ੍ਹਾਂ ਪ੍ਰਭੂ-ਸਿਫ਼ਤ ਆਖਣ ਦੀ ਵਿਧੀ ਲਈ[20] ਅਰਜੋਈ ਕਰਦਾ ਹੈ। ਅੰਮ੍ਰਿਤਾ ਪ੍ਰੀਤਮ ਵੀ ਆਪਣੇ ਮੁੱਢਲੇ ਦੌਰ ਦੀ ਕਵਿਤਾ 'ਸੁਆਮੀ ਰੂਹ ਲਈ ਤਾਂਘ' ਵਿਚ ਪ੍ਰਭੂ ਮਿਲਾਪ ਲਈ ਵਿਲ੍ਹਕਦੀ ਹੈ।[21]

---

16. 'ਅੱਖੀਆਂ', ਲਹਿਰਾਂ ਦੇ ਹਾਰ, ਪੰਨਾ 10
17. 'ਵਿਛੜੀਆਂ ਅੱਖੀਆਂ', ਉਹੀ ਪੰਨਾ 11
18. ਪ੍ਰਾਰੰਭ, ਮੇਰੇ ਸਾਂਈਆਂ ਜੀਓ, ਪੰਨਾ 1
19. ਉਹੀ
20. How should I praise thee, Lord! how should my rymes
Gladly engrave thy love in steel,
If what my sould doth feel sometimes,
My soul might ever feel.
( George Herbert, The Temper (1) )
21. ਤਕਦੇ ਪਏ ਨੇ ਦੂਰ ਖਲੋ ਇਕ ਰੂਹ ਦੇ ਟੋਟੇ ਦੋ
ਕਦ ਤਕ ਰਹਿਸਣ ਦੂਰ ਖਲੋ, ਇਕੋ ਰੂਹ ਦੇ ਟੋਟੇ ਦੋ।
ਇਕੋ ਸੋਨਾ, ਇਕੋ ਰੂਹ! ਮੈਂ ਤੇਰੀ! ਮੇਰੀ ਸੁਆਮੀ ਰੂਹ।
(ਅੰਮ੍ਰਿਤਾ ਪ੍ਰੀਤਮ- ਸੁਆਮੀ ਰੂਹ ਲਈ ਤਾਂਘ-ੳ ਗੀਤਾਂ ਵਾਲਿਆ)

ਭਾਈ ਸਾਹਿਬ ਪ੍ਰਭੂ- ਮਿਲਾਪ ਲਈ ਤਾਂਘ ਵਿਚ ਪ੍ਰੀਤਮ ਦੇ ਚਿੱਤ੍ਰ ਬਣਾਉਣਾ ਸ਼ੁਰੂ ਕਰਦੇ ਹਨ। ਪ੍ਰਕ੍ਰਿਤੀ ਦਾ ਹਰ ਕਣ ਉਨ੍ਹਾਂ ਨੂੰ ਉਸੇ ਦੇ ਪ੍ਰੇਮ ਦੀ ਖੋਜ ਵਿਚ ਮਗਨ ਪ੍ਰਤੀਤ ਹੁੰਦਾ ਹੈ। 'ਤੁਰਦੀ ਸੰਝ ਸਵੇਰ' ਵਿਚਲੀ ਪੌਣ ਵੀ 'ਸਾਂਈਆਂ ਸਾਂਈਆਂ' ਦੀ ਸੱਦ ਅਲਾਪ ਰਹੀ ਲਗਦੀ ਹੈ।[22] 'ਬਹਾਰ' ਦੀ ਚਿੜੀ ਵੀ ਪੀਆ ਦੇ ਦੇਸ਼ ਦੀ ਸੋਅ ਦਿੰਦੀ ਹੈ।[23] 'ਮਸ਼ੋਬਰੇ ਦੀ ਸਿਆਲ ਧੁੱਪ' ਵੀ 'ਸਾਂਈਆਂ ਜੀਓ' ਦੇ ਪ੍ਰਭਾਵ ਦਾ ਰੰਗ ਖਿਲਾਰਦੀ ਹੈ।[24] ਪਰ ਇਸ ਦੇ ਉਲਟ ਭਾਈ ਸਾਹਿਬ ਵੇਖਦੇ ਹਨ ਕਿ ਮਾਨਵ ਜੀਵਨ ਆਦਰਸ਼ ਤੋਂ ਟੁੱਟ ਕੇ ਭਟਕਣਾ ਵਿਚ ਫਸਿਆ ਹੋਇਆ ਹੈ। ਮਾਨਵ 'ਆਸ ਅੰਦੇਸਿਆਂ ਵਿਚ ਲੁਛਿਆ' 'ਹੇਠਾਂ ਖਿਚਣ ਵਾਲੀਆਂ ਰੋਕਾਂ' ਵਿਚ ਭਟਕਦਾ ਹੈ। ਮਾਨਵ ਵਿਚ 'ਲੁਕਵੇਂ ਤੇਜ' ਭਟਕਣਾ ਤੋਂ ਛੁਟਣ ਲਈ ਪ੍ਰੇਰਦੇ ਹਨ, ਪਰ ਇਸ ਪ੍ਰਾਪਤੀ ਲਈ 'ਰਸੀਆ ਹੋ ਕੇ ਰੰਗ ਵਿਚ ਰੰਗੀਜ ਕੇ' ਰਸ ਨੂੰ ਜਿੱਤਣ ਦੀ ਲੋੜ ਹੈ। ਮਨੁੱਖ ਨੂੰ ਗਿਆਨ ਦੀ ਭਟਕਣਾ ਛੱਡ ਕੇ ਜੀਵਨ ਦੇ ਅਸਲ ਕੇਂਦ੍ਰ ਨਾਲ ਇਕਸੁਰ ਹੋ ਕੇ ਭਟਕਣਾ ਤੋਂ ਮੁਕਤ ਹੋਣ ਦੀ ਲੋੜ ਹੈ:

ਭਟਕਣ ਛੱਡ ਲਟਕ ਲਾ ਇਕੋ ਖੀਵੀ ਹੋ ਸੁੱਖ ਮਾਣੀਂ
ਹੋਸ਼ਾਂ ਨਾਲੋਂ ਮਸਤੀ ਚੰਗੀ ਰਖਦੀ ਸਦਾ ਟਿਕਾਣੇ।[25]

ਜਾਨ ਡਾਨ ਵੀ ਇਸੇ ਸਦ੍ਰਰ ਵਿਚ ਨਿਰੋਲ ਗਿਆਨ ਤੋਂ ਉਤੇ ਉਠਣ ਲਈ ਪ੍ਰੇਰਦਾ ਹੈ।[26]

ਭਾਈ ਸਾਹਿਬ ਹੋਰ ਸਪਸ਼ਟ ਕਰਦੇ ਹਨ ਕਿ ਅਣਡਿੱਠਾ 'ਰਸ ਦਾਤਾ' ਅਸੀਮੀ ਰਸ-ਝਰਨਾਟ ਛੇੜ ਦਿੰਦਾ ਹੈ, ਪਰ 'ਰਸਦਾਨ' ਕਰਕੇ ਵੀ ਆਪਾ ਲੁਕਾ ਕੇ ਪਹੇਲੀ ਬਣਿਆ ਰਹਿੰਦਾ ਹੈ। ਜਗਤ ਵਾਸਤੇ ਪ੍ਰਭੂ ਪਹੇਲੀ ਹੀ ਰਹਿੰਦਾ ਹੈ, ਪਰ ਸਾਧਕ ਆਪਣੀ ਆਤਰਿਕ ਸ਼ਕਤੀ ਦੀ ਸਹਾਇਤਾ ਨਾਲ ਅਰੂਪ ਦੇ ਮਿਲਾਪ ਦਾ ਰਸ ਮਾਣਦਾ ਹੈ। ਇਸ ਮਿਲਾਪ ਦੇ ਰਸ ਨੂੰ ਭਾਈ ਸਾਹਿਬ ਨੇ ਕਈ ਥਾਂ ਸੰਗੀਤ ਦੇ[27] ਰਸ ਨਾਲ ਤੇ ਕਈ ਥਾਂ ਸ਼ਰਾਬ ਦੇ ਸਰੂਰ ਨਾਲ ਤੁਲਨਾਇਆ ਹੈ।[28] ਗੁਰਬਾਣੀ ਵਿਚ ਵੀ 'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ' ਦਾ ਉਲੇਖ ਆਉਂਦਾ ਹੈ। ਸੂਫ਼ੀ ਕਵੀ ਵੀ ਖੁਮਾਰੀ ਦੇ ਸੰਕੇਤ ਨੂੰ ਵਰਤਦੇ ਰਹੇ ਹਨ। ਉਮਰ ਖਿਆਮ ਦੀ ਕਵਿਤਾ ਹੀ ਰਹੱਸਵਾਦੀ ਮਰਮ ਨੂੰ ਸੁਰਾਹੀ, ਪਿਆਲੇ ਤੇ ਸ਼ਰਾਬ ਦੇ ਸੰਕੇਤ ਰਾਹੀਂ ਸਪਸ਼ਟ ਕਰਦੀ ਹੈ।

---

22. 'ਤੁਰਦੀ ਸੰਝ ਸਵੇਰ', 'ਮੇਰੇ ਸਾਂਈਆਂ ਜੀਓ', ਪੰਨਾ 21
23. 'ਬਹਾਰ', ਉਹੀ, ਪੰਨਾ 22
24. ਉਹੀ, ਪੰਨਾ 36
25. 'ਹੋਸ਼- ਮਸਤੀ', ਲਹਿਰਾਂ ਦੇ ਹਾਰ, ਪੰਨਾ 16
26. O wrangling schools, that search what fire
    shall burne this world, had none the wit
    unto this knowledge to aspire
    That this he feaver might be it.( John Donne )
27. 'ਯਾਦ ਸਜਨ ਦੀ' ਹਰਦਮ ਰਹਿੰਦੀ ਲਹਿ ਗਈ ਡੂੰਘੇ ਥਾਈਂ,
    ਵਾਂਗ ਸੰਗੀਤ ਲਹਿਰਦੀ ਅੰਦਰ ਬਣ ਗਈ ਰਾਗ ਇਲਾਹੀ।(ਯਾਦ, ਲਹਿਰਾਂ ਦੇ ਹਾਰ, ਪੰਨਾ 22)

ਅਗਿਆਤ ਪ੍ਰੀਤਮ ਰਹੱਸਮਈ ਹੈ। ਸੂਫ਼ੀ ਕਵੀ ਲੌਕਿਕ ਪ੍ਰੇਮ ਦੇ ਸਹਾਰੇ ਉਸ ਅਗਿਆਤ ਅਲੌਕਿਕ ਮੁਕਤੀ ਤਕ ਜਾਣਾ ਚਾਹੁੰਦੇ ਹਨ। ਰੂਮੀ ਅਤੇ ਜਾਮੀ ਵੀ ਮੁਰਸ਼ਦ ਪ੍ਰਾਪਤੀ ਲਈ ਪ੍ਰੇਮ ਦਾ ਆਸਰਾ ਲੈਣ ਲਈ ਕਹਿੰਦੇ ਹਨ।[29] ਇਸੇ ਕਰਕੇ ਸੂਫ਼ੀ ਕਵਿਤਾ ਦਾ ਬਹਿਰੰਗ ਪ੍ਰੇਮ- ਮਈ ਹੁੰਦਾ ਹੈ, ਪਰ ਇਸ ਦੇ ਅੰਤਰੰਗ ਵਿਚ ਰਹੱਸਮਈ ਭਾਵਨਾ ਸਮਾਈ ਹੁੰਦੀ ਹੈ। ਵੈਸੇ ਇਕ ਗੱਲ ਨੂੰ ਸਮਝਣਾ ਜ਼ਰੂਰੀ ਹੈ ਕਿ ਸੂਫ਼ੀਆਂ ਦੇ ਪ੍ਰੇਮ ਦੀ ਆਰੰਭਿਕ ਭੂਮਿਕਾ ਅਲੌਕਿਕ ਹੈ, ਉਸ ਦੀ ਵਿਕਾਸ ਭੂਮੀ ਅਲੌਕਿਕ ਹੈ ਅਤੇ ਉਸ ਦੀ ਪ੍ਰਾਪਤੀ ਵੀ ਅਲੌਕਿਕ ਹੈ। ਭਾਈ ਸਾਹਿਬ ਦੇ ਰਹੱਸਵਾਦ ਦਾ ਸੂਫ਼ੀਆਂ ਨਾਲੋਂ ਅੰਤਰ ਇਹ ਹੈ ਕਿ ਉਨ੍ਹਾਂ ਦੀ ਪ੍ਰੇਮ ਭੂਮਿਕਾ ਲੌਕਿਕ ਤੇ ਮਾਨਵੀ ਹੈ। ਇਸ ਦਾ ਵਿਕਾਸ ਸੰਸਾਰਕ ਧਰਾਤਲ ਤੇ ਹੁੰਦਾ ਹੈ, ਜੋ ਅੰਤ ਵਿਚ ਉਦਾਤ ਹੋ ਕੇ ਵਿਸ਼ੁਧ- ਪ੍ਰੇਮ ਵਿਚ ਪਰਿਵਰਤਤ ਹੋ ਜਾਂਦਾ ਹੈ। ਇਸ ਤੋਂ ਛੁਟ ਸੂਫ਼ੀਆਂ ਦੇ ਪ੍ਰੇਮ ਵਿਚ ਫ਼ਕੀਰੀ ਨੁਕਤਾ ਕਿਸੇ ਮੁਰਸ਼ਦ ਨਾਲ ਅਭੇਦਤਾ ਦਰਸਾਂਦਾ ਹੈ। ਜਿਥੋਂ ਤਕ ਭਾਈ ਸਾਹਿਬ ਦੇ ਰਹੱਸਵਾਦ ਦਾ ਸੰਬੰਧ ਹੈ, "ਭਾਈ ਸਾਹਿਬ ਦੀ ਕਵਿਤਾ ਦਾ ਫ਼ਕੀਰੀ ਨੁਕਤਾ ਕਿਸੇ ਮੁਰਸ਼ਦ ਨਾਲ ਅਭੇਦ ਹੋਣ ਦੇ ਅਨੁਭਵ ਨੂੰ ਪ੍ਰਧਾਨਤਾ ਨਹੀਂ ਦੇਂਦਾ। ਇਨ੍ਹਾਂ ਦੀ ਕਾਵਯ- ਬ੍ਰਿਤੀ ਨਿਰਗੁਣ ਨੂੰ 'ਭਾਵ' ਰੂਪ ਵਿਚ ਸਾਖਿਆਤਕਾਰ ਕਰਨ ਵਿਚ ਵਿਕਾਸ ਕਰ ਲੈਂਦੀ ਹੈ।"[30] ਇਸ ਤਰ੍ਹਾਂ ਭਾਈ ਸਾਹਿਬ ਦੀ ਰਹੱਸਵਾਦੀ ਕਲਪਨਾ ਸੂਫ਼ੀ ਪ੍ਰੇਮ ਸਾਧਨਾ ਵਿਚ ਕੁਝ ਪਰਿਵਰਤਨ ਕਰਕੇ ਹੀ ਇਸ ਨੂੰ ਸਵੀਕਾਰ ਕਰਦੀ ਹੈ।

ਵੈਸੇ ਰਹੱਸਵਾਦੀਆਂ ਵਾਲੀ ਗੰਭੀਰ ਵੇਦਨਾ ਭਾਈ ਸਾਹਿਬ ਦੇ ਗੀਤਾਂ ਵਿਚ ਕਾਫ਼ੀ ਪ੍ਰਾਪਤ ਹੁੰਦੀ ਹੈ। ਜੁਗਾਂ ਤੋਂ ਪ੍ਰੇਮੀਆਂ ਦੀ ਕਾਮਨਾ ਰਹੀ ਹੈ ਕਿ ਪਿਰ ਦੂਰ ਰਹ ਕੇ ਵੀ ਉਨ੍ਹਾਂ ਦਾ ਸੰਦੇਸ਼ ਲੈਂਦਾ ਰਹੇ। ਪ੍ਰੇਮ ਦੀ ਇਹ ਖੇਡ ਚਲਦੀ ਰਹਿੰਦੀ ਹੈ। ਕਈ ਵੇਰਾਂ ਪ੍ਰੇਮੀ ਪ੍ਰੇਮ ਮਾਰਗ ਵਿਚ ਦੌੜ ਦੌੜ ਕੇ ਹੰਭਿਆ ਪ੍ਰਤੀਤ ਕਰਦਾ ਹੈ:

'ਤਰ ਕੇ ਆਵਾਂ' ਜ਼ੋਰ ਨ ਬਾਹੀਂ, ਸੂਕੇ ਨਦੀ ਕਾਂਗ ਭਰ ਆਹੀ।
'ਤੁਰ ਕੇ ਆਵਾਂ' ਰਾਹ ਨ ਜਾਣੀ, ਸਾਜਨ ਸਖਾ ਸਹੇਲਾ ਤੂੰ।[31]

ਭਾਈ ਸਾਹਿਬ ਦੀ ਗੰਭੀਰ ਵੇਦਨਾ ਉਨ੍ਹਾਂ ਨੂੰ ਰੋਮਾਂਟਿਕ ਮਾਤ੍ਰ ਨਹੀਂ ਬਣਾਉਂਦੀ। ਉਨ੍ਹਾਂ ਦੇ ਭਾਵਾਂ ਦੀ ਗੰਭੀਰਤਾ ਵੇਦਨਾ ਦਰਸ਼ਨ ਅਤੇ ਕਰੁਣਾ ਦੇ ਵਿਆਪਕ ਪ੍ਰਸਾਰ ਨੂੰ ਉਚ ਭੂਮੀ ਤੇ ਲੈ ਜਾਂਦੀ ਹੈ। ਇਸ ਵਿਚ ਰੂਪ- ਵਿਲਾਸ ਅਤੇ ਸ੍ਰਿਸ਼ਟਾਮਈ ਯਥਾਰਥਕਤਾ ਦੇ ਸੰਕੇਤ ਵੀ ਅੰਤ ਵਿਚ ਆਦਰਸ਼ ਪ੍ਰਾਪਤੀ ਨੂੰ ਹੀ ਪ੍ਰਗਟ ਕਰਦੇ ਹਨ। ਇਵੇਂ ਪ੍ਰੇਮ ਦਾ ਆਦਰਸ਼, ਰੂਪ ਦਾ ਅਸ਼ਰੀਰੀ ਚਿਤ੍ਰਨ ਤੇ ਸਨੇਹ ਦੇ ਛਾਇਆ ਸੰਕੇਤ ਭਾਈ ਸਾਹਿਬ ਦੇ ਗੀਤਾਂ ਵਿਚ ਰਹੱਸਮਈ ਭਾਵਨਾ ਦੀ ਸ੍ਰਿਸ਼ਟੀ ਕਰਦੇ ਹਨ।

---

28. ਅੰਜੀ ਪੀ ਤੇ ਹੁਣੇ ਹੀ ਪੀ ਤੇ ਪੀਂਦਿਆਂ ਪੀਂਦਿਆਂ ਜਾਈਏ,
'ਪਿਰਮ ਰਸਾਂ' ਦੇ ਪਯਾਲੇ ਨਾਲੋਂ ਲਾਏ ਬੁੱਲ੍ਹ ਨ ਚਾਈਏ। (ਅੰਜੀ, ਲਹਿਰਾਂ ਦੇ ਹਾਰ, ਪੰਨਾ 20)
29. Reynold A. Nicholson, The Mystics of Islam, P. 109.
30. ਡਾ. ਬਲਬੀਰ ਸਿੰਘ, 'ਕਲਮ ਦੀ ਕਰਾਮਾਤ', ਪੰਨਾ 173
31. ਮਿਲ ਵੇਲਾ ਉ, ਮੇਰੇ ਸਾਈਆਂ ਜੀਓ, ਪੰਨਾ 10

ਲੌਕਿਕ ਤੋਂ ਪਰਮੇਸ਼ਵਰ ਤਕ ਜਾਣ ਵਾਲੇ ਸੂਫ਼ੀ ਪ੍ਰੀਤਮ ਦੀ ਨੂਰ ਮਾਤ੍ਰ ਵਿਚ ਕਲਪਨਾ ਕਰਦੇ ਹਨ। ਭਾਈ ਸਾਹਿਬ ਵੀ ਪ੍ਰਿਯ ਦੇ 'ਨੂਰ' ਰੂਪ ਦੇ ਸੁਪਨੇ ਵਿਚ ਦਰਸ਼ਨ ਕਰਦੇ ਹਨ:

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ ਅਸਾਂ ਧਾ ਗਲਵਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨ ਆਏ ਸਾਡੀ ਕੰਬਦੀ ਰਹੀ ਕਲਾਈ।[32]

ਅੰਗ੍ਰੇਜ਼ੀ ਦੇ ਕਵੀ ਹੈਨਰੀ ਵਾਹਨ[33] ਅਤੇ ਮਿਲਟਨ[34] ਨੇ ਵੀ ਰੱਬ ਨੂੰ 'ਨੂਰ ਰੂਪ' ਵੇਖਣ ਦੇ ਅਨੁਭਵ ਨੂੰ ਪ੍ਰਗਟ ਕੀਤਾ ਹੈ। ਭਾਈ ਸਾਹਿਬ ਨੂਰ ਦੇ ਦਰਸ਼ਨ ਕਰਕੇ ਮਿਲਾਪ ਦੇ ਪਲਾਂ ਨੂੰ ਮੋੜ ਲੈਣ ਲਈ ਮਚਲਦੇ ਹਨ। ਸਾਖਿਆਤ ਪ੍ਰੀਤਮ ਅੱਖਾਂ ਤੋਂ ਦੂਰ ਹੁੰਦਿਆਂ ਹੀ ਅਗਿਆਤ ਬਣ ਜਾਂਦਾ ਹੈ। ਇਸੇ ਲਈ ਭਾਈ ਸਾਹਿਬ ਪ੍ਰਿਯ ਦੇ ਚਰਨਾਂ ਨਾਲ ਲਿਪਟ ਜਾਣਾ ਚਾਹੁੰਦੇ ਹਨ:

" ਮੰਗਦੀ ਏ ਛੋਹ ਤੇਰੇ ਚਰਨ ਕਮਲ ਦੀ '
" ਲੋਚਦੀ ਦੀਦਾਰ ਤੇਰੇ ਨੂਰੀ ਰੂਪ ਦਾ"[35]

ਪ੍ਰਭੂ ਦੇ ਨੂਰੀ ਰੂਪ ਦੇ ਮਿਲਾਪ ਵਿਚ ਵੀ ਰਸ ਹੈ। ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਪ੍ਰੇਮੀ ਲਈ ਇਹ 'ਜਦ ਮੁੜਦਾ, ਰਸ ਵਿਚ ਗੁਟਕੇ- ਪਰ ਦੱਸੇ ਨਾ ਕੁਝ ਜਾਣੇ'[36] ਦਾ ਅਨੁਭਵ ਹੈ।

ਭਾਈ ਸਾਹਿਬ ਹੋਰ ਸਪਸ਼ਟ ਕਰਦੇ ਹਨ ਕਿ ਪ੍ਰੀਤਮ ਅੱਖ- ਮਚੋਲੀ ਉਦੋਂ ਤਕ ਹੀ ਕਰਦਾ ਹੈ, ਜਦ ਤਕ ਪ੍ਰੇਮੀ ਆਪਣੇ ਅਸਤਿਤਵ ਨੂੰ ਵੱਖਰਾ ਸਮਝਦਾ ਹੈ। ਜਦ ਉਸ ਵਿਚ ਏਕਤਾ ਦਾ ਭਾਵ ਜਾਗਦਾ ਹੈ, ਪ੍ਰੀਤਮ ਅੰਦਰ ਦਾ ਬੰਦੀ ਬਣ ਜਾਂਦਾ ਹੈ ਤੇ ਹਿਰਦੇ ਵਿਚ 'ਸ਼ੁਕਰ ਦਾ ਰਾਗ' ਛਿੜ ਪੈਂਦਾ ਹੈ:

ਐਉਂ ਜਾਪੇ ਜਿਉਂ ਆ ਗਏ ਆਪੂੰ ਦੁੱਖ ਅੰਦੋਹ ਗਏ ਸਭ ਭੁੱਲ
ਛਿੜ ਪਏ ਰਾਗ, ਤਰਾਨੇ ਅੰਦਰ 'ਸਾਂਈਆਂ ਸਾਂਈਆਂ' ਫੜਕਨ ਬੁੱਲ੍ਹ।[37]

ਇਸ ਅਵਸਥਾ ਵਿਚ ਆ ਕੇ ਭਾਈ ਸਾਹਿਬ ਹਿਰਦੇ ਦੀ ਡੂੰਘਾਈ ਵਿਚ ਉਤਰਦੇ ਚਲੇ ਜਾਂਦੇ ਹਨ। ਸੁੰਦਰਤਾ ਦੇ ਬਾਹਰਮੁਖੀ ਆਕਰਸ਼ਣ ਨੂੰ ਛੋੜ ਕੇ ਉਹ ਇਸ ਦੇ ਅੰਤਰ-ਤਮ ਵਿਚ ਪ੍ਰਵੇਸ਼ ਕਰਦੇ ਹਨ। ਉਨ੍ਹਾਂ ਦਾ ਸਾਰਾ ਸੰਤਾਪ ਦੂਰ ਹੋ ਜਾਂਦਾ ਹੈ:

---

32. ਕੰਬਦੀ ਕਲਾਈ, ਮਟਕ ਹੁਲਾਰੇ, ਪੰਨਾ 61

33. I saw Eternity the other night
Like a great ring of pure and endless light
All calm, as it was bright.
( Henry Vaughn )

34. Her face was veiled; yet to my fancied sight
Love, sweetness, goodness in her person shined
So clear as in no face with more delight
But Oh! as to embrace me she inclined
I waked, she fled and day brought
back my night." ( Milton-On His Deceased wife(Sonnet)

35. 'ਲਗ ਗਈ ਸੀ ਕਾਨੀ ਉਮਰੇ', 'ਮੇਰੇ ਸਾਂਈਆਂ ਜੀਓ, ਪੰਨਾ 6

36. 'ਲਾ ਮਕਾਂ', ਲਹਿਰਾਂ ਦੇ ਹਾਰ, ਪੰਨਾ 26

37. 'ਦੁਖ ਅੰਦੋਹ ਗਏ ਸਭ ਭੁਲ', ਮੇਰੇ ਸਾਂਈਆਂ ਜੀਓ, ਪੰਨਾ 32

ਤੇਰੀਆਂ ਝਰਨ ਝਰਨ ਪੈ ਰਹੀਆਂ
ਅੰਮ੍ਰਿਤ ਬੂੰਦਾਂ
ਜੋ ਪਪੀਹੇ ਵਤ
ਕੂਕਦਿਆਂ ਦੇ ਮੂੰਹ ਆ ਪੈਂਦੀਆਂ ਹਨ
ਕਿਸੇ ਸੁਆਂਤੀ ਨਛੱਤਰੇ,
ਦਸਦੀਆਂ ਹਨ ਤੇਰੀ ਹੋਂਦ ਦਾ ਸੁਆਦ[38]

ਭਾਈ ਸਾਹਿਬ ਦੇ ਗੀਤਾਂ ਵਿਚ ਜੋ ਰਹੱਸਵਾਦ ਨਿਖਰਦਾ ਹੈ, ਉਸ ਵਿਚ ਪਲਾਇਨਵਾਦ ਦੀ ਰੁਚੀ ਨਹੀਂ। ਇੱਥੇ ਪ੍ਰੇਮ ਰਾਹੀਂ ਕਿਸੇ ਮਹਾਨ ਨਿਰਮਾਣ ਦੀ ਕਲਪਨਾ ਹੋਈ ਹੈ। ਉਹ ਤਾਂ 'ਹੱਥ ਕਾਰ ਵੱਲ ਰਸਨਾ ਉਸਾਰ ਵੱਲ' ਰਾਹੀਂ ਕਿਰਤ ਤੇ ਯਾਦ ਦਾ ਸੰਜੋਗ ਦ੍ਰਿੜਾਉਂਦੇ ਹਨ:

'ਦਸਾਂ ਨੁਵਾਂ ਦੀ ਕਿਰਤੋਂ ਬਲਿਹਾਰ,
' ਵਾਹ ਵਾਂ ਕਰਦੀਆਂ ਹੈ ਪਈਆਂ
'ਪੇਟ ਭਰੇਗੀ ਸੁਹਣੀ ਏ ਸੱਟ
' ਭੁੱਖੇ ਰਹਣਗੇ ਸੌਖੇ ਦਿੱਨ
' ਲਾਹੂ ਓਸ ਨਹੀ ਬੀ ਕੋਈ ਟਿੱਲ।[39]

ਅਰੂਪ ਨਾਲ ਪ੍ਰੇਮ ਲਈ ਸੰਸਾਰ ਦਾ ਤਿਆਗ ਨਹੀਂ, ਸਗੋਂ ਇਸ ਵਿਚ ਰਹ ਕੇ 'ਭੈ ਵਿਚ ਕਾਰ ਤੁਸਾਂ ਮੈਂ ਕਰਨੀ— ਮਤ ਮਾਲਕ ਦੀ ਮਾਲਿਆ'[40] ਦੀ ਅਸਲੀਅਤ ਨੂੰ ਸਮਝਣ ਦੀ ਲੋੜ ਹੈ। ਭਾਈ ਸਾਹਿਬ ਜਗਤ ਵਿਚ ਰਹੀਂਦਿਆਂ ਬਸ ਹੇਠਾਂ ਡਿੱਗਣ ਦੀ ਥਾਂ ਦ੍ਰਿਸ਼ਟੀ ਨੂੰ ਉਚਾ ਚੁਕਣ ਲਈ ਕਹਿੰਦੇ ਹਨ:

ਜਿਸ ਥਾਂ ਉਤੇ ਜੋ ਕੁਝ ਹੈ ਤੂੰ ਇਸ ਨੂੰ ਸਚਾਣ ਸਿਆਨੇ!
ਉਠ ਉਚਾ ਹੁਣ ਏਸ ਥਾਉਂ ਤੋਂ ਬੇਹਦ ਉਚ ਠਿਕਾਨੇ
ਹੇਠਾਂ ਵੱਲ ਨ ਤੱਕੀ ਸੁਹਣੇ ! ਬੇਹਦ ਹੇਠ ਡੂੰਘਾਈਆਂ
ਚੜ੍ਹ ਉਪਰ ਨੂੰ ਚੜ੍ਹ ਉਪਰ ਨੂੰ,ਸਾਵਧਾਨ ਰਹਿ ਦਾਨੇ।[41]

ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ " ਭਾਈ ਸਾਹਿਬ ਦਾ ਰਹੱਸਵਾਦ ਖਰੋਤੀ ਕਿਸਮ ਦਾ ਲੋਅ ਵਿਚ ਜਰਬ ਹੋਣ ਵਾਲਾ ਨਹੀਂ, ਇਹ ਕਿਸੇ ਵੈਰ ਟੁਰ ਰਹਿਆ ਹੈ,ਕਿਸੇ ਥੇਰੇ ਖਿੜ ਰਹਿਆ ਹੈ ਅਤੇ ਕਿਸੇ ਲਿਵਤਾਰ ਵਿਚ ਚਲਦਾ ਰਹੱਸਯ ਹੈ।"[42]

---

38. 'ਸਾਂਈਆਂ ਦੀ ਸਚਾਣ',ਮੇਰੇ ਸਾਂਈਆਂ ਜੀਉ,ਪੰਨਾ 14
39. 'ਹੱਥ ਕਾਰ ਵਲ',ਉਹੀ,ਪੰਨਾ 39
40. 'ਭੈ ਵਿਚ;ਲਹਿਰਾਂ ਦੇ ਹਾਰ,ਪੰਨਾ 21
41. 'ਉਚਾ ਉਠ,'ਖਾਲਸਾ ਸਮਾਚਾਰ,26-10-1967,ਜਿਲਦ 68,ਅੰਕ ਨੰ: 46
42. ਡਾ. ਬਲਬੀਰ ਸਿੰਘ,ਪੰਜਾਬੀ ਦੀ ਰਮਜ਼ ਭਰੀ ਕਵਿਤਾ,ਕਲਮ ਦੀ ਕਰਾਮਾਤ,ਪੰਨਾ 53.

'ਕਵਿ ਰੰਗ ਸੁੰਦਰਤਾ' ਵਿਚ ਵੀ ਭਾਈ ਸਾਹਿਬ 'ਟੋਰ ਵਿਚ ਟੁਰੇ ਰਹਣ' ਲਈ ਪ੍ਰੇਰਦਿਆਂ ਕਹਿੰਦੇ ਹਨ:

" ਨਰਕਾਂ ਵਤਨ ਜਿਨ੍ਹਾਂ ਦਾ ਕਬਰਾਂ ਵਜੂਦ ਉਨ੍ਹਾਂ ਦਾ
" ਚੱਕਰ ਅਨੰਤ ਅਟਿਕਵੇਂ" ਉਨ੍ਹਾਂ ਦੀ ਚਾਲ ਪਾਈ।[43]

ਪ੍ਰੇਮ ਦੇ ਬਹੁ- ਪੱਖੀ ਝਲਕਾਰਿਆਂ ਤੋਂ ਛੁੱਟ ਭਾਈ ਸਾਹਿਬ ਨੇ ਪ੍ਰਕ੍ਰਿਤੀ ਨੂੰ ਵੀ ਆਪਣੇ ਗੀਤਾਂ ਵਿਚ ਪ੍ਰਧਾਨ ਥਾਂ ਦਿੱਤੀ ਹੈ।[44] ਭਾਈ ਸਾਹਿਬ ਪ੍ਰਕ੍ਰਿਤੀ ਦੇ ਹਰੇਕ ਸਰੂਪ ਤੇ ਰੀਝ ਉਠਦੇ ਹਨ ਅਤੇ ਇਸ ਦੀ ਸੁੰਦਰਤਾ ਉਨ੍ਹਾਂ ਵਿਚ ਇਕ ਜਗਿਆਸਾ ਭਰ ਦਿੰਦੀ ਹੈ। ਕਿਧਰੇ ਉਹ 'ਚਾਂਦਨੀ'[49] ਵਿਚ ਚਾਂਦਨੀ ਦੀਆਂ ਕਿਰਨਾਂ ਦੇ ਕੋਲੋਂ ਦੇ ਸੂਈਆਂ ਵਰਗੀ ਪੱਤਿਆਂ ਤੇ ਟਿਕਣ ਦੇ ਸੌਂਦ੍ਰਯ ਉਤੇ ਰੀਝਦੇ ਹਨ, ਕਿੱਧਰੇ ਵੈਰੀ ਨਾਗ ਝੀਲ ਦੇ 'ਰੰਗ ਫੀਰੋਜ਼ੀ ਝਲਕ ਬਲੌਰੀ ਜਲੂਕ ਮੋਤੀਆਂ ਵਾਲੀ'[46] ਵਾਲੇ ਜਲਵੇ ਤੇ ਮੋਹਿਤ ਹੁੰਦੇ ਹਨ ਅਤੇ ਕਿੱਧਰੇ 'ਗੁਲਮਰਗ'[47] ਦੀ ਚੜ੍ਹਾਈ ਤੇ "ਮਖ਼ਮਲ ਘਾਹ ਸੁਹਾਵੀ ਕਿਣਮਿਣ" ਉਨ੍ਹਾਂ ਲਈ "ਠਰਨ, ਜੁੜਨ, ਰਸ- ਮਗਨ ਹੋਣ ਦੀ ਚਉਸਰ" ਵਿਛਾ ਦਿੰਦੀ ਹੈ। ਭਾਈ ਸਾਹਿਬ ਦੀ ਵਿਸ਼ੇਸ਼ਤਾ ਹੈ ਕਿ ਉਹ ਵਰਡਜ਼ਵਰਥ ਵਾਂਗ ਪ੍ਰਕ੍ਰਿਤੀ ਦੀ ਸੁੰਦਰਤਾ ਵਿਚ ਹੀ ਤਨਮਈ ਨਹੀਂ ਹੋ ਜਾਂਦੇ। ਪ੍ਰਕ੍ਰਿਤੀ ਦੀ ਸੁੰਦਰਤਾ ਨੂੰ ਵੇਖ ਕੇ ਉਨ੍ਹਾਂ ਦਾ ਵਿਸਮਾਦ ਜਾਗ੍ਰਤ ਹੋ ਜਾਂਦਾ ਹੈ ਅਤੇ ਉਨ੍ਹਾਂ ਦੀ ਚੇਤਨਾ ਗਤੀਮਾਨ ਹੋ ਜਾਂਦੀ ਹੈ। ਭਾਈ ਸਾਹਿਬ ਆਪਣੀਆਂ ਭਾਵਨਾਵਾਂ ਦੀ ਸੂਖਮਤਾ ਰਾਹੀਂ ਪ੍ਰਕ੍ਰਿਤੀ ਦਾ ਵਰਣਨ ਕਰਦੇ ਹਨ, ਪਰ ਉਨ੍ਹਾਂ ਦਾ ਹਿਰਦਾ ਆਪਣੀ ਜਗਿਆਸਾ ਨੂੰ ਸੰਤੁਲਨ ਵਿਚ ਰੁਝ ਜਾਂਦਾ ਹੈ। ਇਸ ਜਗਿਆਸਾ ਦਾ ਕਰਮਿਕ ਵਿਕਾਸ ਲਈ ਭਾਈ ਸਾਹਿਬ ਨੂੰ ਪ੍ਰਕ੍ਰਿਤੀ ਵਿਚੋਂ ਹੀ ਜੀਵਨ- ਭੇਦ ਨੂੰ ਖੋਲ੍ਹਣ ਵਿਚ ਸਹਾਇਤਾ ਦਿੰਦਾ ਹੈ। ਇਸੇ ਕਰਕੇ ਭਾਈ ਸਾਹਿਬ ਦੇ ਗੀਤਾਂ ਵਿਚ ਰਹੱਸਮਈ ਪ੍ਰਕ੍ਰਿਤੀ ਦੇ ਵਿਸਮਾਦ ਤੋਂ ਪੈਦਾ ਹੋਈਆਂ ਭਾਵਨਾਵਾਂ ਦਾ ਬਿਆਨ ਵਿਸ਼ੇਸ਼ ਰੂਪ ਵਿਚ ਨਿਖਰਿਆ ਹੈ, ਜਿਵੇਂ:

ਇੱਛਾਬਲ ਜਦ ਨਾਦ ਤਿਰਾ ਆ ਪਹਿਲਾਂ ਕੰਨੀ ਪੈਂਦਾ,
ਭਰ ਸਰੂਰ ਸਿਰ ਵਿਚ ਇਕ ਜਾਂਦਾ ਝੂਮ ਇਲਾਹੀ ਲੈਂਦਾ
ਹੀਰੇ ਵਰਗੀ ਚਮਕ ਨੀਰ ਦੀ ਅੱਖਾਂ ਨੂੰ ਮਸਤਾਂਦੀ:
ਬੇਖੁਦੀਆਂ ਦਾ ਝੂਟਾ ਆਵੇ ਚੜ੍ਹਿਆ ਹੁਲਾਰਾ ਰਹਿੰਦਾ।[48]

---

43. 'ਕਵਿ ਰੰਗ ਸੁੰਦਰਤਾ', ਮਟਕ ਹੁਲਾਰੇ, ਪੰਨਾ- 53
44. " Next to love and religion, possibly the contemplation of nature has been the subject of most lyrics." ( Rudolf Kirk and Clara Marburg Kirk, Types of English Poetry, P. 261)
45. ਲਹਿਰਾਂ ਦੇ ਹਾਰ, ਪੰਨਾ- 86
46. ਮਟਕ ਹੁਲਾਰੇ, ਪੰਨਾ- 98
47. ਉਹੀ, ਪੰਨਾ 112
48. ਉਹੀ, ਪੰਨਾ 90.

ਭਾਈ ਸਾਹਿਬ ਦੇ ਸਾਹਿਤਿਕ ਗੀਤਾਂ ਵਿਚ ਉਨ੍ਹਾਂ ਦੀ ਪ੍ਰੋੜ੍ਹਤਾ ਨਿਖਰ ਆਉਂਦੀ ਹੈ। ਇਹ ਸਿਰਫ਼ ਉਨ੍ਹਾਂ ਦੀ ਪ੍ਰੇਮ- ਵੇਦਨਾ ਦੀਆਂ ਹੂਕਾਂ ਹੀ ਨਹੀਂ, ਇਨ੍ਹਾਂ ਰਾਹੀਂ ਉਹ ਇਕ ਚਿੰਤਨਸ਼ੀਲ ਕਲਾਕਾਰ ਦੇ ਰੂਪ ਵਿਚ ਵੀ ਸਾਮ੍ਹਣੇ ਆਉਂਦੇ ਹਨ। ਇਨ੍ਹਾਂ ਵਿਚ ਪ੍ਰੇਮ ਦੀ ਵਿਭਿੰਨ ਪੱਖਾਂ ਦੀ ਅਭਿਵਿਅਕਤੀ ਰਾਹੀਂ ਭਾਈ ਸਾਹਿਬ ਨੇ ਇਕ ਸਵਸਥ ਜੀਵਨ ਦਰਸ਼ਨ ਦੀ ਨਿਯੋਜਨਾ ਕੀਤੀ ਹੈ। ਇਨ੍ਹਾਂ ਗੀਤਾਂ ਰਾਹੀਂ ਉਹ ਗੁਰਮਤਿ ਦੇ ਆਧਾਰ ਤੇ ਅਪਣਾਏ ਜੀਵਨ ਦਰਸ਼ਨ ਦੇ ਕਿਸੇ ਪੱਖ ਦੀ ਸਿੱਧੇ ਜਾਂ ਪਰੋਖ ਰੂਪ ਵਿਚ ਵਿਆਖਿਆ ਕਰ ਜਾਂਦੇ ਹਨ। ਇਸੇ ਕਰਕੇ ਇੱਥੇ ਵਿਅਕਤੀਗਤ ਅਨੁਭੂਤੀ ਵਿਆਪਕ ਜੀਵਨ ਦਰਸ਼ਨ ਵੱਲ ਵਧੇਰੇ ਰੁਚਿਤ ਹੈ।

ਪ੍ਰਬੰਧ ਕਾਵਿ ਵਾਂਗ ਗੀਤਾਂ ਵਿਚੋਂ ਕਿਸੇ ਭਾਵ ਵਿਕਾਸ ਦਾ ਮਿਲਣਾ ਕਠਿਨ ਹੁੰਦਾ ਹੈ। ਭਾਈ ਸਾਹਿਬ ਦੇ ਇਨ੍ਹਾਂ ਗੀਤਾਂ ਵਿਚ ਵੀ ਇਕੋ ਭਾਵਨਾ ਉਜਾਗਰ ਹੁੰਦੀ ਹੈ, ਜੋ ਉਨ੍ਹਾਂ ਦੀ ਵਿਸ਼ੇਸ਼ ਮਨੋ-ਦਸ਼ਾ ਦਾ ਪਰਿਚਯ ਦਿੰਦੀ ਹੈ। ਭਾਈ ਸਾਹਿਬ ਦੀ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਆਪਣੇ ਗੀਤਾਂ ਨੂੰ ਕਿਧਰੇ ਅਸਾਧਾਰਣ ਅਲੰਕਾਰੀ ਅਡੰਬਰ ਨਾਲ ਬੋਝਲ ਨਹੀਂ ਹੋਣ ਦਿੱਤਾ। ਭਾਸ਼ਾ ਤੇ ਉਨ੍ਹਾਂ ਨੂੰ ਪੂਰਾ ਅਧਿਕਾਰ ਹੈ। ਭਾਵਾਂ ਦੀ ਅਭਿਵਿਅਕਤੀ ਪ੍ਰਤੀਕਾਂ ਦੀ ਛਾਇਆ ਤੇ ਚਿੱਤ੍ਰਾਂ ਰਾਹੀਂ ਕਰਕੇ ਭਾਈ ਸਾਹਿਬ ਨੇ ਕਲਾਮਈ ਅੰਸ਼ ਨੂੰ ਨਿਖਾਰਿਆ ਹੈ। 'ਮੇਰੇ ਸਾਂਈਆਂ ਜੀਓ' ਦੇ ਬਹੁਤੇ ਗੀਤ ਮਾਤ੍ਰਾ ਵਿਹੀਣ ਅਤੁਕਾਂਤ ਰੂਪ ਵਿਚ ਵਿਭਿੰਨ ਪ੍ਰਯੋਗ ਹਨ, ਜਿਨ੍ਹਾਂ ਵਿਚ ਸੁੰਦਰ ਚਿੱਤ੍ਰ, ਸਰਸ ਕਲਪਨਾ ਤੇ ਸਭ ਕੁਝ ਸਰਸ ਰੂਪ ਲੈ ਕੇ ਸਾਕਾਰ ਹੋ ਉਠਦਾ ਹੈ। ਇਨ੍ਹਾਂ ਦਾ ਸਰੂਪ ਟੈਗੋਰ ਦੇ ਗੀਤਾਂ ਨਾਲ ਮਿਲਦਾ ਜੁਲਦਾ ਬਣ ਜਾਂਦਾ ਹੈ।

ਇਸ ਦੇ ਨਾਲ ਹੀ ਕਈ ਥਾਵਾਂ ਤੇ ਦਰਸ਼ਨ ਦੇ ਭਾਰ ਕਾਰਨ ਭਾਈ ਸਾਹਿਬ ਦੇ ਕੁਝ ਸਾਹਿਤਿਕ ਗੀਤ ਉਤਕ੍ਰਿਸ਼ਟ ਰੂਪ ਵਿਚ ਪ੍ਰਗਟ ਨਹੀਂ ਹੋ ਸਕੇ, ਜਿੱਥੇ ਵੀ ਉਹ ਸਪਸ਼ਟਵਾਦੀ ਹੋਏ ਹਨ, ਉਥੇ ਗੀਤਾਂ ਦਾ ਪੱਧਰ ਸਾਧਾਰਣ ਹੋ ਗਇਆ ਹੈ। ਇਹ ਦੋਸ਼ ਭਾਈ ਸਾਹਿਬ ਦੇ ਮੁੱਢਲੇ ਗੀਤਾਂ ਵਿਚ ਕੁਝ ਵਧੇਰੇ ਮਿਲਦਾ ਹੈ, ਜਿਵੇਂ:

> ਪਯਾਰੇ ਨ ਵਿਛੋੜੀਏ ਵੇ, ਮਿਲੇ ਨਾ ਨਿਖੇੜੀਏ ਵੇ
> ਆਸਰੇ ਨਾ ਤੋੜੀਏ ਵੇ, ਅਵੇ! ਪਾੜੀਏ ਨਾ ਜੋੜੀਆਂ।[49]

ਪਰ ਇਹ ਦੋਸ਼ ਥੋੜ੍ਹੇ ਗੀਤਾਂ ਵਿਚ ਹੀ ਮਿਲਦਾ ਹੈ। ਭਾਈ ਸਾਹਿਬ ਦੇ ਬਹੁਤੇ ਸਾਹਿਤਿਕ ਗੀਤਾਂ ਵਿਚ ਉਨ੍ਹਾਂ ਦੇ ਕਾਵਿ ਦਾ ਸੁਕੋਮਲ ਅੰਸ਼ ਸਮਾਇਆ ਰਹਿੰਦਾ ਹੈ ਤੇ ਇਨ੍ਹਾਂ ਰਾਹੀਂ ਹੀ ਉਨ੍ਹਾਂ ਦੇ ਕਾਵਿ ਦਾ ਨਿਖਾਰ ਆਉਂਦਾ ਹੈ। ਭਾਈ ਸਾਹਿਬ ਦੇ ਇਹ ਗੀਤ ਪਿੜਾਂ ਵਿਚ ਗਾਉਣ ਵਾਲੇ ਨਹੀਂ, ਸਗੋਂ ਇਕਾਂਤ ਵਿਚ ਮਾਨਣ ਵਾਲੇ ਹਨ।

<u>ਲੋਕ ਗੀਤ:-</u>

ਸੰਕੇਤ ਲੋਕ ਗੀਤ ਜਿਨ੍ਹਾਂ ਅਰਥਾਂ ਵਿਚ ਪੰਜਾਬੀ ਵਿਚ ਵਰਤਿਆ ਜਾਂਦਾ ਹੈ, ਉਸ ਤੋਂ ਭਾਵ ਇਕ ਤਾਂ ਉਹ ਲੋਕ ਗੀਤ ਹਨ, ਜੋ ਸੀਨਾ-ਬ-ਸੀਨਾ ਚਲੇ ਆ ਰਹੇ ਹਨ ਤੇ ਪਤਾ ਨਹੀਂ ਕਿਸ ਦੀ ਰਚਨਾ ਹਨ

---

49. ਲਹਿਰਾਂ ਦੇ ਹਾਰ, ਪੰਨਾ 80

[illegible]

ਅਤੇ ਦੂਜੇ ਉਹ ਗੀਤ ਹਨ, ਜਿਨ੍ਹਾਂ ਦਾ ਸਰੂਪ ਲੋਕ ਗੀਤਾਂ ਵਰਗਾ ਹੁੰਦਾ ਹੈ, ਭਾਵੇਂ ਉਹ ਵਰਤਮਾਨ ਕਵੀਆਂ ਦੇ ਰਚੇ ਹੁੰਦੇ ਹਨ। ਭਾਈ ਸਾਹਿਬ ਦੇ ਗੀਤਾਂ ਵਿਚ ਵੀ ਕੁਝ ਅਜੇਹੇ ਗੀਤ ਮਿਲਦੇ ਹਨ, ਜਿਨ੍ਹਾਂ ਦਾ ਸਰੂਪ ਲੋਕ ਗੀਤਾਂ ਨਾਲ ਮਿਲਦਾ ਜੁਲਦਾ ਹੈ ਅਤੇ ਜਿਨ੍ਹਾਂ ਦੀਆਂ ਤਰਜ਼ਾਂ ਲੋਕ- ਗੀਤਾਂ ਵਾਲੀਆਂ ਹਨ। ਇਨ੍ਹਾਂ ਲੋਕ-ਗੀਤਾਂ ਵਿਚ 'ਬਿਜਲੀਆਂ ਦੇ ਹਾਰ' ਵਿਚੋਂ 'ਮੋਰ ਨੈਣਾਂ ਦੀ ਵਾਗ ਵੇ',[50] '[illegible]' 'ਉਡੀਕ',[51] 'ਢੋਲਾ ਰੁੱਸ ਕੇ ਨਾ ਜਾ',[52] 'ਇਨ੍ਹਾਂ ਨੈਣਾਂ ਨੇ ਮਾਰ ਮੁਕਾ ਲਿਆ',[53] 'ਮਟਕ ਹੁਲਾਰੇ' ਵਿਚੋਂ 'ਵਿੱਛੁੜੀ ਰੂਹ',[54] 'ਮੇਰੇ ਸਾਂਈਆਂ ਜੀਓ' ਵਿਚੋਂ 'ਚਾਨ ਅਰੱਕਿਆ'[55] ਅਤੇ 'ਖਾਲਸਾ ਸਮਾਚਾਰ' ਵਿਚ ਛਪਿਆ ਅਸੰਗ੍ਰਹਿਤ 'ਢੋਲਨ ਬਾਰੀ ਆਇਆ'[56] ਆਦਿਕ ਰੱਖੇ ਜਾ ਸਕਦੇ ਹਨ। ਲੋਕ ਗੀਤਾਂ ਦੀਆਂ ਧੁਨਾਂ ਦੇ ਆਧਾਰ ਤੇ ਗੀਤਾਂ ਦੀ ਰਚਨਾ ਸਭ ਭਾਸ਼ਾਵਾਂ ਵਿਚ ਮਿਲਦੀ ਹੈ। ਅੰਗ੍ਰੇਜ਼ੀ ਵਿਚ ਬਰਨਜ਼ ਅਤੇ ਮੂਰ ਨੇ ਵੀ ਆਪਣੇ ਅਨੇਕ ਗੀਤਾਂ ਨੂੰ ਸਕਾਟਲੈਂਡ ਤੇ ਆਇਰਲੈਂਡ ਦੀਆਂ ਲੋਕ- ਗੀਤਕ ਧੁਨਾਂ ਦੇ ਆਧਾਰ ਤੇ ਰਚਿਆ ਸੀ।[57]

ਲੋਕ ਗੀਤ ਵਧੇਰੇ ਇਸਤ੍ਰੀ ਹਿਰਦੇ ਦੀ ਹੀ ਉਪਜ ਹਨ ਅਤੇ ਇਹ ਇਸਤ੍ਰੀ ਹਿਰਦੇ ਵਿਚੋਂ ਨਿਕਲ ਕੇ ਪੁਰਸ਼ ਨੂੰ ਸੰਬੋਧਿਤ ਕੀਤੇ ਹੁੰਦੇ ਹਨ। ਇਸੇ ਆਧਾਰ ਤੇ ਭਾਈ ਸਾਹਿਬ ਨੇ 'ਮੋਰ ਨੈਣਾਂ ਦੀ ਵਾਗ ਵੇ', 'ਢੋਲਾ ਰੁੱਸ ਕੇ ਨਾ ਜਾ', 'ਵੇ ਮਾਹੀਆ ! ਗਲੇ ਤੇਰੇ ਗਾਨੀਆਂ', 'ਢੋਲਨ ਬਾਰੀ ਆਇਆ' ਵਿਚ ਆਪਣੇ ਆਪ ਨੂੰ ਇਸਤ੍ਰੀ ਰੂਪ ਵਿਚ ਅਨੁਭਵ ਕਰਕੇ 'ਮਾਹੀਆ', 'ਢੋਲਾ', 'ਵੇ' ਦੇ ਰਦੀਫ਼ ਵਰਤੇ ਹਨ।

ਲੋਕ ਗੀਤਾਂ ਦਾ ਧੁਰਾ ਪਿਆਰ ਦਾ ਜਜ਼ਬਾ ਹੀ ਹੁੰਦਾ ਹੈ। ਮੁਟਿਆਰ ਗਭਰੂ ਦੇ ਮਿਲਾਪ ਲਈ ਵਿਲਕਦੀ ਹੈ। ਭਾਈ ਸਾਹਿਬ ਦਾ ਹਿਰਦਾ ਵੀ ਪਿਰ ਰੂਪੀ ਪ੍ਰਭੂ ਨੂੰ ਇਸੇ ਢੰਗ ਵਿਚ ਤਰਲੇ ਪਾਂਦਾ ਹੈ:

ਆਖ ਗਿਆ ਢੋਲਾ ਲੌਢੇ ਪਹਿਰ ਆਸਾਂ,
ਲੌਢਾ- ਪਹਿਰ ਆਇਆ, ਢੋਲਾ ਨਹੀਂ ਆਇਆ !
ਆਖ ਘੱਲਿਓ ਸੁ ਸੰਝਾਂ ਪਈ ਆਸਾਂ,
ਸੰਝਾਂ ਸਮਾਂ ਆਇਆ, ਢੋਲਾ ਨਹੀਂ ਆਇਆ।[58]

ਪ੍ਰੇਮਿਕਾ ਉਡੀਕ ਵਿਚ ਔਸੀਆਂ ਪਾਂਦੀ ਹੈ। ਕਦੇ ਕਾਵਾਂ ਹੱਥ ਸੁਨੇਹੇ ਘਲਦੀ ਹੈ ਅਤੇ ਕਦੇ ਢੋਲਕੀ ਨੂੰ 'ਪੀਆ ਮਿਲਣ' ਦੀ ਗਤ ਵਜਾਣ ਲਈ ਅਰਜੋਈ ਕਰਦੀ ਹੈ:

---

50. ਬਿਜਲੀਆਂ ਦੇ ਹਾਰ,, ਪੰਨਾ- 12
51. ਉਹੀ, ਪੰਨਾ 15
52. ਬਿਜਲੀਆਂ ਦੇ ਹਾਰ, ਪੰਨਾ- 20
53. ਉਹੀ, ਪੰਨਾ- 42
54. ਮਟਕ ਹੁਲਾਰੇ, ਪੰਨਾ 168
55. ਮੇਰੇ ਸਾਂਈਆਂ ਜੀਓ, ਪੰਨਾ 48
56. ਖਾਲਸਾ ਸਮਾਚਾਰ, 19-7-1962, ਜਿਲਦ 67, ਨੰ: 33
57. Norman Hepple, Lyrical Forms in English, 1930, P. 16.
58. ਉਡੀਕ, ਬਿਜਲੀਆਂ ਦੇ ਹਾਰ, ਪੰਨਾ 15.

ਤੇਰੇ ਵਜਦਿਆਂ ਢੋਲ ਢਮੱਕਿਆਂ ਸਾਨੂੰ ਆ ਜਾਏ ਚਾਣ ਅਚੱਕਿਆਂ
ਤੇਰਾ ਭਰ ਦਿਆਂ ਮੱਖਣਾ ਢੋਲ ਵੇ! 'ਸਾਂਈਆਂ ਆ ਜਾਣੇ ਬੋਲਦੇ ਬੋਲ ਵੇ।[59]

ਮੁਟਿਆਰ ਨੂੰ ਪ੍ਰੀਤਮ ਦੇ ਆਉਣ ਦੀ ਖ਼ਬਰ ਸਖੀਆਂ ਰਾਹੀਂ ਰਾਹੀਂ ਦਿੰਦੀਆਂ ਹਨ। ਢੋਲਣ ਨੂੰ ਮਿਲਕੇ ਉਹ ਅਠਖੇਲੀਆਂ ਕਰਦੀ ਹੈ ਅਤੇ ਉਸ ਦੇ ਨਾਲ ਮਿਲ ਕੇ ਪੀਂਘਾਂ ਝੂਟਦੀ ਹੈ:

ਅੱਜ ਢੋਲਨ ਚਾਰੇ ਆਇਆ
ਸਾਨੂੰ ਸਈਆਂ ਸਦ ਬੁਲਾਇਆ
* * * * * *
ਦੇਖੋ ਢੋਲਨ ਹੁਣ ਕੀ ਕਰਦਾ
ਪੈਰ ਇਕ ਪੀਂਘ ਆਪ ਵੀ ਧਰਦਾ
ਹੂਕਾਂ ਦੇਂਦਾ ਲਰਜ਼ਾਂ ਭਰਦਾ
ਜਿਵੇਂ ਕੋਈ ਅਸਮਾਨੀ ਤਰਦਾ।[60]

ਪ੍ਰੇਮ ਵਿਚ ਰੁੱਸੇ ਗਿਲੇ ਵੀ ਹੁੰਦੇ ਹਨ। ਰੁਸੇਵੇਂ ਮਨੇਵੇਂ ਹੀ ਪਿਆਰ ਗੰਢਾਂ ਨੂੰ ਘੁਟਦੇ ਹਨ। ਰੁਠੇ ਪ੍ਰਭੂ ਨੂੰ ਮਨਾਉਂਦਿਆਂ ਭਾਈ ਸਾਹਿਬ ਦੇ ਮੁਟਿਔਰ- ਹਿਰਦੇ ਤੋਂ ਅਸੀਸਾਂ ਹੀ ਨਿਕਲਦੀਆਂ ਹਨ:

'ਵੇ ਨ ਰੁੱਸ ਕੇ ਰੁੱਸ ਕੇ ਜਾਹ ਢੋਲਾ, ਅਵੇ! ਹੱਸਨਾ ਹੱਸਨਾ ਆ ਢੋਲਾ!
ਮੁੜ ਆ, ਮੁੜ ਆ, ਮੁੜ ਆ, ਮੁੜ ਆ ਢੋਲਾ! ਗਲ ਲਾ ਗਲ ਲਾ ਗਲ ਲਾ ਢੋਲਾ ![61]

ਭਾਈ ਸਾਹਿਬ ਮਨੁੱਖ ਨੂੰ ਸੰਸਾਰ ਵਿਚ ਹੀ ਫਸ ਜਾਣ ਤੋਂ ਵਰਜਦਿਆਂ ਵੀ ਲੋਕ- ਗੀਤਕ ਧੁਨ ਅਪਣਾ ਲੈਂਦੇ ਹਨ। ਨੈਣ ਦੁਨੀਆਂ ਦੀ ਸੁੰਦਰਤਾ ਤੇ ਹੀ ਸ਼ੈਦਾਈ ਹੋ ਜਾਂਦੇ ਹਨ, ਇਨ੍ਹਾਂ ਨੂੰ ਕਾਬੂ ਕਰਨਾ ਜ਼ਰੂਰੀ ਹੈ:

ਮੋੜ ਨੈਣਾਂ ਦੀ ਵਾਗ ਵੇ, ਮਨ ਮੋੜ ਨੈਣਾਂ ਦੀ ਵਾਗ!
ਏਹ ਹੀਰਿਆਰੇ ਫਸ ਫਸ ਜਾਂਦੇ ਰੂਪ ਚਬਨ ਦੇ ਬਾਗ਼ ਵੇ,
ਮੁੜ ਘਰ ਆਵਣ ਜਾਚ ਨ ਜਾਣਨ ਮਿੱਠੇ ਮਖ ਦੇ ਵਾਗ ਵੇ।[62]

ਭਾਈ ਸਾਹਿਬ ਦੇ ਲੋਕ ਗੀਤਾਂ ਦੀ ਲੋਕ- ਗੀਤਕ ਧਾਰਨਾਵਾਂ ਦੇ ਆਧਾਰ ਤੇ ਮਿਸ਼ਟੀ ਇਨ੍ਹਾਂ ਨੂੰ ਰਸਦਾਇਕ ਬਣਾ ਦਿੰਦੀ ਹੈ। ਲੋਕ- ਗੀਤਾਂ ਦੀਆਂ ਧਾਰਨਾਵਾਂ ਆਮ ਲੋਕਾਂ ਦੀ ਜ਼ੁਬਾਨ ਤੇ ਚੜ੍ਹੀਆਂ ਹੁੰਦੀਆਂ ਹਨ ਅਤੇ ਜਦੋਂ ਲੋਕਾਂ ਨੂੰ ਇਨ੍ਹਾਂ ਤਰਜ਼ਾਂ ਤੇ ਰਚੇ ਗੀਤ ਦਿੱਤੇ ਜਾਣ, ਉਹ ਇਨ੍ਹਾਂ ਵਿਚੋਂ ਵਧੇਰੇ ਰਸ ਲੈ ਸਕਦੇ ਹਨ। ਭਾਈ ਸਾਹਿਬ ਦੀ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਇਸੀ ਵਿਧੀ ਨੂੰ ਆਪਣੇ ਅਧਿਆਤਮਿਕ ਤੇ ਰਹੱਸਵਾਦੀ ਭਾਵਾਂ ਦੀ

---

59. ਮੇਰੇ ਸਾਂਈਆਂ ਜੀਓ, ਪੰਨਾ 48
60. ਖਾਲਸਾ ਸਮਾਚਾਰ, 19-7-1962, ਜਿਲਦ 63, ਨੰ:33
61. ਬਿਜਲੀਆਂ ਦੇ ਹਾਰ, ਪੰਨਾ- 20
62. ਉਹੀ, ਪੰਨਾ 12.

ਅਭਿਵਿਅਕਤੀ ਲਈ ਹੀ ਵਰਤਿਆ ਹੈ। ਉਨ੍ਹਾਂ ਨੇ ਲੋਕ- ਤਰਜ਼ਾਂ ਨੂੰ ਆਪਣੇ ਆਧੁਨਿਕ ਗੀਤਾਂ ਲਈ ਵਰਤ ਕੇ ਆਧੁਨਿਕ ਪੰਜਾਬੀ ਕਵਿਤਾ ਵਿਚ ਇਕ ਅਜੇਹਾ ਮਾਰਗ ਸ਼ੁਰੂ ਕੀਤਾ, ਜਿਸ ਨੇ ਆਉਣ ਵਾਲੇ ਕਵੀਆਂ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਹੈ। ਇਸੇ ਮਾਰਗ ਤੇ ਵਿਚਰ ਕੇ ਹੀ ਧਨੀ ਰਾਮ ਚਾਤ੍ਰਿਕ ਨੇ 'ਢੋਲ ਸਿਪਾਹੀ', 'ਪ੍ਰੇਮ- ਪੇਚ', 'ਮ੍ਹਾਲਾ ਮੈਂ ਲਾਲ ਰਿਝਾ ਸਕੌਂ', 'ਮਾਹੀ ਦੇ ਮਿਹਣੇ' ਆਦਿਕ; ਪ੍ਰੋ. ਮੋਹਨ ਸਿੰਘ ਨੇ 'ਨਾ ਵੰਝ ਢੋਲਾ', 'ਘਾਲ', 'ਖੂਹ ਤੇ ਵਸਦਾ ਰੱਬ ਨੀ' (ਸਾਵੇ ਪੱਤਰ), 'ਘੁੰਡ', 'ਆਹੁ ਨੌਂਗੀਏ', 'ਜੇ ਤੁਰੀਏ', 'ਪੰਜਾਬਣ ਦਾ ਗੀਤ', 'ਜੇ ਤੂੰ ਬਹਿ ਵੰਞੇਂ ਮੇਰੇ ਕੋਲ' (ਕਸੁੰਭੜਾ), 'ਕਦੇ ਢੋਲ ਸਾਡੀ ਦਰ ਅੱਛ ਢੋਲਾ', 'ਕੋਈ ਆਇਆ ਸਾਡੇ ਵਿਹੜੇ' (ਅਧਵਾਟੇ); 'ਮਾਹੀਆ ਵੇ' (ਕੱਚ ਸੱਚ); ਅੰਮ੍ਰਿਤਾ ਪ੍ਰੀਤਮ ਨੇ 'ਰਾਜਿਆ ਰਾਜ ਕਰੇਂਦਿਆ', 'ਕਿੱਕਰਾ ਵੇ ਕੰਡਿਆਲਿਆ', 'ਤੂਤਾ ਵੇ ਹਰਿਆਲਿਆ ਤੂਤਾ' (ਸਰਘੀ ਵੇਲਾ) ਆਦਿਕ ਨੰਦ ਲਾਲ ਨੂਰਪੁਰੀ (ਕਰਤਾ 'ਵੰਗਾਂ', 'ਜਿਉਂਦਾ ਜੀਵਨ', 'ਚੰਗਿਆੜੇ') ਆਦਿਕ ਨੇ ਇਥੇ ਇਸ ਪਰੰਪਰਾ ਨੂੰ ਖ਼ੂਬ ਵਿਕਸਾਇਆ ਹੈ, ਉਥੇ ਅਨੇਕ ਭਾਂਤੀ ਵਿਵਿਧਤਾ ਵੀ ਪੈਦਾ ਕੀਤੀ ਹੈ। ਇਸ ਨਾਲ ਪੰਜਾਬੀ ਕਵਿਤਾ ਵਿਚ ਲੋਕ ਨਿਕਟਤਾ ਦਾ ਗੁਣ ਆਇਆ ਹੈ।

<u>ਧਾਰਮਿਕ ਸੰਗੀਤਕ ਗੀਤ</u> -

ਸੰਗੀਤਕ ਗੀਤ ਵਧੇਰੇ ਸ਼ਾਸਤ੍ਰ ਵਿਚ ਮਿਥੇ ਰਾਗ- ਰਾਗਨੀਆਂ ਵਿਚ ਬੱਝੇ ਤਾਲਾਂ ਦੇ ਮੰਨੇ ਰੂਪਾਂ ਵਿਚ ਗਾਏ ਜਾਣ ਲਈ ਰਚੇ ਜਾਂਦੇ ਹਨ। ਭਾਈ ਸਾਹਿਬ ਦੇ ਸੰਗੀਤਕ ਗੀਤ ਵਧੇਰੇ ਧਾਰਮਿਕ ਹੀ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਗੀਤ 'ਕੰਬਦੀ ਕਲਾਈ' ਦੇ ਸੰਗ੍ਰਹਿ ਵਿਚ ਅੰਕਿਤ ਹਨ, ਪਰ ਕੁਝ ਅਜੇਹੇ ਗੀਤ ਵੀ ਹਨ ਜੋ 'ਗੁਰੂ ਨਾਨਕ ਚਮਤਕਾਰ' ਅਤੇ 'ਕਲਗੀਧਰ ਚਮਤਕਾਰ' ਦੇ ਪ੍ਰਸੰਗਾਂ ਨਾਲ ਟਾਂਕੇ ਮਿਲਦੇ ਹਨ ਅਤੇ ਕਿਸੇ ਸੰਗ੍ਰਹਿ ਵਿਚ ਨਹੀਂ ਆਏ। 'ਕੰਬਦੀ ਕਲਾਈ' ਦੀ ਭੂਮਿਕਾ ਵਿਚ ਭਾਈ ਸਾਹਿਬ ਨੇ ਲਿਖਿਆ ਸੀ, " ਸਿੱਖੀ ਦੇ ਰੁਕਨਾਂ ਵਿਚ ਪਹਿਲਾ ਰੁਕਨ ਅਕਾਲ ਪੁਰਖ ਹੈ ਤੇ ਦੂਸਰਾ ਗੁਰੂ। ਅਕਾਲ ਪੁਰਖ ਦੀ ਸਿਫ਼ਤ ਸਲਾਹ ਗੁਰਬਾਣੀ ਵਿਚ ਸਤਿਗੁਰਾਂ ਨੇ ਆਪ ਆਪਣੀਆਂ 'ਬਾਣੀਆਂ ਸਿਰ ਬਾਣੀ' ਤੇ 'ਪੱਕੀ ਬਾਣੀ ਵਿਚ ਗਾਵੀ ਹੈ, ਪਰ ਗੁਰੂ ਦੀ ਸਿਫ਼ਤ ਸਲਾਹ ਸਿੱਖਾਂ ਨੇ ਗਾਉਣੀ ਹੈ - - - - - ਆਪਣੀ ਬੋਲੀ ਵਿਚ ਦਿਲ- ਭਾਵ ਪੈਂਤੀ ਚਾਲੀ ਕੁ ਬਰਸ ਹੋਏ ਸਤਿਗੁਰੂ ਦੀ ਮਿਹਰ ਨਾਲ ਪੰਜਾਬੀ ਵਿਚ ਪ੍ਰਗਟਾਏ ਆਰੰਭ ਹੋਏ - - - - ਇਹ ਸੰਚਯ ਉਨ੍ਹਾਂ ਸੂਰੇ ਸਤਿਗੁਰਾਂ ਦਾ 'ਧੰਨ ਧੰਨ' ਹੈ, ਉਨ੍ਹਾਂ ਦੇ ਚਰਨਾਂ ਵਲ ਪ੍ਰੇਮ ਦਾ ਪ੍ਰਵਾਹ ਹੈ - - - ਇਹ ਇਕ ਉਮ ਤਰ੍ਹਾਂ ਦੀ ਸਿੱਕ ਭਰੀ ਉਲਰ ਹੈ, ਜਿਵੇਂ ਮੁਗਧਾਂ ਦੀ ਪਯਾਰ- ਕਲਾਈ ਪ੍ਰੀਤਮ ਦੇ ਗਲੇ ਵਲ ਉਠਦੀ ਹੈ, ਲਿਫਦੀ ਹੈ, ਚੱਕਰ ਖਾਂਦੀ ਹੈ, ਪਰ ਕੰਬਦੀ ਹੋਈ ਆਸਵੰਤ ਰੁਖ ਵਿਚ ਰਹਿੰਦੀ ਹੈ।[63]"

ਭਾਈ ਸਾਹਿਬ ਦੇ ਧਾਰਮਿਕ ਗੀਤਾਂ ਵਿਚ ਸਿੱਖੀ ਦੇ ਪ੍ਰਤਿ ਅਥਾਹ ਭਾਵਨਾ ਦੇ ਨਾਲ ਹੀ ਸਾਹਿਤਿਕ ਜੀਵਨ ਦੀ ਦੀਰਘ ਸਾਧਨਾ ਵੀ ਛੁਪੀ ਮਿਲਦੀ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਉਤਸਵਾਂ ਤੇ ਭਾਈ ਸਾਹਿਬ ਦੀ ਸ਼ਰਧਾਂਜਲੀ ਗੀਤ ਰੂਪ ਵਿਚ ਹੀ ਅਰਪਤ ਹੁੰਦੀ ਸੀ। ਇਸ ਦੇ ਨਾਲ ਹੀ 'ਚਮਤਕਾਰਾਂ' ਵਿਚ ਵੀ ਜਿੱਥੇ ਉਨ੍ਹਾਂ ਨੂੰ ਅਵਸਰ ਮਿਲਦਾ ਸੀ, ਉਥੇ ਉਨ੍ਹਾਂ ਦੀ ਭਾਵੁਕਤਾ ਗੀਤਾਂ

---

63. ਕੰਬਦੀ ਕਲਾਈ, ਦੋ ਗੱਲਾਂ, ਪੰਨਾ- ਸ- ਕ

ਦੇ ਰੂਪ ਵਿਚ ਪ੍ਰਗਟ ਹੋ ਉਠਦੀ ਸੀ। ਇਸ ਭਾਵੁਕਤਾ ਦਾ ਰੰਗ 'ਬੁੱਢਣ ਸ਼ਾਹ ਦੀ ਅਰਜ਼ੋਈ'[64], ਰਾਜੇ ਸ਼ਿਵਨਾਭ ਦਾ ਬਿਰਹਾ'[65], 'ਨਮੀਰਾ- ਆਪਣੇ ਪਿਆਰਿਆਂ ਦੇ ਵਿਯੋਗ ਵਿਚ'[66], 'ਬੇਬੇ ਨਾਨਕੀ ਜੀ ਦਾ ਬਿਰਹਾ'[67], ਬੇਬੇ ਨਾਨਕੀ ਜੀ ਦਾ 'ਵੀਰ- ਆਗਮ'[68], 'ਰਾਇ ਬੁਲਾਰ ਦਾ ਬਿਰਹਾ'[69] ਆਦਿਕ ਵਿਚ ਵੇਖਿਆ ਜਾ ਸਕਦਾ ਹੈ। ਭਾਈ ਸਾਹਿਬ ਦੇ ਇਹ ਗੀਤ ਵਿਜੋਗ ਤੋਂ ਪੀੜਤ ਪਾਤਰਾਂ ਦੀ ਵੇਦਨਾ ਅਨੁਭੂਤੀ ਨੂੰ ਵੀ ਪ੍ਰਗਟ ਕਰਦੇ ਹਨ। ਦੂਜਾ ਇਹ ਗੀਤ ਪ੍ਰਸੰਗਾਂ ਨਾਲ ਟਾਂਕੇ ਹੋਣ ਕਰਕੇ ਪਾਠਕਾਂ ਦਾ ਮਨੋਰੰਜਨ ਵੀ ਕਰਦੇ ਹਨ। ਸੰਸਕ੍ਰਿਤ ਨਾਟਕਾਂ ਵਿਚ ਵੀ ਥਾਂ ਪਰ ਥਾਂ ਗੀਤਾਂ ਨੂੰ ਟਾਂਕਿਆ ਜਾਂਦਾ ਸੀ। ਆਧੁਨਿਕ ਪੰਜਾਬੀ ਦੇ ਆਰੰਭਕ ਕਾਲ ਵਿਚ ਪਾਰਸੀ ਨਾਟਕ ਕੰਪਨੀਆਂ ਵਾਲੇ ਵੀ ਗੱਦ ਦੇ ਨਾਲ ਵਿਚ ਵਿਚ ਕਥਨ ਉਪਕਥਨ ਲਈ ਦੋ ਚਾਰ ਪਦ ਦੀਆਂ ਪੰਕਤੀਆਂ ਤੇ ਗੀਤਾਂ ਦਾ ਸਮਾਵੇਸ਼ ਪ੍ਰਭਾਵ ਉਤਪਤੀ ਲਈ ਕਰਦੇ ਸਨ।

ਭਾਈ ਸਾਹਿਬ ਨੇ ਆਪਣੇ ਧਾਰਮਿਕ ਸੰਗੀਤਕ ਗੀਤਾਂ ਵਿਚ ਗੁਰੂ ਮਹਾਰਾਜ ਦੀ ਸਿਫ਼ਤ ਸਲਾਹ ਨੂੰ ਕਿਸੇ ਥਾਂ ਸਿੱਧੇ ਰੂਪ ਵਿਚ ਅਤੇ ਕਿਸੇ ਥਾਂ ਵੱਖ ਵੱਖ ਪਾਤਰਾਂ ਅਤੇ ਪ੍ਰਕ੍ਰਿਤੀ ਦੇ ਰੂਪਾਂ ਰਾਹੀਂ ਗਾਇਆ ਹੈ। ਕਈ ਥਾਂ ਉਹ ਗੁਰੂ ਸਾਹਿਬ ਦੀ ਸਿਫ਼ਤ ਸਾਲਾਹ ਤੋਂ ਕਿਰਤਕਾਰ ਵਲ ਵੀ ਵਧਦੇ ਹਨ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਸੂਖਮ ਹੋ ਕੇ ਰਹੱਸਮਈ ਵਾਤਾਵਰਣ ਨਿਰਮਤ ਕਰਦੀਆਂ ਹਨ। ਇਹ ਰੰਗ 'ਸੱਚੇ ਤਬੀਬ ਦਾ ਮਾਣ'[70], 'ਰਾਜੇ ਸ਼ਿਵਨਾਭ ਦੀ ਜੋਦੜੀ'[71], 'ਦੇਜਾ ਦਰਸ਼ਨ ਦੀਦਾਰੇ'[72], 'ਮੇਰਾ ਨੇਹੁ ਅਵੱਲਾ'[73] ਆਦਿਕ ਗੀਤਾਂ ਵਿਚ ਵੇਖਿਆ ਜਾ ਸਕਦਾ ਹੈ। ਇਕ ਉਦਾਹਰਣ ਵੇਖੋ:-

ਨਾਮ ਦਾ ਝਮੱਕਾ ਤੇਰਾ ਖੇੜਾ ਕੋਈ ਲਾ ਗਿਆ।
ਅੱਖ ਦਾ ਮਟੱਕਾ ਦਾਤਾ ! ਜਿੰਦ ਨਵੀਂ ਪਾ ਗਿਆ।
ਆਪੇ ਤੂੰ ਪਿਆਰ ਦਿੱਤਾ, ਨੈਣਾਂ ਦਾ ਦਿਦਾਰ ਦਿੱਤਾ।
ਮਿਹਰਾਂ ਵਾਲਾ ਨੂਰ ਦਾਤਾ ! ਖੁੱਲ੍ਹ ਤੂੰ ਵਸਾ ਗਿਆ।[76]

ਭਾਈ ਸਾਹਿਬ ਦੇ ਇਨ੍ਹਾਂ ਗੀਤਾਂ ਦੀ ਵਿਸ਼ੇਸ਼ਤਾ ਹੈ ਕਿ ਜੋ ਪਾਤਰ ਉਨ੍ਹਾਂ ਦੇ ਭਾਵਾਂ ਦਾ ਪ੍ਰਕਾਸ਼ਨ ਕਰਦੇ ਹਨ, ਉਨ੍ਹਾਂ ਦਾ ਵਿਅਕਤਿਤਵ ਵਿਨਾਸ਼ ਨਹੀਂ ਹੁੰਦਾ ਤੇ ਉਹ ਸਜੀਵ ਰਹਿੰਦੇ ਹਨ। ਬੁਢੇਪੇ ਵਿਚ ਕੰਬਦੇ ਰਾਇ ਬੁਲਾਰ ਦੀ ਤਸਵੀਰ ਵੇਖੋ:-

---

64. ਕੰਬਦੀ ਕਲਾਈ, ਗੀਤ 17, ਪੰਨਾ 22
65. ਉਹੀ, ਗੀਤ 22, ਪੰਨਾ 27
66. ਉਹੀ, ਗੀਤ 27, ਪੰਨਾ 32
67. ਉਹੀ, ਗੀਤ 52, ਪੰਨਾ 68
68. ਉਹੀ, ਗੀਤ 53, ਪੰਨਾ 71
69. ਉਹੀ, ਗੀਤ 54, ਪੰਨਾ-72
70. ਕੰਬਦੀ ਕਲਾਈ, ਗੀਤ 19, ਪੰਨਾ 24
71. ਉਹੀ ਗੀਤ 21, ਪੰਨਾ 26
72. ਉਹੀ ਗੀਤ 34, ਪੰਨਾ 40
73. ਉਹੀ ਗੀਤ 73, ਪੰਨਾ 124
74. ਉਹੀ ਗੀਤ 6, ਪੰਨਾ 6

( ਚਲਦਾ)

ਰੁਖੜਾ ਨਦੀ ਕਿਨਾਰੇ ਠਾਠਾਂ ਹੈ ਨੀਰ ਮਾਰੇ,
ਲੱਗੀ ਹੈ ਕੇਰ ਹੇਠਾਂ ਢੈਂਦੇ ਪਏ ਕਿਨਾਰੇ।
ਉਛਲੇ ਨਦੀ ਚੜ੍ਹ ਆਵੇ ਕੰਪਰ ਪਵਨ ਵਡੇਰੇ,
ਘੁੰਮਣ ਤੇ ਘੇਰੀਆਂ ਦੇ ਚੱਕਰ ਚਲਣ ਕਰਾਰੇ।[75]

ਭਾਈ ਸਾਹਿਬ ਦੇ ਕਈ ਧਾਰਮਿਕ ਗੀਤਾਂ ਵਿਚ ਜਾਤੀ ਗੌਰਵ ਤੇ ਦੇਸ਼ ਪ੍ਰੇਮ ਦਾ ਸਵਰ[76] ਅਤੇ ਜੀਵਨ ਵਿਚ ਮਾਨਵੀ ਕੀਮਤਾਂ ਦੀ ਸਥਾਪਣਾ[77] ਦਾ ਉਲੇਖ ਵੀ ਮਿਲਦਾ ਹੈ। ਦੇਸ਼ ਪ੍ਰੇਮ ਦਾ ਸਵਰ 'ਬਾਣੀ ਪੰਜਾਬ ਰੋਹ ਕਲਗੀਆਂ ਵਾਲੇ ਦੇ ਵਿਯੋਗ ਵਿਚ'[78], 'ਗੋਬਿੰਦ ਰੂਪ ਤੇ ਨਰ ਰੂਪ!'[79] 'ਵੇ ਤੇਰੀਆਂ ਧੰਨ ਕਮਾਈਆਂ'[80] ਅਤੇ ਮਾਨਵੀ ਕੀਮਤਾਂ ਦੀ ਝਲਕ 'ਦੇ ਜਾ ਦਰਸ਼ਨ ਦਿਦਾਰੇ'[81], 'ਖਹਿੜਾ ਛੁੱਟਾ ਸ਼ੁਕਾਂਦਾ'[82] ਤੇ 'ਕੇਸਰ ਕਿਆਰੀ'[83] ਵਿਚ ਮਿਲਦੀ ਹੈ।

ਸ਼ੈਲੀ ਦੀ ਦ੍ਰਿਸ਼ਟੀ ਤੋਂ ਭਾਈ ਸਾਹਿਬ ਨੇ ਇਨ੍ਹਾਂ ਗੀਤਾਂ ਵਿਚ ਕਈ ਪ੍ਰਯੋਗ ਕੀਤੇ ਹਨ। ਇਨ੍ਹਾਂ ਗੀਤਾਂ ਵਿਚ ਸੰਗੀਤਾਤਮਿਕਤਾ ਨੂੰ ਰਾਗ ਰਾਗਣੀਆਂ ਵਿਚ ਬੰਨ੍ਹਿਆਂ ਗਇਆ ਹੈ। ਭਾਈ ਸਾਹਿਬ ਨੇ ਰਾਗ ਪੂਰੀਆਂ, ਮਲ੍ਹਾਰ, ਕੋਂਕਸੀਆ, ਪੀਲੋ, ਪਹਾੜੀ, ਗੰਧਾਰੀ, ਟੋਡੀ, ਭੈਰਵੀ, ਮਾਲਕੌਸ, ਆਸਾਵਰੀ ਟੋਡੀ, ਰਾਮਕਲੀ, ਕਾਲੰਗੜਾ, ਭੀਮ ਪਲਾਸ, ਜੋਗ, ਮਾਂਡ, ਸਿੰਧੜਾ, ਸਿੰਧ ਭੈਰਵੀ, ਬਿਹਾਗ, ਖ਼ੁਮਾਚ ਆਦਿਕ ਵਿਚ ਗੀਤਾਂ ਦੀ ਰਚਨਾ ਕੀਤੀ ਹੈ।[84] ਆਪਣੇ ਸਾਰੇ ਧਾਰਮਿਕ ਗੀਤਾਂ ਦੇ ਗਾਉਣ ਲਈ ਭਾਈ ਸਾਹਿਬ ਨੇ ਰਾਗ, ਤਾਰ, ਗਤ, ਮਾਤ੍ਰਾ, ਲਯ ਤੇ ਸੁਰ ਸੰਬੰਧੀ ਹਰ ਗੀਤ ਦੇ ਅੰਤ ਵਿਚ ਵਾਕਫ਼ੀ ਦਿੱਤੀ ਹੈ। ਉਦਾਹਰਣ ਲਈ 'ਕਲਗੀ ਫਿਲ ਵਿਚ ਚੁਭੀ ਰਹੀ' ਗੀਤ ਦੀ ਸਵਰ- ਲਿਪੀ ਨੂੰ ਵੇਖੋ:

ਟੇਕ- ਕਲਗੀ ਦਿਲ ਵਿਚ ਚੁਭੀ ਰਹੀ
ਗਈ ਕੱਢੀ ਨਹੀਂ, ਜਾਂਦੀ ਛੱਡੀ ਨਹੀਂ।
ਜਦ ਦੇ ਦੇਖੇ ਕਲਗੀਆਂ ਵਾਲੇ ਕਲਗੀ ਅੰਦਰ ਚੁਭੀ ਰਹੀ।
ਓਹੋ ਮੁਖੜਾ ਓਹੋ ਕਲਗੀ, ਓਹੋ ਮੂਹ-ਦੀ ਛਬੀ ਰਹੀ।

ਇਸ ਗੀਤ ਦੇ ਗਾਉਣ ਦਾ ਸੁਰ ਤਾਲ-

---

75. ਕੰਬਦੀ ਕਲਾਈ, ਗਤੀ 55, ਪੰਨਾ 74
76. ਕਲਗੀਆਂ ਵਾਲਿਆ ਤੇਰੇ ਕਮਾਲ, ਵੇ ਕੌਮਾਂ ਮੋਈਆਂ ਜਿਵਾਈਆਂ।
    ਮੁਰਦੇ ਦਿੱਤੇ ਤੂੰ ਆਪ ਜਿਵਾਲ, ਵੇ ਤੇਰੀਆਂ ਧੰਨ ਕਮਾਈਆਂ। (ਉਹੀ, ਗੀਤ 45, ਪੰਨਾ 5)
77. ਜਿੰਦ ਸ਼ੁਹੁ ਦੇ ਵਿਚ ਸਮਾਂਦੀ ਹੈ, ਸੁਖ ਵਸਲ ਪੀਆ ਦਾ ਪਾਂਦੀ ਹੈ।
    ਤਦ ਘਰ ਬੈਠੇ ਹੀ ਪਾਈਦਾ, ਘਰ ਬਨ ਦੇ ਤੁੱਲ ਬਨਾਈਦਾ। (ਉਹੀ, ਗੀਤ 86, ਪੰਨਾ 168)

78. ਉਹੀ, ਗੀਤ 12, ਪੰਨਾ 13
79. ਉਹੀ, ਗੀਤ 77, ਪੰਨਾ 141
80. ਉਹੀ, ਗੀਤ 45, ਪੰਨਾ 57
81. ਉਹੀ, ਗੀਤ 34, ਪੰਨਾ 40
82. ਉਹੀ, ਗੀਤ 43, ਪੰਨਾ 54
83. ਉਹੀ, ਗੀਤ 62, ਪੰਨਾ 91
84. ਵੇਖੋ: 'ਕੰਬਦੀ ਕਲਾਈ' ਦੇ ਹਰ ਗੀਤ ਦੇ ਅੰਤ ਵਿਚ ਦਿੱਤੀਆਂ ਸਵਰ ਲਿਪੀਆਂ।

ਰਾਗ ਭੈਰਵੀ। ਤਾਰ - 3 । ਗਤ- ਤਲਵਾੜਾ। ਮਾਤ੍ਰਾ 8

ਲਯ- ਵਿਚਲੇ ਮੇਲ ਦੀ। 'ਅ' ਦਾ ਘਰ ' ਛਡੀ ਨਹੀਂ ਪਰ ਹੈ।

× × × × × × × × ×

ਸੁਰਖਾਸ- ਸਾ ਰੇ ਹੇ ਗਾ ਮਾ ਪਾ ਧਾ ਨੀ[85]

ਕਈ ਧਾਰਮਿਕ ਗੀਤਾਂ ਦੀ ਸ੍ਰਿਸ਼ਟੀ ਭਾਈ ਸਾਹਿਬ ਨੇ ਵਿਸ਼ੇਸ਼ ਟੇਕ ਤੇ ਧਾਰਨਾ ਦੇ ਆਧਾਰ ਤੇ ਕੀਤੀ ਹੈ। 'ਕੇਸਰ ਕਿਆਰੀ' ਦੇ ਗੀਤ ਦੀ ਉਦਾਹਰਣ ਵੇਖੋ:-

ਗੀਤ- ਕੇਸਰ ਕਿਆਰੀ ਮੇਰਾ ਸਤਿਗੁਰ ਬੈਠਾ, ਚੰਦ ਦਰਸ਼ਨ ਨੂੰ ਆਯਾ।
ਲਹਿਰਾਂ ਲਏ ਮੇਰੀ ਕੇਸਰ ਦੀ ਵਾੜੀ ਭਾਗ ਸਤਗੁਰਾਂ ਨੇ ਲਾਯਾ।

1. ਧਾਰਨਾ- ਘੋੜੀਆਂ। ਤਾਜਨ ਤੁਰੀਆਂ ਉਤਾਰਨ ਘੋੜੀ ਕੀ ਤੀਰ ਜਮਨਾ ਨੀਰੇ
2. ਧਾਰਨਾ- ਬਿਹਾਗ। ਚੰਦ ਚੜ੍ਹਿਆ ਕੁਲ ਆਲਮ ਦੇਖੇ-
3. ਧਾਰਨਾ- ਘੀਉੜੀ। ਚੰਦਨ ਚੌਕੀ ਤੇ ਸੋਨੇ ਦਾ ਗੜਵਾ ਬੈਠਾ ਗੋਪੀ ਚੰਦ ਨ੍ਹਾਵੇ

'ਕੇਸਰ ਕਯਾਰੀ' ਵਾੜੀ ਵੇ ਮੇਰਾ ਸਤਿਗੁਰ ਬੈਠਾ।
' ਮੇਰਾ ਸਾਈਂ ਜਾਵੇ, 'ਸਤਿਗੁਰ ਬੈਠਾ' ਜੀਓ
' ਚੰਦ ਦਰਸ਼ਨ ਨੂੰ ਆਯਾ'।[86]

ਭਾਈ ਸਾਹਿਬ ਦੇ ਕਈ ਧਾਰਮਿਕ ਗੀਤਾਂ ਵਿਚ ਉਰਦੂ ਦੀ ਕਵਾਲੀ ਦੀ ਗਤ ਦੀ ਧਾਰਨਾ ਵੀ ਮਿਲਦੀ ਹੈ। ਉਦਾਹਰਣ ਲਈ 'ਉਚੀ ਹੂੰ ਧੁਰ ਅਪਾਰ ਤੇਰਾ ਮਰਤਬਾ' ਗੀਤ ਨੂੰ ਵੇਖੋ:

ਕਲਗੀਧਰ ਦਸ਼ਮੇਸ਼ ਜੀ! ਕੀ ਜੱਸ ਕਰਾਂ ਪ੍ਰਤਾਪ ਦਾ
ਰੱਖ ਕੇ ਨਾਮ ਨਾਮੀ, ਗੀਤ ਗਾਵਾਂ ਆਪ ਦਾ ?

ਇਸ ਗੀਤ ਦੇ ਗਾਉਣ ਦਾ ਸੁਰ ਤਾਲ:-

ਖਮਾਚ- ਜ਼ਿਲਾ, ਕੈ. ਤਾਲ, ਗਤ ਕਵਾਲੀ।

ਧਾਰਨਾ- ਦਿਲ ਦੇ ਅੰਦਰ ਯਾਰ ਦਾ ਨਕਸ਼ਾ ਨਜ਼ਰ ਆਯਾ ਹਮੇਂ

ਅੰਤਰਾ- ਦੌਰ ਮੇਂ ਸਾਗਰ ਰਹੇ ਗਰਦਸ਼ ਦੇ ਪੈਮਾਨਾ ਰਹੇ।[87]

ਭਾਈ ਸਾਹਿਬ ਨੇ ਧਾਰਮਿਕ ਗੀਤਾਂ ਵਿਚ ਗਾਉਣ ਦੀ ਪਰੰਪਰਾ ਨੂੰ ਅੱਗੇ ਤੋਰਨ ਲਈ ਗ਼ਜ਼ਲ,[87(ੳ)] ਖ਼ਿਆਲ ਤੇ ਠੁਮਰੀ ਨੂੰ ਵੀ ਅਪਣਾਇਆ ਹੈ।

---

85. ਕੰਬਦੀ ਕਲਾਈ, ਕ੍ਰਤੀ 10, ਪੰਨਾ 11
86. ਗੁਰੂ ਨਾਨਕ ਚਮਤਕਾਰ, ਦੂਜਾ ਖੰਡ, ਪੰਨਾ 127
87. ਖ਼ਾਲਸਾ ਸਮਾਚਾਰ, 13-1-1910, ਜਿਲਦ ਨੰ: 11, ਅੰਕ ਨੰ: 7

87(ੳ) ਦੇਖੋ 'ਗੁਰੂ ਦਰਸ਼ਨ ਦੀ ਸਿੱਕ', 'ਕਲਗੀਧਰ ਰੂਪ ਸੋਹਿਆ ਕਿਤ', 'ਮੀਰ ਮੰਨੂ ਸ਼ਾਹ ਦੀ ਅਰਜ਼ੋਈ' ਆਦਿਕ (ਕੰਬਦੀ ਕਲਾਈ)

ਗੁਰੂ ਗੋਬਿੰਦ ਸਿੰਘ ਜੀ ਨੇ 'ਰਾਗ ਰਾਮਕਲੀ' ਵਿਚ ਖਯਾਲ 'ਮਿੱਤ੍ਰ ਪਯਾਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਲਿਖਿਆ ਸੀ। ਭਾਈ ਸਾਹਿਬ ਦਾ ਰਾਗ ਕੰਧਾਰੀ ਟੋਡੀ ਵਿਚ 'ਕਲਗੀ ਵਾਲੇ ਦਾ ਮਾਲ' 'ਖਯਾਲ' ਦੇ ਰੂਪ ਵਿਚ ਮਿਲਦਾ ਹੈ:

ਸੁਹਣਿਆ ਵੇ ! ਅਜ ਪਾ ਜਾਈਂ ਫੇਰਾ
ਹਾਰ ਗਈਆਂ ਨਿਤ ਕਰਦੀ ਮੈਂ ਜੇਰਾ।
ਮੈਂ ਜਾਸਾਂ ਨੀ ਮਾਏ! ਹੁਣ ਸਤਿਗੁਰ ਦੇ ਨਾਲ;[88]

ਭਾਈ ਸਾਹਿਬ ਨੇ 'ਕਲਗੀ ਵਾਲਿਆ' ਜੀਓ! ਤ੍ਰੁੱਠੀਓ ਤ੍ਰੁੱਠੀਓ ਜੀ' ਅਤੇ 'ਮੇਰੀ ਬਹੀਆਂ ਗਹੋ' ਨੂੰ ਠੁਮਰੀ ਦੇ ਰੂਪ ਵਿਚ ਲਿਖਿਆ ਹੈ। ਉਦਾਹਰਣ ਲਈ ਵੇਖੋ:

ਮੇਰੀ ਬਹੀਆਂ ਗਹੋ
ਮੇਰੀ ਬਹੀਆਂ ਗਹੋ ਜੀ
ਹੇ ਸਤਿਗੁਰ ਨਾਨਕ ! ਮੇਰੀ ਬਹੀਆਂ ਗਹੋ ਜੀ ![90]

ਭਾਈ ਸਾਹਿਬ ਦੇ ਧਾਰਮਿਕ ਗੀਤਾਂ ਵਿਚ ਕਈ ਪ੍ਰਕਾਰ ਦੇ ਪ੍ਰਯੋਗ ਮਿਲਦੇ ਹਨ। ਬਹੁਤੇ ਗੀਤਾਂ ਦਾ ਸੰਬੰਧ ਕਿਸੇ ਸਾਖੀ ਨਾਲ ਹੈ। ਇਨ੍ਹਾਂ ਦੀ ਬਹੁਤੀ ਰਚਨਾ ਅਵਸਰ ਅਨੁਕੂਲ ਹੋਣ ਕਰਕੇ ਢੁਕਵੀਂ ਹੈ ਪਰ ਕਈ ਥਾਵਾਂ ਤੇ ਗੀਤ ਕਥਾ ਦਾ ਪੂਰਾ ਸਾਥ ਨਹੀਂ ਦਿੰਦੇ। 'ਗੁਰੂ ਨਾਨਕ ਚਮਤਕਾਰ' ਦੇ ਪੂਰਬਾਰਧ ਵਿਚ ਪ੍ਰਸੰਗਾਂ ਨਾਲ ਟਾਂਕੇ ਗੀਤਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਉਤਰਾਰਧ ਵਿਚ ਇਨ੍ਹਾਂ ਦੀ ਗਿਣਤੀ ਕੁਝ ਘਟਦੀ ਹੈ। ਪੂਰਬਾਰਧ ਵਿਚ 'ਸੁਲਤਾਨਪੁਰੋਂ ਤਿਆਰੀਆਂ'[91] ਵਾਲੇ ਪ੍ਰਸੰਗ ਦੇ ਅੰਤ ਵਿਚ ਚਾਰ ਗੀਤ-ਪਹਲਾ 'ਬੇਬੇ ਨਾਨਕੀ ਦਾ ਬਿਰਹਾ', ਦੂਜਾ 'ਮਾਤਾ ਸੁਲਖਣੀ ਦਾ ਬਿਰਹਾ', 'ਤੀਜਾ ਸੰਗਤ ਦਾ ਬਿਰਹਾ' ਅਤੇ ਚੌਥਾ 'ਅਰਸ਼ਾਂ ਤੋਂ ਅਕਾਸ਼ਬਾਣੀ' ਦੇ ਗੀਤ ਆਉਂਦੇ ਹਨ ਜੋ ਪ੍ਰਸੰਗ ਨਾਲ ਸੰਬੰਧ ਰੱਖਣ ਦੀ ਥਾਂ ਛੇ ਵਧੇਰੇ ਭਾਈ ਸਾਹਿਬ ਦੇ ਹਿਰਦੇ- ਉਦਗਾਰਾਂ ਦੇ ਪਰਿਚਾਇਕ ਹਨ। ਇਸ ਤੋਂ ਛੁਟ ਕਈ ਧਾਰਮਿਕ ਗੀਤਾਂ ਵਿਚ ਚਿੰਤਨ ਭਾਵਧਾਰਾ ਤੇ ਹਾਵੀ ਹੋ ਜਾਂਦਾ ਹੈ ਅਤੇ ਤਰਕ ਵਿਤਰਕ ਦੀ ਮਾਤ੍ਰਾ ਵਧ ਜਾਂਦੀ ਹੈ ਜੋ ਗੀਤ ਦੀ ਆਤਮਾ ਨੂੰ ਕਮਜ਼ੋਰ ਕਰ ਦਿੰਦੀ ਹੈ, ਜਿਵੇਂ:

ਮੈਂ ਪੁਛਿਆ ਬ੍ਰਾਹਮਣ ਪਾਂਧੇ ਨੂੰ
ਤੇ ਪੰਡਤ ਕਾਂਸ਼ੀ ਜਾਂਦੇ ਨੂੰ
ਸੰਨਿਆਸੀ ਦੇਸ਼ ਫਿਰਾਂਦੇ ਨੂੰ
ਸੁਹੁ ਕਿਸ ਬਿਧਿ ਢੂੰਡ ਲਭਾਈ ਦਾ ?
ਓਹ ਕਹਿੰਦੇ 'ਜੰਗਲ ਜਾਈ ਦਾ'।[92]

---

88. ਕੰਬਦੀ ਕਲਾਈ, ਗੀਤ 8, ਪੰਨਾ 9
89. ਕੰਬਦੀ ਕਲਾਈ, ਗੀਤ 47, ਪੰਨਾ 63
90. ਉਹੀ, ਗੀਤ 48, ਪੰਨਾ 64
91. ਗੁਰੂ ਨਾਨਕ ਚਮਤਕਾਰ, ਪੂਰਬਾਰਧ, ਪੰਨਾ 92
92. 'ਕੰਬਦੀ ਕਲਾਈ', ਗੀਤ 86, ਪੰਨਾ 166

ਸੰਖੇਪ ਵਿਚ ਭਾਈ ਸਾਹਿਬ ਨੇ ਧਾਰਮਿਕ ਸੰਗੀਤਕ ਗੀਤਾਂ ਵਿਚ ਜਿਸ ਸੰਸਾਰ ਦਾ ਨਿਰਮਾਣ ਕੀਤਾ ਹੈ, ਉਸ ਵਿਚ ਉਨ੍ਹਾਂ ਦੀ ਭਾਵ ਅਨੁਭੂਤੀ ਦੀ ਤੀਬਰਤਾ ਦੇ ਨਾਲ ਬੌਧਿਕ ਚਿੰਤਨ ਵੀ ਸਮਾਇਆ ਹੋਇਆ ਹੈ। ਇਨ੍ਹਾਂ ਗੀਤਾਂ ਰਾਹੀਂ ਭਾਈ ਸਾਹਿਬ ਨੂੰ ਆਪਣੇ ਭਾਵ ਨਿਰਮਾਣ ਦੇ ਆਰੰਭਿਕ ਪ੍ਰਯੋਗਾਂ ਦਾ ਅਵਸਰ ਵੀ ਮਿਲਿਆ ਸੀ। ਭਾਈ ਸਾਹਿਬ ਦੀ ਉਚੇਰੀ ਕਵਿਤਾ ਜਿਸ ਵਿਚ ਮਾਨਵੀ ਭਾਵਨਾਵਾਂ ਦਾ ਚਿੱਤ੍ਰਮਈ ਮਨੋਵਿਗਿਆਨਕ ਵਿਸ਼ਲੇਸ਼ਣ ਮਿਲਦਾ ਹੈ, ਦੇ ਬੀਜ ਇਨ੍ਹਾਂ ਗੀਤਾਂ ਵਿਚ ਹੀ ਪ੍ਰਾਪਤ ਹੁੰਦੇ ਹਨ।

ਭਾਈ ਸਾਹਿਬ ਦੇ ਧਾਰਮਿਕ ਗੀਤਾਂ ਦੀ ਚਲਾਈ ਪਰੰਪਰਾ ਨੂੰ ਸਿੱਖਾਂ ਵਿਚ ਨਾਨਕ ਸਿੰਘ (ਕਰਤਾ 'ਸਤਿਗੁਰ ਮਹਿਮਾ' ਤੇ 'ਗੁਰ ਕੀਰਤ') ਅਤੇ ਧਨਵੰਤ ਸਿੰਘ ਸੀਤਲ, ਹਿੰਦੂਆਂ ਵਿਚ ਸ਼ਾਮ ਦਾਸ ਆਜਜ਼ (ਅੰਮ੍ਰਿਤਸਰੀ), ਮਾਸਟਰ ਚਮਨ ਅਤੇ ਮੁਸਲਮਾਨਾਂ ਵਿਚ ਰਾਜ਼ਕ (ਕਸੂਰੀ) ਅਤੇ ਮੁਸ਼ਤਾਕ (ਅੰਮ੍ਰਿਤਸਰੀ), ਆਦਿਕ ਨੇ ਖੂਬ ਵਿਕਸਾਇਆ ਸੀ। ਹੁਣ ਇਸ ਪਾਸੇ ਵੱਲ ਕਰਤਾਰ ਸਿੰਘ ਦਿਲਸ਼ਾਦ, ਬਚਨ ਸਿੰਘ ਬਚਨ, ਹਰਭਜਨ ਸਿੰਘ ਰਤਨ ਤੇ ਤੇਜਾ ਸਿੰਘ ਸਾਬਰ ਕਾਫ਼ੀ ਧਿਆਨ ਦੇ ਰਹੇ ਹਨ, ਪਰ " ਭਾਈ ਸਾਹਿਬ ਦੇ ਗੀਤਾਂ ਵਾਲੀ ਡੂੰਘਾਈ ਤੇ ਪਿਰ ਦੀ ਵਿਸ਼ਾਲਤਾ ਇਨ੍ਹਾਂ ਵਿਚ ਨਹੀਂ ਮਿਲਦੀ।"[93]

ਭਾਈ ਸਾਹਿਬ ਨੇ ਸੰਗੀਤਕ ਗੀਤਾਂ ਦੀ ਜੋ ਧਾਰਾ ਕੇਵਲ ਆਪਣੇ ਧਾਰਮਿਕ ਗੀਤਾਂ ਲਈ ਅਪਣਾਈ ਸੀ, ਉਸ ਨੂੰ ਬਾਅਦ ਵਿਚ ਚਾਤ੍ਰਿਕ ਜੀ ਨੇ ਸਾਹਿਤਿਕ ਗੀਤਾਂ ਲਈ ਵੀ ਵਰਤਿਆ ਸੀ। ਚਾਤ੍ਰਿਕ ਜੀ ਨੇ ਵੀ ਭਾਈ ਸਾਹਿਬ ਦੇ ਧਾਰਮਿਕ ਗੀਤਾਂ ਵਾਂਗੂੰ ਆਪਣੇ 'ਚੰਦਨ ਵਾੜੀ', 'ਨਵਾਂ ਜ਼ਮਾਨਾ', 'ਸੂਫ਼ੀ ਖਾਨਾ' ਆਦਿਕ ਵਿਚਲੇ ਕਈ ਗੀਤਾਂ ਦੇ ਨਾਲ ਰਾਗ, ਧਾਰਨਾ ਲੈਅ ਤੇ ਟੇਕ ਦਾ ਉਲੇਖ ਕੀਤਾ ਹੈ।

<u>ਉਪਦੇਸ਼ਾਤਮਿਕ ਤੇ ਨੀਤੀਪਰਕ ਕਵਿਤਾਵਾਂ –</u>

ਕਈ ਵੇਰਾਂ ਕਵੀ ਦੇ ਵਿਚਾਰ ਭਾਵਾਂ ਦੇ ਰੰਗ ਵਿਚ ਰੰਗੀਜੇ ਪ੍ਰਗਟ ਹੁੰਦੇ ਹਨ ਤੇ ਕਈ ਵੇਰਾਂ ਸਿੱਧੇ। ਭਾਈ ਸਾਹਿਬ ਦਾ ਕਾਵਿ ਮਨੋਰਥ ਲੋਕਾਂ ਨੂੰ ਜੀਵਨ ਵਿਚ ਮਾਰਗ ਪ੍ਰਦਰਸ਼ਨ ਕਰਨਾ ਸੀ। ਇਸ ਲਈ ਅਨੇਕ ਥਾਵਾਂ ਤੇ ਉਨ੍ਹਾਂ ਦਾ ਉਪਦੇਸ਼ਾਤਮਿਕ ਤੇ ਨੀਤੀ-ਪਰਕ ਸਵਰ ਸਿੱਧਾ ਉਪਦੇਸ਼ਾਵਲੀ ਦੇ ਰੂਪ ਵਿਚ ਪ੍ਰਗਟ ਮਿਲਦਾ ਹੈ। ਇੱਥੇ ਸ਼ੁੱਧ ਉਪਦੇਸ਼ ਹੀ ਆ ਜਾਂਦਾ ਹੈ ਅਤੇ ਕਵੀ ਦਾ ਹਿਰਦਾ ਬੁੱਧੀ ਦੇ ਸਤੌਰ ਤੇ ਚੜ੍ਹ ਕੇ ਬੋਲ ਰਹਿਆ ਹੁੰਦਾ ਹੈ।

ਭਾਈ ਸਾਹਿਬ ਨੇ 'ਪਸਾਰੀ ਕਿ ਮਖੀਰ'?[94] ਤੇ 'ਗੁਲਾਬ ਦਾ ਫੁੱਲ ਤੋੜਨ ਵਾਲੇ ਨੂੰ'[95] ਵਿਚ ਦੱਸਿਆ ਹੈ ਕਿ ਦੁਨੀਆ 'ਪਲਕ ਛਲਕ ਦਾ ਮੇਲਾ ਹੈ' ਅਤੇ ਇਸ ਹਕੀਕਤ ਤੋਂ ਨਾਬਰ ਨਹੀਂ ਹੋਇਆ ਜਾ ਸਕਦਾ। 'ਫ਼ਿਕਰ'[96] ਵਿਚ ਫ਼ਿਕਰ ਕੂਕ ਕੇ ਸੰਸਾਰ ਦੀ ਕਠੋਰ ਵਾਸਤਵਿਕਤਾ ਤੇ ਵਿਅੰਗ ਕਰਦਾ ਹੈ। ਦੁਨੀਆਂ ਚੈਨ ਨਾਲ ਕਿਸੇ ਨੂੰ ਨਹੀਂ ਵਿਚਰਣ ਦਿੰਦੀ:

ਛੇੜਾਂ ਛੇੜ ਕਰਾਵਾਂ ਨਾਹੀਂ, ਹਾਂ ਵਿਰਕਤ, ਨਿਰਗੁਨੀਆਂ
ਮੇਰੇ ਜੋਗਾ ਬੀ ਤੈਂ ਪੈਲੇ, ਹਾਇ, ਕੁਹਾੜਾ ਦੁਨੀਆਂ ![97]

---

93. ਪੰਜਾਬੀ ਦੁਨੀਆਂ, ਗੀਤ ਕਾਵਿ ਅੰਕ, ਭਾਸ਼ਾ ਵਿਭਾਗ, ਪੰਜਾਬ, ਪੰਨਾ- 47
94. ਲਹਿਰਾਂ ਦੇ ਹਾਰ, ਪੰਨਾ 15
95. ਲਹਿਰਾਂ ਦੇ ਹਾਰ, ਪੰਨਾ 15
96. ਉਹੀ, ਪੰਨਾ- 69
97. ਉਹੀ, ਪੰਨਾ -69

'ਹਠ-ਰਸ'[98] ਵਿਚ ਭਾਈ ਸਾਹਿਬ ਪ੍ਰਗਟ ਕਰਦੇ ਹਨ ਕਿ ਜੀਵਨ ਦੀ ਅਸਲੀਅਤ ਤੋਂ ਤੰਗ ਆ ਕੇ ਤਿਆਗ ਵੀ ਜੀਵਨ-ਸਮੱਸਿਆ ਦਾ ਕੋਈ ਹੱਲ ਨਹੀਂ। ਜੀਵਨ ਜੋ ਕੁਝ ਵੀ ਹੈ, ਇਸ ਵਿਚੋਂ 'ਲੁਕਵੇਂ ਤੇਜ' ਨੂੰ ਅਨੁਭਵ ਕਰਨ ਦੀ ਲੋੜ ਹੈ। 'ਖੇੜਾ'[99] ਕਵਿਤਾ ਵਿਚ ਤਾਂ ਖੇੜੇ ਦੀ ਅਣਹੋਂਦ ਨਾਲ ਜੀਵਨ ਦਾ ਅੰਤ ਹੀ ਮੰਨ ਲਿਆ ਗਇਆ ਹੈ:

ਖਿੜਿਆ ਜਦ ਖਿੜਨਾ ਅਸਾਂ ਰੰਗ ਰੂਪ ਰਸ ਨਾਲ,
ਫਲਣਾ ਫੁਲਣਾ ਹੋਇਆ 'ਹਰੇ ਰਹਿਣ ਦਾ ਮਾਲ,
— ਤਦੋਂ ਕੁਹਾੜਾ ਆ ਗਿਆ— ਗਿਰਿਆ ਸ਼ਾਖੋ ਸ਼ਾਖ।[100]

ਜ਼ਿੰਦਗੀ ਦੀ ਚਾਲ ਤੇਜ਼ ਰਫ਼ਤਾਰ ਵਿਚ ਚਲਦੀ ਹੈ। ਇਸ ਵਿਚ ਵਰਤਮਾਨ ਨੂੰ ਕਾਬੂ ਕਰਨਾ ਜ਼ਰੂਰੀ ਹੈ। 'ਚੂਰੀ ਹੁਣ'[101], 'ਅੱਜ'[102] ਤੇ 'ਸਮੇਂ'[103] ਕਵਿਤਾਵਾਂ ਵਿਚ ਭਾਈ ਸਾਹਿਬ 'ਹੁਣ' ਦੀ ਕਦਰ ਨੂੰ ਸਮਝਣ ਦਾ ਉਪਦੇਸ਼ ਦਿੰਦੇ ਹਨ:

ਹੋ! ਅਜੇ ਸੰਭਾਲ ਇਸ 'ਸਮੇਂ' ਨੂੰ ਕਰ ਸਫਲ ਉਡੰਦਾ ਜਾਂਵਦਾ
ਇਹ ਠਹਿਰਨ ਜਾਚ ਨ ਜਾਣਦਾ ਲੰਘ ਗਿਆ ਨ ਮੁੜ ਕੇ ਆਂਵਦਾ।[104]

ਇਸੇ ਤਰ੍ਹਾਂ ਦਾ ਉਪਦੇਸ਼ ਦੇ ਕੇ ਐਂਡਰੀਊ ਮਾਰਵੈਲ ਵੀ ਉਡਦੇ ਸਮੇਂ ਦੇ ਰਥ ਦੀ ਆਵਾਜ਼ ਨੂੰ ਸੁਣਨ ਲਈ ਪ੍ਰੇਰਦਾ ਹੈ।[105]

'ਦੁਵੱਲੀ ਝਾਕ'[106] ਵਿਚ ਭਾਈ ਸਾਹਿਬ ਤਿਆਗ ਦੇ ਵਿਰੁੱਧ ਆਵਾਜ਼ ਉਠਾਂਦੇ ਹਨ ਅਤੇ ਤਿਆਗੀ ਦੀ ਦੁਵੱਲੀ ਝਾਕ ਤੇ ਚੋਟ ਕਰਦੇ ਹਨ:

ਤਟ ਤੇ ਬੈਠ ਮੁਨੀ ਜੀ ਥਾਂਕੇ ਦੁਹੁੰ ਵੱਲੀਂ ਹੀ ਝਾਕ ਰਹੇ
ਥਲ ਵੱਲੇ ਫਿਰ ਜਲ ਵੱਲੇ ਤੇ ਫਿਰ ਥਲ ਫਿਰ ਜਲ ਤਾਕ ਰਹੇ।[107]

ਇੱਥੇ ਤਾਂ ਤਰਕ ਵਿਤਰਕ ਕਵਿਤਾ ਤੇ ਭਾਰੂ ਹੋ ਜਾਂਦਾ ਹੈ। ਇਹ ਰੁਚੀ 'ਫੁੱਲ ਤੇ ਯੋਗੀ'[108], 'ਮੀਂਹ ਮਿਹਰ'[109], 'ਜਿਵਾਣ'[110], 'ਬਰਦਾ ਕਿ ਮਾਲਕ'[111] ਆਦਿ ਕਵਿਤਾਵਾਂ ਵਿਚ ਵੀ ਮਿਲਦੀ ਹੈ।

ਅਸਲ ਵਿਚ ਹਰ ਕਵੀ ਵਿਚ ਉਪਦੇਸ਼ ਦੀ ਬ੍ਰਿਤੀ ਕੁਝ ਹੱਦ ਤਕ ਉਸ ਦੇ ਹਿਰਦੇ ਦੀ ਕਰੁਣਾ ਤੇ ਹਾਰਦਿਕ ਵੇਦਨਾ ਪਿਛੇ ਲੁਕੀ ਮਿਲਦੀ ਹੈ। ਭਾਈ ਸਾਹਿਬ ਨੂੰ ਅਹਸਾਸ ਹੈ ਕਿ ਦੁਨੀਆਂ ਦਾ ਦੁੱਖ ਵੇਖ ਕੇ ਉਨ੍ਹਾਂ ਦਾ 'ਦਿਲ ਦਬਦਾ ਦਬਦਾ ਜਾਂਦਾ'[112] ਹੈ। ਸੰਸਾਰ ਦੇ ਸਾਰੇ ਕਸ਼ਟ ਨੂੰ ਨਿਵਾਰਨਾ ਭਾਵੇਂ

---

98. ਲਹਿਰਾਂ ਦੇ ਹਾਰ, ਪੰਨਾ 17
99. ਲਹਿਰਾਂ ਦੇ ਹਾਰ, ਪੰਨਾ 84
100. ਉਹੀ, ਪੰਨਾ 84
101. ਬਿਜਲੀਆਂ ਦੇ ਹਾਰ, ਪੰਨਾ 3
102. ਬਿਜਲੀਆਂ ਦੇ ਹਾਰ, ਪੰਨਾ 4
103. ਉਹੀ, ਪੰਨਾ 5 (
104. ਉਹੀ, ਪੰਨਾ 5
105. But at my back I ~~alway~~ alwaies hear<br>Time's winged charriot hurrying near!<br>And yonder all before us lye (Andrew Marvell)
106. ਲਹਿਰਾਂ ਦੇ ਹਾਰ, ਪੰਨਾ 27
107. ਲਹਿਰਾਂ ਦੇ ਹਾਰ, ਪੰਨਾ 27
108. ਮਟਕ ਹੁਲਾਰੇ, ਪੰਨਾ 57
109. ਬਿਜਲੀਆਂ ਦੇ ਹਾਰ, ਪੰਨਾ 29 (ਕ੍ਰਮਵਾਰ)

ਇਕ ਵਿਅਕਤੀ ਦੇ ਵਸ ਵਿਚ ਨਹੀਂ, ਪਰ ਫਿਰ ਵੀ ਕੋਮਲ ਭਾਵੀ ਕਵੀ ਲਈ ਪੱਥਰ ਬਣਨਾ ਅਸੰਭਵ ਹੈ। ਇਸੇ ਭਾਵਨਾ ਤੋਂ ਪ੍ਰੇਰਿਤ ਹੋ ਕੇ ਭਾਈ ਸਾਹਿਬ ਨੇ 'ਜ਼ੋਰਾਵਰ ਦਾ ਧੱਕਾ'[113], 'ਏਕਤਾ ਇਤਫ਼ਾਕ'[114], 'ਨਿਆਂ ਤੇ ਰਸ'[115], 'ਮੁਸ਼ਕਤ ਨੂੰ ਸੁਖ ਫਲ'[116], 'ਕੁਦਰਤ ਦੇ ਰੰਗ'[117], 'ਨੇਕੀ ਕਰਨੀ'[118] ਆਦਿਕ ਵਿਚ ਉਨ੍ਹਾਂ ਉਪਦੇਸ਼ਾਂ ਵੱਲ ਸੰਕੇਤ ਕੀਤਾਹੈਜੋ ਇਨ੍ਹਾਂ ਕਵਿਤਾਵਾਂ ਦੇ ਸਿਰਲੇਖ ਹੀ ਸਪਸ਼ਟ ਕਰ ਦਿੰਦੇ ਹਨ।

ਦੇਸ਼- ਭਗਤੀ ਪਰਕ ਕਵਿਤਾਵਾਂ —

ਆਪਣੇ ਦੇਸ਼ ਅਤੇ ਦੇਸ਼ ਵਾਸੀਆਂ ਦੇ ਪ੍ਰਤਿ ਮਾਨਵ ਮਾਤ੍ਰ ਦਾ ਅਨੁਰਾਗ ਹੁੰਦਾ ਹੈ। ਇਸ ਲਈ ਮਾਨਵ ਆਪਣੇ ਦੇਸ਼ ਵਾਸੀਆਂ ਨੂੰ ਬੰਧਨ ਯੁਕਤ ਨਹੀਂ ਵੇਖ ਸਕਦਾ। ਯੋਧਿਆਂ ਦੀ ਰਾਸ਼ਟਰੀਅਤਾ ਸ਼ਸਤ੍ਰਾਂ ਦੁਆਰਾ ਪ੍ਰਗਟ ਹੁੰਦੀ ਹੈ, ਪਰ ਕਵੀਆਂ ਦੇ ਭਾਵ ਕਵਿਤਾਵਾਂ ਰਾਹੀਂ ਵਿਅਕਤ ਹੁੰਦੇ ਹਨ। ਭਾਈ ਸਾਹਿਬ ਨੇ ਲੰਮੇਰੀਆਂ ਕਵਿਤਾਵਾਂ ਵਿਚ ਵੀ ਦੇਸ਼ ਪ੍ਰੇਮ ਦੇ ਵਿਸ਼ੇ ਨੂੰ ਛੋਹਿਆ ਸੀ, ਪਰ ਇਹ ਮਦਵਰ ਉਨ੍ਹਾਂ ਦੀਆਂ ਛੋਟੀਆਂ ਕਵਿਤਾਵਾਂ ਵਿਚ ਵੀ ਧੜਕਦਾ ਹੈ। 'ਭੁੱਲ ਚੁੱਕੀ ਸੱਭਯਤਾ'[119] ਵਿਚ ਭਾਈ ਸਾਹਿਬ ਨੇ ਆਪਣੇ ਦੇਸ਼ ਦੀ ਸੰਸਕ੍ਰਿਤੀ ਦੀ ਸ੍ਰੇਸ਼ਟਤਾ ਨੂੰ ਪ੍ਰਗਟਾਂਦਿਆਂ ਆਪਣੇ ਪੂਰਵਜਾਂ ਦੇ ਗੌਰਵ ਨੂੰ ਬੜੇ ਵਿਸ਼ਵਾਸ਼ ਨਾਲ ਵਰਣਨ ਕੀਤਾ ਹੈ। ਇਸੇ ਤਰ੍ਹਾਂ 'ਅਵਾਂਤੀਪੁਰੇ ਦੇ ਖੰਡਰ'[120], 'ਮੰਦਰ ਮਾਰਤੰਡ ਦੇ ਖੰਡਰ'[121] ਅਤੇ 'ਕੰਬਦੇ ਪੱਥਰ'[122] ਵਿਚ ਭਾਰਤ ਦੀ ਗੁਲਾਮੀ ਅਤੇ ਮੁਗ਼ਲਾਂ ਦੇ ਜ਼ੁਲਮਾਂ ਵਲ ਸੰਕੇਤ ਕੀਤਾ ਗਇਆ ਹੈ। ਮੁਗ਼ਲਾਂ ਦੇ ਰਾਜਸੀ ਉਪੱਦਰ ਦਾ ਕਾਰਨ ਵੀ ਭਾਈ ਸਾਹਿਬ ਨੂੰ ਦੇਸ਼ਵਾਸੀਆਂ ਦੀ ਆਪਸ ਵਿਚਲੀ ਫੁੱਟ ਹੀ ਦਿਖਾਈ ਦਿੰਦਾ ਹੈ।

ਮਾਰਤੰਡ ਨੂੰ ਮਾਰ ਪਿਆਂ "ਹੋਣੀ ਮੁੱਦਤ" ਕਹਿੰਦੀ ਲੋਈ,
ਪਰ ਕੰਬਣੀ ਪੱਥਰਾਂ ਵਿਚ ਹੁਣ ਤਕ ਸਾਨੂੰ ਸੀ ਸਹੀ ਹੋਈ।
" ਹਾਇ ਹੁਨਰ ਤੇ ਹਾਏ ਵਿਦਯਾ" ਹਾਇ ਦੇਸ਼ ਦੀ ਤਾਕਤ !
" ਹਾਇ ਹਿੰਦ ਫਲ ਫਾੜੀਆਂ ਵਾਲੇ" ਹਰ ਸਿਲ ਕਹਿੰਦੀ ਰੋਈ।[123]

ਭਾਈ ਸਾਹਿਬ ਦੇ ਅੰਦਰ ਇਕ ਦੇਸ਼- ਪ੍ਰੇਮੀ ਦਾ ਹਿਰਦਾ ਦੇਸ਼ ਨਾਲ ਹੋਏ ਜ਼ੁਲਮਾਂ ਨੂੰ ਅਨੁਭਵ ਕਰਕੇ ਕਲਵਲ ਹੋ ਉਠਦਾ ਹੈ। ਉਨ੍ਹਾਂ ਦਾ ਦੇਸ਼- ਪਿਆਰ ਭਾਰਤੀ ਕਲਾ ਦੇ ਪਿਆਰ ਦੇ ਰੂਪ ਵਿਚ ਵੀ ਪ੍ਰਗਟ ਹੁੰਦਾ ਹੈ।

---

110. ਲਹਿਰਾਂ ਦੇ ਹਾਰ, ਪੰਨਾ 31 111. ਲਹਿਰਾਂ ਦੇ ਹਾਰ, ਪੰਨਾ 33
112. ਦਰਦ ਦੇਖ ਦੁਖ ਆਂਦਾ, 'ਲਹਿਰਾਂ ਦੇ ਹਾਰ', ਪੰਨਾ 32

| | | | |
|---|---|---|---|
| 113. ਖ਼ਾਲਸਾ ਸਮਾਚਾਰ, | 25-6-1959 | ਜਿਲਦ 60 | ਅੰਕ ਨੰ: 33 |
| 114. ਉਹੀ | 20-2-1936 | " 37 | " 15 |
| 115. ਉਹੀ | 14-5-1959 | " 60 | " 24 |
| 116. ਉਹੀ | 27-8-1959 | " 60 | " 39 |
| 117. ਉਹੀ | 17-11-1960 | " 61 | " 3 |
| 118. ਉਹੀ | 25-6- 1964 | " 65 | " 36 |

119. ਮਟਕ ਹੁਲਾਰੇ, ਪੰਨਾ 111 120. ਮਟਕ ਹੁਲਾਰੇ, ਪੰਨਾ 65
121. ਉਹੀ, ਪੰਨਾ 67 122. ਉਹੀ, ਪੰਨਾ 68
123. ਓਹੀ ਪੰਨਾ- 68

ਉਨ੍ਹਾਂ ਨੂੰ ਦੁੱਖ ਹੈ ਕਿ ਮੁਗ਼ਲਾਂ ਨੇ 'ਜੋਸ਼ਿ ਮਜ਼ਹਬ' ਵਿਚ ਆ ਕੇ ਅੱਤਿਆਚਾਰ ਕਰਦਿਆਂ 'ਕਦਰ ਹੁਨਰ' ਨੂੰ ਭੁਲਾ ਦਿੱਤਾ ਸੀ। ਇਵੇਂ ਭਾਈ ਸਾਹਿਬ ਦਾ ਮਾਤਭੂਮੀ ਪ੍ਰਤਿ ਅਨੁਰਾਗ ਜਗਾ ਹੋਇਆ ਸੀ।

ਇੱਥੇ ਹੀ ਬਸ ਨਹੀਂ, ਭਾਈ ਸਾਹਿਬ ਦਾ ਦੇਸ਼- ਪ੍ਰੇਮ ਵਿਕਾਸ ਕਰਕੇ ਮਾਨਵ ਪ੍ਰੇਮ ਦੇ ਰੂਪ ਵਿਚ ਵਿਕਾਸ ਕਰ ਜਾਂਦਾ ਹੈ। ਉਨ੍ਹਾਂ ਨੇ ਆਪਣੀ ਇਕ ਅਸੰਗ੍ਰਹਿਤ ਕਵਿਤਾ 'ਨਵਾਂ ਪ੍ਰੇਮ ਰਾਜ'[124] ਵਿਚ ਸਾਰੇ ਸੰਸਾਰ ਦੀ ਆਜ਼ਾਦੀ ਅਤੇ ਸਾਰੇ ਸੰਸਾਰ ਲਈ ਇਕ ਸਾਂਝੇ ਪ੍ਰੇਮ ਰਾਜ ਦੀ ਸਥਾਪਨਾ ਦਾ ਉਪਦੇਸ਼ ਦਿੱਤਾ ਹੈ, ਜਿਸ ਦਾ ਪੂਰਨ ਉਲੇਖ ਪਹਿਲੇ ਵੀ ਕੀਤਾ ਜਾ ਚੁੱਕਾ ਹੈ।

<u>ਸਾਮਿਅਕ ਪਦ- ਰਚਨਾ</u> :

ਭਾਈ ਸਾਹਿਬ ਦੀ ਯੁਗ ਚੇਤਨਾ ਬੜੀ ਸੰਵੇਦਨਸ਼ੀਲ ਸੀ। ਉਨ੍ਹਾਂ ਨੇ ਸਾਮਿਅਕ ਘਟਨਾਵਾਂ, ਵਿਅਕਤੀਆਂ, ਸੰਸਥਾਵਾਂ ਦੇ ਸੰਬੰਧੀ ਸਫੁਟ ਕਵਿਤਾਵਾਂ ਵੀ ਲਿਖੀਆਂ ਹਨ।

ਭਾਈ ਸਾਹਿਬ 'ਚੀਫ਼ ਖਾਲਸਾ ਦੀਵਾਨ' ਦੇ ਉੱਘੇ ਰੁਕਨਾਂ ਵਿਚੋਂ ਸਨ। ਉਨ੍ਹਾਂ ਦਾ ਚੀਫ਼ ਖਾਲਸਾ ਦੀਵਾਨ ਦੀਆਂ ਸਾਲਾਨਾ ਵਿਦਿਅਕ ਕਾਨਫ਼ਰੰਸਾਂ ਵਿਸ਼ੇ ਨਾਲ ਵਿਸ਼ੇਸ਼ ਪ੍ਰੇਮ ਸੀ। ਉਹ ਹਰ ਸਾਲ ਹੋਣ ਵਾਲੀ ਕਾਨਫ਼ਰੰਸ ਤੇ ਲੋਕਾਂ ਨੂੰ ਪੁੱਜਣ ਲਈ ਕਵਿਤਾ ਰਾਹੀਂ ਪ੍ਰੇਰਨਾ ਦਿੰਦੇ ਸਨ। 1935 ਈ. ਵਿਚ ਗੁੱਜਰਾਂਵਾਲੇ ਵਿਖੇ ਹੋਈ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਸੰਬੰਧੀ ਲਿਖੀ ਕਵਿਤਾ ਵਿਚੋਂ ਕੁਝ ਪੰਕਤੀਆਂ ਵੇਖੋ:-

ਗੂੰਜ ਉਠੀਆਂ ਘਾਟੀਆਂ ਵਾਦੀਆਂ ਜੇ ਬੋਲ ਉਠੇ ਕੁਹਸਾਰ ਪਹਾੜ ਵੀਰੋ।
ਸੱਦ ਅਰਸ਼ ਤੋਂ ਆਈ ਜੇ ਗੂੰਜਦੀ ਇਕ ਵਾਜ ਨਿਕਲੀ ਏ ਧਰਤ ਨੂੰ ਪਾੜ ਵੀਰੋ।
ਪਾਣੀ ਬ੍ਰਿਛ ਸੂਰਜ ਤਾਰੇ ਚੰਦ ਬੋਲਣ ਕੁਦਰਤ ਕੂਕ ਉਠੀ ਕਾੜੋ ਕਾੜ ਵੀਰੋ।
'ਵਿਦਿਆ! ਵਿਦਿਆ! ਦੀ ਮੱਚੀ ਗੁੰਜਾਰ ਸਾਰੇ,'ਰੋਹੀਂ'ਵਿਦਿਆ ਫਿਰੀ ਸੰਸਾਰ ਵੀਰੋ।[125]

ਭਾਈ ਸਾਹਿਬ ਦੇ ਮਿੱਤ੍ਰਾਂ ਤੇ ਸਨੇਹੀਆਂ ਦਾ ਘੇਰਾ ਬਹੁਤ ਵਿਸ਼ਾਲ ਸੀ। ਉਹ ਆਪਣੇ ਨਜ਼ਦੀਕੀ ਮਿੱਤ੍ਰਾਂ ਦਾ ਬੜਾ ਸਤਿਕਾਰ ਕਰਦੇ ਸਨ। ਇਸੇ ਸਤਿਕਾਰ ਭਾਵਨਾ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਨੇ 1931 ਵਿਚ ਪ੍ਰੋ. ਪੂਰਨ ਸਿੰਘ,[126] 1936 ਵਿਚ ਸ. ਹਰਬੰਸ ਸਿੰਘ ਅਟਾਰੀ ਵਾਲੇ,[127] 19[illegible]1 ਵਿਚ ਸਰ ਸੁੰਦਰ ਸਿੰਘ ਮਜੀਠੀਏ[128] ਅਤੇ 1947 ਵਿਚ ਸ. ਤਰਲੋਚਨ ਸਿੰਘ[129] ਦੇ ਅਕਾਲ ਚਲਾਣੇ ਤੇ ਸ਼ੋਕ ਵਿਚ ਕਾਵਿ ਰਾਹੀਂ ਸ਼ਰਧਾਂਜਲੀ ਭੇਟ ਕੀਤੀ ਸੀ। ਪ੍ਰੋ. ਪੂਰਨ ਸਿੰਘ ਜੀ ਨੂੰ ਭੇਟ ਕੀਤੀ ਸ਼ਰਧਾਂਜਲੀ ਵਿਚੋਂ ਇਕ ਉਦਾਹਰਣ ਪ੍ਰਸਤੁਤ ਹੈ:

ਤੇਰੇ ਸੁਰਤ ਉਛਾਲੇ ਤੈਨੂੰ ਖਿਦੂ ਜਿਉਂ ਬੁੜ੍ਹਕਾਵਨ।
ਫਰਸ਼ੋਂ ਚੁੱਕ ਅਰਸ਼ ਵਲ ਤੇਰੇ, ਹੰਭਲੇ ਪਏ ਮਰਵਾਵਨ।
ਕਿਸੇ ਉਛਾਲੇ ਸਮੇਂ ਅਰਸ਼ ਦੇ- ਆਈ ਹੱਥ ਕਲਾਈ
ਖਿਚ ਉਤਾਂਹ ਲਿਆ ਤੁਧੇ ਕਾਰਜ ਆਪਣੇ ਲਾਵਨ।[130]

---

124. ਖਾਲਸਾ ਸਮਾਚਾਰ,23-1-1964 ਜਿਲਦ 65,ਅੰਕ 14
125. ਖ਼ੁਸ਼ੀ ਵਿਦਿਆ ਗੁੰਜਾਰ,ਖਾਲਸਾ ਸਮਾਚਾਰ,14-2-1935,ਜਿਲਦ 36,ਅੰ.12
126. 'ਕਿਉਂ ਛੇਤੀ ਚਲੇ ਗਏ'ਉਹੀ,21-5-1931,ਜਿਲਦ 32,ਨੰ. 28 (ਚਲਦਾ)

ਭਾਈ ਸਾਹਿਬ ਦਾ ਸੰਬੰਧ ਕਈ ਸਮਾਜਿਕ ਤੇ ਲੋਕ- ਭਲਾਈ ਦੀਆਂ ਸੰਸਥਾਵਾਂ ਨਾਲ ਵੀ ਸੀ। ਉਨ੍ਹਾਂ ਨੇ ਅੰਮ੍ਰਿਤਸਰ ਵਿਚ 1904 ਵਿਚ ਸੈਂਟ੍ਰਲ ਯਤੀਮਖ਼ਾਨਾ, ਅੰਮ੍ਰਿਤਸਰ ਦੀ ਸਥਾਪਨਾ ਲਈ ਵਿਸ਼ੇਸ਼ ਸਹਯੋਗ ਦਿੱਤਾ ਸੀ। ਇਸੇ ਨਾਲ ਸੰਬੰਧਿਤ ਯਤੀਮਾਂ ਪ੍ਰਤਿ ਹਮਦਰਦੀ ਉਨ੍ਹਾਂ ਦੀ ਕਵਿਤਾ 'ਦਰਦ ਨਜ਼ਾਰੇ'[131] ਵਿਚ ਪ੍ਰਗਟ ਹੁੰਦੀ ਹੈ।

ਇੱਥੇ ਹੀ ਬਸ ਨਹੀਂ, ਭਾਈ ਸਾਹਿਬ ਸਾਮਿਅਕ ਸਮੱਸਿਆਵਾਂ ਤੋਂ ਵੀ ਸੁਚੇਤ ਰਹਿੰਦੇ ਸਨ। ਆਜ਼ਾਦੀ ਦੀ ਜੰਗ ਦੇ ਦੌਰਾਨ ਉਨ੍ਹਾਂ ਦੇ ਹਿਰਦੇ ਵਿਚ ਦੇਸ਼-ਵਾਸੀਆਂ ਦੀ ਫੁਟ ਰੜਕਦੀ ਸੀ। 'ਏਕਤਾ ਇਤਫ਼ਾਕ' ਵਿਚ ਉਨ੍ਹਾਂ ਨੇ ਹਿੰਦੂਆਂ, ਮੁਸਲਮਾਣਾਂ ਤੇ ਸਿੱਖਾਂ ਨੂੰ ਇਕੱਠੇ ਹੋਣ ਲਈ ਵੰਗਾਰਿਆ ਸੀ:

ਆਪੋ ਵਿਚ ਦੇ ਭਾਈ ਵਸੋ ਤਿਆਗੋ ਨਰ ਟੁਟਣਾ
ਜਸੂ ਵਸਤੂ ਉਪਦੇਸ਼ ਕਰੇਂਦੀ ਖਿੜਿਆ ਮੇਲ ਕਰਾਈ।
ਕਠਿਆਂ ਹੋਇਆਂ ਕਦਰ ਹੈ ਵਧਦੀ ਨਾਲੇ ਮਹਿੰਗ ਵਿਖਾਈ।[132]

1935 ਈ. ਵਿਚ ਸਿੱਖ ਕੌਮ ਕਈ ਧੜਿਆਂ ਵਿਚ ਵੰਡੀ ਹੋਈ ਸੀ। ਇਸ ਫੁੱਟ ਨੂੰ ਉਨ੍ਹਾਂ ਨੇ 'ਪੰਥਕ ਦਸ਼ਾ' ਤੇ ਚਾਰ ਅਥਰੂ' ਵਿਚ ਉਲੀਕਦਿਆਂ ਲਿਖਿਆ ਸੀ:

ਹੈ ਸੀ ਕੀ, ਕੀ ਹੋ ਗਿਆ, ਪੰਥ ਦਾ ਐਸ਼ਵਰਜ ਮੂਲੋਂ ਖੋ ਗਿਆ
ਫੁੱਟ ਨੇ ਘੇਰਾ ਚੁਤਰਫੋਂ ਪਾ ਲਿਆ, ਦੇਸ਼ ਵਾਸੀਆਂ ਤੇ ਖੂਬ ਡੇਰਾ ਲਾ ਲਿਆ।[133]

ਭਾਈ ਸਾਹਿਬ ਦੀਆਂ ਚਾਰ ਕਵਿਤਾਵਾਂ: 'ਨਾਖਕੌਰ ਯਾਤਰਾ'[134], 'ਬਹਾਦਰਗੜ੍ਹ ਦੇ ਸਾਹਰਨੇ ਗੁਰਦੁਆਰੇ' ਦੀ ਯਾਤਰਾ'[135], ਸੱਚ ਖੰਡ ਸ੍ਰੀ ਹਜ਼ੂਰ ਸਾਹਿਬ'[136] ਅਤੇ ਜੈਪੁਰ'[137] ਉਨ੍ਹਾਂ ਦੀਆਂ ਯਾਤਰਾਵਾਂ ਨਾਲ ਸੰਬੰਧਿਤ ਹਨ। ਇਕ ਉਦਾਹਰਣ ਵੇਖੋ:

ਸਚਖੰਡ ਹੁਣ ਨਾਮ ਏਸ ਦਾ- ਹਰ ਰਚਨਾ ਪਈ ਗਾਵੇ।
ਰਸ ਸਚਖੰਡ ਇਸ ਧਾਮੂੰ ਤੇ- ਛਹਿਬਰ ਹੈ ਪਿਆ ਲਾਵੇ।
ਭਰ ਭਰ ਪੀਣਾ ਬੁਕਾਂ ਦੇ ਸੋਹਣੇ- ਰਸੀਏ ਜੋ ਇਸ ਰਸ ਦੇ।
ਰਸ ਇਸ ਥਾਵੇਂ ਬੇਪ੍ਰਵਾਹ ਹੋ- ਜੀਓਂ ਪਿਆ ਲੁਟਾਵੇ।[138]

'ਨਵੇਂ ਸਾਲ' ਸੰਬੰਧੀ ਵੀ ਭਾਈ ਸਾਹਿਬ ਦੀ ਇਕ ਕਵਿਤਾ 'ਨਵਾਂ ਸਾਲ' ਮਿਲਦੀ ਹੈ:-

ਸਾਲ ਗਿਆ, ਸਾਲ ਆ ਗਿਆ- ਪਰ ਸਰ ਅਮਰ ਹੈ ਸਾਲ
ਕਾਲ ਪ੍ਰਵਾਹ ਦਾ ਅਮੁਕ ਹੈ- ਇਹ ਟਿੰਡਾਂ ਦਾ ਮਾਲ੍ਹ।[139]

---

| | | | | | |
|---|---|---|---|---|---|
| 127. | ਖਾਲਸਾ ਸਮਾਚਾਰ- | 4-6-1936 | ਜਿਲਦ 37 | ਅੰਕ ਨੰ: | 30 |
| 128. | ਉਹੀ | 10-4-1941 | ਜਿਲਦ 42 | " | 21 |
| 129. | ਉਹੀ | 6-6-1968 | " 69 | " | 29 |
| 130. | ਉਹੀ | 21-5-1931 | " 32 | " | 28 |
| 131 | ਉਹੀ | 18-7-1912 | " 13 | " | 36 |
| 132. | ਉਹੀ | 20-2-1936 | " 37 | " | 15 |
| 133. | ਉਹੀ | 3.10.1935 | " 36 | " | 44 36 (ਕਲਾ) |

ਜਿਸ ਤਰ੍ਹਾਂ ਭਾਈ ਸਾਹਿਬ ਨੇ ਅਵਸਰਾਂ, ਘਟਨਾਵਾਂ, ਪ੍ਰਸੰਗਾਂ, ਵਿਅਕਤੀਆਂ ਅਤੇ ਸੰਸਥਾਵਾਂ ਦੇ ਸੰਬੰਧ ਵਿਚ ਕਰਤਵ ਭਾਵਨਾ ਤੋਂ ਪ੍ਰੇਰਿਤ ਹੋ ਕੇ ਕਵਿਤਾਵਾਂ ਲਿਖੀਆਂ ਹਨ। ਇਹ ਠੀਕ ਹੈ ਕਿ ਇਨ੍ਹਾਂ ਵਿਚ ਜਿਤਨਾ ਕਰਤਵ ਹੈ, ਉਤਨਾ ਕਾਵਿ- ਤਤ ਨਹੀਂ। ਇਹ ਵਧੇਰੇ ਅਲੰਕ੍ਰਿਤ ਸ਼ੈਲੀ ਵਿਚ ਹੀ ਲਿਖੀਆਂ ਗਈਆਂ ਹਨ। ਇਨ੍ਹਾਂ ਨੂੰ ਕਿਧਰੇ ਸੰਗ੍ਰਹਿਤ ਨਹੀਂ ਕੀਤਾ ਗਇਆ। ਇਨ੍ਹਾਂ ਰਾਹੀਂ ਭਾਈ ਸਾਹਿਬ ਦੀ ਕਾਵਿ- ਪ੍ਰਕਿਰਿਆ ਦੇ ਇਕ ਸਰੂਪ ਮਾਤ੍ਰ ਦਾ ਪ੍ਰਗਟਾਵਾ ਜ਼ਰੂਰ ਹੁੰਦਾ ਹੈ।

<u>ਫੁਟਕਲ ਦੋਹੇ ਤੇ ਸੋਰਠੇ -</u>

ਭਾਈ ਸਾਹਿਬ ਦੇ ਕਾਵਿ- ਸੰਗ੍ਰਹਿਾਂ ਵਿਚ ਅੰਕਿਤ ਅਤੇ ਕੁਝ ਖ਼ਾਲਸਾ ਸਮਾਚਾਰ' ਵਿਚ ਪ੍ਰਕਾਸ਼ਿ ਅਸੰਗ੍ਰਹਿਤ ਦੋਹੇ ਤੇ ਸੋਰਠੇ ਵੀ ਮਿਲਦੇ ਹਨ। 'ਬਿਜਲੀਆਂ ਦੇ ਹਾਰ' ਵਿਚ ਦੋ ਦੋਹੇ 'ਦਰ ਢੱਠਿਆਂ ਦੀ ਕਦਰ'[140] ਅਤੇ 'ਪੰਛੀ'[141] ਨਾਂ ਦੇ ਸਿਰਲੇਖਾਂ ਹੇਠ ਪ੍ਰਾਪਤ ਹੁੰਦੇ ਹਨ। ਇਕ ਦੋਹਿਰਾ 'ਮਟਕ ਹੁਲਾਰੇ' ਸੰਗ੍ਰਹਿ ਵਿਚ 'ਬੀਜ ਜਿਹਾ ਕੇ ਦੇ ਖੁੱਢੇ ਕਿਨਾਰ'[142] ਸਿਰਲੇਖ ਹੇਠ ਮਿਲਦਾ ਹੈ। ਇਸ ਤੋਂ ਛੁਟ ਭਾਈ ਸਾਹਿਬ ਦੀ ਅਣਛਪੀ ਕਵਿਤਾ ਜੋ 'ਖ਼ਾਲਸਾ ਸਮਾਚਾਰ' ਸਪਤਾਹਕ ਵਿਚ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ 15-8-1957 ਤੋਂ 21-12-1967 ਤਕ ਛਪਦੀ ਰਹੀ ਹੈ, ਵਿਚ ਵੀ ਕੁਝ ਦੋਹੇ- 'ਸਿਮਰਨ'[143], 'ਦੁਖ ਵਿਚ ਸੁਆਦ'[144], 'ਰੂਪ'[145], 'ਵੇਲ ਨ ਬਣੀ'[146], 'ਸੁਭਾਵ'[147], 'ਚਕ੍ਰਦੀਆਂ ਕਲਾਂ'[148], 'ਤੇਰੀ ਤੁਰੀ ਰਹੇ ਖ਼ੁਸ਼ਬੋ'[149], 'ਨਾਮ ਨਸ਼ਾ ਤੇ ਮਾਨ ਨਸ਼ਾ'[150] ਅਤੇ ਕੁਝ ਸੋਰਠੇ- 'ਇਕ ਬੈਵੇਂ ਭਰ ਭਰ ਡੁਲ੍ਹ ਰਹੇ'[151], 'ਨਿੰਮਰਤਾ ਤੇ ਹੰਕਾਰ'[152] ਆਦਿਕ ਮਿਲਦੇ ਹਨ।

ਅਜੇਹੀ ਛੰਦ ਰਚਨਾ ਪੁਰਾਤਨ ਕਾਵਿ ਵਿਚ ਆਮ ਹੁੰਦੀ ਸੀ। ਭਾਈ ਸਾਹਿਬ ਨਵੇਂ ਮਾਰਗਾਂ ਨੂੰ ਨਿਰਧਾਰਤ ਕਰਕੇ ਵੀ ਪੁਰਾਣੀ ਪਰਿਪਾਟੀ ਦਾ ਬਿਲਕੁਲ ਤਿਆਗ ਨਹੀਂ ਕਰਦੇ। ਦੋਹਿਆਂ ਤੇ ਸੋਰਠਿਆਂ ਵਿਚ ਵਿਚਾਰ ਤੇ ਭਾਵ ਦਾ ਮੇਲ ਹੁੰਦਾ ਹੈ ਅਤੇ ਵਿਚਾਰ ਨੂੰ ਬੜੇ ਸੰਕੇਤ ਰੂਪ ਵਿਚ ਪ੍ਰਗਟ ਕੀਤਾ ਜਾਂਦਾ ਹੈ। ਇਹ ਵਿਸ਼ੇਸ਼ਤਾ ਭਾਈ ਸਾਹਿਬ ਦੇ ਦੋਹਿਆਂ ਤੇ ਸੋਰਠਿਆਂ ਵਿਚ ਵੀ ਪ੍ਰਾਪਤ ਹੁੰਦੀ ਹੈ। ਉਦਾਹਰਣ ਲਈ ਵੇਖੋ:-

ਦੋਹਾ:
ਦੁਖ ਬਿਰਹੋਂ ਦਾ ਹੈ ਜਲਨ- ਪਰ ਫਿਰ ਦੇਵੇ ਸਵਾਦ
ਜਿਵੇਂ ਧੂਪ ਦੇ ਜਲਣ ਵਿਚ- ਹੈ ਸੁਗੰਧਿ ਅਹਿਲਾਦ।[153]

---

| | | | | |
|---|---|---|---|---|
| 134. | ਖ਼ਾਲਸਾ ਸਮਾਚਾਰ | 31-12-59 | ਜਿਲਦ 61 | ਅੰਕ ਨੰ: 7 |
| 135. | ਉਹੀ | 6-10-1960 | " 61 | " 46 |
| 136. | ਉਹੀ | 27- 8-1964 | " 65 | " 45 |
| 137. | ਉਹੀ | 22-9-1966 | " 67 | " 47 |
| 138. | ਉਹੀ | 22-9-1966 | " 67 | " 47 |
| 139. | ਉਹੀ | 21-1-1960 | " 61 | " 10 46 |
| 140. | ਬਿਜਲੀਆਂ ਦੇ ਹਾਰ, ਪੰਨਾ 17 | | | |
| 141. | ਉਹੀ, ਪੰਨਾ 29 | | | |
| 142. | ਮਟਕ ਹੁਲਾਰੇ, ਪੰਨਾ 87 | | | |
| 143. | ਖ਼ਾਲਸਾ ਸਮਾਚਾਰ | 5-9-1957 | ਜਿਲਦ 58 | ਅੰਕ ਨੰ: 41 (ਚਲਦਾ) |

ਸੋਰਠਾ — ਹੋਇ ਰਹੀਆਂ ਹੈਰਾਨ ਇੱਲ੍ਹਾਂ ਦੀ ਗਤਿ ਦੇਖ ਕੇ
ਨੀਵੀਆਂ ਜਾ ਭਰ ਜਾਣ, ਉੱਚੀਆਂ ਜਾ ਜਾ ਸੰਘਣੀਆਂ।[156]

<u>ਸਾਰ:</u>

ਸੰਖੇਪ ਵਿਚ ਭਾਈ ਸਾਹਿਬ ਦੀਆਂ ਛੋਟੀਆਂ ਕਵਿਤਾਵਾਂ ਜੋ ਸਰੋਦੀ( Lyric ) ਤੇ ਅਸਰੋਦੀ( Non-Lyric ) ਰੂਪ ਵਿਚ ਮਿਲਦੀਆਂ ਹਨ, ਨਾਲ ਹੀ ਆਧੁਨਿਕ ਕਾਲ ਦੀ ਪੰਜਾਬੀ ਕਵਿਤਾ ਦਾ ਮੁੱਢ ਬੱਝਦਾ ਹੈ। ਮੁਕਤਕ ਕਾਵਿ ਅਤੇ ਗੀਤਾਂ ਦੀ ਪਰੰਪਰਾ ਤੋਂ ਪੰਜਾਬੀ ਕਵਿਤਾ ਪਹਿਲਾਂ ਵੀ ਅਵੇਤ ਨਹੀਂ ਸੀ, ਪਰ ਸਵਤੰਤ੍ਰ ਮਜ਼ਮੂਨ ਲੈ ਕੇ ਨਿੱਕੀ ਕਵਿਤਾ ਰਚਣ ਦੀ ਪਿਰਤ ਸਹੀ ਅਰਥਾਂ ਵਿਚ ਭਾਈ ਸਾਹਿਬ ਦੀਆਂ ਛੋਟੀਆਂ ਕਵਿਤਾਵਾਂ ਨਾਲ ਹੀ ਸ਼ੁਰੂ ਹੁੰਦੀ ਹੈ। ਸੰਸਕ੍ਰਿਤਕ ਨਵ- ਜਾਗ੍ਰਤੀ ਦੇ ਪ੍ਰਭਾਵ ਹੇਠ ਭਾਈ ਸਾਹਿਬ ਦੀਆਂ ਇਨ੍ਹਾਂ ਕਵਿਤਾਵਾਂ ਨਾਲ ਚੇਤੰਨ ਤੌਰ ਤੇ ਜਿਥੇ ਕਿਸੇ ਉਚੇਰੇ ਸਮਾਜਿਕ ਮਨੋਰਥ, ਕਿਸੇ ਧਾਰਮਿਕ ਜਥੇਬੰਦੀ, ਸਦਾਚਾਰਕ ਸੁਧਾਰ ਤੇ ਰਾਜਨੀਤਿਕ ਆਦਰਸ਼ ਦੀ ਪੂਰਤੀ ਸ਼ੁਰੂ ਹੁੰਦੀ ਹੈ, ਉਥੇ ਨਾਲ ਹੀ ਸੁਹਜ- ਸੁਆਦ ਦੀ ਵਿਅਕਤੀਵਾਦੀ ਰੁਚੀ ਅਧੀਨ ਨਿਰੋਲ ਸੁਹਜ- ਸੁਆਦ ਦੀ ਪ੍ਰਾਪਤੀ ਲਈ ਕਵਿਤਾ ਦੇ ਪ੍ਰਯੋਗ ਸ਼ੁਰੂ ਹੁੰਦੇ ਹਨ। ਭਾਈ ਸਾਹਿਬ ਦੇ ਇਨ੍ਹਾਂ ਪ੍ਰਯੋਗਾਂ ਨਾਲ ਹੀ ਪੰਜਾਬੀ ਕਵਿਤਾ ਦਾ ਖੇਤਰ ਮਨੁੱਖੀ ਭਾਵਾਂ ਦੇ ਆਤਮ- ਸੰਸਾਰ ਦੀ ਅਰਥਾਂ ਵਿਚ ਭਾਵਾਂ ਦੇ ਉਤਪਾਦਕ ਤੇ ਸੰਯੋਜਕ ਅਨਾਤਮ ਮੰਡਲ ਦੇ ਪ੍ਰਸੰਗ ਵਿਚ ਸਮੁੱਚੇ ਜੀਵਨ ਜਿੰਨਾ ਚੌੜੇਰਾ ਹੋ ਜਾਂਦਾ ਹੈ।[155]

ਭਾਈ ਸਾਹਿਬ ਦੀਆਂ ਛੋਟੀਆਂ ਕਵਿਤਾਵਾਂ ਵਿਚ ਮੁੱਢ ਤੋਂ ਹੀ ਅਧਿਆਤਮ ਦਾ ਪ੍ਰਭਾਵ ਮਿਲਦਾ ਹੈ, ਜਿਸ ਨੂੰ ਉਨ੍ਹਾਂ ਨੇ ਜੀਵਨ ਦਰਸ਼ਨ ਦੇ ਰੂਪ ਵਿਚ ਉਜਾਗਰ ਕਰਨ ਦਾ ਯਤਨ ਕੀਤਾ ਹੈ। ਇਸ ਸੰਬੰਧੀ ਡਾ. ਮੋਹਨ ਸਿੰਘ ਜੀ ਵੀ ਲਿਖਦੇ ਹਨ," ਆਪ ਗੁਰਸਿੱਖੀ ਦੇ ਪੂਰੇ ਪ੍ਰਤਿਨਿਧ ਹਨ। ਆਪ ਦੀ ਦਾਰਸ਼ਨਿਕ ਕਵਿਤਾ ਨੇ ਪੰਜਾਬੀ ਦੀ ਪਤਾਕਾ ਨੂੰ ਅਤਿਅੰਤ ਉਚਾ ਕੀਤਾ। ਆਪ ਸਿੱਖ ਤੇ ਸੂਫ਼ੀ ਕਵੀਆਂ ਦੀ ਰੂ ਰੁਚੀ( ਤੀ) ਨੂੰ ਉਜਾਗਰ ਕਰਨ ਵਾਲੇ ਆਧੁਨਿਕ ਸਭਿਅਤਾ ਦੀਆਂ ਵਿਸ਼ੇਸ਼ਤਾਵਾਂ ਨੂੰ ਅਪਣਾਉਣ ਵਾਲੇ ਸੰਤ ਹਨ - - - - ਆਪਣੀ ਨਿੱਕੀ ਕਵਿਤਾ ਵਿਚ ਉਨ੍ਹਾਂ ਖਿੜ ਰਹੇ, ਡੋਲ ਰਹੇ, ਪ੍ਰਕਿਰਤੀ ਥਿੜਕ ਗਏ ਲੋਕਾਂ ਨੂੰ ਸੰਦੇਸ਼ ਦਿੱਤਾ, 'ਡੋਲੋ ਨਹੀਂ, ਇਕ ਰਸ ਰਹੋ। ਕਾਰਜ ਤੋਂ ਕਾਰਣ ਵਲ ਧਾਈ ਕਰੋ, ਡਿੱਠ ਤੋਂ ਅਣਡਿੱਠ ਤੀਕ ਪੁਜਣ ਲਈ ਸੁੰਦਰਤਾ ਨੂੰ, ਬਿਰਹਾ ਨੂੰ, ਸ਼ੌਕ ਨੂੰ, ਕਲਾ ਨੂੰ ਆਪਣਾ ਆਗੂ ਬਣਾਓ'।"[156] ਭਾਈ ਸਾਹਿਬ ਦੀ ਦ੍ਰਿਸ਼ਟੀ ਇਤਨੀ ਵਿਸ਼ਾਲ ਸੀ ਕਿ ਉਨ੍ਹਾਂ ਨੇ ਅਧਿਆਤਮਿਕ ਤੇ ਰਹੱਸਵਾਦੀ ਰਮਜ਼ਾਂ, ਭਗਤੀ ਰਸ ਵਿਚ ਰੰਗੀ ਪ੍ਰੇਮ ਤੇ ਸੁੰਦਰਤਾ ਦੀ ਵਾਰਤਾ, ਪ੍ਰੇਮ ਤੋਂ ਉਪਜੇ ਸਰੂਰ ਤੇ ਮਸਤੀ, ਸਦਾਚਾਰਕ ਸਚਾਈਆਂ, ਜੀਵਨ ਦੀਆਂ ਤਲਖੀਆਂ ਪ੍ਰੇਮ ਦੇ ਰਾਗ, ਸਮਾਜਿਕ ਤੇ

---

| | | | | | | |
|---|---|---|---|---|---|---|
| 144. | ਖਾਲਸਾ ਸਮਾਚਾਰ | 9-1-1958 | ਜਿਲਦ | 59 | ਅੰਕ ਨੰ: | 9 |
| 145. | ਉਹੀ | 20-3-1958 | " | 59 | " | 19 |
| 146. | ਉਹੀ | 19-3-1959 | " | 60 | " | 17 |
| 147. | ਉਹੀ | 16-3-1961 | " | 62 | " | 16 |
| 148. | ਉਹੀ | 18-5-1961 | " | 62 | " | 17 |
| 149. | ਉਹੀ | 22-2-1962 | " | 63 | " | 13 |
| 150. | ਉਹੀ | 15-11-1962 | " | 64 | " | 2 |

( ਚਲਦਾ)

ਭਾਈਚਾਰਕ ਰਿਸ਼ਤੇ ਸਭ ਕੁਝ ਨੂੰ ਇਨ੍ਹਾਂ ਵਿਚ ਪ੍ਰਗਟਾਇਆ ਹੈ।

ਇਨ੍ਹਾਂ ਰਾਹੀਂ ਭਾਈ ਸਾਹਿਬ ਆਪਣੇ ਸੁਫ਼ਨੇ, ਆਪਣਾ ਅਨੁਭਵ, ਆਪਣੀ ਕਲਾ ਤੇ ਆਪਣੇ ਵਿਅਕਤਿਤਵ ਨੂੰ ਅਜੇਹੇ ਢੰਗ ਨਾਲ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਦੀ ਸ਼ਖ਼ਸੀਅਤ ਸਾਰੇ ਕਾਵਿ ਤੇ ਛਾਈ ਰਹਿੰਦੀ ਹੈ। ਇਸ ਦੇ ਕਾਰਨ ਹੀ ਉਨ੍ਹਾਂ ਨੂੰ ਹਰ ਕਵਿਤਾ ਦੇ ਅੰਤ ਵਿਚ ਪਹਿਲੀ ਪਰੰਪਰਾ ਦੀ ਕਵਿਤਾ ਵਾਂਗੂ ਆਪਣਾ ਨਾਂ ਦੇਣ ਦੀ ਲੋੜ ਨਹੀਂ ਰਹਿੰਦੀ ਅਤੇ ਪੰਜਾਬੀ ਕਵਿਤਾ ਅੰਤਿਮ ਪੰਕਤੀ ਵਿਚ ਕਵੀ ਦਾ ਨਾਂ ਦੇਣ ਦੀ ਪਰੰਪਰਾ ਤੋਂ ਵਿਮੁਕਤ ਹੋ ਜਾਂਦੀ ਹੈ।

ਭਾਈ ਸਾਹਿਬ ਦੀਆਂ ਛੋਟੀਆਂ ਕਵਿਤਾਵਾਂ ਨਾਲ ਹੀ ਪੰਜਾਬੀ ਕਵਿਤਾ ਵਿਚ ਨਵੇਂ ਸਿਰੇ ਤੋਂ ਰੰਗੀਨਤਾ ਦਾ ਮੁੱਢ ਪ੍ਰਵੇਸ਼ ਕਰਦਾ ਹੈ ਅਤੇ ਪੰਜਾਬੀ ਕਵਿਤਾ ਪਿੜਾਂ ਤੇ ਦਾਇਰਿਆਂ ਵਿਚੋਂ ਨਿਕਲ ਕੇ ਇਕਾਂਤ ਦੇ ਸਾਥ ਵਿਚ ਰਹਿਣ ਵਾਲੇ ਵਿਚਾਰਵਾਨ ਪਾਠਕਾਂ ਦੇ ਮਹੌਲ ਵਿਚ ਵਿਚਰਨਾ ਸ਼ੁਰੂ ਕਰਦੀ ਹੈ। ਇਨ੍ਹਾਂ ਵਿਚ ਸ਼ਾਬਦਿਕ ਰਾਗ ਦੀ ਥਾਂ ਵਿਚਾਰਾਂ ਜਾਂ ਭਾਵਾਂ ਦੇ ਅੰਦਰਲੇ ਰਾਗ ਦੀ ਅਭਿਵਿਅੰਜਨਾ, ਖੁਲ੍ਹੀ ਡੁਲ੍ਹੀ ਸਪਸ਼ਟ ਸ਼ੈਲੀ ਦੀ ਥਾਂ ਰਮਜ਼ਾਂ ਭਰੀ, ਚਿੰਨ੍ਹਾਤਮਿਕ, ਸੰਕੋਚਵੀਂ, ਸੁਝਾਊ ਸ਼ੈਲੀ ਦੀ ਵਰਤੋਂ ਸ਼ੁਰੂ ਹੁੰਦੀ ਹੈ। ਸਮੂਹਕ ਭਾਵਾਂ ਦੀ ਥਾਂ ਵਿਅਕਤੀਗਤ ਭਾਵਾਂ ਦੀ ਤੜਪਨੀ ਦਾ ਪ੍ਰਗਟਾਵਾ ਇਨ੍ਹਾਂ ਕਵਿਤਾਵਾਂ ਦਾ ਮੁੱਖ ਚਿੰਨ੍ਹ ਹੋ ਜਾਂਦਾ ਹੈ। ਇਨ੍ਹਾਂ ਕਵਿਤਾਵਾਂ ਦੀ ਰਚਨਾ ਨਾਲ ਭਾਈ ਸਾਹਿਬ ਪੰਜਾਬੀ ਕਵਿਤਾ ਨੂੰ ਕੁਮੀਟ ਪ੍ਰਭਾਵਾਂ ਤੋਂ ਉਤੇ ਚੁੱਕ ਕੇ ਸੁਹਰੀ ਸ੍ਰਿਸ਼ਟਾਚਾਰਕ ਸ਼ੈਲੀ ਬਖਸ਼ਦੇ ਹਨ। ਇਨ੍ਹਾਂ ਵਿਚ ਉਹ ਆਪਣੇ ਵਿਚਾਰਾਂ ਨੂੰ ਚਿੱਤ੍ਰਮਈ ਰੂਪ ਵਿਚ ਉਲੀਕਦੇ ਹਨ, ਜਿਸ ਕਰਕੇ ਇਹ ਵਰਣਨਾਤਮਿਕ ਹੋਣ ਦੀ ਥਾਂ ਵਧੇਰੇ ਭਾਵ-ਵਿਅੰਜਕ ਬਣ ਜਾਂਦੀਆਂ ਹਨ।

ਭਾਈ ਸਾਹਿਬ ਨੇ ਆਪਣੀਆਂ ਛੋਟੀਆਂ ਕਵਿਤਾਵਾਂ ਦੇ ਖੇਤਰ ਵਿਚ ਵੱਖ ਵੱਖ ਬਹਿਰਾਂ ਅਤੇ ਵਜ਼ਨਾਂ ਦੇ ਪ੍ਰਯੋਗ ਕੀਤੇ ਹਨ। ਕਵਿਤਾ ਦੀ ਛੰਦਕ ਚਾਲ ਵਿਚ ਦਵੱਯਾ ਦੇ ਆਧਾਰ ਤੇ ਫ਼ਾਰਸੀ ਰੁਬਾਈ ਦੇ ਰੂਪਾਂਤਰ ਤੁਰਿਆਈ ਛੰਦ ਦੀ ਕਾਢ ਨਾਲ ਭਾਈ ਸਾਹਿਬ ਨੇ ਪੰਜਾਬੀ ਛੋਟੀ ਕਵਿਤਾ ਦੇ ਖੇਤਰ ਵਿਚ ਇਕ ਨਵਾਂ ਰੂਪ ਤੋਰ ਕੇ ਇਸ ਨੂੰ ਮੁੱਢ ਤੋਂ ਹੀ ਸਿਖਰ ਤੇ ਪਹੁੰਚਾ ਦਿੱਤਾ ਹੈ। ਛੋਟੀਆਂ ਕਵਿਤਾਵਾਂ ਵਿਚ ਹੀ ਉਨ੍ਹਾਂ ਨੇ ਗ਼ਜ਼ਲਾਂ ਦੇ ਪ੍ਰਯੋਗ ਵੀ ਕੀਤੇ ਹਨ। ਉਨ੍ਹਾਂ ਨੇ ਇਨ੍ਹਾਂ ਕਵਿਤਾਵਾਂ ਵਿਚ ਪੁਰਾਣੇ ਛੰਦਾਂ: ਕਬਿੱਤ, ਦਵੱਯਾ, ਸਿਰਖੰਡੀ, ਬੈਂਤ, ਦੋਹਿਰਾ, ਸੋਰਠਾ, ਆਦਿਕ ਦੀ ਵਰਤੋਂ ਵੀ ਕੀਤੀ ਹੈ। 'ਮੇਰੇ ਸਾਂਈਆਂ ਜੀਓ' ਵਿਚ ਉਨ੍ਹਾਂ ਨੇ ਖੁਲ੍ਹੀਆਂ ਕਵਿਤਾਵਾਂ ਦੀ ਸ੍ਰਿਸ਼ਟੀ ਵੀ ਸਫਲਤਾ ਸਹਿਤ ਕੀਤੀ ਹੈ।

---

| | | | | |
|---|---|---|---|---|
| 151. ਖਾਲਸਾ ਸਮਾਚਾਰ | 28-11-1957 | ਜਿਲਦ 59 | ਅੰਕ ਨੰ: | 4 |
| 152. ਉਹੀ | 24-7-1959 | ਜਿਲਦ 60 | " | 37 |
| 153. ਉਹੀ | 8-1-1958 | " 59 | " | 9 |
| 154 ਉਹੀ | 10-12-1964 | " 65 | " | 5 |

155. ਪੰਜਾਬੀ ਸਾਹਿਤ ਦਾ ਇਤਿਹਾਸ, ਆਧੁਨਿਕ ਕਾਲ, ਜਿਲਦ ਤੀਜੀ, ਕਾਂਡ 3, ਭਾਸ਼ਾ ਵਿਭਾਗ, ਪੰ: 43

156. ਡਾ. ਮੋਹਨ ਸਿੰਘ ਦੀਵਾਨਾ, ਆਧੁਨਿਕ ਪੰਜਾਬੀ ਕਵਿਤਾ, ਪੰਨਾ- 183- 184

ਭਾਈ ਸਾਹਿਬ ਨੇ ਆਪਣੀਆਂ ਛੋਟੀਆਂ ਕਵਿਤਾਵਾਂ ਵਿਚ ਬਿੰਬ ਵਿਧਾਨ ਦੇ ਖੇਤਰ ਵਿਚ ਵੀ ਕਾਫ਼ੀ ਮੌਲਿਕਤਾ ਦੱਸੀ ਹੈ। ਪਹਿਲੀ ਪਰੰਪਰਾ ਵਾਂਗੂੰ ਕੇਵਲ ਪੇਂਡੂ ਜੀਵਨ ਤੋਂ ਬਿੰਬ ਚੁਣਨ ਦੀ ਥਾਂ ਸਾਹਿਤਿਕ ਤੇ ਮੁਕ੍ਰਿਆਨਕ ਵਿਦਵਤਾ ਤੋਂ ਕਾਫ਼ੀ ਪ੍ਰਭਾਵ ਕਬੂਲਿਆ ਹੈ। ਇਨ੍ਹਾਂ ਵਿਚ ਉਨ੍ਹਾਂ ਨੇ ਜਿੱਥੇ ਠੇਠ ਪੰਜਾਬੀ ਦੀ ਵਰਤੋਂ ਰਾਹੀਂ ਇਸ ਨੂੰ ਕੋਮਲ ਰੂਪ ਵਿਚ ਵਿਕਸਾਇਆ ਹੈ, ਉਥੇ ਨਾਲ ਹੀ ਨਿੱਕੀ ਕਵਿਤਾ ਨੂੰ ਸੁਤੰਤਰ ਕਲਾ ਜਾਣ ਕੇ ਇਸ ਦੀ ਸਾਧਨਾ ਵੀ ਕੀਤੀ ਹੈ। ਉਨ੍ਹਾਂ ਨੇ ਕਲਾਕਾਰ ਵਾਂਗੂੰ ਨਿੱਕੀਆਂ ਕਵਿਤਾਵਾਂ ਵਿਚ ਸ਼ਬਦਾਂ ਨੂੰ ਇਕ ਤਰਾਸ਼ ਕੇ ਵਰਤਣ ਦੀ ਲੀਹ ਨੂੰ ਸ਼ੁਰੂ ਕੀਤਾ ਹੈ।

ਭਾਈ ਸਾਹਿਬ ਦੀਆਂ ਛੋਟੀਆਂ ਕਵਿਤਾਵਾਂ ਵਿਚੋਂ ਰਹੱਸਵਾਦੀ, ਪ੍ਰੇਮ ਤੇ ਪ੍ਰਕ੍ਰਿਤੀ ਵਿਸ਼ਿਅਕ ਕਵਿਤਾਵਾਂ ਕਲਾਤਮਿਕ ਤੌਰ ਤੇ ਬਹੁਤ ਹੀ ਸਫ਼ਲ ਹਨ ਕਿਉਂਕਿ ਇਨ੍ਹਾਂ ਵਿਚ ਨਿੱਜੀ ਸਰੋਦੀ ਰੰਗ ਦੀ ਪੇਸ਼ਕਾਰੀ ਭਰਪੂਰ ਰੂਪ ਵਿਚ ਹੋਈ ਹੈ। ਉਨ੍ਹਾਂ ਦੀਆਂ ਉਪਦੇਸ਼ਾਤਮਿਕ ਤੇ ਨੀਤੀਪਰਕ, ਸਾਮਿਅਕ ਤੇ ਫੁਟਕਲ ਪਦ-ਰਚਨਾ ਸਾਧਾਰਣ ਪੱਧਰ ਦੀ ਹੈ ਕਿਉਂਕਿ ਇਥੇ ਬਿਆਨ ਸਾਧਾਰਣ ਹੀ ਹੈ।

ਬਾਕੀ ਇਹ ਸਵੀਕਾਰ ਕਰਨਾ ਪੈਂਦਾ ਹੈ ਕਿ ਭਾਈ ਸਾਹਿਬ ਦੀ ਸ਼ੁਰੂ ਕੀਤੀ ਛੋਟੀ ਕਵਿਤਾ ਦੀ ਪਰੰਪਰਾ ਪੰਜਾਬੀ ਵਿਚ ਇਤਨੀ ਮਕਬੂਲ ਹੁੰਦੀ ਹੈ ਕਿ ਆਧੁਨਿਕ ਪੰਜਾਬੀ ਕਵਿਤਾ ਵਿਚ ਇਹ ਸਭ ਤੋਂ ਵਧੇਰੇ ਉਪਯੋਗੀ ਤੇ ਹਰਮਨ-ਪਿਆਰੀ ਹੋ ਜਾਂਦੀ ਹੈ। ਆਧੁਨਿਕ ਪੰਜਾਬੀ ਕਵਿਤਾ ਦਾ ਬਹੁਤਾ ਭਾਗ ਇਸੇ ਕਾਵਿ ਰੂਪ ਵਿਚ ਲਿਖਿਆ ਪ੍ਰਾਪਤ ਹੁੰਦਾ ਹੈ।

ਭਾਈ ਸਾਹਿਬ ਦੀਆਂ ਛੋਟੀਆਂ ਕਵਿਤਾਵਾਂ ਦਾ ਪ੍ਰਭਾਵ ਆਧੁਨਿਕ ਵਾਲੇ ਸਭ ਕਵੀਆਂ ਉਤੇ ਕਿਸੇ ਨਾ ਕਿਸੇ ਰੂਪ xxx ਵਿਚ ਪਇਆ ਹੈ। ਅਧਿਆਤਮਵਾਦੀ ਤੇ ਰਹੱਸਵਾਦੀ ਪ੍ਰਭਾਵ ਹੇਠ ਭਾਈ ਸਾਹਿਬ ਨੇ ਨਿਜੀ ਸਰੋਦੀ ਪੇਸ਼ਕਾਰੀ ਦੇ ਹਿਤ ਆਪਣੀਆਂ ਕਵਿਤਾਵਾਂ ਵਿਚ ਜੋ ਪ੍ਰੀਤਮ ਵਲ ਬਿਰਹੋਂ ਦੀਆਂ ਪੁਕਾਰਾਂ, ਅਰਦਾਸਾਂ, ਬਿਰਹੋਂ ਵਿਚ ਟੋਟ, ਮਿਲਾਪ ਦੇ ਰਸ, ਅਸਲੇ ਦੀ ਛੂਹ ਦੇ ਝਲਕਾਰਿਆਂ ਨੂੰ ਉਲੀਕਿਆ ਸੀ, ਅਜੇਹੇ ਵਸਤੂ ਦਾ ਰੰਗ ਪ੍ਰੋ. ਪੂਰਨ ਸਿੰਘ[157] (ਖੁਲ੍ਹੇ ਮੈਦਾਨ- ਭਾਗ 4, ਖੁਲ੍ਹੇ ਘੁੰਡ, ਬਾਰ ਦੇ ਰੰਗ), ਧਨੀ ਰਾਮ ਚਾਤ੍ਰਿਕ[158] (ਚੰਦਨ ਵਾੜੀ- ਦੂਜਾ ਭਾਗ ਧਾਰਮਿਕ ਭਾਵ ਵਾਲੀਆਂ ਕਵਿਤਾਵਾਂ, 'ਤੇਰੇ ਹੁਕਮ', 'ਅਰਸ਼ੀ ਕਿਣਕਾ', 'ਲਾ ਮਕਾਨ', 'ਤੇਰੀ ਯਾਦ', 'ਮਿਲਾਪ ਦਾ ਪਲ'(ਨਵਾਂ ਜਹਾਨ)ਆਦਿਕ), ਡਾ. ਮੋਹਨ ਸਿੰਘ ਦੀਵਾਨਾ[159] ('ਮਸਤੀ', 'ਧੁਪ ਛਾਂ'), ਅੰਮ੍ਰਿਤਾ ਪ੍ਰੀਤਮ[160] ('ਅੰਮ੍ਰਿਤ ਲਹਿਰਾਂ', 'ਜਿਊਂਦਾ ਜੀਵਨ', 'ਤ੍ਰੇਲ ਧੋਤੇ ਫੁੱਲ', 'ਓ ਗੀਤਾਂ ਵਾਲਿਆ') ਡਾ. ਗੋਪਾਲ ਸਿੰਘ[161] ('ਅਨਹਦ ਨਾਦ', 'ਫ਼ਨਾ', 'ਹਨੇਰੇ ਸਵੇਰੇ'), ਜਗਜੀਤ ਸਿੰਘ ਕੁਲੇਰੀਆ[162] ('ਛਰਨਾਟਾ', 'ਸੌਮੀਆਂ'), ਬਲਜੀਤ

---

157. ਮੇਰੇ ਪਾਸੋਂ ਇਹ ਦਿਲ ਰੁਕਣਾ, ਥੰਮ੍ਹਣਾ ਹੁਣ ਅਨੀਤ ਹੈ,
ਪਾਗਲਾਂ ਨੂੰ ਕਦ ਤਕ ਜ਼ੰਜੀਰਾਂ ?
ਹਾਏ ਕੋਈ ਛੁਟਿਆ ਗੁਲਾਬ ਦਾ ਫੁੱਲ
ਵਾਂਗ ਮੇਰੇ ਦਿਲ ਦੀ ਮਖੋਰੀ ਖਿਚਦਾ। (ਪੂਰਨ ਸਿੰਘ- ਮੇਰਾ ਵਿਲਾ- ਬਾਰ ਦੇ ਰੰਗ)

158. ਸਈਓ ਨੀ! ਮੈਂ ਕੀ ਦੁੱਖ ਦੱਸਾਂ, ਕਿਉਂ ਨਿਤ ਦਿਆਂ ਦੁਹਾਈਆਂ,
ਪੁਰਜ਼ਾ ਪੁਰਜ਼ਾ ਹੋਵੇ ਜਿੰਦੜੀ, ਨੈਣਾਂ ਝੜੀਆਂ ਲਾਈਆਂ ।
ਜਿਸ ਮੈਂ ਖੇਡ੍ਹੀ ਆਈ ਹੁੰਦੀ, ਜਿਸ ਰੂਹ ਤੁਰਦੀ ਪੇਕੇ,
ਸਹੁਰੇ ਪੈ ਗਏ ਪੇਚ ਕੁਵੱਲੇ ਕੀਤੀ ਕੈਦ ਕਸਾਈਆਂ। (ਧਨੀ ਰਾਮ ਚਾਤ੍ਰਿਕ, ਚੰਦਨਵਾੜੀ, ਪੰ:19)

ਕੌਰ ਤੁਲਸੀ [163] ('ਨੀਲਾਂਬਰ,' 'ਨੀਲ ਕੰਠ', 'ਨੀਲ ਕਮਲ', ਪਾਰਸ ਟੋਟੇ'), ਬੀਬੀ ਹਰਨਾਮ ਕੌਰ ਤੇ ਅਮਰ ਕੌਰ [164] ('ਅਰਸ਼ੀ ਕਲੀਆਂ') ਆਦਿਕ ਦੇ ਕਾਵਿ ਵਿਚ ਕਾਫ਼ੀ ਮਿਲਦਾ ਹੈ। ਭਾਈ ਸਾਹਿਬ ਦੇ ਨੀਤੀ ਉਪਦੇਸ਼ ਤੇ ਸੁਧਾਰਵਾਦੀ ਰੰਗ ਦਾ ਪ੍ਰਭਾਵ ਧਨੀ ਰਾਮ ਚਾਤ੍ਰਿਕ [165], (ਚੰਦਨਵਾੜੀ- ਭਾਗ 4 ਅਤੇ 5), ਲਾਲਾ ਕਿਰਪਾ ਸਾਗਰ [166] ('ਮਨ ਤਰੰਗ'), ਗੁਰਮੁਖ ਸਿੰਘ ਮੁਸਾਫ਼ਿਰ [167] ('ਸਬਰ ਦੇ ਬਾਣ', 'ਜੀਵਨ ਪੰਧ', 'ਪ੍ਰੇਮ ਬਾਣ').

---

159. ਜਿਥੇ ਕਿਥੇ ਤੀਕਰ ਪੁਜੇ ਉਸ ਤੋਂ ਪਾਰ ਪਰੇਰੇ ਓਹ
ਉਹ ਤੈਨੂੰ ਛੋਹੇ! ਤਾਂ ਛੋਹੇ ਤੂੰ ਨਹੀਂ ਸਕਦਾ ਉਸ ਨੂੰ ਛੋਹ
ਮੁੱਲਾਂ, ਬਦਲਿਆਂ, ਅੰਦਰ ਰੁਕ੍ਰਕੇ ਤੇਰਾ ਵਧਦਾ ਘਟਦਾ ਮੋਹ
ਬਾਝਾਂ ਆਖੇ ਚਲੇ ਜਾਵੇ, ਮਸਤ ਨ ਕਰਦੇ ਆਪ ਧਰੋਹ।
(ਡਾ. ਮੋਹਨ ਸਿੰਘ, ਮਸਤੀ, ਪੰਨਾ 6)

160. ਤੈਥੋਂ ਵਿਛੜੀ ਸਾਜਨ ਵੇ ! ਮੈਂ, ਫਿਰਦੀ ਦੁੱਖ ਉਠਾਂਦੀ
ਭਵ ਸਾਗਰ ਦੀਆਂ ਲਹਿਰਾਂ ਅੰਦਰ, ਮੁੜ ਮੁੜ ਗੋਤੇ ਖਾਂਦੀ।
ਚੌਰਾਸੀ ਦੇ ਅੰਦਰ ਮੈਂ ਤਾਂ ਧਕੀ ਚਕਰ ਲਾਂਦੀ
ਹੁਣ ਤੇ ਵਿਛੜੀ ਮੇਲ ਵੇ ਸਾਜਨ, ਅੰਮ੍ਰਿਤ ਤਰਲੇ ਪਾਂਦੀ। (ਅੰਮ੍ਰਿਤਾ ਪ੍ਰੀਤਮ-ਅੰਮ੍ਰਿਤ ਲਹਰਾਂ)

161. ਜਾਂ ਤੂੰ ਦਿਸਨਾਂ ਏਂ, ਬਹੁਤ ਪਿਛੇਰੇ,

ਜਾਂ ਤੂੰ ਦਿਸਨਾਂ ਏਂ, ਬਹੁਤ ਅਗੇਰੇ,
ਮਾਰ ਮਾਰ ਕੇ ਮੰਜ਼ਲਾਂ ਲੰਮੀਆਂ,
ਨਾ ਦਿਸਿਆ ਤੇਰਾ ਮੂੰਹ ਵੇ ਮਾਹੀਆ। (ਡਾ. ਗੋਪਾਲ ਸਿੰਘ, ਟੋਲ, ਛਨਾਂ)

162. ਜਿਸ ਝਰਨਾਹਟ ਜੀਵਨ ਦਿੱਤਾ, ਉਸ ਦੀ ਸਮਝ ਨ ਆਵੇ
ਦੁਖ ਸੁਖ, ਪੀੜਾ, ਸੁਆਦ ਸਭੋ ਕੁਛ ਇਸ ਵਿਚ ਕਰਨ ਠਿਕਾਣਾ।

(ਜਗਜੀਤ ਸਿੰਘ ਕੁਲੇਹੀਆ, 'ਝਰਨਾਹਟ'- 'ਝਰਨਾਟਾਂ')

163. ਸੂਹੇ ਸੂਹੇ ਮੇਰੇ ਫੁੱਲ ਵੇ, ਅੜਿਆ, ਸੂਹਾ ਸੂਹਾ ਮੇਰਾ ਚਾਅ,
ਵੇ ਸਜਨਾਂ !
ਸੂਹੀ ਸੂਹੀ ਮੇਰੀ ਸੱਧਰਾਂ ਵਾਲੀ, ਸੂਹੀ ਸੂਹੀ ਵੇਲ ਫਲਾਅ
ਮਿੱਠੇ ਮਿੱਠੇ ਮੇਰੇ ਸੁਪਨੇ, ਵੇ ਅੜਿਆ, ਮਿੱਠੀ ਮਿੱਠੀ ਆਸ਼ਾਅ
ਵੇ ਸਜਨਾਂ
ਮਿੱਠੀ ਮਿੱਠੀ ਇਸ ਰੈਨ ਦੀ ਰਾਤ ਨੂੰ, ਮਿੱਠੀ ਮਿੱਠੀ ਪ੍ਰਭਾਤ ਲਿਆ !
(ਬਲਜੀਤ ਤੁਲਸੀ, ' ਵੇ ਅੜਿਆ, 'ਨੀਲ ਕੰਠ)

164. ਉਹ ਅਣਡਿੱਠੀ, ਉਹ ਖ਼ਿਆਲਾਂ ਦੀ ਜਿਸ ਵਿਚ ਮਨ ਲੋਚੇ ਵੱਸਣ ਨੂੰ,
ਹੁਣ ਉਹ ਸੂਖਮ ਥਾਂ ਪੁਜ ਗਏ, ਜੋ ਸਿੱਕ ਸਿੱਕ ਅਸਾਂ ਲਭਾਂਦੀ ਹੈ।
ਵਾਹ ਵਾਹ ਇਹ ਪੀਂਘਾਂ ਨੀਂਦਾਂ ਦੀਆਂ, ਵਾਹ ਵਾਹ ਝੂਟੇ ਅਰਸ਼ਾਂ ਦੇ
ਵਾਹ ਵਾਹ ਇਹ ਧਰਤੀ ਸੁਪਨੇ ਦੀ ਜਿਸ ਦਿਲ ਦੀ ਆਸ ਪੁਜਾਂਦੀ ਹੈ।
(ਹਰਨਾਮ ਕੌਰ ਤੇ ਅਮਰ ਕੌਰ-'ਸਵੁਪਨ ਧਰਤੀ', 'ਅਰਸ਼ੀ ਕਲੀਆਂ')

(ਚਲਦਾ)

ਪ੍ਰੋ. ਮੋਹਨ ਸਿੰਘ[168] (ਅਣਛਪੀਆਂ ਰੁਬਾਈਆਂ), ਹਰਿੰਦਰ ਸਿੰਘ ਰੂਪ[169] ('ਡੂੰਘੇ ਵਹਿਣ', 'ਮਨੁੱਖ ਦੀ ਵਾਰ') ਆਦਿਕ ਨੇ ਭਾਰੀ ਅਪਣਾਇਆ ਹੈ।

ਇਸ ਤੋਂ ਛੁੱਟ ਭਾਈ ਸਾਹਿਬ ਦੀਆਂ ਛੋਟੀਆਂ ਕਵਿਤਾਵਾਂ ਵਿਚ ਵਿਅਕਤੀਗਤ ਆਂਤਰਿਕ ਪ੍ਰਗਟਾਵੇ ਲਈ ਨਿਜੀ ਸਰੋਦੀ ਰੰਗ ਦੀ ਪੇਸ਼ਕਾਰੀ, ਰਮਜ਼ਾਂ-ਭਰੀ ਸੁਝਾਊ, ਸੰਕੇਤਕ ਤੇ ਚਿੱਤ੍ਰਮਈ ਸ਼ੈਲੀ, ਮੌਲਿਕ ਬਿੰਬ ਸੰਚਾਰ ਅਲੰਕਾਰ ਦੀ ਸੁਯੋਗ ਵਰਤੋਂ ਅਤੇ ਠੇਠ ਪੰਜਾਬੀ ਦੇ ਲਫ਼ਜ਼ੇ ਨੂੰ ਅਪਣਾਉਣ ਦੇ ਕੁਝ ਐਸੇ ਗੁਣ ਹਨ, ਜਿਨ੍ਹਾਂ ਨੂੰ ਸਭ ਆਧੁਨਿਕ ਪੰਜਾਬੀ ਕਵੀਆਂ ਨੇ ਕਿਸੇ ਨਾ ਕਿਸੇ ਰੂਪ ਵਿਚ ਅਪਣਾਇਆ ਹੈ। ਆਧੁਨਿਕ ਪੰਜਾਬੀ ਕਾਵਿ ਵਿਚ ਪ੍ਰਗਤੀਵਾਦੀ-ਰੋਮਾਂਸਿਕ, ਪ੍ਰਯੋਗਸ਼ੀਲ ਲਹਿਰ ਅਤੇ ਨਵੀਨ ਕਵਿਤਾ ਦੀ ਲਹਿਰ ਦੇ ਪ੍ਰਭਾਵ ਹੇਠ ਕਾਵਿ ਵਸਤੂ ਦੇ ਖੇਤਰ ਵਿਚ ਤਬਦੀਲੀਆਂ ਵਾਪਰਦੀਆਂ ਰਹੀਆਂ ਹਨ, ਪਰ ਭਾਈ ਸਾਹਿਬ ਨੇ ਛੋਟੀਆਂ ਕਵਿਤਾਵਾਂ ਦੇ ਰੂਪਕ ਪੱਖ ਸੰਬੰਧੀ ਜੋ ਨਿੱਗਰ ਲੀਹਾਂ ਪਾਈਆਂ ਸਨ, ਉਹ ਕਿਸੇ ਨ ਕਿਸੇ ਰੂਪ ਵਿਚ ਹੁਣ ਤਕ ਚਲੀਆਂ ਆ ਰਹੀਆਂ ਹਨ

---

165. ਜੀਆ! ਉੱਤਰ ਹੰਕਾਰ ਦੇ ਕਿੰਗਰੇ ਤੋਂ
ਨਦੀਆਂ ਵੇਖ, ਨੀਵਾਣ ਵਲ ਵਹਿੰਦੀਆਂ ਨੂੰ
ਮਾਣ ਮੱਤੀਆਂ ਛੁੱਟੜਾਂ ਬਹਿੰਦੀਆਂ ਨੂੰ
ਟਹਿਲਾਂ ਵਾਲੀਆਂ ਮਹਿਲਾਂ ਵਿਚ ਰਹਿੰਦੀਆਂ ਨੂੰ।
(ਚਾਤ੍ਰਿਕ, ਨਿੰਮ੍ਰਤਾ- ਚੰਦਨਵਾੜੀ, ਪੰਨਾ 104)

166. ਵਗਦੀ ਏ ਰਾਵੀ, ਮਾਹੀ ਵੇ ਵਿਚ ਪੈਣ ਉਬਾਲੇ, ਢੋਲਾ।
ਲੋਕਾਂ ਕਰ ਕਰ ਲਏ ਮਾਹੀ ਵੇ, ਹੁਣ ਉਲਟੇ ਚਾਲੇ, ਢੋਲਾ।
ਭਾਈਆਂ ਭਾਈਆਂ ਮਾਹੀ ਵੇ, ਵਿਚ ਪਿਆ ਦੋਫੇੜਾ, ਢੋਲਾ
ਵੈਰ ਨਾ ਘਰ ਘਰ ਮਾਹੀ ਵੇ, ਕੋਈ ਜਿਹਾ ਨ ਵਿਹੜਾ ਢੋਲਾ।
(ਕਿਰਪਾ ਸਾਗਰ, ਵਰਤਮਾਨ ਸਮਾਂ, ਮਨ-ਤਰੰਗ)

167. ਅਸਲ ਵਿਚ ਹੈ ਦੋਹਾਂ ਦਾ ਮੂਲ ਇਕੋ
ਹਉਮੈਂ ਮਾਰਿਆ ਕਰ ਆਪਾ ਵਾਰਿਆ ਕਰ
ਇਹ ਵਿਉਂਤ ਹੈ ਅੰਦਰੋਂ ਪਲਟਣੇ ਦੀ
ਆਪਣੇ ਆਪ ਝਾਤੀ ਮਾਰਿਆ ਕਰ।
(ਗੁਰਮੁਖ ਸਿੰਘ ਮੁਸਾਫ਼ਿਰ, 'ਆਪਣਾ ਮੂਲ ਪਛਾਣ', ਜੀਵਨ ਪੰਧ)

168. ਮਾਹਿਰ ਹੋਕਾਂ ਮਾਣ ਨ ਚੰਗਾ ਨਾ ਕਰ ਝੂਠੇ ਦਾਹਵੇ।
ਦਮ ਦਮੇ ਦਾ ਕੀ ਭਰਵਾਸਾ ਮੁੜ ਆਵੇ ਨਾ ਆਵੇ।
ਬਕਰੀ ਜਿਹੜੀ ਮੈਂ ਮੈਂ ਕਰਦੀ ਹੱਥ ਕਸਾਈਆਂ ਚੜ੍ਹਦੀ
ਮੈਂਨਾ ਜਿਹੜੀ ਮੈਂ ਨਾ ਕਰਦੀ ਸਭ ਦੇ ਮਨ ਨੂੰ ਭਾਵੇ
(ਪ੍ਰੋ. ਮੋਹਨ ਸਿੰਘ ਦੀ ਅਣਛਪੀ ਰੁਬਾਈ ਪ੍ਰਾਪਤ - ਪ੍ਰੋ. ਬਲਬੀਰ ਸਿੰਘ ਦਿਲ ਮੋਹਨ ਸਿੰਘ ਦੀ ਕਾਵਿ ਕਲਾ- ਪੰ:13)

169. 'ਪੂਜਾਂਗਾ ਨ ਸ਼ੈਸ ਉਹ ਜੋ ਮਾਣਸ ਖਾਣੀ।
ਜੀਵਨ-ਮੁਕਤੀ ਜਗਤ ਕੀ, ਚਾਹੇ ਹੈ ਪਾਣੀ।
ਪੁਰਜ਼ਾ ਪੁਰਜ਼ਾ ਕਰ ਦਿਉ ਜੋ ਵੰਡੀ-ਕਾਣੀ।
ਉਰੇ ਤੋਂ ਨੀਵਾਂ ਬਹੂੰ ਜਿਉਂ ਹੋਂਦ ਹਾਣੀ।
(ਹਰਿੰਦਰ ਸਿੰਘ ਰੂਪ, ਇਨਸਾਨੀ ਨਾਅਰਾ, ਮਨੁੱਖ ਦੀ ਵਾਰ)

## ਅਧਿਆਇ ਚੌਥਾ

## ਕਾਵਿ - ਕਲਾ

### (ੳ) ਅਭਿਵਿਅੰਜਨਾ ਕੌਸ਼ਲ -

ਅਭਿਵਿਅੰਜਨਾ ਸਾਹਿਤ ਦਾ ਮਹੱਤਵ- ਪੂਰਨ ਅੰਗ ਹੈ। ਉੱਤਮ ਤੋਂ ਉੱਤਮ ਅਨੁਭੂਤੀ ਵੀ ਅਭਿਵਿਅਕਤੀ ਤੋਂ ਬਿਨਾਂ ਗੂੰਗੀ ਹੈ। ਇਸੇ ਲਈ ਅਨੁਭੂਤੀ ਤੇ ਅਭਿਵਿਅਕਤੀ ਦਾ ਡੂੰਘਾ ਸੰਬੰਧ ਮੰਨਿਆ ਜਾਂਦਾ ਹੈ। ਇਕ ਦੇ ਅਭਾਵ ਵਿਚ ਦੂਸਰੇ ਦਾ ਅਸਤਿਤਵ ਸੰਭਵ ਨਹੀਂ। ਇਤਨਾ ਨਿਕਟ ਦਾ ਸੰਬੰਧ ਰੱਖਦਿਆਂ ਵੀ ਅਨੁਭੂਤੀ ਤੇ ਅਭਿਵਿਅਕਤੀ ਸਜਾਤੀ ਨਹੀਂ ਹਨ, ਇਨ੍ਹਾਂ ਵਿਚ ਆਤਮਾ ਤੇ ਸਰੀਰ ਦਾ ਸੰਬੰਧ ਹੈ। ਅਨੁਭੂਤੀ ਜੇ ਆਤਮਾ ਹੈ, ਅਭਿਵਿਅਕਤੀ ਨਿਸ਼ਚੈ ਹੀ ਸਰੀਰ ਹੈ। ਇਕ ਦੀ ਕਲਪਨਾ ਦੂਜੀ ਦੀ ਹੋਂਦ ਬਿਨਾ ਵਿਅਰਥ ਹੈ। ਉੱਤਮ ਅਭਿਵਿਅਕਤੀ ਦੇ ਮੂਲ ਵਿਚ ਅਨੁਭੂਤੀ ਦੀ ਰਮਣੀਯਤਾ ਦੇ ਨਾਲ ਨਾਲ ਕੁਝ ਨਾ ਕੁਝ ਕੌਸ਼ਲਤਾ ਅਵੱਸ਼ ਰਹਿੰਦੀ ਹੈ। ਕੁਸ਼ਲ ਕਵੀ ਅਭਿਵਿਅਕਤੀ ਦੀ ਉੱਤਮਤਾ ਅਤੇ ਪ੍ਰਭਾਵ ਸ਼ਕਤੀ ਦੀ ਸਿੱਧੀ ਲਈ ਅਨੇਕ ਸਾਧਨਾਂ ਦੀ ਵਰਤੋਂ ਕਰਦੇ ਹਨ। ਇੱਥੇ ਭਾਈ ਸਾਹਿਬ ਦੁਆਰਾ ਅਪਣਾਏ ਕਾਵਿ- ਸਾਧਨਾਂ: ਬਿੰਬਾਵਲੀ, ਦ੍ਰਿਸ਼-ਚਿੱਤ੍ਰਨ, ਵਰਣ ਯੋਜਨਾ, ਅਲੰਕਾਰ, ਮਾਨਵੀਕਰਨ ਆਦਿਕ ਦੀ ਵਿਵੇਚਨਾ ਪ੍ਰਸਤੁਤ ਹੈ।

**ਬਿੰਬਾਵਲੀ** (Imagery )

ਬਿੰਬ ਕਵੀ ਦੀ ਕਲਪਨਾ ਦੁਆਰਾ ਕਲਪਿਆ ਗਇਆ ਅਜੇਹਾ ਚਿੱਤ੍ਰ ਹੈ, ਜਿਸ ਰਾਹੀਂ ਕਵੀ ਆਪਣੀ ਮਨੋ- ਬ੍ਰਿਤੀ ਦੇ ਸਤਰ ਉਪਰ ਉਭਰਦੇ ਅਨੁਭਵ ਦੇ ਸਾਰੇ ਪੱਖਾਂ ਨੂੰ ਸੰਯੁਕਤ[1] ਕਰਕੇ ਪ੍ਰਕਾਸ਼ਮਾਨ ਕਰਦਾ ਹੈ। ਅਮੂਰਤ ਮਨੋਭਾਵਾਂ ਨੂੰ ਮੂਰਤੀਮਾਨ ਕਰਨਾ ਹੀ ਇਸ ਦਾ ਕਾਰਜ ਹੈ। ਬਿੰਬ ਕਿਸੇ ਵਸਤੂ ਦੀ ਕੇਵਲ ਨਕਲ ਮਾਤ੍ਰ ਹੀ ਨਹੀਂ ਹੁੰਦਾ, ਸਗੋਂ ਇਸ ਵਿਚ ਵਿਚਾਰ ਇਸ ਢੰਗ ਨਾਲ ਪਰੋਇਆ ਹੁੰਦਾ ਹੈ, ਜੇਹੜਾ ਉਸ ਚੀਜ਼ ਦੀ ਕਿਸੇ ਸਰੀਰਕ ਵਿਸ਼ੇਸ਼ਤਾ ਉਤੇ ਧਿਆਨ ਕੇਂਦ੍ਰਿਤ ਕਰਾ ਦਿੰਦਾ[2] ਹੈ। ਅਸਲ ਵਿਚ ਆਤਮ ਅਨਾਤਮ ਦੇ ਸੱਚ ਦੀ ਅਭਿਵਿਅੰਜਨਾ ਬਹੁ- ਵਿਖਮ ਹੈ। ਇਸ ਦੀ ਭਾਵੁਕ ਪ੍ਰਕ੍ਰਿਆ ਸਾਕਾਰ ਤੋਂ ਨਿਰਾਕਾਰ ਵਲ ਵਧਣ ਕਰਕੇ ਆਪਣੇ ਆਪ ਵਿਚ ਰਹੱਸਮਈ ਹੈ। ਕਵੀ ਨੂੰ ਜਦੋਂ ਕੁਝ ਐਸੇ ਪ੍ਰਕਾਰ ਦੀ ਇਕ ਵਚਿੱਤ੍ਰ ਰਹੱਸਮਈਅਤਾ ਫੁਰਦੀ ਹੈ, ਤਦ ਬਿੰਬ ਉਸ ਦੇ ਪ੍ਰਗਟਾਵੇ ਦਾ ਸਭ ਤੋਂ ਸੁਹਿਰਦ ਮਾਧਿਅਮ ਬਣਦਾ ਹੈ।

---

1. " The purpose of an image in poetry is to define the emotional experience by an intellectual parallel."
( Joan Bennet, Five Metaphysical Poets, P. 31 )
2. " Image must not be conceived as material copy of a thing but merely as the content of thought in which attention is central on sensory quality of some sort."
( J.E. Downey, Creative Imagination, P. 12 )

ਕਲਾਕਾਰ ਦਾ ਕਰਤਵ ਮਨੁੱਖ ਨੂੰ ਵਾਦਾਂ ਵਿਚ ਖਿੰਡਾਰਨ ਦੀ ਬਜਾਇ ਸਮੂਹਕ ਰੂਪ ਵਿਚ ਪ੍ਰੇਮ ਦੇ ਹੁਸਨ ਨੂੰ ਨਿਖਾਰਦਿਆਂ ਸੀਮਤ ਦੇਸ਼-ਕਾਲ ਤੋਂ ਪਾਰ ਅਨੰਤ ਸ੍ਰਿਸ਼ਟਾਰਥੀ ਅਨੁਭਵ ਨੂੰ ਜਗਾਉਣਾ ਹੁੰਦਾ ਹੈ। ਅਜੇਹੇ ਦਰਸ਼ਨ ਲਈ ਸਾਹਿਤਕਾਰ ਨੂੰ ਇਕ ਐਸੀ ਨੀਝ ਲੋੜੀਂਦੀ ਹੈ, ਜਿਸ ਰਾਹੀਂ ਪ੍ਰੇਮ ਦੇ ਅੰਦਰਲੇ ਹੁਸਨ ਦੇ ਅਕਸ ਨੂੰ ਉਤਾਰਿਆ ਜਾ ਸਕੇ। ਇਹ ਨੀਝ ਕੇਵਲ ਵਿਸ਼ਾਲ ਅਧਿਐਨ ਦੀ ਮੰਗ ਹੀ ਨਹੀਂ ਕਰਦੀ, ਸਗੋਂ ਇਸ ਨੂੰ ਸਾਹਿਤਕਾਰ ਨੇ ਆਪਣੇ ਆਪ ਵਿਚ ਰਚਾਉਣਾ ਹੁੰਦਾ ਹੈ, ਜਿੱਥੇ ਆ ਕੇ ਨਿੱਜ ਤੇ ਪਰ ਦਾ ਦਵੈਤ ਭਾਈਂ ਮਾਈਂ ਹੋ ਜਾਂਦਾ ਹੈ, ਰੂਪਭਾਵ ਤੇ ਤਰਕ ਦਾ ਭੇਦ ਅਭੇਦ ਹੋ ਜਾਂਦਾ ਹੈ ਤੇ ਸਾਰੀ ਗੱਲ ਭਾਵੁਕ ਪ੍ਰਵਾਹ ਵਿਚ ਵਹ ਤੁਰਦੀ ਹੈ। ਇਸ ਪ੍ਰਤੱਖਸ਼ੁਨਾ ਰਾਹੀਂ ਆਇਆ ਭਾਵੁਕ ਪ੍ਰਵਾਹ ਮਨੁੱਖ ਨੂੰ ਕੇਵਲ ਸੁਚੇਤ ਮਨ ਦੀ ਹੀ ਵਿਥਿਆ ਨਹੀਂ ਸੁਣਾਉਂਦਾ, ਸਗੋਂ ਅਚੇਤ ਮਨ ਦੇ ਅਨਿਕ ਪਸਾਰੀ ਰਹੱਸ ਨੂੰ ਵੀ ਖੋਲ੍ਹਦਾ ਹੈ। ਇੱਥੇ ਲੋੜ ਸ਼ਬਦ ਦੇ ਸਾਕਾਰ ਅਰਥਾਂ ਤੋਂ ਅੱਗੇ ਨਿਰਾਕਾਰ ਅਰਥਾਂ ਦੀ ਪੈਂਦੀ ਹੈ, ਜਿਸ ਨੂੰ ਸ਼ਬਦ ਦੀ ਲਾਖਣਿਕ ਸ਼ਕਤੀ ਕਹਿਆ ਜਾਂਦਾ ਹੈ। ਇਸ ਲੋੜ ਵੇਲੇ ਕਵੀ ਦੀ ਸਹਾਇਤਾ ਬਿੰਬ ਕਰਦਾ ਹੈ ਜੇਹੜਾ ਸਾਰੇ ਅੰਦਰਲੇ ਹੁਸਨ ਨੂੰ ਆਪਣੇ ਵਿਚੋਂ ਪਾਰਦਰਸ਼ਨ ਕਰਕੇ ਚਾਨਣ ਪਸਾਰਦਾ ਹੈ। ਭਾਈ ਸਹਿਬ ਨੇ ਕਲਾਕਾਰ ਦੇ ਇਸੇ ਉਦੇਸ਼ ਨੂੰ ਲੈ ਕੇ ਕਾਵਿ ਰਚਨਾ ਕਰਦਿਆਂ ਬਿੰਬਾਂ ਨੂੰ ਅਨੇਕ ਢੰਗਾਂ ਨਾਲ ਵਰਤਿਆ ਹੈ।

ਭਾਈ ਸਾਹਿਬ ਦੀ ਵਧੇਰੇ ਕਵਿਤਾ ਸਰੋਦੀ ਪੱਧਰ ਤੇ ਹੀ ਰਚੀ ਗਈ ਹੈ। ਸਰੋਦੀ ਕਵਿਤਾ ਵਿਚ ਬਿੰਬਾਂ ਦੀ ਮਹੱਤਤਾ ਹੋਰ ਬਹੁ-ਪੱਖੀ ਹੋ ਜਾਂਦੀ ਹੈ, ਕਿਉਂਕਿ ਇਸ ਨਿੱਕੀ ਰਚਨਾ ਵਿਚ ਭਾਵਾਂ ਤੇ ਯਥਾਰਥ ਦੇ ਸੰਵਾਦ ਦੀ ਸਦ-ਅਸਥਿਰ ਸਚਾਈ ਨੂੰ ਰੂਪ-ਬੱਧ ਕਰਨਾ ਹੁੰਦਾ ਹੈ। ਭਾਈ ਸਾਹਿਬ ਨੇ ਬਿੰਬਾਵਲੀ ਦੀ ਇਸ ਮਹੱਤਤਾ ਨੂੰ ਸਮਝ ਕੇ ਹੀ ਆਪਣੇ ਕਾਵਿ ਵਿਚ ਬਿੰਬਾਂ ਦੇ ਵਿਭਿੰਨ ਪ੍ਰਯੋਗ ਕੀਤੇ ਹਨ।

ਬਿੰਬ ਦਾ ਲੜੀਵਾਰ ਸੰਚਾਰ ਸਮੁੱਚਾ ਪ੍ਰਭਾਵ ਉਤਪੰਨ ਕਰਦਾ ਹੈ। ਭਾਈ ਸਾਹਿਬ ਦੇ ਕਾਵਿ ਵਿਚ ਵੀ ਬਿੰਬਾਂ ਦੀਆਂ ਲੜੀਆਂ ਵਿਸ਼ੇ ਦੀ ਵਿਆਖਿਆ ਦੇ ਨਾਲ ਮਾਨਸਿਕ ਅਵਸਥਾਵਾਂ ਦੇ ਬਦਲਦੇ ਰੂਪਾਂ ਦੀ ਭਾਵ-ਭੂਮਿਕਾ ਨੂੰ ਜ਼ਾਹਰ ਕਰਦੀਆਂ ਹਨ। ਇਹ ਬਿੰਬ ਉਨ੍ਹਾਂ ਦੇ ਵਿਅਕਤੀਗਤ ਭਾਵ ਨੂੰ ਸਮੂਹਕ ਬਣਾਉਣ ਵਿਚ ਸਹਾਈ ਹੁੰਦੇ ਹਨ:

1. [illegible] ਮੈਂ ਪੱਕਰ ਮੁਖ ਲੋਇ ਸੁੱਤਾ, ਵਿਚ ਸੁਪਨੇ ਕੋਈ ਸੁਣਾਵੇ
ਘਟ ਹੀਰਾ ਕਰ ਦੂਰ ਹਨੇਰਾ ਤੈਨੂੰ ਚਾਨਣ ਆ ਗਲ ਲਾਵੇ
ਆਪਾ ਪੀਹ ਅਰ ਤਪ ਸਹਿ, ਬਣ ਸ਼ੀਸ਼ਾ ਨੂਰ ਮੈਂ ਪਾਇਆ[3]
ਹੁਣ ਲੋਕਾਂ ਮੈਂ ਹੀਰ ਬਣਨਾ ਜੋ ਜ਼ਰਬ ਨ ਕੋਈ ਆਵੇ।

2. ਰਾਂਝਾ ਬੈਠਾ ਤਖ਼ਤ ਹਜ਼ਾਰੇ ਨਾਲ ਭਾਬੀਆਂ ਅੜਦਾ
ਕਾਸਾ ਅਜੇ ਚੱਕ ਹੈ ਚੜ੍ਹਿਆ, ਹੱਥ ਘੁਮਿਆਰ ਉਸ ਘੜਦਾ –
ਹੀਰ ਸੁਰਾਹੀ ਘਉਣ ਨਿਵਾਈ ਖਣੀ ਛਨਾਂ ਦੀ ਕੱਪੀ–
ਸ਼ਹੁ ਦਰਯਾ ਵਗੇ ਨਹੀਂ ਅਟਕੇ ਤੁਪਕਾ ਤੁਪਕਾ ਖਰਦਾ।[4]

(ਚਲਦਾ)

3. ਹੇ ਸਾਗਰ! ਥਲ ਵਾਲੇ ਸਾਗਰ ! ਲਹਿ ਲਹਿ ਕਰਦੇ ਸਾਗਰ !
ਪਲਮ ਰਹੀ ਪਿਪਲ- ਪਤ ਨੈਣੋਂ ਮਿਲਾਂ ਕਿਵੇਂ ? ਰਤਨਾਕਰ !
ਜੇ ਕੂਦਾਂ ਤਾਂ ਪਵਾਂ ਰੇਤ ਵਿਚ, ਉਡ ਪਹੁੰਚਣ ਦਾ ਤਾਣ ਨਹੀਂ
ਉਛਲ ਛੋਪ ਏ ਬੂੰਦ ਉਮਾਹੀ ਹੇ ਮਿਹਰਾਂ ਦੇ ਸਾਗਰ ।[5]

* * *

4. ਸਾਜਣ ਲਾ ਲਾ ਧੋਤਾ ਚੋਲਾ, ਦੁੱਧ ਦਹੀਂ ਵਿਚ ਪਾਇਆ,
ਖੂਬ ਚਾੜ੍ਹ ਰੰਗਣ ਭੀ ਧਰਿਆ ਰੰਗ ਨ ਏਸ ਵਟਾਇਆ,
ਵਿਛੁੜ ਕੇ ਕਾਲਖ ਸੀ ਆਈ ਬਿਨ ਮਿਲਿਆਂ ਨਹੀਂ ਲਹਿੰਦੀ
ਅੰਗ ਅੰਗ ਦੇ ਲਾ ਕੇ ਵੇਖੋ, ਚੜ੍ਹਦਾ ਰੂਪ ਸਵਾਇਆ ।[6]

ਉਪਰੋਕਤ ਬਿੰਬਾਂ ਵਿਚ ਭਾਈ ਸਾਹਿਬ ਦਾ ਬੌਧਿਕ ਵਿਵਰਣ ਸਾਡੇ ਮਨ ਵਿਚ ਬੌਧਿਕ ਉਤਸੁਕਤਾ ਦੀ ਇੱਛਾ ਜਗਾਂਦਾ ਹੈ। ਇਨ੍ਹਾਂ ਵਿਚ ਇਕੋ ਭਾਵ ਨੂੰ ਬਿੰਬਾਂ ਦੀਆਂ ਲੜੀਆਂ ਰਾਹੀਂ ਦ੍ਰਿੜ੍ਹ ਕਰਵਾਇਆ ਗਇਆ ਹੈ। ਇੱਥੇ ਸੂਖਮ ਵਿਚਾਰ- ਵਿਕਾਸ ਬਿੰਬਾਂ ਦੇ ਧਵਨੀ- ਮਈ ਪ੍ਰਭਾਵ ਦੀ ਸਮਰੱਥਾ ਰਾਹੀਂ ਪ੍ਰਭਾਵਸ਼ਾਲੀ ਹੋ ਗਇਆ ਹੈ। ਇਨ੍ਹਾਂ ਵਿਚ ਇਕੋ ਮਾਨਸਿਕ ਅਵਸਥਾ ਨਵੀਂ ਨਵੀਂ ਬਿੰਬ ਵਿਉਂਤ ਰਾਹੀਂ ਪ੍ਰਗਟ ਹੋਈ ਹੈ। ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਲੜੀਵਾਰ ਬਿੰਬ ਸੰਚਾਰ ਦੀ ਜੁਗਤੀ ਦਾ ਪ੍ਰਯੋਗ ਆਮ ਕੀਤਾ ਹੈ। ਬਿੰਬ ਦੀ ਗੁੱਝੀ ਜੁਗਤੀ ਨੂੰ ਨਿਖਾਰਨਾ ਹੀ ਕਵੀ ਦੀ ਕਲਾ ਹੈ[7] ਅਤੇ ਭਾਈ ਸਾਹਿਬ ਨੇ ਇਸੇ ਕਰਮ ਨੂੰ ਇਨ੍ਹਾਂ ਬਿੰਬਾਂ ਦੀਆਂ ਲੜੀਆਂ ਰਾਹੀਂ ਖੂਬ ਨਿਭਾਇਆ ਹੈ।

ਚੰਗੇ ਕਵੀ ਦਾ ਆਸ਼ਾ ਸਾਕਾਰ ਰੂਪ ਜਾਂ ਦ੍ਰਿਸ਼ਟ- ਦੇਸ਼ ਤੋਂ ਅਗੇ ਅਦ੍ਰਿਸ਼ਟ ਦੇਸ਼ ਨੂੰ ਪੈਦਾ ਕਰਨ ਵਿਚ ਹੈ। ਭਾਈ ਸਾਹਿਬ ਦੇ ਬਿੰਬ ਵਿਧਾਨ ਦੀ ਵੀ ਖੂਬੀ ਹੈ ਕਿ ਉਹ ਬਿੰਬ ਦੀ ਅਭਿਵਿਅੰਜਨਾ ਰਾਹੀਂ ਅੰਦਰਲੇ ਅਨੁਭਵ ਨੂੰ ਸਾਕਾਰ ਕਰ ਦਿੰਦੇ ਹਨ, ਜਿਵੇਂ:

ਚੜ੍ਹਿਆ ਹਾੜ੍ਹ ਮਹੀਨਾ ਬਰੰ ਲੋਂਠ ਤਪੇਦੇ
ਲੈਂਦੇ ਨ੍ਹਾਵਾਂ ਤੇ ਚਿੜੀਆਂ ਮੈਂ ਵਧ ਸਹਕਦੀ ਪਈ-ਆਂ[8]

---

3. ਪਥਰ-ਸ਼ੀਸ਼ਾ- ਹੀਰਾ, ਬਿਜਲੀਆਂ ਦੇ ਹਾਰ, ਪੰਨਾ 33
4. ਤਯਾਰੀਆਂ, ਲਹਿਰਾਂ ਦੇ ਹਾਰ, ਪੰਨਾ 12
5. ਅਰਦਾਸ, ਮੇਰੇ ਸਾਈਆਂ ਜੀਓ, ਪੰਨਾ 56
6. ਵਿਛੋੜਾ- ਵਸਲ, ਲਹਿਰਾਂ ਦੇ ਹਾਰ, ਪੰਨਾ 25
7. " The extent to which images are discordant depends upon the extent to which we unfold them and that is wholly within the poet's control for it in turn depends primarily upon the ~~tax~~ rhythm and tempo of the writing."
( Middleton Murry, Countries of Mind, quoted by Joan Bennet, Five Metaphysical Poets, P.1 )

8. ਕੰਤ ਮਹੇਲੀ, ਪੰਨਾ 5.

ਚੜ੍ਹਿਆ ਸਾਵਣ ਮਹੀਨਾ ਸਹੀਆਂ ਪੀਘਾਂ ਨੇ ਪਾਈਆਂ
ਸੂਲਾਂ ਵੱਜਣ ਕਲੇਜੇ ਢਿੱਕੀ ਮੰਜੀ ਤੇ ਪਈਆਂ।[9]

* * *

ਆਇਆ ਪੋਹ ਦਾ ਮਹੀਨਾ ਰੋ ਰੋ ਭਿੱਜੇ ਨੇ ਭੋਛਣ;
ਪਾਲਾ ਭੰਨਦਾ ਏ ਹੱਡ ਹੁਣ ਜਿੰਦਾਂ ਕੁਸਕਦੀਆਂ ਪਈਆਂ।[10]

ਇੱਥੇ ਹਾੜ,ਸਾਵਣ ਤੇ ਪੋਹ ਦੇ ਪਿਛੋਕੜ ਵਿਚ ਬਿਰਹਣ ਦੇ ਸਾਕਾਰ ਰੂਪ ਦੀ ਅਭਿਵਿਅੰਜਨਾ ਨਹੀਂ xxx. ਕੀਤੀ, ਸਗੋਂ ਮਹੀਨਿਆਂ ਦੇ ਬਿਆਨ ਦਾ ਸਮੁੱਚਾ ਪ੍ਰਭਾਵ ਬਿਰਹਣ ਦੇ ਅੰਦਰਲੇ ਮਨ ਦਾ ਪ੍ਰਤਿਕਰਮ ਦੇ ਰਹਿਆ ਹੈ। ਇਹ ਪ੍ਰਤਿਕਰਮ ਕੇਵਲ ਵਿਛੋੜੇ ਦੇ ਅਦ੍ਰਿਸ਼ਟ ਦੁੱਖ ਨੂੰ ਹੀ ਨਹੀਂ ਦਸਦਾ,ਸਗੋਂ ਇਹ ਭਾਵੁਕ- ਪ੍ਰਵਾਹ ਰਾਹੀਂ ਇਸ ਨੂੰ ਮੂਰਤੀਮਾਨ ਕਰ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ 'ਬਾਰਾਂ-ਮਾਹ ਤੁਖਾਰੀ' ਵਿਚ ਇਸੇ ਵਿਧੀ ਦਾ ਉਪਯੋਗ ਕੀਤਾ ਹੈ। ਸਹਜ ਅਨੁਭੂਤੀ ਦੀ ਇਹ ਸਥਿਤੀ ਹੀ ਯੋਗ ਪ੍ਰਤੱਕਸੂਨਾ ਨਾਲ ਪ੍ਰਕ੍ਰਿਤੀ ਦੇ ਰਹੱਸ ਦਾ ਅਨੁਭਵ ਕਰਵਾਂਦੀ ਹੈ, ਜਿੱਥੇ ਸਾਰੀ ਅਦ੍ਰਿਸ਼ਟਤਾ ਹੀ ਵਿਆਪਕ ਹੋ ਜਾਂਦੀ ਹੈ।

ਭਾਈ ਸਾਹਿਬ ਦੇ ਕਾਵਿ ਵਿਚ ਹਰ ਬਿੰਬ ਨਿਸ਼ਚਿਤ ਪਲ ਦੀ ਅਵਸਥਾ ਨੂੰ ਉਜਾਗਰ ਕਰਦਾ ਹੈ। ਦਰਸ- ਮਿਲਾਪ ਦੀ ਖੁਸ਼ੀ ਕਿਵੇਂ ਪ੍ਰਗਟ ਹੁੰਦੀ ਹੈ:

1. ਵੇਖ ਵੇਖ ਚੰਦ ਸਦਕੇ ਜਾਵੇ,
ਰਿਸ਼ਮਾਂ ਦੇ ਪਖਾ ਫੁੱਲ ਵਸਾਵੇ,
xxxxXxx ਅੰਬਰ 'ਜੀ ਆਇਆਂ ਨੂੰ' ਗਾਵੇ
ਤਾਰਿਆਂ ਛਮਕਣ ਭੁਲਦੀ ਜਾਵੇ।[11]

* * *

2. ਗੁਲ-ਦਾਊਦੀਆਂ ਆਈਆਂ ਮਾਲੀਆ
ਗੁਲਦਾਊਦੀਆਂ ਆਈਆਂ।[12]

* * *

3. ਸੁਣੋ ਭੌਰਿਆਂ ਦੀ ਗੂੰਜ,
ਸੁਹਤ ਮੱਖੀਆਂ ਗੁੰਜਾਰ।
ਸੁਣੋ ਪੰਛੀਆਂ ਦੇ ਰੌਣ,
ਨਾਲੇ ਬੁਲਬੁਲ ਦੇ ਗੀਤ।
ਸੁਣ ਗਾਂਵਦੇ ਮੀਤ
ਹਾਂ ਵਿਚ ਰਾਗ ਬਸੰਤ
ਘਰ ਘਰ ਹੋ ਰਿਹਾ ਉਮਾਹ।[13]

---

9. ਕੰਤ ਮਹੇਲੀ, ਪੰਨਾ 6 10. ਕੰਤ ਮਹੇਲੀ, ਪੰਨਾ 10

11. ਪ੍ਰੀਤ ਵੀਣਾ, ਪੰਨਾ 14, 12. ਗੁਲਦਾਊਦੀਆਂ ਆਈਆਂ, ਬਿਜਲੀਆਂ ਦੇ ਹਾਰ, ਪੰਨਾ 57
13. ਬਹਾਰ, ਮੇਰੇ ਸਾਈਆਂ ਜੀਓ, ਪੰਨਾ 22

ਜੀਵਨ ਵਿਚ ਕਈ ਵੇਰਾਂ ਹਨੇਰਾ ਛਾ ਜਾਂਦਾ ਹੈ ਅਤੇ ਰਸਤਾ ਦਿਖਾਈ ਨਹੀਂ ਦਿੰਦਾ। ਭਾਈ ਸਾਹਿਬ ਇਸ ਦਸ਼ਾ ਨੂੰ ਬਿੰਬਾਂ ਰਾਹੀਂ ਸਾਕਾਰ ਕਰਦੇ ਹਨ:

ਚੰਦ ਨਹੀਂ ਸੂਰਜ ਨਹੀਂ, ਮੇਰੀ ਬੇੜੀ ਵਿਚ ਦੀਵਾ ਨਹੀਂ
ਪਾਣੀਆਂ ਦੀ ਵਾਟੀ ਤੇ ਕੋਈ ਰਾਹ ਸੜਕ ਨ ਪਗਡੰਡੀ ਨਹੀਂ,
ਮੇਰੇ ਨਿਤਾਣੇ ਚੱਪੇ ਹਨ।[14]

* * *

ਤੁਲਹਾ ਮੇਰਾ ਬਹੁਤ ਪੁਰਾਣਾ ਘਸ ਘਸ ਹੋਇਆ ਅਣੋਤਾਣਾ
ਚੱਪੇ ਪਾਸ ਨ ਕੁਈ ਮੁਹਾਣਾ, ਤਰ੍ਹ ਕੇ ਪਹੁੰਚ ਦੁਹੇਲਾ ਊ।[15]

ਭਾਈ ਸਾਹਿਬ ਦੀ ਬਿੰਬਾਵਲੀ ਦੀ ਇਕ ਹੋਰ ਵਿਸ਼ੇਸ਼ਤਾ ਹੈ ਕਿ ਇਸ ਵਿਚ ਪ੍ਰੀਤਮ ਦਾ ਚਿੱਤ੍ਰ ਤਿੰਨਾਂ ਹੀ ਪੱਧਰਾਂ ਵਾਲਾ: ਗੁਰਬਾਣੀ ਵਾਲਾ, ਲੋਕ- ਬਾਣੀ ਤੇ ਪ੍ਰੀਤ- ਕਥਾਵਾਂ ਵਾਲਾ ਮਿਲਦਾ ਹੈ। ਭਾਈ ਸਾਹਿਬ ਨੇ ਗੁਰਬਾਣੀ ਦੇ ਪ੍ਰਭਾਵ ਹੇਠ ਪ੍ਰਭੂ ਲਈ ਸਜਣ, ਸਾਂਈਂ, ਸ਼ਹੁ, ਰਾਂਜਨ, ਰਸਾਲ, ਪ੍ਰੀਤਮ ਦੇ ਬਿੰਬ ਵਰਤੇ ਹਨ, ਜਿਵੇਂ:

<u>ਸਜਣ</u>–

✓'ਯਾਦ ਸਜਣ ਦੀ' ਹਰਦਮ ਰਹਿੰਦੀ ਲਹਿ ਗਈ ਡੂੰਘੇ ਥਾਈਂ',[16]

* * *

ਜਿਤ ਵਲ ਨਜ਼ਰ ਉਤ ਵਲ ਦਿਸਦਾ ਵਣ ਤ੍ਰਿਣ ਸੱਜਣ ਵਸਿਆ।[17]

* * *

ਨਾਮ ਸਜਣ ਦਾ ਜੀਭ ਚੜ੍ਹ ਗਿਆ ਜਾਂ ਸੱਜਣ ਉਠ ਤੁਰਿਆ।[18]

* * *

ਯਾਦ ਸਜਣ ਨੂੰ ਪਾ ਦਿਲ ਜੰਦ੍ਰਾ ਜੋ ਸਜਣ ਕਦੇ ਸੰਭਾਲੇ।[19]

* * *

<u>ਸਾਂਈਂ</u> –

✓ਫਗਣ ਜੋਬਨ ਤੇ ਆਇਆ ਸਾਂਈਂ ਸੋਇ ਨ ਆਈ;[20]

* * *

ਮੇਰੇ ਸਾਂਈਆਂ
ਸਿਆਣ ਲੈਂਦੇ ਹਨ ਨੈਣਾਂ ਵਾਲੇ ਤੈਨੂੰ ![21]

* * *

ਪਹੁ ਫੁਟਾਲੇ ਦੀ ਗੋਦ ਵਿਚ;
ਇਕ ਖਿੜੇ ਗੁਲਾਬ ਦੀ ਕੂਲੀ ਗੋਦ ਵਿਚ
ਤੁਸੀਂ ਖਿਲ ਰਹੇ ਸਾਓ ਮੇਰੇ ਸਾਂਈਆਂ[22] !

---

14. ਮੇਰੇ ਚੱਪੇ ਲਗ ਰਹੇ ਹਨ, ਮੇਰੇ ਸਾਂਈਆਂ ਜੀਉ, ਪੰਨਾ- 44 xx.
15. ਮਿਲ ਵੇਲਾ ਊ, ਉਹੀ, ਪੰਨਾ 10
16. ਯਾਦ, ਲਹਿਰਾਂ ਦੇ ਹਾਰ, ਪੰਨਾ 22.
17. ਜਿਤ ਵਲ ਨਜ਼ਰ, ਉਹੀ, ਪੰਨਾ 29
18. ਨਾਮ-ਧਯਾਨ-ਰਜ਼ਾ', ਉਹੀ, ਪੰਨਾ 31
19. ਯਾਦ, ਖ਼ਾਲਸਾ ਸਮਾਚਾਰ, 16-1-1958, ਜਿਲਦ 59, ਅੰਕ ਨੰ: 10
20. ਕੰਤ ਮਹੇਲੀ, 14

(ਚਲਦਾ)

**ਸ਼ਹੁ –**

ਮਿਹਰਾਂ ਮੀਂਹ ਵਸਾਵਣ ਵਾਲਾ ਤੁਠਸੀ ਆਪੇ ਤੇਰਾ ਸ਼ਹੁ।[23]

* * *

ਸਹੀਓ ਨੀ ! ਸ਼ਹੁ ਆਪ ਨ ਆਯਾ, ਪਰ ਉਸ ਨੇ ਨਿਜ ਘਲ ਹਜ਼ੂਰੀ।[24]

* * *

ਤੈਂਡੀ ਤੁਸਾਡੀ ਦਾ ਵਿੱਤ ਨਿਤਾਣਾ ਜਾਣੋ ਤੁਸੀ ਸ਼ਹੁ ਜੀ ਆਪੇ।[25]

* * *

**ਸਾਜਨ**

ਕਿਸੇ ਦੱਸਿਆ:
ਆਏ ਨੇ ਤੇਰੇ ਸਾਜਨ ਅੱਜ[26]

* * *

**ਰਸਾਲ –**

ਤੂੰ ਹੈ ਗੀਤ ਸੰਗੀਤ ਤੇ ਸੁਆਦ, ਰਸ ਰਸੀਆ ਤੇ ਆਪ ਰਸਾਲ[27]

* * *

**ਪ੍ਰੀਤਮ–**

ਆਹ ਪ੍ਰੀਤਮ ! ਦਿੱਸਣ ਦੇ ਓਹਲੇ ਲੁਕੇ ਪ੍ਰੀਤਮ ![28]
ਪ੍ਰੀਤਮ ਦਾ ਦਿਲ ਪ੍ਰੇਮ ਤਰੰਗੀ ? ਦਾਨ ਉਛਾਲੇ ਕਰਦਾ।[29]

* * *

ਲੋਕ ਭਾਵੀ ਅਤੇ ਸੂਫ਼ੀਆਂ ਦੇ ਪ੍ਰਭਾਵ ਹੇਠ ਭਾਈ ਸਾਹਿਬ ਨੇ ਪ੍ਰਭੂ ਲਈ ਢੋਲਾ, ਮਾਹੀ, ਪੀਆ, ਸੁਹਣਾ, ਸ਼ਿਕਾਰੀ ਦੇ ਬਿੰਬ ਵੀ ਵਰਤੇ ਹਨ। ਇਨ੍ਹਾਂ ਬਿੰਬਾਂ ਨੂੰ ਗੁਰਬਾਣੀ ਵਿਚ ਨਹੀਂ ਵਰਤਿਆ ਗਇਆ। ਕੇਵਲ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਪਦ ਵਿਚ 'ਮਾਹੀ' ਸ਼ਬਦ ਦਾ ਪ੍ਰਯੋਗ ਹੋਇਆ ਹੈ।[30] ਇਨ੍ਹਾਂ ਬਿੰਬਾਂ ਦਾ ਲੋਕ ਕਾਵਿ ਵਿਚ ਵੀ ਵਧੇਰੇ ਪ੍ਰਯੋਗ ਹੋਇਆ ਹੈ ਤੇ ਉਸ ਦੇ ਪ੍ਰਭਾਵ ਹੇਠ ਫਿਰ ਸੂਫ਼ੀ ਕਾਵਿ ਵਿਚ। ਭਾਈ ਸਾਹਿਬ ਨੇ ਲੋਕ ਭਾਵੀ ਤੇ ਸੂਫ਼ੀ ਬਿੰਬਾਵਲੀ ਦੇ ਇਸ ਪੱਖ ਨੂੰ ਕਾਫ਼ੀ ਅਪਣਾਇਆ ਹੈ, ਜਿਵੇਂ:

**ਢੋਲਾ–**

ਵੇ ਨ ਰੁੱਸ ਕੇ ਰੁੱਸ ਕੇ ਜਾਹ ਢੋਲਾ, ਅਵੇ ਹੱਸਨਾ ਹੱਸਨਾ ਆ ਢੋਲਾ ![31]

* * *

---

21. ਸਾਈਆਂ ਜੀ ਦੀ ਸਿਆਣ, ਮੇਰੇ ਸਾਈਆਂ ਜੀਓ, 14
22. ਨਿਕੀ ਗੋਦ ਵਿਚ, ਉਹੀ, ਪੰਨਾ 15
23. ਵਿਛਿਆ ਰਹੁ, ਉਹੀ, ਪੰਨਾ 3
24. ਹਜ਼ੂਰੀ, ਉਹੀ ਪੰਨਾ 13
25. ਕੋਰੇ ਪਹੌਂਚ, ਉਹੀ, ਪੰਨਾ 45
26. ਵਡਮੁੱਲੀ ਦਾਤ, ਉਹੀ, ਪੰਨਾ 7
27. ਰਸ ਰਸੀਆ ਰਸਾਲ, ਮੇਰੇ ਸਾਈਆਂ ਜੀਓ, ਪੰਨਾ- 9
28. ਉਹੀ, ਪੰਨਾ 4
29. ਪ੍ਰੇਮ ਤਰੰਗੀ, ਮਟਕ ਹੁਲਾਰੇ, ਪੰਨਾ 41
30. ਸੁਣ ਕੇ ਸੱਦ ਮਾਹੀ ਦੀ ਮਝੀਂ ਪਾਣੀ ਘਾਹ ਮੁਤੇ ਨੇ। (ਗੁਰੂ ਗੋਬਿੰਦ ਸਿੰਘ)
31. ਢੋਲਾ ਰੁੱਸ ਕੇ ਨ ਜਾ, ਬਿਜਲੀਆਂ ਦੇ ਹਾਰ, ਪੰਨਾ 20
32. [illegible]
33. [illegible]
34. [illegible]

ਲੁਕ ਕੇ ਬਹੇ 'ਪਿਆਰ' ਢੋਲ ਦੇ ਵਿਚ ਦਿਲੇ ਦੇ[32]

* * *

ਮਾਹੀ— ਵਸਲ ਮਾਹੀ ਦਾ ਮਿਹਰ ਮਾਹੀ ਦੀ ਅੱਜ ਅਸਾਂ ਨੇ ਲਖਿਆ[33]

* * *

ਵੇ ਮਾਹੀਆ ਗਏ ਤੇਰੇ ਜਾਨੀਆ[34]

* * *

ਜਦ ਮਾਹੀ ਦੀ ਨਹੀਂ ਸੁਣਦੇ ਮੱਧਮ ਹਿਲ ਪਾਣੀ ਥਰਰਾਵੇ।[35]

* * *

ਪੀਆ — ਸੂਰਜ ! ਤਪੀਰ ਨ ਉਥੇ ਜਿਥੇ ਪੀਆ ਗਿਆ ਵੇ ![36]

* * *

ਸੁਹਣਾ — ਜੀਵਦਿਆਂ ਨ ਮਿਲਿਆ ਸੁਹਣਾ ਅੰਤ ਸਮੇਂ ਨ ਆਇਆ[37]

* * *

ਅੜਿਆ ਚੁਪ ਦੇ ਸੁਹਣਿਆਂ ਚੁਪ ਏਥੇ ਬੋਲਣ ਦੀ ਨਹੀਓਂ ਵੇ ਜਾ[38]

* * *

ਸ਼ਿਕਾਰੀ— ਸਾਨੂੰ ਅਜਬ ਸ਼ਿਕਾਰੀ ਮਿਲਿਆ ਫੜ ਪਿੰਜਰੇ ਵਿਚ ਪਾਂਦਾ।[39]

* * *

ਸੂਫ਼ੀਆਂ ਨੇ ਹੀਰ-ਰਾਂਝਾ, ਸੋਹਣੀ- ਮਹੀਂਵਾਲ, ਸੱਸੀ- ਪੁੰਨੂੰ, ਲੈਲਾ- ਮਜਨੂੰ ਦੇ ਬਿੰਬ ਵੀ ਇਸ਼ਕ ਹਕੀਕੀ ਦੇ ਪ੍ਰਗਟਾਉਣ ਲਈ ਵਰਤੇ ਹਨ। ਰਾਂਝੇ- ਹੀਰ ਅਤੇ ਸੋਹਣੀ-ਮਹੀਂਵਾਲ ਦੇ ਬਿੰਬ ਨੂੰ ਭਾਈ ਗੁਰਦਾਸ ਨੇ ਵੀ ਵਰਤਿਆ ਹੈ।[40] ਭਾਈ ਸਾਹਿਬ ਨੇ ਵੀ ਇਨ੍ਹਾਂ ਬਿੰਬਾਂ ਦੀ ਵਰਤੋਂ ਕੀਤੀ ਹੈ, ਜਿਵੇਂ:

ਸਾਡਾ ਰਾਂਝਾ ਤਖਤ ਹਜ਼ਾਰੇ ਤਖਤੋਂ ਕਦੀ ਨ ਉਠਦਾ।[41]

* * *

ਰਾਂਝਾ ਬੈਠਾ ਤਖਤ ਹਜ਼ਾਰੇ ਨਾਲ ਭਾਬੀਆਂ ਅੜਦਾ,—[42]

* * *

ਚੜ੍ਹ ਚੱਕ ਤੇ ਚੱਕ ਘੁਮਾਣੀਆਂ ਮਹੀਂਵਾਲ ਤੋਂ ਸਦਕੇ (ਘੜੀ)ਜਾਣੀਆਂ[43]

* * *

'ਤੜਪ- ਗੋਪੀਆਂ' ਕ੍ਰਿਸ਼ਨ ਮਗਰ ਜੋ ਲੋਕੀ ਪਏ ਸੁਣਾਵਨ[44]

'ਲੁੱਛਣ- ਸੱਸੀ' ਪੁੰਨੂੰ ਪਿਛੇ ਜੋ ਥਲ ਤੜਫ਼ ਵਿਖਾਵਨ

* * *

---

32. ਦਿਲ ਵਟਾਂਦ੍ਰਾ, ਮੇਰੇ ਸਾਂਈਆਂ ਜੀਉ, ਪੰਨਾ-43
33. ਮੱਹਿੰਦੀ, ਮਟਕ ਹੁਲਾਰੇ, ਪੰਨਾ 43
34. ਵਿਛੜੀ ਕੂੰਜ, ਕੂਚੀ, 168
35. ਪ੍ਰੀਤ ਵੀਣਾ, ਪੰਨਾ 9
36. ਕੰਤ ਮਹੇਲੀ, ਪੰਨਾ 6
37. ਦਿਲੀ ਦੀ ਇਕ ਬੈਠਿਆਂ ਸਮਾਂ, (ਲਹਿਰਾਂ ਦੇ ਹਾਰ) ਪੰਨਾ 35
38. ਬੋਲਣ ਦਾ ਨਹੀਓਂ ਤਾਣ, ਮੇਰੇ ਸਾਂਈਆਂ ਜੀਉ, ਪੰਨਾ-17
39. ਬੰਦ ਖਲਾਸੀ, ਲਹਿਰਾਂ ਦੇ ਹਾਰ, ਪੰਨਾ 37
40. ਰਾਂਝਾ ਹੀਰ ਵਖਾਣੀਐ ਉਹ ਪਿਰਮ ਪਿਰਾਤੀ
    ਮਹੀਂਵਾਲ ਨੂੰ ਸੋਹਣੀ ਨੈਂ ਤਰਦੀ ਰਾਤੀਂ।
    (ਭਾਈ ਗੁਰਦਾਸ)
41. ਅਰਜ਼ ਰਾਂਝਾ, ਲਹਿਰਾਂ ਦੇ ਹਾਰ, ਪੰਨਾ 13
42. ਤਯਾਰੀਆਂ, ਪੰਨਾ 12
43. ਚੜ੍ਹ ਚਕ ਤੇ ਚਕ ਘੁਮਾਣੀਆਂ, ਮਟਕ ਹੁਲਾਰੇ, ਪੰ: 37

(ਚਲਦਾ)

ਸਿਕ ਸਿਕ, ਰੋ ਰੋ, ਢੂੰਡ ਢੂੰਡ ਕੇ ਮਜਨੂੰ ਉਮਰ ਗਵਾਈ।[45]

* * *

ਸੂਫ਼ੀਆਂ ਵਿਚ ਸ਼ਾਹ ਹੁਸੈਨ ਦੇ ਸਮੇਂ ਤੋਂ ਕੱਤਣ, ਤ੍ਰਿੰਞਣ, ਤਾਣਾ, ਬੁਣਨਾ, ਫਿਰਕਣ ਦੇ ਬਿੰਬ ਜੀਵਨ ਦੇ ਰਹੱਸ ਨੂੰ ਸਪਸ਼ਟ ਕਰਨ ਲਈ ਵਰਤੇ ਮਿਲਦੇ ਹਨ। ਭਾਈ ਸਾਹਿਬ ਨੇ ਵੀ ਇਨ੍ਹਾਂ ਲੋਕ-ਪ੍ਰਚਲਿਤ ਬਿੰਬਾਂ ਨੂੰ ਵਰਤਿਆ ਹੈ, ਜਿਵੇਂ:

ਰੱਖੀ ਰਹੀ ਮੇਰੀ ਪੂਣ ਸਲਾਈ ਰੱਖੀ ਰਹੀ ਮੇਰੀ ਪੂਣ ਪਿਟਾਰੀ;
ਛੁਟਕ ਗਈ ਮੇਰੀ ਚਰਖੀ ਨੁਖੀਲੀ ਵਿਸਰ ਗਈ ਮਤੇ ਤ੍ਰਿੰਞਣ ਦੁਲਾਰੀ।[46]

* * *

ਤਿਲਕ ਗਈ ਮੇਰੀ ਹੱਥ ਦੀ ਪੂਣੀ, ਚੁਪ ਹੋ ਗਈ ਘੁਕੇਂਦੜੀ ਚਰਖੀ
ਅਰਸ਼ਾਂ ਦਾ ਚੰਦ ਜ਼ਿਮੀਂ ਆ ਖਲੋਤਾ, ਸੂਰਤ ਗਈ ਮੈਥੋਂ ਨਿਰਖੀ ਨ ਪਰਖੀ।[47]

* * *

ਸੂਫ਼ੀ ਕਵੀਆਂ ਵਿਚ ਸੁਰਾਹੀ, ਪਯਾਲੇ ਤੇ ਸ਼ਰਾਬ ਦੇ ਬਿੰਬ ਵਰਤੇ ਮਿਲਦੇ ਹਨ। ਭਾਈ ਸਾਹਿਬ ਨੇ ਵੀ ਇਨ੍ਹਾਂ ਨੂੰ ਰਹੱਸਵਾਦੀ ਮਰਮ ਨੂੰ ਪ੍ਰਗਟਾਉਣ ਲਈ ਵਰਤਿਆ ਹੈ, ਜਿਵੇਂ

ਦਿਹ ਇਕ ਬੂੰਦ ਸੁਰਾਹੀਓਂ ਸਾਨੂੰ ਸੋਚ ਸਮੁੰਦਰ ਬੋੜੇ[48]

* * *

ਦਿਹ ਇਕ ਬੂੰਦ ਸੁਰਾਹੀਓਂ ਸਾਨੂੰ ਇਕੋ ਹੀ ਦਿਹ ਸਾਈਂ।[49]

* * *

ਪਯਾਲੇ ਅਣਡਿੱਠੇ ਨਾਲ ਬੁੱਲ੍ਹ ਲਗ ਜਾਣ ਜਬੇ
ਰਸ ਦੇ ਸਰੂਰ ਚੜ੍ਹੇ ਝੂਮਾਂ ਆਉਣ ਪਯਾਰੀਆਂ[50]

* * *

ਭਾਈ ਸਾਹਿਬ ਦੀ ਬਿੰਬ ਗ੍ਰਹਣ ਕਰਨ ਦੀ ਸ਼ਕਤੀ ਬੜੀ ਵਿਸ਼ਾਲ ਹੈ। ਭਾਵੇਂ ਉਨ੍ਹਾਂ ਨੇ ਗੁਰਬਾਣੀ ਤੇ ਸੂਫ਼ੀ ਕਾਵਿ ਭੰਡਾਰੇ ਤੋਂ ਬਿੰਬਾਂ ਲਈ ਕਾਫ਼ੀ ਸਹਾਇਤਾ ਲਈ ਹੈ, ਪਰ ਉਨ੍ਹਾਂ ਨੇ ਬਿੰਬ-ਚੋਣ ਵਿਚ ਮੌਲਿਕਤਾ ਵੀ ਬੜੀ ਦੱਸੀ ਹੈ। ਭਾਈ ਸਾਹਿਬ ਦੇ ਬਿੰਬਾਂ ਰਾਹੀਂ ਹੀ ਉਨ੍ਹਾਂ ਦੇ ਵਿਅਕਤਿਤਵ ਸੰਬੰਧੀ ਭਰਪੂਰ ਜਾਣਕਾਰੀ ਹੁੰਦੀ ਹੈ। ਅਸਲ ਵਿਚ ਬਿੰਬਾਂ ਦੀ ਚੋਣ ਰਾਹੀਂ ਕਵੀ ਦੀ ਸ਼ਖ਼ਸੀਅਤ ਦਾ ਝਲਕਾਰਾ ਵਜਦਾ ਹੈ। ਭਾਈ ਸਾਹਿਬ ਦੀ ਸ਼ਖ਼ਸੀਅਤ ਵਿਚ ਸਮਾਇਆ ਅਧਿਆਤਮ-ਵਾਦ ਤੇ ਰਹੱਸਵਾਦ ਉਨ੍ਹਾਂ ਦੀ ਬਿੰਬਾਵਲੀ ਰਾਹੀਂ ਹੀ ਪ੍ਰਗਟ ਹੋ ਜਾਂਦਾ ਹੈ।

---

44. ਸਾਂਈਂ ਲਈ ਤੜਪ, ਬਿਜਲੀਆਂ ਦੇ ਹਾਰ, ਪੰ:35
45. ਅੰਦਰ ਦੀ ਟੇਕ, ਉਹੀ, ਪੰਨਾ 38
46. ਸਾਂਈਆਂ ਦੀ ਸਾਰੀ, ਮੇਰੇ ਸਾਂਈਆਂ ਜੀਓ, ਪੰ:46
47. ਅਚਨਚੇਤੀ ਦਾ ਝਲਕਾ, ਉਹੀ, ਪੰਨਾ 60
48. ਅਮਰ ਰਸ, ਲਹਿਰਾਂ ਦੇ ਹਾਰ, ਪੰਨਾ 14
49. ਅਮਲੀ- ਸੋਫ਼ੀ, ਉਹੀ, ਪੰਨਾ 24
50. ਵਲਵਲਾ, ਬਿਜਲੀਆਂ ਦੇ ਹਾਰ, ਪੰਨਾ 10

ਭਾਈ ਸਾਹਿਬ ਦੀ ਬਿੰਬਾਵਲੀ ਵਿਚ ਵਿਸ਼ੇਸ਼ ਸਥਾਨ ਉਨ੍ਹਾਂ ਦੇ ਪ੍ਰਕ੍ਰਿਤੀ ਵਿਚੋਂ ਚੁਣੇ ਬਿੰਬਾਂ ਦਾ ਹੈ, ਜਿਸ ਰਾਹੀਂ ਉਨ੍ਹਾਂ ਨੇ ਆਪਣੀ ਜੀਵਨ ਫ਼ਿਲਾਸਫ਼ੀ ਦੀ ਡੂੰਘੀ ਰਮਜ਼ ਨੂੰ ਪ੍ਰਗਟਾਇਆ ਹੈ।[51]

ਭਾਈ ਸਾਹਿਬ ਦੀ ਬਿੰਬਾਵਲੀ ਦੀ ਉਨ੍ਹਾਂ ਦੀ ਵਿਚਾਰਧਾਰਾ ਨਾਲ ਇਕਸੁਰਤਾ ਕਾਇਮ ਹੈ ਅਤੇ ਇਹ ਲੋਕਾਂ ਦੇ ਅਨੁਭਵ ਗੋਚਰ ਵੀ ਹੈ। ਭਾਈ ਸਾਹਿਬ ਤੋਂ ਬਾਅਦ ਅਗਰਗਾਮੀ ਕਵੀਆਂ ਨੇ ਇਕ ਵਿਚਾਰਧਾਰਾ ਨੂੰ ਅਪਣਾ ਕੇ ਉਸ ਦੇ ਪ੍ਰਸੰਗ ਵਿਚ ਯਥਾਰਥਕ ਅਨੁਭਵ ਨੂੰ ਕਾਵਿ- ਬੰਧ ਕੀਤਾ ਹੈ, ਪਰ ਬਹੁਤੇ ਪਾਠਕਾਂ ਦਾ ਉਸ ਭਾਵ- ਪ੍ਰਸੰਗ ਤੋਂ ਵੰਚਿਤ ਹੋਣ ਕਾਰਨ ਉਨ੍ਹਾਂ ਲਈ ਉਸ ਕਵਿਤਾ ਦਾ ਰਸ ਮਾਣਨਾ ਕਠਿਨ ਹੋ ਜਾਂਦਾ ਹੈ। ਇਵੇਂ ਪ੍ਰਯੋਗਵਾਦੀਆਂ ਦੀ ਵੀ ਸਭ ਤੋਂ ਵੱਡੀ ਸਮੱਸਿਆ ਇਹੋ ਹੈ, ਕਿ ਉਹ ਪ੍ਰਯੋਗਾਂ ਨੂੰ ਹੀ ਅੰਤ ਸਵੀਕਾਰ ਕਰ ਲੈਂਦੇ ਹਨ ਅਤੇ ਆਤਮ- ਅਨਾਤਮ ਦੇ ਬੌਂਛਵੇਂ ਹੁਸਨ ਦੇ ਦਰਸ਼ਨ ਕਰਾਉਣ ਤੋਂ ਸੱਖਣੇ ਰਹਿ ਜਾਂਦੇ ਹਨ।

ਭਾਈ ਸਾਹਿਬ ਦੀ ਬਿੰਬਾਵਲੀ ਉਨ੍ਹਾਂ ਦੇ ਕਾਵਿ ਤੇ ਭਾਰੂ ਨਹੀਂ, ਇਸ ਦੀ ਨਿਰਾਵੀਂ ਵਰਤੋਂ ਨਹੀਂ ਕੀਤੀ ਗਈ। ਇਸ ਨਾਲ ਭਾਈ ਸਾਹਿਬ ਦੀ ਅਭਿਵਿਅਕਤੀ ਵਿਚ ਤਾਜ਼ਗੀ ਤੇ ਨਵੀਨਤਾ ਆਈ ਅਤੇ ਉਨ੍ਹਾਂ ਦੀ ਕਵਿਤਾ ਦੀ ਸੁਭਾਉ- ਮੁਕਤੀ ਵਿਚ ਵੀ ਵਾਧਾ ਹੋਇਆ ਹੈ।

ਭਾਈ ਸਾਹਿਬ ਦੇ ਬਿੰਬਾਵਲੀ ਦੇ ਖੇਤਰ ਵਿਚ ਕੀਤੇ ਪ੍ਰਯੋਗ- ਮਾਰਗ ਪ੍ਰਦਰਸ਼ਨ ਕਰ ਸਕਦੇ ਹਨ ਕਿ ਕਵੀ ਵਿਚ ਨਾ ਸਿਰਫ਼ ਅੰਨ੍ਹੇ ਅਨੁਕਰਣ ਦੀ ਰੁਚੀ ਹੋਵੇ ਤੇ ਨਾ ਹੀ ਕੇਵਲ ਪ੍ਰਯੋਗਾਂ ਦੀ ਲਿਲ੍ਹ। ਕਵੀ ਵਿਚ ਪਰੰਪਰਾ ਦਾ ਪਿਆਰ ਤੇ ਮੌਲਿਕਤਾ ਦੀ ਲਗਨ ਦਾ ਸੰਜੋਗ ਹੋਣਾ ਚਾਹੀਦਾ ਹੈ। ਇਸੇ ਰਾਜ਼ ਨੂੰ ਸਮਝਦਿਆਂ ਹੀ ਭਾਈ ਸਾਹਿਬ ਨੇ ਬਿੰਬਾਵਲੀ ਦੀ ਸਹਾਇਤਾ ਨਾਲ ਆਪਣੇ ਅੰਦਰਲੇ ਹੁਸਨ ਨੂੰ ਕਲਾਮਈ ਢੰਗ ਨਾਲ ਕਵਿਤਾ ਵਿਚ ਸਾਕਾਰ ਕੀਤਾ ਹੈ।

ਦ੍ਰਿਸ਼- ਚਿੱਤ੍ਰਨ)-

ਰੰਗ, ਰੇਖਾ, ਸ਼ਬਦ ਦੇ ਮਾਧਿਅਮ ਰਾਹੀਂ ਅਨੁਭੂਤੀ ਨੂੰ ਚਿੱਤ੍ਰ, ਮੂਰਤੀ ਤੇ ਕਾਵਿ ਦਾ ਰੂਪ ਦਿੱਤਾ ਜਾਂਦਾ ਹੈ। ਮੂਲ ਰੂਪ ਵਿਚ ਇਨ੍ਹਾਂ ਸਭ ਦਾ ਸੰਬੰਧ ਇਕ ਹੀ ਅੰਤਰ ਬ੍ਰਿਤੀ ਨਾਲ ਹੋਣ ਕਰਕੇ ਇਕ ਵਿਚ ਦੂਜੇਦੇਅੰਸ਼ਾਂ ਦਾ ਆ ਜਾਣਾ ਸੁਭਾਵਿਕ ਹੈ। ਇਸ ਲਈ ਕਵੀ ਵਿਚ ਚਿੱਤ੍ਰਨ ਸ਼ਕਤੀ ਦੇ ਅੰਸ਼ ਸੁਭਾਵਿਕ ਹੀ ਆ ਜਾਂਦੇ ਹਨ। ਭਾਈ ਸਾਹਿਬ ਦੀ ਚਿੱਤ੍ਰ- ਵਧਾਇਨੀ ਪ੍ਰਤਿਭਾ ਬੜੀ ਵਿਸ਼ਾਲ ਹੈ। ਕੁਝ ਪੂਰਨ ਚਿੱਤ੍ਰਾਂ ਦੇ ਉਦਾਹਰਣ ਵੇਖੋ:-

1. ਚਾਂਦੀ ਮੜ੍ਹਿਆ ਸਾਫ਼ ਤਖ਼ਤ ਸੁਹਾਵਣਾ
ਜਿਸ ਪੁਰ ਕੁਰਸੀ ਇਕ ਸੋਨੇ ਦੀ ਸਜੀ,
ਜੜੀ ਨਗਾਂ ਦੇ ਨਾਲੇ ਉਤੇ ਸੀ ਧਰੀ
ਇਸ ਪੁਰ ਰੇਸ਼ਮ ਸਾਫ਼ ਵਧੀਆ ਭਾਂਤ ਦਾ
ਨਰਮ ਗੁਦੇਲਾ ਇਕ ਹੈਸੀ ਰੱਖਿਆ।[52]

---

51. ਵਿਸਥਾਰ ਲਈ ਵੇਖੋ- ਅਧਿਆਇ ਪੰਜਵਾਂ

52. ਰਾਣਾ ਸੂਰਤ ਸਿੰਘ, ਪੰਨਾ 112, ਪੰਕਤੀ 227- 231

2\. ਇਸ ਕੁਟੀਆ ਵਿਚ ਮੋਹ ਦੇਖੋ ਸਾਮ੍ਹਣੇ
ਬੋਧ ਰਿਖੀ ਦਾ ਬੁੱਤ ਬੈਠਾ ਚੌਕੜੀ,
ਮਾਰੇ, ਲਾਇ ਸਮਾਧ, ਹਥ ਇਕ ਵੱਖੀਏ
ਦੂਜਾ ਮੋਢੇ ਲਾਗ ਦਏ ਅਸੀਸ ਹੈ।[53]

ਇਥੇ ਪਹਿਲੀ ਉਦਾਹਰਣ ਵਿਚ ਤਖ਼ਤ ਦਾ ਚਿੱਤ੍ਰ ਆਪਣੀ ਸਹਜ- ਸਰਲਤਾ ਦੀ ਆਭਾ ਨਾਲ ਉਦਭਾਸਿਤ ਹੁੰਦਾ ਹੈ। ਦੂਜਾ ਚਿੱਤ੍ਰ ਪਾਠਕਾਂ ਦੇ ਮਨ ਤੇ ਸ਼ਾਂਤ ਪ੍ਰਭਾਵ ਪਾਣ ਦੇ ਉਸੇ ਤਰ੍ਹਾਂ ਸਮਰੱਥ ਹੈ, ਜਿਵੇਂ ਮਹਾਤਮਾ ਬੁੱਧ ਦੀਆਂ ਪ੍ਰਾਚੀਨ ਮੂਰਤੀਆਂ ਦਰਸ਼ਕਾਂ ਦੇ ਮਨ ਤੇ ਪ੍ਰਭਾਵ ਛੋੜਦੀਆਂ ਹਨ।

ਇਨ੍ਹਾਂ ਸਥਿਰ ਚਿੱਤਰਾਂ ਦੇ ਨਾਲ ਗਤੀਮਾਨ ਚਿੱਤ੍ਰ ਵੀ ਭਾਈ ਸਾਹਿਬ ਦੇ ਕਾਵਿ ਵਿਚ ਮਿਲਦੇ ਹਨ। ਗਤੀਮਈ ਚਿੱਤ੍ਰ ਕਾਵਿ ਦੀ ਪ੍ਰਕ੍ਰਿਤੀ ਦੇ ਵਧੇਰੇ ਅਨੁਕੂਲ ਹੁੰਦੇ ਹਨ। ਸਥਿਰ ਚਿੱਤ੍ਰ ਕਾਵਿ ਦੇ ਉਲਟ ਚਿੱਤ੍ਰਕਾਰੀ ਦੇ ਲਈ ਵਧੇਰੇ ਢੁਕਵੇਂ ਹੁੰਦੇ ਹਨ ਕਿਉਂਕਿ ਸਾਖਿਆਤ ਦਰਸ਼ਨ ਰਾਹੀਂ ਬਹੁ- ਸੰਖਿਅਕ ਵਸਤੂ ਵਿਸਤਾਰ ਅਨੁਭਵਗੋਚਰ ਹੋ ਸਕਦਾ ਹੈ, ਪਰ ਕਾਵਿ ਵਿਚ ਕਲਪਨਾ ਚਖਸ਼ੂਆਂ ਦੁਆਰਾ ਇਸ ਨੂੰ ਹਿਰਦੇ ਵਿਚ ਵਸਾਉਣਾ ਕਠਿਨ ਹੋ ਜਾਂਦਾ ਹੈ। ਕਾਵਿ ਵਿਚ ਗਤੀ ਦੀ ਕਲਪਨਾ ਸੁਗਮਤਾ ਨਾਲ ਹੋ ਸਕਦੀ ਹੈ, ਪਰ ਪਟ ਤੇ ਇਸ ਦਾ ਚਿੱਤ੍ਰਨਾ ਕਠਿਨ ਹੋ ਜਾਂਦਾ ਹੈ। ਇਸ ਲਈ ਜੇ ਗਤੀਸ਼ੀਲ ਕਿਰਿਆ ਦੇ ਖੇਤਰ ਵਿਚ ਚਿੱਤ੍ਰਕਾਰ ਦੇ ਤਿਆਗਣ ਲਈ ਬਹੁਤ ਕੁਝ ਹੈ ਤਾਂ ਕਵੀ ਦੇ ਛੋੜਨ ਲਈ ਕਾਫ਼ੀ ਕੁਝ ਹੈ। ਉਸ ਨੂੰ ਐਸੀਆਂ ਵਸਤੂਆਂ ਦਾ ਜਮਘਟ ਪੇਸ਼ ਨਹੀਂ ਕਰਨਾ ਚਾਹੀਦਾ ਜੋ ਇਕ ਸਾਥ ਹੀ ਅੱਖ ਨੇ ਦ੍ਰਿਸ਼ਟੀਗੋਚਰ ਕਰਨਾ ਹੈ।[54] ਭਾਵ ਇਹ ਕਿ ਸਥਿਰ ਚਿੱਤ੍ਰ ਦਾ ਪਟ ਉਤੇ ਅਤੇ ਗਤੀਮਾਨ ਚਿੱਤ੍ਰਾਂ ਦਾ ਕਾਵਿ ਵਿਚ ਵਧੇਰੇ ਸਫ਼ਲਤਾ ਨਾਲ ਅੰਕਣ ਕੀਤਾ ਜਾ ਸਕਦਾ ਹੈ। ਭਾਈ ਸਾਹਿਬ ਦੇ ਕਾਵਿ ਵਿਚੋਂ ਗਤੀਮਾਨ ਚਿੱਤ੍ਰਾਂ ਦੇ ਕੁਝ ਉਦਾਹਰਣ ਵੇਖੋ:

1\. ਇਹ ਕਹਿੰਦੀ ਦੇ ਨੈਣ ਭਰ ਭਰ ਡੁੱਲ੍ਹ ਪੈ
ਤੁਪ ਤੁਪ ਕਰਦੇ ਡਿੱਗ ਪਾਤੀ ਸਾਊ ਤੇ
ਧਾਰ ਬੰਨ੍ਹ ਕੇ ਹੇਠ ਤਿਲਕ ਜਾਂਵਦੇ[55]

* * *

---

53\. ਰਾਣਾ ਸੂਰਤ ਸਿੰਘ, ਪੰਨਾ 66, ਪੰਕਤੀ 36-40

54\. " If, then, there is much in the domain of progressive action which the painter must renounce, there is much also that the poet must renounce. He must not paint, must not, that is to say, present a multitude of things which are to be apprehended simultaneoulsy by the eye."
( R.A. Scott. James, The Making of Literature, Ed. 1928, PP 105-106)

55\. ਰਾਣਾ ਸੂਰਤ ਸਿੰਘ, ਪੰਨਾ 112, ਪੰਕਤੀ 191-194.

2. ਪੋਟ ਪਪੂੜੇ ਫੁੱਟੇ ਲੈਂਦੀ ਅਸਮਾਨੀ ਲਟਕੰਦੜੀ,
ਵਿਚ ਹਿਮਾਲੇ ਰੰਗਾ ਆਈ ਸਿਖਰਾਂ ਦੁੱਖ ਫਿਰੰਦੜੀ।
ਠੰਢ ਲਗੀ, ਠੰਢ ਪਈ ਕਾਲਜੇ ਰੂਪਵਤੀ ਤਦ ਹੋਈ
ਚਿੱਟੀ ਬਣੀ ਕੁਹੀੜ ਸੁਹਾਵੀ ਪਰਬਤ ਆਨ ਖਲੋਈ।
ਹੋਰ ਠਰੀ, ਪੋਲੀ ਵਧ ਹੋਈ, ਹੇਠਾਂ ਨੂੰ ਲਹਿ ਆਈ।
ਰੂੰ ਦੇ ਫੁੰਬੇ ਗੁਹੜਿਆਂ ਵਾਂਗੂੰ, [illegible] ਨੂੰ ਪੈਂਦੀ ਛਹਿਬਰ ਲਾਈ।[56]

ਇੱਥੇ ਪਹਿਲੇ ਚਿੱਤ੍ਰ ਵਿਚ ਬਿਰਹਾ ਸ਼ੈਲੀ ਰਾਹੀਂ ਰਾਜ ਕੌਰ ਦੇ ਨੈਣਾਂ ਤੋਂ ਵਹਿੰਦੇ ਹੰਝੂਆਂ ਦਾ ਦ੍ਰਿਸ਼ ਅੰਕਿਤ ਹੋਇਆ ਮਿਲਦਾ ਹੈ। ਦੂਜੇ ਚਿੱਤ੍ਰ ਵਿਚ ਗਤੀ-ਸ਼ੀਲਤਾ ਦਾ ਅਧਿਕ ਸਜੀਵ ਚਿੱਤ੍ਰ ਹਿਮਾਲਾ ਉਤੇ ਆਕਾਸ਼ ਤੋਂ ਪੋਟ ਦਾ ਠੰਢਾ ਹੋ ਕੇ ਬਰਫ਼ ਬਣ ਕੇ ਰੂੰ ਦੇ ਗੁਹੜਿਆਂ ਵਾਂਗੂੰ ਕਿਰਨ ਦੇ ਰੂਪ ਵਿਚ ਸਾਮ੍ਹਣੇ ਆਉਂਦਾ ਹੈ।

<u>ਵਰਣ- ਯੋਜਨਾ</u> – ( Colour-Scheme )

ਭਾਈ ਸਾਹਿਬ ਦੀ ਚਿੱਤ੍ਰਨ ਕਲਾ ਦੇ ਨਾਲ ਹੀ ਵਰਣ-ਯੋਜਨਾ ਤੇ ਵਿਚਾਰ ਕਰ ਲੈਣੀ ਜ਼ਰੂਰੀ ਹੈ। ਵੈਸੇ ਉਸੇ ਕਵੀ ਦੇ ਕਾਵਿ ਵਿਚ ਸੁੰਦਰ ਚਿੱਤ੍ਰ ਮਿਲਦੇ ਹਨ, ਜਿਸ ਨੂੰ ਵਰਣਾਂ ਅਰਥਾਤ ਰੰਗਾਂ ਦਾ ਸੂਖਮ ਗਿਆਨ ਹੁੰਦਾ ਹੈ। ਸੰਸਕ੍ਰਿਤ ਵਿਚ ਕਾਲੀਦਾਸ ਅਤੇ ਅੰਗ੍ਰੇਜ਼ੀ ਵਿਚ ਕੀਟਸ ਰੰਗਾਂ ਦੀ ਵਿਵਸਥਾ ਵਿਚ ਬਹੁਤ ਨਿਪੁੰਨ ਸਨ। ਭਾਈ ਸਾਹਿਬ ਦੇ ਕਾਵਿ ਵਿਚ ਵਰਣ-ਯੋਜਨਾ ਦੇ ਕੁਝ ਚੰਗੇ ਉਦਾਹਰਣ ਮਿਲ ਜਾਂਦੇ ਹਨ। ਸਰੇਸ਼ਟ ਸ਼ਿਲਪਕਾਰਾਂ ਵਾਂਗੂੰ ਭਾਈ ਸਾਹਿਬ ਇਸੇ ਪਾਸੇ ਹੀ ਪ੍ਰਯਤਨਸ਼ੀਲ ਨਹੀਂ ਰਹੇ, ਪਰ ਫਿਰ ਵੀ ਕੁਝ ਸੁਭਾਵਿਕ ਪ੍ਰਯੋਗ ਜ਼ਰੂਰ ਮਿਲਦੇ ਹਨ। ਪਹਿਲੇ ਇਕ ਰੰਗ ਵਾਲੇ ਚਿੱਤ੍ਰਾਂ ਨੂੰ ਵੇਖੋ:-

1. ਇਨ੍ਹਾਂ ਬੱਦਲਾਂ ਕੋਰ ਕਿਨਾਰੇ ਉਚੜੇ
ਨਾਲ ਸੁਨਹਿਰੀ ਝਾਲ ਚਮਕੇ ਲਾਲ ਹੋ।
ਸੋਭਾ ਬਣੀ ਅਪਾਰ ਉਚੀ ਚੋਟੀਆਂ।
ਪੂਰਿਓਂ ਲਾਲੀ ਭਾਹ ਚਮਕਾਂ ਮਾਰਦੀ।[57]

* * *

2. ਚਾਂਦੀ ਟੁਕੜਾ ਸਾਫ਼ ਚਿੱਟਾ ਚਾਂਦੀਓਂ
ਸੀਤਲ ਮਿੱਠੇ ਤੇਜ ਵਾਲਾ ਨੂਰ ਹੈ
ਮਾਨੋ ਕਰ ਇਸ਼ਨਾਨ ਪਾਰੇ ਤਾਲ ਤੋਂ
ਨਿਖਰ, ਝਲਕ, ਛਲਕਾਰ ਸੋਟ੍ਹੇ ਮਾਰਦਾ
ਚੜ੍ਹਿਆ ਪੂਰਾ ਚੰਦ ਵਿਚ ਅਕਾਸ਼ ਦੇ।[58]

---

56. ਲਹਿਰਾਂ ਦੇ ਹਾਰ, ਪੰਨਾ 102        57. ਰਾਣਾ ਸੂਰਤ ਸਿੰਘ, ਪੰਨਾ 5-6, ਪੰਕਤੀ 4-7

58. ਰਾਣਾ ਸੂਰਤ ਸਿੰਘ, ਪੰਨਾ 100, ਪੰਕਤੀ 1-5

3. ਫਿਰ ਆਈ ਅਬਸ਼ਾਰ ਪਾਣੀ ਛਹਿ ਪਿਆ,
ਅਲਾਪ ਸੰਗੀਤ ਉਚਾਰ ਮਨ ਨੂੰ ਮੁਹ ਰਿਹਾ,
ਰੰਗ ਬਲੌਰੀ ਵੰਨ ਡਿਗਦੇ ਦਾ ਲਸੇ।[59]

* * *

4. ਢਲਕੇ ਗਰਮੀ ਨਾਲ ਪਾਣੀ ਹੋ ਗਿਆ
ਨੈਣੋਂ ਤ੍ਰੁਠਿਆ ਬਾਹੁ, ਹੰਝੂ ਹੋਇ ਕੇ,
ਮੋਤੀ ਡਲ੍ਹਕਾਂ ਮਾਰ ਰਿੜ੍ਹਦੇ ਜਾਂਵਦੇ ।[60]

* * *

ਇਥੇ ਪਹਲੇ ਚਿੱਤ੍ਰ ਵਿਚ ਅੰਮ੍ਰਿਤ ਵੇਲੇ ਬੱਦਲਾਂ ਦੇ ਨਾਲ ਊਸ਼ਾ ਦੇ ਪ੍ਰਕਾਸ਼ ਦਾ ਚਿੱਤ੍ਰ ਹੈ ਅਤੇ ਇਸ ਵਿਚ ਊਸ਼ਾ ਦੇ ਉਜਲ ਰੰਗ ਦੀ ਯੋਜਨਾ ਮਿਲਦੀ ਹੈ। ਦੂਜੇ ਚਿੱਤ੍ਰ ਵਿਚ ਸੂਰਜ ਦੀ ਲਾਲੀ ਦੇ ਟਾਕਰੇ ਤੇ ਚੰਦਰਮਾ ਦੇ 'ਸੀਤਲ ਮਿੱਠੇ ਤੇਜ ਵਾਲੇ ਨੂਰਾਂ ਨੂੰ ਚਾਂਦੀ- ਰੰਗਾ ਦੱਸਿਆ ਹੈ। ਤੀਜੇ ਚਿੱਤ੍ਰ ਵਿਚ ਸ਼ਾਲਾਮਾਰ ਦੇ ਝਰਨੇ ਦੇ ਸੀਤਲ ਜਲ ਦੇ ਰੰਗਾਂ ਦਾ ਬਿਆਨ ਹੈ। ਚੌਥੇ ਚਿੱਤ੍ਰ ਵਿਚ ਤ੍ਰਿਪਦੇ ਹੰਝੂਆਂ ਦੇ ਡਲ੍ਹਕਦੇ ਰੰਗ ਨੂੰ ਉਲੀਕਿਆ ਹੈ।

ਇਕ ਰੰਗ ਦਾ ਨਿਰੂਪਣ ਕੁਝ ਸਰਲ ਹੁੰਦਾ ਹੈ। ਕਵੀ ਦੀ ਵਰਣ-ਯੋਜਨਾ ਦੀ ਪਰੀਖਿਆ ਅਨੇਕ ਰੰਗਾਂ ਦੀ ਯੋਜਨਾ ਵਿਚ ਹੁੰਦੀ ਹੈ। ਭਾਈ ਸਾਹਿਬ ਦੇ ਕਾਵਿ ਵਿਚ ਵਿਭਿੰਨ ਵਰਣਾਂ ਦੀ ਯੋਜਨਾ ਦੇ ਪ੍ਰਯੋਗ ਵੀ ਮਿਲਦੇ ਹਨ, ਜਿਵੇਂ:

1. 'ਸੀਤਲ, ਚਿੱਟਾ ਸਾਫ਼ ਵਾਂਙੂ ਦੁੱਧ ਸੀ;
'ਫਰਸ਼ ਸੁ ਪਾਰੇ ਵਾਂਗ ਕੰਧਾਂ ਛੱਤ ਸੇ
'ਮਾਨੋ ਕਰਕੇ ਕੈਦ ਬਿਜਲੀ ਹੈ ਕਿਸੇ
'ਘੋਲ ਕਲੀ ਦੇ ਵਾਂਗ ਏਥੇ ਫੇਰਿਆ।[61]

* * *

2. ਸਾਵੇ ਸਾਵੇ ਟਿੱਬੇ ਸਾਰੇ ਪੀਲਤੱਣ ਤੇ ਆਏ।
ਸ਼ਾਖਾਂ ਨੇ ਹੈ ਰੰਗ ਬਦਲਿਆ ਸਬਜ਼ੀ ਘਟਦੀ ਜਾਏ।

* * *

ਰੰਗ ਗੁਲਾਬੀ ਤੇ ਭਾਹ ਸੂਹਣੀ ਆਭਾ ਮਸਤੀਆਂ ਵਾਲੀ
ਏਸ ਸਰੂਪੇ ਤੋਂ ਪਈ ਟਪਕੇ ਹਲਕੀ ਸੂਹਣੀ ਲਾਲੀ।[62]

---

59. ਸ਼ਾਲਾਮਾਰ, ਮਟਕ ਹੁਲਾਰੇ, ਪੰਨਾ 78-79
60. ਰਾਣਾ ਸੂਰਤ ਸਿੰਘ, ਪੰਨਾ 173, ਪੰਕਤੀ 177-179
61. ਉਹੀ, ਪੰਨਾ 77, ਪੰਕਤੀ 177-180
62. 'ਪਦਮ ਬ੍ਰਿਛ ਦੀ ਬਹਾਰ' ਬਿਜਲੀਆਂ ਦੇ ਹਾਰ, ਪੰਨਾ 83-84

3. ਯਾ ਕੇ ਫਰਸ਼ ਜ਼ਮੁਰਦ ਉਤੇ ਨੀਰ ਬਲੌਰੀ ਆਇਆ ?
ਯਾ ਇਕ ਝੁੰਡ ਸਬਜ਼ ਪਰੀਆਂ ਦਾ ਵਿਚ ਅਸਮਾਨਾਂ ਛਾਇਆ—
ਨੀਰ ਬਲੌਰੀ ਉਨ੍ਹਾਂ ਸਮਝਿਆ ਸ਼ੀਸ਼ਾ ਕਿਸੇ ਵਿਛਾਇਆ।[63]

* * *

ਇੱਥੇ ਪਹਿਲੇ ਚਿੱਤ੍ਰ ਵਿਚ ਚੰਦਰਮਾ ਦੇ ਰੰਗਾਂ ਵਿਚ ਚਿੱਟੇ, ਦੁੱਧ- ਰੰਗੇ ਤੇ ਬਿਜਲੀ ਦੀ ਚਮਕਾਹਟ ਵਾਲੇ ਰੰਗਾਂ ਦਾ ਸੁਮੇਲ ਦੱਸਿਆ ਹੈ। ਦੂਜੇ ਚਿੱਤ੍ਰ ਵਿਚ ਪ੍ਰਕ੍ਰਿਤੀ ਦੇ ਵਿਭਿੰਨ ਰੰਗਾਂ ਵਿਚ - ਸਾਵੇ, ਪੀਲੇ, ਗੁਲਾਬੀ ਤੇ ਲਾਲ ਦਾ ਉਲੇਖ ਕੀਤਾ ਹੈ। ਤੀਜੇ ਚਿੱਤ੍ਰ ਵਿਚ ਛੰਭ ਹਾਰਵਨ ਦੇ ਜਲ ਦੇ ਰੰਗਾਂ ਵਿਚ ਜ਼ਮੁਰਦ, ਬਲੌਰੀ ਤੇ ਸਬਜ਼ ਰੰਗਾਂ ਦਾ ਸੰਜੋਗ ਕੀਤਾ ਮਿਲਦਾ ਹੈ।

ਇਸ ਤਰ੍ਹਾਂ ਜਿਥੇ ਵੀ ਸੰਭਵ ਹੋ ਸਕਿਆ ਹੈ, ਭਾਈ ਸਾਹਿਬ ਨੇ ਵਰਣ ਯੋਜਨਾ ਦਾ ਧਿਆਨ ਰੱਖਿਆ ਹੈ। ਉਨ੍ਹਾਂ ਦੀ ਵਰਣ- ਯੋਜਨਾ ਵਿਚ ਚਮਕੀਲੇ ਤੇ ਉਜਲ ਰੰਗਾਂ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ।

**ਅਲੰਕਾਰ**

ਦੰਡੀ ਨੇ ਕਾਵਿ ਵਿਚ ਉਨ੍ਹਾਂ ਗੁਣਾਂ ਨੂੰ ਅਲੰਕਾਰ ਕਹਿਆ ਹੈ, ਜਿਨ੍ਹਾਂ ਨਾਲ ਉਸ ਦੀ ਸ਼ੋਭਾ ਵਧਦੀ ਹੈ।[64] ਕਵੀ ਜਨ ਵਿਸ਼ੇ ਦੀ ਸਪਸ਼ਟਤਾ ਅਤੇ ਸੁਬੋਧਤਾ ਦੇ ਲਈ ਅਲੰਕਾਰਾਂ ਦੀ ਵਰਤੋਂ ਕਰਦੇ ਹਨ। ਪ੍ਰਸਤੁਤ ਦੀ ਗੋਚਰਤਾ ਦੇ ਗਿਆਨ ਦੇ ਨਮਿੱਤ ਸਾਰੇ ਕਵੀਆਂ ਨੇ ਜੀਵਨ ਦੇ ਨਾਨਾ ਪਰਿਚਤ ਖੇਤਰਾਂ ਵਿਚੋਂ ਅਲੰਕਾਰਾਂ ਦਾ ਵਿਧਾਨ ਕੀਤਾ ਹੈ। ਅਲੰਕਾਰ ਦਾ ਮੁੱਖ ਆਧਾਰ ਸਮਾਨਤਾ ਹੈ। ਸਮਾਨਤਾ ਦੋ ਪ੍ਰਕਾਰ ਦੀ ਹੋ ਸਕਦੀ ਹੈ: ਰੂਪ ਦੀ ਸਮਾਨਤਾ ਅਥਵਾ ਉਪਮਾ ਅਤੇ ਧਰਮ ਦੀ ਸਮਾਨਤਾ ਅਥਵਾ ਰੂਪਕ। ਭਾਈ ਸਾਹਿਬ ਦੇ ਕਾਵਿ ਵਿਚ ਇਨ੍ਹਾਂ ਦੋਹਾਂ ਦੇ ਪ੍ਰਯੋਗ ਮਿਲਦੇ ਹਨ।

<u>ਉਪਮਾ</u>

ਪ੍ਰਸਤੁਤ ਦੇ ਰੂਪ ਅਤੇ ਆਕਾਰ ਨੂੰ ਸਪਸ਼ਟ ਕਰਨ ਦੇ ਲਈ ਉਪਮਾ ਅਲੰਕਾਰ ਦੀ ਵਰਤੋਂ ਕੀਤੀ ਜਾਂਦੀ ਹੈ। ਭਾਵੇਂ ਅੱਜ ਦਾ ਕਵੀ ਰੂਪ- ਰੰਗ ਦੇ ਸਾਦ੍ਰਿਸ਼ ਨੂੰ ਵਧੇਰੇ ਤਿਲਾਂਜਲੀ ਦੇ ਰਹਿਆ ਹੈ ਅਤੇ ਉਹ ਰੂਪਕ ਦੇ ਪ੍ਰਤਿ ਵਧੇਰੇ ਸਚੇਸ਼ਟ ਹੈ, ਫਿਰ ਵੀ ਉਪਮਾ ਦਾ ਪੂਰਨ ਤਿਆਗ ਨਹੀਂ ਕੀਤਾ ਜਾ ਸਕਿਆ ਕਿਉਂਕਿ ਵਸਤੂ ਦੇ ਸਰੂਪ ਦਾ ਬੋਧ ਕਰਾਉਣ ਲਈ ਇਸ ਦਾ ਪ੍ਰਯੋਗ ਜ਼ਰੂਰੀ ਹੈ। ਵੈਸੇ ਅਨਾਦੀ ਕਾਲ ਤੋਂ ਕਵੀ ਉਪਮਾ ਅਲੰਕਾਰ ਦੀ ਵਰਤੋਂ ਕਰਦੇ ਆਏ ਹਨ। ਇੱਥੋਂ ਤਕ ਕਿ ਬਹੁਤੇ ਉਪਮਾਨ ਰੂੜ੍ਹੀਗਤ ਹੀ ਹੋ ਗਏ ਹਨ ਅਤੇ ਜੇ ਕੋਈ ਕਲਾਕਾਰ ਇਨ੍ਹਾਂ ਦੀ ਵਧੇਰੇ ਵਰਤੋਂ ਕਰਦਾ ਹੈ, ਉਸ ਦੇ ਕਾਵਿ ਦੀ ਸੁੰਦਰਤਾ ਬਾਸੀ ਜਹੀ ਹੋ ਜਾਂਦੀ ਹੈ। ਇਸੇ ਲਈ ਅਜੋਕੇ ਕਵੀ ਯਤਨ ਨਾਲ ਇਨ੍ਹਾਂ ਤੋਂ ਬਚਦੇ ਹਨ ਅਤੇ ਉਹ ਆਪਣੀ ਰੂਪ ਚੇਤਨਾ ਨੂੰ ਸੰਵੇਦਨਸ਼ੀਲ ਬਣਾਉਣ ਲਈ ਨਵੀਨ ਉਪਮਾਵਾਂ ਦੀ ਕਲਪਨਾ ਕਰਦੇ ਹਨ।

---

63. ਛੰਭ ਹਾਰਵਨ, ਮਟਕ ਹੁਲਾਰੇ, ਪੰਨਾ 83

64. ਕਾਵਿਯਾਦਰਸ਼— 2:1

ਭਾਈ ਸਾਹਿਬ ਦੇ ਹਿਰਦੇ ਵਿਚ ਪਰੰਪਰਾ ਪ੍ਰਤਿ ਬੜੀ ਸ਼ਰਧਾ ਸੀ,ਪਰ ਅਭਿਵਿਅਕਤੀ ਦੀ ਨਵੀਨਤਾ ਲਈ ਉਨ੍ਹਾਂ ਨੇ ਰੂੜ੍ਹੀਗਤ ਉਪਮਾਵਾਂ ਨੂੰ ਤਿਆਗਣ ਦਾ ਕਾਫ਼ੀ ਯਤਨ ਕੀਤਾ ਹੈ। ਫਿਰ ਵੀ ਕਈ ਥਾਵਾਂ ਤੇ ਪਰੰਪਰਾ ਸਿੱਧ ਉਪਮਾਵਾਂ ਦੀ ਵਰਤੋਂ ਦੇ ਉਦਾਹਰਣ ਮਿਲ ਜਾਂਦੇ ਹਨ,ਜਿਵੇਂ:

ਤੁਰਦੀ ਆਵੇ ਨਾਰਿ ਦੂਰੋਂ ਇਕ ਹੈ।
—ਡੰਡਲ ਕਵਾਰੀ ਵਾਂਙ ਪਤਲੀ ਡੀਲ ਦੀ—
ਜੋਬਨ ਦਾ ਚੜ੍ਹਾਉ,ਉਮਰ ਜਵਾਨ ਹੈ
ਚਿਹਰਾ ਚੰਦੋਂ ਵੱਧ,ਮੁਹਿਰਾ ਮੋਹਣਾ
ਕਿ ਕੋ ਸਾਰ ਨੁਹਾਰ ਫਬਨਾ ਵਾਲੜੀ।[65]

ਇੱਥੇ ਡੰਡਲ ਕੰਵਾਰੀ ਵਾਂਙ ਪਤਲੀ ਡੀਲ ਅਤੇ ਚਿਹਰੇ ਦੀ ਸੁੰਦਰਤਾ ਦੇ 'ਚੰਦੋਂ ਵੱਧ' ਸੁੰਦਰ ਹੋਣ ਦੇ ਉਪਮਾਨ ਰੂੜ੍ਹੀਗਤ ਹੀ ਹਨ।

ਇਸ ਦੇ ਨਾਲ ਹੀ ਕਈ ਥਾਵਾਂ ਤੇ ਕੁਝ ਨਵੀਆਂ ਉਪਮਾਵਾਂ ਦੇ ਪ੍ਰਯੋਗ ਵੀ ਪ੍ਰਾਪਤ ਹੁੰਦੇ ਹਨ:

1. ਕਿਰਦੇ ਨਾਲੇ ਜਾਣ ਹੰਝੂ ਸੋਹਿਣੇ
ਕਿਣਕੇ ਜਿੱਕੁਰ ਤ੍ਰੇਲ ਟਪਕਣ ਫੁੱਲ ਤੋਂ।[66]

* * *

2. "ਰਾਜ ਹੰਸ ਦੀਆਂ ਧੌਣਾਂ ਵਰਗਾ ਕਿੱਥੋਂ ਆ ਗਿਆ ਜੋੜਿਆ ?
" ਡੰਡਲ ਵਾਂਙ ਨਿਕਲ ਇਹ ਧੌਣਾਂ ਦੇ ਉਚੀਆਂ ਹਨ ਝੁਕੀਆਂ।[67]

* * *

3. ਪਾਣੀ ਕਰੇ ਕਲੋਲ ਮਸਤਵੇਂ ਝਰਨੇ ਰਾਗ ਸੁਨਾਵਨ,
ਜਿਉਂ ਕੱਥਕ ਗਾਵਨ ਤੇ ਨੱਚਣ ਨਾਲ ਬਤਾਵਾ ਲਾਵਨ।[68]

* * *

4. ਚੜ੍ਹ ਪਿਆ ਮਾਘੋਂ ਮਹੀਨਾ ਸੁਕੇ ਨੈਣ ਨ ਮਾਂਡੇ
ਬੱਦਲ ਭਰਿਆਂ ਦੇ ਵਾਂਗੂ ਅੱਖਾਂ ਭਰੀਆਂ ਹੀ ਰਹੀਆਂ।[69]

* * *

ਇੱਥੇ ਪਹਲੀ ਉਦਾਹਰਣ ਵਿਚ ਹੰਝੂਆਂ ਦੀ ਤੁਲਨਾ ਫੁੱਲ ਤੇ ਟਪਕਦੀ ਤ੍ਰੇਲ ਨਾਲ ਕੀਤੀ ਗਈ ਹੈ। ਹੰਝੂ ਤੇ ਤ੍ਰੇਲ ਵਿਚ ਆਕਾਰ ਤੇ ਵਰਣ ਦੀ ਸਮਾਨਤਾ ਹੁੰਦੀ ਹੈ। ਦੂਜੀ ਉਦਾਹਰਣ ਵਿਚ ਸਰੋਵਰ ਅੰਦਰ ਕੰਵਲਾਂ ਦੀਆਂ ਡੰਡਲਾਂ ਦੇ ਰੂਪ-ਆਕਾਰ ਦਾ ਗਿਆਨ ਮਿਲਦਾ ਹੈ। ਤੀਜੀ ਉਦਾਹਰਣ ਵਿਚ ਨਿਸ਼ਾਤ ਤੇ ਨੂਰ ਜਹਾਨ ਦਿਆਂ ਝਰਨਿਆਂ ਦੇ ਪਾਣੀ ਦੇ ਰਾਗ ਦੀ ਤੁਲਨਾ ਕੱਥਕਾਂ ਦੇ ਗਾਣ,ਨੱਚਣ ਨਾਲ ਕੀਤੀ ਹੈ,ਜੋ ਬੜੀ ਮੌਲਿਕ ਹੈ।

---

65. ਰਾਣਾ ਸੂਰਤ ਸਿੰਘ,ਪੰਨਾ 2,ਪੰਕਤੀ 46-50
66. ਉਹੀ,ਪੰਨਾ 5,ਪੰਕਤੀ 279-280
67. ਜੀਵਨ ਕੀ ਹੈ?,ਲਹਿਰਾਂ ਦੇ ਹਾਰ,ਪੰਨਾ 54
68. 'ਨਿਸ਼ਾਤ ਤੇ ਨੂਰ ਜਹਾਂ,ਮਟਕ ਹੁਲਾਰੇ,ਪੰਨਾ 134
69. ਕੰਤ ਮਹੇਲੀ,ਪੰਨਾ 12.

ਚੌਥੀ ਉਦਾਹਰਣ ਵਿਚ ਵਿਜੋਗਣ ਦੀਆਂ ਭਰੀਆਂ ਅੱਖੀਆਂ ਦੀ ਤੁਲਨਾ ਭਰਿਆਂ ਬੱਦਲਾਂ ਨਾਲ ਕੀਤੀ ਗਈ ਹੈ ਜੋ ਬੜੀ ਸੂਖਮ ਹੈ।

ਸਰੂਪ- ਬੋਧ ਅਤੇ ਭਾਵ ਤੀਬਰਤਾ ਦੀ ਅਨੁਭੂਤੀ ਦੇ ਲਈ ਭਾਈ ਸਾਹਿਬ ਨੇ ਮੂਰਤ ਤੇ ਅਮੂਰਤ ਉਪਮਾਨਾਂ ਦੀ ਯੋਜਨਾ ਵੀ ਕੀਤੀ ਹੈ। ਪਹਿਲੇ ਮੂਰਤ ਦੇ ਅਮੂਰਤ ਵਿਧਾਨ ਦੇ ਕੁਝ ਉਦਾਹਰਣ ਵੇਖੋ:

1. ਫਿਰ ਠੰਢੇ ਲੈ ਸਵਾਸ ਉਠੀ ਸੋਹਿਣੀ
ਚਲੀ ਸੁਗੰਧੀ ਵਾਂਗ ਬਾਗ ਵਿਚਾਲੜੇ[70]

* * *

2. ਮਧਮ ਪੈ ਗਏ ਸਵਾਸ ਮਨ ਦੇ ਨਾਲ ਹੀ
ਜਿਵੇਂ ਬੈਠਵਾਂ ਤਾਲ, ਧੀਮੀ ਲੈ ਜਿਵੇਂ।[71]

* * *

ਇੱਥੇ ਪਹਿਲੀ ਉਦਾਹਰਣ ਵਿਚ ਰਾਣੀ ਦੇ ਬਾਗ ਵਿਚ ਪ੍ਰਵੇਸ਼ ਨੂੰ ਸੁਗੰਧੀ ਦੇ ਫੈਲਣ ਸਮਾਨ ਉਲੀਕਿਆ ਹੈ। ਇੱਥੇ ਮੂਰਤ ਰਾਜ ਕੌਰ ਦੀ ਚਾਲ ਨੂੰ ਅਮੂਰਤ ਸੁਗੰਧੀ ਸਮਾਨ ਦੱਸਿਆ ਹੈ। ਇੱਥੇ ਪ੍ਰਸ਼ਨ ਹੋ ਸਕਦਾ ਹੈ ਕਿ ਜੋ ਆਪ ਹੀ ਅਮੂਰਤ ਹੈ, ਉਹ ਮੂਰਤ ਦੀ ਅਨੁਭੂਤੀ ਵਿਚ ਕਿਵੇਂ ਸਹਾਇਕ ਹੋ ਸਕਦਾ ਹੈ ? ਅਸਲ ਵਿਚ ਕੁਝ ਅਮੂਰਤ ਭਾਵਨਾਵਾਂ ਸਾਡੇ ਮਨ ਵਿਚ ਮੂਰਤ ਵਸਤੂਆਂ ਤੋਂ ਵੀ ਵਧੇਰੇ ਸਪਸ਼ਟ ਹੁੰਦੀਆਂ ਹਨ ਤੇ ਉਹ ਸੰਬੰਧਿਤ ਤੱਥਾਂ ਨੂੰ ਹਿਰਦੇ ਵਿਚ ਉਲੀਕਣ ਵਿਚ ਵਧੇਰੇ ਸਹਾਇਕ ਹੁੰਦੀਆਂ ਹਨ। ਉਪਰ-ਯੁਕਤ ਉਦਾਹਰਣ ਵਿਚ ਸੁਗੰਧੀ ਅਮੂਰਤ ਹੈ, ਪਰ ਇਹ ਭਾਵ ਨੂੰ ਸਪਸ਼ਟ ਕਰਨ ਵਿਚ ਕਾਫ਼ੀ ਸਹਾਈ ਹੁੰਦੀ ਹੈ। ਦੂਜੀ ਉਦਾਹਰਣ ਵਿਚ ਰਾਜ ਮਾਤਾ ਦੇ ਸਵਾਸਾਂ ਦੀ ਚਾਲ ਨੂੰ 'ਬੈਠਵੇਂ ਤਾਲ ਤੇ ਧੀਮੀ ਲੈ' ਜੋ ਅਮੂਰਤ ਹਨ, ਨਾਲ ਤੁਲਨਾ ਕੇ ਭਾਈ ਸਾਹਿਬ ਨੇ ਭਾਵ ਨੂੰ ਵਧੇਰੇ ਸਪਸ਼ਟ ਕੀਤਾ ਹੈ।

ਇਸ ਦੇ ਨਾਲ ਹੀ ਭਾਈ ਸਾਹਿਬ ਦੇ ਕਾਵਿ ਵਿਚ ਅਮੂਰਤ ਦੇ ਮੂਰਤ ਵਿਧਾਨ ਤੇ ਉਪਮਾਨਾਂ ਦੇ ਪ੍ਰਯੋਗ ਵੀ ਮਿਲਦੇ ਹਨ, ਜਿਵੇਂ:

1. 'ਬਿਰਹੋਂ ਨਾਗ ਆਣ ਮੈਨੂੰ ਘੇਰਿਆ
'ਕੀਤਾ ਪਕੜ ਕਬਾਬ ਸੀਨਾ ਭੁੰਨਿਆ;
'ਮੱਛੀ ਜਿੱਕੁਰ ਰੇਤ ਤਿਵੇਂ ਤੁਛਾਂਵਦਾ;[72]

* * *

2. ਜਾਗ, ਹਾਂ ਲਰਜ਼ਦੀ ਹੈ ਮੇਰੀ ਜਾਗ,
ਜਿਵੇਂ ਲਰਜ਼ਦੀ ਏ ਤਿੱਲੇ ਦੀ ਤਾਰ
ਸੁੰਦਰੀ ਦੇ ਪੌਲੇ ਨਾਲ ਪਲਮਦੀ।[73]

***

---

70. ਰਾਣਾ ਸੂਰਤ ਸਿੰਘ, ਪੰਨਾ 7, ਪੰਕਤੀ 74-75
71. ਉਹੀ, ਪੰਨਾ 101, ਪੰਕਤੀ 98-99
72. ਪੰਨਾ 5, ਪੰਕਤੀ 255-257
73. 'ਸਹਿਕੇ ਤੇਰੀ ਜਾਦੂਗਰੀ ਦੇ,' ਮੇਰੇ ਸਾਂਈਆਂ ਜੀਓ, ਪੰਨਾ 4.

ਇੱਥੇ ਪਹਿਲੀ ਉਦਾਹਰਣ ਵਿਚ ਰਾਣੀ ਦੀ ਬਿਰਹਾ-ਅਵਸਥਾ ਦੇ ਅਮੂਰਤ ਰੂਪ ਨੂੰ ਸਹਜ ਗ੍ਰਹਣ ਜੋਗ ਬਣਾਉਣ ਲਈ 'ਕੀਤਾ ਪਕੜ ਕਬਾਬ ਸੀਨਾ ਭੁੰਨਿਆ' ਅਤੇ 'ਮੱਛੀ ਜਿਹੁੰ ਰੇਤ ਵਿਚ ਲੁਛਾਂਵਦਾ' ਨਾਲ ਤੁਲਨਾਇਆ ਹੈ। ਦੂਜੀ ਉਦਾਹਰਣ ਵਿਚ ਜਾਗ ਦੇ 'ਸੂਖਮ ਲਰਜ਼ੇ' ਨੂੰ ਮੂਰਤੀਮਾਨ ਕਰਨ ਲਈ ਪੌਣ ਨਾਲ ਪਲਮਦੀ ਤਿੱਲੇ ਦੀ ਤਾਰ ਦੇ ਲਰਜ਼ੇ ਦਾ ਮੂਰਤ ਵਿਧਾਨ ਕੀਤਾ ਹੈ।

## ਰੂਪਕ ਅਲੰਕਾਰ

ਰੂਪਕ ਦਾ ਆਧਾਰ ਹੈ ਧਰਮ ਅਥਵਾ ਗੁਣ ਦੀ ਸਮਾਨਤਾ। ਉਪਮਾ ਵਿਚ ਕਵੀ ਦਾ ਉਦੇਸ਼ ਪਾਠਕ ਨੂੰ ਰੂਪ-ਰੰਗ ਅਤੇ ਆਕਾਰ-ਪ੍ਰਕਾਰ ਦਾ ਬੋਧ ਕਰਾਉਣਾ ਹੁੰਦਾ ਹੈ। ਰੂਪਕ ਮੂਲਕ ਉਪਮਾਨਾਂ ਰਾਹੀਂ ਕਵੀ ਪ੍ਰਸਤੁਤ ਦੇ ਗੁਣ ਅਥਵਾ ਧਰਮ ਦਾ ਬੋਧ ਕਰਾਉਂਦਾ ਹੈ। ਇਸ ਰਾਹੀਂ ਕਵੀ ਵਸਤੂ ਦੇ ਧਰਮ ਵਿਸ਼ਿਅਕ ਆਤਮ-ਸਥ ਅਨੁਭੂਤੀ ਨੂੰ ਪਾਠਕਾਂ ਦੇ ਲਈ ਸੰਵੇਦਨੀ ਬਣਾਉਂਦਾ ਹੈ। ਆਧੁਨਿਕ ਕਵੀ ਦੀ ਕੌਸ਼ਲਤਾ ਜ਼ਿਆਦਾ ਰੂਪਕ ਦੇ ਪ੍ਰਯੋਗ ਤੋਂ ਜ਼ਾਹਰ ਹੁੰਦੀ ਹੈ। ਭਾਈ ਸਾਹਿਬ ਨੇ ਵੀ ਰੂਪਕਾਂ ਦੇ ਵਿਭਿੰਨ ਪ੍ਰਯੋਗ ਕੀਤੇ ਹਨ, ਜਿਵੇਂ:

1. ਪ੍ਰੇਮ ਨਦੀ ਅਸਗਾਹ-ਪ੍ਰੀਮਣ ਘੇਰੀਆਂ
   ਇਸ ਵਿਚ ਹੈਨ ਅਪਾਰ-ਗਿਣੀਆਂ ਜਾਣ ਨ[74]

* * *

2. ਪਤੀ ਵਿਛੁੰਨੀ ਨਾਰ ਕੂੰਜ ਕੁਲਾਉਂਦੀ[75]

* * *

3. ਜੋਗੀ ਖੜੇ ਚਿਨਾਰ ਸ੍ਰਾਤੀ ਵਸ ਰਹੀ[76]

* * *

4. ਕਿਰਨਾਂ ਵਾਲੇ ਬਾਣ ਫਿਰ ਤਾਂ ਆ ਗਏ[77]

* * *

ਇੱਥੇ ਪਹਿਲੀ ਉਦਾਹਰਣ ਵਿਚ ਪ੍ਰੇਮ ਤੇ ਨਦੀ ਦੀ ਸਮਾਨਤਾ ਸਿਰਫ਼ ਧਰਮ ਜਾਂ ਗੁਣ ਦੀ ਮਿਲਦੀ ਹੈ। ਪ੍ਰੀਤ ਵੀ ਬੜੀ ਡੂੰਘੀ ਹੈ ਤੇ ਨਦੀ ਵੀ। ਦੂਜੀ ਉਦਾਹਰਣ ਵਿਚ ਰਾਣੀ ਦੀ ਕੁਰਲਾਹਟ ਨੂੰ ਕੂੰਜ ਦੀ ਕੁਰਲਾਹਟ ਦੇ ਸਮਾਨ ਉਲੀਕਿਆ ਹੈ। ਵਿਜੋਗਣ ਤੇ ਕੂੰਜ ਵਿਚ ਰੂਪ-ਆਕਾਰ ਦੀ ਸਮਾਨਤਾ ਨਹੀਂ ਹੈ, ਉਨ੍ਹਾਂ ਵਿਚ ਸਮਾਨਤਾ ਸਿਰਫ਼ ਧਰਮ ਦੀ ਹੈ। ਤੀਜੀ ਉਦਾਹਰਣ ਵਿਚ ਸ਼ਾਲਾਮਾਰ ਬਾਗ਼ ਵਿਚ ਚੁਪ ਚਾਪ ਖੜੇ ਚਿਨਾਰਾਂ ਨੂੰ ਜੋਗੀ ਦੱਸਿਆ ਹੈ। ਚੌਥੀ ਉਦਾਹਰਣ ਵਿਚ ਸੂਰਜ ਦੀਆਂ ਕਿਰਨਾਂ ਦੀ ਸਮਾਨਤਾ ਬਾਣਾਂ ਨਾਲ ਦੱਸੀ ਹੈ।

---

74. ਰਾਣਾ ਸੂਰਤ ਸਿੰਘ, ਪੰਨਾ 38, ਪੰਕਤੀ 84-85
75. ਉਹੀ, ਪੰਨਾ 190, ਪੰਕਤੀ 138
76. ਮਟਕ ਹੁਲਾਰੇ, ਪੰਨਾ 78
77. ਰਾਣਾ ਸੂਰਤ ਸਿੰਘ, ਪੰਨਾ 6, ਪੰਕਤੀ 11-12

ਭਾਈ ਸਾਹਿਬ ਨੇ ਕਈ ਰੂਪਕਾਂ ਦੀ ਵਰਤੋਂ ਵਿਚ ਧਰਮ ਦੇ ਲਈ ਧਰਮੀ ਦਾ ਪ੍ਰਯੋਗ ਕੀਤਾ ਹੈ। ਨਿਸ਼ਚੇ ਹੀ ਕਿਸੇ ਵਸਤੂ ਦੇ ਗੁਣ ਅਥਵਾ ਧਰਮ ਦੇ ਬਦਲੇ ਉਸ ਵਸਤੂ ਦਾ ਉਲੇਖ ਹੋਣ ਤੇ ਸੰਵੇਦਨ ਵਿਚ ਤੀਬਰਤਾ ਆ ਜਾਂਦੀ ਹੈ ਪਰ ਇਹ ਪ੍ਰਯੋਗ ਹੈ ਬਹੁਤ ਕਠਿਨ। ਕੁਝ ਉਦਾਹਰਣਾਂ ਪ੍ਰਸਤੁਤ ਹਨ:

1. ਅਜ ਜਦ ਦਿਨ ਦਾ ਕਾਲ ਬਚਪਨ ਵਾਲੜਾ।
ਲੰਘ ਗਿਆ ਸੀ, ਫੇਰ ਸੂਰਜ ਆ ਗਿਆ;
ਇਸ ਦੇ ਤਿੱਖੇ ਤੀਰ ਰਾਪਾ ਖਾਇ ਕੇ
ਕੂਹਕ ਉਠੀ ਕਹਿ: 'ਹਾਇ ਦੋਵੇਂ ਆ ਗਏ'[78]

* * *

2. ਇਕ ਦਿਨ ਮੈਂ ਕਰਕੌਲ ਲੈ ਗਿਆ ਮੁਰਸ਼ਦ ਮੂਹਰੇ ਧਰਿਆ।
ਜੂਠ ਜੂਠ ਕਰ ਉਸ ਉਲਟਾਇਆ ਖਾਲੀ ਸਾਰਾ ਕਰਿਆ।[79]

* * *

ਇੱਥੇ ਪਹਲੀ ਉਦਾਹਰਣ ਵਿਚ ਸੂਰਜ ਦੀਆਂ ਕਿਰਨਾਂ ਦੀ ਥਾਂ ਤਿੱਖੇ ਤੀਰਾਂ ਦਾ ਪ੍ਰਯੋਗ ਜ਼ਿਆਦਾ ਸੰਵੇਦਨੀ ਬਣਦਾ ਹੈ। ਦੂਜੀ ਉਦਾਹਰਣ ਵਿਚ ਕਰਕੌਲ ਦੇ ਉਪਮਾਨ ਵਿਚ ਗੁਣ ਅਥਵਾ ਧਰਮ ਦੇ ਬਦਲੇ ਵਸਤੂ ਦਾ ਹੀ ਉਲੇਖ ਕੀਤਾ ਹੈ।

ਇਸ ਦੇ ਉਲਟ ਕਈ ਥਾਵਾਂ ਤੇ ਭਾਈ ਸਾਹਿਬ ਨੇ ਰੂਪਕਾਂ ਦੀ ਵਰਤੋਂ ਵਿਚ ਵਿਅਕਤੀ ਅਥਵਾ ਵਸਤੂ ਦੇ ਸਥਾਨ ਤੇ ਗੁਣ ਜਾਂ ਧਰਮ ਦਾ ਪ੍ਰਯੋਗ ਕੀਤਾ ਹੈ। ਧਰਮ ਦੇ ਲਈ ਧਰਮੀ ਦਾ ਪ੍ਰਯੋਗ ਕਰਨ ਵਿਚ ਜੇ ਕਵੀ ਦਾ ਉਦੇਸ਼ ਤੀਬਰਤਾ ਪੈਦਾ ਕਰਨਾ ਹੁੰਦਾ ਤਾਂ ਅਭਿਵਿਅੰਜਨਾ ਦੀ ਇਸ ਪ੍ਰਣਾਲੀ ਦਾ ਨਿਸ਼ਾਨਾ ਵਿਆਪਕਤਾ ਹੋਇਆ ਕਰਦਾ ਹੈ। ਕੁਝ ਉਦਾਹਰਣਾਂ ਵੇਖੋ:-

1. ਦੇ ਦਰਸ਼ਨ ਅੱਖਾਂ ਮਸਤਾਂਦਾ ਪਾਇ ਤਣਾਵਾਂ ਕੱਸਦਾ,
ਝਰਨਾਟਾਂ ਜੋ ਜਾਦੂ ਫੈਲੀਆਂ ਮਨ ਨੂੰ ਪਾ ਪਾ ਦੱਸਦਾ।[80]

* * *

2. ਜਿਸ ਦੀ ਛਬਿ ਨੂੰ ਦੇਖ ਛਬਿ ਬੀ ਸੌਂ ਗਈ
ਮਾਨੋ ਸੀ ਅਵਤਾਰ ਇਹ ਸੁਹਣੱਪ ਦਾ।[81]

ਇੱਥੇ ਪਹਲੀ ਉਦਾਹਰਣ ਵਿਚ ਪ੍ਰਭੂ ਰੂਪੀ ਪ੍ਰੀਤਮ ਦੇ ਸਥਾਨ ਤੇ ਉਸ ਦੇ ਦਰਸ਼ਨ ਦੇ ਗੁਣਾਂ ਦਾ ਭਾਵ 'ਦਰਸ਼ਨ ਦੇ ਕੇ ਅੱਖਾਂ ਵਿਚ ਮਸਤੀ ਭਰਨਾ ਅਤੇ ਹਿਰਦੇ ਵਿਚ ਝਰਨਾਟਾਂ ਛੇੜਨ ਰਾਹੀਂ ਇਸ ਦਾ ਪ੍ਰਯੋਗ ਵਿਅਕਤੀ ਵਿਸ਼ੇਸ਼

---

78. ਰਾਣਾ ਸੂਰਤ ਸਿੰਘ, ਪੰਨਾ 110, ਪੰਕਤੀ 74-77
79. ਲਹਿਰਾਂ ਦੇ ਹਾਰ, ਪੰਨਾ 23
80. ਕਿਵੇਂ ਨ ਵਧੀਂਦਾ, ਲਹਿਰਾਂ ਦੇ ਹਾਰ, ਪੰਨਾ 28
81. ਰਾਣਾ ਸੂਰਤ ਸਿੰਘ, ਪੰਨਾ 7, ਪੰਕਤੀ 98-99

ਤਕ ਸੀਮਤ ਨਹੀਂ ਰਹਿੰਦਾ ਸਗੋਂ ਇਸ ਦੇ ਧਰਮ ਦੇ ਪ੍ਰਯੋਗ ਨਾਲ ਇਸ ਦਾ ਖੇਤਰ ਵਿਸਤ੍ਰਿਤ ਹੋ ਜਾਂਦਾ ਹੈ। ਦੂਜੀ ਉਦਾਹਰਣ ਵਿਚ ਰਾਣਾ ਸੂਰਤ ਸਿੰਘ ਨੂੰ ਸੁੰਦਰ ਸਰੂਪ ਵਾਲਾ ਪੁਰਸ਼ ਕਾਨ੍ਹ ਦੀ ਧਾਂ ਉਸ ਦੀ ਛਬਿ ਦੇ ਸਾਮ੍ਹਣੇ 'ਛਬਿ' ਦਾ ਮਾਤ ਪੈਣਾ ਦੱਸ ਕੇ ਉਸ ਦੇ ਗੁਣ ਅਥਵਾ ਧਰਮ ਦਾ ਪ੍ਰਯੋਗ ਕਰਕੇ ਆਪਣੀ ਗੱਲ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਹੈ।

ਸੰਖੇਪ ਵਿਚ ਭਾਈ ਸਾਹਿਬ ਦੀ ਅਲੰਕਾਰ- ਯੋਜਨਾ ਬਾਰੇ ਕਹਿਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਉਪਮਾ ਨਾਲੋਂ ਰੂਪਕ ਅਲੰਕਾਰ ਦੀ ਆਪਣੇ ਕਾਵਿ ਵਿਚ ਵਧੇਰੇ ਵਰਤੋਂ ਕੀਤੀ ਹੈ। ਭਾਈ ਸਾਹਿਬ ਨੇ ਅਲੰਕਾਰਾਂ ਦੀ ਚੋਣ ਵਿਚ ਜੀਵਨ ਅਤੇ ਜਗਤ ਨੂੰ ਭਰਪੂਰਤਾ ਨਾਲ ਗ੍ਰਹਿਣ ਕੀਤਾ ਹੈ ਅਤੇ ਇਸੇ ਕਰਕੇ ਉਨ੍ਹਾਂ ਦੇ ਅਲੰਕਾਰਾਂ ਦਾ ਖੇਤਰ ਕਾਫ਼ੀ ਵਿਸਤ੍ਰਿਤ ਹੈ। ਉਨ੍ਹਾਂ ਦੀ ਅਲੰਕਾਰ ਯੋਜਨਾ ਵਿਚ ਗੰਭੀਰਤਾ ਤੇ ਪ੍ਰਭਾਵ ਨੂੰ ਸਪਸ਼ਟ ਕਰਨ ਦੀ ਬਿਰਤੀ ਵਧੇਰੇ ਕੰਮ ਕਰ ਰਹੀ ਹੁੰਦੀ ਹੈ। ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਹੋਣ ਕਰਕੇ ਉਨ੍ਹਾਂ ਦੀ ਅਲੰਕਾਰ ਯੋਜਨਾ ਵਿਚ ਪਰੰਪਰਾਗਤ ਤੇ ਨਵੇਂ ਮੌਲਿਕ ਅਲੰਕਾਰ ਚੋਣ ਦੀ ਸੰਧੀ ਸਪਸ਼ਟ ਮਿਲਦੀ ਹੈ। ਉਨ੍ਹਾਂ ਦੀ ਰਚਨਾ ਅਲੰਕਾਰ- ਭੂਸ਼ਤ ਤਾਂ ਹੈ, ਪਰ ਇਸ ਵਿਚ ਅਲੰਕਾਰਾਂ ਨੂੰ ਹੀ ਮੁੱਖ ਨਹੀਂ ਰੱਖਿਆ ਗਿਆ।

<u>ਮਾਨਵੀ- ਕਰਨ—</u>

ਮਾਨਵੀਕਰਨ ਵੀ ਅਭਿਵਿਅਕਤੀ ਨੂੰ ਕਲਾ ਪੂਰਣ ਬਣਾਉਣ ਦੀ ਇਕ ਉਤਮ ਯੁਕਤੀ ਹੈ। ਇਸ ਰਾਹੀਂ ਨਿਰਜੀਵ ਪਦਾਰਥਾਂ ਅਤੇ ਅਮੂਰਤ ਭਾਵਨਾਵਾਂ ਉਤੇ ਮਾਨਵੀ ਗੁਣਾਂ ਦਾ ਆਰੋਪ ਕੀਤਾ ਜਾਂਦਾ ਹੈ ਜਿਸ ਨਾਲ ਇਨ੍ਹਾਂ ਦੀ ਸੰਵੇਦਨ- ਸ਼ੀਲਤਾ ਵਿਚ ਵਾਧਾ ਹੁੰਦਾ ਹੈ। ਪੂਰਬ ਤੇ ਪੱਛਮ ਵਿਚ ਚਿਰਕਾਲ ਤੋਂ ਇਸ ਯੁਕਤੀ ਦਾ ਪ੍ਰਯੋਗ ਹੁੰਦਾ ਆਇਆ ਹੈ। ਕਾਲੀਦਾਸ ਨੇ ਮੇਘ ਨੂੰ ਹੀ ਦੂਤ ਬਣਾ ਕੇ ਮਾਨਵੀਕਰਨ ਦੀ ਵਿਧੀ ਪ੍ਰਤਿ ਆਪਣੇ ਅਸੀਮ ਅਨੁਰਾਗ ਦਾ ਪਰਿਚਯ ਦਿੱਤਾ ਸੀ। ਫ਼ਰੀਦ, ਗੁਰੂ ਨਾਨਕ, ਭਾਈ ਗੁਰਦਾਸ, ਵਾਰਿਸ ਅਤੇ ਹੋਰ ਪੁਰਾਣੇ ਪੰਜਾਬੀ ਕਵੀਆਂ ਦੇ ਕਾਵਿ ਵਿਚ ਵੀ ਮਾਨਵੀਕਰਨ ਦੇ ਅਨੇਕ ਉਦਾਹਰਣ ਮਿਲਦੇ ਹਨ। ਭਾਈ ਸਾਹਿਬ ਨੇ ਵੀ ਇਸ ਵਿਧੀ ਦੇ ਵਿਭਿੰਨ ਪ੍ਰਯੋਗ ਕੀਤੇ ਹਨ। ਕੁਝ ਉਦਾਹਰਣਾਂ ਪ੍ਰਸਤੁਤ ਹਨ:

1. 'ਮੌਤ ਜਾਣਦੀ ਭੇਤ ਹੈ ਇਸ ਗੱਲ ਦਾ,
'ਵਾਗਾਂ ਦੀ ਏ ਮੋੜ ਹੈਵੇ ਫੇਰਦੀ
' ਆਪਣੇ ਸਵਾਰਥ ਵੱਲ— ਘੜਿਆਂ ਭੰਨਦੀ।[82]

* * *

2. ਆਹਾਂ ਚੜ੍ਹ ਅਸਮਾਨੀ ਗਈਆਂ, ਛੜ ਨੂੰ ਕੀਤਾ ਛਈਆਂ ਮਈਆਂ
ਤਾਰਯੋਂ ਲੈ ਲੈ ਹੇਠਾਂ ਆਈਆਂ, ਲੈ ਚਾਦਰ ਆ ਨੀਰ ਵਿਛਈਆਂ।[83]

* * *

---

82. ਰਾਣਾ ਸੂਰਤ ਸਿੰਘ, ਪੰਨਾ 136, ਪੰਕਤੀ 67-68

83. ਪ੍ਰੀਤ ਵੀਣਾ, ਪੰਨਾ 6

3. ਚਲੀ ਗਈ ਹੈ ਰਾਤ ਪੱਛੋਂ ਦੇਸ ਨੂੰ
ਚਾਦਰ ਨਾਲ ਸਮੇਟ 'ਨੇਰ੍ਹੇ ਵਾਲੜੀ
ਛਿਪਦੇ ਤਾਰੇ ਨਾਲ ਰੂਪ ਲੁਕਾਂਵਦੇ।[84]

* * *

4. ਵੇਖ ਵੇਖ ਚੰਦ ਸਦਕੇ ਜਾਵੇ, ਰਿਸ਼ਮਾਂ ਦੇ ਪਖਾ ਫੁੱਲ ਵਸਾਵੇ
ਅੰਬਰ 'ਜੀ ਆਇਆਂ' ਨੂੰ ਗਾਵੇ ਤਾਰਿਆਂ ਛਮਕਣ ਭੁਲਦੀ ਜਾਵੇ।[85]

* * *

5. ਵਟ ਤਿਊੜੀ ਚਸ਼ਮਾ ਆਖੇ: 'ਤਰਸ ਮਿਰੇ ਦਿਲ ਪਾਇਆ'
ਦੁਖਿਆਂ ਨੇ ਹਨ ਰੋਗ ਸਹੇੜੇ 'ਮੈਂ ਚਾ ਲਾਵਾਂ ਦਾਰੂ[86]'

* * *

ਇੱਥੇ ਪਹਿਲੀ ਉਦਾਹਰਣ ਵਿਚ ਮੌਤ ਤੇ ਮਨੁੱਖੀ ਕਾਰਜਾਂ ਦਾ ਆਰੋਪ ਕਰਕੇ ਉਸ ਨੂੰ ਸਵਾਰ ਦੇ ਰੂਪ ਵਿਚ ਉਲੀਕਿਆ ਗਇਆ ਹੈ। ਦੂਜੀ ਉਦਾਹਰਣ ਵਿਚ 'ਆਹ' ਕਵੀ ਦੇ ਸਾਮ੍ਹਣੇ ਅਮੂਰਤਨਾ ਹੋ ਕੇ ਸਾਕਾਰ ਸਰੀਰਕ ਰੂਪ ਵਿਚ ਆਉਂਦੀਆਂ ਹਨ। ਤੀਜੀ ਉਦਾਹਰਣ ਵਿਚ ਰਾਤ ਦਾ ਜਾਣਾ, ਸਮੇਟਣਾ ਤੇ ਰੂਪ ਲੁਕਾਣਾ ਮਨੁੱਖੀ ਕਾਰਜ ਹਨ। ਚੌਥੀ ਉਦਾਹਰਣ ਵਿਚ ਚੰਦਰਮਾ ਦਾ ਫੁੱਲਾਂ ਦੀ ਵਰਖਾ ਕਰਨਾ, ਅੰਬਰ ਦਾ ਸਵਾਗਤ ਲਈ 'ਜੀ ਆਇਆਂ' ਆਖਣਾ ਅਤੇ ਸਿਤਾਰਿਆਂ ਦਾ ਮਿਲਾਪ ਦੀ ਛਿਣ ਤੇ ਮੁਗਧ ਹੋ ਕੇ ਆਪਣੀ ਛਮਕਣ ਨੂੰ ਭੁਲਣਾ ਮਾਨਵੀ ਕਾਰਜ ਹਨ। ਪੰਜਵੀਂ ਉਦਾਹਰਣ ਵਿਚ ਮਨੁੱਖ ਵਾਂਗ ਤਿਊੜੀ ਵੱਟ ਕੇ ਚਸ਼ਮਾ ਮਨੁੱਖ ਦੇ ਆਪ ਸਹੇੜੇ ਦੁੱਖਾਂ ਤੇ ਵਿਅੰਗ ਕਸਦਾ ਹੈ।

ਸੰਖੇਪ ਵਿਚ ਇਹ ਸਵੀਕਾਰ ਕਰਨਾ ਪੈਂਦਾ ਹੈ ਕਿ ਭਾਈ ਸਾਹਿਬ ਨੇ ਅਭਿਵਿਅੰਜਨਾ ਦੀਆਂ ਸਾਰੀਆਂ ਸ੍ਰੇਸ਼ਟ ਪ੍ਰਣਾਲੀਆਂ ਨੂੰ ਅਪਣਾਇਆ ਹੈ। ਉਨ੍ਹਾਂ ਦੇ ਕਾਵਿ ਵਿਚ ਬਿੰਬਾਵਲੀ, ਦ੍ਰਿਸ਼ ਚਿੱਤ੍ਰਨ ਦੀ ਕਲਾ, ਵਰਣ-ਯੋਜਨਾ, ਅਲੰਕਾਰਾਂ ਤੇ ਮਾਨਵੀਕਰਨ ਦੀ ਵਿਧੀ ਦੇ ਵਿਭਿੰਨ ਪ੍ਰਯੋਗ ਮਿਲਦੇ ਹਨ। ਇਨ੍ਹਾਂ ਅਭਿਵਿਅੰਜਨਾ ਪ੍ਰਣਾਲੀਆਂ ਦੇ ਕਈ ਪ੍ਰਯੋਗ ਬੜੇ ਉਤਕ੍ਰਿਸ਼ਟ ਹਨ ਜੋ ਕਿਸੇ ਵੀ ਚੰਗੇ ਕਵੀ ਦੀ ਰਚਨਾ ਸਾਮ੍ਹਣੇ ਪ੍ਰਤਿਯੋਗੀ ਦੇ ਰੂਪ ਵਿਚ ਪੇਸ਼ ਕੀਤੇ ਜਾ ਸਕਦੇ ਹਨ।

---

84. ਰਾਣਾ ਸੂਰਤ ਸਿੰਘ, ਪੰਨਾ 52, ਪੰਕਤੀ 1-3
85. ਪ੍ਰੀਤ ਵੀਣਾ, ਪੰਨਾ 14
86. ਚੰਦਕ ਦਾ ਚਸ਼ਮਾ, ਮਟਕ ਹੁਲਾਰੇ, ਪੰਨਾ 89.

## (ਅ) ਭਾਸ਼ਾ

ਮਾਨਵ ਇਕ ਚੇਤੰਨ ਪ੍ਰਾਣੀ ਹੈ ਅਤੇ ਆਤਮ- ਪ੍ਰਕਾਸ਼ਨ ਉਸ ਦਾ ਸੁਭਾਵਿਕ ਗੁਣ ਹੈ। ਜਦ ਵੀ ਉਸ ਦੇ ਹਿਰਦੇ ਵਿਚ ਭਾਵਾਂ ਦੀਆਂ ਲਹਿਰਾਂ,ਕਲਪਨਾਵਾਂ ਅਤੇ ਅਨੁਭੂਤੀਆਂ ਉਠਦੀਆਂ ਹਨ, ਇਨ੍ਹਾਂ ਨੂੰ ਉਹ ਭਾਸ਼ਾ ਦੇ ਬਸਤਰ ਪਵਾ ਕੇ ਸਭ ਦੇ ਸਾਮ੍ਹਣੇ ਪੇਸ਼ ਕਰਦਾ ਹੈ। ਵਾਸਤਵ ਵਿਚ ਭਾਵਾਂ ਦਾ ਰੂਪ-ਵਿਧਾਨ ਭਾਸ਼ਾ ਰਾਹੀਂ ਹੀ ਹੁੰਦਾ ਹੈ। ਕਲਾਕਾਰ ਦੀ ਭਾਸ਼ਾ- ਸ਼ਕਤੀ ਜਿਤਨੀ ਵਿਸ਼ਾਲ ਅਤੇ ਪਰਿਮਾਰਜਿਤ ਹੋਵੇਗੀ, ਉਤਨੀ ਹੀ ਉਸ ਦੇ ਭਾਵਾਂ ਵਿਚ ਸੰਵੇਦਨਸ਼ੀਲਤਾ ਜ਼ਿਆਦਾ ਹੋਵੇਗੀ।

ਹਰ ਭਾਸ਼ਾ ਦਾ ਸਰੂਪ ਬਦਲਦਾ ਰਹਿੰਦਾ ਹੈ। ਹਰ ਬੋਲੀ ਪੁਸ਼ਤ-ਦਰ-ਪੁਸ਼ਤ ਉਹੀ ਨਹੀਂ ਰਹਿੰਦੀ। ਸਮਾਜ ਦੀ ਅੰਦਰਲੀ ਗਤੀ ਤੇ ਬਾਹਰਲੇ ਪ੍ਰਭਾਵਾਂ ਕਰਕੇ ਉਚਾਰਣ,ਵਿਆਕਰਣ ਅਤੇ ਸ਼ਬਦ-ਸਮੂਹ ਵਿਚ ਕੁਝ ਘਾਟੇ ਵਾਧੇ ਹੁੰਦੇ ਰਹਿੰਦੇ ਹਨ। ਇਹੀ ਹਾਲ ਪੰਜਾਬੀ ਬੋਲੀ ਦਾ ਹੈ। ਹੁਣ ਦੀ ਪੰਜਾਬੀ ਪਿਛਲੀ ਪੰਜਾਬੀ ਦਾ ਪਰਿਵਰਤਤ ਰੂਪ ਹੈ ਅਤੇ ਪਿਛਲੀ ਪੰਜਾਬੀ ਆਪਣੇ ਤੋਂ ਪਹਿਲੀ ਭਾਸ਼ਾ ਦਾ।

ਭਾਈ ਸਾਹਿਬ ਤੋਂ ਪਹਿਲਾਂ ਪੰਜਾਬੀ ਭਾਸ਼ਾ ਦੇ ਇਤਿਹਾਸ ਨੂੰ ਵੇਖੀਏ ਤਾਂ ਮੋਟੇ ਤੌਰ ਤੇ ਪੰਜਾਬੀ ਭਾਸ਼ਾ ਵਿਚ ਤਿੰਨ ਮੁਹਾਣ ਕੰਮ ਕਰਦੇ ਦਿਸਦੇ ਹਨ: ਸੰਸਕ੍ਰਿਤ- [redacted] ਬ੍ਰਿਜੀ ਪ੍ਰਧਾਨ ਪੰਜਾਬੀ ਲਿਖਣ ਦਾ ਮੁਹਾਣ,ਫ਼ਾਰਸੀ- ਉਰਦੂ ਪ੍ਰਧਾਨ ਪੰਜਾਬੀ ਲਿਖਣ ਦਾ ਮੁਹਾਣ ਅਤੇ ਸ਼ੁੱਧ ਪੰਜਾਬੀ ਦਾ ਮੁਹਾਣ। ਪੰਜਾਬ ਵਿਚ ਅੰਗ੍ਰੇਜ਼ੀ ਰਾਜ ਨਾਲ ਹੋਈ ਜਾਗ੍ਰਤੀ ਤੋਂ ਪਹਿਲਾਂ ਸਿੱਖ ਵਿਦਵਾਨ ਤੇ ਲੇਖਕ ਵਧੇਰੇ ਗੁਰਮੁਖੀ ਲਿਪੀ ਦੇ ਹੀ ਸ਼ਰਧਾਲੂ ਸਨ। ਪੰਜਾਬੀ ਦਾ ਵਿਕਾਸ ਭਾਵੇਂ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਨਾਲ ਹੋਇਆ ਸੀ ਪਰ ਸਿੱਖ ਪਰੰਪਰਾ ਨੇ ਪੰਜਾਬੀ ਨੂੰ ਸ਼ੁੱਧ ਤੇ ਠੇਠ ਰੂਪ ਵਿਚ ਘਟ ਹੀ ਵਰਤਿਆ ਸੀ। ਗੁਰੂ ਗ੍ਰੰਥ ਸਾਹਿਬ ਵਿਚ ਵੀ ਸਾਧ ਭਾਖਾ ਦਾ ਜ਼ੋਰ ਸੀ। ਗੁਰੂ ਤੇਗ਼ ਬਹਾਦਰ ਜੀ ਦੀ ਸਾਰੀ ਰਚਨਾ ਬ੍ਰਿਜੀ ਵਿਚ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਸਵਾਇ 'ਚੰਡੀ ਦੀ ਵਾਰ' ਦੇ ਵਧੇਰੇ ਬ੍ਰਿਜ ਭਾਖਾ ਵਿਚ ਸੀ। ਭਾਈ ਗੁਰਦਾਸ ਜੀ ਦੀਆਂ ਵਾਰਾਂ ਠੇਠ ਪੰਜਾਬੀ ਵਿਚ ਸਨ,ਪਰ ਕਬਿੱਤ ਉਨ੍ਹਾਂ ਦੇ ਵੀ ਬ੍ਰਿਜੀ ਵਿਚ ਸਨ। ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਨਿਰਮਲਿਆਂ,ਸੇਵਾ-ਪੰਥੀਆਂ,ਉਦਾਸੀਆਂ ਅਤੇ ਹੋਰ ਵਿਦਵਾਨਾਂ ਜਿਵੇਂ ਕਵੀ ਸੰਤੋਖ ਸਿੰਘ ਤੇ ਰਤਨ ਸਿੰਘ ਭੰਗੂ ਦੀਆਂ ਰਚਨਾਵਾਂ ਵਿਚ ਵੀ ਬ੍ਰਿਜੀ ਦੀ ਪ੍ਰਧਾਨਤਾ ਰਹੀ ਸੀ। ਨਿਰਮਲੇ ਅਤੇ ਉਦਾਸੀ ਹੁਣ ਤਕ ਸੰਸਕ੍ਰਿਤ ਗੁੰਦਵੀਂ ਪੰਜਾਬੀ ਲਿਖਦੇ ਹਨ। ਭਾਵੇਂ ਇਹ ਹੁਣ ਉਨ੍ਹਾਂ ਤਕ ਹੀ ਪ੍ਰਚਲਿਤ ਹੈ,ਹੋਰ ਥਾਂ ਨਹੀਂ। ਉਨ੍ਹੀਵੀਂ ਸ਼ਤਾਬਦੀ ਦੇ ਪਿਛਲੇ ਅੱਧ ਵਿਚ ਭਾਈ ਸਾਹਿਬ ਦੇ ਦਾਦਾ ਬਾਬਾ ਕਾਹਨ ਸਿੰਘ,ਪਿਤਾ ਡਾ. ਚਰਨ ਸਿੰਘ ਤੇ ਨਾਨਾ ਗਿਆਨੀ ਹਜ਼ਾਰਾ ਸਿੰਘ ਅਤੇ ਹੋਰ ਵਿਦਵਾਨ ਵੀ ਸੰਸਕ੍ਰਿਤ- ਬ੍ਰਿਜੀ ਪ੍ਰਧਾਨ ਰੰਗ ਦੀ ਪੰਜਾਬੀ ਵਰਤਦੇ ਸਨ ਭਾਵੇਂ ਉਹ ਪਿੱਛੋਂ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਪੰਜਾਬੀ ਵਲ ਕੁਝ ਕੁਝ ਝੁਕੇ ਸਨ।

ਪੰਜਾਬੀ ਦਾ ਦੂਜਾ ਮੁਹਾਣ ਉਰਦੂ- ਫ਼ਾਰਸੀ ਪ੍ਰਧਾਨ ਪੰਜਾਬੀ ਦਾ ਸੀ। ਮੁਗ਼ਲਾਂ ਦੇ ਸਮੇਂ ਵੀ ਰਾਜ- ਭਾਸ਼ਾ ਫ਼ਾਰਸੀ ਸੀ ਅਤੇ ਰਣਜੀਤ ਸਿੰਘ ਦੇ ਰਾਜ ਵਿਚ ਵੀ ਸਰਕਾਰੀ ਭਾਸ਼ਾ ਇਹੋ ਸੀ। ਅੰਗ੍ਰੇਜ਼ਾਂ ਦੇ

ਆਉਣ ਨਾਲ ਪੰਜਾਬ ਵਿਚ ਫ਼ਾਰਸੀ ਦੀ ਥਾਂ ਉਰਦੂ ਨੂੰ ਮਿਲ ਗਈ ਸੀ। ਪੰਜਾਬੀ ਦੇ ਮੁਸਲਮਾਣ ਕਵੀਆਂ ਨੇ ਠੇਠ ਪੰਜਾਬੀ ਨੂੰ ਵਰਤਿਆ ਸੀ, ਪਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਅਰਬੀ,ਫ਼ਾਰਸੀ ਦੇ ਕਠਿਨ ਸ਼ਬਦਾਂ ਅਤੇ ਸਮਾਸਾਂ ਦਾ ਪ੍ਰਯੋਗ ਆਮ ਹੁੰਦਾ ਸੀ।

ਤੀਜਾ ਮੁਹਾਣ ਠੇਠ ਪੰਜਾਬੀ ਦੇ ਕਵੀਆਂ ਦਾ ਸੀ। ਲੋਕ ਗੀਤਕਾਰਾਂ ਨੇ ਇਸ ਘੇਰੇ ਵਿਚ ਵਧੇਰੇ ਰਚਨਾ ਕੀਤੀ ਸੀ। ਇਹ ਰੰਗ ਕਈ ਥਾਂ ਗੁਰੂ ਗ੍ਰੰਥ ਸਾਹਿਬ ਵਿਚ,ਭਾਈ ਗੁਰਦਾਸ ਜੀ ਦੀਆਂ ਵਾਰਾਂ, ਸ਼ਾਹ ਹੁਸੈਨ,ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ,ਵਾਰਿਸ ਤੇ ਹਾਸ਼ਮ ਆਦਿਕ ਦੇ ਕਿੱਸਿਆਂ ਵਿਚ ਵੀ ਚੰਗਾ ਨਿਖਰਿਆ ਸੀ।

ਇਸ ਤਰ੍ਹਾਂ ਵੀਹਵੀਂ ਸ਼ਤਾਬਦੀ ਤੋਂ ਪਹਿਲਾਂ ਪੰਜਾਬੀ ਦਾ ਕਈ ਮੁਹਾਣਾਂ ਵਿਚ ਵਿਚਰਨ ਕਰਕੇ ਅਤੇ ਸ਼ੁੱਧ ਤੇ ਠੇਠ ਪੰਜਾਬੀ ਦੀ ਆਮ ਵਰਤੋਂ ਦੀ ਘਾਟ ਕਰਕੇ ਇਸ ਭਾਸ਼ਾ ਵਿਚ ਅਪਰਿਪਕਤਾ, ਅਪਰਿਮਾਰਜਨ ਅਤੇ ਸ਼ਬਦ-ਹੀਣਤਾ ਦੀਆਂ ਊਣਤਾਈਆਂ ਕਾਫ਼ੀ ਸਨ। ਵਿਦਵਾਨ ਸਾਹਿਤਕਾਰ ਤਾਂ ਪੰਜਾਬੀ ਦੇ ਪ੍ਰਯੋਗ ਨੂੰ ਹੀ ਹੇਠੀ ਸਮਝਦੇ ਸਨ। ਉਨ੍ਹੀਵੀਂ ਸ਼ਤਾਬਦੀ ਦੇ ਅੰਤਿਮ ਦਹਾਕਿਆਂ ਵਿਚ ਰਾਸ਼ਟ੍ਰਵਾਦੀ ਚੇਤੰਨਤਾ ਦੇ ਪ੍ਰਭਾਵ ਸਦਕਾ ਪ੍ਰਾਂਤਕ ਭਾਸ਼ਾਵਾਂ ਪ੍ਰਤਿ ਕੁਝ ਉਤਸ਼ਾਹ ਵਧਿਆ ਸੀ ਅਤੇ ਇਸ ਅਸਰ ਹੇਠਾਂ ਪੰਜਾਬ ਵਿਚ ਪੰਜਾਬੀ ਲਈ ਪਿਆਰ ਉਪਜਿਆ ਸੀ। ਲਾਲਾ ਬਿਹਾਰੀ ਲਾਲ ਪੁਰੀ ਅਤੇ ਮੌਲਾ ਬਖ਼ਸ਼ ਕੁਸ਼ਤਾ ਵਰਗੇ ਗੈਰਸਿੱਖਾਂ ਨੇ ਪੰਜਾਬੀ ਦੇ ਖੇਤਰ ਨੂੰ ਵਿਸਤ੍ਰਿਤ ਕਰਨ ਵਿਚ ਪੂਰਾ ਪੂਰਾ ਸਹਯੋਗ ਦੇਣਾ ਸ਼ੁਰੂ ਕੀਤਾ।ਫਿਰ ਸਿੱਖਾਂ ਨੂੰ ਸਮੇਂ ਦੀ ਸੰਪਰਦਾਇਕ ਸਥਿਤੀ ਕਾਰਨ ਵਿਸ਼ੇਸ਼ ਤੌਰ ਤੇ ਪੰਜਾਬੀ ਵੱਲ ਝੁਕਣਾ ਪਇਆ,ਪਰ ਇਸ ਸਮੇਂ ਤਕ ਕਾਵਿ ਭਾਸ਼ਾ ਦੇ ਪਦ ਨੂੰ ਪ੍ਰਾਪਤ ਕਰਕੇ ਵੀ ਪੰਜਾਬੀ ਦਾ ਰੂਪ ਹਾਲੀ ਤਕ ਅਨਿਸਚਿਤ ਤੇ ਅਸਥਿਰ ਸੀ।

ਪੰਜਾਬੀ ਭਾਸ਼ਾ ਦੀਆਂ ਸਾਰੀਆਂ ਤਰੁੱਟੀਆਂ ਨੂੰ ਸਮਝਦਿਆਂ ਵੀ ਭਾਈ ਸਾਹਿਬ ਦੇ ਹਿਰਦੇ ਵਿਚ ਪੰਜਾਬੀ ਦੇ ਵਿਕਾਸ ਲਈ ਇਕ ਹੁੱਬ ਸੀ। ਉਨ੍ਹਾਂ ਨੇ ਆਪਣੇ ਵਿਆਪਕ ਅਧਿਐਨ, ਲਗਨ ਅਤੇ ਵਿਸ਼ਵਾਸ ਦੁਆਰਾ ਪੰਜਾਬੀ ਨੂੰ ਕਾਵਿ-ਉਪਯੋਗੀ ਭਾਸ਼ਾ ਦੇ ਰੂਪ ਵਿਚ ਵਿਕਸਿਤ ਕਰਨ ਦਾ ਇਤਿਹਾਸਿਕ ਕਾਰਜ ਕੀਤਾ। ਉਨ੍ਹਾਂ ਨੇ ਇਸ ਦੀ ਕਾਵਿ-ਉਚਿਤ ਪ੍ਰਣਾਲੀ ਦਾ ਨਿਰਮਾਣ ਕਰਕੇ ਇਸ ਨੂੰ ਸ਼ੁੱਧ,ਗੰਭੀਰ,ਅਤੇ ਸ਼ਕਤੀ-ਯੁਕਤ ਬਣਾਉਣ ਦਾ ਯਤਨ ਕੀਤਾ। ਭਾਈ ਸਾਹਿਬ ਨੇ ਪੰਜਾਬੀ ਦੇ ਠੇਠ ਤੇ ਸੁਭਾਵਿਕ ਰੂਪ ਨੂੰ ਅਪਣਾਉਣ ਦਾ ਯਤਨ ਕੀਤਾ, ਅਤੇ ਭਾਵਾਂ ਦੀ ਉਚਤਾ,ਪੂਰਣਤਾ ਅਤੇ ਸੁੰਦਰਤਾ ਦੇ ਅਨੁਰੂਪ ਹੀ ਇਸ ਦਾ ਨਿਰਮਾਣ ਸ਼ੁਰੂ ਕੀਤਾ।

ਭਾਈ ਸਾਹਿਬ ਦੀ ਰਚਨਾ 'ਰਾਣਾ ਸੂਰਤ ਸਿੰਘ' ਨਾਲ ਪੰਜਾਬੀ ਦਾ ਸ਼ੁੱਧ ਸਰੂਪ ਤੇ ਆਕਾਰ ਪ੍ਰਕਾਰ ਨਿਖਰਨਾ ਸ਼ੁਰੂ ਹੋ ਜਾਂਦਾ ਹੈ। ਭਾਈ ਸਾਹਿਬ ਨੇ ਮੁੱਢ ਤੋਂ ਹੀ ਜੋ ਸੇਧ ਆਪਣੀ ਭਾਸ਼ਾ ਲਈ ਚੁਣੀ ਸੀ,ਉਸ ਦਾ ਪ੍ਰਯੋਗ ਉਨ੍ਹਾਂ ਦੇ ਸੰਪੂਰਣ ਕਾਵਿ ਵਿਚ ਪ੍ਰਾਪਤ ਹੁੰਦਾ ਹੈ। ਆਮ ਤੌਰ ਤੇ ਕਵੀਆਂ ਦੀ ਭਾਸ਼ਾ ਦਾ ਕਰਮਿਕ ਵਿਕਾਸ ਹੁੰਦਾ ਹੈ ਅਤੇ ਉਨ੍ਹਾਂ ਦੇ ਵਿਕਾਸ-ਪੰਧ ਦੇ ਕਈ ਸੰਸਥਾਨ ਹੁੰਦੇ ਹਨ,ਪਰ ਭਾਈ ਸਾਹਿਬ

ਦੀਆਂ ਰਚਨਾਵਾਂ ਦੀ ਭਾਸ਼ਾ ਦੇ ਵਿਕਾਸ ਨੂੰ ਭਾਗਾਂ ਵਿਚ ਵੰਡਣਾ ਕਠਿਨ ਹੈ, ਕਿਉਂਕਿ ਇਹ ਸ਼ੁਰੂ ਤੋਂ ਹੀ ਬੜੇ ਕਲਾਤਮਿਕ ਰੂਪ ਵਿਚ ਵਰਤੀ ਮਿਲਦੀ ਹੈ।

ਭਾਈ ਸਾਹਿਬ ਨੇ ਪੰਜਾਬੀ ਦੇ ਕੇਵਲ ਬੋਲ-ਚਾਲ ਦੇ ਸਰੂਪ ਨੂੰ ਅਪਣਾਉਣ ਦੀ ਥਾਂ ਇਸ ਦੇ ਸਾਹਿਤਿਕ ਰੂਪ ਨੂੰ ਵਧੇਰੇ ਅਪਣਾਇਆ ਹੈ। ਭਾਈ ਸਾਹਿਬ ਦੀ ਵਿਸ਼ੇਸ਼ਤਾ ਹੈ ਕਿ ਉਹ ਵਿਆਕਰਣ ਦੀ ਦ੍ਰਿਸ਼ਟੀ ਤੋਂ ਗਦ ਅਤੇ ਪਦ ਦੀ ਭਾਸ਼ਾ ਦਾ ਭੇਦ ਨਹੀਂ ਕਰਦੇ। ਕਾਵਿ ਵਿਚ ਵੀ ਉਨ੍ਹਾਂ ਨੇ ਵਿਆਕਰਣ- ਸਮਤ ਭਾਸ਼ਾ ਦਾ ਪ੍ਰਯੋਗ ਕੀਤਾ ਹੈ ਅਤੇ ਸੰਪੂਰਣ ਵਾਕ- ਰਚਨਾ ਦੀ ਪੱਧਤੀ ਨੂੰ ਨਿਭਾਇਆ ਹੈ। ਭਾਈ ਸਾਹਿਬ ਨੇ ਆਪ ਹੀ ਨਹੀਂ, ਆਪਣੇ ਸਮਕਾਲੀ ਕਵੀਆਂ ਨੂੰ ਵੀ ਠੇਠ ਪੰਜਾਬੀ ਅਪਣਾਉਣ ਦੀ ਸੇਧ ਦੱਸੀ ਹੈ। ਜਿਸ ਮਿਹਨਤ ਤੇ ਘਾਲਣਾ ਨਾਲ ਉਨ੍ਹਾਂ ਨੇ ਇਹ ਕਾਰਜ ਕੀਤਾ ਸੀ, ਸ਼ਾਇਦ ਉਸ ਦੀ ਕਲਪਨਾ ਵੀ ਅੱਜ ਅਸੰਭਵ ਹੈ। ਭਾਈ ਸਾਹਿਬ ਨੇ ਪੰਜਾਬੀ ਭਾਸ਼ਾ ਲਈ ਇਕ ਅਜੇਹੇ ਪੰਥ ਦਾ ਨਿਰਮਾਣ ਕਰ ਦਿੱਤਾ, ਜਿਸ ਉਤੇ ਹੋਰ ਆਉਣ ਵਾਲੇ ਕਵੀ ਸਹਜੇ ਹੀ ਵਿਚਰ ਸਕੇ ਹਨ।

ਭਾਈ ਸਾਹਿਬ ਠੇਠ ਪੰਜਾਬੀ ਨੂੰ ਸਾਹਿਤਿਕ ਰੂਪ ਵਿਚ ਇਸ ਢੰਗ ਨਾਲ ਅਪਣਾਉਣਾ ਚਾਹੁੰਦੇ ਸਨ, ਜਿਸ ਵਿਚ ਲੋੜ ਅਨੁਸਾਰ ਸਭ ਭਾਸ਼ਾਵਾਂ ਵਿਚੋਂ ਸ਼ਬਦ ਲਏ ਜਾ ਸਕਣ ਅਤੇ ਜਿਸ ਦਾ ਆਪਣਾ ਸਰੂਪ ਕਿਸੇ ਪ੍ਰਭਾਵ ਹੇਠ ਦਬ ਨਾ ਜਾਏ। ਇਸੇ ਲਈ ਪੰਜਾਬੀ ਦੇ ਠੇਠ ਸਰੂਪ ਨੂੰ ਮੂਲ ਆਧਾਰ ਬਣਾ ਕੇ ਉਨ੍ਹਾਂ ਨੇ ਕਈ ਥਾਵਾਂ ਤੇ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਆਪਣੇ ਕਾਵਿ ਵਿਚ ਲੋੜ ਅਨੁਸਾਰ ਵਰਤਿਆ ਹੈ। ਉਹ ਪੰਜਾਬੀ ਤੋਂ ਛੁੱਟ ਸੰਸਕ੍ਰਿਤ, ਬ੍ਰਿਜੀ, ਹਿੰਦੀ, ਉਰਦੂ, ਫ਼ਾਰਸੀ ਅਤੇ ਅੰਗ੍ਰੇਜ਼ੀ ਦੇ ਚੰਗੇ ਗਿਆਤਾ ਸਨ। ਇਸੇ ਦਾ ਨਤੀਜਾ ਹੈ ਕਿ ਉਨ੍ਹਾਂ ਦੇ ਕਾਵਿ ਵਿਚ ਇਨ੍ਹਾਂ ਭਾਸ਼ਾਵਾਂ ਵਿਚੋਂ ਲੋੜਦੇ ਅਨੁਸਾਰ ਸ਼ਬਦਾਂ ਦੀ ਵਰਤੋਂ ਮਿਲਦੀ ਹੈ। ਭਾਈ ਸਾਹਿਬ ਨੇ ਆਪਣੀ ਕਾਵਿ ਭਾਸ਼ਾ ਵਿਚ ਵੰਨਗੀਆਂ ਲਿਆਉਣ ਲਈ ਪੰਜਾਬੀ ਦੀਆਂ ਉਪਭਾਖਾਵਾਂ ਵਿਚੋਂ ਵੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ ਅਤੇ ਸ਼ਬਦ ਬਣਤਰਾਂ ਦੇ ਕਈ ਹੋਰ ਪ੍ਰਯੋਗ ਵੀ ਕੀਤੇ ਹਨ। ਉਹ ਸ਼ਬਦ ਚੋਣ ਵਲ ਵਿਸ਼ੇਸ਼ ਧਿਆਨ ਦਿੰਦੇ ਸਨ ਅਤੇ ਇਸੇ ਲਈ ਉਨ੍ਹਾਂ ਦੀ ਕਾਵਿ- ਭਾਸ਼ਾ ਵਿਚ ਬੜੀ ਵਿਭਿੰਨਤਾ ਹੈ। ਉਨ੍ਹਾਂ ਦੀ ਭਾਸ਼ਾ ਨੂੰ ਸਮਝਣ ਲਈ ਉਨ੍ਹਾਂ ਦੁਆਰਾ ਕੀਤੇ ਸਭ ਤਰ੍ਹਾਂ ਦੇ ਪ੍ਰਯੋਗਾਂ ਦੀਆਂ ਵਿਸ਼ੇਸ਼ਤਾਈਆਂ ਨੂੰ ਵੇਖਣਾ ਜ਼ਰੂਰੀ ਹੈ।

ਸੰਸਕ੍ਰਿਤ- ਬ੍ਰਿਜੀ ਦੇ ਸ਼ਬਦ —

ਭਾਈ ਸਾਹਿਬ ਤੋਂ ਪਹਲਾਂ ਸਿੱਖ- ਹਿੰਦੂ ਕਵੀਆਂ ਵਿਚ ਸੰਸਕ੍ਰਿਤ- ਬ੍ਰਿਜੀ ਦੇ ਸ਼ਬਦਾਂ ਦਾ ਪ੍ਰਯੋਗ ਵਧੇਰੇ ਹੁੰਦਾ ਸੀ। ਇਸ ਪ੍ਰਭਾਵ ਤੋਂ ਭਾਈ ਸਾਹਿਬ ਨੇ ਮੁਕਤ ਹੋਣ ਦਾ ਯਤਨ ਕੀਤਾ ਹੈ, ਪਰ ਕੁਝ ਪੰਜਾਬੀ ਭਾਸ਼ਾ ਦੇ ਸ਼ਬਦ- ਕੋਸ਼ ਦੀ ਘਾਟ ਅਤੇ ਕੁਝ ਘਰੋਗੀ ਬਜ਼ੁਰਗਾਂ ਦੇ ਪ੍ਰਭਾਵ ਕਾਰਨ ਉਨ੍ਹਾਂ ਦੇ ਕਾਵਿ ਵਿਚ ਸੰਸਕ੍ਰਿਤ- ਬ੍ਰਿਜੀ ਦੇ ਸ਼ਬਦਾਂ ਦੀ ਵਰਤੋਂ ਕਈ ਥਾਵਾਂ ਤੇ ਸੁਭਾਵਿਕ ਹੀ ਆ ਜਾਂਦੀ ਹੈ, ਜਿਵੇਂ:-

1. ਸਖੀ ਅੰਤ੍ਰਿੰਗ ਪਾਸ ਸੇਵਾ ਕਰ ਰਹੀ। [1]

2. ਦਿਨ ਸੈ ਸੋਗ ਅਧੇਯ ਛਿਪਿਆ ਨਾਲ ਹੀ। [2]

3. ਪਰ ਇਹ ਸਾਰਾ ਭੇਤ ਗੂੜ ਰਹੱਸਯ ਹੈ, [3]

4. ਧਰਤੀ ਖਿੱਜ ਸੁਜੇਰ ਖਿੱਚ ਘੜਾਂਵਦੀ। [4]

5. ਏ ਸੁਣ ਪੁਤ੍ਰ ਨਿਰੁੱਤ੍ਰ ਹੋਈ ਆਖਦੀ:- [5]

~~[illegible]~~

6. ਜਾਤ ਦ੍ਵਿਜਾਤ ਸੰਜੋਗ ਕਰਕੇ ਬੁਰਾ ਹੈ। [6]

7. ਵਰਿਸਸ ਵੰਸ ਕੌਮ ਵਿਚਾਲ ਉੱਜਲ ਸੋਹਿਣੇ। [7]

8. ਸੀਨੇ ਵਸਦੀ ਦੁੱਖ ਉਪੇਖਯਾ ਆਖਦੇ [8]

9. ਸਾਰੇ ਪ੍ਰਾਣ ਧਾਮ, ਮੁੱਦ੍ਰਾ, ਤ੍ਰਾਟਕਾ [9]

10. ਵਿਪਰਤਲਪਤਾ ਵਾਂਙ ਜਿਸ ਬਹੁ ਰਾਇ ਕੇ [10]

11. ਸਾਪੇਖਕ ਹੈ ਰੰਗ ਵਿਚ ਵਿਚ ਓ ਰੰਗਿਆ

12. ਨਿਰਪੇਖਕ ਉਸ ਰੂਪ ਤਾਂ ਹੀ ਜਾਣੀਏ। [11]

12. ਨੀਂਦਰ ਸੁਲਪ ਅਹਾਰ ਅਲਪਾ ਚਾਹੀਏ। [12]

13. ਮਾਨੋ ਵਸਿਕ੍ਰਿਤ ਹੋਇ ਹੋਇਆ ਸ਼ਾਂਤ ਹੈ। [13]

14. ਤਪਿਆਂ ਨੂੰ ਠੰਢ ਪਾਂਦੀ, ਦੇਂਦੀ ਤ੍ਰਿਖਾਵੰਤ ਨੂੰ ਪਾਣੀ [14]

15. ਏਹੋ ਕਾਰ ਅਨੂਠੀ ਹੋਈ ਅਕ੍ਰਖ ਉਦਕ੍ਰਖੇ ਭਾਣੀ [15]

16. ਧਰਤੀ ਨੱਖਯਤ ਚਲੈ ਰੈਣ ਦਿਨ ਬਨਸਪਤੀ [16]

ਉਪਰੋਕਤ ਪੰਕਤੀਆਂ ਵਿਚ ਰੇਖਾਂਕਿਤ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਤਤਸਮ ਸ਼ਬਦ ਹੀ ਹਨ। ਇਨ੍ਹਾਂ ਸ਼ਬਦਾਂ ਦੀ ਵਰਤੋਂ ਅਵਸਰ ਅਨੁਕੂਲ ਹੈ। ਇਨ੍ਹਾਂ ਦੀ ਵਧੇਰੇ ਵਰਤੋਂ 'ਰਾਣਾ ਸੂਰਤ ਸਿੰਘ' ਵਿਚ ਦਾਰਸ਼ਨਿਕ ਅਤੇ ਧਾਰਮਿਕ ਵਿਚਾਰਾਂ ਦੇ ਪ੍ਰਗਟਾਵੇ ਨਮਿਤ ਹੋਈ ਹੈ, ਬਾਕੀ ਰਚਨਾਵਾਂ ਵਿਚ ਅਜੇਹੇ ਸ਼ਬਦਾਂ ਦੀ ਵਰਤੋਂ ਘਟ ਮਿਲਦੀ ਹੈ।

---

1. ਰਾਣਾ ਸੂਰਤ ਸਿੰਘ, ਪੰਨਾ 9 ਪੰਕਤੀ 216
2. ਉਹੀ 23 " 19
3. ਉਹੀ 33 " 104
4. ਉਹੀ 54 " 144
5. ਉਹੀ 9 " 202
6. ਉਹੀ 14 " 266
7. ਉਹੀ 14 " 268
8. ਉਹੀ 65 " 429
9. ਰਾਣਾ ਸੂਰਤ ਸਿੰਘ, ਪੰਨਾ 66 ਪੰਕਤੀ 71
10. ਉਹੀ " 155 " 469
11. ਉਹੀ " 196 " 541-542
12. ਉਹੀ " 226 " 228
13. ਉਹੀ " 181 " 81
14. ਮਟਕ ਹੁਲਾਰੇ / ਲਹਿਰਾਂ ਦੇ ਹਾਰ, ਪੰਨਾ 104
15. ਉਹੀ ਪੰਨਾ 112
16. ਬਿਜਲੀਆਂ ਦੇ ਹਾਰ, ਪੰਨਾ 46.

ਗੁਰਬਾਣੀ ਵਿਚ ਸੰਸਕ੍ਰਿਤ- ਬ੍ਰਿਜੀ ਦੇ ਤਤਸਮ ਸ਼ਬਦਾਂ ਦਾ ਪ੍ਰਯੋਗ ਮਿਲਦਾ ਹੈ। ਪਰ ਅਜੇਹੇ ਕੁਝ ਸ਼ਬਦ ਤਤਸਮ ਰੂਪ ਵਿਚ ਕਦੇ ਵੀ ਪੰਜਾਬੀ ਸ਼ਬਦਾਵਲੀ ਵਿਚ ਸਮਾ ਨਹੀਂ ਸਕੇ। ਵੈਸੇ ਇਨ੍ਹਾਂ ਦੀ ਵਰਤੋਂ ਭਾਈ ਸਾਹਿਬ ਦੇ ਅਧਿਐਨ ਸ੍ਰੋਤਾਂ ਦੀ ਪਰਿਚਾਇਕ ਹੈ।

ਕੁਝ ਸੰਸਕ੍ਰਿਤ ਸ਼ਬਦ ਤਦਭਵ ਰੂਪ ਵਿਚ ਜਿਵੇਂ ਰਹੱਸ, ਮੰਤਵ, ਅਨੰਦਮਈ, ਸੁੰਦਰਤਾ ਆਦਿਕ ਪੰਜਾਬੀ ਵਿਚ ਪ੍ਰਚਲਿਤ ਹਨ, ਪਰ ਕਈ ਥਾਂ ਭਾਈ ਸਾਹਿਬ ਨੇ ਇਨ੍ਹਾਂ ਨੂੰ ਸੰਸਕ੍ਰਿਤ- ਬ੍ਰਿਜੀ ਦੇ ਲਹਜੇ ਵਿਚ ਵਰਤਿਆ ਹੈ, ਜਿਵੇਂ 'ਗੂੜ੍ਹ ਰਹੱਸਯ'[17], 'ਨਿੰਦਾ ਨਾ ਮਨਤਵਯ'[18], 'ਆਨੰਦਮਯ'[19], ਸੌਂਦਰਯਤਾ ਦੀ ਢੂੰਡਣ'[20] ਆਦਿਕ। ਇਨ੍ਹਾਂ ਸ਼ਬਦਾਂ ਨੂੰ ਯਤਨ ਨਾਲ ਪੰਜਾਬੀ ਲਹਜੇ ਅਨੁਸਾਰ ਵਰਤਿਆ ਜਾ ਸਕਦਾ ਸੀ।

ਫ਼ਾਰਸੀ- ਉਰਦੂ ਸ਼ਬਦ -

ਭਾਵਾਂ ਦੀ ਵਿਅੰਜਨਾ ਪੂਰਨ ਅਭਿਵਿਅਕਤੀ ਦੇ ਲਈ ਭਾਈ ਸਾਹਿਬ ਨੇ ਫ਼ਾਰਸੀ- ਉਰਦੂ ਭਾਸ਼ਾ ਦੇ ਸ਼ਬਦਾਂ ਨੂੰ ਵੀ ਗ੍ਰਹਣ ਕੀਤਾ ਹੈ। ਉਨ੍ਹਾਂ ਦੇ ਸਮੇਂ ਫ਼ਾਰਸੀ- ਉਰਦੂ ਕਾਫ਼ੀ ਪ੍ਰਚਲਿਤ ਸੀ ਅਤੇ ਇਨ੍ਹਾਂ ਭਾਸ਼ਾਵਾਂ ਵਿਚੋਂ ਕੁਝ ਸ਼ਬਦਾਂ ਦਾ ਪ੍ਰਯੋਗ ਹੋ ਜਾਣਾ ਸੁਭਾਵਿਕ ਸੀ। ਕੁਝ ਉਦਾਹਰਣਾਂ ਵੇਖੋ।

1. ਸਰਪਟ ਔਸਵ੍ਹ ਨ ਮੱਟ, ਨਿਰਬਲ ਨਾਹਿ ਹਾਂ[21]
2. ਨੌਕਰ ਲਏ ਨਾ ਨਾਲ ਪੀਨਸ, ਪਾਲਕੀ[22]
3. ਖਾਲਕ ਦੀ ਮਖ਼ਲੂਕ ਜਾਣੇ ਹੈ ਨਹੀਂ[23]
4. ਜੋਮਜੋਸ਼ ਦਾ ਪ੍ਰੇਮ ਹੈ ਇਹ ਕਹਰ ਦਾ[24]
5. ਬਖ਼ਸ਼ੀ ਹਾਂ ! ਤਕਸੀਰ ਭਾਰੀ ਹੋ ਗਈ[25]
6. ਅਤਲਸ ਤੇ ਕਮਖ਼ਾਬ ਬਣੇ ਗਿਲਾਫ਼ ਜੋ[26]
7. ਹੈ ਇਹ ਖਾਂ ਅਕਸੀਰ, ਰੂਹ- ਅਕਸੀਰ ਹੈ[27]
8. ਕਹੁ ਵਿਰੱਕਤ ਇਸ ਜੋਗ ਮੁਨੱਵਰ ਏਸ ਨੂੰ[28]
9. ਖ਼ਿਲਅਤ ਤੇ ਸਿਰੁਪਾਉ ਨਕਦੀ ਆਦਿਕੀ[29]
10. ਅਹਿਲਕਾਰ ਸਨਮਾਨ ਇਕੁਰ ਪਾ ਗਏ[30]

---

17. ਰਾਣਾ ਸੂਰਤ ਸਿੰਘ ਪੰਨਾ 33, ਪੰਕਤੀ 104
18. ਉਹੀ 15 " 367
19. ਉਹੀ 25 " 192
20. ਲਹਿਰਾਂ ਦੇ ਹਾਰ, " 149
21. ਰਾਣਾ ਸੂਰਤ ਸਿੰਘ " 7 " 128
22. ਉਹੀ " 12 " 177
23. ਰਾਣਾ ਸੂਰਤ ਸਿੰਘ ਪੰਨਾ 33 ਪੰਕਤੀ 70
24. ਉਹੀ " 35 " 197
25. ਉਹੀ " 43 " 210
26. ਉਹੀ " 55 " 234
27. ਉਹੀ " 81 " 91
28 ਉਹੀ " 90 " 292

(ਚਲਦਾ)

11. ਸਾਰੀ ਦੇਹ ਹੁਣ ਲਗੀ ਤਹਲੀਲ[31] ਹੋਵਣ

12. ਸਬਜ਼ਾ ਜ਼ਾਰ ਸੀ ਖਿੜੀ ਜ਼ਮੀਨ ਸੁਹਣੀ[32]

13. ਆਬਨੂਸ ਦਾ ਯਾਰ ਤੂੰ ਕਿਤੋਂ ਆਇਓਂ ?[33]

14. ਨੱਸ ਜਾਹ ਜੇ ਭਲਾ ਦਰਕਾਰ ਤੈਨੂੰ[34]

15. ਕਾਹਨੂੰ ਬਾਗ਼ਬਾਨਾ ਬਾਗ਼ ਲਾਵਣਾ ਸੀ[35]

16. ਹੋਯਾ ਮੈਂ ਨਮਗੀਰ ਤੇ ਤ੍ਰੇਲਾਂ ਚੱਖੀਆਂ[36]

17. ਤੂੰ ਸੱਤਾਰ ਗ਼ੁਫ਼ਾਰ ਤੇ ਰਬ ਸਾਂਈ ![37]

18. ਨ ਗ਼ਮਜ਼ੇ ਤੁਸੀ ਲੈਣ ਕਦੇ[38]

19. ਸੰਗ ਯਸ਼ਬ[39] ਦਾ ਹੋਲ ਦਿਲੀਆਂ

20. ਐ ਫਿਰਦੌਸ ਮੁਕਾਮਿਓਂ ਕਿ ਕੌਸਰ ਏਸ ਥਾਂ[40]

21. ਜਾਗਿਆ ਦੂਣ ਸਵਾਇਆ ਫ਼ਿਰਾਕ[41]

22. ਤੇਰੇ ਇਕ 'ਨਾਜ਼ ਦੇ ਗ਼ਮਜ਼ੇ'[42]

23. ਕੋਈ ਲਾ ਮੁਦਿਆਨੇ ਦੀ ਸੱਟ ਵੇ[43] !

24. ਹੋਰ ਮਜ਼ਬ ਦੀ ਰਤੀ ਤੁਫ਼ੀਕ[44] ਨਾ

25. ਹਾਂ ਆਸੇ ਸੇਬੂ ਬੇਰਾਂ ਦੀ ਜ਼ੁਯਾਫ਼ਤ[45] ਛੇਕ ਕੇ

ਇਨ੍ਹਾਂ ਪੰਕਤੀਆਂ ਵਿਚ ਰੇਖਾਂਕਿਤ ਸ਼ਬਦ ਉਰਦੂ- ਫ਼ਾਰਸੀ ਦੇ ਹੀ ਵਰਤੇ ਮਿਲਦੇ ਹਨ। ਇਨ੍ਹਾਂ ਦਾ ਪ੍ਰਯੋਗ ਦੀਵਾਨੀ ਸਾਹਿਬ ਦੀ ਵਿਦਵਤਾ ਦੀ ਸਾਖ ਭਰਦਾ ਹੈ। ਇਨ੍ਹਾਂ ਦੀ ਵਰਤੋਂ ਢੁਕਵੀਂ ਅਤੇ ਕਾਵਿ ਰਸ ਵਿਚ ਵਾਧਾ ਕਰਦੀ ਹੈ।

---

29. ਰਾਜਾ ਸੂਰਤ ਸਿੰਘ ਪੰਨਾ 113 ਪੰਕਤੀ 307
30. ਉਹੀ " 113 " 308
31. [illegible] ਲਹਿਰਾਂ ਦੇ [illegible] ਹਾਰ, ਪੰਨਾ 189
32. ਉਹੀ, ਪੰਨਾ 175
33. ਉਹੀ " 178
34. ਉਹੀ " 183
35. ਉਹੀ " 189
36. ਖਿਜ਼ਲੀਆਂ ਦੇ ਹਾਰ, ਪੰਨਾ 39
37. ਉਹੀ " 43
38. ਉਹੀ " 103
39. ਮਟਕ ਹੁਲਾਰੇ " 107
40. ਉਹੀ " 157
41. ਮੇਰੇ ਸਾਈਆਂ ਜੀਓ " 16
42. ਉਹੀ " 28
43. ਮੇਰੇ ਸਾਈਆਂ ਜੀਓ, ਪੰਨਾ 48
44. ਉਹੀ " 49
45. ਉਹੀ " 61

ਦੇਸ਼ਜ ਸ਼ਬਦ –

ਕਈ ਥਾਂ ਭਾਈ ਸਾਹਿਬ ਨੇ ਪੁਰਾਣੇ ਦੇਸ਼ਜ ਸ਼ਬਦ ਵੀ ਆਪਣੇ ਕਾਵਿ ਵਿਚ ਵਰਤੇ ਹਨ ਜੋ ਪੇਂਡੂ ਸ਼ਬਦਾਵਲੀ ਵਿਚ ਭਾਵੇਂ ਹੁਣ ਵੀ ਵਰਤੇ ਜਾਂਦੇ ਹਨ, ਪਰ ਜਿਨ੍ਹਾਂ ਦਾ ਸਾਹਿਤਿਕ ਸ਼ਬਦਾਵਲੀ ਵਿਚ ਪ੍ਰਯੋਗ ਖ਼ਤਮ ਹੋ ਰਹਿਆ ਹੈ। ਕੁਝ ਉਦਾਹਰਣਾਂ ਵੇਖੋ:-

1. ਸਭ ਤੋਂ ਸਦਾ ਵਧੀਕ ਵਸਦਾ ਗੋਖਰੇ[46]
2. ਏਸ ਬਗੀਚੇ ਵਿਚ ਤਖ਼ਤ ਥਾਹੂੰ[47] ਤੇ
3. ਏਸ ਹੁਕਮ ਨੂੰ ਪਾਇ ਝਟ ਕੁਟਵਾਲ[48] ਨੇ
4. ਮੈਂ ਦੁਖੀਆ ਦੁਖਿਆਰ ਬਯਾਕੁਲ ਹੋਣ ਨੂੰ[49]
5. ਜਿਥੇ ਸੁਰਤ ਸਿੰਘ ਕਦੇ ਹੁਲਾਲ[50] ਨੂੰ
6. ਸੂਰਜ ਆਖਣ ਨਾਲ [illegible] ਦਿਨ ਨਹੀਂ[51] ਆਖਿਆ
7. ਇਹ ਕਹਿ ਪਾਵਾਂ ਰੱਪ ਮੰਜੀ ਸਾਬੂ[52] ਦਾ
8. ਰੂਪ ਬਿਸਾਲ ਜਲੋਂ ਅਸਗਾਹੀ ਚਲੀ ਪੁਰੇ[53] ਨੂੰ ਪਯਾਰੀ
9. ਆਖ ਗਿਆ ਢੋਲਾ ਲੌਢੇ[54] ਪਹਿਰ ਆਸਾਂ

ਇਨ੍ਹਾਂ ਪੰਕਤੀਆਂ ਵਿਚ ਰੇਖਾਂਕਿਤ ਸ਼ਬਦ ਦੇਸ਼ਜ ਸ਼ਬਦ ਹੀ ਹਨ। ਇਨ੍ਹਾਂ ਦੇ ਪ੍ਰਯੋਗ ਨਾਲ ਸ਼ਬਦਾਵਲੀ ਵਿਚ ਕੁਝ ਵਿਭਿੰਨਤਾ ਜ਼ਰੂਰ ਆਈ ਹੈ।

ਉਪਭਾਖਾਵਾਂ ਦੇ ਸ਼ਬਦ –

ਭਾਈ ਸਾਹਿਬ ਭਾਵੇਂ ਮਾਝੇ ਦੇ ਜੰਮਪਲ ਸਨ, ਪਰ ਪੰਜਾਬ ਦੀਆਂ ਹੋਰ ਉਪਭਾਖਾਵਾਂ ਜਿਵੇਂ ਲਹਿੰਦੀ, ਪੋਠੋਹਾਰੀ, ਦੁਆਬੀ ਆਦਿਕ ਨੂੰ ਵੀ ਸਮਝਦੇ ਸਨ। ਉਨ੍ਹਾਂ ਦੇ ਦਾਦਾ ਬਾਬਾ ਕਾਹਨ ਸਿੰਘ ਜੀ ਮੁਲਤਾਨ (ਲਹਿੰਦੇ) ਤੋਂ ਆਏ ਸਨ, ਉਨ੍ਹਾਂ ਦੇ ਅਤਿ- ਨਿਕਟੀਆਂ ਵਿਚੋਂ ਪ੍ਰੋ. ਪੂਰਨ ਸਿੰਘ ਪੋਠੋਹਾਰੀ ਸਨ। ਦੁਆਬਾ ਵੀ ਅੰਮ੍ਰਿਤਸਰ ਦੇ ਗੁਆਂਢ ਹੈ। ਵੈਸੇ ਵੀ ਉਨ੍ਹਾਂ ਦੇ ਪਾਠਕ ਤੇ ਸਨੇਹੀ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਫੈਲੇ ਹੋਏ ਸਨ। ਇਨ੍ਹਾਂ ਦੇ ਪ੍ਰਭਾਵ ਦਾ ਅਸਰ ਭਾਈ ਸਾਹਿਬ ਤੇ ਪੈਣਾ ਸੁਭਾਵਿਕ ਸੀ। ਇਸੇ ਕਰਕੇ ਪੰਜਾਬੀ ਦੀਆਂ ਉਪ-ਭਾਖਾਵਾਂ ਵਿਚੋਂ ਲਹਿੰਦੀ, ਪੋਠੋਹਾਰੀ ਅਤੇ ਦੁਆਬੀ ਆਦਿਕ ਦੀ ਸ਼ਬਦਾਵਲੀ ਅਤੇ ਕਿਰਿਆਵਾਂ ਦੀ ਵਰਤੋਂ ਭਾਈ

---

46. ਰਾਣਾ ਸੂਰਤ ਸਿੰਘ ਪੰਨਾ 5 ਪੰਕਤੀ 240
47. ਉਹੀ " 7 " 76
48. ਉਹੀ " 16 " 418
49. ਉਹੀ " 18 " 115
50. ਉਹੀ " 19 " 182
51. ਰਾਣਾ ਸੂਰਤ ਸਿੰਘ ਪੰਨਾ 23 ਪੰਕਤੀ 28
52. ਉਹੀ " 232 " 303
53. ਲਹਿਰਾਂ ਦੇ ਹਾਰ " 104
54. ਬਿਜਲੀਆਂ ਦੇ ਹਾਰ " 15

ਸਾਹਿਬ ਦੇ ਕਾਵਿ ਵਿਚ ਕਈ ਥਾਵਾਂ ਤੇ ਮਿਲਦੀ ਹੈ।

ਲਹਿੰਦੀ ਸ਼ਬਦਾਵਲੀ ਤੇ ਕਿਰਿਆਵਾਂ – 'ਲਹਿੰਦੀ' ਵਿਚ ਸ਼ਬਦਾਂ ਦੇ ਅੰਤ ਵਿਚ 'ੜ' ਆਮ ਤੌਰ ਤੇ ਵਾਧੂ ਲਾਇਆ ਜਾਂਦਾ ਹੈ ਅਤੇ ਇਸ ਵਿਚ 'ਦ' ਦੀ ਥਾਂ 'ਤ' ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨਾਲ ਸ਼ਬਦਾਂ ਦੇ ਉਚਾਰਣ ਵਿਚ ਮਿਠਾਸ ਵਧਦੀ ਹੈ। ਲਹਿੰਦੀ ਸ਼ਬਦਾਵਲੀ ਦੀ ਇਹ ਯੁਕਤੀ ਗੁਰਬਾਣੀ ਵਿਚ ਵੀ ਕਾਫ਼ੀ ਵਰਤੀ ਮਿਲਦੀ ਹੈ। ਇਸ ਦੀ ਵਰਤੋਂ ਦੇ ਭਾਈ ਸਾਹਿਬ ਦੇ ਕਾਵਿ ਵਿਚ ਵੀ ਕੁਝ ਉਦਾਹਰਣ ਮਿਲਦੇ ਹਨ; ਜਿਵੇਂ:

1. ਟਲਦੀ ਨਹੀਂ ਟਲਾਇ ਕਰੋ ਬਥੇਰੜਾ[55]
2. ਹੁਕਮ ਹੋਣ ਦੀ ਡੇਰ ਸੀਗੀ ਏਸ ਦੀ[56]
3. ਕਰਦੇ ਕਈ ਉਪਾਉ ਤ੍ਰੈ ਉਪਰਾ-ਲੜੇ
   ਪਰ ਬਿਰਥੇ ਹੀ ਜਾਣ ਹੀਲੇ ਸਾਰੜੇ[57]
4. ਉੱਚੀ ਖਸ ਹਿਮਾਲੇ ਚੋਟੀਓਂ ਮੌਲਕੜੇ ਖਿਸਕੰਦੜੀ[58]
5. ਜਿਸ ਪਾਸ ਮਟੱਕੜਾ ਪਲਕਾਰੜਾ ਤੇ ਛਮਕਣਾਂ[59]

ਉਪਰੋਕਤ ਤੁੱਕਾਂ ਵਿਚ ਰੇਖਾਂਕਿਤ ਸ਼ਬਦ ਲਹਿੰਦੀ ਲਹਜੇ ਵਾਲੇ ਹੀ ਹਨ। ਇਨ੍ਹਾਂ ਦੀ ਢੁਕਵੀਂ ਵਰਤੋਂ ਨਾਲ ਕਾਵਿ- ਮਿਠਾਸ ਵਿਚ ਵਾਧਾ ਅਵੱਸ਼ ਹੋਇਆ ਹੈ।

ਕਈ ਥਾਵਾਂ ਤੇ ਭਾਈ ਸਾਹਿਬ ਨੇ ਲਹਿੰਦੀ ਦੀਆਂ ਸੰਜੋਗਾਤਮਿਕ ਕਿਰਿਆਵਾਂ ਦੀ ਵਰਤੋਂ ਵੀ ਕੀਤੀ ਹੈ; ਜਿਵੇਂ:

1. ਅੱਖਾਂ ਲਈਉਸ ਮੀਟ ਤ੍ਰਹੁਣ ਹੰਝ ਨ[60]
2. ਆ ਕੇ ਲੀਤੁਸ ਪਾਇ ਘੁਟ ਗਲਵਕੜੀ[61]
3. ਪੇਸ਼ ਨ ਗਈਉਸ ਮੂਲ ਨੱਠਾਂ ਜੋਗ ਨਾ[62]
4. ਮੁਖ ਪਾਣ੍ਹਾ ਨ ਕੀਤੁਸ ਅੱਗੇ[63]

55. ਰਾਣਾ ਸੂਰਤ ਸਿੰਘ, ਪੰਨਾ 4, ਪੰਕਤੀ 170
56. ਉਹੀ " 9 " 228
57. ਉਹੀ " 17 " 8-9
58. ਲਹਿਰਾਂ ਦੇ ਹਾਰ, ਪੰਨਾ 103
59. ਉਹੀ, " 115
60. ਰਾਣਾ ਸੂਰਤ ਸਿੰਘ ਪੰਨਾ 11 ਪੰਕਤੀ 95
61. ਉਹੀ " 24 " 80
62 " " 93 " 199
63. ਲਹਿਰਾਂ ਦੇ ਹਾਰ, " 35

ਇਨ੍ਹਾਂ ਪੰਕਤੀਆਂ ਵਿਚ ਰੇਖਾਂਕਿਤ ਸ਼ਬਦ ਲਹਿੰਦੀ ਦੀਆਂ ਸੰਜੋਗਾਤਮਿਕ ਕਿਰਿਆਵਾਂ ਹੀ ਹਨ ਜੋ ਕਾਵਿ ਦੀ ਵੰਨਗੀ ਵਿਚ ਪਲਟਾ ਲਿਆਉਂਦੀਆਂ ਹਨ।

ਕਈ ਥਾਵਾਂ ਤੇ ਭਾਈ ਸਾਹਿਬ ਨੇ ਮੁਲਤਾਨੀ ਸ਼ਬਦਾਵਲੀ ਵਿਚੋਂ 'ਇਥਾਊ', 'ਤੁਸਾਊਂ' ਦੀ ਵਰਤੋਂ ਵੀ ਕੀਤੀ ਹੈ, ਜਿਵੇਂ:

1. ਕਿਸੇ ਕੌਮ ਜਾਂਵਦੇ ਆਣਦੇ ਪਉ ਲੰਘ ਇਥਾਊ ਤੋਂ[64]
2. ਝਲਕ ਜੇ ਮਿਲ ਜਾਏ ਸਾਂਈਆਂ ! ਹੋ ਸਦਕੇ ਜਾਂ ਤੁਸਾਊਂ ਤੋਂ[65]

ਪੋਠੋਹਾਰੀ ਸ਼ਬਦਾਵਲੀ ਤੇ ਕਿਰਿਆਵਾਂ :

ਪੋਠੋਹਾਰੀ ਉਪ-ਭਾਖਾ ਦੀ ਸ਼ਬਦਾਵਲੀ ਵਿਚ ਆਪਣੀ ਹੀ ਮਿਠਾਸ ਹੈ। ਪੋਠੋਹਾਰੀ ਕਿਰਿਆਵਾਂ ਦੇ ਅੰਤ ਵਿਚ 'ਦ' ਦੀ ਥਾਂ 'ਨ' ਅਤੇ ਕਈ ਸ਼ਬਦਾਂ ਵਿਚ 'ਲ' ਦੀ ਮਾਤ੍ਰਾ ਦਾ ਵਾਧੂ ਪ੍ਰਯੋਗ ਆਮ ਮਿਲਦਾ ਹੈ। ਪੋਠੋਹਾਰੀ ਪ੍ਰਭਾਵ ਨੂੰ ਭਾਈ ਸਾਹਿਬ ਦੀਆਂ ਕੁਝ ਤੁੱਕਾਂ ਵਿਚ ਵੇਖਿਆ ਜਾ ਸਕਦਾ ਹੈ, ਜਿਵੇਂ:

1. ਮੇਰੀ 'ਮੈਂ' ਵਿਚ ਹੋਰ ਕੁਈ ਨੀ ਦਿਸਨਾ ਸੀ, ਪਰ ਛੁਪਨਾ ਸੀ[66]
2. ਟੁੰਬਨੇ ਓ ਆਪਣੀਆਂ ਸੰਗੀਤਕ ਟੁੰਬਾਂ ਨਾਲ[67]
3. ਜਗਾ ਦੇਨੇ ਓ ਤਰਬਾਂ ਤਾਰਾਂ[68]
4. ਕਿਥੇ ਹੋ ? ਕੇਨੇ ਹੋ, ਕੂਦੇ ਨਹੀਂ ?[69]
5. ਪਰ ਰੌਲ ਸਖੀ ਵਹਿਲੇ ਵਹਿਲੇ[70]
6. ਹੈਂ, ਅੱਜ ਸਵੇਲੇ ਸਵੇਲੇ[71]

ਇਨ੍ਹਾਂ ਪੰਕਤੀਆਂ ਵਿਚ ਰੇਖਾਂਕਿਤ ਸ਼ਬਦ ਤੇ ਕਿਰਿਆਵਾਂ ਪੋਠੋਹਾਰੀ ਦੀਆਂ ਹੀ ਹਨ, ਜਿਨ੍ਹਾਂ ਦੀ ਅਵਸਰ ਅਨੁਕੂਲ ਵਰਤੋਂ ਕਾਰਨ ਕਵਿਤਾ ਦੇ ਰਸ ਵਿਚ ਵਾਧਾ ਹੋਇਆ ਹੈ।

ਦੁਆਬੀ ਸ਼ਬਦਾਵਲੀ ਤੇ ਕਿਰਿਆਵਾਂ:-

ਭਾਈ ਸਾਹਿਬ ਨੇ ਆਪਣੇ ਕਾਵਿ ਵਿਚ ਕਈ ਮੌਕਿਆਂ ਤੇ ਦੁਆਬੀ ਦੇ ਸ਼ਬਦਾਂ ਤੇ ਕਿਰਿਆਵਾਂ ਦੀ ਵਰਤੋਂ ਵੀ ਕੀਤੀ ਹੈ, ਜਿਵੇਂ:

---

64. 'ਝਲਕ ਦੀ ਤਾਂਘ', ਖਾਲਸਾ ਸਮਾਚਾਰ, 12.10.1967, ਜਿਲਦ 68, ਅੰਕ ਨੰ: 44
65. ਉਹੀ
66. ਲਹਿਰਾਂ ਦੇ ਹਾਰ, ਪੰਨਾ 35
67. ਮੇਰੇ ਸਾਂਈਆਂ ਜੀਓ, ਪੰਨਾ 4
68. ਮੇਰੇ ਸਾਂਈਆਂ ਜੀਓ, ਪੰਨਾ 4
69. ਉਹੀ, ਪੰਨਾ 4 31
70. ਉਹੀ, ਪੰਨਾ 37
71. ਉਹੀ, ਪੰਨਾ 41

1. ਜਦੋਂ ਕੰਤ ਕਿਰਪਾਲ ਦੁਨੀਆਂ ਵਿਚ ਸੇ[72]
2. ਦੌੜ ਨ ਸੱਕੂੰ ਪਹੁੰਚ, ਦੌੜ ਨ ਜਾਣਦੀ[73]
3. ਏਸ ਹੁਕਮ ਅਨੁਸਾਰ ਦਾਸ ਦੁਰਾਡ ਸੇ[74]
4. ਸਾਰੇ ਤਾਰੇ ਸੇਉ ਉਸ ਪਰ ਸੇ[75] ਧਰੇ
5. ਦੇਖ ਨ ਸੱਕਿ ਜੋਸ਼ ਸੱਕੂ[76] ਆਖ ਕੀ
6. ਹੋਊ ਤੋਰ ਉਦਾਸ ਲਊ[77] ਉਡਾਰੀਆਂ
7. ਸਾਂਝੀ ਜੁ ਸੇ ਦੁੱਖ ਸੁੱਖ ਦੇ[78]
8. ਜਾਊ ਬਸੰਤ ਆਊ ਪਤਝੜਿ ਉਜਾੜ ਕਾਰਾ[79]

ਇਨ੍ਹਾਂ ਤੁਕਾਂ ਵਿਚ ਰੇਖਾਂਕਿਤ ਸ਼ਬਦਾਂ ਦੀ ਵਰਤੋਂ ਕੁਝ ਰੜਕਦੀ ਹੈ।

**ਗੁਰਬਾਣੀ ਦੀ ਪਦਾਵਲੀ ਦੀ ਵਰਤੋਂ –**

ਭਾਈ ਸਾਹਿਬ ਦੀ ਸ਼ਬਦਾਵਲੀ ਤੇ ਗੁਰਬਾਣੀ ਦੀ ਸ਼ਬਦਾਵਲੀ ਦਾ ਵਿਸ਼ੇਸ਼ ਪ੍ਰਭਾਵ ਹੈ। 'ਰਾਣਾ ਸੂਰਤ ਸਿੰਘ' ਵਿਚ ਅਨੇਕ ਥਾਂਵਾਂ ਤੇ ਗੁਰਬਾਣੀ ਦੀਆਂ ਤੁਕਾਂ ਦੀ ਪ੍ਰਮਾਣ ਵਜੋਂ ਵਰਤੋਂ ਕੀਤੀ ਮਿਲਦੀ ਹੈ। ਇਹ ਪ੍ਰਭਾਵ 'ਰਾਣਾ ਸੂਰਤ ਸਿੰਘ' ਵਿਚ ਕੁਝ ਵਧੇਰੇ ਹੈ ਅਤੇ ਬਾਕੀ ਦੇ ਕਾਵਿ ਵਿਚ ਇਸ ਦਾ ਅਸਰ ਕੁਝ ਘਟ ਹੈ। ਇਸ ਕਥਨ ਦੀ ਪੁਸ਼ਟੀ ਲਈ ਭਾਈ ਸਾਹਿਬ ਦੇ ਕਾਵਿ ਵਿਚੋਂ ਕੁਝ ਪੂਰਨ ਪੰਕਤੀਆਂ ਜਾਂ ਪੰਕਤੀਆਂ ਦੇ ਭਾਗ ਵੇਖੇ ਜਾ ਸਕਦੇ ਹਨ, ਜਿਵੇਂ 'ਸੁੰਦਰ ਪੁਰਖ ਰਸਾਲ'[80], 'ਚਲੇ ਗਏ ਨਿਜ ਧਾਮ'[81], 'ਗੁਰਮੁਖ ਪਦ ਤੇ ੴ ਪਿਆਰਾ ਖੇਡਦਾ'[82], 'ਰਹਿਤ ਕਾਮਨਾ ਓਹ, ਪਾਵਨ ਰੂਪ ਸੋ'[83], 'ਭਉਖੰਡਨੀ ਬਲਿਹਾਰ'[84], 'ਸਾਕਤ ਤਰਯੋ ਨ ਕੋਇ ਖੋਜੇ ਪੋਥੀਆਂ'[85], 'ਖ਼ਾਲਕ ਖ਼ਲਕਤ ਨਾਲ ਖ਼ਲਕਤ ਖ਼ਾਲਕੇ'[86], 'ਪੇਖਨ ਸਭ ਹੈ ਬ੍ਰਹਮ ਇਸ ਪਦ ਪੌਚਿਆ'[87], 'ਸਵ੍ਰਗ ਭਿਸਤ ਕੁਛ ਹੋਰ'[88], 'ਰੰਗਿਆ ਰੰਗ ਸੁ ਪ੍ਰੇਮ ਲਾਲ ਚਲੂਲਕਾ'[89], 'ਮਾਣਸ ਸੰਦੀ ਟੇਕ ਝੂਠੀ ਹੋਵਦੀ'[90], 'ਅੰਤਰ ਸੁਰਤ ਗਿਆਨ, ਅਸਲੀ ਜੋਗ ਹੈ,'[91] 'ਚਿੜੀ ਚੂੰਹਕੀ ਵਾਜ ਸੁਣ ਕੇ ਜਾਗ ਨੇ'[92], 'ਸਿੰਮਲ ਵਾਂਗ ਵਿਰੌਂਸ ਉਚਾ ਹੋਵਸੀਂ'[93], 'ਦਰਿਆ ਜਣੇ ਇਕ ਪੁਤ ਧਰਮ ਸੁ ਆਖੀਏ'[94], 'ਆਤਮ ਵਿਚ ਵਿਗਾਸ- ਨਾਮੇ ਰੱਤਿਆਂ'[95]; 'ਜੋ 'ਸਹਸ' ਹੀ 'ਤਵ ਨੈਣ' ਕਰਕੇ ਆਖੀਆਂ,'[96] ਆਦਿਕ। ਇਨ੍ਹਾਂ ਉਦਾਹਰਣਾਂ ਵਿਚ ਗੁਰਬਾਣੀ ਦੀ ਸ਼ਬਦਾਵਲੀ ਦਾ ਰੰਗ ਸਪਸ਼ਟ ਦਿਖਾਈ ਦਿੰਦਾ ਹੈ।

---

| | | | | | | | | | |
|---|---|---|---|---|---|---|---|---|---|
| 72. | ਰਾਣਾ ਸੂਰਤ ਸਿੰਘ, ਪੰਨਾ | 4, ਪੰਕਤੀ | 193 | | 80. | ਰਾਣਾ ਸੂਰਤ ਸਿੰਘ ਪੰਨਾ | 4 | ਪੰਕਤੀ | 196 |
| 73. | ਉਹੀ " | 7 " | 129 | | 81. | ਉਹੀ " | 12 | " | 141 |
| 74. | ਉਹੀ " | 8 " | 200 | | 82. | ਉਹੀ " | 15 | " | 32? |
| 75. | ਉਹੀ " | 77 " | 147 | | 83. | ਉਹੀ " | 25 | " | 179 |
| 76. | ਉਹੀ " | 182 " | 95 | | 84. | ਉਹੀ " | 29 | " | 72 |
| 77. | ਉਹੀ " | 183 " | 169 | | 85. | " " | 30 | " | 157 |
| 78. | ਲਹਿਰਾਂ ਦੇ ਹਾਰ " | 72 | | | 86. | " " | 32 | " | 59 |
| 79. | ਉਹੀ " | 144 | | | 87. | " " | 33 | " | 96 |
| 89. | ਰਾਣਾ ਸੂਰਤ ਸਿੰਘ " | 37 " | 78 | | 88. | " (ਚਲਦਾ) " | 34 | " | 172 |

**ਸ਼ਬਦਾਂ ਦੇ ਵਿਚਿੱਤ੍ਰ ਪ੍ਰਯੋਗ –**

ਭਾਈ ਸਾਹਿਬ ਨੇ ਕਈ ਥਾਵਾਂ ਤੇ ਪ੍ਰਤਿਭਾਸ਼ਾਲੀ ਕਵੀਆਂ ਵਾਂਗੂੰ ਕੁਝ ਸ਼ਬਦਾਂ ਦੇ ਨਵੇਂ ਵਿਚਿੱਤ੍ਰ ਪ੍ਰਯੋਗ ਕੀਤੇ ਹਨ, ਜਿਵੇਂ:

1. ਟਲਦੀ ਨਹੀਂ ਟਲਾਇ, ਕਰੇ ਬਖੇਰੜਾ[97]
2. ਕਸਤੂਰੇ ਮ੍ਰਿਗ ਵਾਂਗ ਮੱਤੀ ਹੋਇ ਕੇ[98]
3. ਬਹੁਤ ਅਛਿੰਦੀ, ਮਾਇ ! ਮੈਨੂੰ ਪਾਲਿਆ[99]
4. ਉਸ ਦੀ ਸੰਤ ਉਲਾਦ, ਨਾਲ ਪਿਆ-ਰੁਏ[100]
5. 'ਜਿਸ ਨੇ ਭੋਗੀਆਂ– ਹੋਇ ਅਨੰਦ ਸਰੂਰਵੇਂ[101]
6. 'ਐਸੇ ਕਠਨ ਕਠੋਰ ਰੁੱਪੁ ਭਗਤ ਤੋਂ[102]
7. ਮਿਤ ਵਾਲੇ ਦੇ ਕਰਮ ਅਮਿਤ।[103]
8. ਅਤਲਾ ਮੈਂ[104] ਅਮਾਪੀਆ ।

ਇਨ੍ਹਾਂ ਪੰਕਤੀਆਂ ਵਿਚ ਰੇਖਾਂਕਿਤ ਸ਼ਬਦਾਂ ਦੀ ਵਰਤੋਂ ਬੜੀ ਵਚਿੱਤ੍ਰ ਹੈ। ਇੱਥੇ ਭਾਈ ਸਾਹਿਬ ਨੇ ਸ਼ਬਦਾਂ ਦੇ ਮੂਲ ਸਰੂਪ ਵਿਚ ਕੁਝ ਵਾਧਾ ਘਾਟਾ ਕਰਕੇ ਇਨ੍ਹਾਂ ਦਾ ਨਵੇਂ ਰੂਪ ਵਿਚ ਨਿਰਮਾਣ ਕੀਤਾ ਹੈ, ਜਿਸ ਨਾਲ ਭਾਵ ਦੀ ਸਪਸ਼ਟਤਾ ਤੇ ਰਵਾਨੀ ਵਿਚ ਵਾਧਾ ਹੋਇਆ ਹੈ।

**ਅਪ੍ਰਚਲਿਤ ਸ਼ਬਦਾਂ ਦੀ ਵਰਤੋਂ :**

ਭਾਈ ਸਾਹਿਬ ਦੇ ਕਾਵਿ ਵਿਚ ਕਈ ਥਾਵਾਂ ਤੇ ਅਪ੍ਰਚਲਿਤ ਸ਼ਬਦਾਂ ਦੀ ਵਰਤੋਂ ਵੀ ਮਿਲਦੀ ਹੈ, ਜਿਵੇਂ:

---

90. ਰਾਣਾ ਸੂਰਤ ਸਿੰਘ ਪੰਨਾ 49 ਪੰਕਤੀ 233
91. ਉਹੀ " 69 " 237
92. " " 109 " 29
93. " " 123 " 524
94. " " 163 " 39
95. " " 200 " 197
96. ਅਰਸ਼ੀ ਧਾਰਾਂ ਦੇ ਵਿਛੋੜੇ, ('ਲਹਿਰਾਂ ਦੇ ਹਾਰ') 113
97. ਰਾਣਾ ਸੂਰਤ ਸਿੰਘ ਪੰਨਾ 4 " 170
98. " " 5 " 233
99. " " 46 " 34
100. " " 74 " 274
101. ਰਾਣਾ ਸੂਰਤ ਸਿੰਘ ਪੰਨਾ 84, ਪੰਕਤੀ 275
102. " " 96 " 380
103. ਲਹਿਰਾਂ ਦੇ ਹਾਰ, " 32
104. ਉਹੀ " 80

[illegible]

1. ਤਾਂ ਤੇ ਸਿਰ ਨਿਹੁੜਾਇ ਇਸ ਨੂੰ ਝਲੀਏ[105]
2. ਅੱਧੀ ਰਾਤ, ਕੁਸੇਰ ਵੇਲਿ ਕੁਵੇਲੜੇ[106]
3. ਬਿਜਲੀ ਲਾਏ ਫੇਰ ਜਦ ਹੈ ਥੇਹੁੰਦੀ[107]
4. ਦਬੇ ਪੈਰ ਸਾਹ ਵੱਟ ਜਿਉਂ ਹਿਮਟੋਲ ਹੈ[108]
5. ਸੋਕੇ ਪੋਖਰ ਵਾਂਗ ਸੁੱਕੇ ਦਿੱਸਦੇ ;[109]
6. ਤੇਰਾ ਨੀਰ ਨਿਪੰਗ ਕ੍ਰਿਸ਼ਨ ਜੀਉ ਤੇਰਾ ਨਾਉਂ[110]

ਉਕਤ ਪੰਕਤੀਆਂ ਵਿਚ ਰੇਖਾਂਕਿਤ ਸ਼ਬਦ ਅੱਜ ਕਲ੍ਹ ਅਪ੍ਰਚਲਿਤ ਹਨ। ਵੈਸੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਵੀ ਭਾਈ ਸਾਹਿਬ ਦੇ ਸ਼ਬਦ-ਭੰਡਾਰ ਦੀ ਵਿਸ਼ਾਲਤਾ ਵਲ ਸੰਕੇਤ ਕਰਦੀ ਹੈ।

ਸਮਾਸ-ਪ੍ਰਯੋਗ –

ਸਮਾਸਾਂ ਦੀ ਸਹਾਇਤਾ ਨਾਲ ਭਾਵਾਂ ਨੂੰ ਮੂਰਤ-ਆਕਾਰ ਪ੍ਰਦਾਨ ਕੀਤਾ ਜਾ ਸਕਦਾ ਹੈ ਅਤੇ ਨਾਲ ਹੀ ਇਨ੍ਹਾਂ ਦੀ ਵਰਤੋਂ ਰਾਹੀਂ ਸ਼ਬਦ ਵਧੇਰੇ ਸੁੰਦਰ, ਮਾਰਮਿਕ ਅਤੇ ਹਿਰਦੇ ਵਿਚ ਘਰ ਕਰ ਲੈਣ ਦੇ ਸਮਰੱਥ ਹੋ ਜਾਂਦੇ ਹਨ। ਅੰਗ੍ਰੇਜ਼ੀ ਵਿਚ ਕੀਟਸ ਨਵੇਂ ਸਮਾਸਾਂ ਦੇ ਘੜਨ ਦਾ ਉਸਤਾਦ ਮੰਨਿਆ ਗਿਆ ਹੈ। ਭਾਈ ਸਾਹਿਬ ਨੇ ਵੀ ਇਕ ਨਿਪੁੰਨ ਕਲਾਕਾਰ ਵਾਂਗ ਅਨੇਕ ਨਵੇਂ ਸਮਾਸਾਂ ਦੀ ਸਿਰਜਨਾ ਕੀਤੀ ਹੈ, ਜਿਵੇਂ: 'ਫੱਟੇ ਦਿਲਾਂ-ਇਲਾਜ'[111], 'ਪ੍ਰੇਮ ਸਵੱਛ ਪ੍ਰਭ-ਦਾਤ'[112], 'xxxxxxxx', 'ਉਧੇ ਸ਼ਾਂਤਿ-ਪ੍ਰਵਾਹ'[113], 'ਲੈਣ-ਕਸੇ ਨੂੰ ਘੇਰ'[114], 'ਖੁਸ਼ੀ ਹੰਸ-ਅਵਤਾਰ'[115]; 'ਪਰਮ-ਮੇਘ ਹੈ ਓਹ'[116], 'ਪਯਾਰ-ਤ੍ਰੇਲ ਹੈ ਏਹੁ'[117], 'ਪਿਤ੍ਰ-ਪ੍ਰੇਮ'[118], 'ਕਤਲ-ਹਨੇਰੀ'[119], 'ਮੇਲ-ਰੰਗ'[120], 'ਦਰਸ਼ਨ-ਤਾਸੀਰ'[121], 'ਰਸ-ਸੰਗਮ'[122], 'ਦਰਸ-ਪਯਾਸ'[123], 'ਪ੍ਰੀਤਮ-ਦਿਮਾਗ'[124], 'ਭਿੰਨ-ਪਾਰਾ'[125], 'ਦੀਦਾਰ-ਵਪਾਰ'[126], 'ਤੜਪ-ਚੋਪੀਆ'[127], 'ਨੂੰਹਣ-ਸੰਮੀ'[128], 'ਹੁਸਨ-ਅਹਿਸਾਸ'[129]; 'ਮਟਕ-ਹਿਲੋਰਾ'[130], 'ਦਿਲ-ਸੌਦਾ'[131], 'ਮਾਹੀ-ਦੇਸ਼'[132], 'ਦਿਲ-ਵੀਣਾ'[133] ਆਦਿਕ। ਭਾਈ ਸਾਹਿਬ ਦੇ ਇਨ੍ਹਾਂ ਸਮਾਸਾਂ ਦੇ

---

105. ਰਾਣਾ ਸੂਰਤ ਸਿੰਘ ਪੰਨਾ 4, ਪੰਕਤੀ 171
106. ਰਾਣਾ ਸੂਰਤ ਸਿੰਘ, ਪੰਨਾ 11, ਪੰਕਤੀ 83
107. ਉਹੀ " 32 " 15
108. " " 61 " 168
109. " " 153 " 368
110. ਮਟਕ ਹੁਲਾਰੇ " 122
111. ਰਾਣਾ ਸੂਰਤ ਸਿੰਘ " 10 " 26
112. ਉਹੀ " 16 " 398
113. ਉਹੀ " 20 " 234
114. ਉਹੀ " 29 " 99
115. ਉਹੀ " 29 " 108
116. ਉਹੀ " 33 " 102
117. ਰਾਣਾ ਸੂਰਤ ਸਿੰਘ ਪੰਨਾ 37 ਪੰਕਤੀ 60
118. ਉਹੀ " 73 " 220
119. " " 118 " 232
120. " " 126 " 718
121. " " 153 " 341
122. " " 182 " 104
123. ਤ੍ਰੇਲ ਤੇ ਸੂਰਜ, ਲਹਿਰਾਂ ਦੇ ਹਾਰ, ਪੰਨਾ 11
124. ਕਰਨੇ ਦੀ ਖ਼ੁਸ਼ਬੂ " " 79
125. ਅਰਸ਼ੀ ਪਾਰਾ " " 120
126. ਬਿਸਮਿਲ ਮੋਰ " " 182
127. ਮਾਂਈਂ ਲਈ ਤੜਪ, ਬਿਜਲੀਆਂ ਦੇ ਹਾਰ, 35
128. ਉਹੀ
129. ਲਲੀ, ਮਟਕ ਹੁਲਾਰੇ, ਪੰਨਾ 128
130. ਕਸ਼ਮੀਰ ਤੋਂ ਵਿਦਾਇਗੀ, ਉਹੀ, ਪੰਨਾ 167
131. ਪ੍ਰੀਤ ਵੀਣਾ, ਪੰਨਾ 10
132. ਕੰਤ ਮਹੇਲੀ, ਪੰਨਾ 6
133. ਪ੍ਰਾਰੰਭ, ਮੇਰੇ ਸਾਂਈਆਂ ਜੀਉ, ਪੰਨਾ 1

ਨਿਰਮਾਣ ਦੇ ਖੇਤਰ ਵਿਚ ਮੌਲਿਕਤਾ ਅਤੇ ਨਵੀਨਤਾ ਸਾਫ਼ ਦਿਸਦੀ ਹੈ। ~~ਇਨ੍ਹਾਂ ਦੀ ਵਰਤੋਂ ਨਾਲ ਕਾਵਿ ਵਿਚ ਸੰਖਿਪਤਾ ਅਤੇ ਨਵੀਨਤਾ ਸਾਫ਼ ਦਿਸਦੀ ਹੈ।~~ ਇਨ੍ਹਾਂ ਦੀ ਵਰਤੋਂ ਨਾਲ ਕਾਵਿ ਵਿਚ ਸੰਖਿਪਤਾ, ਰਵਾਨੀ ਅਤੇ ਸੰਘਣੇਪਣ ਦੇ ਗੁਣਾਂ ਦਾ ਪ੍ਰਵੇਸ਼ ਹੋਇਆ ਹੈ। ਇਨ੍ਹਾਂ ਦੀ ਵਰਤੋਂ ਨਾਲ ਸ਼ਬਦਾਂ ਦੀ ਅਪੀਲ ਬਾਹਰਮੁਖੀ ਹੋਣ ਦੀ ਥਾਂ ਅੰਤਰਮੁਖੀ ਵੀ ਹੋ ਗਈ ਹੈ। ਭਾਈ ਸਾਹਿਬ ਦੀ ਦੇਣ ਹੀ ਹੈ ਕਿ ਇਸ ਵਿਧੀ ਦਾ ਪੰਜਾਬੀ ਦੇ ਆਉਣ ਵਾਲੇ ਕਵੀਆਂ ਉਤੇ ਵਿਸ਼ੇਸ਼ ਤੌਰ ਤੇ ਪ੍ਰਭਾਵ ਪਇਆ ਹੈ ਅਤੇ ਆਧੁਨਿਕ ਕਵੀ ਮੌਲਿਕ ਸਮਾਸਾਂ ਦੇ ਪ੍ਰਯੋਗ ਵਲ ਖਾਸ ਧਿਆਨ ਦਿੰਦੇ ਹਨ।

<u>ਸ਼ਬਦ- ਦੋਸ਼</u> –

ਭਾਈ ਸਾਹਿਬ ਦੀ ਕਾਵਿ- ਭਾਸ਼ਾ ਵਿਚ ਅਨੇਕ ਗੁਣ ਹਨ, ਪਰ ਇਸ ਨੂੰ ਪੂਰਨ ਤੌਰ ਤੇ ਦੋਸ਼-ਮੁਕਤ ਵੀ ਨਹੀਂ ਕਹਿਆ ਜਾ ਸਕਦਾ। ਕਈ ਥਾਵਾਂ ਤੇ ਭਾਈ ਸਾਹਿਬ ਨੇ ਛੰਦਾਂ ਦੇ ਬੰਧਨ ਹਿਤ ਮਾਤ੍ਰਾਂ ਦੀ ਪੂਰਤੀ ਲਈ ਹਿਜਿਆਂ ਦਾ ਤੋੜ ਮੋੜ ਕੀਤਾ ਹੈ। ਸ਼ਬਦਾਂ ਦੀ ਗਲਤ ਵਰਤੋਂ ਦਾ ਕੋਈ ਵੀ ਕਾਰਨ ਹੋਵੇ, ਕਾਵਿ ਵਿਚ ਸ਼ਬਦਾਂ ਦੀ ਗਲਤ ਸਰੂਪ ਵਿਚ ਜਾਂ ਇਨ੍ਹਾਂ ਦਾ ਅੰਗ ਭੰਗ ਕਰਕੇ ਕੀਤੀ ਵਰਤੋਂ ਨੂੰ ਦੋਸ਼ ਹੀ ਕਹਣਾ ਪੈਂਦਾ ਹੈ। ਭਾਈ ਸਾਹਿਬ ਦੇ ਕਾਵਿ ਵਿਚੋਂ ਅਜੇਹੀਆਂ ਉਦਾਹਰਣਾਂ ਵੇਖੋ:

1. ਮਾਲਕ ਹੋਸੀ ਏਹੁ <u>ਪਤਿ</u> ਦੇ ਰਾਜ ਦੀ[134]
2. ਕੈਸੀ ਕੈਸੀ <u>ਹੰਝੁ</u> ਕਿਰਦੀ ਅੱਖੀਓਂ[135]
3. ਕਰ ਚੌਣੀ ਜਿਉਂ <u>ਛੂਟ</u> ਆਪਣੇ ਦੇਸ਼ ਨੂੰ[136]
4. ਰਾਹੀ <u>ਮਜ਼ਲ</u> ਨ ਪਹੁੰਚ ਜੇੜ੍ਹੇ ਹੋ ਗਏ[137]
5. ਕੌਣ ਘੜੀ <u>ਤਈਆਰ</u> ਹਾਵੇ ਵਾਸਤੇ[138]
6. ਮੁੜ ਕੇ <u>ਬਿਰਹੜੀ</u> ਏਹ ਭਰੀ ਪਿਆਰ ਦੀ[139]
7. ਚਿੰਤਕ ਵਾਂਙੂ ਚਿੱਤ <u>ਮਲਿਨ</u> ਮਨੁੱਖ ਦਾ[140]
8. ਪਰਮੇਸ਼ਰ <u>ਪਰਸਿੰਨ</u> ਹੋਇਆ ਉਪਰੋਂ[141]
9. '<u>ਛਟਕਣਿ</u>' ਲੱਗੇ ਮੈਲ ਪਾਣੀ ਦੀ ਜਿਵੇਂ[142]
10. ਉਹ ਅੱਖ <u>ਗ਼ੀਰਖ਼</u> ਭਰੀ ਜੇ[143]

ਇਨ੍ਹਾਂ ਪੰਕਤੀਆਂ ਵਿਚ ਦਿੱਤੇ ਰੇਖਾਂਕਿਤ ਗਲਤ ਸ਼ਬਦ-ਜੋੜਾਂ ਵਾਲੇ ਸ਼ਬਦਾਂ ਦੇ ਨਾਲ ਇੱਥੇ ਇਨ੍ਹਾਂ ਸ਼ਬਦਾਂ ਦਾ ਸ਼ੁੱਧ ਰੂਪ ਵੀ ਦਿੱਤਾ ਜਾਂਦਾ ਹੈ ਤਾਂ ਜੋ ਭੇਦ ਸਪਸ਼ਟ ਹੋ ਸਕੇ, ਜਿਵੇਂ: ਪਤਿ(ਪਤੀ), ਹੰਝੁ(ਹੰਝੂ), ਛੂਟ(ਛੁਟ),

---

134. ਰਾਣਾ ਸੂਰਤ ਸਿੰਘ, ਪੰਨਾ 12, ਪੰਕਤੀ 146
135. ਉਹੀ " 20 " 208
136. " " 51 " 406
137. " " 82 " 108
138. " " 92 " 161
139. ਰਾਣਾ ਸੂਰਤ ਸਿੰਘ ਪੰਨਾ 105 ਪੰਕਤੀ 366
140. ਉਹੀ " 142 " 261
141. ਉਹੀ " 166 " 228
142. ਉਹੀ " 189 " 125
143. ਕਰਸ਼ੀ ਪਾਰਾਂ– ਲਹਿਰਾਂ ਦੇ ਹਾਰ, ਪੰ: 114

ਮਜਲ(ਮੰਜ਼ਲ), ਤਈਆਰ(ਤਿਆਰ), ਬਿਨਤੀ (ਬੇਨਤੀ), ਮਲਿਨ(ਮਲੀਨ), ਪਰਸਿੰਨ (ਪ੍ਰਸੰਨ), ਫ਼ਟਕਰਿ(ਫ਼ਟਕੜੀ) ਦੀਰਘ(ਦੀਰਘਾ)।

ਭਾਈ ਸਾਹਿਬ ਦੇ ਕਾਵਿ ਵਿਚ ਕਈ ਥਾਵਾਂ ਤੇ ਸ਼ਬਦ-ਜੋੜਾਂ ਵਿਚ ਇਕਸਾਰਤਾ ਤੇ ਪਰਿਪੱਕਤਾ ਵੀ ਨਹੀਂ ਮਿਲਦੀ। ਇਹ ਠੀਕ ਹੈ ਕਿ ਭਾਈ ਸਾਹਿਬ ਨੂੰ ਪੰਜਾਬੀ ਭਾਸ਼ਾ ਦੀ ਜੋ ਪਰੰਪਰਾ ਮਿਲੀ ਸੀ, ਉਸ ਵਿਚ ਇਹ ਦੋਸ਼ ਵਿਦਮਾਨ ਸਨ। ਉਨ੍ਹਾਂ ਨੇ ਸ਼ਬਦ-ਜੋੜਾਂ ਦੀ ਇਕਸਾਰਤਾ ਤੇ ਵਿਆਕਰਣਕ ਨਿਯਮਾਂ ਦੀ ਪਾਲਣਾ ਲਈ ਬੜੇ ਯਤਨ ਕੀਤੇ ਸਨ, ਪਰ ਫਿਰ ਵੀ ਜੋ ਸ਼ਬਦ-ਜੋੜਾਂ ਦੀ ਇਕਸਾਰਤਾ ਦੀ ਅਣਹੋਂਦ ਦੀਆਂ ਉਕਾਈਆਂ ਰਹਿ ਗਈਆਂ ਹਨ, ਉਹ ਵਿਵੇਚਨ ਸਮੇਂ ਖਟਕਦੀਆਂ ਹਨ। ਉਦਾਹਰਣ ਲਈ ਅਸੀਂ ਵੇਖ ਸਕਦੇ ਹਾਂ ਕਿ ਉਨ੍ਹਾਂ ਨੇ ਕਈ ਵੇਰਾਂ ਇਕੋ ਸ਼ਬਦ ਦੇ ਵੱਖ ਵੱਖ ਸ਼ਬਦ-ਜੋੜ ਵਰਤੇ ਹਨ, ਜਿਵੇਂ:
ਜਿਤੁ[144]- ਜਤੋਂ[145]- ਜਪੁੰ[146], ਪ੍ਰੇਮ[147] - xxxxxx ਪਰੇਮ[148], ਰਹਿੰਦਾ[149] - ਰਹੀਂਦਿਆਂ[150], ਮੇਹਰ[151]- ਮੇਹਰ, ਵਿਦਮਖਾ- ਵੇਦਮੱਖਾਂ[152] ਆਦਿ।

ਭਾਸ਼ਾ- ਸੌਸ਼ਠਵ —

ਹਾਲੀ ਤਕ ਭਾਈ ਸਾਹਿਬ ਦੀ ਕਾਵਿ-ਭਾਸ਼ਾ ਦੇ ਸਰੂਪ ਦਾ ਵਿਵੇਚਨ ਹੋਇਆ ਹੈ। ਹੁਣ ਭਾਈ ਸਾਹਿਬ ਦੇ ਭਾਸ਼ਾ- ਸੌਸ਼ਠਵ ਦੇ ਪੱਖ ਤੇ ਵਿਚਾਰ ਕਰ ਲੈਣੀ ਵੀ ਜ਼ਰੂਰੀ ਹੈ।

ਸ਼ਬਦ- ਅਲੰਕਾਰ —

ਭਾਸ਼ਾ ਦੇ ਅਲੰਕਰਣ ਦਾ ਸਭ ਤੋਂ ਮੁੱਢਲਾ ਸਾਧਨ ਸ਼ਬਦ- ਅਲੰਕਾਰ ਹੈ। ਵਾਸਤਵ ਵਿਚ ਭਾਸ਼ਾ ਦੀ ਸਾਜ- ਸਜਾ ਨਾਲ ਸ਼ਬਦ- ਅਲੰਕਾਰ ਦਾ ਡੂੰਘਾ ਸੰਬੰਧ ਹੈ ਅਤੇ ਇਕ ਤਰ੍ਹਾਂ ਨਾਲ ਇਹ ਭਾਸ਼ਾ ਦਾ ਹੀ ਅੰਗ ਹੈ। ਸ਼ਬਦ ਅਲੰਕਾਰ ਵਿਚ ਮੋਟੇ ਤੌਰ ਤੇ ਅਨੁਪ੍ਰਾਸ, ਯਮਕ ਅਤੇ ਵੀਪਸਾ- ਇਹ ਤਿੰਨ ਅਲੰਕਾਰ ਹੀ ਐਸੇ ਹਨ ਜੋ ਭਾਸ਼ਾ ਵਿਚ ਵਿਸ਼ੇਸ਼ ਰੂਪ ਨਾਲ ਸੌਂਦ੍ਰਯ ਦੀ ਵ੍ਰਿਧੀ ਕਰਦੇ ਹਨ। ਇਨ੍ਹਾਂ ਅਲੰਕਾਰਾਂ ਵਿਚੋਂ ਅਨੁਪ੍ਰਾਸ ਨਾਲ ਜਿਥੇ ਭਾਸ਼ਾ ਵਿਚ ਝੁਣਕਾਰ ਪੈਦਾ ਹੁੰਦੀ ਹੈ, 'ਯਮਕ' ਇਸ ਵਿਚ ਚਮਤਕਾਰ ਲਿਆਉਂਦਾ ਹੈ ਅਤੇ ਵੀਪਸਾ ਇਸ ਨੂੰ ਗਤੀ ਪ੍ਰਦਾਨ ਕਰਦਾ ਹੈ। ਭਾਈ ਸਾਹਿਬ ਨੇ ਆਪਣੇ ਕਾਵਿ ਵਿਚ ਇਨ੍ਹਾਂ ਸਭ ਦੀ ਵਰਤੋਂ ਕੀਤੀ ਹੈ।

ਅਨੁਪ੍ਰਾਸ—

ਸਭ ਤੋਂ ਪਹਿਲਾਂ ਭਾਈ ਸਾਹਿਬ ਦੇ ਕਾਵਿ ਦੇ ਵਿਚੋਂ ਅਨੁਪ੍ਰਾਸ ਦੇ ਕੁਝ ਉਦਾਹਰਣ ਵੇਖੋ:

---

144. ਰਾਣਾ ਸੂਰਤ ਸਿੰਘ, ਪੰਨਾ 51, ਪੰਕਤੀ 406
145. ਉਹੀ " 142 " 31
146. " " 147 " 2
147. " " 131 " 1021
148. " " 91 " 40
149. " " 128 " 890
150. ਰਾਣਾ ਸੂਰਤ ਸਿੰਘ, ਪੰਨਾ 129, ਪੰਕਤੀ 900
151. 'ਮੇਹ ਮੇਹਰ' ਬਿਜਲੀਆਂ ਦੇ ਹਾਰ, ਪੰਨਾ: 29
152. ਵਿਦਮਖਾ ਦਾ ਸੋਮਾ, (ਮਟਕ ਹੁਲਾਰੇ) ਪੰਨਾ 102-103

1. ਪੱਖਰ ਵਾਂਗੂ ਸਵਾਹ ਸੱਥਰ ਲੱਥੜੀ[153]
2. ਤਨ, ਮਨ, ਧਨ, ਕੁਰਬਾਨ ਕਰਨੇ ਵਾਸਤੇ[154]
3. 'ਮੈਲੀ, ਮਾੜੀ, ਮੂੰਹ ਮਾਲਕ ! ਤੇਰੀਆਂ ;
   'ਭੋਲ ਭੁਲੀ, ਭਗਵਾਨ ! ਭੀ ਹਾਂ ਤੇਰੀਆਂ ;
   'ਕੂੜਾਂ ਕੁਆਰੀ ਕੋਝ, ਗੋਲੀ ਤੇਰੀਆਂ
   'ਤੇਰੇ ਜੋਗ ਨ ਮੂਲ ਤੇਰੀ ਤੇਰੀਆਂ :[155]
4. ਸਿਰਾਂ ਸਮੇ ਸੂੰਕ ਸੀਨੇ ਨੇ ਰਹੀਆਂ[156]
5. ਰੰਗ ਰੱਤੇ ਰਸ[157] ਰੰਗ ਸਮੋਏ
6. ਹਠ ਤੋਂ ਟੱਪ ਰੰਗੀਜ ਰੰਗ ਵਿਚ
   ਰੰਗੀਆਂ ਹੋ ਰਸ ਜਿੱਤੀ;[158]

ਇਨ੍ਹਾਂ ਪੰਕਤੀਆਂ ਵਿਚ ਵਿਭਿੰਨ ਪ੍ਰਕਾਰ ਦੀ ਅਨੁਪ੍ਰਾਸ ਯੋਜਨਾ ਨੇ ਇਕ ਵਿਸ਼ੇਸ਼ ਪ੍ਰਕਾਰ ਦੀ ਝੰਕਾਰ ਪੈਦਾ ਕਰ ਦਿੱਤੀ ਹੈ। ਇਥੇ ਕਈ ਥਾਵਾਂ ਤੇ ਅਨੁਪ੍ਰਾਸ ਦਾ ਪ੍ਰਯੋਗ ਚਾਰ ਚਾਰ ਤੁਕਾਂ ਤਕ ਲਗਾਤਾਰ ਚਲਦਾ ਹੈ।

ਯਮਕ:

ਯਮਕ ਅਲੰਕਾਰ ਵੀ ਭਾਸ਼ਾ ਨੂੰ ਵਿਸ਼ੇਸ਼ ਸੁੰਦਰਤਾ ਅਤੇ ਸਜਾਵਟ ਪ੍ਰਦਾਨ ਕਰਦਾ ਹੈ। ਬਸ ਸ਼ਰਤ ਇਹ ਹੈ ਕਿ ਇਸ ਦਾ ਪ੍ਰਯੋਗ ਸੀਮਤ ਹੱਦ ਅੰਦਰ ਹੀ ਕਰਨਾ ਚਾਹੀਦਾ ਹੈ, ਵਰਨਾ ਕਵਿਤਾ ਵਿਚ ਕਾਵਿ-ਅੰਸ਼ ਦੀ ਥਾਂ ਚਮਤਕਾਰ ਦੇ ਅੰਸ਼ ਦਾ ਹਾਵੀ ਹੋ ਜਾਣ ਦਾ ਡਰ ਰਹਿੰਦਾ ਹੈ। ਇਸ ਵਿਚ ਭਿੰਨ ਅਰਥਕ ਅਤੇ ਵਰਣ ਸਮੂਹ ਦੀ ਇਕੋ ਜਹੇ ਕ੍ਰਮ ਵਿਚ ਆਵਿਰਤੀ ਹੁੰਦੀ ਹੈ। ਭਾਈ ਸਾਹਿਬ ਨੇ ਯੋਗ ਹੱਦ ਅੰਦਰ ਯਮਕ ਅਲੰਕਾਰ ਦੀ ਵਰਤੋਂ ਕੀਤੀ ਹੈ, ਇਸ ਨੂੰ ਕਾਵਿ ਵਿਚ ਠੋਸਣ ਦਾ ਯਤਨ ਨਹੀਂ ਕੀਤਾ। ਕੁਝ ਉਦਾਹਰਣ ਪ੍ਰਸਤੁਤ ਹਨ:

1. ਖੇਦਾਂ ਜੋਰਾਂ ਜੋਰ ਜੋਰੀਂ ਤੁਰਦੀ[159]
2. ਕੀ ਖੇਡੀ ਆ ਖੇਤ ਖੇਡ ਅਪੁੱਠੜੀ[160]
3. ਘੁਕੀ ਘੂਕੇ ਰੜ੍ਹੇ ਤੇ ਘੂਕੇ[161]
4. ਪੁਰੇ ਪੁਰੇ ਦੇ ਅਗਮੇ ਅਗੰਮ
   ਪਰੇ ਪਰੇ ਦੇ ਸੁਗਮੋਂ ਸੁਗੰਮ[162]
5. ਲੁਕੀ, ਲੁਕਾਈ ਆਪ ਲੋਕਾਂ ਲੁੱਕਿਆਂ[163]

---

153. ਰਾਣਾ ਸੂਰਤ ਸਿੰਘ, ਪੰਨਾ 9 ਪੰਕਤੀ 234
154. ਉਹੀ " 12 " 123
155. ਉਹੀ " 115 " 69-72
156. [illegible] ਪ੍ਰੀਤਵੀਣਾ, " 17
157. ਉਹੀ " 12
158. ਹਠ ਰਸ, ਲਹਿਰਾਂ ਦੇ ਹਾਰ, ਪੰਨਾ 17
159. ਰਾਣਾ ਸੂਰਤ ਸਿੰਘ ਪੰਨਾ 3 ਪੰਕਤੀ 128
160. ਉਹੀ " 9 " 236
161. ਬੇਖੁਦੀ, ਲਹਿਰਾਂ ਦੇ ਹਾਰ, ਪੰਨਾ 17
162 ਤੇਰੇ ਰੋਜਾਂ ਦੀ ਚਾਲ ਮੇਰੇ ਸ " 41

ਵੀਪਸਾ -

'ਵੀਪਸਾ' ਅਲੰਕਾਰ ਦਾ ਸੰਬੰਧ ਭਾਵ ਤੇ ਵਸਤੂ ਨਾਲ ਰਹਿੰਦਾ ਹੈ। ਵੀਪਸਾ ਸ਼ਬਦ ਹੈ ਕਰਮ ਅਤੇ ਆਵੇਸ਼ ਨੂੰ ਪ੍ਰਗਟ ਕਰਦਾ ਹੈ। ਇਸ ਅਲੰਕਾਰ ਦੇ ਪ੍ਰਯੋਗ ਵਿਚ ਭਾਈ ਸਾਹਿਬ ਦੀ ਵਿਸ਼ੇਸ਼ਤਾ ਇਹ ਮਿਲਦੀ ਹੈ ਕਿ ਜਿੱਥੇ ਵੀ ਸਮਾਨ ਸ਼ਬਦਾਂ ਦੀ ਵਰਤੋਂ ਕੀਤੀ ਹੈ, ਉਥੇ ਵਿਸ਼ਾ ਵਸਤੂ ਸਥੂਲ ਰੂਪ ਵਿਚ ਪ੍ਰਗਟ ਨਾ ਹੋ ਕੇ ਧੁਨਿਤ ਹੋ ਗਇਆ ਹੈ ਅਤੇ ਭਾਸ਼ਾ ਵਿਚ ਗਤੀ ਆ ਗਈ ਹੈ, ਜਿਵੇਂ:

1. ਹਿਲ ਹਿਲ, ਘੁਕ ਘੁਕ ਰੋਸ਼ ਦੇਹੋਂ ਨਿਕਲੇ
   ਘੁਕ ਘੁਕ ਫਿਰ ਜਾਇ, ਫਿਰ ਫਿਰ ਉਡੰਦੀ,
   ਘੁਕ ਫਿਰ ਫਿਰ ਉਡ ਉਡ ਪੁਗੀ ਅੰਤ ਨੂੰ[164]
2. ਧਕ ਧਕ ਦਿਲ ਨੂੰ ਬਹਿ ਬਹਿ ਜਾਵਾਂ[165]
3. ਵੇ ਨ ਰੁੱਸ ਕੇ ਰੁੱਸ ਕੇ ਜਾਹ ਢੋਲਾ
   ਅਵੇ, ਹੱਸਦਾ ਹੱਸਦਾ ਆ ਢੋਲਾ।[166]
4. ਡਰਦੇ ਡਰਦੇ ਕੰਬਦੇ ਕੰਬਦੇ ਅਸਾਂ ਹਿਟ ਹਿਟ ਕਦਮ ਹਟਾਏ[167]
5. ਕੋਲ ਕੋਲ ਪਰ ਦੂਰ ਦੂਰ, ਦੂਰ ਦੂਰ ਪਰ ਕੋਲ ਕੋਲ[168]
6. ਗਲ ਲਾ ਲੈ, ਗਲ ਲਾ ਲੈ, ਲਾ ਲੈ, ਤਾਣ ਲਾਹੀ ਮੈਂ ਮਾਹੀ
   ਗਲ ਲਾ ਲੈ, ਗਲ ਲਾ ਲੈ, ਆਪੇ ਬੋਲੀ ਬੋਲੇ ਪਖਲੀ।[169]

ਧੁਨੀ- ਅਰਥ ਵਿਅੰਜਕ ਸ਼ਬਦ( Onomatopoeia )

ਕਵੀ ਜਨ ਜਾਣਦਿਆਂ ਜਾਂ ਅਣਜਾਣਦਿਆਂ ਅਰਥ- ਧੁਨੀ ਦੇ ਸਮਰੱਥ ਸ਼ਬਦਾਂ ਦਾ ਵਿਵਹਾਰ ਕਰਦੇ ਆ ਰਹੇ ਹਨ, ਜਿਸ ਨੂੰ ਅੰਗ੍ਰੇਜ਼ੀ ਵਿਚ ਓਨੋਮੈਟੋਪੀਆ( Onomatopoeia ) ਕਹਿਆ ਜਾਂਦਾ ਹੈ।[170] ਪੱਛਮੀ ਕਾਵਿ- ਸ਼ਾਸਤ੍ਰ ਵਿਚ ਇਸ ਨੂੰ ਸੁਤੰਤ੍ਰ ਅਲੰਕਾਰ ਹੀ ਸਵੀਕਾਰ ਕਰ ਲਇਆ ਗਇਆ ਹੈ। ਭਾਰਤੀ ਪਰੰਪਰਾ ਅਨੁਸਾਰ ਜੇ ਚਾਹੀਏ ਤਾਂ ਇਸ ਨੂੰ ਅਨੁਪ੍ਰਾਸ ਦੇ ਅੰਤਰਗਤ ਵੀ ਮੰਨਿਆ ਜਾ ਸਕਦਾ ਹੈ। ਵੈਸੇ ਇਸ ਦਾ ਬਹੁਤਾ ਸੰਬੰਧ ਸ਼ਬਦਾਂ ਦੇ ਬਾਹਰਮੁਖੀ ਸਰੂਪ ਨਾਲ ਹੀ ਹੁੰਦਾ ਹੈ, ਇਸ ਦੀ

164. ਰਾਣਾ ਸੂਰਤ ਸਿੰਘ, ਪੰਨਾ 60, ਪੰਕਤੀ 116-118
165. ਪੁਰੀ ਮੌਤ, ਲਹਿਰਾਂ ਦੇ ਹਾਰ, ਪੰਨਾ- 18
166. 'ਢੋਲਾ ਰੁੱਸ ਕੇ ਨ ਜਾ, ਬਿਜਲੀਆਂ ਦੇ ਹਾਰ, ਪੰਨਾ- 20
167. ਨੂਰ ਚਮਕਦਾ ਮੱਥਾ, ਮਟਕ ਹੁਲਾਰੇ, ਪੰਨਾ 39
168. ਮੇਰੇ ਸਾਈਆਂ ਜੀਉ, ਪੰਨਾ 4
169. ਕੂਹਕ ਬੋਲੀ, ਖਾਲਸਾ ਸਮਾਚਾਰ, 21-12-1967, ਜਿਲਦ 69, ਅੰਕ 6
170. "The tendency in words to echo the meaning by the actual sound is called Onomatopoeia."
( Marjorie Boulton, The Anatomy of Poetry, London, 1953, P. 53)

ਪ੍ਰਤੀਤੀ ਨਾਲ ਨਹੀਂ। ਭਾਈ ਸਾਹਿਬ ਨੇ ਇਸ ਪ੍ਰਕਾਰ ਦੇ ਧੁਨਾਤਮਿਕ ਸ਼ਬਦਾਂ ਦਾ ਪ੍ਰਯੋਗ ਕਰਕੇ ਆਪਣੀ ਅਭਿਵਿਅਕਤੀ ਨੂੰ ਸੰਗੀਤ ਦੀ ਦ੍ਰਿਸ਼ਟੀ ਤੋਂ ਹੀ ਨਹੀਂ, ਅਰਥ ਰੂਪ ਦੀ ਦ੍ਰਿਸ਼ਟੀ ਤੋਂ ਸਮਰਥ ਵੀ ਬਣਾ ਦਿੱਤਾ ਹੈ। ਕੁਝ ਉਦਾਹਰਣਾਂ ਪ੍ਰਸਤੁਤ ਹਨ:

1. ਗੜ੍ਹ ਗੜ੍ਹ ਕਰਦਾ ਇਕ ਡਿੱਗੇ ਉਪਰੋਂ[171]
2. ਸਾਂਇ ਸਾਂਇ ਹੈ ਹਵਾਇ ਬੂਟੇ ਬੋਲਦੇ;[172]
3. ਸ਼ੋਰ ਕੜਕੀ ਕਰ ਜ਼ੋਰ ਬਿਜਲੀ ਉਪਰੋਂ[173]
4. ਦਾਰੂ ਵਾਂਗ ਸਰੂਰ ਚਾੜ੍ਹਦੀ, ਤਰਬ ਵਾਂਗ ਥਰਰਾਵੇ[174]
5. ਸਰਰ ਸਰਰ ਸਰ ਸਰਰ ਸਰਰ, ਜਿਉਂ ਪਾਣੀ ਛੰਭ ਤੋਂ ਆਵੇ[175]
6. 'ਗਿੰਨੇ ਵੇਖ ਨੀ ਚਲਦੇ' ਠਾਹ ਠਾਹ ਗੋਲੀ ਦੀ ਠਹੀਆਂ।[176]
7. ਠੱਣ ਠਣਣ ਠਣਣ ਠੱਣ ਠਣਣ ਠਣਣ[177]

ਇਨ੍ਹਾਂ ਪੰਕਤੀਆਂ ਵਿਚ ਗੜ੍ਹ ਗੜ੍ਹ ਡਿਗਦੇ ਝਰਨੇ, ਸਾਂਇ ਸਾਂਇ ਕਰਦੇ ਬੂਟੇ, ਬਿਜਲੀ ਦੀ ਕੜਕ, ਸਾਜ਼ ਦੀ ਤਾਰ ਦੀ ਥਰਰਾਹਟ, ਛੰਭ ਦੇ ਪਾਣੀ ਦੀ ਸਰਰ ਸਰਰ, ਗਰਮ ਗੋਲਿਆਂ ਨੂੰ ਧਰਤੀ ਤੇ ਮਾਰਨ ਦੀ ਠਾਹ ਠਾਹ ਅਤੇ ਟੁਟਦੇ ਪੱਥਰਾਂ ਦੀਆਂ ਧੁਨੀਆਂ ਸ਼ਬਦਾਂ ਰਾਹੀਂ ਵਿਅੰਜਿਤ ਹੋ ਜਾਂਦੀਆਂ ਹਨ।

## ਮੁਹਾਵਰੇ ਤੇ ਅਖਾਣ –

ਮੁਹਾਵਰੇ ਅਤੇ ਅਖਾਣ ਹਰੇਕ ਜੀਵਤ ਭਾਸ਼ਾ ਦੀ ਆਪਣੀ ਵਿਸ਼ੇਸ਼ਤਾ ਹੋਇਆ ਕਰਦੇ ਹਨ। ਇਨ੍ਹਾਂ ਦੀ ਵਰਤੋਂ ਨਾਲ ਭਾਸ਼ਾ ਦੀ ਪ੍ਰਭਾਵਿਕ ਸ਼ਕਤੀ ਵੱਧਦੀ ਹੈ। ਭਾਈ ਸਾਹਿਬ ਦੇ ਕਾਵਿ ਵਿਚ ਵੀ ਘਟਾਂ ਸਥਾਨ ਮੁਹਾਵਰਿਆਂ ਅਤੇ ਅਖਾਣਾਂ ਦੀ ਵਰਤੋਂ ਮਿਲਦੀ ਹੈ, ਭਾਵੇਂ ਇਹ ਬਹੁਤ ਜ਼ਿਆਦਾ ਨਹੀਂ। ਅਸਲ ਵਿਚ ਉਨ੍ਹਾਂ ਵਰਗੇ ਵਿਸ਼ਾਲ ਵਿਦਵਤਾ ਦੇ ਸੁਆਮੀ ਕਵੀ ਦੀ ਭਾਸ਼ਾ ਵਿਚੋਂ ਇਨ੍ਹਾਂ ਦਾ ਅਭਾਵ ਹੋਣਾ ਸੰਭਵ ਨਹੀਂ। ਕੁਝ ਉਦਾਹਰਣਾਂ ਪ੍ਰਸਤੁਤ ਹਨ:

### ਮੁਹਾਵਰੇ:

1. 'ਸੱਠੇ ਤੇਰੀ ਲੇਖ ਕੀਤੇ ਜਾਣਗੇ।'[178]
2. ਮਮਾਂ ਅੰਗੂਰ ਲਿਆਇ ਜ਼ਖ਼ਮ ਮਿਲਾਂਵਦਾ,[179]
3. ਵਿਕ ਗਈ ਕੌਡਾਂ ਭਾਇ ਫਿਰਹੋਂ ਹੱਥ ਹੈ[180]
4. 'ਲਾਵੇ ਤੁੱਕਾ ਤੀਰ ਬੇੜਾ ਪਾਰ ਹੈ।'[181]

---

171. ਰਾਣਾ ਸੂਰਤ ਸਿੰਘ, ਪੰਨਾ 94 ਪੰਕਤੀ 242
172. ਉਹੀ " 158 " 38
173. ਉਹੀ " 184 " 255
174. ਖਾਬ, ਲਹਿਰਾਂ ਦੇ ਹਾਰ, ਪੰਨਾ 22
175. ਜੀਵਨ ਕੀ ਹੈ, ਲਹਿਰਾਂ ਦੇ ਹਾਰ, ਪੰਨਾ-52
176. ਕੰਤ ਮਹੇਲੀ, ਪੰਨਾ 11
177. ਹੱਥ ਕਾਰ ਵੱਲ, ਮੇਰੇ ਸਾਈਆਂ ਜੀਓ, ਪੰ: 37
178. ਰਾਣਾ ਸੂਰਤ ਸਿੰਘ, ਪੰਨਾ 8, ਪੰਕਤੀ 192
179. ਉਹੀ " 10 " 27
180. " " 12 " 161
181 " " 15 " 375

5. ਸਿਲ ਅਲੂਣੀ ਚੱਟ ਅਨ-ਰਸ ਤਯਾਗ ਕੇ [182]

6. ਤੇਰੇ ਮਾਰੇ ਮਾਹ ਮੈਂ ਸਨ ਸੂਨ ਲਾ [183]

7. ਉਡ ਗਏ ਹੱਥਾਂ ਦੇ ਤੋਤੇ, ਦਿਲ ਦੀਆਂ ਦਿਲ ਵਿਚ ਰਹੀਆਂ। [184]

<u>ਅਖਾਣ:</u>

1. " ਕੁੱਲੀ ਨੂੰ ਦੇਹ ਖੰਦ ਲਾਹੁ ਨ ਪਾਵੇ [185]

2. "ਕਿਰਲੀ ਸੀਰੀ ਜਾਤ ਜੱਫਾ ਮਾਰਿਆ
   ਚੰਦਨ ਦੇ ਸੁਹਤੀਰ, ਮੂਰਖ ਮੱਤ ਮੈਂ। [186]

3. ਹੀਰੇ ਨੂੰ ਇਕ ਵਿੰਨ੍ਹ ਹੀਰਾ ਹੀ ਸਕੇ [187]

4. ਚੰਦ ਈਦ ਵਾਂਗ ਧੀ ਦਿਖਲਾਇ ਕੇ [188]

5. ਚਿੜੀਆਂ ਭਾਣੇ ਮੌਤ ਹਾਸਾ ਗਵਾਰਦਾ [189]

6. ✓ ਗੂੰਗੇ ਦੇ ਗੁੜ ਵਾਂਗ ਦੱਸ ਨ ਸਕਦਾ [190]

ਇਨ੍ਹਾਂ ਤੁਕਾਂ ਵਿਚ ਮੁਹਾਵਰਿਆਂ ਤੇ ਅਖਾਣਾਂ ਦੀ ਸੁੰਦਰਤਾ ਉਨ੍ਹਾਂ ਦੇ ਪ੍ਰਸਿੱਧ ਤੇ ਪ੍ਰਚਲਿਤ ਸਰੂਪ ਵਿਚ ਸੁਰੱਖਿਅਤ ਹੈ ਅਤੇ ਇਹ ਭਾਵਾਂ ਨੂੰ ਸਹਜ ਢੰਗ ਨਾਲ ਪ੍ਰਗਟ ਕਰਾਉਣ ਵਿਚ ਸਹਾਈ ਹੁੰਦੇ ਹਨ।

<u>ਪ੍ਰਸੰਗ - ਗਰਭਿਤ ਸ਼ਬਦ ( Allusions )</u>

ਵਿਦਵਾਨ ਕਵੀ ਅਤਿਅੰਤ ਪ੍ਰਸਿੱਧ ਅਤੇ ਬਹੁ- ਚਰਚਿਤ ਵਿਸ਼ਿਆਂ ਨੂੰ ਕਾਵਿ ਦੇ ਪ੍ਰਗਟਾਵੇ ਤੇ ਸਪਸ਼ਟਤਾ ਲਈ ਸਾਧਨ ਰੂਪ ਵਿਚ ਅਪਣਾਉਂਦੇ ਹਨ। ਇਸ ਯੁਕਤੀ ਨੂੰ ਪ੍ਰਸੰਗ- ਗਰਭਿਤ ਕਹਿਆ ਜਾਂਦਾ ਹੈ। ਭਾਈ ਸਾਹਿਬ ਨੇ ਵੀ ਇਸ ਯੁਕਤੀ ਦੀ ਵਰਤੋਂ ਕਰਦਿਆਂ ਮਿਥਿਹਾਸ, ਇਤਿਹਾਸ ਅਤੇ ਪ੍ਰੀਤ ਕਥਾਵਾਂ ਵਿਚੋਂ ਕਈ ਸੰਕੇਤ ਵਰਤੇ ਹਨ। ਇਨ੍ਹਾਂ ਸੰਕੇਤਾਂ ਦੀ ਵਰਤੋਂ ਦਾ ਕਾਰਨ ਇਨ੍ਹਾਂ ਨਾਲ ਸੰਬੰਧਿਤ ਪ੍ਰਸੰਗਾਂ ਅਤੇ ਪਾਤਰਾਂ ਵਿਚ ਪੂਰਨ ਵਿਸ਼ਵਾਸ ਨਹੀਂ, ਸਗੋਂ ਇਨ੍ਹਾਂ ਦਾ ਬਹੁਤੇ ਪ੍ਰਚਲਿਤ ਹੋਣਾ ਹੈ। ਕੁਝ ਉਦਾਹਰਣਾਂ ਵੇਖੋ:

---

182. ਰਾਣਾ ਸੂਰਤ ਸਿੰਘ ਪੰਨਾ 130, ਪੰਕਤੀ 974
183. ਉਹੀ " 137 " 147
184. ਕੰਤ ਮਹੇਲੀ " 3
185. ਰਾਣਾ ਸੂਰਤ ਸਿੰਘ " 14 " 239
186. ਉਹੀ " 29 " 113-114
187. ਉਹੀ " 41 " 54
188. ਉਹੀ " 106 " 420
189. ਉਹੀ " 158 " 65
190. ਉਹੀ " 182 " 94

1. ਇਕ ਕਦਮ ਧਰ ਜਾਣ ਵਿਚ ਸਤਿਸੰਗ ਦੇ
ਅਸੁਵਮੇਧ ਦੇ ਤੁੱਲ ਫਲ ਹੈ ਓਸ ਦੇ[191]

2. ਬਾਗ ਅਦਨ ਵਿਚ ਵਸਦਿਆਂ ਆਦਮ ਕਣਕ ਆਖਦੇ ਖਾਧੀ[192]

3. ਰ ਨਾਚ ਨਚਦੀ ਮਲਕੜੇ, ਧੀ ਸੋਮਰਸ ਨੂੰ ਰੋਹਿਣੀ[193]

4. ਖੜੇ ਕਿਨਾਰ ਦੁਵੱਲੀ ਸੁਹਣੇ ਠੰਢੀਆਂ ਛਾਵਾਂ ਪਾਵਨ,
ਜਿਵੇਂ ਪਾਰਖਦ ਇੰਦ੍ਰਪੁਰੀ ਤੋਂ ਆਏ ਰੂਪ ਦਿਖਾਵਨ[194]

5. 'ਮੈਨਾ ਵੰਤੀ' ਵਾਂਗ ਮੇਰੀ ਮਾਉਂ ਭੀ[195]

6. 'ਗੋਪੀ ਚੰਦ' ਵਾਂਗ ਫਿਰਸੀ ਬੇਟੜੀ[196]

7. ਲਭਦੀ ਸੱਸੀ ਵਾਂਗ ਪੁੰਨੂੰ ਪੀਆ ਨੂੰ[197]

8. ਰਾਂਝਾ ਬੈਠਾ ਤਖਤ ਹਜ਼ਾਰੇ ਨਾਲ ਭਾਬੀਆਂ ਅੜਦਾ[198]

9. ਪਹਿਨ ਚੋਲਣਾ ਯੂਸਫ਼ ਵਾਲਾ ਸਰਵਰ ਦੇ ਵਿਚ ਨ੍ਹਾਏ[199]

10. ਅੰਤ ਹਾਰ ਕੇ ਬਹਿ ਗਿਆ ਮਜਨੂੰ 'ਲੈਲੀ 'ਲੈਲੀ' ਜਪਦਾ[200]

11. ਚਰ੍ਹ ਚੱਕ ਤੇ ਚੱਕ ਘੁਮਾਨੀਆਂ, ਮਹੀਂਵਾਲ ਤੋਂ ਸਦਕੇ (ਘਣੀ) ਜਾਨੀਆਂ।[201]

ਇੱਥੇ ਪਹਲੀਆਂ ਸੱਤ ਉਦਾਹਰਣਾਂ ਵਿਚ ਹਿੰਦੂ, ਮੁਸਲਮਾਣੀ ਅਤੇ ਈਸਾਈ ਮਿਥਿਹਾਸ ਵਿੱਚੋਂ ਪ੍ਰਸੰਗ ਗਰਭਿਤ ਸੰਕੇਤ ਵਰਤੇ ਮਿਲਦੇ ਹਨ। ਪਹਲੀ ਉਦਾਹਰਣ ਵਿਚ ਸਤਿਸੰਗ ਦੇ ਮਹਾਤਮ ਨੂੰ ਅਸੁਵਮੇਧ ਦੇ ਤੁਲ ਦਸਣ ਨਾਲ ਅਸੁਵਮੇਧ ਅਰਥਾਤ ਸਾਰੇ ਦੇਸ਼ ਤੇ ਹਕੂਮਤ ਸਿੱਧ ਕਰਨ ਵਾਲੇ ਯਗ ਦਾ ਮਿਥਿਹਾਸਿਕ ਸੰਕੇਤ ਦ੍ਰਿਸ਼ਟੀ-ਗੋਚਰ ਹੋ ਜਾਂਦਾ ਹੈ। ਦੂਜੀ ਉਦਾਹਰਣ ਵਿਚ ਈਸਾਈ ਮਿਥਿਹਾਸ ਵਿਚੋਂ ਅਦਨ ਤੇ ਆਦਮ, ਤੀਜੀ ਉਦਾਹਰਣ ਵਿਚ ਚਾਂਦਨੀ ਦੇ ਨਾਚ ਨੂੰ ਭਾਰਤੀ ਮਿਥਿਹਾਸ ਵਿਚੋਂ ਸੋਮਰਸ ਪਾਨ ਕਰਕੇ ਰੋਹਿਣੀ ਅਰਥਾਤ ਦੱਛ ਦੀ ਪੁੱਤਰੀ ਚੰਦਰਮਾਂ ਦੀ ਇਸਤ੍ਰੀ ਜੋ 27 ਨਛੱਤ੍ਰਾਂ ਵਿਚ ਗਿਣੀਂਦੀ ਹੈ, ਨਾਲ ਤੁਲਨਾ, ਚੌਥੀ ਉਦਾਹਰਣ ਵਿਚ ਨਿਸ਼ਾਤ ਬਾਗ਼ ਦੇ ਚਨਾਰਾਂ ਦੀ ਸੁੰਦਰਤਾ ਨੂੰ ਇੰਦ੍ਰਪੁਰੀ ਦੇ ਪਾਰਖਦ ਅਰਥਾਤ ਦਰਬਾਰੀਆਂ ਦੀ ਸੁੰਦਰਤਾ ਸਮਾਨ ਦਸਣਾ, ਪੰਜਵੀਂ ਤੇ ਛੇਵੀਂ ਉਦਾਹਰਣ ਵਿਚ ਗੋਪੀ ਚੰਦ ਤੇ ਮੈਨਾਵੰਤੀ ਦਾ ਵਰਤਿਆ ਪ੍ਰਸੰਗ ਸਪਸ਼ਟਤਾ ਪੈਦਾ ਕਰਨ ਵਾਲਾ ਹੈ। ਬਾਕੀ ਦੀਆਂ ਉਦਾਹਰਣਾਂ ਵਿਚ ਪ੍ਰਸਿੱਧ ਪ੍ਰੀਤ-ਪਾਤਰਾਂ ਦੇ ਸੰਕੇਤ ਵਰਤੇ ਮਿਲਦੇ ਹਨ। ਇਵੇਂ ਪ੍ਰਸੰਗ-ਗਰਭਿਤ ਸ਼ਬਦਾਂ ਦੀ ਵਰਤੋਂ ਨਾਲ ਭਾਈ ਸਾਹਿਬ ਦੀ ਅਭਿਵਿਅੰਜਨਾ ਵਿਚ ਸਪਸ਼ਟਤਾ ਅਤੇ ਮਾਰਮਿਕਤਾ ਆਈ ਹੈ।

---

191. ਰਾਣਾ ਸੂਰਤ ਸਿੰਘ, ਪੰਨਾ 72, ਪੰਕਤੀ 153-154
192. ਮਗਨਤਾ, ਲਹਿਰਾਂ ਦੇ ਹਾਰ, ਪੰਨਾ 16
193. ਅਰਸ਼ੀ ਧਾਰਾਂ, ਉਹੀ " 123
194. ਨਿਸ਼ਾਤ ਤੇ ਨੂਰ ਜਹਾਂ, ਮਟਕ ਹੁਲਾਰੇ, 134
195. ਰਾਣਾ ਸੂਰਤ ਸਿੰਘ ਪੰਨਾ 140- 324-5
196. ਉਹੀ " 140, 329-30
197. ਰਾਣਾ ਸੂਰਤ ਸਿੰਘ, ਪੰਨਾ 18, ਪੰਕਤੀ 87
198. ਲਹਿਰਾਂ ਦੇ ਹਾਰ, ਪੰਨਾ 12
199. ਜੀਵਨ ਕੀ ਹੈ, ਲਹਿਰਾਂ ਦੇ ਹਾਰ, ਪੰ: 60
200. ਅੰਦਰ ਦੀ ਟੇਕ, ਬਿਜਲੀਆਂ ਦੇ ਹਾਰ, ਪੰ: 38
201. ਮਟਕ ਹੁਲਾਰੇ, ਪੰਨਾ 37

## ਸਾਰ

ਭਾਈ ਸਾਹਿਬ ਦੀ ਪੰਜਾਬੀ ਕਾਵਿ ਭਾਸ਼ਾ ਦੇ ਖੇਤਰ ਵਿਚ ਵਿਸ਼ੇਸ਼ਤਾ ਹੈ ਕਿ ਪੰਜਾਬੀ ਭਾਸ਼ਾ ਜਿਸ ਨੂੰ ਉਨ੍ਹਾਂ ਤੋਂ ਪਹਿਲਾਂ ਗ੍ਰਾਮੀਣ ਭਾਸ਼ਾ ਕਹਿ ਕੇ ਕਾਵਿ- ਉਪਯੁਕਤਤਾ ਦੇ ਅਸਮਰੱਥ ਸਮਝਿਆ ਜਾਂਦਾ ਸੀ, ਨੂੰ ਉਨ੍ਹਾਂ ਨੇ ਸੰਕਰਾਂਤੀ ਕਾਲ ਵਿਚ ਦ੍ਰਿੜ੍ਹਤਾ ਨਾਲ ਅਪਣਾ ਕੇ ਨਿਰ-ਵਿਵਾਦ ਰੂਪ ਵਿਚ ਆਧੁਨਿਕ ਕਾਵਿ ਦੇ ਉਚਿਤ ਸਿੱਧ ਕੀਤਾ ਹੈ। ਭਾਈ ਸਾਹਿਬ ਦੀ ਭਾਸ਼ਾ ਸੰਬੰਧੀ ਸਾਧਨਾ ਉਨ੍ਹਾਂ ਦੇ ਭਾਵ- ਬੋਧ ਦੇ ਨਾਲ ਉਨ੍ਹਾਂ ਦੀਆਂ ਸਾਰੀਆਂ ਕਿਰਤਾਂ ਵਿਚ ਵਿਆਪਤ ਦਿਖਾਈ ਦਿੰਦੀ ਹੈ। ਜਿਸ ਅਣਥੱਕ ਪਰਿਸ਼੍ਰਮ ਦੇ ਨਾਲ ਭਾਈ ਸਾਹਿਬ ਨੇ ਪੰਜਾਬੀ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਕੇ ਇਸ ਦੇ ਵਿਕਾਸ- ਪੰਥ ਨੂੰ ਉਨਮੁਕਤ ਕੀਤਾ ਹੈ, ਇਹ ਉਸੇ ਸਦਕਾ ਹੈ ਕਿ ਵਿਦਵਾਨਾਂ ਨੇ ਉਨ੍ਹਾਂ ਦੀ ਭਾਸ਼ਾ ਦਾ ਅਨੁਕਰਣ ਕਰਨ ਵਿਚ ਫ਼ਖ਼ਰ ਸਮਝਣਾ ਸ਼ੁਰੂ ਕੀਤਾ। ਭਾਈ ਸਾਹਿਬ ਦੇ ਕਾਵਿ ਦੀ ਲੋਕ- ਪ੍ਰਿਯਤਾ ਨੇ ਇਹ ਸ਼ੰਕਾ ਵੀ ਨਿਰਮੂਲ ਸਾਬਤ ਕਰ ਦਿੱਤਾ ਹੈ ਕਿ ਪੰਜਾਬੀ ਦੀ ਕਵਿਤਾ ਪਾਠਕਾਂ ਨੂੰ ਮੁਗਧ ਨਹੀਂ ਕਰ ਸਕਦੀ।

ਭਾਈ ਸਾਹਿਬ ਦੀ ਕਾਵਿ ਭਾਸ਼ਾ ਆਪਣੀ ਸ਼ੁੱਧਤਾ, ਵਿਆਪਕਤਾ ਅਤੇ ਨਾਨਾ ਵਰਣਨਾਤਮਿਕ ਸ਼ਕਤੀ ਭਰਪੂਰ ਹੋਣ ਕਰਕੇ ਬੜੀ ਸ਼ਕਤੀਸ਼ਾਲੀ ਹੈ। ਇਸੇ ਦੇ ਆਧਾਰ ਤੇ ਉਨ੍ਹਾਂ ਨੂੰ ਭਾਸ਼ਾ ਦਾ ਵਿਉਤਪਨ ਪੰਡਿਤ ਅਤੇ ਵਿਸ਼ਵਾਸਤ ਵਿਦਵਾਨ ਸਵੀਕਾਰ ਕਰਨ ਵਿਚ ਜ਼ਰਾ ਸੰਕੋਚ ਨਹੀਂ ਹੁੰਦਾ। ਇਹ ਠੀਕ ਹੈ ਕਿ ਉਨ੍ਹਾਂ ਦੀ ਕਾਵਿ- ਭਾਸ਼ਾ ਨੂੰ ਵਿਆਕਰਣ ਦੀ ਕਸੌਟੀ ਤੇ ਰੱਖ ਕੇ ਪਰਖਦਿਆਂ ਕੁਝ ਦੋਸ਼ ਮਿਲਦੇ ਹਨ, ਪਰ ਇੱਥੇ ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਉਨ੍ਹਾਂ ਦੀ ਇਹ ਕਾਵਿ ਭਾਸ਼ਾ ਹੈ ਅਤੇ ਗੱਦ ਦੇ ਨਿਯਮਾਂ ਉਤੇ ਇਸ ਨੂੰ ਬਹੁਤਾ ਕਸਣਾ ਵੀ ਉਚਿਤ ਨਹੀਂ। ਭਾਸ਼ਾ ਵੈਸੇ ਵੀ ਪਰੰਪਰਾਗਤ ਸੰਪਤੀ ਹੈ। ਭਾਈ ਸਾਹਿਬ ਦੇ ਭਾਸ਼ਾ ਦੋਸ਼ਾਂ ਦਾ ਕਾਰਨ ਜ਼ਿਆਦਾ ਕਰਕੇ ਪੰਜਾਬੀ ਭਾਸ਼ਾ ਦੀ ਅਸਥਿਰ ਸਥਿਤੀ ਵੀ ਹੈ।

ਇਹ ਮੰਨਣ ਵਿਚ ਕੋਈ ਸੰਕੋਚ ਨਹੀਂ ਕਿ ਭਾਈ ਸਾਹਿਬ ਦੀ ਕਾਵਿ ਪ੍ਰਾਪਤੀ ਨਾਲ ਹੀ ਪੰਜਾਬੀ ਬੋਲੀ ਨਿਰੰਤਰ ਤੌਰ ਤੇ ਪਰਿਮਾਰਜਿਤ, ਵਿਸ਼ਾਲ, ਸਥਿਰ ਅਤੇ ਸ਼ੁੱਧ ਹੋਣਾ ਸ਼ੁਰੂ ਹੁੰਦੀ ਹੈ। ਫਿਰ ਜਿਸ ਪੰਜਾਬੀ ਦੀਆਂ ਕਲਾਤਮਿਕ ਸੰਭਾਵਨਾਵਾਂ ਅਤੇ ਲਾਖਣਿਕ ਸ਼ਕਤੀਆਂ ਦਾ ਅੱਜ ਪੂਰਨ ਵਿਕਾਸ ਮਿਲਦਾ ਹੈ, ਉਸ ਦੇ ਮੂਲ ਵਿਚ ਭਾਈ ਸਾਹਿਬ ਦਾ ਯੋਗਦਾਨ ਹੈ। ਭਾਈ ਸਾਹਿਬ ਦੇ ਨਾਲ ਹੋਰ ਕਵੀਆਂ ਨੇ ਵੀ ਪੰਜਾਬੀ ਭਾਸ਼ਾ ਦੇ ਵਿਕਾਸ ਵਿਵਰਧਨ ਵਿਚ ਸਹਾਇਤਾ ਕੀਤੀ ਹੈ, ਪਰ ਜੇ ਭਾਈ ਸਾਹਿਬ ਦਾ ਮੂਲ ਯੋਗ ਨਾ ਹੁੰਦਾ ਤਾਂ ਪੰਜਾਬੀ ਦਾ ਇਤਨਾ ਸੰਸਕਾਰ ਅਤੇ ਵੈਭਵ- ਵਿਕਾਸ ਸ਼ਾਇਦ ਹੁਣ ਤਕ ਨਾ ਹੋਇਆ ਹੁੰਦਾ। ਪੰਜਾਬੀ ਭਾਸ਼ਾ ਭਾਈ ਸਾਹਿਬ ਦੀ ਇਸ ਗੱਲੋਂ ਵੀ ਰਿਣੀ ਹੈ, ਕਿ ਪੰਜਾਬੀ ਜੋ ਸਾਧਾਰਣ ਲੋਕਾਂ ਵਿਚ ਮਕਬੂਲ ਸੀ, ਨੂੰ ਉਨ੍ਹਾਂ ਨੇ ਆਪਣੀ ਅਮੀਰ ਸਮਾਜਿਕ ਅਵਸਥਾ ਸਦਕਾ ਵਿਦਵਾਨਾਂ ਅਤੇ ਉਪਰਲੀ ਸ਼੍ਰੇਣੀ ਵਿਚ ਵੀ ਹਰਮਨ- ਪਿਆਰਾ ਬਣਾ ਕੇ ਇਸ ਦਾ ਸਤਿਕਾਰ ਪੈਦਾ ਕਰਨ ਵਿਚ ਸਹਾਇਤਾ ਕੀਤੀ ਹੈ।

ਭਾਈ ਸਾਹਿਬ ਜਿੱਥੇ ਪੰਜਾਬੀ ਦੇ ਠੇਠ ਸਰੂਪ ਨੂੰ ਅਪਣਾਉਣ ਵਿਚ ਆਪ ਬੜੀ ਮਿਹਨਤ ਕਰਦੇ ਸਨ, ਉਥੇ ਉਨ੍ਹਾਂ ਨੂੰ ਪੰਜਾਬੀ ਦੇ ਦੂਜੇ ਕਵੀਆਂ ਦੀ ਇਹ ਅਣਗਹਿਲੀ ਖਟਕਦੀ ਸੀ। ਧਨੀ ਰਾਮ ਚਾਤ੍ਰਿਕ ਜੀ ਦੇ ਕਾਵਿ- ਸੰਗ੍ਰਹਿ 'ਚੰਦਨ ਵਾੜੀ' ਦੀ ਭੂਮਿਕਾ ਵਿਚ ਭਾਈ ਸਾਹਿਬ ਨੇ ਲਿਖਿਆ ਸੀ" ਪੰਜਾਬੀ ਲੇਖਕ ਤੇ ਖਾਸ ਕਰਕੇ ਪੰਜਾਬੀ ਸ਼ਾਇਰ ਨੂੰ ਪੰਜਾਬੀ ਦੇ ਠੇਠ ਪਦਾਂ ਤੇ ਪੰਜਾਬੀ ਮੁਹਾਵਰਿਆਂ ਨੂੰ ਲੱਭਣਾ ਤੇ ਪੰਜਾਬੀ ਰੰਗਤ ਨੂੰ ਬਦਲਾਏ ਬਿਨਾ ਵਰਤ ਸਕਣਾ ਇਕ ਕਠਿਨ ਕੰਮ ਹੈ। ਆਲਸ ਕਰਕੇ ਸ਼ਾਇਰ ਤੇ ਲੇਖਕ ਅਪਨੇ ਮੂੰਹ ਚੜ੍ਹੇ ਅਰਬੀ, ਫ਼ਾਰਸੀ, ਸੰਸਕ੍ਰਿਤ, ਹਿੰਦੀ ਦੇ ਪਦ ਐਨੇ ਤੇ ਐਉਂ ਵਰਤਦੇ ਹਨ ਕਿ ਪੰਜਾਬੀ ਪੰਜਾਬੀਆਂ ਦੀ ਸਮਝ ਪੈਣੋਂ ਰਹ ਜਾਂਦੀ ਹੈ ਤੇ ਓਪਰੇ ਪਦ ਕੰਨਾਂ ਨੂੰ ਵੀ ਰੜਕਣ ਲਗ ਪੈਂਦੇ ਹਨ।"[202] ਇਵੇਂ ਭਾਈ ਸਾਹਿਬ ਨੇ ਪਹਿਲੀ ਵੇਰਾਂ ਪੰਜਾਬੀ ਵਿਚ ਸ਼ਬਦਾਂ ਨੂੰ ਸੁਚੱਜੇ ਕਾਰੀਗਰ ਵਾਂਗ ਛਿੱਲ-ਤਰਾਸ਼ ਕੇ ਵਰਤਣ ਦੀ ਪਿਰਤ ਸ਼ੁਰੂ ਕੀਤੀ ਹੈ। ਉਨ੍ਹਾਂ ਨੇ ਆਉਣ ਵਾਲੇ ਕਵੀਆਂ ਨੂੰ ਦੱਸਿਆ ਹੈ ਕਿ ਅਨੁਭੂਤੀ ਦੀ ਅਭਿਵਿਅਕਤੀ ਲਈ ਢੁਕਵੇਂ ਸ਼ਬਦਾਂ ਦੀ ਚੋਣ ਅਨਿਵਾਰੀ ਹੈ ਅਤੇ ਹਰ ਕਵੀ ਨੂੰ ਆਪਣੀ ਕਲਾ ਨੂੰ ਸੰਪੂਰਣ ਬਣਾਉਣ ਲਈ ਸ਼ਬਦਾਂ ਚੋਣ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।

---

202. ਭਾਈ ਵੀਰ ਸਿੰਘ ਜੀ ਦਾ ਲਿਖਿਆ ਮੁਖਬੰਧ, 'ਚੰਦਨਵਾੜੀ' ਕ੍ਰਿਤ ਧਨੀ ਰਾਮ ਚਾਤ੍ਰਿਕ

## (ੲ) ਛੰਦ

ਕਵਿਤਾ ਦੀ ਗਤੀ ਨੂੰ ਆਬਦ ਕਰਨ ਵਾਲੇ ਨਿਯਮ ਹੀ ਛੰਦ ਹਨ। ਛੰਦ ਸ਼ਬਦ ਦਾ ਸਾਧਾਰਣ ਤੇ ਕੋਸ਼ਗਤ ਅਰਥ ਹੈ— ਬੰਧਨ। ਛੰਦ ਲਈ ਅੰਗ੍ਰੇਜ਼ੀ ਵਿਚ ਸ਼ਬਦ ਮੀਟਰ(Metre ) ਵਰਤਿਆ ਜਾਂਦਾ ਹੈ, ਜਿਸ ਦਾ ਭਾਵ ਵੀ ਕਾਵਿ ਦੀ ਗਤੀ ਨੂੰ ਕਿਸੇ ਵਿਸ਼ੇਸ਼ ਢਾਂਚੇ ਵਿਚ ਬੰਨ੍ਹਣ ਤੋਂ ਹੈ।[1] ਪੁਰਾਣੀ ਕਵਿਤਾ ਵਿਚ ਛੰਦ ਨੂੰ ਕਵਿਤਾ ਲਈ ਬਹੁਤ ਜ਼ਰੂਰੀ ਮੰਨਿਆ ਜਾਂਦਾ ਸੀ, ਪਰ ਆਧੁਨਿਕ ਸਮੇਂ ਵਿਚ ਛੰਦ ਕਾਵਿ- ਬੰਧਨ ਦੇ ਅਰਥਾਂ ਵਿਚ ਸਮਝਿਆ ਜਾਣ ਤੇ ਕਾਫ਼ੀ ਅਭਿਸ਼ੰਸਾ ਦਾ ਪਾਤਰ ਹੈ। ਪਰ ਅਸਲ ਵਿਚ ਛੰਦ ਕੇਵਲ ਬੰਧਨ ਹੀ ਨਹੀਂ, ਇਹ ਕਵਿਤਾ ਨੂੰ ਗੱਦ ਤੋਂ ਵੱਖਰਾ ਕਰਨ ਵਾਲੇ ਮੁੱਖ- ਧਰਮ ਲੈਅ ਦਾ ਬਾਧਕ ਨਾ ਹੋ ਕੇ ਸਾਧਕ ਹੋ ਜਾਂਦਾ ਹੈ। ਅੱਜ ਭਾਵੇਂ ਮੁਕਤ ਛੰਦ ਦਾ ਬੜਾ ਜ਼ੋਰ ਹੈ, ਪਰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਸ ਵਿਚ ਵੀ ਛੰਦ ਦੇ ਅੰਸ਼ਾਂ ਦੀ ਪੂਰਨ ਅਣਹੋਂਦ ਨਹੀਂ ਹੁੰਦੀ। ਛੰਦ ਦਾ ਮੂਲ ਆਧਾਰ ਲੈਅ ਹੈ ਅਤੇ ਲੈਅ ਦੀ ਚਿੰਤਾ 'ਮੁਕਤ ਛੰਦ' ਵਿਚ ਵੀ ਕੀਤੀ ਜਾਂਦੀ ਹੈ। ਇਵੇਂ ਛੰਦ ਦੀ ਆਤਮਾ 'ਲੈਅ' ਮੁਕਤ ਛੰਦ ਵਿਚ ਵੀ ਇਕ ਪ੍ਰਕਾਰ ਨਾਲ ਸੁਰੱਖਿਅਤ ਰਹਿੰਦੀ ਹੈ। ਮੁਕਤ ਛੰਦ ਵਿਚ ਸਿਰਫ਼ ਛੰਦ ਦਾ ਬਾਹਰਮੁਖੀ ਕਲੇਵਰ ਹੀ ਬਦਲਦਾ ਹੈ।[2]

ਪੰਜਾਬੀ ਵਿਚ ਵਰਤੋਂ ਵਿਚ ਆਉਣ ਵਾਲੇ ਬਹੁਤੇ ਛੰਦ ਤਿੰਨ ਕਿਸਮਾਂ ਦੇ ਹਨ: ਇਕ ਜਿਹੜੇ ਪੁਰਾਣੇ ਹਨ ਅਤੇ ਹਿੰਦੀ ਵਿਚ ਵੀ ਮਿਲਦੇ ਹਨ; ਦੂਜੇ ਉਹ ਜਿਹੜੇ ਫ਼ਾਰਸੀ ਵਿਚੋਂ ਲਏ ਗਏ ਹਨ ਅਤੇ ਤੀਜੇ ਅੰਗ੍ਰੇਜ਼ੀ ਦੇ ਛੰਦ ਰੂਪ ਹਨ, ਜਿਨ੍ਹਾਂ ਦਾ ਆਧਾਰ ਬਹੁਤ ਮਾਤ੍ਰਾ ਦੀ ਗਿਣਤੀ ਦੀ ਥਾਂ ਜ਼ੋਰ ਤੇ ਦਬਾਉ ਤੇ ਹੈ।[3] ਪੰਜਾਬੀ ਵਿਚ ਗੁਰਬਾਣੀ ਵਿਚੋਂ ਆਈਆਂ ਕਾਵਿ- ਵੰਨਗੀਆਂ ਛੰਦ- ਰਚਨਾ ਦਾ ਅਖੁੱਟ ਭੰਡਾਰ ਹਨ। ਗੁਰੂ ਸਾਹਿਬਾਨ ਦੇ ਸਮਕਾਲੀ ਕਵੀਆਂ ਦਮੋਦਰ, ਭਾਈ ਗੁਰਦਾਸ, ਸ਼ਾਹ ਹੁਸੈਨ ਆਦਿਕ ਨੇ ਪੰਜਾਬੀ ਕਵਿਤਾ

---

1. " Metre- This term is taken from a Greek word meaning measure. In verse it means a regular succession of beats arranged according to some particular pattern". ( Louis Untermeyer, The Forms of Poetry, New Yark, 1926,P.28)

2. " Since Verse is verse just because it has more pattern than prose, free verse is misnomer; verse can never be free. The best name for this verse in English would be 'Cadensed Verse' for it is based upon cadence rather than upon actual metre. Metrical verse seeks its effects chiefly through definite lilt of metre and the magic and satisfaction of chime. 'Cadensed Verse' gets its effects through a subtle shades of changing rhythms and through a delicate sense of balance." ( ibid, P. 7 )

3. ਜੋਗਿੰਦਰ ਸਿੰਘ, ਪੰਜਾਬੀ ਪਿੰਗਲ ਤੇ ਅਰੂਜ਼, ਪੰਨਾ 11

ਦੀ ਛੰਦ ਚਾਲ ਵਿਚ ਕਈ ਰੰਗ ਭਰੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ 'ਚੰਡੀ ਦੀ ਵਾਰ' ਵਿਚ ਸਿਰਖੰਡੀ ਛੰਦਾਂ ਨੂੰ ਵਰਤਿਆ ਹੈ। ਇਸ ਦੇ ਨਾਲ ਕਿੱਸਾਕਾਰਾਂ ਤੇ ਹੋਰ ਕਵੀਆਂ ਨੇ ਦੋਹਿਰਾ, ਦਵੱਯਾ, ਚੌਪਈ, ਬੈਂਤ ਆਦਿਕ ਉਨ੍ਹਾਂ ਛੰਦਾਂ ਨੂੰ ਵਰਤਿਆ ਹੈ, ਜਿਨ੍ਹਾਂ ਵਿਚ ਉਚਾਰਨ ਤੋਲ ਦੀ ਥਾਂ ਮਾਤ੍ਰਿਕ ਤੋਲ ਉਤੇ ਜ਼ੋਰ ਦਿੱਤਾ ਜਾਂਦਾ ਹੈ। ਰਣਜੀਤ ਸਿੰਘ ਕਾਲ ਵਿਚ ਵੀ ਦਵੱਯਾ, ਬੈਂਤ, ਦੋਹਿਰਾ, ਕੋਰੜੇ ਦੀ ਪ੍ਰਧਾਨਤਾ ਰਹਿੰਦੀ ਹੈ। ਮੁੱਢਲੇ ਅੰਗ੍ਰੇਜ਼ੀ ਕਾਲ ਵਿਚ ਜੋ ਕਵਿਤਾ ਅਖਾੜਿਆਂ, ਕਿੱਸਾਕਾਰਾਂ ਅਤੇ ਫ਼ਕੀਰ ਸਾਈਂ ਲੋਕਾਂ ਦੇ ਹੱਥਾਂ ਵਿਚ ਉਸਰੀ ਸੀ, ਉਹ ਵੀ ਜ਼ਿਆਦਾ ਬੈਂਤ, ਦੋਹਿਰਾ, ਦਵੱਯਾ, ਕਬਿੱਤ, ਕੋਰੜਾ, ਛਪੈ, ਕੁੰਡਲੀਆ ਆਦਿਕ ਛੰਦਾਂ ਵਿਚ ਰਚੀ ਗਈ ਸੀ। ਅਖਾੜਿਆਂ ਤੋਂ ਬਾਅਦ ਕਵੀ ਦਰਬਾਰਾਂ ਦੇ ਜ਼ਮਾਨੇ ਵਿਚ ਪਰੰਪਰਾਵਾਦੀ ਛੰਦ- ਚਾਲ ਤੋਂ ਇਲਾਵਾ ਫ਼ਾਰਸੀ ਦੇ ਪ੍ਰਭਾਵ ਹੇਠ ਗ਼ਜ਼ਲਾਂ ਅਤੇ ਰੁਬਾਈਆਂ ਦੇ ਪ੍ਰਯੋਗ ਵੀ ਸ਼ੁਰੂ ਹੋਏ।

ਭਾਈ ਸਾਹਿਬ ਕਵਿਤਾ ਲਈ ਛੰਦ ਦੀ ਮਹੱਤਤਾ ਤੋਂ ਚੇਤੰਨ ਸਨ। ਉਨ੍ਹਾਂ ਨੂੰ ਛੰਦ- ਸ਼ਾਸਤ੍ਰ ਦਾ ਡੂੰਘਾ ਗਿਆਨ ਪ੍ਰਾਪਤ ਸੀ। ਉਨ੍ਹਾਂ ਸਭ ਪ੍ਰਕਾਰ ਦੇ ਛੰਦਾਂ ਨੂੰ ਆਪਣੇ ਕਾਵਿ ਵਿਚ ਵਰਤਿਆ ਹੈ। ਉਨ੍ਹਾਂ ਦੇ ਕਾਵਿ ਵਿਚ ਹਿੰਦੀ- ਸੰਸਕ੍ਰਿਤ ਦੇ ਆਧਾਰ ਤੇ ਅਪਣਾਏ ਪੰਜਾਬੀ ਛੰਦਾਂ ਵਿਚੋਂ ਸਿਰਖੰਡੀ, ਦਵੱਯਾ, ਗੀਆ ਮਾਲਤੀ, ਲਲਿਤ ਪਦ, ਦੋਹਿਰਾ, ਸੋਰਠਾ, ਛਪੈ, ਸਵੈਯਾ, ਹੰਸ- ਗਤਿ, ਕਬਿੱਤ, ਦਿਗਪਾਲ ਆਦਿਕ; ਉਰਦੂ- ਫ਼ਾਰਸੀ ਦੇ ਆਧਾਰ ਤੇ ਪੰਜਾਬੀ ਵਿਚ ਪ੍ਰਚਲਿਤ ਬੈਂਤ ਤੋਂ ਛੁੱਟ ਰੁਬਾਈ ਦੀ ਤਰਜ਼ ਤੇ ਤੁਰਯਾਈ ਅਤੇ ਗ਼ਜ਼ਲ ਅਤੇ ਅੰਗ੍ਰੇਜ਼ੀ ਕਵਿਤਾ ਵਿਚ ਪ੍ਰਚਲਿਤ ਮੁਕਤ- ਛੰਦ ਦੇ ਕੁਸ਼ਲ ਪ੍ਰਯੋਗ ਮਿਲਦੇ ਹਨ।

<u>ਸਿਰਖੰਡੀ—</u>

"ਸਿਰਖੰਡੀ ਛੰਦ ਦਾ ਨਾਮੁ ਹੈ 'ਸ੍ਰੀ ਖੰਡ', ਇਹ 'ਪਲ ਵੰਗਮ' ਛੰਦ ਦਾ ਰੂਪਾਂਤਰ ਹੈ, ਇਸ ਛੰਦ ਦੇ ਤੁੱਕ ਦੇ ਮੱਧ- ਅਨੁਪ੍ਰਾਸ ਦਾ ਮੇਲ ਅਤੇ ਤੁਕਾਂਤ ਬੇਮੇਲ ਹੁੰਦਾ ਹੈ। ਇਸ ਦਾ ਲੱਛਣ ਹੈ— ਚਾਰ ਚਰਣ, ਪ੍ਰਤਿ ਚਰਣ 21 ਮਾਤ੍ਰਾਂ, ਪਹਲਾ ਵਿਸ਼੍ਰਾਮ 12 ਪੁਰ, ਦੂਜਾ 9 ਪੁਰ, ਦੋਹਾਂ ਵਿਸ਼੍ਰਾਮਾਂ ਦੇ ਅੰਤ ਗੁਰੂ"[4]। ਬੀਰ ਰਸ ਪੈਦਾ ਕਰਨ ਲਈ ਇਹ ਛੰਦ ਬੜਾ ਢੁਕਵਾਂ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਚੰਡੀ ਦੀ ਵਾਰ' ਵਿਚ ਸਿਰਖੰਡੀ ਦੀ ਵਰਤੋਂ ਕੀਤੀ ਹੈ।

ਭਾਈ ਸਾਹਿਬ ਨੇ ਆਪਣੇ ਕਾਵਿ ਵਿਚ ਸਿਰਖੰਡੀ ਛੰਦ ਦੀ ਇਕ ਮਾਤ੍ਰਾ ਘਟਾ ਕੇ 20 ਮਾਤ੍ਰਾਂ ਵਾਲੇ ਸਿਰਖੰਡੀ ਛੰਦ ਨੂੰ ਨਾਜ਼ੁਕ ਖਿਆਲਾਂ ਦੀ ਵਰਤੋਂ ਦੇ ਯੋਗ ਵੀ ਬਣਾ ਦਿੱਤਾ ਹੈ। ਉਨ੍ਹਾਂ ਨੇ ਸਾਰੇ 'ਰਾਣਾ ਸੂਰਤ ਸਿੰਘ' ਵਿਚ ਇਸ ਨਵੇਂ ਰੂਪ ਦੇ ਸਿਰਖੰਡੀ ਨੂੰ ਵਰਤਿਆ ਹੈ। 21 ਮਾਤ੍ਰਾਂ ਵਾਲੇ ਸਿਰਖੰਡੀ ਛੰਦ ਵਿਚ ਬੜੀ ਗਰਮੀ ਹੁੰਦੀ ਹੈ, ਜਿਵੇਂ:

ਚੋਟ ਪਈ ਖਰਚਾਮੀ ਦਲਾਂ ਮੁਕਾਬਲਾ। 12+9= 21 ਮਾਤ੍ਰਾਂ
ਘੇਰ ਲਈ ਵਰਿਆਮੀ ਦੁਰਗਾ ਆਇਕੈ। 12+ 9= 21 ਮਾਤ੍ਰਾਂ
(ਚੰਡੀ ਦੀ ਵਾਰ)

---

4. ਭਾਈ ਕਾਨ੍ਹ ਸਿੰਘ, ਗੁਰ ਸ਼ਬਦ ਰਤਨਾਕਰ, ਮਹਾਨ ਕੋਸ਼, ਪੰਨਾ 149.

ਪਰ ਜਦੋਂ ਇਸੇ ਛੰਦ ਦੀ ਇਕ ਮਾਤ੍ਰਾ ਘਟਾ ਕੇ 'ਰਾਣਾ ਸੂਰਤ ਸਿੰਘ' ਵਿਚ ਇਸ ਨੂੰ 20 ਮਾਤ੍ਰਾਂ(11+9) ਦੇ ਰੂਪ ਵਿਚ ਵਰਤਿਆ ਗਇਆ[5] ਹੈ, ਤਾਂ ਇਸ ਦੀ ਚਾਲ ਸੁਸਤ ਹੋ ਜਾਂਦੀ ਹੈ:

ਪੱਧਰ ਇਕ ਮਦਾਨ ਪਰਬਤ ਘੇਰਿਆ    11+ 9 = 20 ਮਾਤ੍ਰਾਂ
ਛੋਟਾ ਪਰ ਰਮਣੀਕ ਸੁਥਰਾ ਸੋਹਿਣਾ[6]    11+ 9 = 20 ਮਾਤ੍ਰਾਂ

ਭਾਈ ਸਾਹਿਬ ਦੀ ਕੀਤੀ ਇਕ ਮਾਤ੍ਰਾ ਦੀ ਤਬਦੀਲੀ ਨਾਲ ਸਿਰਖੰਡੀ ਛੰਦ ਦੀ ਚਾਲ ਤੇ ਧਾਪ ਵਿਚ ਕੋਈ ਫਰਕ ਨਹੀਂ ਪੈਂਦਾ, ਪਰ ਕਾਵਿ ਦਾ ਪ੍ਰਭਾਵ ਬਦਲ ਜਾਂਦਾ ਹੈ। ਭਾਈ ਸਾਹਿਬ ਨੇ ਫਿਰ ਜੋ 20 ਮਾਤ੍ਰਾਂ ਵਾਲੇ ਸਿਰਖੰਡੀ ਛੰਦ ਦੇ ਰੂਪ ਨੂੰ ਸ਼ੁਰੂ ਕੀਤਾ ਹੈ, ਉਸ ਵਿਚ ਮਾਤਰਾਂ ਪੂਰਤੀ ਦਾ ਪੂਰਨ ਖਿਆਲ ਰੱਖਿਆ ਹੈ, ਭਾਵੇਂ ਕਈ ਥਾਂਵਾਂ ਤੇ ਉਨ੍ਹਾਂ ਨੂੰ ਸ਼ਬਦ-ਜੋੜਾਂ ਨੂੰ ਮਾਤ੍ਰਾ ਦੀ ਪੂਰਤੀ ਲਈ ਬਦਲਣਾ ਪਇਆ ਹੈ, ਜਿਵੇਂ:

1. ਇਹ ਕਹਿ ਨਿਕਲੀ ਬਾਹ੍ਰ, ਰੁਮਕੇ ਹੋ ਤੁਰੀ[7]    20 ਮਾਤ੍ਰਾਂ
2. ਬੇਵਸ ਮਾਰੀ ਆਹ ਕਹਿੰਦੀ ਬੱਚੀਏ ![8]    20 ਮਾਤ੍ਰਾਂ
3. ਨਾ ਹੀ ਦੇਵੀਂ ਦੋਸ਼ ਅਪਨੇ ਸਵਾਮਿ ਨੂੰ[9]    20 ਮਾਤ੍ਰਾਂ
4. ਨਿੰਦਾ ਨ ਮੰਨਤਵਧ ਹੋਸੀ ਮਿੱਤ੍ਰਾ[10]    20 ਮਾਤ੍ਰਾਂ
5. ਕੋਈ ਕੋਈ ਹੰਝੂ ਕਿਰਦੀ ਅੱਖੀਓਂ[11]    20 ਮਾਤ੍ਰਾਂ

ਇਥੇ ਪਹਿਲੀ ਉਦਾਹਰਣ ਵਿਚ 'ਬਾਹ੍ਰ' ਨੂੰ 'ਬਾਹਰ', ਦੂਜੀ ਤੁਕ ਵਿਚ 'ਕਹਿੰਦੀ' ਨੂੰ ਕਹਿੰਦੀ, ਤੀਜੀ ਤੁੱਕ ਵਿਚ 'ਅਪਨੇ ਸਵਾਮਿ' ਨੂੰ 'ਆਪਣੇ ਸਵਾਮੀ', ਚੌਥੀ ਤੁੱਕ ਵਿਚ 'ਮੰਨਤਵਧ' ਨੂੰ 'ਮੰਤਵ' ਅਤੇ ਪੰਜਵੀਂ ਤੁੱਕ ਵਿਚ 'ਹੰਝੂ ਕਿਰਦੀ' ਨੂੰ 'ਹੰਝੂ ਕੇਰਦੀ' ਸਿਰਫ਼ ਮਾਤ੍ਰਾਂ ਪੂਰਤੀ ਲਈ ਹੀ ਲਿਖਿਆ ਗਇਆ ਹੈ।

ਭਾਈ ਸਾਹਿਬ ਨੇ ਸਿਰਖੰਡੀ ਦੇ ਇਸ ਨਵੇਂ ਰੂਪ ਨੂੰ 'ਰਾਣਾ ਸੂਰਤ ਸਿੰਘ' ਤੋਂ ਛੁੱਟ 'ਗੁਲਾਬ ਦਾ ਫੁੱਲ'[12], 'ਨਿਸ਼ਾਤ ਬਾਗ਼'[13], 'ਅਨੰਤ-ਨਾਗ'[14], 'ਰੈਣ ਬਸੇਰਾ'[15], 'ਕਸ਼ਮੀਰ ਤੇ ਸੁੰਦਰਤਾ'[16] ਆਦਿਕ ਕਵਿਤਾਵਾਂ ਵਿਚ ਵੀ ਵਰਤਿਆ ਹੈ। ਇਕ ਉਦਾਹਰਣ ਪ੍ਰਸਤੁਤ ਹੈ:

---

5. ਭਾਈ ਵੀਰ ਸਿੰਘ, ਉਥਾਨਕਾ ਰਾਣਾ ਸੂਰਤ ਸਿੰਘ, ਪੰਨਾ 7
6. ਰਾਣਾ ਸੂਰਤ ਸਿੰਘ, ਪੰਨਾ 1, ਪੰਕਤੀ 1-2
7. ਉਹੀ " 5 " 275
8. ਉਹੀ " 9 " 234
9. ਉਹੀ " 15 " 356
10. ਉਹੀ " 15 " 367
11. ਉਹੀ " 20 " 208
12. ਬਿਜਲੀਆਂ ਦੇ ਹਾਰ, ਪੰਨਾ 39
13. ਮਟਕ ਹੁਲਾਰੇ, ਪੰਨਾ 86
14. ਉਹੀ, ਪੰਨਾ 88
15. ਉਹੀ, ਪੰਨਾ 113
16. ਉਹੀ, ਪੰਨਾ 121

ਤਲ ਦੇ ਸਿਰ ਸਿਰਤਾਜ ਖੜਾ ਨਿਸ਼ਾਤ ਤੂੰ
ਪਰਬਤ ਗੋਦੀ ਵਿਚ ਤੂੰ ਹੈ ਲੇਟਿਆ
ਟਿੱਲੇ ਪਹਿਰੇਦਾਰ ਪਿੱਛੇ ਖੜੇ ਹਨ
ਅੱਗੇ ਹੈ ਦਰਬਾਰ ਤਲ ਦਾ ਵਿੱਛਿਆ।[17]

ਇਸ ਦੇ ਨਾਲ ਹੀ ਭਾਈ ਸਾਹਿਬ ਨੇ ਸਿਰਖੰਡੀ ਛੰਦ ਦੇ ਇਕ ਹੋਰ ਰੂਪ ਨੂੰ 'ਸ਼ਾਲਾਮਾਰ;[18] 'ਗਾਂਧਰ ਬਲ'[19], 'ਕ੍ਰਿਸ਼ਨ ਗੰਗਾ'[20], 'ਫਰਾਮੁਰਜ਼ ਦੀ ਵਿਲਕਣੀ'[21] ਆਦਿਕ ਕਵਿਤਾਵਾਂ ਵਿਚ ਵਰਤਿਆ ਹੈ, ਜਿਸ ਦਾ ਮੱਧ-ਤੁਕਾਂਤ ਮਿਲਦਾ ਹੈ, ਜਿਵੇਂ:

1. ਜੋੜੀ ਖੜੇ ਚਿਨਾਰ ਸ਼ਾਂਤੀ ਵਸ ਰਹੀ
ਨਹਿਰ ਵਹੇ ਵਿਚਕਾਰ ਖ਼ੁਸ਼ੀ ਪ੍ਰਵਾਹ ਜਦੋਂ[22]

* * *

2. ਬਰਫ਼ਾਂ ਨਰਮੀ ਖਾਇ ਹੇਠਾਂ ਉਤਰੀਆਂ[23]
ਠੰਢਕ ਵੰਡ ਵੰਡਾਇ ਲੁਟਾਈਏ ਆਪਣੀ

* * *

3. ਤੇਰਾ ਨੀਰ ਨਿਪੰਗ ਕ੍ਰਿਸ਼ਨ ਗੰਗ ਤੇਰਾ ਨਾਉਂ
ਕੌਰਾ ਸਾਵਾ ਰੰਗ ਧਾਰੀ[24] ਆ ਰਹੀ।

* * *

4. ਪਾਣੀ ਸਾਫ਼ ਸ਼ਫ਼ਾਫ਼ ਚਲੌਰੀ ਚਲ ਰਿਹਾ
ਪਰਬਤ ਵਖੀਓਂ ਸਾਫ਼ ਕਿ ਟੁਰਦਾ ਆ ਗਿਆ।[25]

ਸਿਰਖੰਡੀ ਛੰਦ ਵਿਚ ਜੋ ਹੋਰ ਤਬਦੀਲੀ ਭਾਈ ਸਾਹਿਬ ਨੇ ਲਿਆਂਦੀ ਹੈ, ਉਹ ਇਹ ਕਿ ਉਨ੍ਹਾਂ ਨੇ ਇਸ ਰਾਹੀਂ ਭਾਵ ਨੂੰ ਇਕ ਜਾਂ ਦੋ ਪੰਕਤੀਆਂ ਵਿਚ ਬੰਦ ਕਰਨ ਦੀ ਥਾਂ ਕਈ ਤੁੱਕਾਂ ਤਕ ਤੋਰੀ ਰਖਿਆ ਹੈ, ਜੋ ਪਹਿਲਾਂ ਪੰਜਾਬੀ ਕਾਵਿ ਵਿਚ ਨਹੀਂ ਕੀਤਾ ਜਾਂਦਾ ਸੀ। ਅੰਗ੍ਰੇਜ਼ੀ ਦੇ ਕਵੀ ਮਾਰਲੋ ਦੀ ਮਹਾਨਤਾ ਹੀ ਇਸੇ ਤਬਦੀਲੀ ਅਰਥਾਤ ਇਕ ਵਾਕ ਜਾਂ ਵਾਕੰਸ਼ ਦਾ ਇਕ ਪੰਕਤੀ ਵਿਚ ਅਧੂਰਾ ਰਹ ਜਾਣ ਤੇ ਦੂਜੀ ਵਿਚ ਜਾ ਕੇ ਪੂਰਾ ਕਰਨਾ ਹੈ।[26] ਭਾਈ ਸਾਹਿਬ ਦੇ ਕਾਵਿ ਵਿਚੋਂ ਇਕ ਉਦਾਹਰਣ ਵੇਖੋ:-

ਦਾੜ੍ਹੀ ਲਗੇ ਗਯਾਨ; ਵੱਢੇ ਮੁੱਢ ਨੂੰ
ਚਰਨਾਂ ਨਾਲੋਂ ਨੰਤ, ਸੁੱਕੀ ਕਾਠ ਮੈਂ[27]
ਹੋ ਕੇ ਗਾਲਣ ਵਾਂਗ ਅੰਬਰ ਜਾ ਪਵਾਂ।

---

17. ਨਿਸ਼ਾਤ ਬਾਗ਼, ਮਟਕ ਹੁਲਾਰੇ, ਪੰਨਾ 86
18. ਮਟਕ ਹੁਲਾਰੇ, ਪੰਨਾ 78
19. ਉਹੀ, ਪੰ: 116
20. " ਪੰ: 122
21. ਉਹੀ " 143
22. ਸ਼ਾਲਾਮਾਰ, ਉਹੀ, ਪੰ:78
23. ਗਾਂਧਰਬਲ, ਮਟਕ ਹੁਲਾਰੇ, ਪੰਨਾ 116
24. ਕ੍ਰਿਸ਼ਨ ਗੰਗਾ, ਉਹੀ " 122
25. ਫਰਾਮੁਰਜ਼ ਦੀ ਵਿਲਕਣੀ, ਉਹੀ, 143
26. ਡਾ. [illegible] ਗੋਪਾਲ ਸਿੰਘ ਦਾ ਲੇਖ, ਪੰਜਾਬੀ ਸਾਹਿਤ ਤੇ ਸ਼ਖ਼ਸੀਅਤਾਂ ਦਾ ਅਸਰ, ਪਰਖ ਪੜਚੋਲ, ਪੰਜਾਬ ਯੂਨੀਵਰਸਿਟੀ, ਪੰਨਾ- 173
ਰਾਣਾ ਸੂਰਤ ਸਿੰਘ ਪੰਨਾ 139 ਪੰਕਤੀ

<u>ਦਵੱਯਾ</u> -

ਦਵੱਯਾ- ਚਾਰ ਤੁੱਕਾਂ ਦਾ ਮਾਤ੍ਰਿਕ ਛੰਦ ਹੈ, ਜਿਸ ਦੀ ਹਰੇਕ ਤੁੱਕ ਵਿਚ 28 ਮਾਤ੍ਰਾਂ (16 + 12) ਹੁੰਦੀਆਂ ਹਨ। ਇਸ ਦੀ ਹਰੇਕ ਤੁੱਕ ਦੇ ਅੰਤ ਵਿਚ ਦੋ ਗੁਰੂ ਹੁੰਦੇ ਹਨ ਅਤੇ ਤੁਕਾਂਤ ਦੋ ਦੋ ਤੁੱਕਾਂ ਦਾ ਮਿਲਦਾ ਹੈ। ਇਹ ਬੜਾ ਚੁਸਤ ਬਹਰ ਹੈ ਅਤੇ ਇਸ ਦੀ ਵਰਤੋਂ ਨਾਲ ਸੰਖਿਪਤਾ ਦਾ ਗੁਣ ਵਿਸ਼ੇਸ਼ ਤੌਰ ਤੇ ਨਿਖਰਦਾ ਹੈ। ਹਾਸ਼ਮ ਨੇ ਸਿੱਕ ਤੇ ਬਿਰਹੋਂ ਅਤੇ ਸਦਾਚਾਰਕ ਤੇ ਨੀਤੀਪਰਕ ਬਿਆਨ ਲਈ ਇਸ ਦੀ ਵਰਤੋਂ ਕੀਤੀ ਸੀ। ਭਾਈ ਸਾਹਿਬ ਦੇ ਕਾਵਿ ਵਿਚ ਵੀ ਜਿੱਥੇ ਵੀ ਅਜੇਹਾ ਰੰਗ ਵਧਿਆ ਹੈ, ਉਥੇ ਉਨ੍ਹਾਂ ਨੇ ਦਵੱਯੇ ਦੀ ਵਰਤੋਂ ਕੀਤੀ ਹੈ। ਭਾਈ ਸਾਹਿਬ ਨੇ ਆਪਣੀਆਂ ਤੁਰਿਯਾਈਆਂ ਤੋਂ ਛੁਟ 'ਜੀਵਨ ਕੀ ਹੈ ?', 'ਕਿੱਕਰ', 'ਹਿਮਾਲਯ- ਗੰਗਾ- ਸਮੁੰਦਰ', 'ਗੁਲਦਾਊਦੀਆਂ ਨਹੀਂ ਆਈਆਂ', 'ਇਕ ਵੈਰਾਨ - ਬਾਗ਼', 'ਕੁਤਬ ਦੀ ਲਾਠ', 'ਬੇਲਾ ਭੁਆਨੀ', 'ਪਦਮ ਬ੍ਰਿਛ ਦੀ ਬਹਾਰ'ਨਨੀ' ਆਦਿਕ ਵਿਚ ਇਸ ਛੰਦ ਨੂੰ ਵਰਤਿਆ ਹੈ। ਕੁਝ ਉਦਾਹਰਣਾਂ ਵੇਖੋ:-

1. ਕਢ ਸਿਰੀ ਉਪਰ ਨੂੰ ਟੁਰਿਆ ਵੱਲ ਆਕਾਸ਼ਾਂ ਜਾਵਾਂ
ਉਪਰ ਨੂੰ ਤੱਕਾਂ ਰਬ ਵੰਨੇ ਛਾਤਿ ਨ ਹੋਰਥਿ ਪਾਵਾਂ
ਸ਼ਹਿਰ ਗਿਰਾਂ ਮਹਿਲ ਨਹੀਂ ਮਾੜੀ ਕੁੱਲੀ ਢੋਕ ਨ ਭਾਨਾਂ
ਮੀਂਹ ਹਨੇਰੀ ਗੜੇ ਧੁੱਪੇ ਵਿਚ ਨੰਗੇ ਸਿਰ ਦਿਨ ਘਾਨਾਂ।[28]

* * *

2. ਅਹੁ ਕੀ ਲਾਲ ਰੋਸ਼ਨੀ ਆਈ ਪੀਲੀ ਹੈ ਹੁਣ ਹੋਈ।
ਰੰਗ ਮੋਤੀਏ ਦੇ ਵਿਚ ਪਲਟੀ ਸੁਕਲ ਧਾਰਿ ਹਸਿ ਰੋਈ।
ਕੋਮਲ ਦੇਹ ਰੰਗ ਹੈ ਸੁੰਦਰ, ਧਰਮ ਨਿਸ਼ਕ ਹੈ ਮਾਰੇ।
ਮੱਥੇ ਤੇਜ ਭਗਤਿ ਦਾ ਨਿਮ੍ਰਕੇ ਨੈਣ ਪ੍ਰੇਮ ਦੇ ਤਾਰੇ।[29]

ਦਵੱਯਾ ਛੰਦ ਦੀ ਵਰਤੋਂ ਵਿਚ ਭਾਈ ਸਾਹਿਬ ਨੇ 28 ਮਾਤ੍ਰਾਂ ਦਾ ਖਿਆਲ ਰੱਖਿਆ ਹੈ, ਪਰ ਕਈ ਥਾਂ ਫਿਰ ਵੀ 27 ਜਾਂ 29 ਮਾਤ੍ਰਾਂ ਹੋ ਗਈਆਂ ਹਨ, ਜਿਵੇਂ:

ਪਾਰੇ ਦੇ ਡਲ ਵਾਂਗ ਛੱਲ ਇਕ ਚਿਟਾ ਸਾਫ਼ ਸੁਹਾਵਾ[30] = 27 ਮਾਤ੍ਰਾਂ

* * *

ਮੂੰਹ ਮੂੰਹ ਭਰਿਆ, ਡਲ੍ਹ ਡਲ੍ਹ ਕਰਦਾ, ਦੱਸੇ ਅਜਬ ਦਿਖਾਵਾ[31] = 29 ਮਾਤ੍ਰਾਂ

<u>ਗੀਆ ਮਾਲਤੀ</u> -

ਗੀਆ ਮਾਲਤੀ ਵੀ ਚਾਰ ਤੁੱਕਾਂ ਦਾ ਇਕ ਮਾਤ੍ਰਿਕ ਛੰਦ ਹੈ, ਜਿਸ ਦੀ ਹਰੇਕ ਤੁੱਕ ਵਿਚ ਦਵੱਯੇ ਵਾਂਗ 28 ਮਾਤ੍ਰਾਂ (16 + 12) ਹੁੰਦੀਆਂ ਹਨ ਅਤੇ ਤੁਕਾਂਤ ਵੀ ਦੋ ਦੋ ਤੁੱਕਾਂ ਦਾ ਮਿਲਦਾ ਹੈ,

---

28. ਕਿੱਕਰ, ਲਹਿਰਾਂ ਦੇ ਹਾਰ, ਪੰਨਾ 69
29. 'ਬੇਲਾ ਭੁਆਨੀ', ਬਿਜਲੀਆਂ ਦੇ ਹਾਰ, ਪੰਨਾ 65
30. 'ਜੀਵਨ ਕੀ ਹੈ?' ਲਹਿਰਾਂ ਦੇ ਹਾਰ, ਪੰਨਾ 43
31. ਜੀਵਨ ਕੀ ਹੈ, ਲਹਿਰਾਂ ਦੇ ਹਾਰ, ਪੰ: 43

ਪਰ ਇਸ ਦੀ ਹਰੇਕ ਤੁੱਕ ਦੇ ਅੰਤ ਵਿਚ ਰਗਣ (ऽ 1 ऽ) ਦੀ ਵਰਤੋਂ ਹੁੰਦੀ ਹੈ। 'ਛੰਭ ਹਾਰਵਨ' ਵਿਚ ਇਸ ਦੀ ਵਰਤੋਂ ਵੇਖੋ:-

ਛੰਭ ਹਾਰਵਨ ਲਹਿ ਲਹਿ ਕਰਦਾ ਪਰਬਤ ਕੁੱਛੜ ਚਾਇਆ,
ਕੀ ਤੂੰ ਸਚ ਮੁਚ ਪਾਣੀ ਹੈਂ ਯਾ ਨੈਣਾਂ ਦੀ ਇਕ ਮਾਇਆ?[32]

<u>ਲਲਿਤ ਪਦ</u>—

ਲਲਿਤ ਪਦ ਵੀ ਚਾਰ ਤੁੱਕਾਂ ਦਾ ਇਕ ਮਾਤ੍ਰਿਕ ਛੰਦ ਹੈ, ਜਿਸ ਦੀਆਂ ਦਵੱਯਾ ਛੰਦ ਵਾਂਗ 28 ਮਾਤ੍ਰਾਂ ਹੁੰਦੀਆਂ ਹਨ ਅਤੇ ਤੁੱਕ ਦੇ ਅਖੀਰ ਦੋ ਗੁਰੂ (ਕਰਣ) ਹੁੰਦੇ ਹਨ। ਪਰ ਜਿੱਥੇ ਦਵੱਯੇ ਦੀਆਂ ਦੋ ਦੋ ਤੁੱਕਾਂ ਦਾ ਤੁਕਾਂਤੀ ਮੇਲ ਹੁੰਦਾ ਹੈ, ਲਲਿਤ ਪਦ ਦੀਆਂ ਚਾਰੇ ਤੁੱਕਾਂ ਦਾ ਤੁਕਾਂਤ ਮਿਲਦਾ ਹੈ। 'ਆਪੇ ਦਾ ਕਾਦਰ' ਵਿਚ ਇਸ ਦੀ ਵਰਤੋਂ ਦੀ ਉਦਾਹਰਣ ਵੇਖੋ:

ਰਸ ਜਦ ਆਣ ਤਣਾਵਾਂ ਪਾਵੇ ਦਿਲ ਖਿਚੀ ਲਈ ਜਾਵੇ,
ਸਵਾਦ ਸਵਾਦ ਦਿਲ ਚੜ੍ਹਦਾ ਜਾਵੇ ਅੰਗ ਅੰਗ ਰਸ ਮਾਵੇ,
ਹੱਦ ਪਾਪ ਦੀ ਕੰਪ ਨ ਬੰਨ੍ਹਾ ਜੋ ਨਿੱਗਰ ਦਿਖਲਾਵੇ,
ਦਿਲ ਦੀ ਸਮਝ ਇਕ ਹੈ ਜਾਦੂ ਜੋ ਸਭ ਫਰਕ ਕਰਾਵੇ।[33]

<u>ਦੋਹਿਰਾ</u>—

ਦੋਹਿਰਾ ਦੋ ਤੁੱਕਾਂ ਦਾ ਮਾਤ੍ਰਿਕ ਛੰਦ ਹੈ, ਜਿਸ ਦੀ ਹਰੇਕ ਤੁੱਕ ਵਿਚ 24 ਮਾਤ੍ਰਾਂ(13+11) ਹੁੰਦੀਆਂ ਹਨ ਅਤੇ ਹਰੇਕ ਤੁੱਕ ਦੇ ਅਖੀਰ ਵਿਚ ਗੁਰੂ ਲਘੂ ਦਾ ਜੁੱਟ ਹੁੰਦਾ ਹੈ। ਭਾਈ ਸਾਹਿਬ ਨੇ ਕੁਝ ਦੋਹਿਰੇ ਹੀ ਲਿਖੇ ਹਨ।[34] ਇਸ ਦੇ ਨਾਲ ਹੀ ਇਸ ਛੰਦ ਨੂੰ 'ਖੇੜਾ'[35], 'ਕਮਲ ਗੋਦੀ ਵਿਚ ਤ੍ਰੇਲ ਮੋਤੀ'[36] ਆਦਿਕ ਵਿਚ ਵਰਤਿਆ ਹੈ, ਜਿਵੇਂ:

1. ਕਮਲ ਪੱਤ ਤੇ ਪਿਆ ਹਾਂ ਮੈਂ ਹਾਂ ਮੋਤੀ ਤ੍ਰੇਲ
ਝੂੰਮਾਂ ਜੀਕੂੰ <u>ਨੀਰ ਤੇ</u> ਪੱਤਾਂ ਕਰਦਾ ਕੇਲ—[37]

* * *

2. ਦਰ ਢੱਠਿਆਂ ਦੇ ਗੁਣਾਂ ਦੀ ਕਦਰ ਨ ਪੈਂਦੀ ਯਾਰ:
ਗਲ ਪਏ ਫੁਲਹਾਰ ਦੀ ਭਾਸੇ ਨ ਮਹਿਕਾਰ।[38]

<u>ਸੋਰਠਾ</u>—

ਸੋਰਠਾ ਦੋ ਤੁੱਕਾਂ ਦਾ ਮਾਤ੍ਰਿਕ ਛੰਦ ਹੈ ਜਿਸ ਦੀ ਹਰੇਕ ਤੁੱਕ ਵਿਚ 24 ਮਾਤ੍ਰਾਂ(11+13) ਹੁੰਦੀਆਂ ਹਨ। ਇਸ ਵਿਚ ਤੁਕਾਂਤੀ ਮੇਲ ਪਹਿਲੇ ਬਿਸਰਾਮ ਉਤੇ ਹੁੰਦਾ ਹੈ ਅਤੇ ਤੁੱਕਾਂ ਦਾ ਤੁਕਾਂਤ ਬੇਮੇਲ ਹੁੰਦਾ ਹੈ। ਭਾਈ ਸਾਹਿਬ ਦੇ ਕਾਵਿ ਵਿਚੋਂ ਇਕ ਉਦਾਹਰਣ ਪ੍ਰਸਤੁਤ ਹੈ:

---

32. ਮਟਕ ਹੁਲਾਰੇ, ਪੰਨਾ- 83
33. ਬਿਜਲੀਆਂ ਦੇ ਹਾਰ, ਪੰ: 27
34. ਵੇਖੋ ਅਧਿਆਇ 4- ਛੋਟੀਆਂ ਕਵਿਤਾਵਾਂ
35. ਲਹਿਰਾਂ ਦੇ ਹਾਰ, ਪੰਨਾ 84
36. ਬਿਜਲੀਆਂ ਦੇ ਹਾਰ, ਪੰਨਾ 16
37. ਕਮਲ ਗੋਦੀ ਵਿਚ ਤ੍ਰੇਲ ਮੋਤੀ, ਬਿਜਲੀਆਂ ਦੇ ਹਾਰ ਪੰ:16
38. ਦਰ ਢੱਠਿਆਂ ਦੀ ਕਦਰ, ਉਹੀ, ਪੰਨਾ 17

ਸੁਬਕ ਸੁਬਕ ਧਰਿ ਪੈਰ ਕੁੱਤਾ ਸੀ ਰਿਕ ਜਾਂਵਦਾ,
ਕਿਤੇ ਕਿਤੇ ਪਲ ਠੈਹਰ, ਭੁਖੀ [redacted] ਲਾ ਲਾ ਸੁੰਘਦਾ[39]

<u>ਛਪੈ</u> -

ਛਪੈ ਛੇ ਤੁਕਾਂ ਦਾ ਇਕ ਮਾਤ੍ਰਿਕ ਛੰਦ ਹੈ, ਜਿਸ ਦੀਆਂ ਪਹਲੀਆਂ ਚਾਰ ਤੁਕਾਂ ਵਿਚ 24 ਮਾਤ੍ਰਾਂ (11+13) ਹੁੰਦੀਆਂ ਹਨ ਅਤੇ ਪਿਛਲੀਆਂ ਦੋ ਤੁਕਾਂ ਦੀ ਮਾਤ੍ਰਾਂ ਛਪੈ ਦੇ ਚਾਰ ਰੂਪਾਂ; ਇਕ ਰੂਪ ਵਿਚ 15+13 ਮਾਤ੍ਰਾਂ, ਦੂਜੇ ਰੂਪ ਵਿਚ 15+15 ਮਾਤ੍ਰਾਂ, ਤੀਜੇ ਵਿਚ 13+13 ਮਾਤ੍ਰਾਂ ਅਤੇ ਚੌਥੇ ਰੂਪ ਵਿਚ 13+11 ਮਾਤ੍ਰਾਂ ਵੱਖ ਵੱਖ ਹੁੰਦੀਆਂ ਹਨ। ਭਾਈ ਸਾਹਿਬ ਨੇ ਛਪੈ ਛੰਦ ਦਾ ਪ੍ਰਯੋਗ ਉਚੀ ਹੁਣ[40] ਅੱਜ[41]/ ਸਮਾਂ[42] ਆਦਿਕ ਕਵਿਤਾਵਾਂ ਵਿਚ ਕੀਤਾ ਹੈ। ਇਕ ਉਦਾਹਰਣ ਵੇਖੋ:

ਰਹੀ ਵਾਸਤੇ ਘੱਤ 'ਸਮੇਂ' ਨੇ ਇਕ ਨ ਮੰਨੀ,
ਫੜ ਫੜ ਰਹੀ ਧਰੀਕ 'ਸਮੇਂ' ਖਿਸਕਾਈ ਕੰਨੀ,
ਕਿਵੇਂ ਨ ਸੱਕੀ ਰੋਕ ਅਟਕ ਜੋ ਪਾਈ ਬੰਨੀ,
ਤ੍ਰਿਖੇ ਆਪਣੇ ਵੇਗ ਗਿਆ ਟਪ ਬੰਨੇ ਬੰਨੀ —
ਹੋ ! ਅਜੇ ਸੰਭਾਲ ਇਸ 'ਸਮੇਂ' ਨੂੰ ਕਰ ਸਫਲ ਉੜਦਾ ਜਾਂਵਦਾ
ਇਹ ਠਹਿਰਨ ਜਾਚ ਨ ਜਾਣਦਾ, ਲੰਘ ਗਿਆ ਨ ਮੁੜ ਕੇ ਆਂਵਦਾ।[43]

<u>ਮਾਤ੍ਰਿਕ ਸਵੈਯਾ</u> -

ਮਾਤ੍ਰਿਕ ਸਵੈਯਾ ਚਾਰ ਤੁਕਾਂ ਦਾ ਮਾਤ੍ਰਿਕ ਛੰਦ ਹੈ, ਜਿਸ ਦੀ ਹਰੇਕ ਤੁੱਕ ਵਿਚ 31 ਮਾਤ੍ਰਾਂ(16+15) ਹੁੰਦੀਆਂ ਹਨ ਅਤੇ ਤੁਕਾਂਤ ਦੋ ਦੋ ਤੁੱਕਾਂ ਦਾ ਮਿਲਦਾ ਹੈ। ਇਸ ਦੇ 'ਬੀਰ ਰੂਪ' ਵਿਚ ਤੁੱਕਾਂ ਦੇ ਅੰਤ ਵਿਚ ਗੁਰੂ ਲਘੂ ਦਾ ਜੁਟ ਹੁੰਦਾ ਹੈ ਅਤੇ 'ਬਾਣ ਰੂਪ' ਵਿਚ ਤੁੱਕਾਂ ਦੇ ਅੰਤ ਵਿਚ ਦੋ ਗੁਰੂ ਹੁੰਦੇ[44] ਹਨ। ਭਾਈ ਸਾਹਿਬ ਨੇ ਮਾਤ੍ਰਿਕ ਸਵੈਯੇ ਦੇ ਇਨ੍ਹਾਂ ਦੋਹਾਂ ਰੂਪਾਂ ਨੂੰ ਵਰਤਿਆ ਹੈ। 'ਅਵੰਤੀਪੁਰੇ ਦੇ ਖੰਡਰ' ਵਿਚ 'ਬੀਰ ਰੂਪ' ਦਾ ਪ੍ਰਯੋਗ ਵੇਖੋ:

ਅਵੰਤੀਪੁਰ ਕੀ ਰਹਿ ਗਯਾ ਬਾਕੀ, ਦੋ ਮੰਦਰਾਂ ਦੇ ਢੇਰ,
ਬੀਤ ਚੁਕੀ ਸਭ੍ਯਤਾ ਦੇ ਖੰਡਰ ਦਸਦੇ ਸਮੇਂ ਦੇ ਫੇਰ।[45]

ਇਸੇ ਤਰ੍ਹਾਂ 'ਪੱਥਰ- ਸ਼ੀਸ਼ਾ- ਹੀਰਾ' ਵਿਚ ਇਸ ਦੇ 'ਬਾਣ ਰੂਪ' ਦੀ ਵਰਤੋਂ ਦੀ ਉਦਾਹਰਣ ਵੇਖੋ:

ਮੈਂ ਪੱਥਰ ਸੁਖ ਨੀਂਦੇ ਸੁੱਤਾ, ਵਿਚ ਸੁਫਨੇ ਕੁਈ ਸੁਣਾਵੇ:
'ਬਣ ਹੀਰਾ, ਕਰ ਦੂਰ ਹਨੇਰਾ, ਤੈਨੂੰ ਚਾਨਣ ਆ ਗਲ ਲਾਵੇ।[46]

---

39. ਬਿਜਲੀਆਂ ਦੇ ਹਾਰ, ਪੰਨਾ 50
40. ਉਹੀ, ਪੰਨਾ 3
41. ਉਹੀ, ਪੰਨਾ 4
42. ਉਹੀ, ਪੰਨਾ 5
43. ਉਹੀ, ਪੰਨਾ 5
44. ਭਾਈ ਕਾਨ੍ਹ ਸਿੰਘ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 130
45. ਮਟਕ ਹੁਲਾਰੇ, ਪੰਨਾ 65
46. ਬਿਜਲੀਆਂ ਦੇ ਹਾਰ, ਪੰਨਾ 33

**ਹੰਸ-ਗਤਿ**

'ਹੰਸ-ਗਤਿ' ਤੋਂ ਭਾਵ ਹੰਸ ਦੀ ਚਾਲ ਵਰਗਾ ਉਹ ਛੰਦ ਹੈ, ਜਿਸ ਦੇ ਚਾਰ ਚਰਣ ਹੁੰਦੇ ਹਨ, ਪ੍ਰਤਿਚਰਣ 20 ਮਾਤ੍ਰਾਂ, ਪਹਲਾ ਬਿਸ਼੍ਰਾਮ 11 ਮਾਤ੍ਰਾਂ ਉਤੇ ਅਤੇ ਦੂਜਾ 9 ਮਾਤ੍ਰਾਂ ਉਤੇ ਅਤੇ ਅੰਤ ਲਘੂ ਗੁਰੂ ਦਾ ਜੋੜ ਹੁੰਦਾ ਹੈ।[47] 'ਇੱਛਾ ਬਲ' ਵਿਚ ਇਸ ਦੀ ਵਰਤੋਂ ਦੀ ਉਦਾਹਰਣ ਵੇਖੋ:

ਪਰਬਤ ਗੋਦੋਂ ਨੀਰ ਨਿਕਲਿਆ ਖੇਡਦਾ,
ਚਮਕੇ ਵਾਂਗ ਬਲੌਰ ਜਾਂਦਾ ਦੌੜਦਾ,
ਘਿਰ ਫੁਹਾਰਿਆਂ ਹੋਇ ਛਹਿਬਰ ਲਾਂਵਦਾ,
ਨਹਿਰਾਂ ਦੇ ਵਿਚਕਾਰ ਜਾਂਦਾ ਗਾਂਵਦਾ।[48]

**ਕਬਿੱਤ:**

ਕਬਿੱਤ ਦਾ ਨਾਉਂ 'ਮਨਹਰ' ਅਥਵਾ ਮਨਹਰਣ ਹੈ। ਇਸ ਦਾ ਲਛਣ ਹੈ- ਚਾਰ ਚਰਣ, ਪ੍ਰਤਿ ਚਰਣ 31 ਅੱਖਰ, ਤਿੰਨ ਬਿਸਰਾਮ ਅੱਠ ਅੱਠ ਅੱਖਰਾਂ ਤੇ, ਚੋਥਾ ਸੱਤ ਪੁਰ, ਅੰਤ ਗੁਰੂ।[49] ਇਸ ਛੰਦ ਵਿਚ ਸਮ ਵਰਣਾਂ ਦਾ ਪ੍ਰਯੋਗ ਅਤੇ ਅਨੁਪ੍ਰਾਸ ਰਚਨਾ ਨੂੰ ਬਹੁਤ ਮਨੋਹਰ ਬਣਾ ਦਿੰਦੇ ਹਨ। ਕਬਿੱਤ ਦੀ ਵਰਤੋਂ ਭਾਈ ਸਾਹਿਬ ਨੇ 'ਕਰਨੇ ਦੀ ਖੁਸ਼ਬੋ ਤੇ ਕਰਨੇ ਦੀ ਅਨਖੁਲ੍ਹੀ ਕਲੀ ਦੀ ਬਾਤ ਚੀਤ',[50] 'ਕੇਲੋਂ ਦੇ ਗਲ ਲਗੀ ਵੇਲ',[51] 'ਚਾਂਦਨੀ',[52] 'ਜਮਨਾ ਕਲਗੀਆਂ ਵਾਲੇ ਦੇ ਦੀਦਾਰ ਦੀ ਸਿੱਕ ਵਿਚ',[53] 'ਅਣਡਿੱਠਾ ਰਸ-ਦਾਤਾ',[54] 'ਵਲਵਲਾ',[55] 'ਅਟਕ'[56] ਆਦਿਕ ਵਿਚ ਕੀਤੀ ਹੈ। ਇਕ ਉਦਾਹਰਣ ਪ੍ਰਸਤੁਤ ਹੈ:

ਜੰਙੀ ਛੋਟੀ ਖੋਲ੍ਹ ਮਾਏ ! ਬੰਨ੍ਹ ਨਾ ਬਹਾਲ ਸਾਨੂੰ,
ਗੋਦੀ ਤੇਰੀ ਹੋਰ ਸਾਥੋਂ, ਬੈਠਾ ਨਹੀਂ ਜਾਂਵਦਾ।
ਪਾਲਿਆ ਤੇ ਪੋਸਿਆ, ਸਿਆਣਿਆਂ ਤੂੰ ਕੀਤਾ ਠੀਕ
ਜੁੱਸਾ ਸਾਡਾ ਤੇਰੀਆਂ ਕਲਾਈਆਂ ਨਹੀਂ ਮਾਂਵਦਾ।
ਤੜਪ ਇਕ ਜਾਗੀ ਮੈਂ ਅੰਦਰੇ ਉਛਾਲੇ ਵਾਲੀ
ਬੈਠਣ ਨਹੀਓਂ ਦੇਂਦੀ ਹੁਣ ਜੀ ਘਬਰਾਂਵਦਾ।
ਮੋਕਲੇ ਤੇ ਵੱਡੇ ਵੱਡੇ ਖੁਲ੍ਹੇ ਖੁਲ੍ਹੇ ਮੰਡਲਾਂ ਦਾ,
ਸੁਹਣਾ ਸੁਹਣਾ ਸੁਪਨਾ, ਹਾਇ! ਸਾਨੂੰ ਪਿਆ ਆਂਵਦਾ।[57]

**ਦਿਗਪਾਲ –**

"ਦਿਗਪਾਲ- ਇਕ ਛੰਦ, ਜਿਸ ਦਾ ਨਾਉਂ 'ਮ੍ਰਿਗਗਤਿ' ਭੀ ਹੈ, ਲੱਛਣ- ਚਾਰ ਚਰਣ, ਪ੍ਰਤਿ ਚਰਣ 24 ਮਾਤ੍ਰਾਂ, ਬਾਰਾਂ ਬਾਰਾਂ ਪੁਰ ਦੋ ਵਿਸ਼੍ਰਾਮ- ਪੰਜਵੀਂ ਅਤੇ ਸਤਾਰ੍ਹਵੀਂ ਮਾਤ੍ਰਾ ਲਘੂ, ਅੰਤ ਦੋ ਗੁਰੂ"[58]

---

47. ਜੋਗਿੰਦਰ ਸਿੰਘ, ਪਿੰਗਲ ਤੇ ਅਰੂਜ਼, ਪੰਨਾ 29
48. ਇੱਛਾਬਲ, ਮਟਕ ਹੁਲਾਰੇ, ਪੰਨਾ 91
49. ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰ: 223
50. ਲਹਿਰਾਂ ਦੇ ਹਾਰ, ਪੰਨਾ 76
51. ਉਹੀ, ਪੰ: 79
52. ਉਹੀ, ਪੰਨਾ 86
53. ਲਹਿਰਾਂ ਦੇ ਹਾਰ, ਪੰਨਾ 89
54. ਬਿਜਲੀਆਂ ਦੇ ਹਾਰ, ਪੰਨਾ 7
55. ਉਹੀ, ਪੰਨਾ 10
56. ਉਹੀ, ਪੰਨਾ 44
57. ਲਹਿਰਾਂ ਦੇ ਹਾਰ, ਪੰਨਾ 7
58. ਭਾਈ ਕਾਨ੍ਹ ਸਿੰਘ ਮਹਾਨ ਪੰਨਾ 473

ਹੁੰਦੇ ਹਨ। ਭਾਈ ਸਾਹਿਬ ਨੇ ਇਸ ਛੰਦ ਨੂੰ 'ਬੁਲਬੁਲ ਤੇ ਰਾਹੀ'[59] ਅਤੇ 'ਪਿਆਰ' ਤੇ 'ਫ਼ਰਜ਼' ਦੀਆਂ ਦੇਵੀਆਂ ਦਾ ਸੰਬਾਦ'[60] ਵਿਚ ਵਰਤਿਆ ਹੈ। ਦੋ ਉਦਾਹਰਣਾਂ ਪ੍ਰਸਤੁਤ ਹਨ:-

1. ਹੈ ਹਾਇ ! ਬਾਗ਼ ਖਾਲੀ, ਫਲ ਫੁਲ ਫਲੀ ਨਹੀਂ ਹੈ,
ਹਾ ਹਾ ! ਗੁਲਾਬ ਡਾਲੀ ਰੋਲੀ ਕਿਵੇਂ ਗਈ ਹੈ ?
ਸਾਡੀ ਕਰੂੰਬਲੀ ਹਾਂ ਕਿਧਰੇ ਉਡੰਤ ਹੋਈ ?
ਹਰਿਆਵਲੀ ਧੁਪ ਸਾਰੀ ਮੂਲ ਨਹੀਂ ਰਹੀ ਹੈ ?[61]

* * *

2. ਬੈਠੇ ਮਿਲੇ ਪਿਆਰੇ, ਵਾੜੀ ਪਿਆਰ ਵਾਲੀ
ਮਾਨੋ ਖਿੜੀ ਹੈ ਸੂਹਣੀ, ਚੋ ਚੋ ਪਵੇ ਹੈ ਲਾਲੀ
ਝੂਮਰ ਹੈ ਸੀਸ ਪਾਂਦੀ ਦੇਵੀ 'ਪਿਆਰ' ਵਾਲੀ-
ਖੀਵੀ, ਖਿੜੀ, ਖੁਸ਼ੀ ਹੈ ਗਾਂਦੀ ਵਜਾਇ ਤਾਲੀ।-[62]

<u>ਬੈਂਤ</u> :

ਬੈਂਤ ਅਸਲ ਵਿਚ ਪੰਜਾਬੀ ਦਾ ਛੰਦ ਨਹੀਂ। ਇਹ ਅਰਬੀ ਤੇ ਫ਼ਾਰਸੀ ਦੇ ਛੰਦਾਂ ਦੇ ਨਮੂਨੇ ਤੇ ਘੜ ਕੇ ਪੰਜਾਬੀ ਵਿਚ ਤੋਰਿਆ ਗਇਆ ਹੈ। ਅਰਬੀ- ਫ਼ਾਰਸੀ ਵਿਚ ਦੋ ਅਜੇਹੀਆਂ ਤੁੱਕਾਂ ਵਾਲੇ ਛੰਦ ਨੂੰ ਬੈਂਤ ਆਖਦੇ ਹਨ, ਜਿਨ੍ਹਾਂ ਦਾ ਤੁਕਾਂਤ ਮਿਲਦਾ ਹੋਵੇ ਅਤੇ ਉਥੇ ਬੈਂਤਾਂ ਵਿਚ ਮਾਤ੍ਰਾਂ ਦਾ ਖ਼ਿਆਲ ਨਹੀਂ ਰੱਖਿਆ ਜਾਂਦਾ, ਕੇਵਲ ਤੁਕਾਂਤ ਦੇ ਮੇਲ ਵਾਲੀਆਂ ਤੁੱਕਾਂ ਦੇ ਜੋੜੇ ਬਣਾਉਣ ਦਾ ਹੀ ਖ਼ਿਆਲ ਰੱਖਿਆ ਜਾਂਦਾ ਹੈ। ਪੰਜਾਬੀ ਵਿਚ ਬੈਂਤ ਦੇ ਕਈ ਭੇਦ ਪ੍ਰਚਲਿਤ ਹਨ। ਇਸ ਵਿਚ 28 ਮਾਤ੍ਰਾਂ ਤੋਂ ਲੈ ਕੇ 42 ਤਕ ਮਾਤ੍ਰਾਂ ਵਰਤੀਆਂ ਮਿਲਦੀਆਂ ਹਨ। ਵੈਸੇ 40 ਮਾਤ੍ਰਾਂ ਵਾਲੇ ਬੈਂਤ ਵਧੇਰੇ ਰਚੇ ਜਾਂਦੇ ਹਨ, ਪਰ ਇਸ ਵਿਚ ਇਕ ਦੋ ਮਾਤ੍ਰਾਂ ਦੇ ਵਾਧੇ ਘਾਟੇ ਨੂੰ ਕੋਈ ਦੋਸ਼ ਨਹੀਂ ਸਮਝਿਆ ਜਾਂਦਾ। ਭਾਈ ਸਾਹਿਬ ਨੇ ਬੈਂਤ ਛੰਦ ਨੂੰ 'ਮੇਰੀਆਂ ਗੁਲਦਾਊਦੀਆਂ ਦੀ ਵਿਦੈਗੀ'[63], 'ਨਰਗਸ'[64], 'ਬਿਸਮਿਲ ਮੋਰ'[65], 'ਫੁੰਡਿਆ ਤੋਤਾ'[66], 'ਮਹਿੰਦੀ ਦੇ ਬੂਟੇ ਕੋਲ'[67], 'ਨਾ ਹੋਇ ਉਹਲੇ'[68], 'ਚਲੋ ਚਲੀ ਦੀ ਸੱਦ'[69], 'ਮੀਂਹ ਮੇਹਰ'[70] ਆਦਿਕ ਵਿਚ ਵਰਤਿਆ ਹੈ। ਇਕ ਉਦਾਹਰਣ ਪ੍ਰਸਤੁਤ ਹੈ:

ਮਹਿੰਦੀਏ ਨੀ ਰੰਗ ਰੱਤੀਏ ਨੀ! ਕਾਹਨੂੰ ਰੱਖਿਆ ਈ ਰੰਗ ਲੁਕਾ ਸਈਏ।
ਹੱਥ ਰੰਗ ਸਾਡੇ ਸੁਰਮਾਕਲੇ ਨੀ, ਵੰਨੀ ਅੱਜ ਸੁਹਾਗ ਦੀ ਲਾ ਲਈਏ।
ਹਿੱਧੇ ਮਾਰਦੇ ਸਾਂ ਜਿਨ੍ਹਾਂ ਨਾਲ ਹੱਥਾਂ ਰੰਗ- ਰੱਤੜੇ ਦੇ ਗਲੇ ਪਾ ਦੇਈਏ।
ਗਲ ਪਾ ਗਲਵੱਕੜੀ ਖੁਸ਼ਹਾਲੀਏ ਨਾ, ਰੰਗ ਲਾ ਰੰਗ- ਰੱਤੜੇ ਸਦਾ ਰਹੀਏ।[71]

ਹੁਣ ਤਕ ਭਾਈ ਸਾਹਿਬ ਦੁਆਰਾ ਪ੍ਰਯੁਕਤ ਕੁਝ ਪੰਜਾਬੀ ਛੰਦਾਂ ਦਾ ਉਲੇਖ ਕੀਤਾ ਗਇਆ ਹੈ। ਹੋਰ ਵਿਸਥਾਰ ਅਨੁਚਿਤ ਹੀ ਹੋਵੇਗਾ। ਵਾਸਤਵ ਵਿਚ ਇਨ੍ਹਾਂ ਦੀ ਵਰਤੋਂ ਤੋਂ ਹੀ ਭਾਈ ਸਾਹਿਬ ਦੀ ਵਿਸ਼ਦ ਛੰਦ ਯੋਜਨਾ ਦਾ

---

59. ਲਹਿਰਾਂ ਦੇ ਹਾਰ, ਪੰਨਾ 129
60. ਬਿਜਲੀਆਂ ਦੇ ਹਾਰ, ਪੰਨਾ 71
61. ਬੁਲਬੁਲ ਤੇ ਰਾਹੀ, ਲਹਿਰਾਂ ਦੇ ਹਾਰ, 129
62. ਪਿਆਰ ਤੇ ਫ਼ਰਜ਼, ਬਿਜਲੀਆਂ ਦੇ ਹਾਰ, 71
63. ਲਹਿਰਾਂ ਦੇ ਹਾਰ, ਪੰਨਾ 81
64. ਉਹੀ, ਪੰਨਾ 97
65. ਉਹੀ, ਪੰਨਾ 170
66. ਲਹਿਰਾਂ ਦੇ ਹਾਰ, 137
67. ਬਿਜਲੀਆਂ ਦੇ ਹਾਰ, ਪੰਨਾ 6
68. ਉਹੀ, ਪੰਨਾ 17
69. ਉਹੀ, ਪੰਨਾ 18
70. ਉਹੀ, ਪੰਨਾ 29
71. ਉਹੀ, ਪੰਨਾ 6

ਅਨੁਮਾਨ ਲਾਇਆ ਜਾ ਸਕਦਾ ਹੈ।

ਬਦੇਸ਼ੀ ਕਾਵਿ- ਭੇਦ —

ਹੁਣ ਭਾਈ ਸਾਹਿਬ ਦੁਆਰਾ ਅਪਣਾਏ ਕੁਝ ਬਦੇਸ਼ੀ ਕਾਵਿ ਭੇਦਾਂ ਦੇ ਨਮੂਨੇ ਦਿੱਤੇ ਜਾਂਦੇ ਹਨ।

ਰੁਬਾਈ —

ਰੁਬਾਈ ਇਕ ਅਰਬੀ ਸ਼ਬਦ ਹੈ, ਜਿਸ ਦਾ ਅਰਥ ਹੈ ਚਾਰ। ਰੁਬਾਈ ਦੇ ਵੀ ਚਾਰ ਮਿਸਰੇ ਹੁੰਦੇ ਹਨ, ਇਸੇ ਲਈ ਇਸ ਦਾ ਇਹ ਨਾਉਂ ਪੈ ਗਇਆ ਹੈ। ਰੁਬਾਈ ਦੇ ਪਹਲੇ, ਦੂਜੇ ਤੇ ਚੌਥੇ ਮਿਸਰੇ ਦਾ ਤੁਕਾਂਤ ਮਿਲਦਾ ਹੈ ਅਤੇ ਤੀਜੇ ਦਾ ਬੇਮੇਲ ਹੁੰਦਾ ਹੈ। ਰੁਬਾਈ ਦਾ ਚੌਥਾ ਮਿਸਰਾ ਬੜਾ ਜ਼ੋਰਦਾਰ, ਰਵਾਂ ਅਤੇ ਸਾਫ਼ ਹੋਣਾ ਚਾਹੀਦਾ ਹੈ ਕਿਉਂਜੋ ਇਸ ਉਤੇ ਹੀ ਛੰਦ ਦੀ ਚਾਲ ਟੁਟਦੀ ਹੈ।[72]

ਰੁਬਾਈ ਵਿਚ ਚੁਟਕਲ ਵਿਸ਼ਿਆਂ ਨੂੰ ਜੋ ਸਮੇਂ ਸਮੇਂ ਕਵੀ ਦੇ ਦਿਮਾਗ਼ ਵਿਚ ਆਉਂਦੇ ਰਹਿੰਦੇ ਹਨ, ਨੂੰ ਅਭਿਵਿਅਕਤ ਕੀਤਾ ਜਾਂਦਾ ਹੈ। ਰੁਬਾਈ ਲਿਖਣੀ ਕਠਿਨ ਇਸ ਵਾਸਤੇ ਵੀ ਹੈ ਕਿ ਇਸ ਵਿਚ ਬਹੁਤੇ ਨੂੰ ਥੋੜ੍ਹੇ ਵਿਚ ਕਹਣਾ ਪੈਂਦਾ ਹੈ। ਵੈਸੇ ਹਰ ਉਹ ਮਜ਼ਮੂਨ ਜੋ ਚਾਰ ਤੁੱਕਾਂ ਦੇ ਸੰਖਿਪਤ ਆਕਾਰ ਵਿਚ ਸਮਾ ਸਕਦਾ ਹੈ, ਰੁਬਾਈ ਦਾ ਵਿਸ਼ਾ ਬਣ ਸਕਦਾ ਹੈ, ਪਰ ਫ਼ਾਰਸੀ ਤੇ ਉਰਦੂ ਦੇ ਬਹੁਤ ਕਵੀਆਂ ਨੇ ਇਸ ਨੂੰ ਤੱਸਵਫ਼ ਅਤੇ ਫ਼ਲਸਫ਼ੇ ਦੀਆਂ ਡੂੰਘੀਆਂ ਰਮਜ਼ਾਂ ਤੇ ਮਰਮਾਂ ਨੂੰ ਬਿਆਨ ਕਰਨ ਲਈ ਵਰਤਿਆ ਹੈ।[73] ਫ਼ਾਰਸੀ ਰੁਬਾਈ ਸਲਜੂਕ ਸਮੇਂ ਵਿਚ ਹੋਏ ਉਮਰ ਖ਼ਿਆਮ, ਸੁਲਤਾਨ ਅਬੂ ਸਈਅਦ ਅਬੁਲ ਖ਼ੈਰ, ਬਾਬਾ ਤਾਹਿਰ ਅਤੇ ਅਬਦੁੱਲਾ ਅਨੁਸਾਰੀ ਵਰਗੇ ਕਵੀਆਂ ਦੇ ਹੱਥਾਂ ਵਿਚ ਨਿਖਰੀ ਸੀ, ਪਰ ਰੁਬਾਈ ਦੀ ਪ੍ਰਸਿੱਧਤਾ ਦਾ ਕਾਰਨ ਉਮਰ ਖ਼ਿਆਮ ਦੀਆਂ ਰੁਬਾਈਆਂ ਦਾ ਫਿਟਜ਼ਜੀਰਲਡ ਰਾਹੀਂ ਅੰਗ੍ਰੇਜ਼ੀ ਅਨੁਵਾਦ ਹੈ, ਜਿਸ ਨੇ ਰੁਬਾਈ ਨੂੰ ਲੋਕ- ਪ੍ਰਸਿੱਧ ਬਣਾਉਣ ਵਿਚ ਬੜੀ ਸਹਾਇਤਾ ਕੀਤੀ ਹੈ।

ਪੰਜਾਬੀ ਵਿਚ ਭਾਈ ਸਾਹਿਬ ਤੋਂ ਪਹਲਾਂ ਮੁਸਲਮਾਣ ਕਵੀਆਂ ਵਲੋਂ ਰੁਬਾਈ ਨੂੰ ਅਪਣਾਇਆ ਗਇਆ ਸੀ, ਪਰ ਇਸ ਨੂੰ ਵਧੇਰੇ ਪ੍ਰਚਲਿਤ ਕਰਨ ਵਾਲੇ ਭਾਈ ਸਾਹਿਬ ਹੀ ਹਨ। ਭਾਈ ਸਾਹਿਬ ਨੇ ਰੁਬਾਈ ਨੂੰ ਤੁਰਿਆਈ ਦਾ ਨਾਉਂ ਦਿੱਤਾ ਹੈ। 'ਤ੍ਰੇਲ ਤੁਪਕੇ' ਦੇ ਮੁੱਢ ਵਿਚ ਭਾਈ ਸਾਹਿਬ ਲਿਖਦੇ ਹਨ, " 1909 ਤੋਂ ਮਗਰੋਂ ਕਦੇ ਕਦੇ ਦੇ ਕੋਈ ਕੋਈ ਦਿਮਾਗੋਂ ਲੰਘੇ ਵਿਕੋਲਿਤ੍ਰੇ ਖਯਾਲਾਂ ਵਿਚੋਂ ਜੋ ਸੁਤੇ ਸਿੱਧ ਕਵਿਤਾ ਦਾ ਜਾਮਾ ਪਹਿਨਦੇ ਤੇ ਕਲਮ ਨਾਲ ਅੰਕਿਤ ਹੁੰਦੇ ਗਏ, ਜੋ ਤੁਰਿਯਾਈ ਦੀ ਸੂਰਤ ਦੇ ਸਨ, ਇਨ੍ਹਾਂ ਸਫ਼ਿਆਂ ਵਿਚ ਦਿੱਤੇ ਗਏ ਹਨ - - - - ਤੁਰਿਯਾਈ ਇਕ ਛੰਦ ਨਾਲ ਬੰਨ੍ਹਣ ਦਾ ਜਤਨ ਹੈ, ਜਿਸ ਵਿਚ 1,2,4 ਦਾ ਤੁਕਾਂਤ ਹੈ ਤੇ ਤੀਸਰੀ ਦਾ ਨਹੀਂ। ਪਹਲੀ ਦੂਸਰੀ ਵਿਚ ਖਯਾਲ ਦਾ ਉਦੇ ਤੇ ਪ੍ਰਕਾਸ਼ ਦਾ ਚੜ੍ਹਾਉ ਹੈ, ਤੀਸਰੀ ਵਿਚ ਉਸ ਦੀ ਮੋੜਵੀਂ ਲਹਰ ਹੈ ਤੇ ਚੌਥੀ ਵਿਚ ਭਾਵਪੂਰਨਤਾ ਹੈ। ਗਮਕ ਸਭਨਾਂ ਦਾ ਇਕ ਹੈ, ਪਰ ਮਾਤ੍ਰਾ ਦੇ ਲਿਹਾਜ਼ ਨਾਲ ਕਿਸੇ ਕਿਸੇ ਵਿਚ ਵਿਲੱਖਣਤਾ ਹੈ। ਫ਼ਾਰਸੀ ਕਵਿਤਾ ਵਿਚ ਇਕ ਛੰਦ ਹੈ 'ਰੁਬਾਈ', ਤੁਰਯਾਈ ਦੀ ਚਾਲ ਉਸ ਵਰਗੀ ਹੈ, ਵਜ਼ਨ ਹੂ-ਬ-ਹੂ ਨਹੀਂ।"[74] ਭਾਈ ਸਾਹਿਬ

72. ਤਲੋਕ ਚੰਦ ਮਹਰੂਮ, ਖ਼ੁਮੀਸੇ ਅਦਬ, ਪੰਨਾ 152
73. ਉਹੀ
74. ਲਹਿਰਾਂ ਦੇ ਹਾਰ, ਪੰਨਾ 8

ਨੇ ਇਸ ਦੇ ਨਾਲ ਹੀ ਦਵੱਯੇ ਵਾਲਾ ਵਜ਼ਨ 28 ਮਾਤ੍ਰਾਂ (16+12) ਵਾਲਾ ਆਪਣੀਆਂ ਤੁਰਿਯਾਈਆਂ ਲਈ ਵਰਤਿਆ ਹੈ, ਭਾਵੇਂ ਇਸ ਵਿਚ ਕਿਧਰੇ ਕਿਧਰੇ ਇਕ ਦੋ ਮਾਤ੍ਰਾਂ ਦਾ ਵਾਧਾ ਘਾਟਾ ਹੋ ਗਇਆ ਹੈ।

ਫ਼ਾਰਸੀ ਰੁਬਾਈਆਂ ਵਿਚ ਸਿਰਲੇਖ ਲਿਖਣ ਦਾ ਰਿਵਾਜ ਨਹੀਂ ਸੀ, ਉਥੇ ਕੇਵਲ ਕਰੂਜ਼ ਰੁਬਾਈ ਲਿਖ ਦਿੱਤਾ ਜਾਂਦਾ ਸੀ, ਪਰ ਭਾਈ ਸਾਹਿਬ ਨੇ ਰੁਬਾਈ ਉਤੇ ਵਿਸ਼ੇ ਦਾ ਸਿਰਲੇਖ ਦੇਣਾ ਵੀ ਸ਼ੁਰੂ ਕਰ ਦਿੱਤਾ, ਜਿਸ ਨਾਲ ਇਸ ਦੀ ਸ਼ਕਲ ਛੋਟੀ ਕਵਿਤਾ ਵਰਗੀ ਬਣ ਗਈ ਹੈ।

ਭਾਈ ਸਾਹਿਬ ਦੀਆਂ ਤੁਰਿਯਾਈਆਂ 'ਲਹਿਰਾਂ ਦੇ ਹਾਰ' ਵਿਚ 'ਤ੍ਰੇਲ ਤੁਪਕੇ' ਦੇ ਸਮੂਹ ਵਿਚ; 'ਬਿਜਲੀਆਂ ਦੇ ਹਾਰ' ਵਿਚ 'ਤੰਘੀਰੀ',[75] 'ਫੁੱਲ'[76]; 'ਮਟਕ ਹੁਲਾਰੇ' ਵਿਚ 'ਅਨੰਤ ਦੀ ਛੁਹ',[77] 'ਨੂਰ ਚਮਕਦਾ ਮੱਥਾ'[78]; 'ਮੇਰੇ ਸਾਂਈਆਂ ਜੀਓ' ਵਿਚ 'ਜੀਉ ਆਇਆਂ ਨੂੰ',[79] 'ਵਿਛਿਆ ਰਹੁ',[80] 'ਅਸਲੀਅਤ',[81] 'ਅਰਦਾਸ',[82] 'ਹੀਰਾ-ਕਣੀ',[83] 'ਨਾਮ-ਪਿਆਲਾ'[84] ਆਦਿਕ ਅਤੇ ਕੁਝ 'ਖਾਲਸਾ ਸਮਾਚਾਰ' ਵਿਚ ਛਪੀਆਂ ਮਿਲਦੀਆਂ ਹਨ, ਜੋ ਹਾਲੀ ਤਕ ਅਸੰਗ੍ਰਹਿਤ ਹਨ। ਇਨ੍ਹਾਂ ਤੁਰਿਯਾਈਆਂ ਕਰਕੇ ਹੀ ਭਾਈ ਸਾਹਿਬ ਨੂੰ ਆਧੁਨਿਕ ਪੰਜਾਬੀ ਕਾਵਿ ਦਾ ਮੋਢੀ ਹੋਣ ਦਾ ਸਥਾਨ ਪ੍ਰਾਪਤ ਹੈ। ਭਾਈ ਸਾਹਿਬ ਨੇ ਇਨ੍ਹਾਂ ਤੁਰਿਯਾਈਆਂ ਵਿਚ ਪ੍ਰੀਤ, ਬਿਰਹਾ, ਤਸੱਵਫ਼ ਅਤੇ ਫ਼ਲਸਫ਼ੇ ਦੇ ਮਰਮਾਂ ਨੂੰ ਬੜੇ ਸੂਖਮ ਅਤੇ ਕਲਾਮਈ ਢੰਗ ਨਾਲ ਨਿਭਾਇਆ ਹੈ। ਇਕ ਉਦਾਹਰਣ ਪ੍ਰਸਤੁਤ ਹੈ:

ਤੁਸਾਂ ਤੋੜਿਆਂ ਅਸੀਂ ਟੁੱਟ ਪਏ, ਵਿਛੁੜ ਗਏ ਸਾਂ ਡਾਲੋਂ,
ਤੁਸਾਂ ਸੁੰਘ ਸੀਨੇ ਲਾ ਸਟਿਆ ਵਿਛੜ ਗਏ ਤੁਸਾਂ ਨਾਲੋਂ;
ਪੈਰਾਂ ਹੇਠ ਲਿਤਾੜ ਲੰਘਾਉਂਆਂ ਕੀਤਾ ਖੰਭੜੀ ਖੰਭੜੀ,—
ਪਰ ਸ਼ੁਕਰਾਨਾ 'ਛੁਹ ਤੁਹਾਡੀ' ਦਾ ਅਜੇ ਨ ਭੁਲਦਾ ਮਾਲੋਂ।[85]

ਭਾਈ ਸਾਹਿਬ ਨੇ ਰੁਬਾਈ ਦੇ ਖੇਤਰ ਵਿਚ ਇਕ ਹੋਰ ਪ੍ਰਯੋਗ ਇਹ ਵੀ ਕੀਤਾ ਹੈ ਕਿ ਕਈ ਤੁਰਿਯਾਈਆਂ ਵਿਚ ਇਕੋ ਭਾਵ ਨੂੰ ਇਕੋ ਤੁਰਿਯਾਈ ਵਿਚ ਪ੍ਰਗਟ ਕਰਨ ਦੀ ਥਾਂ ਇਸ ਨੂੰ ਦੋ ਤੁਰਿਯਾਈਆਂ ਵਿਚ ਸੰਪੂਰਣ ਕੀਤਾ ਹੈ। ਇਥੇ ਖੂਬੀ ਇਹ ਹੈ ਕਿ ਭਾਵ ਦੋ ਤੁਰਿਯਾਈਆਂ ਵਿਚ ਵੀ ਫੈਲਿਆ ਹੋਇਆ ਹੋਂਦੇ ਇਕ ਇਕ ਤੁਰਿਯਾਈ ਵਿਚ ਵੀ ਸੰਪੂਰਣ ਹੈ। ਇਸ ਵਿਧੀ ਨੂੰ ਭਾਈ ਸਾਹਿਬ ਨੇ 'ਅਮਰ ਰਸ',[86] 'ਉਚੀ ਮਤਿ'[87] 'ਤੇ ਵਿਚ',[88] 'ਇਲਮ, ਅਮਲ',[89] 'ਅਰਸ਼ਾਂ ਵਲ ਨਜ਼ਰ',[90] 'ਜੌਹਰੀ',[91][96] 'ਗ਼ੈਨਮ-ਬੇਗਮ',[92] 'ਸਾਂਈ ਲਈ ਤੜਪ'[93] 'ਅੰਦਰ ਦੀ ਟੇਕ',[94] 'ਰਤੂ ਚੌਕ ਤੇ ਚੌਕ ਘੁਮਾਨੀਆਂ',[95] 'ਫੁੱਲ ਤੇ ਮੋਗੀ' ਆਦਿਕ ਤੁਰਿਯਾਈਆਂ ਵਿਚ ਅਪਣਾਇਆ

---

75. ਬਿਜਲੀਆਂ ਦੇ ਹਾਰ, ਪੰਨਾ 36
76. ਉਹੀ, ਪੰਨਾ 37
77. ਮਟਕ ਹੁਲਾਰੇ, ਪੰਨਾ 35
78. ਉਹੀ, 39
79. [illegible], ਮੇਰੇ ਸਾਂਈਆਂ ਜੀਓ, 3
80. ਉਹੀ, 3
81. ਉਹੀ, 55
82. " 56
83. " 58
84. " 72
85. ਪ੍ਰੀਤਮ ਛੁਹ, ਮਟਕ ਹੁਲਾਰੇ, ਪੰਨਾ 46
86. ਲਹਿਰਾਂ ਦੇ ਹਾਰ, " 14
87. " " 18
88. " " 21
89. " " 23
90. " " 30
91. " " 36
92. ਬਿਜਲੀਆਂ ਦੇ ਹਾਰ, " 34
93. " " 35
94. " " 38
95. ਮਟਕ ਹੁਲਾਰੇ, " 37
96. " " 57

ਹੈ। ਇਕ ਉਦਾਹਰਣ ਵੇਖੋ:

ਸੁਹਣੇ ਹੱਥ ਸੁਰਾਹੀ ਪਯਾਲਾ ਦੇਖ ਦੁਖੀ ਖੁਸ਼ ਹੋਈ।
ਖੁਸ਼ ਹੋਈ ਮੁਖ ਦੇਖ ਸਜਨ ਦਾ ਦੇਖ ਸੁਰਾਹੀ ਰੋਈ।
ਰੋਂਦੀ ਵੇਖ ਸਜਨ ਹਸ ਆਖੇ- ਕਉੜੀ ਸ਼ੂਕ ਨ ਲਯਾਯਾ,-
'ਅੰਮ੍ਰਿਤ ਏਸ ਸੁਰਾਹੀ ਭਰਿਆ, ਪੀਏ ਤੇ ਜੀਵੇ ਸੋਈ।
ਦਿਹ ਇਕ ਬੂੰਦ ਸੁਰਾਹੀਓਂ ਸਾਨੂੰ ਸੋਚ ਸਮੁੰਦਰ ਬੋੜੇ
ਬੇਖੁਦੀਆਂ ਦੇ ਰਾਜ਼ ਅਰਸ਼ ਤੇ ਆਸ ਅੰਦੇਸੇ ਤੋੜੇ,
ਰੰਗ ਸੁਹਾਣੇ ਤੇ ਨੌਰੰਗੀ ਪੀਘ ਘੁਕੇ ਆਨੰਦੀ
ਆਣ ਝੁਲਾਰੇ ਅਮਰ ਸੁਖਾਂ ਦੇ ਮੁਕਨ ਨ,- ਐਸਾ ਜੋੜੇ।[97]

ਭਾਈ ਸਾਹਿਬ ਦੀਆਂ ਰੁਬਾਈਆਂ ਦਾ ਦੂਜੇ ਰੁਬਾਈ ਲੇਖਕਾਂ ਨਾਲੋਂ ਅੰਤਰ ਇਹ ਹੈ ਕਿ ਜਿਥੇ ਰੁਬਾਈ ਲੇਖਕ ਰੁਬਾਈ ਲਿਖਣ ਦੇ ਇਰਾਦੇ ਤੋਂ ਰੁਬਾਈ ਲਿਖਦੇ ਹਨ, ਉਥੇ ਭਾਈ ਸਾਹਿਬ ਆਪਣੀਆਂ ਰੁਬਾਈਆਂ ਵਿਚ ਆਪਣੇ ਭਾਵਾਂ ਨੂੰ ਸੁਤੇ ਸਿਧ ਹੀ ਇਸ ਰੂਪ ਵਿਚ ਨਜ਼ਮ ਕਰ ਦਿੰਦੇ ਹਨ। ਭਾਈ ਸਾਹਿਬ ਦੀਆਂ ਰੁਬਾਈਆਂ ਦਾ ਪ੍ਰਭਾਵ ਪ੍ਰੋ. ਮੋਹਨ ਸਿੰਘ ('ਸਾਵੇ ਪੱਤਰ', 'ਕੁਸੰਭੜਾ', 'ਪਿਆਰ ਪੰਧ'- ਸਾਵੇ ਪੱਤਰ), ਡਾ. ਮੋਹਨ ਸਿੰਘ (ਮਸਤੀ), ਧਨੀ ਰਾਮ ਚਾਤ੍ਰਿਕ (ਰੁਬਾਈਆਂ- ਚੰਦਨਵਾੜੀ), ਅੰਮ੍ਰਿਤਾ ਪ੍ਰੀਤਮ (ਅੰਮ੍ਰਿਤ ਲਹਿਰਾਂ) ਪਿਆਰਾ ਸਿੰਘ ਸਹਰਾਈ (ਸਹਰਾਈ ਪੰਛੀ), ਜਗਜੀਤ ਸਿੰਘ ਕੁਲੇਰੀਆ (ਛਰਨਾਟਾ) ਆਦਿਕ ਦੀਆਂ ਰੁਬਾਈਆਂ ਤੇ ਆਵੱਸ਼ ਪਇਆ ਹੈ। ਭਾਈ ਸਾਹਿਬ ਦੀਆਂ ਰੁਬਾਈਆਂ ਤੋਂ ਪ੍ਰਭਾਵਿਤ ਹੋ ਕੇ ਉਮਰ ਖ਼ਿਆਮ ਦੀਆਂ ਰੁਬਾਈਆਂ ਦਾ ਉਲਥਾ ਨਾਜ਼ਮ ਰਹਲ ਸਿੰਘ ਨੇ 'ਉਮਰ ਖ਼ਿਆਮ ਦੀ ਭੱਠੀ' ਅਤੇ ਅਵਤਾਰ ਸਿੰਘ ਆਜ਼ਾਦ ਨੇ 'ਖ਼ਿਆਮ ਖੁਮਾਰੀ' ਦੇ ਨਾਂ ਹੇਠਾਂ ਕੀਤਾ ਹੈ।

**ਗ਼ਜ਼ਲ :**

ਗ਼ਜ਼ਲ ਕਿਸੇ ਛੰਦ ਜਾਂ ਤੋਲ ਦਾ ਨਾਂ ਨਹੀਂ, ਇਹ ਕਵਿਤਾ ਦਾ ਇਕ ਰੂਪ ਜਾਂ ਸ਼ਾਇਰੀ ਦੀ ਕਿਸਮ ਹੈ। ਗ਼ਜ਼ਲ ਪੰਜਾਬੀ ਦਾ ਕੋਈ ਮੌਲਿਕ ਕਾਵਿ- ਭੇਦ ਨਹੀਂ, ਇਹ ਫ਼ਾਰਸੀ- ਉਰਦੂ ਰਾਹੀਂ ਪੰਜਾਬੀ ਵਿਚ ਦਾਖ਼ਲ ਹੋਇਆ ਹੈ। ਗ਼ਜ਼ਲ ਸ਼ਬਦ ਅਰਬੀ ਦਾ ਹੈ, ਜਿਸ ਦਾ ਅਰਥ "ਇਸ਼ਕ-ਬਾਜ਼ੀ ਕਰਨਾ ਔਰ ਔਰਤੋਂ ਸੇ ਮੁਖ਼ਾਤਿਬ" ਹੋਣਾ ਹਨ। ਇਨ੍ਹਾਂ ਸ਼ਬਦੀ ਅਰਥਾਂ ਤੋਂ ਬਦਲ ਕੇ ਗ਼ਜ਼ਲ ਦਾ ਭਾਵ ਇਸ਼ਕ ਦੇ ਜਜ਼ਬੇ ਦਾ ਖੁਲ੍ਹਾ ਰੌਚਿਕ ਬਿਆਨ ਹੋ ਗਇਆ ਹੈ। ਹੁਣ ਗ਼ਜ਼ਲ ਵਿਚ ਸੁੰਦਰਤਾ, ਇਸ਼ਕ, ਪ੍ਰੀਤਮ ਦੇ ਵਿਛੋੜੇ ਤੇ ਮਿਲਾਪ ਦਾ ਜ਼ਿਆ ਵਰਣਨ ਹੁੰਦਾ ਹੈ। ਗ਼ਜ਼ਲ ਲਈ ਜ਼ਰੂਰੀ ਹੈ ਕਿ ਇਸ ਦੇ ਸ਼ਿਅਰ ਇਕ ਹੀ ਵਜ਼ਨ ਵਾਲੇ ਹੋਣ ਅਤੇ ਪਹਿਲੇ ਸ਼ਿਅਰ ਦੀਆਂ ਦੋਵੇਂ ਪੰਕਤੀਆਂ ਦਾ ਤੁਕਾਂਤ ਮਿਲਦਾ ਹੋਵੇ ਅਤੇ ਫਿਰ ਹਰ ਦੂਸਰੀ ਪੰਕਤੀ ਦਾ ਤੁਕਾਂਤ ਪਹਿਲੇ ਸ਼ਿਅਰ ਦੇ ਤੁਕਾਂਤ ਨਾਲ ਮਿਲਦਾ ਚਲਾ ਜਾਏ। ਸਾਧਾਰਣ ਤੌਰ ਤੇ ਗ਼ਜ਼ਲ ਦੇ ਘਟ ਤੋਂ ਘਟ ਪੰਜ ਅਤੇ ਵਧ ਤੋਂ ਵਧ ਯਾਰਾਂ ਸ਼ਿਅਰ ਹੁੰਦੇ ਹਨ, ਪਰ ਕਈ ਕਵੀ ਵੀਹ ਵੀਹ ਪੰਝੀ ਪੰਝੀ ਸ਼ਿਅਰ ਕਹਿਣ ਤੇ ਵੀ ਸੰਤੁਸ਼ਟ ਨਹੀਂ ਹੁੰਦੇ।[99]

---

97. 'ਅਮਰ ਰਸ', ਲਹਿਰਾਂ ਦੇ ਹਾਰ, ਪੰਨਾ 14
98. ਤਲੋਕ ਚੰਦ ਮਹਰੂਮ, ਸ਼ਮੀਮੇ ਅਦਬ, ਪੰਨਾ 98
99. ਮਿਰਜ਼ਾ ਮੁਹੰਮਦ ਅਸ਼ਕਰੀ, ਆਇਨੇ ਬਿਲਾਗਤ, ਪੰਨਾ 17

ਪੰਜਾਬੀ ਗ਼ਜ਼ਲ ਦੇ ਮੋਢੀਆਂ ਵਿਚ ਫ਼ਜ਼ਲ ਸ਼ਾਹ, ਹਦਾਇਤ ਉੱਲਾ, ਗ਼ੁਲਾਮ ਰਸੂਲ, ਆਤਮਾ ਰਾਮ, ਪਿਆਰੇ ਸਾਹਿਬ, ਮੌਲਾ ਬਖ਼ਸ਼ ਕੁਸ਼ਤਾ ਆਦਿਕ ਦੇ ਨਾਂ ਲਏ ਜਾ ਸਕਦੇ ਹਨ, ਜਿਨ੍ਹਾਂ ਨੇ ਪੰਜਾਬੀ ਗ਼ਜ਼ਲ ਦੇ ਵਿਕਾਸ ਵਿਚ ਭਾਰੀ ਸਹਿਯੋਗ ਦਿੱਤਾ ਹੈ। ਭਾਈ ਸਾਹਿਬ ਨੇ ਜਿਥੇ ਰੁਬਾਈ ਨੂੰ ਪੂਰੇ ਜ਼ੋਰ ਨਾਲ ਅਪਣਾਇਆ ਹੈ, ਉਥੇ ਉਨ੍ਹਾਂ ਨੇ ਗ਼ਜ਼ਲਾਂ ਲਿਖੀਆਂ ਜ਼ਰੂਰ ਹਨ, ਪਰ ਘੱਟ। ਉਨ੍ਹਾਂ ਦੇ ਹਾਲੀ ਤਕ ਦੇ ਪ੍ਰਕਾਸ਼ਿਤ ਕਾਵਿ-ਸੰਗ੍ਰਹਿਾਂ ਵਿਚ ਸਵਾਇ 'ਕੰਬਦੀ ਕਲਾਈ' ਦੀਆਂ ਕੁਝ ਧਾਰਮਿਕ ਗ਼ਜ਼ਲਾਂ ਦੇ ਗ਼ਜ਼ਲ ਦਾ ਕੋਈ ਨਮੂਨਾ ਨਹੀਂ ਮਿਲਦਾ, ਪਰ 'ਖ਼ਾਲਸਾ ਸਮਾਚਾਰ' ਵਿਚ ਉਨ੍ਹਾਂ ਦੀਆਂ ਕੁਝ ਗ਼ਜ਼ਲਾਂ ਜਿਵੇਂ 'ਇਕ ਸਧਰਾਂ'[100], 'ਦਰਦ ਦਾ ਦਾਰੂ'[101], 'ਤਾਂਘ'[102] 'ਤੇਰੀ ਚਮਕ ਸੋਹਣਤ, ਸਮਾਂ ਤੇ ਸਹਜਤਾ'[103], 'ਕਦੇ ਕਿਹਾ ਦੇ ਨ ਪੀਵੀਂ'[104], 'ਸੰਸਾਰ ਦਾ ਲੇਖਾ ਪਟ'[105], 'ਇਸ਼ਕ ਤੇ ਬੇੜਾ'[106], 'ਕਬੀਰ'[107], 'ਆਸ਼ਕ ਸ਼ੁਮਅ'[108], 'ਕੋਈ ਹੈ ਦਰਦ ਅੰਦਰ ਦਿਲ'[109] ਆਦਿਕ ਛਪੀਆਂ ਮਿਲਦੀਆਂ ਹਨ ਜੋ ਅਸੰਗ੍ਰਹਿਤ ਹਨ। ਕੁਝ ਉਦਾਹਰਣਾਂ ਪ੍ਰਸਤੁਤ ਹਨ:

1. ਕੋਈ ਹੈ ਦਰਦ ਅੰਦਰ ਦਿਲ ਕਿ ਜਿਸ ਨੂੰ ਹੈ ਰਹੀ ਕੁਲਕੁਲ,
ਕੁਈ ਹੈ ਗ਼ਮ ਅਜਿਹਾ ਲੁਕਿਆ ਕੂਕਾਂ ਘਟ ਹੈ ਰਿਹਾ ਕੁਲਕੁਲ,
ਕਲੇਜਾ ਜਾਪਦਾ ਗਲਿਆ ਹੈ ਕਿ ਟੀਕਾ ਹੈ ਨਹੀਂ ਸਕਦੀ[110]
ਪੰਘਰ ਕੇ ਸੋਜ਼ ਦਿਲ ਤੋਂ ਉਹ ਨਿਕਲਦਾ ਹੈ ਪਿਆ ਬੁਲਬੁਲ।

* * *

2. ਦਿਲ ਦੇ ਪਹਿਰੇ ਤੋੜਿਆ- ਚਲਦੀ ਵੇਪਰਵਾਹੀ ਆ ਗਿਆ।
ਇਸ ਮੇਰੇ ਮਹਿਬੂਬ ਤੇ- ਕੁਝ ਇਸ਼ਕ ਗ਼ਲਬਾ ਆ ਗਿਆ।
ਝੱਲ ਸਕਦੀ ਮੈਂ ਸਾਂ ਨਹੀਂ – ਇਕ ਦਮ ਜੁਦਾਈ ਮੈਂ ਜਿਵੇਂ
ਇਸ਼ਕ ਕੁਝ ਮਹਿਬੂਬ ਅੰਦਰ- ਹੁਸਨ ਤਨ੍ਹਾਂ ਹੈ ਆ ਗਿਆ।[111]

* * *

3. ਹੈ ਹਨੇਰੀ ਰਾਤ ਤੇ ਹਨ ਆ ਰਹੇ ਬੱਦਲ ਘਨੇ
ਨਾਲ ਵਿਚ ਪੈਰੇ ਝੁਲੇਦੇ ਜਦ ਰਿਹਾ ਦਿਲ ਹੈ ਗ਼ਰੀਬ।
ਕੂਲਦਾਂ ਨੇ ਹੈ ਘਿਰਦ ਕੇ ਸਾਨੂੰ ਭੁਲਾਯਾ ਚੰਦ ਮੁਖ
ਨਾਲ ਕੁਦਰਤ ਭੁੱਲ ਗਿਆ ਹੈ, ਦਿਲ- ਚਕੋਰ ਕੁਝ ਕੇ ਕਰੀਬ।[112]

* * *

4. ਜਾ ਰਹੀ ਮਹਿਫ਼ਲ ਹੈ ਸਾਰੀ, ਰੋ ਰਹੀ ਵੇਖੋ ਸ਼ੁਮਅ
ਰੋ ਰਹੀ ਹੈ ਗ਼ਮ ਦਿਲੇ ਦਾ ਖੁਲ ਰਹੀ ਵੇਖੋ ਸ਼ੁਮਅ।
ਗ਼ਮ ਕੁਈ ਹੈ ਰੋ ਰਹੀ ਕਿ ਗ਼ਮ ਦੇ ਸੁਖ ਵਿਚ ਜਾ ਰਹੀ
ਸੁਖ ਨੈਣ ਦੇ ਰੋਣੋਂ ਕਿਸੇ ਹੈ ਮਿਟ ਚੁਕੀ ਇਸ ਦੀ ਤਮਅ।
'ਤਮਅ ਵਾਲੀ ਸ਼ੁਮਅ' ਹੈ ਸਭ ਸੀਤਿਆਂ ਵਿਚ ਦੁਖ ਰਹੀ[113]
ਦੁਖ ਦੇ ਰਹੀ, ਦੁਖ ਲੈ ਰਹੀ, ਜਲਦੀ ਨ ਕਰ ਕਰ ਹੈ ਜਮਅ।

---

| | | | | | | | |
|---|---|---|---|---|---|---|---|
| 100. | ਖ਼ਾਲਸਾ ਸਮਾਚਾਰ | 31.3.1960, | ਜਿਲਦ | 61 | ਅੰਕ ਨੰ: | 20 | |
| 101. | ਉਹੀ | 6-7-1961 | " | 62 | " | 33 | |
| 102. | " | 5-10-1961 | " | 62 | " | 46 | |
| 103. | " | 16-11-61 | " | 63 | " | 1 | |
| 104. | " | 12-4-1962 | " | 63 | " | 19 | |
| 105. | " | 19-4-1962 | " | 63 | " | 20 | (ਚਲਦਾ) |

## ਖੁਲ੍ਹੀ ਕਵਿਤਾ ( Free Verse )

ਖੁਲ੍ਹੀ ਕਵਿਤਾ ਪੱਛਮੀ ਪ੍ਰਭਾਵ ਹੇਠਾਂ ਹੀ ਪ੍ਰਚਲਿਤ ਹੋਈ ਹੈ। ਇਸ ਕਵਿਤਾ ਦੀ ਹਾਲੀ ਤਕ ਕੋਈ ਪਰਿਭਾਸ਼ਾ ਕਾਇਮ ਨਹੀਂ ਕੀਤੀ ਜਾ ਸਕੀ। ਮੋਟੇ ਤੌਰ ਤੇ ਖੁਲ੍ਹੀ ਕਵਿਤਾ ਉਸ ਕਵਿਤਾ ਨੂੰ ਮੰਨਿਆ ਜਾਂਦਾ ਹੈ, ਜਿਸ ਵਿਚ ਤੁਕਾਂਤ, ਛੰਦ ਤੇ ਇਸ ਦੇ ਰੂਪ ਨਿਸ਼ਚਤ ਕਰਨ ਵਾਲੀਆਂ ਚੀਜ਼ਾਂ ਦੀ ਅਣਹੋਂਦ ਹੁੰਦੀ ਹੈ। ਇਸ ਵਿਚ ਕੇਵਲ ਤਾਲ ( Cadence ) ਨੂੰ ਹੀ ਮੁੱਖ ਰੱਖਿਆ ਜਾਂਦਾ ਹੈ।[114]

ਖੁਲ੍ਹੀ ਕਵਿਤਾ ਅੰਗ੍ਰੇਜ਼ੀ ਵਿਚ ਪਹਿਲੇ ਸੰਸਾਰ ਯੁੱਧ ਤੋਂ ਬਾਅਦ ਹੀ ਵਧੇਰੇ ਪ੍ਰਚਲਿਤ ਹੋਈ ਹੈ। ਇਹ ਸਾਹਿਤ ਵਿਚ ਕੋਈ ਬਿਲਕੁਲ ਨਵੀਂ ਚੀਜ਼ ਨਹੀਂ। ਸੰਸਕ੍ਰਿਤ ਦਾ ਚੰਪੂ ਕਾਵਿ, ਜਿਸ ਵਿਚ ਕਵਿਤਾ ਤੇ ਵਾਰਤਕ ਦਾ ਮਿਲਗੋਭਾ ਹੁੰਦਾ ਸੀ, ਇਸ ਦੇ ਨਾਲ ਕੁਝ ਹੱਦ ਤਕ ਮਿਲਦਾ ਜੁਲਦਾ ਹੈ। ਪਰ ਪੂਰਨ ਤੌਰ ਤੇ ਜਿਸ ਪ੍ਰਕਾਰ ਦੀ ਕਵਿਤਾ ਨੂੰ ਅੱਜਕਲ ਖੁਲ੍ਹੀ ਕਵਿਤਾ ਮੰਨਿਆ ਜਾਂਦਾ ਹੈ, ਇਸ ਦਾ ਪੁਰਾਣੇ ਸਮਿਆਂ ਵਿਚ ਰਿਵਾਜ ਨਹੀਂ ਸੀ। ਪੱਛਮ ਵਿਚ ਅੰਗ੍ਰੇਜ਼ੀ ਵਿਚ ਖੁਲ੍ਹੀ ਕਵਿਤਾ ਦਾ ਚੇਤੰਨ ਪ੍ਰਯੋਗ ਮੈਥੀਓ ਆਰਨਲਡ, ਰਿਚਰਡ ਅਲਡਿੰਗਟਨ, ਟੀ.ਐਸ. ਈਲੀਅਟ, ਵਾਲਟ ਵਿਟਮੈਨ, ਐਜ਼ਰਾ ਪਾਊਂਡ, ਕਾਰਲ ਸੈਂਡਬਰਗ ਅਤੇ ਮੈਕਲੀਸ਼ ਆਦਿਕ ਨਾਲ ਸ਼ੁਰੂ ਹੋਇਆ ਹੈ।[115]

ਪੱਛਮੀ ਖੁਲ੍ਹੀ ਕਵਿਤਾ ਦੇ ਪ੍ਰਭਾਵ ਹੇਠ ਹੀ ਪੰਜਾਬੀ ਵਿਚ ਖੁਲ੍ਹੀ ਕਵਿਤਾ ਨੂੰ ਪ੍ਰੋ. ਪੂਰਨ ਸਿੰਘ, ਡਾਕਟਰ ਦੀਵਾਨ ਸਿੰਘ ਕਾਲੇਪਾਣੀ, ਡਾ. ਮੋਹਨ ਸਿੰਘ ਦੀਵਾਨਾ, ਪ੍ਰੀਤਮ ਸਿੰਘ ਸਫ਼ੀਰ ਆਦਿਕ ਨੇ ਸ਼ੁਰੂ ਕੀਤਾ ਸੀ। ਭਾਈ ਸਾਹਿਬ ਦੀ ਮੁੱਢਲੀ ਕਵਿਤਾ ਵਧੇਰੇ ਛੰਦ- ਬੱਧ ਹੀ ਸੀ। 'ਮਟਕ ਹੁਲਾਰੇ' ਵਿਚ ਕੇਵਲ ਦੋ ਕਵਿਤਾਵਾਂ 'ਡਲ'[116] ਤੇ 'ਫੁੱਲ ਚੁਕੀ ਸੱਭਯਤਾ'[117] ਮੁਕਤ- ਛੰਦ ਵਿਚ ਮਿਲਦੀਆਂ ਹਨ। ਇਵੇਂ ਉਹ ਖੁਲ੍ਹੀ ਕਵਿਤਾ ਨੂੰ ਸਮਝਦੇ ਜ਼ਰੂਰ ਸਨ, ਪਰ ਇਸ ਦਾ ਪੂਰਾ ਨਿਖਾਰ ਉਨ੍ਹਾਂ ਦੀ ਪਿਛਲੇਰੀ ਰਚਨਾ 'ਮੇਰੇ ਸਾਂਈਆਂ ਜੀਓ' ਦੀਆਂ ਰਹੁਤੀਆਂ ਕਵਿਤਾਵਾਂ ਜਿਵੇਂ: 'ਸਦਕੇ ਤੇਰੀ ਜਾਦੂਗਰੀ ਦੇ'[118], 'ਲਗ ਗਈ ਸੀ ਕਾਲੀ ਉਮਰੇ'[119], 'ਵਡਮੁੱਲੀ ਦਾਤ'[120], 'ਜਾਂਦਾ ਆਪ ਹਾਂ ਉਹਨਾਂ ਦੇ ਦੁਆਰ'[121], 'ਸਾਂਈਆਂ ਜੀ ਦੀ ਸਿਆਣ'[122], 'ਮਿਲਸੋ ਹਾਂ ਮਿਲਸੋ ਜ਼ਰੂਰ'[123] ਆਦਿਕ ਨਾਲ ਆਉਂਦਾ ਹੈ। ਭਾਈ ਸਾਹਿਬ ਦੀ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਜਿਸ ਪਰਬੀਨਤਾ

---

| | | | | | |
|---|---|---|---|---|---|
| 106. ਖ਼ਾਲਸਾ ਸਮਾਚਾਰ | 29-10-64 | ਜਿਲਦ | 65 | ਅੰਕ ਨੰ: | 54 |
| 107. " | 15-12-1966 | " | 68 | " | 4 |
| 108. " | 26-1-67 | " | 68 | " | 9 |
| 109. " | 6-6-68 | " | 69 | " | 29 |
| 110. " | 29-10-64 | " | 65 | " | 54 |
| 111. " | 6-6-68 | " | 69 | " | 29 |
| 112. " | 15-12-66 | " | 68 | " | 4 |
| 113. " | 26-1-67 | " | 68 | " | 9 |

114. " Free Verse or it is sometimes called by its French equivalent Verse Libre, is based upon a broad ( and often irregular ) movement rather than on a fixed pattern, it might be said founded on a general rhythm, rather than

(ਬਾਕੀ)

ਨਾਲ ਛੰਦ-ਬੱਧ ਰਚਨਾਵਾਂ ਨੂੰ ਉਸਾਰਿਆ ਹੈ, ਉਸੇ ਤਰ੍ਹਾਂ ਖੁਲ੍ਹੀ ਕਵਿਤਾ ਦਾ ਨਿਭਾਅ ਵੀ ਸਫਲ ਢੰਗ ਨਾਲ ਕੀਤਾ ਹੈ। ਕੁਝ ਉਦਾਹਰਣਾਂ ਵੇਖੋ:-

1. ਮੇਰੇ ਅੰਦਰ ਪੁਰ ਅੰਦਰ, ਪੁਰ ਅੰਦਰ ਦੇ
ਕਿਸੇ ਉਹਲੇ ਲੁਕੇ ਮੇਰੇ ਪ੍ਰੀਤਮ !
ਹਾਂ
ਟੁੰਬਨੇ ਓ ਅਪਣੀਆਂ ਸੰਗੀਤਕ ਟੁੰਬਾਂ ਨਾਲ,
ਜਗਾ ਦੇਨੇ ਓ ਤਰਬਾਂ ਤਾਰਾਂ
ਅੰਦਰਲੇ ਦੀਆਂ[124]

* * *

2. ਕਿਸੇ ਦੱਸਿਆ :
ਆਏ ਨੇ ਤੇਰੇ ਸਾਜਨ ਅੱਜ,
ਗਏ ਨੇ ਮੰਦਰ।
ਮਗਰੇ ਕੀਤੀ ਮੈਂ ਧਾਈ।[125]

* * *

ਭਾਈ ਸਾਹਿਬ ਦੇ ਵਰਤੇ ਛੰਦਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਤੋਂ ਉਪਰੰਤ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਉਨ੍ਹਾਂ ਨੇ ਛੰਦਾਂ ਦੇ ਪ੍ਰਯੋਗ ਵਿਚ ਕਈ ਥਾਵਾਂ ਤੇ ਪੂਰਨ ਸ਼ਾਸਤ੍ਰੀ ਨੀਤੀ ਤੋਂ ਕੰਮ ਲਿਆ ਹੈ। ਭਾਈ ਸਾਹਿਬ ਨੇ ਅਨੇਕ ਥਾਵਾਂ ਤੇ ਛੰਦਾਂ ਦੀਆਂ ਮਾਤ੍ਰਾਂ ਦਾ ਖਿਆਲ ਰਖਦਿਆਂ ਕਈ ਸ਼ਬਦਾਂ ਦੇ ਹਿੱਜਿਆਂ ਨੂੰ ਤੋੜ ਕੇ ਅਪ੍ਰਮਾਣਿਕ ਰੂਪ ਵਿਚ ਵਰਤਿਆ ਹੈ। ਭਾਈ ਸਾਹਿਬ ਨੇ ਕਈ ਥਾਵਾਂ ਤੇ ਪੂਰੇ ਵਰਤੇ ਜਾਣ ਵਾਲੇ ਅੱਖਰਾਂ ਨੂੰ ਪੈਰੀਂ ਵਰਤ ਕੇ ਜਾਂ ਟਿੱਪੀ ਦੀ ਥਾਂ ਬਿੰਦੀ ਵਰਤ ਕੇ ਛੰਦ ਦੇ ਅਨੁਕੂਲ ਮਾਤ੍ਰਾਂ ਨੂੰ ਰੱਖਣ ਦਾ ਯਤਨ ਕੀਤਾ ਹੈ, ਜਿਵੇਂ: 'ਦੁੰਸ੍ਰ'[126], 'ਬੈਤ੍ਰ'[127], ਪੌਤ੍ਰਦਾ[128], 'ਵ੍ਰੈ'[129], 'ਭੰਡਾਰ'[130], 'ਉਪ੍ਰ'[131], 'ਕੈਦ੍ਰ'[132], 'ਰਹੂਆਂ'[133] ਆਦਿਕ।

ਇਸ ਦੇ ਨਾਲ ਹੀ ਭਾਈ ਸਾਹਿਬ ਨੇ ਤੁੱਕਾਂ ਵਿਚ ਜਿੱਥੇ ਵੀ ਅੱਖਰਾਂ ਦੀ ਵਰਤੋਂ ਰਾਹੀਂ ਮਾਤ੍ਰਾਂ ਘਟਦੀ ਵੇਖੀ ਹੈ, ਉਥੇ ਤੁੱਕ ਦੇ ਅੰਤ ਵਿਚ ਟਿੱਪੀ ' ੰ ' ਦੀ ਮਾਤ੍ਰਾ ਵਾਧੂ ਲਾ ਕੇ ਤੋਲ ਨੂੰ ਪੂਰਾ ਰੱਖਣ

---

on any precise metre."
( Louis Untermeyer, The Forms of Poetry, 1926, P. 17 )

115. Marjorie Boulton, The Anatomy of Poetry, London, 1953, PP. 150-151.

116. ਮਟਕ ਹੁਲਾਰੇ, ਪੰਨਾ 75

117. ਉਹੀ, ਪੰਨਾ 110

118. ਮੇਰੇ ਸਾਂਈਆਂ ਜੀਓ, 4

119. ਉਹੀ ਪੰਨਾ 5

120 " " 7

121. ਮੇਰੇ ਸਾਂਈਆਂ ਜੀਓ 11

122. " ਪੰਨਾ 14

123. " " 16

13[illegible]

124. ਮੇਰੇ ਸਾਂਈਆਂ ਜੀਓ, ਪੰਨਾ 4

125. ਉਹੀ " 7

126. ਰਾਣਾ ਸੂਰਤ ਸਿੰਘ, ਪੰਨਾ 55, ਪੰਕਤੀ 220

127. " 66 32

128. " 71 42

129. " 79 276

130 " 87 162

131 " 98 480

132 " 126 739

ਦਾ ਘਤਨ ਕੀਤਾ ਹੈ; ਜਿਵੇਂ:- 'ਸਰੋਵਰੀ'[134], ਅੰਮ੍ਰਿਤੀ'[135], 'ਮੱਧਮੀ'[136], 'ਨਾਨਕੀ'[137], 'ਕੌਤਕੀ'[138], 'ਸੀਤਲੀ'[139], 'ਸੁਖਦਾਇਕੀ'[140], 'ਜਾਗਤੀ'[141], 'ਸਿੰਘਾਸਨੀ'[142], 'ਪਰਾਪਤੀ'[143], 'ਸਪੂਰਨੀ'[144], 'ਤੀਰਥੀ'[145], 'ਕੋਮਲੀ'[146], ਯਥਾਰਥੀ'[147], ਪ੍ਰੀਤਮੀ'[148] ਆਦਿਕ।

ਕਈ ਥਾਵਾਂ ਤੇ ਤੁੱਕਾਂ ਵਿਚ ਮਾਤ੍ਰਾਂ ਨੂੰ ਪੂਰਾ ਕਰਨ ਲਈ ਸ਼ਬਦਾਂ ਵਿਚ ਕਈ ਅੱਖਰਾਂ ਨੂੰ ਸੁਟਾ ਤੇ ਛੱਡ ਕੇ ਲਿਖਿਆ ਹੀ ਨਹੀਂ; ਜਿਵੇਂ:

'ਨੋਖੜੇ(ਅਨੋਖੜੇ)[149], 'ਨ੍ਹੇਰੇ', (ਅਨ੍ਹੇਰੇ)[150], ਿ'ਕਾਗਰ(ਇਕਾਗਰ)[151], ਿ'ਛੋੜੀ (ਵਿਛੋੜੀ)[152], 'ਵਸਥਾ(ਅਵਸਥਾ)[153], 'ਚਾਰਨ(ਉਚਾਰਨ)[154], 'ਸ਼ੁਬੋ (ਖੁਸ਼ਬੋ)[155], 'ਧਿਆਤਮ (ਅਧਿਆਤਮ)[156], ਿ'ਕੱਲ(ਇਕੱਲ)[157] ਆਦਿਕ। ਇਸ ਵਿਧੀ ਨੂੰ ਅੰਗ੍ਰੇਜ਼ੀ ਵਿਚ ਵੀ ਅਪਣਾਇਆ ਜਾਂਦਾ ਹੈ।

<u>ਤੁੱਕ ਤੇ ਤੁਕਾਂਤ :</u>

ਤੁੱਕ ਵੀ ਛੰਦ ਸ਼ਾਸਤ੍ਰ ਦੇ ਹੀ ਅੰਤਰਗਤ ਆਉਂਦੀ ਹੈ। ਆਧੁਨਿਕ ਕਾਵਿ ਵਿਚ ਤੁੱਕ ਦੇ ਕਾਵਿ ਵਿਚ ਸਥਾਨ ਬਾਰੇ ਵਿਵਾਦ ਹੈ, ਪਰ ਪੰਜਾਬੀ ਦੀ ਪਹਿਲੀ ਕਵਿਤਾ ਵਧੇਰੇ ਅੰਤ ਅਨੁਪ੍ਰਾਸ- ਯੁਕਤ ਹੀ ਹੈ ਅਤੇ ਅਜੋਕੀ ਕਵਿਤਾ ਦਾ ਵੀ ਜ਼ਿਆਦਾ ਭਾਗ ਤੁੱਕ- ਯੁਕਤ ਹੈ। ਸਮਰੱਥ ਕਵੀ ਦੇ ਹੱਥਾਂ ਵਿਚ ਤੁੱਕ ਕਾਵਿ ਦੀ ਮਧੁਰਤਾ ਅਤੇ ਪ੍ਰਭਾਵ ਸ਼ਕਤੀ ਦੀ ਬ੍ਰਿਧੀ ਵਿਚ ਸਹਾਇਕ ਹੁੰਦੀ ਹੈ। ਭਾਈ ਸਾਹਿਬ ਦਾ ਜ਼ਿਆਦਾ ਕਾਵਿ ਤੁਕਾਂਤ ਯੁਕਤ ਹੈ, ਸਿਰਫ਼ 'ਮੇਰੇ ਸਾਈਆਂ ਜੀਓ' ਦੀਆਂ ਕੁਝ ਕਵਿਤਾਵਾਂ ਵਿਚ ਹੀ ਉਨ੍ਹਾਂ ਨੇ ਤੁਕਾਂਤ ਨੂੰ ਤਿਲਾਂਜਲੀ ਦਿੱਤੀ ਹੈ। ਵੈਸੇ ਭਾਈ ਸਾਹਿਬ ਦੀ ਖੂਬੀ ਹੈ ਕਿ ਉਹ ਕਠਿਨ ਤੋਂ ਕਠਿਨ ਤੁਕਾਂਤ ਵੀ ਸੁਭਾਵਿਕ ਮਿਲਾ ਲੈਂਦੇ ਹਨ; ਜਿਵੇਂ:

1 ਉਡੀ ਉਡ ਚੜ੍ਹੀ ਅਸਮਾਨੀਂ ਬਦਲਾਂ ਤੇ ਜਾ ਬੈਠੀ ਛੋਪ,
ਰਬੇ ਭੀ ਅਸਮਾਨ ਇਹੋ, ਹਾਇ ਤਣਿਆ ਨੀਲਾ ਸਿਰ ਸਿਰ ਟੋਪ।
ਉਡੀ ਹੋਰ ਤਰਕ ਚੰਦਾਂ ਤੇ ਨਖਯੱਤਰਾਂ ਤੋਂ ਲੰਘੀ ਦੂਰ[158]
ਨਾਲੋ ਨਾਲ ਰਿਹਾ ਸਿਰ ਘੁੰਮਦਾ ਚੱਕਰ ਦੇਂਦਾ ਨੀਲਾ ਘੋਪ।

---

134. ਰਾਣਾ ਸੂਰਤ ਸਿੰਘ ਪੰਨਾ 60, ਪੰਕਤੀ 125
135. ਉਹੀ " 65 " 442
136. " " 182 " 110
137. " " 76 " 101
138. " " 77 " 136
139. " " 81 " 84
140. " " 82 " 163
141. " " 89 " 264
142. " " 113 " 271
143. " " 123 " 280
144. " 142 " 51
145. " " 145 " 269
146. ਰਾਣਾ ਸੂਰਤ ਸਿੰਘ, ਪੰਨਾ 181, ਪੰਕਤੀ 58
147. " " 196 " 517
148. " " 207 " 224
149. " " 73 " 200
150. " " 76 " 49
151. " " 76 " 94
152. " " 81 " 72
153. " " 83 " 198
154. " " 105 " 323
155. " " 109 " 41
156. " " 131 "1060
157. ਲਹਿਰਾਂ ਦੇ ਹਾਰ " 158
158. ਹੱਦੋਂ ਪਾਰ ਨ ਹੋਈ, ਲਹਿਰਾਂ ਦੇ ਹਾਰ, 27

2. 'ਹੁਸਨ- ਅਹਿਸਾਸ' ਜਦੋਂ 'ਆਪੇ' ਦਾ ਮਖ਼ਮੂਰ ਆਪੇ ਤਕਦੀ
ਆਪੇ ਤੇ ਆਸ਼ਿਕ ਹੋ ਆਪੇ 'ਮਦ- ਆਪੇ' ਦਾ ਛਕਦੀ-
ਤਦੋਂ ਡਰੇ ਮਤ ਨਜ਼ਰ ਕਿਸੇ ਨ ਪੈ-ਕੇ ਮੈਲ ਲਗਾਵੇ,
ਨਜ਼ਰ ਦੂਸਰੀ ਤੋਂ ਸ਼ਰਮਾਏ 'ਆਪਾ' ਪਈ ਲੁਕਾਵੇ।[159]

ਭਾਈ ਸਾਹਿਬ ਨੂੰ ਤੁਕਾਂਤ ਪੂਰਤੀ ਤੇ ਕਾਫ਼ੀ ਅਧਿਕਾਰ ਹੈ, ਪਰ ਇਤਨੇ ਵਿਸ਼ਾਲ ਕਾਵਿ ਵਿਚੋਂ ਫਿਰ ਵੀ ਕੁਛ ਦੋਸ਼ ਨਿਕਲ ਹੀ ਆਉਂਦੇ ਹਨ। ਇਸ ਲਈ ਉਨ੍ਹਾਂ ਦੀ ਤੁੱਕ ਯੋਜਨਾ ਨੂੰ ਬਿਲਕੁਲ ਨਿਰਦੋਸ਼ ਨਹੀਂ ਕਹਿਆ ਜਾ ਸਕਦਾ। ਕਈ ਥਾਂ ਤੁਕਾਂਤ ਮੇਲਣ ਦੇ ਬੜੇ ਢਿੱਲੇ ਪ੍ਰਯੋਗ ਪ੍ਰਾਪਤ ਹੁੰਦੇ ਹਨ, ਜਿਵੇਂ:

1. ਖੰਡਾਂ ਸੱਚ ਨੀਵੀਆਂ ਸਾਗਰ ਪਰ ਤੈਥੋਂ ਹਨ ਉਚੀਆਂ[160]
ਤੂੰ ਉਹਨਾਂ ਨੂੰ ਨੀਵਾਂ ਕੀਕੂਰ, ਆਖ ਸਕੇਂ ? ਹੇ ਨਿਚੀਆਂ !

* * *

2. ਕੁਛ ਜਾਣਿਆ ਕਿ ਕੁਛ ਜਾਣਿਆ ਨਾ ਨਾਉਂ ਧਰਨ ਦੀ ਜਾਚ ਨ ਰਤੀ ਆਈ।
ਕਰ ਲਿਆ ਪ੍ਰਤੀਤ ਪਰ ਖੰਦੂਨੇ ਨੇ ਏਥੇ 'ਅਸਲ' ਹੈ ਅਸਲ ਇਕ ਅਸਲ ਭਾਈ।[161]

* * *

3. ਮੈਂ ਵਿਚ ਸਕਤਿ ਨ ਯਾਦ ਰਖਣ ਦੀ ਤੈਂ ਵਿਚ ਮੁਕਤੀਆਂ ਸੱਭਿ
ਯਾਦ ਰਖੀਂ ਤੇ ਭੁਲ ਨ ਜਾਈ ਤੂੰ ਸੁਣ ਮੇਰਿਆ ਰੱਬਿ ![162]

ਇੱਥੇ ਪਹਿਲੀ ਉਦਾਹਰਣ ਵਿਚ 'ਤੈਥੋਂ ਹਨ ਉਚੀਆਂ' ਨਾਲ 'ਆਖ ਸਕੇ ਹੇ ਨਿਚੀਆਂ', ਦੂਜੀ ਉਦਾਹਰਣ ਵਿਚ 'ਜਾਚ ਨ ਰਤੀ ਆਈ' ਨਾਲ 'ਇਕ ਅਸਲ ਭਾਈ' ਅਤੇ ਤੀਜੀ ਉਦਾਹਰਣ ਵਿਚ 'ਮੁਕਤੀਆਂ ਸੱਭਿ' ਨਾਲ 'ਮੇਰਿਆ ਰੱਬਿ' ਦੇ ਤੁਕਾਂਤ ਮੇਲਣ ਦੇ ਪ੍ਰਯੋਗ ਕੁਛ ਢਿੱਲੇ ਜਹੇ ਹਨ।

ਇਸ ਦੇ ਨਾਲ ਕੁਛ ਥਾਂ ਤੇ ਤੁਕਾਂਤ ਦੀ ਪੂਰਤੀ ਦੋਸ਼- ਭਰਪੂਰ ਹੀ ਨਹੀਂ, ਤੁੱਕਾਂ ਦੀ ਵਰਤੋਂ ਵੀ ਬੜੀ ਕਵਿਤਾ ਵਿਹੀਣ ਹੈ; ਜਿਵੇਂ:

1. ਕੁਛ ਜਾਣਿਆ ਆਖਿਆ ਜਾਣ ਲੀਤਾ
ਕੋਈ ਨਾਉਂ ਬੀ ਆਪ ਬਣਾ ਲਿਤਾ।[163]

* * *

2. ਕੋਈ ਆਖਦੇ ਮੀਂਹ ਵਿਚ ਵਗੂਨ ਮੁਹਲੇ
ਕੋਈ ਆਖਦੇ ਵੱਸਦੇ ਸਵਾਨ ਬਿਲੇ 164

* * *

---

159. 'ਲਲੀ', ਮਟਕ ਹੁਲਾਰੇ, ਪੰਨਾ 128-129
160. 'ਹਿਮਾਲਯ-ਗੰਗਾ-ਸਮੁੰਦਰ, ਲਹਿਰਾਂ ਦੇ ਹਾਰ, ਪੰ: 109
161. 'ਗਯਾਨ-ਅਗਯਾਨ,' ਬਿਜਲੀਆਂ ਦੇ ਹਾਰ, ਪੰਨਾ 9
162. 'ਤੂੰ ਮਿਹਰਾਂ ਦੇ ਤਕੀਏ,' ਖਾਲਸਾ ਸਮਾਚਾਰ, 16-1-1967, ਪੰਕ ਨੰ: 12, ਜਿਲਦ 68
163. 'ਗਯਾਨ, ਅਗਯਾਨ,' ਬਿਜਲੀਆਂ ਦੇ ਹਾਰ, ਪੰਨਾ: 9
164. 'ਮੀਂਹ ਮੇਹਰ' ਉਹੀ, ਪੰਨਾ 29

3. ਖਿੜੇ ਫੁੱਲ ਨੂੰ ਧਯਾਨੀ ਸੀ ਇਕ
ਧਯਾਨ ਨਾਲ ਪਯਾ ਭਰਦਾ
ਅਸਾਂ ਪੁਛਿਆ 'ਜੁੜੇ ਮਨਾ! ਤੂੰ
ਕਿਉਂ ਪਯਾ ਇਸ ਤੇ ਮਰਦਾ'[165]

ਅਜੇਹੇ ਕਵਿਤਾ ਵਿਹੀਣ ਪਦ ਭਾਈ ਸਾਹਿਬ ਦੇ ਕਾਵਿ ਵਿਚ ਬਹੁਤੇ ਨਹੀਂ। ਕਵੀਆਂ ਦੀ ਵਿਸ਼ਾਲ ਰਚਨਾ ਵਿਚ ਕਈ ਥਾਵਾਂ ਤੇ ਸਿਥਲਤਾ ਆ ਜਾਂਦੀ ਹੈ ਅਤੇ ਭਾਈ ਸਾਹਿਬ ਵੀ ਇਸ ਦੋਸ਼ ਤੋਂ ਪੂਰਨ ਤੌਰ ਤੇ ਦੋਸ਼- ਮੁਕਤ ਨਹੀਂ ਹੋ ਸਕੇ।

ਸਾਰ

ਸੰਖੇਪ ਵਿਚ ਭਾਈ ਸਾਹਿਬ ਦੇ ਕਾਵਿ ਦੀ ਛੰਦ ਯੋਜਨਾ ਵਿਸ਼ਾਲ,ਵਿਆਪਕ ਅਤੇ ਭਾਵ-ਅਨੁਕੂਲ ਹੈ। ਉਨ੍ਹਾਂ ਨੇ ਭਾਵਾਂ ਦੇ ਬਦਲਣ ਨਾਲ ਵਿਵਿਧ ਪ੍ਰਕਾਰ ਦੇ ਛੇ ਛੰਦਾਂ ਦੀ ਵਰਤੋਂ ਕਰਕੇ ਆਪਣੀ ਕਲਾ- ਚੇਤੰਨਤਾ ਦਾ ਸਬੂਤ ਦਿੱਤਾ ਹੈ। ਉਨ੍ਹਾਂ ਦੀ ਛੰਦ- ਵਰਤੋਂ ਦੇ ਢੰਗ ਦੀ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਦੇ ਹੱਥਾਂ ਵਿਚ ਪੁਰਾਣੇ ਛੰਦ ਵੀ ਨਵੇਂ ਲਗਣ ਲਗ ਪੈਂਦੇ ਹਨ। ਉਨ੍ਹਾਂ ਦੇ ਕਾਵਿ ਵਿਚ ਜ਼ਿਆਦਾ ਮਾਤ੍ਰਿਕ ਛੰਦ ਹੀ ਮਿਲਦੇ ਹਨ ਅਤੇ ਪੰਜਾਬੀ ਕਾਵਿ ਦੀ ਗਤੀ ਅਨੁਕੂਲ ਵੀ ਵਧੇਰੇ ਇਹੀ ਹਨ। ਭਾਈ ਸਾਹਿਬ ਦੀ ਖੂਬੀ ਹੈ ਕਿ ਉਨ੍ਹਾਂ ਨੇ 'ਸਿਰਖੰਡੀ ਛੰਦ' ਜੋ ਬੀਰ-ਰਸ ਦੀ ਉਤਪਤੀ ਲਈ ਵਰਤਿਆ ਜਾਂਦਾ ਸੀ, ਨੂੰ 'ਸ਼ਾਂਤ ਰਸ' ਲਈ ਵਰਤ ਕੇ ਪੰਜਾਬੀ ਵਿਚ ਇਕ ਨਵੀਂ ਪਿਰਤ ਚਲਾਈ ਹੈ। ਭਾਈ ਸਾਹਿਬ ਨੇ ਰੁਬਾਈ ਨੂੰ ਦਵੱਯੇ ਦੀਆਂ 28 ਮਾਤ੍ਰਾਂ ਵਿਚ ਬੰਨ੍ਹ ਕੇ ਤੁਰਿਯਾਈ ਦੇ ਨਾਂ ਹੇਠਾਂ ਵਰਤ ਕੇ ਪੰਜਾਬੀ ਕਾਵਿ ਵਿਚ ਇਸ ਨੂੰ ਇਕ ਸਿਖਰ ਤੇ ਪਹੁੰਚਾ ਦਿੱਤਾ ਹੈ। 'ਮੇਰੇ ਸਾਂਈਆਂ ਜੀਓ' ਵਿਚ ਉਨ੍ਹਾਂ ਨੇ ਖੁਲ੍ਹੀਆਂ ਕਵਿਤਾਵਾਂ ਦੀ ਰਚਨਾ ਰਾਹੀਂ ਵੀ ਇਕ ਨਵਾਂ ਮਾਰਗ ਦੱਸਿਆ ਹੈ ਕਿ ਕਵੀ ਨੂੰ ਕਿਵੇਂ ਮੁਕਤ ਛੰਦ ਵਿਚ ਵੀ ਲੈਅ ਤੇ ਗਤੀ ਤੋਂ ਪੂਰੀ ਤਰ੍ਹਾਂ ਚੇਤੰਨ ਹੋਣਾ ਚਾਹੀਦਾ ਹੈ।

ਭਾਈ ਸਾਹਿਬ ਨੇ ਆਪਣੀ ਕਵਿਤਾ ਦੇ ਰੂਪਕ ਪੱਖ ਦੀ ਪਕਿਆਈ ਲਈ ਛੰਦਾਂ ਨੂੰ ਪਿੰਗਲ ਅਤੇ ਵਜ਼ਨਾਂ ਅਨੁਕੂਲ ਨਿਭਾਹੁਣ ਦੀ ਜੋ ਉਸਾਰੂ ਪਰੰਪਰਾ ਸ਼ੁਰੂ ਕੀਤੀ ਸੀ, ਉਸ ਦਾ ਆਉਣ ਵਾਲੇ ਕਵੀਆਂ ਤੇ ਵੀ ਬੜਾ ਪ੍ਰਭਾਵ ਰਹਿਆ ਹੈ। ਧਨੀ ਰਾਮ ਚਾਤ੍ਰਿਕ ਉਨ੍ਹਾਂ ਦੇ ਪ੍ਰਭਾਵ ਹੇਠ ਛੰਦ- ਪ੍ਰਬੰਧ ਦਾ ਪੂਰਾ ਖਿਆਲ ਰਖਦੇ ਸਨ। ਉਨ੍ਹਾਂ ਸੰਬੰਧੀ ਭਾਈ ਸਾਹਿਬ ਨੇ 'ਚੰਦਨ ਵਾੜੀ' ਦੇ ਮੁੱਖਬੰਧ ਵਿਚ ਆਪ ਲਿਖਿਆ ਸੀ," ਛੰਦ ਦੇ ਵਜ਼ਨਾਂ ਤੇ ਪਿੰਗਲ ਦੇ ਅਸੂਲਾਂ ਮੁਜਬ ਵੀ ਅੱਜਕਲ ਦੀ ਨਵੀਨ ਕਵਿਤਾ ਵਿਚ ਬਹੁਤ ਉਕਾਈਆਂ ਹੁੰਦੀਆਂ ਹਨ। ਆਪ ਨੇ (ਚਾਤ੍ਰਿਕ ਨੇ) ਇਹ ਪਹਿਲੂ ਬੀ ਉਪਮਾ ਯੋਗ ਨਿਭਾਹਿਆ ਹੈ।ਵਜ਼ਨ ਚਾਹੇ ਹਿੰਦੀ ਦੇ ਹਨ, ਚਾਹੇ ਫ਼ਾਰਸੀ ਦੇ ਤੇ ਚਾਹੇ ਆਮ ਗੀਤਾਂ ਦੇ,ਸਭ ਸਹੀ ਹਨ ਤੇ ਕਵਿਤਾ ਦਾ ਵਹਾਉ

165.. 'ਫੁਲ ਤੇ ਯੋਗੀ', ਮਟਕ ਹੁਲਾਰੇ,ਪੰਨਾ 57

ਸਰਨ ਤੇ ਭਵਾਂ ਟੁਰਦਾ ਹੈ।[166] ਪ੍ਰੋ. ਮੋਹਨ ਸਿੰਘ ਨੇ ਵੀ ਮੁੱਢ ਵਿਚ 'ਸਾਵੇ ਪੱਤਰ' ਅਤੇ 'ਕਸੁੰਭੜਾ' ਵਿਚ ਬੈਂਤ[167], ਚੌਪਈ[168], ਦਵੈਯਾ[169], ਦੋਹਿਰਾ[170], ਨਿਸ਼ਾਨੀ[171] ਆਦਿਕ ਦੀ ਵਰਤੋਂ ਕੀਤੀ ਹੈ। ਫਿਰ ਕੁਝ ਦੇਰ ਖੁਲ੍ਹੀ ਕਵਿਤਾ ਦੇ ਮੰਡਲ ਵਿਚ ਵਿਚਰ ਕੇ 'ਕਚ ਸਚ', 'ਆਵਾਜ਼ਾਂ' ਅਤੇ 'ਵਡਾ ਵੇਲਾ' ਵਿਚ ਉਨ੍ਹਾਂ ਨੇ ਛੰਦਾਬੰਦੀ ਵਲ ਮੁਹਾਰਾਂ ਮੋੜ ਲਈਆਂ ਹਨ। ਅੰਮ੍ਰਿਤਾ ਪ੍ਰੀਤਮ ਦੀਆਂ ਮੁੱਢਲੀਆਂ ਰਚਨਾਵਾਂ 'ਅੰਮ੍ਰਿਤ ਲਹਿਰਾਂ', 'ਜੀਉਂਦਾ ਜੀਵਨ', 'ਓ ਗੀਤਾਂ ਵਾਲਿਆ' ਅਤੇ ਪਿਛਲੇਰੀ ਰਚਨਾ 'ਸੁਨੇਹੁੜੇ' ਵਿਚ ਵੀ ਬੈਂਤ, ਦਵੈਯਾ ਅਤੇ ਰੁਬਾਈ ਆਦਿਕ ਦੀ ਵਰਤੋਂ ਮਿਲਦੀ ਹੈ। ਲਾਲਾ ਕਿਰਪਾ ਸਾਗਰ, ਅਵਤਾਰ ਸਿੰਘ ਆਜ਼ਾਦ ਅਤੇ ਡਾਕਟਰ ਮੋਹਨ ਸਿੰਘ ਆਦਿਕ ਨੇ ਵੀ ਆਪਣੇ ਕਾਵਿ ਵਿਚ ਜ਼ਿਆਦਾ ਥਾਵਾਂ ਤੇ ਛੰਦ-ਪ੍ਰਬੰਧ ਦਾ ਖ਼ਿਆਲ ਰੱਖਿਆ ਹੈ।

ਛੰਦ-ਯੋਜਨਾ ਦੇ ਖੇਤਰ ਵਿਚ ਭਾਈ ਸਾਹਿਬ ਨੇ ਜਿੱਥੇ ਕਈ ਲੀਹਾਂ ਪਾਈਆਂ ਹਨ, ਉਥੇ ਕੁਝ ਦੋਸ਼ ਵੀ ਮਿਲਦੇ ਹਨ। ਇਕ ਤਾਂ ਉਨ੍ਹਾਂ ਨੇ ਕਈ ਥਾਵਾਂ ਤੇ ਛੰਦਾਂ ਦੇ ਨਿਯਮਾਂ ਦੀ ਕਰੜੀ ਪਾਲਣਾ ਕਰਦਿਆਂ ਸ਼ਬਦਾਂ ਤੇ ਮਾਤ੍ਰਾਂ ਨੂੰ ਤੋੜ ਮੋੜ ਕੇ ਸ਼ਬਦਾਂ ਨੂੰ ਗੈਰ-ਟਕਸਾਲੀ ਰੂਪ ਵਿਚ ਵਰਤਿਆ ਹੈ ਅਤੇ ਦੂਜਾ ਕਈ ਥਾਂ ਛੰਦਾਂ ਦੀ ਵਰਤੋਂ ਵਿਚ ਕੁਝ ਚਰਣਾਂ ਵਿਚ ਮਾਤ੍ਰਾਂ ਨੂੰ ਘਟਾ ਵਧਾ ਵੀ ਦਿੱਤਾ ਹੈ, ਜਿਸ ਕਾਰਨ ਛੰਦ ਵਿਧਾਨ ਦੀ ਸਮਾਨਤਾ ਕੁਝ ਕੁ ਭੰਗ ਹੋਈ ਹੈ। ਇਵੇਂ ਸ਼ਬਦ ਜੋੜਾਂ ਦੀਆਂ ਮਾਤ੍ਰਾਂ ਦੀ ਪੂਰਤੀ ਲਈ ਕੀਤੀਆਂ ਤਬਦੀਲੀਆਂ ਦੇ ਬਾਵਜੂਦ ਵੀ ਛੰਦਾਂ ਦੇ ਪ੍ਰਯੋਗ ਵਿਚ ਕਈ ਥਾਵਾਂ ਤੇ ਮਾਤ੍ਰਾਂ ਦਾ ਅੰਤਰ ਸਾਫ਼ ਮਿਲਦਾ ਹੈ। ਭਾਈ ਸਾਹਿਬ ਦੇ ਇਹਨਾਂ ਯਤਨਾਂ ਨੂੰ ਕੋਈ ਬਹੁਤ ਚੰਗਾ ਨਹੀਂ ਕਹਿਆ ਜਾ ਸਕਦਾ। ਇਸੇ ਲਈ ਗੁਰਬਾਣੀ ਵਿਚ ਛੰਦਾਂ ਦੀ ਵਰਤੋਂ ਵਿਚ ਮਾਤ੍ਰਾਂ ਦੇ ਚੱਕਰ ਵਿਚ ਹੀ ਫਸਣ ਦੀ ਥਾਂ ਵਧੇਰੇ ਜ਼ੋਰ ਰਾਗ ਤੇ ਲੈਅ ਨੂੰ ਕਾਇਮ ਕਰਨ ਤੇ ਦਿੱਤਾ ਹੈ ਅਤੇ ਸ਼ਬਦਾਂ ਨੂੰ ਵਧੇਰੇ ਪ੍ਰਮਾਣਿਕ ਸ਼ਬਦ-ਜੋੜਾਂ ਅਨੁਸਾਰ ਹੀ ਵਰਤਿਆ ਹੈ। ਕਵੀ ਨੂੰ ਬੇਸ਼ੱਕ ਬਹੁਤੀ ਰਾਗ ਤੇ ਲੈਅ ਦੀ ਉਤਪਤੀ ਲਈ ਸ਼ਬਦ-ਜੋੜਾਂ ਨੂੰ ਬਦਲਣ ਦੀ ਖੁਲ੍ਹ ਹੁੰਦੀ ਹੈ ਪਰ ਇਸ ਖੁਲ੍ਹ ਨੂੰ ਜ਼ਿਆਦਾ ਵਰਤਣਾ ਵੀ ਕਾਵਿ-ਦੋਸ਼ ਹੀ ਹੋ ਜਾਂਦਾ ਹੈ। ਇਨ੍ਹਾਂ ਕੁਝ ਕੁ ਤਰੁੱਟੀਆਂ ਦੇ ਹੁੰਦਿਆਂ ਵੀ ਭਾਈ ਸਾਹਿਬ ਨੂੰ ਛੰਦ-ਯੋਜਨਾ ਦਾ ਉਸਤਾਦ ਮੰਨਣਾ ਪੈਂਦਾ ਹੈ।

ਭਾਈ ਸਾਹਿਬ ਨੇ ਤੁੱਕ ਤੇ ਤੁਕਾਂਤ ਨੂੰ ਵੀ ਸਫਲਤਾ ਸਹਿਤ ਨਿਭਾਇਆ ਹੈ ਪਰ ਇਤਨੇ ਵਿਸ਼ਾਲ ਕਾਵਿ ਵਿਚ ਕੁਝ ਕੁ ਉਕਤੀਆਂ ਦਾ ਰਹਿ ਜਾਣਾ ਸੁਭਾਵਿਕ ਹੈ

---

166. ਭਾਈ ਵੀਰ ਸਿੰਘ, ਮੁਖਬੰਧ, 'ਚੰਦਨਵਾੜੀ', 'ਕ੍ਰਿਤ ਲਾਲਾ ਧਨੀ ਰਾਮ ਚਾਤ੍ਰਿਕ
167. 'ਰਬ', 'ਬਸੰਤ', 'ਅਨਾਰਕਲੀ', 'ਨੂਰ ਜਹਾਂ', 'ਸਿਪਾਹੀ', (ਸਾਵੇ ਪੱਤਰ)
168. 'ਕੁਠੇਲੀ', 'ਖੂਹ ਦੀ ਗਾਧੀ ਤੇ', 'ਛਤੇ ਦੀ ਬੇਰੀ', 'ਮੈਂ ਨਹੀਂ ਰਹਿਣਾ ਤੇਰੇ ਗਰਾਂ' (ਸਾਵੇ ਪੱਤਰ)
169. 'ਸਿੱਧਣ', 'ਮੈਦਾ ਤੇ ਸਬਜ਼ਾ', 'ਜਵਾਨੀ' (ਸਾਵੇ ਪੱਤਰ)
170. 'ਬਦਲੋਟੀ' (ਸਾਵੇ ਪੱਤਰ)
171. 'ਰਾਣੀ ਸਾਹਿਬ ਕੌਰ' (ਕਸੁੰਭੜਾ)

## ਅਧਿਆਇ ਪੰਜਵਾਂ

## ਪ੍ਰਕ੍ਰਿਤੀ - ਚਿੱਤ੍ਰਨ

ਭਾਈ ਸਾਹਿਬ ਦੀ ਕਵਿਤਾ ਵਿਚ ਪ੍ਰਕ੍ਰਿਤੀ ਚਿੱਤ੍ਰਨ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਸ ਲਈ ਉਨ੍ਹਾਂ ਦੇ ਕਾਵਿ ਦੀ ਸੰਪੂਰਣ ਵਿਵੇਚਨਾ ਲਈ ਇਸ ਪੱਖ ਨੂੰ ਵੀ ਵਿਚਾਰ ਵਿਚ ਲਿਆਉਣਾ ਜ਼ਰੂਰੀ ਹੈ।

<u>ਪ੍ਰਕ੍ਰਿਤੀ ਕੀ ਹੈ ?</u>

ਭਾਈ ਸਾਹਿਬ ਦੀ ਕਵਿਤਾ ਵਿਚ ਪ੍ਰਕ੍ਰਿਤੀ- ਚਿੱਤ੍ਰਨ ਦੀਆਂ ਵਿਸ਼ੇਸ਼ਤਾਈਆਂ ਨੂੰ ਜਾਚਣ ਤੋਂ ਪਹਿਲਾਂ ਪ੍ਰਕ੍ਰਿਤੀ ਸ਼ਬਦ ਦੇ ਪ੍ਰਯੋਗ ਦੀ ਸੀਮਾ ਨੂੰ ਨਿਰਧਾਰਿਤ ਕਰਨਾ ਜ਼ਰੂਰੀ ਹੈ। ਪ੍ਰਕ੍ਰਿਤੀ ਸ਼ਬਦ 'ਕ' ਧਾਤੂ ਤੋਂ ਬਣਿਆ ਕ੍ਰਿਦੰਤ ਰੂਪ ਹੈ: 'ਪ੍ਰ ਕ੍ਰਿਤਿ'– ਪ੍ਰਕ੍ਰਸ਼ਟੇਨਕ੍ਰਿਤੇ ਇਤਿ ਪ੍ਰਕ੍ਰਿਤਿ ਅਰਥਾਤ ਬੜੀ ਸਾਵਧਾਨੀ ਜਾਂ ਮੁਸ਼ਕਲ ਨਾਲ ਰਚੀ ਹੋਈ। ਇਸ ਦਾ ਭਾਵ ਹੈ ਕਿ ਕਿਸੇ ਅਦਿੱਖ ਸ਼ਕਤੀ ਦੁਆਰਾ ਸਿਰਜੀ ਮਹਾਨ ਕਿਰਤ ਹੀ ਪ੍ਰਕ੍ਰਿਤੀ ਹੈ।[1] ਅੰਗ੍ਰੇਜ਼ੀ ਸੰਸਕ੍ਰਿਤੀ ਤੇ ਭਾਸ਼ਾ ਵਿਚ ਇਸ ਭਾਵ ਲਈ ਸ਼ਬਦ 'ਨੇਚਰ' 'ਨੇਚਰਾਰ' ਵਰਤਿਆ ਜਾਂਦਾ ਹੈ, ਜੋ ਲਾਤੀਨੀ ਭਾਸ਼ਾ ਤੋਂ ਆਇਆ ਹੈ ਅਤੇ ਜਿਸ ਦਾ ਅਰਥ ਹੈ– 'ਉਤਪੰਨ ਹੋਈ ਸ਼ੈ' ਆਦਿਕ।[2] ਇਵੇਂ ਸਾਧਾਰਣ ਰੂਪ ਵਿਚ ਸਾਰੇ ਦ੍ਰਿਸ਼ਟਮਾਨ ਨੂੰ ਇਸ ਦੇ ਪ੍ਰਤੱਖ- ਸਰੂਪ ਦੀ ਰੂਪਾਤਮਿਕਤਾ ਅਤੇ ਇਸ ਵਿਚ ਸੰਚਿਤ ਚੇਤਨਾ ਨੂੰ ਪ੍ਰਕ੍ਰਿਤੀ ਮੰਨਿਆ ਗਇਆ ਹੈ।[3] ਪ੍ਰਕ੍ਰਿਤੀ ਦਾ ਇਕ ਹੋਰ ਦੂਜਾ ਅਰਥ ਹੈ– ਸੁਭਾ, ਪਰਸਪਰ ਮਿਲਵਰਤਣ ਅਤੇ ਦ੍ਰਿਸ਼ਟੀਕੋਣਾਂ ਦੀ ਵਿਅਕਤਕ ਰੀਤ ਆਦਿਕ।[4]

" ਪੱਛਮ ਵਿਚ ਜੜ੍ਹ- ਚੇਤੰਨ ਦੇ ਆਧਾਰ ਤੇ ਭੌਤਿਕ ਤੱਤ ਨੂੰ ਪ੍ਰਕ੍ਰਿਤੀ ਦੇ ਰੂਪ ਵਿਚ ਅਤੇ ਵਿਗਿਆਨ ਤੱਤ ਨੂੰ ਪਰਮ-ਸਤ ਦੇ ਰੂਪ ਵਿਚ ਸਵੀਕਾਰ ਕੀਤਾ ਗਇਆ ਹੈ.... ਇਹੀ ਭੇਦ ਪ੍ਰਕ੍ਰਿਤੀਵਾਦੀ ਅਤੇ ਈਸ਼ਵਰ-ਵਾਦੀ ਵਿਚਾਰਕਾਂ ਦੇ ਦ੍ਰਿਸ਼ਟੀਕੋਣ ਦਾ ਕਾਰਨ ਹੈ।"[5] ਭਾਰਤੀ ਤੱਤਵਾਦ ਵਿਚ ਸਾਂਖ ਦਰਸ਼ਨ ਨੇ ਪੁਰਸ਼ ਤੇ ਪ੍ਰਕ੍ਰਿਤੀ ਦੀ ਵਿਆਖਿਆ ਕੀਤੀ ਹੈ। ਇਸ ਅਨੁਸਾਰ ਪ੍ਰਕ੍ਰਿਤੀ ਤੇ ਪੁਰਸ਼ ਦੀ ਪ੍ਰਤਿਕ੍ਰਿਰਤੀ ਹੀ ਬਾਹਰਮੁਖੀ ਜਗਤ ਦੀ ਦ੍ਰਿਸ਼ਯਾਤਮਕ ਸੱਤਾ ਦਾ ਕਾਰਨ ਹੈ। ਤੱਤ-ਵਾਦ ਵਿਚ ਵਿਰੋਧੀ ਵਿਚਾਰਾਂ ਨੂੰ ਲੈ ਕੇ ਤੱਤਾਂ ਦੀ ਇਕਾਂਤ ਭਿੰਨਤਾ ਸਮਝੀ ਜਾਂਦੀ ਹੈ, ਪਰ ਸਹਜ- ਬੁੱਧੀ ਲਈ ਇਹ ਸਮਝਣਾ ਕਠਿਨ ਹੈ। ਉਨ੍ਹਾਂ ਲਈ ਭੌਤਿਕ ਤੱਤ ਹੋਵੇ ਜਾਂ ਵਿਗਿਆਨ- ਤੱਤ ਉਹ ਤਾਂ ਇਨ੍ਹਾਂ ਨੂੰ ਪ੍ਰਕ੍ਰਿਤੀ ਦੇ ਚੇਤਨ- ਅਚੇਤਨ ਭਾਵ ਰੂਪਾਂ ਵਿਚ ਹੀ ਸਮਝਦੇ ਹਨ। ਉਹ ਵਿਗਿਆਨਾਤਮਕ ਵਿਚਾਰ ਦੀ ਵਿਆਪਕਤਾ ਵਿਚ ਵਿਸ਼ਵ ਨੂੰ ਚੇਤਨ ਭਾਵਮਈ

---

1. ਅਮਰ ਕੋਸ਼, ਚੌਥਾ ਸੰਸਕ੍ਰਣ, ਬੰਬਈ ਸੰਨ, 1915, ਪੰਨਾ 44
2. Chamber's Twentieth Century Dictionary, Revised Edition, PP.713-714.
3. " Such a force or agency in the Universe acting as a creative guiding intelligence." ( Webster's Third New International Dictionary, P. 1506 )
4. " The fundamental character, or disposition or temperament of a living being." ( ibid, page 1506 )
5. ਰਘੁਵੰਸ਼, ਪ੍ਰਕ੍ਰਿਤੀ ਔਰ ਕਾਵਯ, ਪੰਨਾ 3.

ਪ੍ਰਕ੍ਰਿਤੀ ਸਮਝਦੇ ਹਨ ਅਤੇ ਭੌਤਿਕ ਪਦਾਰਥ ਦੇ ਪ੍ਰਸਾਰ ਵਿਚ ਵਿਸ਼ਵ ਨੂੰ ਅਚੇਤਨ ਰੂਪ-ਮਈ ਪ੍ਰਕ੍ਰਿਤੀ ਮੰਨਦੇ ਹਨ। ਵਿਆਪਕ ਅਰਥਾਂ ਵਿਚ ਪ੍ਰਕ੍ਰਿਤੀ ਵਿਸ਼ਵ ਦੀ ਸਿਰਜਣਾਤਮਿਕ ਪ੍ਰਤਿ-ਕੀਰਤੀ ਹੀ ਸਮਝੀ ਜਾਂਦੀ ਹੈ।

ਇੱਥੇ ਇਕ ਗੱਲ ਸਪਸ਼ਟ ਕਰ ਲੈਣੀ ਜ਼ਰੂਰੀ ਹੈ ਕਿ ਪ੍ਰਕ੍ਰਿਤੀ ਨੂੰ ਸਾਰੀ ਸਿਰਜਣਾਤਮਿਕ ਅਭਿਵਿਅਕਤੀ ਸਵੀਕਾਰ ਕਰ ਲੈਣ ਤੇ ਮਾਨਵ ਵੀ ਪ੍ਰਕ੍ਰਿਤੀ ਦੇ ਅੰਤਰ-ਭੂਤ ਹੋ ਜਾਂਦਾ ਹੈ। ਇਸ ਨਾਲ ਪ੍ਰਕ੍ਰਿਤੀ ਸੰਬੰਧੀ ਸਾਡੀ ਉਲਝਣ ਹੋਰ ਵੀ ਕਠਿਨ ਹੋ ਜਾਂਦੀ ਹੈ। ਜਦ ਅਸੀਂ ਮਨ-ਸਰੀਰ ਤੋਂ ਵੱਖਰੀ ਕਿਸੇ ਪ੍ਰਕ੍ਰਿਤੀ ਦਾ ਉਲੇਖ ਕਰਦੇ ਹਾਂ, ਤਾਂ ਉਹ ਕੀ ਹੈ ? ਸਾਧਾਰਣ ਬੁੱਧੀ ਜੀਵ ਇਸ ਬਾਰੇ ਨਹੀਂ ਸੋਚਦੇ। ਉਹ ਮਾਨਵੀ ਮਨ ਨੂੰ ਇਕ ਧਰਾਤਲ ਤੇ ਸਵੀਕਾਰ ਕਰਕੇ ਤੁਰਦੇ ਹਨ। ਇਸ ਧਰਾਤਲ ਤੇ ਮਨ ਅਤੇ ਉਸ ਨੂੰ ਧਾਰਣ ਕਰਨ ਵਾਲੇ ਸਰੀਰ ਨੂੰ ਛੋੜ ਕੇ ਹੋਰ ਸਭ ਚੇਤਨ ਅਤੇ ਅਚੇਤਨ ਸ੍ਰਿਸ਼ਟੀ ਪ੍ਰਸਾਰ ਨੂੰ ਪ੍ਰਕ੍ਰਿਤੀ ਸਵੀਕਾਰ ਕਰ ਲਿਆ ਜਾਂਦਾ ਹੈ।

ਇੱਥੇ ਅਸੀਂ ਭਾਈ ਸਾਹਿਬ ਦੇ ਕਾਵਿ ਵਿਚ ਪ੍ਰਕ੍ਰਿਤੀ-ਚਿੱਤ੍ਰਨ ਦਾ ਵਿਵੇਚਨ ਕਰਨਾ ਹੈ, ਇਸ ਲਈ ਪ੍ਰਕ੍ਰਿਤੀ ਨੂੰ ਸਹਜ-ਬੋਧ ਦੀ ਦ੍ਰਿਸ਼ਟੀ ਤੋਂ ਵੇਖਣਾ ਸਾਡੇ ਲਈ ਜ਼ਰੂਰੀ ਹੈ। ਕਵਿਤਾ ਵਿਚ ਤਰਕ ਨਾਲੋਂ ਵਧੇਰੇ ਅਨੁਭੂਤੀ ਮੰਨਣ ਵਿਚ ਹੁੰਦੀ ਹੈ, ਜੋ ਸਹਜ-ਬੋਧ ਦੇ ਆਧਾਰ ਤੇ ਹੀ ਗ੍ਰਹਣ ਕੀਤੀ ਜਾ ਸਕਦੀ ਹੈ। ਸਾਧਾਰਣ ਵਿਅਕਤੀ ਅਤੇ ਸਹਜ-ਬੋਧ ਦੇ ਵਿਚਾਰ ਦਾ ਇਹ ਅਰਥ ਨਹੀਂ ਕਿ ਇਹ ਅ-ਵਿਗਿਆਨਕ ਜਾਂ ਅਤਾਰਕਿਕ ਮੱਤ ਹੈ ਜਾਂ ਨੀਵੀਂ ਕੋਟੀ ਦੀ ਬੁੱਧੀ ਨਾਲ ਸੰਬੰਧਿਤ ਹੈ। ਇਸ ਦਾ ਅਰਥ ਹੈ ਕਿ ਇਹ ਕੇਵਲ ਸਹਜ-ਗ੍ਰਾਹੀ ਹੈ। ਆਪਣੀ ਸੀਮਾਂ ਵਿਚ ਇਹ ਵਿਗਿਆਨਕ ਅਤੇ ਤਾਰਕਿਕ ਦ੍ਰਿਸ਼ਟੀ ਰਖਦਾ ਹੈ। ਜਿੱਥੋਂ ਤਕ ਮਨੁੱਖੀ ਸਮੱਸਿਆਵਾਂ ਨੂੰ ਸਮਿਸ਼ਟ ਰੂਪ ਵਿਚ ਸਮਝਣ ਦਾ ਪ੍ਰਸ਼ਨ ਹੈ, ਤੱਤਵਾਦ ਅਤੇ ਭੌਤਿਕ-ਵਿਗਿਆਨ ਅਧੂਰੇ ਹੀ ਰਹ ਜਾਂਦੇ ਹਨ। ਇਕ ਅਤਿ-ਵਿਆਪਤ ਦੇ ਦੋਸ਼ ਕਾਰਨ ਸਾਡੇ ਸਾਮ੍ਹਣੇ ਵਿਰੋਧੀ ਵਿਚਾਰਾਂ ਨੂੰ ਪ੍ਰਗਟ ਕਰਦਾ ਹੈ ਜੋ ਸਾਧਾਰਣ ਵਿਅਕਤੀ ਦੀ ਬੁੱਧੀ ਅਤੇ ਅਨੁਭਵ ਦੀ ਪਕੜ ਵਿਚ ਨਹੀਂ ਆ ਸਕਦੇ। ਦੂਜਾ ਆਪਣੀ ਸੀਮਾਂ ਵਿਚ ਇਤਨਾ ਸੰਕੁਚਤ ਹੈ ਕਿ ਇਸ ਨਾਲ ਸਾਡੀ ਜਗਿਆਸਾ ਦੀ ਸੰਤੁਸ਼ਟੀ ਹੀ ਨਹੀਂ ਹੁੰਦੀ ਅਤੇ ਵਿਆਪਕ ਪ੍ਰਸ਼ਨ ਅਧੂਰੇ ਹੀ ਰਹ ਜਾਂਦੇ ਹਨ। ਇਸ ਲਈ ਵਿਵੇਚਨਾ ਦਾ ਆਧਾਰ ਸਹਜ-ਬੋਧ ਹੋਣਾ ਜ਼ਰੂਰੀ ਹੈ।

**ਪ੍ਰਕ੍ਰਿਤੀ ਤੇ ਕਵਿਤਾ :**

[illegible] ਪ੍ਰਕ੍ਰਿਤੀ ਦਾ ਵਿਆਪਕ ਵਿਸਥਾਰ ਤੇ ਇਸ ਦਾ ਨਾਨਾ ਰੂਪ ਸੌਂਦ੍ਰਯ ਮਾਨਵ ਹਿਰਦੇ ਨੂੰ ਟੁੰਬਦਾ ਹੈ। ਪਰਿਵਰਤਨ ਅਤੇ ਗਤੀ ਦੀ ਅਨੰਤ ਚੇਤਨਾ ਵਿਚ ਮਗਨ ਪ੍ਰਕ੍ਰਿਤੀ ਜੁਗਾਂ ਤੋਂ ਮਾਨਵ ਜੀਵਨ ਨਾਲ ਹਿਲ-ਮਿਲ ਗਈ ਹੈ। ਮਾਨਵ ਪ੍ਰਕ੍ਰਿਤੀ ਦੀ ਗੋਦ ਵਿਚ ਹੀ ਵਿਕਸਿਤ ਹੋਇਆ ਹੈ ਅਤੇ ਪ੍ਰਕ੍ਰਿਤੀ ਦੇ ਜੁਗਾਂ ਜੁਗਾਂ ਦੇ ਪਰਿਚਯ ਦੇ ਸੰਸਕਾਰ ਉਸ ਵਿਚ ਸਹਚਰੀ ਭਾਵ ਦੇ ਰੂਪ ਵਿਚ ਸੁਰੱਖਿਅਤ ਹਨ। ਇਨ੍ਹਾਂ ਸੰਸਕਾਰਾਂ ਵਿਚ ਕਵੀ ਪ੍ਰਕ੍ਰਿਤੀ ਦੇ ਪ੍ਰਤਿ ਅਨੁਭਵ-ਸ਼ੀਲ ਹੋ ਕੇ ਆਪਣੀ ਕਲਪਨਾ ਦੀ ਸਹਾਇਤਾ ਨਾਲ ਕਾਵਿ ਵਿਅੰਜਨਾ ਨੂੰ ਰੂਪ ਦਾਨ ਕਰਦਾ ਆਇਆ ਹੈ।[6]

---

6. " Poetry everywhere has found in nature some of the ( Contd.)

## ਭਾਰਤੀ ਕਾਵਿ ਤੇ ਪ੍ਰਕ੍ਰਿਤੀ- ਚਿੱਤ੍ਰਨ

ਭਾਰਤੀ ਕਵਿਤਾ ਵਿਚ ਪ੍ਰਕ੍ਰਿਤੀ ਚਿੱਤ੍ਰਨ ਹਰ ਯੁਗ ਤੇ ਹਰ ਸਮੇਂ ਵਿਚ ਮਿਲਦਾ ਹੈ। ਭਾਰਤ ਦੇ ਸਭ ਤੋਂ ਪ੍ਰਾਚੀਨ ਵੈਦਿਕ ਸਾਹਿਤ ਵਿਚ ਪ੍ਰਕ੍ਰਿਤੀ ਦੇ ਸੂਖਮ ਵਰਣਨ ਤੇ ਕੋਮਲ ਅਹਿਸਾਸ ਦੀ ਥਾਂ ਪ੍ਰਕ੍ਰਿਤੀ ਵਿਚ ਦੇਵ- ਭਾਵ ਦੀ ਮਨੋਹਰ ਕਲਪਨਾ ਮਿਲਦੀ ਹੈ, ਜਿਥੇ ਸਾਰੇ ਦੇਵ- ਗਣ ਪ੍ਰਕ੍ਰਿਤੀ ਦ੍ਰਿਸ਼ਾਂ ਦੇ ਮਾਨਵੀ ਰੂਪਾਂ ਵਿਚ ਵੇਖੇ ਜਾ ਸਕਦੇ ਹਨ। ਸੰਸਕ੍ਰਿਤ ਕਵਿਤਾ ਵਿਚ ਬਾਲਮੀਕ ਨੇ ਪ੍ਰਕ੍ਰਿਤੀ ਨੂੰ ਵਧੇਰੇ ਆਲੰਬਨ ਰੂਪ ਵਿਚ ਵਰਤਿਆ ਹੈ। ਕਾਲੀ ਦਾਸ ਵਿਚ ਪ੍ਰਕ੍ਰਿਤੀ ਦੇ ਸ਼ੁੱਧ ਵਰਣਨ ਤੋਂ ਛੁੱਟ[7] ਇਸ ਵਿਚ ਮਨੁੱਖੀ- ਮਨ ਜਹੇ ਭਾਵ ਵਿਕਾਰ, ਹਮਦਰਦੀ, ਰੀਝਾਂ ਤੇ ਅਨੁਭੂਤੀਆਂ ਵੇਖੀਆਂ ਜਾ ਸਕਦੀਆਂ ਹਨ। ਸੰਸਕ੍ਰਿਤ ਤੋਂ ਪਿਛੋਂ ਪਾਲੀ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਕਾਵਿ ਵਿਚ ਪ੍ਰਕ੍ਰਿਤੀ ਨੂੰ ਬਹੁਤ ਥਾਂ ਨਹੀਂ ਮਿਲੀ। ਪਾਲੀ ਦੇ ਜਾਤਕ ਕਥਾਂ ਵਿਚ ਛੋਟੀਆਂ ਛੋਟੀਆਂ ਕਹਾਣੀਆਂ ਹੋਣ ਕਰਕੇ ਇਨ੍ਹਾਂ ਵਿਚ ਪ੍ਰਕ੍ਰਿਤੀ ਦੇ ਸੂਖਮ ਵਰਣਨ ਦੀ ਗੁੰਜਾਇਸ਼ ਨਹੀਂ ਸੀ, ਪਰ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਵਿਚ ਸ਼ੁੱਧ ਪ੍ਰਕ੍ਰਿਤੀ ਚਿੱਤ੍ਰਨ ਕਾਫ਼ੀ ਮਿਲਦਾ ਹੈ।

ਭਗਤੀ ਯੁਗ ਦੀ ਹਿੰਦੀ ਕਵਿਤਾ ਵਿਚ ਸੂਰਦਾਸ ਅਤੇ ਤੁਲਸੀ ਨੇ ਪ੍ਰਕ੍ਰਿਤੀ ਦਾ ਪ੍ਰਯੋਗ ਵਧੇਰੇ ਆਲੰਬਨ ਤੇ ਉਦੀਪਨ ਰੂਪ ਵਿਚ ਕੀਤਾ ਹੈ। ਕਬੀਰ, ਜਾਇਸੀ ਤੇ ਮੀਰਾਂਬਾਈ ਨੇ ਪ੍ਰਕ੍ਰਿਤੀ ਨੂੰ ਵਧੇਰੇ ਰਹੱਸ- ਭਾਵਨਾ ਦੇ ਪ੍ਰਗਟਾਉ ਲਈ ਪ੍ਰਤੀਕ ਦੇ ਰੂਪ ਵਿਚ ਵਰਤਿਆ ਹੈ। ਇਨ੍ਹਾਂ ਤੋਂ ਬਾਅਦ ਰੀਤੀ- ਕਾਲ ਦੇ ਕਵੀਆਂ ਨੇ ਨਾਇਕਾ- ਭੇਦ ਦੇ ਚੱਕਰ ਵਿਚ ਫਸ ਕੇ ਪ੍ਰਕ੍ਰਿਤੀ ਦੀ ਸੁੰਦਰਤਾ ਨੂੰ ਵਧੇਰੇ ਦਿਲ- ਪਰਚਾਵੇ ਲਈ ਹੀ ਵਰਤਿਆ ਹੈ। ਦਵੇਦੀ ਯੁਗ ਤੋਂ ਫਿਰ ਪ੍ਰਕ੍ਰਿਤੀ ਦਾ ਪ੍ਰਯੋਗ ਸਵਤੰਤ੍ਰ ਰੂਪ ਵਿਚ ਸ਼ੁਰੂ ਹੁੰਦਾ ਹੈ।

## ਪੰਜਾਬੀ ਕਵਿਤਾ ਤੇ ਪ੍ਰਕ੍ਰਿਤੀ-ਚਿੱਤ੍ਰਨ-

ਪੰਜਾਬੀ ਕਵਿਤਾ ਦੇ ਮੁੱਢਲੇ ਕਵੀ ਸ਼ੇਖ ਫ਼ਰੀਦ ਜੀ ਨੇ ਆਪਣੇ ਸਾਰੇ ਅਧਿਆਤਮਿਕ ਭਾਵਾਂ ਤੇ ਸਿੱਧਾਂਤਾਂ ਦੀ ਵਿਆਖਿਆ ਹੀ ਵਧੇਰੇ ਪ੍ਰਕ੍ਰਿਤੀ ਦੇ ਦ੍ਰਿਸ਼ਾਂ ਰਾਹੀਂ ਕੀਤੀ ਹੈ। ਪ੍ਰਕ੍ਰਿਤੀ ਉਨ੍ਹਾਂ ਲਈ ਅਜੇਹੀਆਂ ਉਪਮਾਵਾਂ ਤੇ ਸੰਕੇਤਾਂ ਦਾ ਭੰਡਾਰ ਬਣੀ ਹੈ, ਜਿਸ ਰਾਹੀਂ ਉਹ ਆਪਣੇ ਆਸ਼ੇ ਨੂੰ ਸਹਜੇ ਹੀ ਵਿਅਕਤ ਕਰ ਸਕੇ ਹਨ। ਫ਼ਰੀਦ ਜੀ ਤੋਂ ਬਾਅਦ ਪੰਜਾਬੀ ਵਿਚ ਪ੍ਰਕ੍ਰਿਤੀ ਚਿੱਤ੍ਰਨ ਦਾ ਅਸਲੀ ਨਿਖਾਰ ਗੁਰੂ ਨਾਨਕ ਦੇਵ ਜੀ ਦੀ

---

most valuable sources of its inspiration and subjects of its interpretation. It teems with descriptions of nature or with analogies drawn from its working or its scenes."
( Encyclopaedia of Religion and Ethics, Vol. IX, P. 201 )

7. " The width of Kalidasa's knowledge and the depth of his observation of nature and life are shown to the highest advantage."
( A.B. Keith, A History of Sanskrit Literature, P. 106 )

ਕਵਿਤਾ ਨਾਲ ਆਉਂਦਾ ਹੈ। ਉਨ੍ਹਾਂ ਨੇ ਪ੍ਰਕ੍ਰਿਤੀ ਚਿੱਤ੍ਰਨ ਰਾਹੀਂ ਦਿਸਦੇ ਬ੍ਰਹਮੰਡ, ਇਸ ਦੀ ਪ੍ਰਬੰਧਕ ਸ਼ਕਤੀ ਅਤੇ ਇਸ ਦੇ ਸਦੀਵੀ ਨਿਯਮ ਨੂੰ ਇਕ ਥਾਂ ਇਕੱਠਿਆਂ ਕਰਕੇ ਕੁਦਰਤ- ਕਾਦਰ- ਕਵੀ ਦਾ ਇਕ ਅਦੁੱਤੀ ਸੰਗਮ ਬਣਾ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਪ੍ਰਕ੍ਰਿਤੀ ਦੇ ਬਾਹਰਮੁਖੀ ਚਿੱਤ੍ਰਨ ਦੀ ਥਾਂ ਵਧੇਰੇ ਪ੍ਰਕ੍ਰਿਤੀ ਦੇ ਅੰਦਰ ਚਲ ਰਹੀ ਜੀਵਨ- ਰੌ ਦੇ ਜਗਿਆਸੂ ਸਨ। ਉਨ੍ਹਾਂ ਨੇ ਪ੍ਰਕ੍ਰਿਤੀ ਚਿੱਤ੍ਰਨ ਦੇ ਬਹੁਪੱਖੀ ਪ੍ਰਯੋਗ ਰਾਹੀਂ ਇਸ ਨੂੰ ਮਾਨਵੀ ਭਾਵਾਂ ਦੀ ਅਭਿਵਿਅਕਤੀ ਲਈ ਵਰਤਿਆ ਹੈ। ਬਾਕੀ ਗੁਰੂ ਸਾਹਿਬਾਨ ਨੇ ਵੀ ਆਪਣੇ ਕਾਵਿ ਵਿਚ ਪ੍ਰਕ੍ਰਿਤੀ ਚਿੱਤ੍ਰਨ ਦੀ ਸਹਾਇਤਾ ਲਈ ਸੀ, ਪਰ ਗੁਰੂ ਨਾਨਕ ਸਾਹਿਬ ਦੇ ਬਹੁਪੱਖੀ ਪ੍ਰਕ੍ਰਿਤੀ ਚਿੱਤ੍ਰਨ ਦੇ ਸਾਮ੍ਹਣੇ ਸਭ ਮਾਤ ਹੈ।

ਗੁਰਬਾਣੀ ਤੋਂ ਬਾਅਦ ਸੂਫ਼ੀ ਕਾਵਿ ਵਿਚ ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਆਦਿਕ ਦੇ ਕਾਵਿ ਵਿਚ ਪ੍ਰਕ੍ਰਿਤੀ ਦੇ ਹਰ ਕਣ ਤੇ ਹਰ ਅੰਗ ਦੁਆਰਾ ਰਹੱਸ- ਪੂਰਨ ਅਨੁਭਵ ਦੇ ਪ੍ਰਗਟਾਵੇ ਦਾ ਯਤਨ ਮਿਲਦਾ ਹੈ। ਉਨ੍ਹਾਂ ਨੇ ਜਟਿਲ ਅਤੇ ਰਹੱਸ-ਮਈ ਅਨੁਭਵ ਨੂੰ ਸਥੂਲ, ਲੌਕਿਕ ਤੇ ਸਪਸ਼ਟ ਕਰਨ ਲਈ ਪ੍ਰਕ੍ਰਿਤੀ ਦੀਆਂ ਵਸਤਾਂ ਦੀ ਸਹਾਇਤਾ ਲੈਂਦਿਆਂ ਚਿੰਨ੍ਹਵਾਦੀ ਅਤੇ ਛਾਇਆਵਾਦੀ ਸ਼ੈਲੀ ਦਾ ਪ੍ਰਯੋਗ ਕੀਤਾ ਹੈ। ਪੰਜਾਬੀ ਕਿੱਸਿਆਂ ਦਾ ਆਧਾਰ ਫ਼ਾਰਸੀ ਮਸਨਵੀਆਂ ਹਨ ਅਤੇ ਇਸ ਕਰਕੇ ਇਨ੍ਹਾਂ ਵਿਚਲੇ ਪ੍ਰਕ੍ਰਿਤੀ ਚਿੱਤ੍ਰਨ ਵਿਚ ਫ਼ਾਰਸੀ ਅਨੁਕਰਣ ਦੇ ਰੂਪਕ, ਉਪਮਾਵਾਂ ਤੇ ਦ੍ਰਿਸ਼ਟਾਂਤ ਵਧੇਰੇ ਮਿਲਦੇ ਹਨ। ਵੈਸੇ ਦਮੋਦਰ ਨੇ ਕਈ ਥਾਂ ਮਾਨਵੀ ਅਤੇ ਪ੍ਰਾਕ੍ਰਿਤਕ ਦ੍ਰਿਸ਼ਾਂ ਦੀ ਸਾਂਝ ਬੜੇ ਸੁਹਣੇ ਢੰਗ ਨਾਲ ਕੀਤੀ ਹੈ। ਵਾਰਸ ਸ਼ਾਹ ਦੇ ਪ੍ਰਕ੍ਰਿਤੀ ਦੇ ਵਿਸਤ੍ਰਿਤ ਚਿੱਤ੍ਰਨ ਵਿਚ ਹੋਰ ਢੰਗਾਂ ਨਾਲ ਵਿਸ਼ੇਸ਼ਤਾ ਗਿਣਤੀਆਂ ਗਿਣਨ ( Cataloguing ) ਅਰਥਾਤ ਪ੍ਰਾਕ੍ਰਿਤਕ ਵਸਤਾਂ ਜਿਵੇਂ 'ਮੱਝਾਂ' ਅਤੇ 'ਸੱਪਾਂ' ਦੇ ਵੇਰਵੇ ਦੇਣ ਦੀ ਵੀ ਹੈ। ਕਿੱਸਿਆਂ ਦੀ ਕਥਾ- ਸਥਿਤੀ ਵਿਚ ਪ੍ਰਕ੍ਰਿਤੀ ਦੇ ਪਿਛੋਕੜ ਨੇ ਅਭਿਵਿਅਕਤੀ ਨੂੰ ਬੜਾ ਭਰਵਾਂ ਦਿੱਤਾ ਹੈ।

ਪੰਜਾਬੀ ਲੋਕ ਗੀਤਾਂ ਵਿਚ ਸੁਤੰਤ੍ਰ ਪ੍ਰਕ੍ਰਿਤੀ- ਚਿੱਤ੍ਰਨ ਘਟ ਮਿਲਦਾ ਹੈ ਅਤੇ ਬਹੁਤਾ ਕਿਤੇ ਸਿੱਧਾ ਅਤੇ ਕਿਤੇ ਲੁਕਵੇਂ ਢੰਗ ਨਾਲ ਭਾਵਾਂ ਨੂੰ ਪ੍ਰਕ੍ਰਿਤੀ ਵਿਚ ਗੁੰਦਿਆ ਹੁੰਦਾ ਹੈ। ਉਦੀਪਨ ਸ਼ੈਲੀ ਰਾਹੀਂ ਲੋਕ- ਗੀਤਾਂ ਵਿਚ ਸੰਜੋਗ- ਵਿਜੋਗ ਦੇ ਬਿਆਨ ਲਈ ਪ੍ਰਕ੍ਰਿਤੀ ਦੀ ਸਹਾਇਤਾ ਲਈ ਗਈ ਹੈ ਅਤੇ ਬਾਰਾਂਮਾਹਿਆਂ ਵਿਚ ਰਿਤੂ- ਵਰਣਨ ਵੀ ਮਿਲਦਾ ਹੈ। ਲੋਕ ਗੀਤਾਂ ਵਿਚ ਕਈ ਥਾਂ ਪ੍ਰਕ੍ਰਿਤੀ ਦੇ ਬੜੇ ਸਜੀਵ ਚਿੱਤ੍ਰ ਮਿਲਦੇ ਹਨ ਅਤੇ ਇਸ ਦੀ ਸਹਾਇਤਾ ਨਾਲ ਅਲੰਕਾਰਾਂ, ਰਮਜ਼ਾਂ, ਚਿੰਨ੍ਹਾਂ ਵਿਚ ਨਾਜ਼ੁਕ- ਬਿਆਨੀ ਦਾ ਪ੍ਰਵੇਸ਼ ਹੋਇਆ ਹੈ। ਪੰਜਾਬੀ ਲੋਕ- ਗੀਤਾਂ ਵਿਚ ਰਚਨਾਤਮਿਕ ਕਵਿਤਾ ਵਾਂਗੂੰ ਪ੍ਰਕ੍ਰਿਤੀ ਚਿੱਤ੍ਰਨ ਬਹੁਤਾ ਵਿਸ਼ਾਲ ਤੇ ਬਹੁਪੱਖੀ ਨਹੀਂ ਪਰ ਜੋ ਹੈ, ਇਸ ਵਿਚ ਆਪਣੀ ਹੀ ਰੰਗੀਨੀ ਹੈ।

**ਪੱਛਮੀ ਕਵਿਤਾ ਅਤੇ ਪ੍ਰਕ੍ਰਿਤੀ- ਚਿੱਤ੍ਰਨ :**

ਅੰਗ੍ਰੇਜ਼ੀ ਕਵਿਤਾ ਵਿਚ ਪ੍ਰਕ੍ਰਿਤੀ ਚਿੱਤ੍ਰਨ ਮੁੱਢ ਤੋਂ ਮਿਲਦਾ ਹੈ, ਪਰ ਸਤਾਰ੍ਹਵੀਂ ਸ਼ਤਾਬਦੀ ਦੇ ਅਧਿਆਤਮਵਾਦੀ ਕਵੀਆਂ ਵਿਚੋਂ ਜਾਹਨ ਡੰਨ, ਜਾਰਜ ਹਰਬਰਟ, ਹੈਨਰੀ ਵਾਹਨ, ਰਿਚਰਡ ਕਰਾਸ਼ਾ ਅਤੇ ਮਾਰਵੇਲ ਆਦਿਕ ਨੇ ਪ੍ਰਕ੍ਰਿਤੀ ਨੂੰ ਵਿਸ਼ੇਸ਼ ਤੌਰ ਤੇ ਅਧਿਆਤਮਵਾਦੀ ਅਭਿਵਿਅਕਤੀ ਦੇ ਰਹੱਸਮਈ ਪਿਛੋਕੜ

ਲਈ ਵਰਤਿਆ ਸੀ। ਇਨ੍ਹਾਂ ਤੋਂ ਬਾਅਦ ਵਰਡਜ਼ਵਰਥ, ਕਾਲਰਿਜ, ਸ਼ੈਲੇ, ਕੀਟਸ ਆਦਿਕ ਸਵੱਛੰਦਤਾ-ਵਾਦੀ ਕਵੀਆਂ ਨੇ ਪ੍ਰਕ੍ਰਿਤੀ ਉਤੇ ਵਿਅਕਤੀਗਤ ਅਨੁਭੂਤੀ ਨੂੰ ਆਰੋਪਤ ਕੀਤਾ। ਵਰਡਜ਼ਵਰਥ ਨੇ ਪ੍ਰਕ੍ਰਿਤੀ ਵਿਚ ਛੁਪੀ ਹੋਈ ਅਥਾਹ ਸ਼ਕਤੀ ਨੂੰ ਵੇਖਿਆ ਅਤੇ ਉਸ ਲਈ ਪ੍ਰਕ੍ਰਿਤੀ ਜੀਂਦੀ ਜਾਗਦੀ ਵਿਸ਼ਵ- ਨਾਦ ਦੀ ਸਦੀਵੀ ਸੱਦ ਨਾਲ ਆਪਣੇ ਆਪ ਹੀ ਹਿਰਦੇ ਨੂੰ ਕੀਲਣ ਵਾਲੀ[8] ਮੂਕ ਸ਼ਿਕਸ਼ਕ ਬਣ ਗਈ[9]। ਰੋਮਾਂਟਿਕ ਕਵੀਆਂ ਨੇ ਪ੍ਰਕ੍ਰਿਤੀ ਦੀ ਸੁੰਦਰਤਾ ਵਿਚ ਆਪਣੀ ਆਂਤਰਿਕ ਅਨੁਭੂਤੀ ਨੂੰ ਸਮੋ ਦਿੱਤਾ ਸੀ। ਉਨ੍ਹਾਂ ਨੇ ਪ੍ਰਕ੍ਰਿਤੀ ਵਿਚੋਂ ਚੰਦਰਮਾ, ਫੁੱਲ, ਪੌਣ, ਨਦੀਆਂ, ਝਰਨਿਆਂ ਨਾਲ ਗੱਲਾਂ ਕੀਤੀਆਂ ਸਨ। ਕੀਟਸ ਕੋਇਲ ਨੂੰ 'ਅਮਰ ਪੰਛੀ' ਕਹਿੰਦਾ ਹੈ ਅਤੇ ਉਸ ਨੂੰ ਇਸ ਦੇ ਸੰਗੀਤ ਤੋਂ ਜੁਗਾਂ ਦਾ ਆਭਾਸ ਮਿਲਦਾ[10] ਹੈ।

ਉਨ੍ਹੀਵੀਂ ਸ਼ਤਾਬਦੀ ਦੇ ਅੰਤਿਮ ਦਹਾਕਿਆਂ ਵਿਚ ਇਸ ਪੱਛਮੀ ਪ੍ਰਕ੍ਰਿਤੀ- ਕਾਵਿ ਦੇ ਪ੍ਰਭਾਵ ਹੇਠਾਂ ਹਾਲੀ ਅਤੇ ਆਜ਼ਾਦ ਨੇ ਉਰਦੂ ਵਿਚ ਪ੍ਰਕ੍ਰਿਤੀ ਦੇ ਸਵਤੰਤ੍ਰ ਚਿੱਤ੍ਰਨ ਵਲ ਰਜੂਹ ਕੀਤਾ। ਉਨ੍ਹਾਂ ਨੇ ਪੱਛਮੀ ਢੰਗ ਦੇ ਪ੍ਰਕ੍ਰਿਤੀ- ਚਿੱਤ੍ਰਨ ਨਾਲ ਪਰਿਚਯ ਪ੍ਰਾਪਤ ਕਰਕੇ ਇਸ ਨੂੰ ਉਰਦੂ ਵਿਚ ਅਪਣਾਇਆ। ਇਹ ਅਸਰ ਉਰਦੂ ਤੋਂ ਹੁੰਦਾ ਹੋਇਆ ਪੰਜਾਬੀ ਵਿਚ ਭਾਈ ਸਾਹਿਬ ਦੇ ਪ੍ਰਕ੍ਰਿਤੀ- ਕਾਵਿ ਨਾਲ ਪੰਜਾਬੀ ਕਵਿਤਾ ਵਿਚ ਪਹਲੀ ਵੇਰਾਂ ਨਿਖਰਣਾ ਸ਼ੁਰੂ ਹੁੰਦਾ ਹੈ। ਇਸ ਨੂੰ ਪੂਰੀ ਤਰ੍ਹਾਂ ਸਮਝਣ ਤੋਂ ਪਹਲਾਂ ਭਾਈ ਸਾਹਿਬ ਦੇ ਪ੍ਰਕ੍ਰਿਤੀ ਸੰਬੰਧੀ ਦ੍ਰਿਸ਼ਟੀਕੋਣ ਨੂੰ ਵੇਖਣਾ ਵੀ ਜ਼ਰੂਰੀ ਹੈ।

**ਭਾਈ ਸਾਹਿਬ ਦੀ ਦ੍ਰਿਸ਼ਟੀ ਵਿਚ ਪ੍ਰਕ੍ਰਿਤੀ—**

ਭਾਈ ਸਾਹਿਬ ਦਾ ਮੂਲ ਵਿਸ਼ਵਾਸ਼ ਪ੍ਰਭੂ ਦੀ ਹੋਂਦ ਵਿਚ ਸੀ ਅਤੇ ਉਹ ਪ੍ਰੀਤਮ ਦੀ ਸੁੰਦਰਤਾ ਤੇ ਮੋਹਿਤ ਸਨ। ਉਨ੍ਹਾਂ ਨੂੰ ਪ੍ਰੀਤਮ ਦਾ ਹੁਸਨ ਪ੍ਰਕ੍ਰਿਤੀ ਦੇ ਕਣ ਕਣ ਵਿਚ ਦਿਸਦਾ ਸੀ। ਪ੍ਰਕ੍ਰਿਤੀ ਦੀ ਸੁੰਦਰਤਾ ਉਨ੍ਹਾਂ ਲਈ ਰੱਬ ਦਾ ਪ੍ਰਕਾਸ਼ ਸੀ। ਉਹ ਸਮਝਦੇ ਸਨ ਕਿ ਰੱਬ ਅਤੇ ਸੁੰਦਰਤਾ ਇਕ ਹਨ, ਜਿਵੇਂ:

ਹੁਸਨ ਅਜੇਬੀ, ਰੰਗ ਰੱਬ ਦਾ
ਵਤਨ ਅਰਸ਼ ਦੀ ਜਾਈ,
ਬੜੀ ਸੁਹਾਵੀ ਸੁੰਦਰਤਾ ਹੈ,
ਧੁਰ ਬੈਕੁੰਠੋਂ ਆਈ।[11]

---

8. " He ( Wordsworth ) saw in nature 'the hiding places of infinite power. ' Nature was veritably alive, a Universal chorus of ' things for ever speaking ' which of themselves impress the mind." ( C.H. Herford, The Age of Wordsworth, London,1952,P.XIV

9. " So pure the sky, so quiet was the air
So like, so very like, was day to-day
Whene'er I looked, thy image still was there.
It trembled, but it never pass'd away."
( Wordsworth-Nature and the Poet )

10. " Thou was not born for death, immortal bird ".
( John Keats- Ode to the Nightingale )

11. ਜੀਵਨ ਕੀ ਹੈ? ਲਹਿਰਾਂ ਦੇ ਹਾਰ, ਪੰਨਾ 61.

ਭਾਈ ਸਾਹਿਬ ਨੂੰ ਪ੍ਰਕ੍ਰਿਤੀ ਮੁੱਖ ਤੌਰ ਤੇ ਪਰਮ- ਆਤਮਾ ਦਾ ਪ੍ਰਤਿਬਿੰਬ ਦਿਸਦੀ ਸੀ। ਉਨ੍ਹਾਂ ਲਈ ਪ੍ਰਕ੍ਰਿਤੀ ਜੜ੍ਹ ਨਹੀਂ, ਚੇਤੰਨ ਸੀ:

ਹੈ ਧਰਤੀ ਪਰ 'ਛੁਹ ਅਸਮਾਨੀ'

ਸੁੰਦਰਤਾ ਵਿਚ ਲਿਸ਼ਕੇ,
ਧਰਤੀ ਦੇ ਰਸ, ਸਵਾਦ, ਨਜ਼ਾਰੇ,
'ਰਮਜ਼ ਅਰਸ਼' ਦੀ ਚਸਕੇ।[12]

ਇਵੇਂ ਪ੍ਰਕ੍ਰਿਤੀ ਉਨ੍ਹਾਂ ਨੂੰ ਆਪਣੀ ਸੁੰਦਰਤਾ ਰਾਹੀਂ ਆਦਰਸ਼ ਪ੍ਰਭੂ ਦੀ ਸੁੰਦਰਤਾ ਨੂੰ ਵੇਖਣ ਲਈ ਪ੍ਰੇਰਦੀ ਸੀ। ਇਹ ਸਿੱਧਾਂਤ ਭਾਰਤੀ ਅਧਿਆਤਮਿਕਤਾ ਵਿਚ ਵੀ ਪ੍ਰਵਾਨਿਤ ਹੈ ਅਤੇ ਪੱਛਮੀ ਅਧਿਆਤਮਿਕਤਾ ਵੀ ਇਸ ਨੂੰ ਸਵੀਕਾਰ ਕਰਦੀ ਹੈ। ਸਰ ਟਾਮਸ ਬਰਾਊਨ ਵੀ ਕਹਿੰਦਾ ਹੈ ਕਿ ਪਰਮਾਤਮਾ ਦੀ ਲਿਖੀ ਪੁਸਤਕ ਬਾਈਬਲ ਦੇ ਨਾਲ ਦੂਜੀ ਪੁਸਤਕ ਪ੍ਰਕ੍ਰਿਤੀ ਹੈ ਜੋ ਪ੍ਰਭੂ ਵਜੂਦ ਵਲ ਸੰਕੇਤ ਕਰਦੀ ਹੈ।[13]

ਦੂਜਾ ਇਹ ਸਜੀਵ ਪ੍ਰਕ੍ਰਿਤੀ ਭਾਈ ਸਾਹਿਬ ਨੂੰ ਆਪਣੇ 'ਖੇੜੇ' ਦੇ ਸਿੱਧਾਂਤ ਦੀ ਵਿਆਖਿਆ ਦਾ ਸਾਕਾਰ ਸਰੂਪ ਪ੍ਰਤੀਤ ਹੁੰਦੀ ਸੀ। ਭਾਈ ਸਾਹਿਬ ਦਾ ਖੇੜੇ ਦਾ ਸਿੱਧਾਂਤ ਗੁਰਮਤਿ ਦੇ 'ਸਹਜ- ਅਨੰਦ' ਦੇ ਸਿੱਧਾਂਤ ਦੀ ਹੀ ਆਧੁਨਿਕ ਸੰਗਿਆ ਸੀ ਜਿਸ ਦੇ ਅਨੁਸਾਰ ਭਾਈ ਸਾਹਿਬ ਸਮਝਦੇ ਸਨ ਕਿ ਜੀਵਨ ਦਾ ਅਸਲੀ ਮਨੋਰਥ ਜ਼ਿੰਦਗੀ ਵਿਚ ਖੇੜੇ ਦੇ ਰਹੱਸ ਨੂੰ ਅਨੁਭਵ ਕਰਨਾ ਹੈ ਜੋ ਹਰ ਸਥਿਤੀ ਵਿਚ ਮਾਨਵ ਨੂੰ 'ਸਦਾ ਵਿਗਾਸ' ਅਤੇ 'ਰਸ- ਸਰੂਪ' ਦੀ ਅਵਸਥਾ ਵਿਚ ਰੱਖ ਸਕਦਾ ਹੈ। ਉਹ ਅਨੁਭਵ ਕਰਦੇ ਸਨ ਕਿ "ਕੁਦਰਤ ਦੀ ਰੂਹ ਪਦਾਰਥਾਂ ਵਿਚ ਲੁਕੇ ਹੋਏ ਖੇੜੇ ਦਾ ਜਾਦੂ ਹੈ ਜੋ ਵਿਗਾਸ ਪੈਦਾ ਕਰਦਾ ਹੈ। ਕੁਦਰਤ ਦੀ ਰੂਹ ਉਹ ਉਮਾਹ ਹੈ, ਜਿਸ ਦੇ ਬਲ ਨਾਲ ਕਲੀਆਂ ਚਟਕਦੀਆਂ ਹਨ, ਫੁਲ ਖਿੜਦੇ ਹਨ, ਤਾਰੇ ਲਿਸ਼ਕਦੇ ਹਨ।"[14] ਪ੍ਰਕ੍ਰਿਤੀ ਵਿਚ ਖੇੜੇ ਦਾ ਰਾਜ਼ ਉਨ੍ਹਾਂ ਨੂੰ ਮਨੁੱਖੀ- ਆਤਮਾ ਵਿਚੋਂ ਖੇੜੇ ਨੂੰ ਲੱਭਣ ਦੀ ਜਗਿਆਸਾ ਭਰ ਦਿੰਦਾ ਸੀ। ਇਸੇ ਕਰਕੇ ਪ੍ਰਕ੍ਰਿਤੀ ਉਨ੍ਹਾਂ ਨੂੰ 'ਖੇੜੇ' ਦਾ ਸੁਨੇਹਾ ਵੰਡਦੀ ਵਿਖਾਈ ਦਿੰਦੀ ਸੀ:

ਰੁੱਤ ਉਦਾਸੀ ਦੇ ਵਿਚ ਖਿੜ ਕੇ ਪਦਮ ਕੂਕ ਪਏ ਕਹਿੰਦੇ:-
'ਸਦਾ- ਬਹਾਰ' ਉਨ੍ਹਾਂ ਤੇ ਜਿਹੜੇ ਹੋ ਦਿਲਗੀਰ ਨ ਬਹਿੰਦੇ

ਖੇੜਾ ਭਰਿਆ ਹਰ ਰੁੱਤੇ ਹੈ, ਹਰ ਹਾਲੇ ਹਰ ਜਾਈ,
ਖਿੜਨਾ ਫੜਿਆ ਜਿਸ ਨਾ ਇਸ ਦਾ ਰਮਜ਼ ਓਸ ਨੇ ਪਾਈ।[15]

---

12. 'ਟੁਕੜੀ ਜਗ ਤੋਂ ਨਿਆਰੀ', ਮਟਕ ਹੁਲਾਰੇ, ਪੰਨਾ 74

13. " There are two books from whence I collect my Divinity, besides that written of God, another of his servant Nature that Universal and publick manuscript that lies expans'd unto the eyes of all, those that never saw him in the one, have discovered him in the other." (Sir Thomas Browne, Religio Medici, 1,Xvi)

14. ਡਾ. ਬਲਬੀਰ ਸਿੰਘ, ਕਲਮ ਦੀ ਕਰਾਮਾਤ, ਪੰਨਾ 202

15. ਕਸੌਲੀ ਪਹਾੜ ਤੇ ਪਦਮ ਬ੍ਰਿਛ ਦੀ ਬਹਾਰ, ਬਿਜਲੀਆਂ ਦੇ ਹਾਰ, ਪੰਨਾ 87

ਇਸੇ ਤਰ੍ਹਾਂ 'ਜੀਵਨ ਕੀ ਹੈ?' ਵਿਚ ਫੁੱਲ ਦੇ ਕੇਵਲ ਫੁੱਲ ਅਰੂਪ ਅਵਸਥਾ ਤੋਂ ਲੈ ਕੇ ਪੂਰੀ ਤਰ੍ਹਾਂ ਖਿੜਨ ਤਕ ਦੀ ਹਾਲਤ ਰਾਹੀਂ ਜੀਵਨ ਦਾ ਅਸਲੀ ਮਨੋਰਥ ਭਾਵ ਨਿਰੰਤਰ ਅੰਤਰ- ਅਨੰਦ ਦੇ ਮਰਮ ਨੂੰ ਸਾਕਾਰ ਕਰ ਜਾਂਦੇ ਹਨ।[16]

ਪ੍ਰਕ੍ਰਿਤੀ- ਪ੍ਰੇਮ :

ਭਾਈ ਸਾਹਿਬ ਦਾ ਪ੍ਰਕ੍ਰਿਤੀ ਲਈ ਪਿਆਰ ਜਮਾਂਦਰੂ ਸੀ। ਅਸਲ ਵਿਚ ਪ੍ਰਕ੍ਰਿਤੀ ਜਿੱਥੇ ਦਾਰਸ਼ਨਿਕ ਤੇ ਅਧਿਆਤਮਿਕ ਰਹੱਸ ਨੂੰ ਸਪਸ਼ਟ ਕਰਦੀ ਹੈ, ਉਥੇ ਪ੍ਰਕ੍ਰਿਤੀ ਦੀ ਸੁੰਦਰਤਾ ਆਪਣੇ ਆਪ ਹੀ ਸ਼ਾਂਤ ਤੇ ਇਕਾਂਤ ਵਾਯੂ-ਮੰਡਲ ਪੈਦਾ ਕਰਕੇ ਮਾਨਵ ਨੂੰ ਕੀਲ ਕੇ ਆਤਮਿਕ ਤੌਰ ਤੇ ਉਤੇਜਿਤ ਕਰਨ ਦੀ ਸ਼ਕਤੀ ਰੱਖਦੀ ਹੈ। ਇਸੇ ਲਈ ਹਰੇਕ ਕੋਮਲ ਭਾਵੀ ਅਤੇ ਸੂਖਮ ਬ੍ਰਿਤੀ ਵਾਲਾ ਮਨੁੱਖ ਪ੍ਰਕ੍ਰਿਤੀ ਵੱਲ ਆਪੇ ਖਿੱਚਿਆ ਜਾਂਦਾ ਹੈ। ਭਾਈ ਸਾਹਿਬ ਦੇ ਮੁੱਢਲੇ ਸਦਿਆਚਾਰ-ਸ਼ੀਲ, ਸੁਹਿਰਦ ਅਤੇ ਰਸਿਕ ਘਰੋਗੀ ਵਾਯੂਮੰਡਲ ਨੇ ਸ਼ੁਰੂ ਤੋਂ ਹੀ ਉਨ੍ਹਾਂ ਦੀਆਂ ਸੂਖਮ ਬ੍ਰਿਤੀਆਂ ਨੂੰ ਟੁੰਬ ਕੇ ਪ੍ਰਕ੍ਰਿਤੀ- ਪ੍ਰੇਮ ਲਈ ਜਗਾ ਦਿੱਤਾ ਸੀ। ਬਚਪਨ ਤੋਂ ਹੀ ਉਨ੍ਹਾਂ ਦੀ ਰਹਣ ਸਹਣ ਵਿਚ ਪ੍ਰਕ੍ਰਿਤੀ ਪ੍ਰਤੀ ਅਥਾਹ ਪ੍ਰੇਮ ਸੀ। ਵਡੇ ਹੋ ਕੇ ਵੀ ਜਿੱਥੇ ਜਿੱਥੇ ਉਹ ਰਹੇ ਸਨ, ਉਨ੍ਹਾਂ ਨੇ ਪ੍ਰਕ੍ਰਿਤੀ ਦੇ ਸਾਥ ਨੂੰ ਨਿਕਟ ਵਿਚ ਮਾਣਨ ਲਈ ਆਪਣੇ ਨਿਵਾਸ ਅਸਥਾਨਾਂ ਨੂੰ ਕੁਦਰਤ ਦੀਆਂ ਰੰਗੀਨੀਆਂ ਨਾਲ ਸ਼ਿੰਗਾਰ ਕੇ ਰੱਖਿਆ ਸੀ। ਇਸ ਦੇ ਨਾਲ ਹੀ ਆਰਥਿਕ ਵਸੀਲੇ ਸੰਤੋਖ ਜਨਕ ਹੋਣ ਕਰਕੇ ਪ੍ਰਕ੍ਰਿਤੀ ਦੀ ਸੁੰਦਰਤਾ ਨੂੰ ਭਰਪੂਰ ਰੂਪ ਵਿਚ ਮਾਣਨ ਲਈ ਅਤੇ ਸਾਹਿਤਿਕ ਚੇਸ਼ਟਾ ਨੂੰ ਸੰਤੁਸ਼ਟ ਕਰਨ ਲਈ ਉਹ ਕਸ਼ਮੀਰ, ਨੈਨੀਤਾਲ, ਕਸੌਲੀ, ਸ਼ਿਮਲੇ, ਮਸੂਰੀ ਆਦਿ ਪਹਾੜਾਂ ਤੇ ਆਮ ਜਾਂਦੇ ਸਨ। ਇਸ ਕਾਰਨ ਉਨ੍ਹਾਂ ਨੂੰ ਪ੍ਰਕ੍ਰਿਤੀ ਦੇ ਤਨ ਮਨ ਦਾ ਸਹਜ ਗਿਆਨ ਸੀ ਅਤੇ ਪ੍ਰਕ੍ਰਿਤੀ ਦੀ ਧੜਕਣ ਨੂੰ ਉਹ ਚੰਗੀ ਤਰ੍ਹਾਂ ਅਨੁਭਵ ਕਰ ਸਕਦੇ ਸਨ। ਉਹ ਸਮਝਦੇ ਸਨ ਕਿ ਪ੍ਰਕ੍ਰਿਤੀ ਅਤੇ ਮਾਨਵ ਦਾ ਸੰਪਰਕ ਇਕ ਖੁਸ਼ੀ ਦਾ ਅਨੁਭਵ ਪੈਦਾ ਕਰਦਾ ਹੈ, ਜੋ ਜੀਵਨ ਵਿਚ ਕੋਮਲਤਾ ਲਿਆਉਣ ਲਈ ਬੜਾ ਲਾਭਦਾਇਕ ਹੈ।

ਜਦੋਂ ਭਾਈ ਸਾਹਿਬ ਦਾ ਪ੍ਰਕ੍ਰਿਤੀ ਨਾਲ ਇਤਨਾ ਪਿਆਰ ਸੀ, ਇਸ ਦਾ ਭਰਪੂਰ ਚਿੱਤ੍ਰਨ ਉਨ੍ਹਾਂ ਦੇ ਕਾਵਿ ਵਿਚ ਹੋਣਾ ਸੁਭਾਵਿਕ ਹੈ। ਭਾਈ ਸਾਹਿਬ 19ਵੀਂ ਸ਼ਤਾਬਦੀ ਵਿਚ ਪੰਜਾਬੀ ਕਵਿਤਾ ਵਿਚ ਆ ਰਹੇ ਰਵਾਇਤੀ ਢੰਗ ਦੇ ਪ੍ਰਕ੍ਰਿਤੀ ਚਿੱਤ੍ਰਨ ਵਿਚ ਮੋੜ ਲਿਆਉਣ ਲਈ ਉਰਦੂ ਕਵਿਤਾ ਦੀ 'ਨੈਚਰਲ ਸ਼ਾਇਰੀ' ਦੀ ਪਿਰਤ ਵਲ ਰੁਚਿਤ ਹੋਏ ਜੋ ਪੱਛਮੀ ਰੋਮਾਂਸਵਾਦੀ ਕਵੀਆਂ ਵਰਡਜ਼ਵਰਥ, ਕਾਲਰਿਜ, ਸ਼ੈਲੇ, ਕੀਟਸ ਆਦਿਕ ਦੇ ਪ੍ਰਭਾਵ ਹੇਠਾਂ ਵਿਕਸਿਤ ਹੋਈ ਸੀ। ਉਨ੍ਹੀਵੀਂ ਸ਼ਤਾਬਦੀ ਦੇ ਮੁੱਢ ਵਿਚ ਰੋਮਾਂਟਿਕ ਕਵੀਆਂ ਵਿਚੋਂ ਵਰਡਜ਼ਵਰਥ ਨੇ ਭਟਕ ਰਹੇ ਮਾਨਵ ਲਈ ਪ੍ਰਕ੍ਰਿਤੀ ਵਿਚੋਂ ਹੀ 'ਖੇੜੇ' ਦੇ ਸਿੱਧਾਂਤ ਨੂੰ ਲੱਭਿਆ ਜੋ ਹਰ ਮਾਯੂਸੀ ਤੇ ਹਰ ਹਾਰ ਵਿਚ ਮਨੁੱਖ ਦੀ ਸਹਾਇਤਾ ਕਰ ਸਕਦਾ ਹੈ।[17] ਵਰਡਜ਼ਵਰਥ ਨੂੰ ਪ੍ਰਕ੍ਰਿਤੀ ਵਿਚੋਂ

---

16. ਆਪਣੇ ਖੇੜੇ ਖਿੜ ਕੇ ਸਰਵਰ ਖੇੜਾ ਉਸ ਨੂੰ ਲਾਇਆ,
ਮੁੱੜਾ ਖੇੜਾ ਉਹਦਾ ਜਗਾਇਆ ਖੇੜੇ ਰੰਗ ਜਮਾਇਆ। (ਜੀਵਨ ਕੀ ਹੈ, ਲਹਿਰਾਂ ਦੇ ਹਾਰ, ਪੰਨਾ 64)

17. " The whole effort and the whole success of Wordsworth's poetry during what I call his supreme decade is to bring to man

(ਚਲਦਾ)

ਇਸ ਪ੍ਰਕਾਸ਼ ਦਾ ਗਿਆਨ ਬੜੀ ਮਾਨਸਿਕ ਭਟਕਣਾ ਤੋਂ ਬਾਅਦ ਪ੍ਰਾਪਤ ਹੋਇਆ ਸੀ। 1792 ਈ. ਵਿਚ ਵਰਡਜ਼ਵਰਥ ਦਾ ਫ਼ਰਾਂਸੀਸੀ ਇਨਕਲਾਬ ਵਿਚ ਅਥਾਹ ਵਿਸ਼ਵਾਸ਼ ਸੀ, ਪਰ ਇਸ ਦਾ ਪ੍ਰਤਿਕਰਮ ਇੰਗਲੈਂਡ ਤੇ ਕੋਈ ਸਾਰਥਕ ਰੂਪ ਵਿਚ ਨਾ ਪਇਆ। 1795 ਈ. ਵਿਚ ਉਸ ਦਾ ਗਾਡਵਿਨ ਦੀ ਵਿਅਕਤੀਵਾਦੀ ਵਿਚਾਰਧਾਰਾ ਵਿਚ ਵਿਸ਼ਵਾਸ਼ ਬੱਝਿਆ, ਜਿਸ ਦੇ ਅਨੁਸਾਰ ਹਰੇਕ ਸਰਕਾਰ ਅਤੇ ਸ਼ਾਸਨ ਵਿਅਕਤੀ ਦੇ ਪੂਰਨ ਵਿਕਾਸ ਵਿਚ ਇਕ ਰੁਕਾਵਟ ਸਨ।[18] ਫਿਰ ਵਰਡਜ਼ਵਰਥ ਨੇ ਰੂਸੋ ਦੇ ਦੋ ਵਿਸ਼ਵਾਸ਼ਾਂ: 'ਮਨੁੱਖ ਦੀ ਮਨੁੱਖ ਦੇ ਤੌਰ ਤੇ ਕਦਰ ਅਤੇ ਸ਼ਾਨ ਨੂੰ ਸਮਝਣਾ' ਅਤੇ 'ਪ੍ਰਕ੍ਰਿਤੀ ਦੇ ਨਜ਼ਾਰਿਆਂ ਦਾ ਮਨੁੱਖੀ ਲੋੜਾਂ ਦੀ ਪੂਰਤੀ ਵਿਚ ਸਹਾਇਕ ਹੋਣਾ' ਨੇ ਟੁੰਬਿਆ।[19] ਅਜੇਹੀ ਹਾਲਤ ਵਿਚ ਵਰਡਜ਼ਵਰਥ ਨੇ ਸਭ ਪਾਸੇ ਤੋਂ ਮਾਯੂਸ ਹੋ ਕੇ ਮਾਨਵ ਵਿਚ ਵਿਸ਼ਵਾਸ਼ ਖੇਤੀ ਦੇ ਸਿੱਧਾਂਤ ਰਾਹੀਂ ਸਥਾਪਤ ਕੀਤਾ ਅਤੇ ਪ੍ਰਕ੍ਰਿਤੀ ਨੂੰ ਮਾਨਵ ਦੇ ਵਿਸ਼ਵਾਸ਼, ਵਿਕਾਸ ਅਤੇ ਸਵਤੰਤ੍ਰਤਾ ਲਈ ਸਭ ਕੁਝ ਸਮਝਦਿਆਂ ਪ੍ਰਕ੍ਰਿਤੀ ਕਾਵਿ ਦੀ ਨਵੀਂ ਪਰੰਪਰਾ ਵਿਚ ਕੁਦਰਤੀ ਦ੍ਰਿਸ਼ਾਂ ਨਾਲ ਸੰਬੰਧਿਤ ਮਨੁੱਖੀ ਯਾਦਾਂ, ਪ੍ਰਕ੍ਰਿਤੀ ਦਾ ਇੰਦ੍ਰਿਆਵੀ ਬਿਆਨ, ਪ੍ਰਕ੍ਰਿਤਕ ਨਜ਼ਾਰਿਆਂ ਵਿਚੋਂ ਉਪਦੇਸ਼ ਦੀ ਭਾਲ, ਉਨ੍ਹਾਂ ਨਾਲ ਮਨੁੱਖੀ ਉਦਗਾਰਾਂ ਦੀ ਇਕ-ਰੂਪਤਾ, ਪ੍ਰਕ੍ਰਿਤੀ ਨੂੰ ਸਵੈ-ਪ੍ਰਗਟਾਵੇ ਦਾ ਉਹਲਾ ਬਣਾਉਣਾ ਅਤੇ ਪ੍ਰਕ੍ਰਿਤੀ ਵਿਚੋਂ ਕਿਸੇ ਅਦੁੱਤੀ ਪ੍ਰਭੁਤਾ ਦੇ ਦਰਸ਼ਨਾਂ ਦੀ ਪਰੰਪਰਾ ਨੂੰ ਸ਼ੁਰੂ ਕੀਤਾ। ਭਾਈ ਸਾਹਿਬ ਨੇ ਪ੍ਰਕ੍ਰਿਤੀ ਚਿੱਤ੍ਰਨ ਦੇ ਇਨ੍ਹਾਂ ਨਵੇਂ ਪ੍ਰਯੋਗਾਂ ਨੂੰ ਪੰਜਾਬੀ ਕਾਵਿ ਵਿਚ ਨਵੀਨਤਾ ਲਿਆਉਣ ਲਈ ਅਪਣਾਇਆ। ਬਾਕੀ ਪ੍ਰਕ੍ਰਿਤੀ ਦਾ ਪ੍ਰੇਮ, ਪ੍ਰਕ੍ਰਿਤੀ ਵਿਚੋਂ ਰੱਬੀ ਪ੍ਰਕਾਸ਼ ਦੇ ਜਲਵੇ ਅਤੇ ਸਿੱਧਾਂਤ ਦੇ ਪ੍ਰਤਿਪਾਦਨ ਦੀ ਰੁਚੀ ਭਾਈ ਸਾਹਿਬ ਲਈ ਕੋਈ ਨਵੀਂ ਚੀਜ਼ ਨਹੀਂ ਸੀ, ਇਹ ਉਨ੍ਹਾਂ ਦੇ ਜੀਵਨ ਤੇ ਵਿਸ਼ਵਾਸ਼ਾਂ ਵਿਚ ਰਚੀ ਹੋਈ ਸੀ। ਪੱਛਮੀ ਪਰੰਪਰਾ ਤੋਂ ਉਨ੍ਹਾਂ ਸਿਰਫ਼ ਪ੍ਰਕ੍ਰਿਤੀ ਕਾਵਿ ਦੀਆਂ ਨਵੀਆਂ ਵਿਧੀਆਂ ਨੂੰ ਹੀ ਅਪਣਾਇਆ ਸੀ। ਬਾਕੀ ਇਕ ਗੱਲੋਂ ਭਾਈ ਸਾਹਿਬ ਦਾ ਵਰਡਜ਼ਵਰਥ ਨਾਲੋਂ ਅੰਤਰ ਵੀ ਹੈ ਕਿ ਵਰਡਜ਼ਵਰਥ ਜਿੱਥੇ ਨਿਰੋਲ ਪ੍ਰਕ੍ਰਿਤੀ ਦਾ ਕਵੀ ਬਣ ਗਇਆ ਸੀ, ਭਾਈ ਸਾਹਿਬ ਨੇ ਮੁੱਖ ਸਥਾਨ ਮਾਨਵ ਜੀਵਨ ਨੂੰ ਹੀ ਦਿੱਤਾ ਹੈ ਅਤੇ ਪ੍ਰਕ੍ਰਿਤੀ ਉਸ ਦੀ ਵਿਆਖਿਆ ਵਿਚ ਕੇਵਲ ਸਹਾਇਕ ਬਣ ਕੇ ਹੀ ਆਈ ਹੈ।

**ਪ੍ਰਕ੍ਰਿਤੀ-ਚਿੱਤ੍ਰਨ ਦਾ ਸਥਾਨ :**

ਭਾਈ ਸਾਹਿਬ ਨੇ ਆਪਣੀ ਕਵਿਤਾ ਦੇ ਪ੍ਰਕ੍ਰਿਤੀ-ਚਿੱਤ੍ਰਨ ਵਿਚ ਪ੍ਰਾਚੀਨ ਪਰੰਪਰਾ ਅਤੇ ਆਦਰਸ਼ਾਂ ਨੂੰ ਸਵੀਕਾਰ ਕਰਦਿਆਂ ਪ੍ਰਕ੍ਰਿਤੀ ਦੀ ਸੰਪੂਰਣ ਯੋਜਨਾ ਦੇ ਮਾਧਿਅਮ ਰਾਹੀਂ ਨਵੀਆਂ ਪਰਿਸਥਿਤੀਆਂ ਭਾਵਨਾਵਾਂ ਅਤੇ ਆਦਰਸ਼ਾਂ ਨੂੰ ਨਵੇਂ ਰੰਗ ਵਿਚ ਵਿਅੰਜਿਤ ਕਰਨ ਦਾ ਯਤਨ ਕੀਤਾ ਹੈ।

---

dis-illusioned by the revolutionary idea, the secret of 'a principle of joy' in the universe, a faith that fails not in all sorrow, a victory that lives in the very heart of defeat."
( H.W. Garrod, Wordsworth, Oxford, Second Edition, P. 48 )

18. " An individualism to which any government was necessarily, the anti-thesis of the good, any organised expression of the general will merely an obstacle to the perfectibility of the individua
( Ibid, P. 41 )

19. " Rousseau drove two convictions home in the generation
contd.

ਭਾਈ ਸਾਹਿਬ ਦੀ ਕਾਵਿ ਰਚਨਾ ਦੇ ਮੁੱਢ ਵਿਚ 'ਰਾਣਾ ਸੂਰਤ ਸਿੰਘ' ਵਿਚ ਹੀ ਪ੍ਰਕ੍ਰਿਤੀ ਦੇਸ਼-ਕਾਲ ਦੀ ਕਥਾਗਤ ਪਰਿਸਥਿਤੀਆਂ ਨੂੰ ਪ੍ਰਗਟ ਕਰਨ ਲਈ ਅੰਕਿਤ ਹੈ ਅਤੇ ਵਰਣਨਾਤਮਿਕ ਰੂਪ ਵਿਚ ਵਸਤੂ-ਪਰਕ ਆਧਾਰ ਹੈ। ਇਸ ਵਿਚ ਅਨੇਕ ਥਾਂ ਤੇ ਪ੍ਰਕ੍ਰਿਤੀ-ਵਰਣਨ ਦੇ ਮਾਧਿਅਮ ਰਾਹੀਂ ਕਥਾ ਦੀਆਂ ਘਟਨਾਵਾਂ ਅਤੇ ਪਾਤਰਾਂ ਦੇ ਮਨੋਭਾਵਾਂ ਨੂੰ ਵਿਅੰਜਤ ਕੀਤਾ ਗਇਆ ਹੈ।

'ਲਹਿਰਾਂ ਦੇ ਹਾਰ' ਦੇ ਪਹਲੇ ਭਾਗ 'ਤ੍ਰੇਲ ਤੁਪਕੇ' ਦੀਆਂ ਤੁਰਿਯਾਈਆਂ ਵਿਚ ਪ੍ਰਕ੍ਰਿਤੀ ਚਿੱਤ੍ਰਨ ਵਧੇਰੇ ਅਲੰਕਾਰਿਕ ਤੇ ਸੰਕੇਤਕ ਰੂਪ ਵਿਚ ਹੀ ਆ ਸਕਦਾ ਸੀ, ਪਰ 'ਦਿਲ ਤਰੰਗ' ਭਾਗ ਵਿਚ 13 ਕਵਿਤਾਵਾਂ ਹਨ ਜੋ ਸਾਰੀਆਂ ਹੀ ਪ੍ਰਕ੍ਰਿਤੀ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚੋਂ 9 ਕਵਿਤਾਵਾਂ ('ਫਿੱਕਰ', 'ਫੁੱਲ ਗਲੇ ਤੋਂ ਉਤਾਰੇ ਜਾਣ ਵੇਲੇ', 'ਕਰਨੇ ਦੀ ਖੁਸ਼ਬੋ', 'ਕੇਲੋਂ ਦੇ ਗਲ ਲਗੀ ਵੇਲ', 'ਖੇੜਾ'; ਜਮਨਾ ਕਲਗੀਆਂ ਵਾਲੇ ਦੇ ਦੀਦਾਰ ਦੀ ਸਿੱਕ ਵਿਚ', 'ਨਰਗਸ', 'ਹਿਮਾਲਯ-ਗੰਗਾ-ਸਮੁੰਦਰ'; ਬਿਨਫ਼ਸ਼ਾਂ ਦੇ ਫੁੱਲ) ਵਿਚ ਫਿੱਕਰ, ਫੁੱਲ, ਖੁਸ਼ਬੂ, ਸੰਗਤਰੇ ਦੇ ਬੂਟੇ ਦੀਆਂ ਡਾਲੀਆਂ, ਜਮਨਾ ਨਦੀ, ਨਰਗਸ, ਗੰਗਾ, ਸਾਗਰ ਤੇ ਬਿਨਫ਼ਸ਼ਾਂ ਦੇ ਫੁੱਲ ਇਵੇਂ ਬੋਲਦੇ ਹਨ ਜਿਵੇਂ ਜੀਊਂਦੇ ਜਾਗਦੇ ਮਨੁੱਖ ਬੋਲਦੇ ਹਨ। ਇਸ ਭਾਗ ਦੀਆਂ ਬਾਕੀ ਚਾਰ ਕਵਿਤਾਵਾਂ ('ਕੋਇਲ ਦੇ ਬੱਚੇ ਕਾਂ ਦੇ ਆਲ੍ਹਣੇ', 'ਮੇਰੀਆਂ ਗੁਲਦਾਊਦੀਆਂ', 'ਚਾਨਣੀ', 'ਅਰਸ਼ੀ ਧਾਰਾਂ ਦੇ ਵਿਛੋੜੇ') ਵਿਚ ਕੁਦਰਤ ਆਪ ਨਹੀਂ ਬੋਲਦੀ, ਪਰ ਉਨ੍ਹਾਂ ਨੂੰ ਉਹਲਾ ਬਣਾ ਕੇ ਭਾਈ ਸਾਹਿਬ ਨੇ ਆਪਣੇ ਵਿਚਾਰਾਂ ਨੂੰ ਪ੍ਰਗਟ ਕੀਤਾ ਹੈ। 'ਜੀਵਨ ਕੀ ਹੈ?' ਵਿਚ ਵੀ ਭਾਈ ਸਾਹਿਬ ਝੀਲ ਤੇ ਕੰਵਲ ਫੁੱਲਾਂ ਦਾ ਸਹਾਰਾ ਲੈ ਕੇ ਆਪਣੇ ਖੇੜੇ ਦੇ ਸਿੱਧਾਂਤ ਨੂੰ ਸਪਸ਼ਟ ਕਰਦੇ ਹਨ। 'ਦਿਲ ਤਰੰਗ' ਤੋਂ ਬਾਅਦ ਤਿੰਨ ਲੰਮੇਰੀਆਂ ਕਵਿਤਾਵਾਂ 'ਬੁਲਬੁਲ ਤੇ ਰਾਹੀ', 'ਬਿਸਮਿਲ ਮੋਰ' ਅਤੇ 'ਫੁੰਡਿਆ ਤੋਤਾ' ਵਿਚ ਬੁਲਬੁਲ, ਮੋਰ ਤੇ ਤੋਤਾ ਮਨੁੱਖਾਂ ਵਾਂਗੂੰ ਬੋਲਦੇ ਤੇ ਗੱਲਾਂ ਕਰਦੇ ਹਨ। ਅੰਤਲੀ ਕਵਿਤਾ 'ਗੋਦਾਵਰੀ ਗੀਤ' ਵਿਚ ਵੀ ਗੋਦਾਵਰੀ ਬੋਲਦੀ ਦੱਸੀ ਹੈ।

'ਮਟਕ ਹੁਲਾਰੇ' ਵਿਚ 'ਕਸ਼ਮੀਰ ਨਜ਼ਾਰੇ' ਭਾਗ ਦੀਆਂ ਸਾਰੀਆਂ ਕਵਿਤਾਵਾਂ ਹੀ ਪ੍ਰਕ੍ਰਿਤੀ ਨਾਲ ਸੰਬੰਧਿਤ ਹਨ। ਇਥੇ 'ਕਸ਼ਮੀਰ ਦੇ ਨਜ਼ਾਰਿਆਂ' ਦੇ ਪ੍ਰਕ੍ਰਿਤੀ-ਚਿੱਤ੍ਰਨ ਰਾਹੀਂ ਕਵਿਤਾ ਵਿਸ਼ੇਸ਼ ਰੂਪ ਵਿਚ ਚਮਕੀ ਹੈ। ਇਥੇ ਪ੍ਰਕ੍ਰਿਤੀ ਦੀ ਸੁੰਦਰਤਾ ਦੇ ਸਾਮ੍ਹਣੇ ਭਾਈ ਸਾਹਿਬ ਅਨੰਦ-ਅਨੁਭੂਤ ਹੋ ਕੇ ਭਾਵਾਤਮਿਕ ਮਨ-ਸਥਿਤੀ ਵਿਚ ਖੁਸ ਰਸ ਦੇ ਸਵਾਦ ਨੂੰ ਬਿਆਨ ਕਰਦੇ ਹਨ ਜੋ ਸੁੰਦਰਤਾ ਦੇ ਪ੍ਰਭਾਵ ਹੇਠ ਉਨ੍ਹਾਂ ਅੰਦਰ ਫੁਟ ਰਹੇ ਜਜ਼ਬਿਆਂ ਤੋਂ ਫਰਨ ਲਗਦਾ ਹੈ।

'ਬਿਜਲੀਆਂ ਦੇ ਹਾਰ' ਵਿਚ ਵੀ 14 ਕਵਿਤਾਵਾਂ ('ਮਹਿੰਦੀ ਦੇ ਬੂਟੇ ਕੋਲ', 'ਤ੍ਰੇਲ ਦਾ ਤੁਪਕਾ', 'ਗੁਲਦਾਊਦੀਆਂ ਨਹੀਂ ਆਈਆਂ', 'ਕਮਲ ਝੋਲੀ ਵਿਚ ਤ੍ਰੇਲ ਮੋਤੀ', 'ਚਲੋ ਚਲੀ ਦੀ ਸੱਦ', 'ਮੀਂਹ ਮੇਹਰ', 'ਭੰਬੀਰੀ'; ਫੁੱਲ; 'ਗੁਲਾਬ ਦਾ ਫੁੱਲ', 'ਅਟਕ'; ਮਰਦ ਦਾ ਕੁੱਤਾ', 'ਗੁਲਦਾਊਦੀਆਂ ਆਈਆਂ',

---

from which the Romantic poetry emerged; the worth and dignity of man as man and the power of natural scenery that responds to his needs."
(C.H. Herford, The Age of Wordsworth, P.P. XII-XVI)

'ਪਦਮ ਬ੍ਰਿਛ ਦੀ ਬਹਾਰ', 'ਰੰਗਾ ਰਾਮ') ਪ੍ਰਕ੍ਰਿਤੀ ਨਾਲ ਸੰਬੰਧ ਰਖਦੀਆਂ ਹਨ।

ਇਨ੍ਹਾਂ ਤੋਂ ਬਾਅਦ 'ਪ੍ਰੀਤ ਵੀਣਾ' ਦਾ ਸਾਰਾ ਪ੍ਰੀਤ ਨਾਟ ਹੀ ਪ੍ਰਕ੍ਰਿਤੀ ਦੇ ਵਿਰਾਟ ਮੰਚ ਤੇ ਪ੍ਰਸਾਰਿਆ ਗਇਆ ਹੈ। 'ਕੰਤ ਮਹੇਲੀ' ਦੇ ਬਾਰਾਮਾਹ ਵਿਚ ਵੀ ਪ੍ਰਕ੍ਰਿਤੀ ਦਾ ਵਰਣਨ ਭਰਪੂਰ ਰੂਪ ਵਿਚ ਉਜਾਗਰ ਹੁੰਦਾ ਹੈ। 'ਮੇਰੇ ਸਾਂਈਆਂ ਜੀਉ' ਦੀਆਂ 27 ਕਵਿਤਾਵਾਂ ('ਜੀਉ ਆਇਆਂ ਨੂੰ', 'ਵਿਛਿਆ ਰਹੁ'; 'ਵਾਸ ਦੀ ਟੋਹੀ'; 'ਮਿਲ ਵੇਲਾ ਉ', 'ਜਾਂਦਾ ਆਪ ਹਾਂ ਉਨ੍ਹਾਂ ਦੇ ਦੁਆਰ', 'ਸਾਂਈਆਂ ਜੀ ਦੀ ਸਿਆਣ', 'ਨਿਕੀ ਗੋਦ ਵਿਚ', 'ਇਕੱਲ', 'ਤੁਰਦੀ ਸੰਝ ਸਵੇਰ', 'ਬਹਾਰ'; ਮੇਰਾ ਸੰਦੇਸ਼', 'ਸੈਨਤ'; ਹੰਸ ਫੇਰੀ', 'ਸੋਮੀਆਂ ਰਾਤਾਂ', 'ਦੁੱਖ ਅੰਦੇਹ ਗਏ ਸਭ ਭੁੱਲ', 'ਮਸ਼ੋਬਰਾ', 'ਮਸ਼ੋਬਰੇ ਦੀ ਸਿਆਲ- ਧੁੱਪ'; ਦਿਲ ਵਟਾਂਦਰਾ', 'ਮੇਰੇ ਰਪੇ ਲਗ ਰਹੇ ਹਨ', 'ਮੁੜ ਮੁੜ ਫੇਰੇ ਪਾਂਦੀਆਂ ਆਂ', 'ਤੇਰਾ ਆਸ਼ੀਆਨਾ', 'ਖਿੱਚ', 'ਤੜਫਨ'; ਅਰਦਾਸ 'ਸੁੰਦਰਤਾ ਤੋਂ ਸੁੰਦਰ ਵਿਚ', 'ਸਾਰਾ ਦਿਨ ਟਿਕੇ ਵਾਲੀ', 'ਫੇਰਾ ਪਾ ਜਾਣ ਦੀ ਪ੍ਰਭਾ') ਵਿਚ ਵੀ ਪ੍ਰਕ੍ਰਿਤੀ ਕਿਸੇ ਨ ਕਿਸੇ ਰੂਪ ਵਿਚ ਸਾਮ੍ਹਣੇ ਆਉਂਦੀ ਹੈ। ਇਸ ਤੋਂ ਛੁੱਟ ਭਾਈ ਸਾਹਿਬ ਦੀਆਂ 'ਖਾਲਸਾ ਸਮਾਚਾਰ' ਵਿਚ ਛਪੀਆਂ ਅਸੰਗ੍ਰਹਿਤ ਕਵਿਤਾਵਾਂ ਵਿਚ ਵੀ ਪ੍ਰਕ੍ਰਿਤੀ ਦੇ ਭਰਪੂਰ ਦਰਸ਼ਨ ਹੁੰਦੇ ਹਨ। ਇਹ ਵੇਰਵਾ ਸਪਸ਼ਟ ਕਰ ਦਿੰਦਾ ਹੈ ਕਿ ਪ੍ਰਕ੍ਰਿਤੀ ਚਿਤ੍ਰਨ ਭਾਈ ਸਾਹਿਬ ਦੇ ਕਾਵਿ ਦੀ ਇਕ ਪ੍ਰਮੁੱਖ ਵਿਸ਼ਿਸ਼ਟਤਾ ਹੈ।

**ਰੂਪ- ਵਿਸਥਾਰ-**

ਕਵੀ ਦੀ ਦ੍ਰਿਸ਼ਟੀ ਸਭ ਤੋਂ ਪਹਿਲਾਂ ਪ੍ਰਾਕ੍ਰਿਤਕ ਪਦਾਰਥਾਂ ਉਤੇ ਪੈਂਦੀ ਹੈ ਅਤੇ ਇਹ ਤਿੰਨ ਭਾਗਾਂ ਵਿਚ ਵੰਡੇ ਜਾ ਸਕਦੇ ਹਨ। ਪਹਿਲਾ ਪ੍ਰਿਥਵੀ ਦੇ ਸਥਿਰ ਤੇ ਅਸਥਿਰ ਪਦਾਰਥ ਹਨ, ਜਿਵੇਂ ਪਹਾੜ, ਮੈਦਾਨ, ਬਾਗ- ਬਗੀਚੇ, ਪੇੜ- ਪੌਦੇ ਆਦਿਕ ਦਾ ਆਕਾਰ ਪ੍ਰਕਾਰ; ਦੂਜੇ ਪ੍ਰਿਥਵੀ ਤੇ ਤਰਲ ਪਦਾਰਥ, ਜਿਵੇਂ ਸਾਗਰ, ਦਰਿਆ, ਝਰਨੇ, ਨਦੀਆਂ, ਨਾਲੇ, ਝੀਲਾਂ, ਚਸ਼ਮੇ ਆਦਿਕ ਅਤੇ ਤੀਜੇ ਆਕਾਸ਼ ਦੇ ਦ੍ਰਿਸ਼, ਜਿਵੇਂ ਆਕਾਸ਼, ਮੇਘ, ਤਾਰੇ, ਚੰਨ, ਸੂਰਜ, ਊਸ਼ਾ- ਸੰਝ ਆਦਿਕ। ਜਿਥੋਂ ਤਕ ਪ੍ਰਕ੍ਰਿਤੀ ਦੇ ਪਦਾ- ਅਰਥਾਂ ਦਾ ਸੰਬੰਧ ਹੈ, ਭਾਈ ਸਾਹਿਬ ਨੇ ਇਨ੍ਹਾਂ ਸਭ ਦੀ ਰੱਜ ਕੇ ਓਟ ਲਈ ਅਤੇ ਰੂਪ ਹਨ:

**ਪ੍ਰਿਥਵੀ ਦੇ ਸਥਿਰ ਤੇ ਅਸਥਿਰ ਪਦਾਰਥ :**

ਬਾਗ- ਰਾਣਾ ਸੂਰਤ ਸਿੰਘ ਦੀ ਸਮਾਧ ਦੇ ਇਰਦ ਗਿਰਦ ਦਾ ਬਾਗ਼[20], ਪਹਾੜ ਤੇ ਰਾਣਾ ਸੂਰਤ ਸਿੰਘ ਦਾ ਬਣਵਾਇਆ ਬਾਗ਼[21], ਨਸੀਮ ਬਾਗ਼[22], ਸ਼ਾਲਾਮਾਰ[23], ਨਿਸ਼ਾਤ ਬਾਗ਼[24], ਇਕ ਵੈਰਾਨ ਬਾਗ਼[25] ਆਦਿਕ।

ਫੁੱਲ- ਗੁਲਾਬ[26], ਗੁਲਦਾਉਦੀਆਂ[27], ਨਰਗਸ[28], ਕਮਲ[29], ਲਾਜਵੰਤੀ[30], ਬਨਫ਼ਸ਼ਾਂ[31] ਆਦਿਕ।

ਫਲ- ਅੰਗੂਰ[32], ਸੇਬ[33], ਨਾਸ਼ਪਾਤੀ[34] ਆਦਿਕ।

---

20. ਰਾਣਾ ਸੂਰਤ ਸਿੰਘ, ਪ੍ਰਕਰਣ 2, ਪੰਨਾ 6
21. ਉਹੀ, ਪ੍ਰਕਰਣ 9, ਪੰਨਾ 40
22. ਮਟਕ ਹੁਲਾਰੇ, ਪੰਨਾ 77
23. ਉਹੀ, ਪੰਨਾ 78
24. ਉਹੀ, ਪੰਨਾ 86
25. ਬਿਜਲੀਆਂ ਦੇ ਹਾਰ, ਪੰਨਾ 30
26. ਕੰਡੇ, ਮਟਕ ਹੁਲਾਰੇ, ਪੰਨਾ 59; ਗੁਲਾਬ ਦਾ ਫੁਲ, ਬਿਜਲੀਆਂ ਦੇ ਹਾਰ 39
27. ਮੇਰੀਆਂ ਗੁਲਦਾਉਦੀਆਂ ਦੀ ਵਿਦੈਗੀ, ਲਹਿਰਾਂ ਦੇ ਹਾਰ, ਪੰਨਾ 81; ਗੁਲਦਾਉਦੀਆਂ ਨਹੀਂ ਆਈਆਂ, ਬਿਜਲੀਆਂ ਦੇ ਹਾਰ, ਪੰਨਾ 14; ਗੁਲਦਾਉਦੀਆਂ ਆਈਆਂ, ਉਹੀ, ਪੰ. 57
28. ਨਰਗਸ, ਲਹਿਰਾਂ ਦੇ ਹਾਰ, ਪੰਨਾ 97
29. ਕਮਲ ਸੂਰਜ ਨੂੰ, ਖਾਲਸਾ ਸਮਾਚਾਰ, 21.11.1957, ਜਿਲਦ 59, ਨੰ: 3

(ਚਲਦਾ)

ਰੁੱਖ- ਚਿਨਾਰ[35], ਕਿੱਕਰ[36], ਪਦਮ[37], ਬ੍ਰਿਛ[38]

ਪੌਦੇ ਮਹਿੰਦੀ[39], ਕਰਨਾ[40], ਸੰਤਰਾ[41]

ਪਸ਼ੂ- ਕੁੱਤਾ[42], ਵੱਛਾ[43]

ਪੰਛੀ- ਕੂੰਜ[44], ਕੋਇਲ[45], ਬੁਲਬੁਲ[46], ਮੋਰ[47], ਤੋਤਾ[48], ਕਬੂਤਰ[49], ਹੰਸ[50], ਮੈਨਾ[51], ਤਿੱਤਰ[52]

ਜੰਤ- ਭੰਬੀਰੀ[53], ਕੀੜੀ[54]

ਪਹਾੜ- ਪਹਿਲਗਾਮ[55], ਗੁਲਮਰਗ[56], ਮਸ਼ੋਬਰਾ[57], ਕਸੌਲੀ[58], ਹਿਮਾਲਯ[59], ਮਸੂਰੀ[60]

**ਪ੍ਰਿਥਵੀ ਦੇ ਤਰਲ ਪਦਾਰਥ:**

ਦਰਿਆ- ਜਮਨਾ[61], ਗੰਗਾ[62], ਅਟਕ[63], ਗੋਦਾਵਰੀ[64]

ਚਸ਼ਮੇ- ਚਸ਼ਮਾ ਸ਼ਾਹੀ[65], ਅਨੰਤ ਨਾਗ[66], ਦੀਪਕ ਦਾ ਚਸ਼ਮਾ[67], ਇਛਾਬਲ[68], ਕੁਕੜ ਨਾਗ[69], ਮਟਨ ਸਾਹਿਬ[70]

ਝੀਲਾਂ- ਡੱਲ[71], ਵੈਰੀ ਨਾਗ[72], ਵੂਲਰ[73]

ਨਦੀਆਂ- ਲਿੱਪਕ ਨੈਂ[74], ਨਦੀ[75]

ਛੰਭ- ਹਾਰਵਨ[76], ਛੰਭ[77]

ਸਮੁੰਦਰ- ਸਾਗਰ[78]

**ਆਕਾਸ਼ ਦੇ ਚਿਤ੍ਰ:**

**ਸੂਰਜ, ਚੰਦ** ਸੂਰਜ[79], ਚੰਦ[80], ਤਾਰੇ[81], ਬੱਦਲ[82], ਬਿਜਲੀ[83], ਮੀਂਹ[84], ਪਵਨ[85], ਹਨੇਰੀ-ਝੱਖੜ[86], ਚਾਂਦਨੀ[87], ਕਿਰਨਾਂ[88], ਊਸ਼ਾ[89], ਸੰਝ[90], ਰਾਤ[91] ਆਦਿ

---

30. ਲਾਜਵੰਤੀ, ਉਹੀ ਖਾਲਸਾ ਸਮਾਚਾਰ, 2-4-1936, ਜਿਲਦ 37, ਅੰਕ 21
31. ਬਿਨਫ਼ਸ਼ਾਂ ਦਾ ਫੁੱਲ, ਲਹਿਰਾਂ ਦੇ ਹਾਰ, 124
32. ਬਦੀ, ਲਹਿਰਾਂ ਦੇ ਹਾਰ, ਪੰਨਾ- 13
    ਡਾਖਾਂ ਤੇ ਦਾਰੂ, ਖਾਲਸਾ ਸਮਾਚਾਰ, 17.3.60, ਜਿਲਦ 61, ਅੰਕ ਨੰ: 18
33. ਕਸ਼ਮੀਰ ਤੇ ਸੁੰਦਰਤਾ, ਮਟਕ ਹੁਲਾਰੇ, ਪੰਨਾ 121
34. ਉਹੀ
35. ਰੋਜ ਕਿਹਾੜੇ ਦੇ ਬੁੱਢੇ ਚਿਨਾਰ, ਮਟਕ ਹੁਲਾਰੇ, ਪੰਨਾ 87
    [illegible] ਦੇ ਚਿਨਾਰ ਤੇ ਨੂਰ ਜਹਾਂ, ਉਹੀ, ਪੰਨਾ 94
36. ਕਿੱਕਰ, ਲਹਿਰਾਂ ਦੇ ਹਾਰ, ਪੰਨਾ 69
37. ਪਦਮ ਬ੍ਰਿਛ- 'ਬਿਜਲੀਆਂ ਦੇ ਹਾਰ, ਪੰਨਾ 82
38. ਬ੍ਰਿਛ, ਲਹਿਰਾਂ ਦੇ ਹਾਰ, ਪੰਨਾ 25
39. ਮਹਿੰਦੀ, ਮਟਕ ਹੁਲਾਰੇ, 43
    ਮਹਿੰਦੀ ਦੇ ਬੂਟੇ ਕੋਲ, ਬਿਜਲੀਆਂ ਦੇ ਹਾਰ, 6
40. ਕਰਨੇ ਦੀ ਖੁਸ਼ਬੋ, ਲਹਿਰਾਂ ਦੇ ਹਾਰ, ਪੰਨਾ 76
41. ਬੇੜਾ, ਲਹਿਰਾਂ ਦੇ ਹਾਰ, ਪੰਨਾ 84
42. ਮਰਦ ਦਾ ਕੁੱਤਾ, ਬਿਜਲੀਆਂ ਦੇ ਹਾਰ, 50

(ਚਲਦਾ)

ਆਮ ਤੌਰ ਤੇ ਵੇਖਿਆ ਜਾਂਦਾ ਹੈ ਕਿ ਸਾਰੇ ਪ੍ਰਾਕ੍ਰਿਤਕ ਪਦਾਰਥਾਂ ਦਾ ਵਰਣਨ ਇਕ ਹੀ ਕਵੀ ਦੀ

---

43. ਵਧ ਪਿਆਰ ਵਿਚ ਪ੍ਰੀਤਮ,ਮਟਕ ਹੁਲਾਰੇ,42
44. ਵਿਛੜੀ ਕੂੰਜ,ਮਟਕ ਹੁਲਾਰੇ,32
45. ਕੋਇਲ ਦੇ ਬੋਲ... ਲਹਿਰਾਂ ਦੇ ਹਾਰ,71
46. ਕੋਇਲ ਤੇ ਬੁਲਬੁਲ ਦੇ ਰਾਹੀ,ਉਹੀ,ਪੰ:129
47. ਬਿਸਮਿਲ ਮੋਰ,ਉਹੀ,175
48. ਭੁੱਜਿਆ ਤੋਤਾ,ਉਹੀ,189 }
ਰੰਗਾ ਰਾਮ,ਬਿਜਲੀਆਂ ਦੇ ਹਾਰ }
49. ਮੇਰਾ ਸੰਦੇਸ਼,ਮੇਰੇ ਸਾਂਈਆਂ ਜੀਉ,25
50. ਹੰਸ,ਉਹੀ,ਪੰਨਾ 29
ਹੰਸ,ਖਾਲਸਾ ਸਮਾਚਾਰ,11-3-1959
ਜਿਲਦ 60,ਨੰ:28
51. ਮੈਨਾ,ਉਹੀ,21.3.1960,
ਜਿਲਦ 61,ਨੰ:17
52. ਤਿੱਤਰ,ਉਹੀ, 5-11-1959,
ਜਿਲਦ 60,ਅੰਕ ਨੰ:48
53. ਭੰਬੀਰੀ,ਬਿਜਲੀਆਂ ਦੇ ਹਾਰ,ਪੰ:36
54. ਉਹੀ
55. ਪਹਿਲਗਾਮ,ਮਟਕ ਹੁਲਾਰੇ,109
56. ਗੁਲਮਰਗ,ਉਹੀ,ਪੰ:112
57. ਮਸ਼ੋਬਰਾ,ਮੇਰੇ ਸਾਂਈਆਂ ਜੀਉ,ਪੰ:35
58. ਕਸੌਲੀ ਪਹਾੜ... ਬਿਜਲੀਆਂ ਦੇ ਹਾਰ,82
59. { ਹਿਮਾਲਯ- ਗੰਗਾ- ਸਮੁੰਦਰ, ਲਹਿਰਾਂ ਦੇ ਹਾਰ,102
{ ਹਿਮਾਲਯ- ਖਾਲਸਾ ਸਮਾਚਾਰ,28-12-1961,
{ ਜਿਲਦ 63,ਅੰਕ ਨੰ: 6
60. ਮਸੂਰੀ ਨੂੰ,ਉਹੀ,23.2.1967,ਜਿਲਦ 68,
ਅੰਕ ਨੰ:13
61. ਜਮਨਾ ਕਲਪੀਆਂ ਵਾਲੇ... ਲਹਿਰਾਂ ਦੇ ਹਾਰ,89
62. ਹਿਮਾਲਯ- ਗੰਗਾ ਸਮੁੰਦਰ,ਉਹੀ,102
63. ਅਟਕ,ਬਿਜਲੀਆਂ ਦੇ ਹਾਰ,44
64. ਫੁਲਵਾੜੀ ਦਾ ਗੀਤ,ਲਹਿਰਾਂ ਦੇ ਹਾਰ,195
65. ਚਸ਼ਮਾ ਸ਼ਾਹੀ,ਮਟਕ ਹੁਲਾਰੇ,82
66. ਚਸ਼ਮਾ ਅਨੰਤ ਨਾਗ,ਉਹੀ,88
67. ਗੰਧਕ ਦਾ ਚਸ਼ਮਾ,ਉਹੀ,89
68. ਇਛਾਬਲ,ਮਟਕ ਹੁਲਾਰੇ,91
ਚਸ਼ਮਾ ਇਛਾਬਲ ਤੇ ਕੂੰਜੀਆਂ ਸ਼ਾਮਾਂ,ਉਹੀ,95
ਇਛਾਬਲ ਦਾ ਨਾਦ,ਉਹੀ,90
69. ਕੁੱਕੜ ਨਾਗ,ਮਟਕ ਹੁਲਾਰੇ,ਪੰਨਾ 97
70. ਮਟਨ ਸਾਹਿਬ,ਉਹੀ,104
71. ਸ਼ਿਕਾਰਾ ਡੱਲ ਨੂੰ ਝੀਲ,ਉਹੀ,60
ਡਲ,ਉਹੀ 75
72. ਵੈਰੀ ਨਾਗ ਦਾ ਪਹਿਲਾ ਝਲਕਾ,ਉਹੀ,98
ਵੈਰੀ ਨਾਗ,ਉਹੀ,100
73. ਵੁੱਲਰ,ਉਹੀ,120
74. ਸਿੰਧਕ ਨੈਂ ,ਉਹੀ, 107
75. ਰਾਣਾ ਸੂਰਤ ਸਿੰਘ,ਪੰ:141
76. ਛੇੜ ਹਾਰਵਨ,ਮਟਕ ਹੁਲਾਰੇ,ਪੰ:83
77. ਜੀਵਨ ਕੀ ਹੈ? ਲਹਿਰਾਂ ਦੇ ਹਾਰ,43
78. { ਪ੍ਰੇਮ ਤਰੰਗੀ,ਮਟਕ ਹੁਲਾਰੇ,41
{ ਅਰਦਾਸ,ਮੇਰੇ ਸਾਂਈਆਂ ਜੀਉ,56
79. ਰਾਣਾ ਸੂਰਤ ਸਿੰਘ,ਪ੍ਰਕਰਣ 9,ਪੰਨਾ 142
ਪ੍ਰਕਰਣ,5,ਪੰਨਾ 22,ਪ੍ਰਕਰਣ 18,ਪੰ:90
80. ਰਾਣਾ ਸੂਰਤ ਸਿੰਘ,ਪ੍ਰਕਰਣ 19,ਪੰ:100
81. ਉਹੀ,ਪ੍ਰਕਰਣ 24,ਪੰਨਾ 147
82. { ਉਹੀ,ਪ੍ਰਕਰਣ 2,ਪੰਨਾ 5
{ ਡੇ ਵਿਚ, ਲਹਿਰਾਂ ਦੇ ਹਾਰ,ਪੰਨਾ 21
83. ਰਾਣਾ ਸੂਰਤ ਸਿੰਘ,182
84. ਉਹੀ,ਪ੍ਰਕਰਣ 29,ਪੰ:182
85. ਬਿਜਲੀਆਂ ਦੇ ਹਾਰ,ਚਲੋ ਚਲੀ ਦੀ ਸੱਦ,18
86. ਰਾਣਾ ਸੂਰਤ ਸਿੰਘ,ਪ੍ਰਕਰਣ 25,ਪੰ:158
87. ਚਾਂਦਨੀ,ਲਹਿਰਾਂ ਦੇ ਹਾਰ,ਪੰਨਾ 86
88. ਰਾਣਾ ਸੂਰਤ ਸਿੰਘ,ਪੰਨਾ 90,ਪ੍ਰਕਰਣ 18
89. ਉਹੀ,ਪ੍ਰਕਰਣ 11,ਪੰਨਾ 52
ਉਹੀ,ਪ੍ਰਕਰਣ 9,ਪੰਨਾ 42
90. ਤੁਰਦੀ ਸੰਝ ਸਵੇਰ,ਮੇਰੇ ਸਾਂਈਆਂ ਜੀਉ,21
ਪ੍ਰੀਤ ਵੀਣਾ, ਪੰ 3-4
91. ਰਾਣਾ ਸੂਰਤ ਸਿੰਘ ਪ੍ਰਕਰਣ 24,ਪੰ:148

ਲੇਖਣੀ ਵਿਚ ਸੰਭਵ ਨਹੀਂ। ਪਰ ਜਿਵੇਂ ਕਿ ਉਪਰੋਕਤ ਵਿਓਰੇ ਤੋਂ ਸਪਸ਼ਟ ਹੈ, ਭਾਈ ਸਾਹਿਬ ਨੇ ਪ੍ਰਕ੍ਰਿਤੀ ਦੇ ਬਹੁ- ਪੱਖੀ ਅੰਸ਼ਾਂ ਨੂੰ ਅਪਣਾਇਆ ਹੈ।

**<u>ਪ੍ਰਕ੍ਰਿਤੀ ਚਿੱਤ੍ਰਨ ਦੇ ਵਿਭਿੰਨ ਪ੍ਰਯੋਗ</u> –**

ਭਾਈ ਸਾਹਿਬ ਦੇ ਕਾਵਿ ਵਿਚ ਪ੍ਰਕ੍ਰਿਤੀ ਚਿੱਤ੍ਰਨ ਦੇ ਸਥਾਨ ਨੂੰ ਸਮਝ ਕੇ ਉਨ੍ਹਾਂ ਦੁਆਰਾ ਕੀਤੇ ਵਿਭਿੰਨ ਪ੍ਰਯੋਗਾਂ ਨੂੰ ਵੇਖਣਾ ਵੀ ਜ਼ਰੂਰੀ ਹੈ।

**<u>ਆਲੰਬਨ:</u>** ਪ੍ਰਕ੍ਰਿਤੀ ਦਾ ਉਪਯੋਗ ਆਲੰਬਨ ਰੂਪ ਵਿਚ ਹੁੰਦਾ ਆਇਆ ਹੈ ਕਿਉਂਕਿ ਇਸ ਦੁਆਰਾ ਭਾਵਾਂ ਦਾ ਉਦੇ ਹੁੰਦਾ ਹੈ। ਆਲੰਬਨ ਦਾ ਅਰਥ ਹੀ ਹੈ ਆਸਰਾ ਅਰਥਾਤ ਜਿਸ ਦੇ ਹਿਤ ਭਾਵ ਦੀ ਉਤਪਤੀ ਹੋਵੇ, ਉਹੀ ਆਲੰਬਨ ਕਹਿਆ ਜਾਂਦਾ ਹੈ। ਪ੍ਰਕ੍ਰਿਤੀ ਦੀ ਸੁੰਦਰਤਾ ਭਾਈ ਸਾਹਿਬ ਵਿਚ ਅਹਲਾਦ- ਭਾਵ ਪੈਦਾ ਕਰਦੀ ਹੈ। ਉਨ੍ਹਾਂ ਨੂੰ 'ਸ਼ਾਲਾਮਾਰ ਦੀ ਸੁੰਦਰਤਾ'[92], 'ਚਸ਼ਮਾ ਹਾਰਵਨ ਦੀ ਬਲੌਰੀ ਝਲਕ'[93], 'ਛਣਛਣਉਂਦੇ ਕੁਕੜ ਨਾਗ'[94] ਦੀ ਚਮਕਦੇ ਨੀਰ ਦੀ ਮਸਤ ਚਾਲ, 'ਲਿੱਦੜ ਨੈਂ'[95] ਦੀਆਂ ਠੰਢੀਆਂ ਠਾਰ ਸੰਗ ਮਸੂਬ ਦੀਆਂ ਬਣੀਆਂ ਧਾਰਾਂ ਅਤੇ 'ਗਾਂਧਰ ਬਲ'[96] ਦੀ ਪ੍ਰਾਕ੍ਰਿਤਕ ਰਮਣੀਕਤਾ ਇਕ ਸਰੂਰ ਦੇ ਕੇ ਆਨੰਦ ਬਖਸ਼ਦੀ ਹੈ। ਭਾਈ ਸਾਹਿਬ ਲਿਖਦੇ ਹਨ:

ਭਾਵੇਂ ਕੁਛ ਹੈ ਨੀਰ ਹਾਰਵਾਨ !
ਜਦ ਤੂੰ ਨਜ਼ਰੀ ਆਇਆ,
ਪਾ ਸਰੂਰ ਅੱਖਾਂ ਵਿਚ ਵੜਿਆ
ਆਪਾ ਝੂਮ ਝੁਮਾਇਆ।[97]

ਭਾਈ ਸਾਹਿਬ ਦੀ ਇਹ ਅਨੰਦ ਅਨੁਭੂਤੀ ਕਈ ਵੇਰਾਂ ਆਤਮਿਕ ਲੀਨਤਾ ਦੀ ਅਵਸਥਾ ਪੈਦਾ ਕਰਦੀ ਹੈ। ਪ੍ਰਕ੍ਰਿਤੀ ਦੀ ਅਥਾਹ ਸੁੰਦਰਤਾ ਸਾਮ੍ਹਣੇ ਭਾਈ ਸਾਹਿਬ ਦੇ ਹੋਰ ਸਾਰੇ ਭਾਵ ਸੁੱਤ ਹੋ ਜਾਂਦੇ ਹਨ ਅਤੇ ਭਾਈ ਸਾਹਿਬ ਦੀ ਆਤਮਾ ਟਿਕਾ ਵਿਚ ਗੁਸੀ ਆਪਣੇ ਆਪ ਵਿਚ ਲੀਨ ਪ੍ਰਤੀਤ ਹੁੰਦੀ ਹੈ, ਜਿਵੇਂ:

ਹੋਰ ਉਚੇਰਾ, ਹੋਰ ਉਚੇਰਾ ਚੜ੍ਹ ਫਿਰ ਪੱਧਰ ਆਈ,
ਮਖ਼ਮਲ ਘਾਹ, ਸੁਹਾਵੀ ਕਿਣਮਿਣ, ਠੰਢ ਠੰਢ ਹੈ ਛਾਈ,
ਤਪਤਾਂ ਤੇ ਘਮਸਾਨਾਂ ਛੁਟੀਆਂ ਪਰੇ ਹੋਇਆਂ ਠਰ ਗਏ।
ਠਰਨ, ਜੁੜਨ, ਰਸ- ਮਗਨ ਹੋਣ ਦੀ ਰਹੁਸਰ ਵਿਛੀ ਇਥਾਈਂ।[98]

ਪ੍ਰੋ. ਪੂਰਨ ਸਿੰਘ ਜੀ ਵੀ ਦਸਦੇ ਹਨ, " ਕੁਦਰਤ ਤੇ ਕਵੀ ਦੇ ਸੰਜੋਗੀ ਮੇਲੇ ਰੂਹ ਦੇ ਇਤਿਹਾਸ ਵਿਚ ਕਾਮਯਾਬ ਤੇ ਅਣਮੁੱਲੀਆਂ ਘਟਨਾਂ ਹਨ, ਕਦੀ ਕਦੀ ਇਕ ਖਿਣ ਦਾ ਚਮਤਕਾਰ "ਚੇਤਨਯ" ਜੇਸੀ ਸੁਰਤਿ ਨੂੰ ਸਦਾ ਉਨਮਾਦ ਵਿਚ ਲੈ ਜਾਂਦੇ ਹਨ, ਪਰ ਜਦ ਹੁੰਦੇ ਹਨ, ਇਨ੍ਹਾਂ ਮੇਲਿਆਂ ਵਿਚ ਅਕਹਿ ਖੁਸ਼ੀ ਦੇ ਸੋਮੇ ਫੁੱਟ ਪੈਂਦੇ ਹਨ।[99]"

---

92. ਮਟਕ ਹੁਲਾਰੇ, ਪੰਨਾ 78
93. ਉਹੀ, ਪੰਨਾ 83
94. " , " 97
95. " " 107
96. ਮਟਕ ਹੁਲਾਰੇ, 116
97. " 85
98. ਗੁਲਮਰਗ, ਉਹੀ, ਪੰਨਾ 112
99. ਪ੍ਰੋ. ਪੂਰਨ ਸਿੰਘ, ਭੂਮਿਕਾ, ਮਟਕ ਹੁਲਾਰੇ, 4-5

**ਪ੍ਰਕ੍ਰਿਤਕ ਵਸਤੂਆਂ ਦਾ ਵੇਰਵਾ :-**

ਕਈ ਵੇਰਾਂ ਪ੍ਰਕ੍ਰਿਤੀ ਆਲੰਬਨ ਵਿਚ ਕਵੀ ਵਸਤੂਆਂ ਦੇ ਨਾਵਾਂ ਦੀ ਸੂਚੀ ( Cataloguing ) ਤਿਆਰ ਕਰਨ ਲਗ ਪੈਂਦਾ ਹੈ। ਇਹ ਇਕ ਸਾਧਾਰਣ ਕਲਾ ਹੈ। ਇਹ ਰੁਚੀ ਕਿੱਸਾਕਾਰਾਂ ਵਿਚ ਆਮ ਮਿਲਦੀ ਸੀ। ਇਸ ਤਰ੍ਹਾਂ ਦਾ ਵਿਸਥਾਰ ਕਵੀ ਸੰਤੋਖ ਸਿੰਘ ਦੇ ਹੇਮਕੂਟ ਤੇ ਵੱਖ ਵੱਖ ਰੁੱਖਾਂ ਦੇ ਬਿਆਨ ਅਤੇ ਜਮਨਾ ਕੰਢੇ ਵੱਸੇ ਜਾਨਵਰਾਂ ਦੀ ਗਿਣਤੀ ਵਿਚ ਵੀ ਮਿਲਦਾ ਹੈ।[100] ਇਹ ਰੁਚੀ ਕੁਝ ਹਦ ਤਕ ਡਾਕਟਰ ਚਰਨ ਸਿੰਘ ਜੀ ਦੇ ਕਾਵਿ ਵਿਚ ਵੀ ਪ੍ਰਾਪਤ ਹੁੰਦੀ ਹੈ।[101] ਭਾਈ ਸਾਹਿਬ ਨੇ ਕਵਿਤਾ ਵਿਚ ਗਿਣਤੀਆਂ ਗਿਣਨ ਦੇ ਵਿਸਥਾਰ ਤੋਂ ਬਚਣ ਦਾ ਯਤਨ ਕੀਤਾ ਹੈ। ਉਨ੍ਹਾਂ "ਏਸ ਵਾਲਤੂਪਣ ਨੂੰ ਅਸਲੀਅਤ ਦੀ ਵਲਗਣ ਵਲ ਮੋੜਿਆ ਹੈ। ਉਨ੍ਹਾਂ ਗਿਣਤੀਆਂ ਗਿਣਨ ਦੀ ਬਜਾਏ ਕਵਿਤਾ ਅੰਦਰ ਸਦ੍ਰਿਸ਼ ਭਾਵ ਦਾ ਪ੍ਰਭਾਵ ਪੈਦਾ ਕਰਨ ਦਾ ਯਤਨ ਕੀਤਾ ਹੈ।"[102] ਅਜੇਹਾ ਬਿਆਨ ਭਾਈ ਸਾਹਿਬ ਦੇ ਸਾਰੇ ਕਾਵਿ ਵਿਚ ਸਿਰਫ਼ ਦੋ ਤਿੰਨ ਥਾਵਾਂ ਤੇ ਮਿਲਦਾ ਹੈ। ਰਾਣੀ ਰਾਜਕੌਰ ਦੇ 'ਪਰੀ ਮਹਲ' ਤੋਂ ਵਾਪਸੀ ਸਮੇਂ ਸੰਝ ਦੇ ਨਕਸ਼ੇ[103] ਅਤੇ ਰਾਣਾ ਸੂਰਤ ਸਿੰਘ ਦੇ ਬਣਵਾਏ ਬਾਗ਼ ਵਿਚ ਪਾਲਤੂ ਪੰਛੀਆਂ[104] ਦਾ ਭਰਵਾਂ ਵੇਰਵਾ ਮਿਲਦਾ ਹੈ। ਇਕ ਉਦਾਹਰਣ ਪ੍ਰਸਤੁਤ ਹੈ:-

ਪੰਛੀ ਕਰਦੇ ਕੇਲ ਕੰਢੇ ਹੌਜ਼ ਆ, ਬਗਲੇ, ਸਾਰਸ, ਹੰਸ, ਮਘ, ਮੁਰਗ਼ਾਬੀਆਂ
ਕੁਛ ਰੱਖੇ ਸਨ ਪਾਲ ਵਿਚ ਇਸ ਬਾਗ਼ ਦੇ।
ਬੱਤਕ, ਸਾਹ ਸੁਪੇਦ ਕਈ ਕੁ ਭਾਂਤ ਦੀ।[105]

ਵੈਸੇ ਭਾਈ ਸਾਹਿਬ ਨੇ ਵਿਸਥਾਰ ਤੋਂ ਬਚਣ ਦਾ ਯਤਨ ਕੀਤਾ ਹੈ ਕਿਉਂਕਿ ਅਜੇਹੀ ਅਭਿਵਿਅਕਤੀ ਵਿਚ ਵੇਰਵਾ ਬਹੁਤ ਅਤੇ ਕਲਾ ਘਟ ਹੁੰਦੀ ਹੈ।

**ਸੂਖਮ ਦਰਸ਼ਿਤਾ:**

ਕਲਾਕਾਰ ਕਈ ਵੇਰਾਂ ਜੀਵਨ ਦੀ ਹਲਚਲ ਤੋਂ ਦੂਰ ਹੋ ਕੇ ਪ੍ਰਕ੍ਰਿਤੀ ਦੇ ਕਿਸੇ ਇਕ ਰੂਪ ਤੇ ਆਪਣੀ ਦ੍ਰਿਸ਼ਟੀ ਨੂੰ ਕੇਂਦ੍ਰਿਤ ਕਰਕੇ ਭਾਵ ਰੂਪੀ ਮੋਤੀ ਕੱਢ ਲੈਂਦਾ ਹੈ। ਇਸ ਪ੍ਰਕਾਰ ਦੇ ਅੰਕਣ ਵਿਚ ਵਸਤੂ ਦੀ ਇਤਨੀ ਪ੍ਰਮੁੱਖਤਾ ਨਹੀਂ ਰਹਿੰਦੀ। ਭਾਈ ਸਾਹਿਬ ਦੀ ਸੂਖਮ ਕਲਪਨਾ- ਜੀਵੀ ਕਵੀ ਵਾਂਗ ਪ੍ਰਕ੍ਰਿਤੀ ਵਿਚ ਲੀਨ ਹੋਏ 'ਤ੍ਰੇਲ ਤੇ ਸੂਰਜ',[106] 'ਵੈਰੀ ਨਾਗ ਦਾ ਪਹਿਲਾ ਝਲਕਾ',[107] 'ਇੱਛਾਬਲ ਤੇ ਡੂੰਘੀਆਂ ਸ਼ਾਮਾਂ',[108]

---

100. ਡਾ. ਬਲਬੀਰ ਸਿੰਘ, ਕਲਮ ਦੀ ਕਰਾਮਾਤ, ਪੰਨਾ 210

101. ਬੇ ਬਟੰਕ ਤੇ ਸੇ ਰੁਜ ਬਾਸਾ ਬੋਹੜ ਤੇ ਬਲਸੂਟੀ ਛਾਣਾ ਛੂਟੀ।
ਕਾਸ ਬਰੇਸ ਖਰੈਣਾ ਬਾਬੂ ਖੀਰ ਬਬਾਣੀ ਘੁਟੀ ਰੰਗਾ ਲੁਟੀ।
ਖਟਲ ਬਦਾਮ ਬਾਬਰੀ ਬਰਨਾ ਬਾ ਬਗਿੰਗ ਬਿਲ ਟੁਟੀ ਰੰਗ ਅਗੁਟੀ।
ਬਨਜ ਬਬੂਨਾ ਬਕਮ ਖਰਾਇਨ ਬਾਕਾਂ ਬਨਜ ਬਰੂਟੀ ਤੇ ਬੂਬ ਲੁਟੀ।
(ਪ੍ਰਾਪਤ ਡਾਕਟਰ ਬਲਬੀਰ ਸਿੰਘ, ਸ੍ਰੀ ਚਰਣ ਹਰਿ ਵਿਸਥਾਰ, ਜਿਲਦ 2, ਪੰਨਾ 48)

102. ਡਾ. ਬਲਬੀਰ ਸਿੰਘ, ਕਲਮ ਦੀ ਕਰਾਮਾਤ, ਪੰਨਾ 212

103 ਰਾਣਾ ਸੂਰਤ ਸਿੰਘ, ਪ੍ਰਕਰਣ 15, ਪੰਨਾ 82

104. ਉਹੀ, ਪ੍ਰਕਰਣ 9, ਪੰਨਾ 41

(ਚਲਦਾ)

'ਕੋਈ ਹਰਿਆ ਬੂਟ ਰਹਿਓ ਰੀ'[109], 'ਫੁਹਾਰਾ'[110] ਆਦਿਕ ਕਵਿਤਾਵਾਂ ਵਿਚ ਵੇਖੇ ਜਾ ਸਕਦੇ ਹਨ। ਇਕ ਉਦਾਹਰਣ ਵੇਖੋ:-

ਘਾਹ ਉਤੇ ਮੈਂ ਪਈ ਤ੍ਰੇਲ ਹਾਂ ਨੈਣ ਨੈਣ ਹੋ ਰਹੀਆਂ
'ਦਰਸ- ਪਯਾਸ' ਵਿਚ ਨੈਣ ਭਰ ਰਹੇ, ਪਾਣੀ ਪਾਣੀ ਹੋਈਆਂ,
'ਦਰਸ- ਪਯਾਸ' ਹੁਣ ਰੂਪ ਮਿਰਾ ਹੈ, ਮੈਂ ਵਿਚ ਹੋਰ ਨ ਬਾਕੀ,
ਚੜ੍ਹ ਅਰਸ਼ੋਂ ਆ ਅੰਗ ਲਗਾ ਮੈਂ ਵਿਛੀ ਤਿਰੇ ਰਾਹ ਪਈਆਂ।[111]

ਇੱਥੇ ਭਾਈ ਸਾਹਿਬ ਨੇ ਤ੍ਰੇਲ ਤੇ ਹੀ ਦ੍ਰਿਸ਼ਟੀ ਕੇਂਦ੍ਰਿਤ ਕਰਕੇ ਦਾਰਸ਼ਨਿਕ ਤੱਤ ਦਾ ਸੂਖਮ- [redacted] ਰੂਪ ਵਿਚ ਪ੍ਰਗਟਾਵਾ ਕੀਤਾ ਹੈ। ਅਜੇਹੀ ਰਚਨਾ ਕਵੀ ਦੀ ਇਕਾਂਤ- ਸੂਖਮ- ਦਰਸ਼ਤਾ ਤੇ ਮਨੋਵੇਗਾਂ ਦੀ ਸ਼ਕਤੀ ਦੀ ਪਰਿਚਾਇਕ ਹੁੰਦੀ ਹੈ। ਤ੍ਰੇਲ ਦਾ ਇਸ ਤਰ੍ਹਾਂ ਦਾ ਪ੍ਰਯੋਗ ਅੰਗ੍ਰੇਜ਼ੀ ਦੇ ਕਵੀ ਐਂਡਰੀਓ ਮਾਰਵੇਲ ਦੀ ਕਵਿਤਾ 'ਆਨ ਏ ਡਰਾਪ ਆਫ ਡੀਓ'(On A Drop of Dew) ਵਿਚ ਵੀ ਮਿਲਦਾ ਹੈ।[112]

ਭਾਈ ਸਾਹਿਬ ਨੇ ਪ੍ਰਕ੍ਰਿਤੀ ਦੇ ਕੋਮਲ ਰੂਪ ਨੂੰ ਵਧੇਰੇ ਉਲੀਕ ਕੇ ਅਨੰਦ ਪੈਦਾ ਕੀਤਾ ਹੈ। ਪ੍ਰਕ੍ਰਿਤੀ ਦੇ ਕਠੋਰ ਰੂਪ ਨੂੰ ਉਨ੍ਹਾਂ ਚਿੱਤ੍ਰਿਆ ਹੈ, ਪਰ ਬਹੁਤ ਘਟ। ਇਕ ਉਦਾਹਰਣ ਵੇਖੋ:-

ਕਣੇ ਸ਼ੁਰੂ ਪਏ ਹੋਣਿ ਤੜ ਤੜ ਵੱਜਦੇ
ਮੀਂਹ ਹੁਣ ਮੋਹਲੇਧਾਰ ਹੈ ਹੋ ਵੱਸਿਆ,
ਬੇੜਾ ਛੇਤੀ, ਆਇ ਮਾਨੋਂ ਕ੍ਰੋਧ ਖਾ
ਆਪਣਾ ਆਪ ਸੰਭਾਲ ਸਕਿਆ ਹੈ ਨ੍ਹੀਂ।[113]
ਕੜਪਾਟੇ ਜਿਊਂ ਨੀਰ ਹੇਠੋਂ ਆਂਵਦਾ;

**ਬਿੰਬ- ਵਿਧੀ:**

ਵੈਸੇ ਸਭ ਕਵੀਆਂ ਨੇ ਪ੍ਰਕ੍ਰਿਤਕ ਵਸਤੂਆਂ ਦੀ ਸਥਿਤੀ, ਪਰਿਸਥਿਤੀ, ਰੂਪ ਰੰਗ ਦਾ ਵਰਣਨ ਕੀਤਾ ਹੈ। ਪਰੰਤੂ ਉਨ੍ਹਾਂ ਦਾ ਪ੍ਰਕ੍ਰਿਤੀ ਨਿਰੀਖਣ ਤਦੇ ਹੀ ਪੂਰਨ ਸਮਝਿਆ ਜਾਂਦਾ ਹੈ ਜਦ ਪ੍ਰਕ੍ਰਿਤੀ ਦੇ

---

105. ਰਾਣਾ ਸੂਰਤ ਸਿੰਘ, ਪ੍ਰਕਰਣ 9, ਪੰਨਾ 41, ਪੰਕਤੀ 97-100
106. ਲਹਿਰਾਂ ਦੇ ਹਾਰ, ਪੰਨਾ 11
107. ਮਟਕ ਹੁਲਾਰੇ, ਪੰਨਾ 98
108. ਮਟਕ ਹੁਲਾਰੇ, ਪੰਨਾ 95
109. ਉਹੀ, ਪੰਨਾ 56
110. ਉਹੀ, ਪੰਨਾ 45
111. ਤ੍ਰੇਲ ਤੇ ਸੂਰਜ, ਲਹਿਰਾਂ ਦੇ ਹਾਰ, ਪੰਨਾ 11
112. See how the Orient Dew,
Shed from the Bosom of the Morn
Into the blowing Roses,
Yet careless of its Mansion new;
------ -----
Because so long divided from the sphere,
Restless it roules and Unsecure,
Trembling lest it grow impure !
Till the warm sun pitty its' pain
And to the Skies exhale it back again
So the soul, that Drop, that Ray.
( Andrew Marvell, On a Drop of Dew )

ਰੂਪਾਂ ਦੀ ਕਿਰਿਆ ਅਤੇ ਗਤੀ- ਵਿਧੀ ਦਾ ਸਜੀਵ ਵਰਣਨ ਹੋਵੇ। ਸਾਗਰ, ਨਦੀਆਂ, ਨਾਲਿਆਂ, ਪੌਣ, ਪੌਦਿਆਂ ਵਿਚ ਅਨੇਕ ਪ੍ਰਕਾਰ ਦੀਆਂ ਗਤੀਆਂ ਦਿਖਾਈ ਦਿੰਦੀਆਂ ਹਨ। ਜਿਸ ਕਵੀ ਦਾ ਗਤੀ- ਗਿਆਨ( Sense of Dynamicity) ਸੂਖਮ ਹੁੰਦਾ ਹੈ, ਉਹੀ ਵਾਤਾਵਰਣ ਦੀ ਉਸਾਰੀ ਕਰਨ ਵਿਚ ਸਫ਼ਲ ਹੁੰਦਾ ਹੈ। ਭਾਈ ਸਾਹਿਬ ਦਾ ਗਤੀ- ਗਿਆਨ ਬੜਾ ਸੂਖਮ ਸੀ, ਇਸੇ ਲਈ ਉਨ੍ਹਾਂ ਦੇ ਪ੍ਰਕ੍ਰਿਤੀ ਚਿੱਤ੍ਰ ਕਾਫ਼ੀ ਸਟੀਕ ਹੁੰਦੇ ਹਨ। ਭਾਈ ਸਾਹਿਬ ਪ੍ਰਕ੍ਰਿਤੀ ਨਿਰੀਖਣ ਵਿਚ ਕਾਹਲੀ ਨਹੀਂ ਕਰਦੇ, ਉਹ ਇਕਾਗਰ ਚਿੱਤ ਹੋ ਕੇ ਇਸ ਦੇ ਪੂਰੇ ਦ੍ਰਿਸ਼ ਨੂੰ ਅਨੁਭਵ ਕਰਦੇ ਹਨ। ਇਸ ਲਈ ਉਨ੍ਹਾਂ ਦੀ ਲੇਖਣੀ ਚਿੱਤ੍ਰਕਾਰ ਦੇ ਤੁਲ ਹੋ ਜਾਂਦੀ ਹੈ। ਇਕ ਉਦਾਹਰਣ ਵੇਖੋ:-

ਸੂਈਆਂ ਨਾਲੋਂ ਨਿੱਕੇ ਨਿੱਕੇ ਚਾਂਦਨੀ ਦੇ ਪੈਰ ਸਹੀਓ,
ਕੇਲੋਂ ਦੀਆਂ ਸੂਈਆਂ ਉਤੇ ਆਨ ਆਨ ਟਿਕਦੇ,
ਏਥੋਂ ਛਾਲਾਂ ਮਾਰ ਟੱਪ ਪੈਣ ਚਿੱਟੇ ਪੱਥਰਾਂ ਤੇ
ਓਥੋਂ ਕੁੱਦ ਹੇਠ ਖੜ ਪਾਣੀ ਉਤੇ ਥਿੰਕਦੇ
ਲਹਿਰਾਂ ਦੇ ਉਤੇ ਉਤੇ ਝਿਲਮਿਲ ਖੇਡਦੇ ਨੀ[114]
ਪੋਲੇ ਪੋਲੇ ਰੱਖ ਰੱਖ ਠੁਮਕ ਠੁਮਕ ਠਿੱਕਦੇ।

ਇਵੇਂ 'ਹਿਮਾਲਯ- ਗੰਗਾ- ਸਮੁੰਦਰ'[115] ਵਿਚ ਤਿਰਦੀ ਬਰਫ਼ ਦਾ ਦ੍ਰਿਸ਼, 'ਅਟਕ'[116], 'ਜਮਨਾ'[117] ਤੇ 'ਗੰਗਾ'[118] ਦੇ ਵਗਦੇ ਪਾਣੀਆਂ ਦੇ ਚਿੱਤ੍ਰ ਭਾਈ ਸਾਹਿਬ ਦੀ ਗਤੀ- ਵਿਧੀ ਦੀ ਕਲਾਕਾਰੀ ਅਭਿਵਿਅਕਤੀ ਦੀ ਸਾਖ ਭਰਦੇ ਹਨ।

**ਵਰਣ ਗਿਆਨ( Sense of Colour)**

ਜਿੱਥੇ ਭਾਈ ਸਾਹਿਬ ਦੇ ਪ੍ਰਕ੍ਰਿਤੀ ਚਿੱਤ੍ਰਨ ਵਿਚ ਕੋਮਲਤਾ ਬੜੀ ਹੈ, ਉਥੇ ਇਸ ਵਿਚ ਵਰਣ- ਵਿਭਿੰਨਤਾ ਵੀ ਕਾਫ਼ੀ ਹੈ। ਉਨ੍ਹਾਂ ਨੇ ਆਪਣੇ ਕਾਵਿ ਵਿਚ ਸਜੀਵਤਾ ਲਿਆਉਣ ਦੇ ਲਈ ਰੰਗ- ਰੂਪਾਂ ਦਾ ਵੀ ਖਿਆਲ ਰੱਖਿਆ ਹੈ। ਭਾਈ ਸਾਹਿਬ ਦੇ ਵਰਣ ਗਿਆਨ ਦੀ ਖੂਬੀ ਹੈ ਕਿ ਉਨ੍ਹਾਂ ਵਿਚ ਕਲਪਨਾ ਦੇ ਨਾਲ ਕਾਰੀਗਰੀ ਵੀ ਬੜੀ ਮਿਲਦੀ ਹੈ। ਇਹ ਪ੍ਰਵਿਰਤੀ ਅੰਗ੍ਰੇਜ਼ੀ ਕਵੀ ਆਰਨਲਡ, ਰੋਜ਼ੇਟੀ, ਕੀਟਸ ਤੇ ਸ਼ੈਲੇ ਵਿਚ ਵੀ ਮਿਲਦੀ ਹੈ। ਸ਼ੈਲੇ ਪਤਝੜ ਦੇ ਸਮੇਂ ਮੁਰਝਾਏ ਪੱਤਿਆਂ ਤਕ ਦੇ ਸੁੰਦਰ ਰੰਗਾਂ ਨੂੰ ਸੂਖਮਤਾ ਨਾਲ ਉਲੀਕ ਜਾਂਦਾ ਹੈ।[119] 'ਰਾਣਾ ਸੂਰਤ ਸਿੰਘ' ਵਿਚੋਂ 'ਪਰੀ- ਮਹਲ- ਚੜ੍ਹਾਈ' (ਵਾਲੇ ਪ੍ਰਕਰਣ) ਵਿਚੋਂ ਦਿਨ ਤੇ ਰਾਤ ਨੂੰ ਆਕਾਸ਼

---

113. ਰਾਣਾ ਸੂਰਤ ਸਿੰਘ, ਪੰਨਾ 157-58, ਪੰਕਤੀ 30-34
114. ਚਾਂਦਨੀ, ਲਹਿਰਾਂ ਦੇ ਹਾਰ, 86
115. ਲਹਿਰਾਂ ਦੇ ਹਾਰ, 102
116. ਬਿਜਲੀਆਂ ਦੇ ਹਾਰ, 44
117. ਲਹਿਰਾਂ ਦੇ ਹਾਰ, 89
118. ਲਹਿਰਾਂ ਦੇ ਹਾਰ, 102
119. O Wild West Wind, Thou breath of Autumn's being
Thou from whose unseen presence the leaves dead
Are driven like ghosts from an enchanter feeling,
yellow and black, pale and hectic red
Pestilence-stricken multitudes."
( Shelley-Ode to the West Wind )

120. ਰਾਣਾ ਸੂਰਤ ਸਿੰਘ, ਪੰਨਾ [illegible], ਪੰਕਤੀ [illegible]

ਵਿਚ ਜਿਵੇਂ ਰੰਗਾਂ ਦੀ ਤਬਦੀਲੀ ਵਾਪਰਦੀ ਹੈ, ਦੇ ਬਿਆਨ ਦੀ ਉਦਾਹਰਣ ਵੇਖੋ:-

ਕੁਦਰਤ ਮੌਜਣ ਨਾਰ ਬਣ ਬਣ ਬੈਠਦੀ।
ਰੋਜ਼ ਕਈ ਇਕ ਵਾਰ ਭੇਸ ਵਟਾਉਂਦੀ
ਕਾਲੀ ਚੱਦਰ ਤਾਣ ਸੌਂਦੀ ਰਾਤ ਨੂੰ
ਰਾਤ ਬੀਤਣੇ ਨਾਲ ਮੈਲੀ ਓੜ੍ਹਦੀ,
ਚਿੱਟੀ ਪਹਿਨੇ ਖੁੰਬ ਪਹੁ ਦੇ ਆ ਗਿਆਂ,
ਪਤੀ ਮਿਲਸੁ ਜਦ ਆਇ ਪਹਿਨੇ ਪੀਲੜੇ,
ਸਾਰੇ ਦਿਨ ਵਿਚਕਾਰ ਰਹੇ ਪਿਤਾਂਬਰੀ
ਲੌਢਾ ਬੀਤੇ ਫੇਰ ਰੰਗੇ ਪੈਨ੍ਹਦੀ
ਸੰਧਿਆ ਮੈਲੀ ਫੇਰ ਚੱਦਰ ਤਾਣਦੀ
ਰਾਤ ਪਈ ਤੇ ਸ੍ਯਾਹ ਕਾਲੀ ਓੜ੍ਹਦੀ:[120]

* * *

**ਨਾਦ- ਵਿਅੰਜਨ** —

ਪ੍ਰਕ੍ਰਿਤੀ ਵਿਚੋਂ ਅਨੇਕ ਪ੍ਰਕਾਰ ਦੀਆਂ ਧਵਨੀਆਂ ਅਸੀਂ ਰੋਜ਼ ਸੁਣਦੇ ਹਾਂ। ਪੰਛੀਆਂ ਦੀਆਂ ਮਧੁਰ ਆਵਾਜ਼ਾਂ, ਰੁੱਖਾਂ- ਵੇਲਾਂ- ਬੂਟਿਆਂ ਦੀ ਸਾਂਇ ਸਾਂਇ, ਨਦੀਆਂ- ਨਾਲਿਆਂ ਦੇ ਕਲਕਲ ਸੰਗੀਤ ਦਾ ਮਾਨਵ ਦੇ ਰਾਗਾਤਮਿਕ ਹਿਰਦੇ ਨਾਲ ਡੂੰਘਾ ਸੰਬੰਧ ਹੈ। ਬਾਹਰਮੁਖੀ ਦ੍ਰਿਸ਼ਟੀ ਤੋਂ ਭਾਵੇਂ ਇਨ੍ਹਾਂ ਧਵਨੀਆਂ ਦਾ ਕੋਈ ਅਰਥ ਨਹੀਂ ਹੁੰਦਾ, ਪਰ ਇਨ੍ਹਾਂ ਰਾਹੀਂ ਹਿਰਦੇ ਦੇ ਕਈ ਅੰਤਰ- ਮੁਖੀ ਮਰਮ ਸਪਸ਼ਟ ਹੁੰਦੇ ਹਨ। ਇਸ ਲਈ ਕਵੀ ਸ਼ਬਦਾਂ ਰਾਹੀਂ ਉਸੀ ਪ੍ਰਕਾਰ ਦੇ ਭਾਵਾਂ ਨੂੰ ਪੈਦਾ ਕਰਨ ਦਾ ਯਤਨ ਕਰਦੇ ਹਨ, ਜਿਸ ਪ੍ਰਕਾਰ ਦਾ ਭਾਵ ਇਨ੍ਹਾਂ ਧਵਨੀਆਂ ਵਿਚ ਛੁਪਿਆ ਹੁੰਦਾ ਹੈ। ਇਸ ਮਨੋਰਥ ਦੀ ਪੂਰਤੀ ਦਾ ਸਭ ਤੋਂ ਚੰਗਾ ਸਾਧਨ ਹੈ— ਧਵਨਾਤਮਿਕ ਸ਼ਬਦਾਂ ਦੀ ਵਰਤੋਂ, ਜਿਨ੍ਹਾਂ ਦੇ ਉਚਾਰਣ ਤੋਂ ਇਸ ਪ੍ਰਕਾਰ ਦਾ ਨਾਦ ਪੈਦਾ ਹੁੰਦਾ ਹੈ, ਜਿਸ ਪ੍ਰਕਾਰ ਅਨੁਕ੍ਰਿਤ ਧਵਨੀਆਂ ਦਾ। ਪ੍ਰਭਾਵ ਉਤਪਾਦਨ ਦੀ ਦ੍ਰਿਸ਼ਟੀ ਤੋਂ ਵੀ ਨਾਦ- ਵਿਅੰਜਨਾ ਦਾ ਮਹੱਤਵਪੂਰਣ ਸਥਾਨ ਹੈ, ਕਿਉਂਕਿ ਰਸ- ਪ੍ਰਤੀ ਅਨੁਭਵ ਵਿਚ ਇਹ ਸਹਾਇਕ ਹੁੰਦੀ ਹੈ।[121]

ਭਾਈ ਸਾਹਿਬ ਦੇ ਪ੍ਰਕ੍ਰਿਤੀ ਚਿੱਤ੍ਰਨ ਵਿਚ ਨਾਦ- ਵਿਅੰਜਨਾ ਦੇ ਸੁੰਦਰ ਉਦਾਹਰਣ ਮਿਲਦੇ ਹਨ। 'ਜੀਵਨ ਕੀ ਹੈ' ਵਿਚ ਛੰਭ ਦੇ ਹਿਲਦੇ ਪਾਣੀ ਦੀ ਧਵਨੀ ਨੂੰ ਭਾਈ ਸਾਹਿਬ ਨੇ ਕਿਤਨੀ ਸੂਖਮਤਾ ਨਾਲ ਉਲੀਕਿਆ ਹੈ:

'ਸਰਰ ਸਰਰ' ਇਕ ਧੁਨੀ ਅਨੋਖੀ ਉਸ ਸਰ ਵਿਚੋਂ ਆਈ,[122]
ਮਾਨੋਂ ਕੁਈ ਅਪਸਰਾ ਜਲ ਤੋਂ ਸੁਰ ਪਧਾਰੀ ਵਿਚ ਗਾਈ।

---

120. ਰਾਣਾ ਸੂਰਤ ਸਿੰਘ, ਪੰਨਾ 52, ਪੰਕਤੀ 23-32.

121. " Sounds as well as thoughts have relation both between each other and towards that which they represent and a perception

(Contd)..2.

ਇਵੇਂ 'ਪ੍ਰੀਤ ਵੀਣਾ' ਵਿਚ 'ਕਿਰਤੀ ਖੁਲ੍ਹੀ ਤਰੰਗ' ਤੇ 'ਸੁਣ 'ਦਿਲ- ਤਰਬਾ' ਪਕ ਥਰਰ ਥਰੇ ਗਈਆਂ' ਵਿਚ ਵੀ ਸ਼ਬਦਾਂ ਰਾਹੀਂ ਨਾਦ- ਵਿਅੰਜਨਾ ਪ੍ਰਾਪਤ ਹੁੰਦੀ ਹੈ। 'ਰਾਣਾ ਸੂਰਤ ਸਿੰਘ' ਵਿਚ 'ਸਤਿਸੰਗ ਦਰ' ਵਾਲੇ ਪ੍ਰਕਰਣ ਵਿਚ ਵਸਦੇ ਮੀਂਹ ਵਿਚ ਬੂਟਿਆਂ ਦੀ 'ਸਾਂਇ' ਤੇ ਬਿਜਲੀ ਦੀ ਗਰਜ ਨੂੰ ਸਾਕਾਰ ਕੀਤਾ ਗਇਆ ਹੈ[123], ਜੋ ਪ੍ਰਭਾਵ ਉਤਪਾਦਨ ਵਿਚ ਸਹਾਇਕ ਹੁੰਦੀ ਹੈ।

**<u>ਉਦੀਪਨ ਰੂਪ ਵਿਚ ਪ੍ਰਕ੍ਰਿਤੀ:</u>**

ਉਦੀਪਨ ਦਾ ਸ਼ਾਬਦਿਕ ਅਰਥ ਹੈ- ਉਦੀਪਤ ਕਰਨਾ। ਜਦ ਆਲੰਬਨ ਵਿਚ ਮਾਨਵ ਦੇ ਪ੍ਰਤਿ ਜਾਗੇ ਹੋਏ ਭਾਵ ਨੂੰ ਪ੍ਰਕ੍ਰਿਤੀ ਦੁਆਰਾ ਹੋਰ ਵਧੇਰੇ ਵਧਾ ਕੇ ਆਸ਼ਰਿਤ ਜਾਂ ਅਨੁਭਵ- ਕਰਤਾ ਨੂੰ ਮਾਰਮਿਕ ਸਥਿਤੀਆਂ ਵਿਚ ਦਿਖਾਇਆ ਜਾਂਦਾ ਹੈ, ਉਥੇ ਪ੍ਰਕਿਰਤੀ ਦਾ ਚਿੱਤ੍ਰਨ ਉਦੀਪਨ ਰੂਪ ਵਿਚ ਹੋਇਆ ਮੰਨਿਆ ਜਾਂਦਾ ਹੈ। ਪ੍ਰਕ੍ਰਿਤੀ ਅ ਚਿੱਤ੍ਰ ਜਾਗੇ ਹੋਏ ਭਾਵ ਨੂੰ ਦੋ ਰੂਪਾਂ ਵਿਚ ਉਦੀਪਤ ਕਰਦੀ ਹੈ। ਸੰਜੋਗ ਦੇ ਖਿਣਾਂ ਵਿਚ ਮਿਲਣ ਦੀ ਭਾਵਨਾ ਨੂੰ ਤੀਬਰ ਕਰਨ ਵਿਚ ਸਹਾਇਕ ਹੁੰਦੀ ਹੈ ਅਤੇ ਵਿਜੋਗ ਵਿਚ ਪ੍ਰੇਮੀ ਦੇ ਬਿਰਹਾ ਦੀ ਵਿਆਕੁਲਤਾ ਦੇ ਅਨੁਭਵ ਨੂੰ ਹੋਰ ਉਤੇਜਤ ਕਰਦੀ ਹੈ। ਆਲੰਬਨ ਰੂਪ ਦੇ ਚਿੱਤ੍ਰਨ ਵਿਚ ਕਵੀ ਦਾ ਪ੍ਰਕ੍ਰਿਤੀ ਕੂ ਨਾਲ ਸਿੱਧਾ ਸੰਬੰਧ ਹੁੰਦਾ ਹੈ, ਪਰ ਇੱਥੇ ਪਰੋਖ। ਇੱਥੇ ਮਾਨਵ ਪ੍ਰਮੁੱਖ ਹੋ ਜਾਂਦਾ ਹੈ ਤੇ ਪ੍ਰਕ੍ਰਿਤੀ ਗੌਣ। ਇਹ ਮਨੋਵਿਗਿਆਨਕ ਸੱਚਾਈ ਹੈ ਕਿ ਅਸੀਂ ਅਭੀਸ਼ਟ ਵਸਤੂ ਜਾਂ ਪਿਰ ਦੀ ਪ੍ਰਾਪਤੀ ਤੋਂ ਅਸੀਮ ਅਨੰਦ ਦਾ ਅਨੁਭਵ ਕਰਦੇ ਹਾਂ ਅਤੇ ਉਸ ਦੇ ਵਿਛੋੜੇ ਜਾਂ ਨਾਸ਼ ਨਾਲ ਉਸੀ ਅਨੁਪਾਤ ਵਿਚ ਦੁੱਖ। ਇਹ ਸੁੱਖ ਦੁੱਖ ਦੀ ਅਨੁਭੂਤੀ ਇਕ ਐਸਾ ਵੇਗ ਤੇ ਤੀਖਣਤਾ ਧਾਰਨ ਕਰਦੀ ਹੈ ਕਿ ਇਸ ਦੇ ਆਲੰਬਨ ਤੋਂ ਸਰੀਰਕ, ਮਾਨਸਿਕ ਅਤੇ ਆਤਮਿਕ ਰੂਪਾਂ ਵਿਚ ਸੰਬੰਧਿ ਹੋਣ ਦੇ ਕਾਰਨ ਆਧਾਰ ਦਾ ਸੰਪੂਰਣ ਅਸਤਿਤਵ ਪ੍ਰਭਾਵਿਤ ਹੁੰਦਾ ਹੈ। ਇਹ ਅਨੁਭੂਤੀ ਸਾਡੇ ਹਿਰਦੇ ਤਕ ਸੀਮਤ ਨ ਰਹ ਕੇ ਸਾਰੇ ਜਗਤ ਜਾਂ ਪ੍ਰਕ੍ਰਿਤੀ ਤਕ ਵਿਆਪਤ ਹੋ ਜਾਂਦੀ ਹੈ।[124] ਉਦੀਪਨ ਰੂਪ ਵਿਚ ਪ੍ਰਕ੍ਰਿਤੀ ਜੜ੍ਹ ਤੇ ਚੇਤੰਨ ਦੋਹਾਂ ਰੂਪਾਂ ਵਿਚ ਚਿੱਤ੍ਰਤ ਹੁੰਦੀ ਹੈ।

ਭਾਈ ਸਾਹਿਬ ਦੀ ਕਵਿਤਾ ਵਿਚ ਪ੍ਰਕ੍ਰਿਤੀ ਦਾ ਚੇਤੰਨ ਰੂਪ ਹੀ ਵਧੇਰੇ ਉਜਾਗਰ ਹੁੰਦਾ ਹੈ। ਪ੍ਰਕ੍ਰਿਤੀ ਵਿਚ ਚੇਤਨ ਸੱਤਾ ਦੇ ਵਿਆਪਤ ਹੋਣ ਦੇ ਕਾਰਨ ਪ੍ਰਕ੍ਰਿਤੀ ਦੀਆਂ ਵਸਤਾਂ ਭਾਈ ਸਾਹਿਬ ਨਾਲ ਸਹਾਨਭੂਤੀ ਦਿਖਾਉਂਦੀਆਂ ਉਨ੍ਹਾਂ ਦੇ ਸੁੱਖ ਦੁੱਖ ਵਿਚ ਸ਼ਾਮਲ ਹੁੰਦੀਆਂ ਹਨ। ਇਹੋ ਕਾਰਨ ਹੈ ਕਿ ਭਾਈ

---

of the order of those relations has always been found connected with a perception of the order of the relation of thoughts. Hence the language of poet has ever effected a certain uniform and harmonious recurrance of sound without which it were not poetry." ( P.B. Shelley, Defence of Poetry, Loci-Critici, P. 401 )

122. ਜੀਵਨ ਕੀ ਹੈ, ਲਹਿਰਾਂ ਦੇ ਹਾਰ, ਪੰਨਾ 50

123. ਰਾਣਾ ਸੂਰਤ ਸਿੰਘ, ਪੰਨਾ 157- 158.

124. " So the aesthetic emotion ( part of that 'Tender emotion' which (Contd.)

ਸਾਹਿਬ ਦੇ ਕਾਵਿ ਵਿਚ ਅੰਗ੍ਰੇਜ਼ੀ ਦੇ ਕਵੀ ਕੀਟਸ ਵਾਂਗ ਪ੍ਰਕ੍ਰਿਤੀ ਦੇ ਇੰਦ੍ਰੀਅਕ( sensuous )ਚਿੱਤ੍ਰ ਪ੍ਰਾਪਤ ਹੁੰਦੇ ਹਨ, ਜਿਵੇਂ:

> ਮਿੱਠੇ ਤਾਂ ਲਗਦੇ ਮੈਨੂੰ ਫੁੱਲਾਂ ਦੇ ਹੁਲਾਰੇ
> ਜਾਨ ਮੇਰੀ ਪਰ ਕੁੱਸਦੀ।[125]

ਇਨ੍ਹਾਂ ਤੁੱਕਾਂ ਬਾਰੇ ਪ੍ਰੋ. ਪੂਰਨ ਸਿੰਘ ਜੀ ਦਾ ਕਥਨ ਹੈ "ਏਹੋ ਹਰਫ਼ ਖ਼ਸ ਖਿੜਕੀਆਂ ਹਨ,ਜਿਨ੍ਹਾਂ ਦੇ ਪਿੱਛੇ ਅਰਸ਼ੀ ਤੇ ਰੂਹਾਨੀ ਦੌਲਤਾਂ ਦਾ ਝਾਵਲਾ ਪੈਂਦਾ ਹੈ ਤੇ ਇਉਂ ਜਾਪਦਾ ਹੈ ਕਿ ਪਿਆਰ ਆਪਣੇ ਅਸਲੇ ਦੀ ਤਾਂਘ ਤੇ ਖਾਹ ਹੈ - - - - ਇਨ੍ਹਾਂ ਦੇ ਸਤਰਾਂ ਦਾ ਝਲਕਦਾ ਭਾਵ( suggestiveness) ਅਮੁੱਕ ਹੈ, ਅਨੰਤ ਵਿਸ਼ਾਲਤਾ ( space ) ਇਸ ਵਿਚ ਦਿੱਸ ਰਹੀ ਹੈ।"[126] ਵਿਛੋੜੇ ਦੀ ਚੀਸ ਨੂੰ ਪ੍ਰਕ੍ਰਿਤੀ 'ਕੋਲੋਂ ਦੇ ਗਲ ਲਗੀ ਵੇਲ',[127] 'ਪ੍ਰੀਤ ਵੀਣਾ',[128] 'ਕੰਬਦੀ ਕਲਾਈ' ਵਿਚ ਵੀ ਉਦੀਪਤ ਕਰਦੀ ਹੈ। ਭਾਈ ਸਾਹਿਬ ਦੇ ਇੰਦ੍ਰੀਅਕ ਚਿੱਤ੍ਰਾਂ ਦੀ ਵਿਸ਼ੇਸ਼ਤਾ ਹੈ ਕਿ ਇਹ ਲਿੰਗ- ਭਾਵਨਾ ਉਤੇਜਿਤ ਨਹੀਂ ਕਰਦੇ। ਸਰੀਰਕ ਖਿੱਚਾਂ ਵਾਲੀ ਭੜਕਾਹਟ ਦੀ ਥਾਂ ਅਜੇਹੇ ਚਿੱਤ੍ਰ ਸਾਡੀ ਸੁਰਤ ਨੂੰ ਅਨੰਤ ਵਿਸ਼ਾਲਤਾ ਵਿਚ ਲੀਨ ਕਰ ਦਿੰਦੇ ਹਨ। ਪੰਜਾਬੀ ਕਿੱਸਾਕਾਰਾਂ ਦੇ ਅਜੇਹੇ ਪ੍ਰਕ੍ਰਿਤੀ ਚਿੱਤ੍ਰਨ ਵਿਚ ਕਈ ਥਾਂ ਵਾਸ਼ਨਾ ਦੀ ਭੜਕਾਹਟ ਉਤਪੰਨ ਹੋ ਕੇ ਵਿਲਾਸਮਈ ਜਹੀ ਹੋ ਜਾਂਦੀ ਸੀ,ਪਰ ਭਾਈ ਸਾਹਿਬ ਨੇ ਪੰਜਾਬੀ ਕਵਿਤਾ ਨੂੰ ਇਸ ਦੋਸ਼ ਤੋਂ ਮੁਕਤ ਕਰਕੇ ਪ੍ਰਕ੍ਰਿਤੀ ਉਦੀਪਤ ਇੰਦ੍ਰੀਅਕ ਚਿੱਤ੍ਰਾਂ ਨੂੰ ਸਵੱਛ ਤੇ ਉਸਾਰੂ ਰੂਪ ਵਿਚ ਵਰਤਣ ਦੀ ਲੀਹ ਤੋਰੀ ਹੈ।

**ਸੰਵੇਦਨਾਤਮਿਕ ਪ੍ਰਣਾਲੀ :** ਭਾਈ ਸਾਹਿਬ ਦੇ ਕਾਵਿ ਵਿਚ ਪ੍ਰਕ੍ਰਿਤੀ ਦੀ ਸੰਵੇਦਨਸ਼ੀਲਤਾ ਦੀ ਛਾਇਆ ਸਪਸ਼ਟ ਰੂਪ ਵਿਚ ਪ੍ਰਤਿਬਿੰਬਤ ਦਿਖਾਈ ਦਿੰਦੀ ਹੈ। ਸੰਵੇਦਨਸ਼ੀਲਤਾ ਵਿਚ ਕਵੀ ਵਿਵਰਣ ਦਾ ਵਰਣਨ ਨਹੀਂ ਕਰਦੇ,ਉਹ ਵਧੇਰੇ ਕਰਕੇ ਪ੍ਰਕ੍ਰਿਤੀ ਦੇ ਵਿਸ਼ੇ ਵਿਚ ਅਤੀ ਸੂਖਮ ਤੇ ਜ਼ਰੂਰੀ ਸੰਕੇਤ ਕਰਦੇ ਹਨ,ਉਨ੍ਹਾਂ ਦੀ ਭਾਵਨਾ ਪ੍ਰਕ੍ਰਿਤੀ ਨੂੰ ਆਪਣੇ ਰੰਗ ਵਿਚ ਰੰਗ ਦਿੰਦੀ ਹੈ ਅਤੇ ਭਾਵ- ਆਵੇਸ਼ ਵਿਚ ਕਵੀ ਨੂੰ ਪ੍ਰਕ੍ਰਿਤੀ ਦੇ ਰੂਪ ਵਿਚ ਆਪਣੀ ਪ੍ਰਤੀਕੀਰਤੀ ਦਿਖਾਈ ਦਿੰਦੀ ਹੈ। 'ਰਾਣਾ ਸੂਰਤ ਸਿੰਘ' ਦੇ 'ਮਾਤਾ ਵਿਰਲਾਪ' ਵਾਲੇ ਪ੍ਰਕਰਣ ਵਿਚ ਰਾਣੀ ਦੇ ਗੁੰਮ ਹੋ ਜਾਣ ਤੇ ਦੁੱਖ- ਪੂਰਨ ਮਨ- ਸਥਿਤੀ ਵਿਚ ਝਰਨੇ ਦਾ ਪਾਣੀ ਘਾਬਰਿਆ ਪ੍ਰਤੀਤ ਹੁੰਦਾ ਹੈ,ਜਿਵੇਂ:

---

accompanies the instinct of love, may overflow from the person desired to the objects attached to her, to her attitudes and forms, to her manners of action and speech, and to anything that is her's by possession or resemblance. All the world comes to partake of the fair one's splendour".
( Will Durant, The Mansions of Philosophy, 1929, P. 1?? )

125. ਬਿਜਲੀ ਕੂੰਜ, ਮਟਕ ਹੁਲਾਰੇ, 32

126. ਪ੍ਰੋ. ਪੂਰਨ ਸਿੰਘ, ਭੂਮਿਕਾ ਮਟਕ ਹੁਲਾਰੇ, 23

127. ਲਹਿਰਾਂ ਦੇ ਹਾਰ, 79

128. ਮਟਕ ਹੁਲਾਰੇ, ਪੰਨਾ 61

[illegible]

ਕੜਕੜ ਕਰਦਾ ਇਕ ਭਿੱਜੇ ਉਪਰੋਂ
ਖਰੂਵੇਂ ਪੱਥਰਾਂ ਵਿਚ ਸਿਰ ਟਕਰਾਉਂਦਾ
ਚਿੱਟਾ ਚਾਂਦੀ ਵਾਂਗ ਸਾਰਾ ਝੱਗ ਹੀ—
ਨਾਲਾ ਨਿੱਕਾ ਤੇਜ਼ ਪਾਣੀ ਸੀਤ ਦਾ
ਜਿਕੂੰਰ ਕੋਈ ਹੋਇ ਘਾਬਰ ਮਾਰਿਆ [129]
ਸਿਰਪਟ ਨੱਠਾ ਜਾਇ ਅਟਕ ਜਿ ਆ ਪਵੇ।

ਇਸੇ ਤਰ੍ਹਾਂ 'ਟੋਟ' ਵਾਲੇ ਪ੍ਰਕਰਣ ਵਿਚ ਰਾਣੀ ਨੂੰ ਦੁਖੀ ਮਾਨਸਿਕ ਅਵਸਥਾ ਵਿਚ 'ਮੀਂਹ' ਵੀ 'ਤੋਰ ਬਤੌਰੀ' ਹੋਈ ਲਗਦੀ ਹੈ।[130] 'ਸਤਿਸੰਗ ਅਰਦਾਸ' ਵਾਲੇ ਪ੍ਰਕਰਣ ਵਿਚ ਪ੍ਰੇਮ- ਰਸ ਵਿਚ ਲੀਨ ਰਾਣੀ ਨੂੰ ਅੰਮ੍ਰਿਤ ਵੇਲੇ ਮੀਂਹ ਦੀ ਫੁਹਾਰ 'ਰਸ-ਜੰਗਮ ਪੁਰ ਮੇਰੂ' ਵਸਾਉਂਦੀ ਦਿਸਦੀ ਹੈ।[131]

ਇਹ ਸੁਭਾਵਿਕ ਹੈ ਕਿ ਕਿਸੇ ਵਿਸ਼ੇਸ਼ ਮਨੋ- ਬਿਰਤੀ ਵਿਚ ਵਸਤੂਆਂ ਵਿਸ਼ੇਸ਼ ਰੰਗ ਵਿਚ ਰੰਗੀਆਂ ਪ੍ਰਤੀਤ ਹੁੰਦੀਆਂ ਹਨ। ਪਰ ਇਥੇ ਧਿਆਨ ਰੱਖਣਾ ਚਾਹੀਦਾ ਹੈ ਕਿ ਉਸ ਹੱਦ ਤਕ ਨਾ ਪਹੁੰਚਿਆ ਜਾਏ ਕਿ ਸੰਵੇਦਨ ਪ੍ਰਾਕ੍ਰਿਤਕ ਵਰਣਨ ਦੀ ਸੁੰਦਰਤਾ ਨੂੰ ਹੀ ਨਸ਼ਟ ਕਰ ਦੇਵੇ। ਸੰਵੇਦਨਾਤਮਿਕ ਚਿੱਤ੍ਰਨ ਵਿਚ ਅਨੁਪਾਤ ਦੀ ਬੜੀ ਲੋੜ ਹੈ, ਵਰਨਾ ਪ੍ਰਾਕ੍ਰਿਤਕ ਦ੍ਰਿਸ਼ ਕਵੀ ਦੀ ਭਾਵਨਾ ਤੋਂ ਖਾਲੀ ਰਹ ਕੇ ਬਿਲਕੁਲ ਅਪਰਿਚਤ [illegible] ਲੱਗੇਗਾ। ਭਾਈ ਸਾਹਿਬ ਦੀ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਅਨੁਪਾਤ ਤੇ ਸੁਭਾਵਿਕਤਾ ਦਾ ਖ਼ਿਆਲ ਰੱਖਿਆ ਹੈ। ਇਸੇ ਸੰਵੇਦਨਸ਼ੀਲਤਾ ਕਾਰਨ ਉਨ੍ਹਾਂ ਨੇ ਆਪਣੇ ਸੁੱਖ ਦੁੱਖ ਦਾ ਪ੍ਰਤਿਬਿੰਬ ਪ੍ਰਕ੍ਰਿਤੀ ਦੇ ਨਿਰਮਲ ਦਰਪਣ ਵਿਚ ਦੇਖਣ ਦਾ ਯਤਨ ਕੀਤਾ ਹੈ। 'ਜੀਵਨ ਕੀ ਹੈ' ਵਿਚ ਮੁਟਿਆਰ ਸੱਸੀ ਦੀ ਹੱਦ ਟੱਪ ਕੇ ਜਦ ਖੇੜੇ ਦੀ ਅਵਸਥਾ ਵਿਚ ਵਿਗਸਦੀ ਹੈ, ਉਸ ਨੂੰ ਸਾਰਾ ਜਗਤ 'ਚੁਹਿ ਚੁਹਿ ਰੰਗ' ਰੰਗਿਆ ਪ੍ਰਤੀਤ ਹੁੰਦਾ ਹੈ, ਜਿਵੇਂ:

ਲਾਲੇ ਲਾਲ ਖਿੜੇ ਤੇ ਵਿਗਸੈ ਚੁਹਿ ਚੁਹਿ ਰੰਗ ਰੰਗਾਵੇ।
ਸਭ ਕਲੀਆਂ ਖਿੜੀਆਂ ਤੇ ਹੱਸਣ ਦਿੱਸੇ ਖੇੜਾ ਖੇੜਾ।[132]
ਖੇੜੇ ਦਾ ਇਕ ਫਰਸ਼ ਝਲਕਦਾ ਕੋਲ ਫੁਲਾਂ ਦਾ ਖੇੜਾ।

ਰਹੱਸਾਤਮਿਕ ਸੰਕੇਤ —

ਜਦ ਸੰਵੇਦਨਸ਼ੀਲਤਾ ਕਾਰਨ ਕਵਿ [illegible] ਹਿਰਦੇ ਅਤੇ ਪ੍ਰਕ੍ਰਿਤੀ ਵਿਚ ਘਨਿਸ਼ਠ ਸੰਬੰਧ ਸਥਾਪਤ ਹੋ ਜਾਂਦਾ ਹੈ, ਕਵੀ ਨੂੰ ਪ੍ਰਕ੍ਰਿਤੀ ਤੋਂ ਰਹੱਸਾਤਮਿਕ ਸੰਕੇਤ ਮਿਲਦੇ ਰਹਿੰਦੇ ਹਨ। ਜਿਸ ਪ੍ਰਕਾਰ ਕਵੀ ਦੁੱਖ ਸੁੱਖ ਵਿਚ ਪ੍ਰਕ੍ਰਿਤੀ ਵਲ ਵੇਖਦਾ ਹੈ, ਉਸੀ ਤਰ੍ਹਾਂ ਪ੍ਰਾਕ੍ਰਿਤਕ ਦ੍ਰਿਸ਼ ਵੀ ਕਵੀਆਂ ਨੂੰ ਜਾਗ੍ਰਤ ਕਰਕੇ ਬੁਲਾਂਦੇ ਹਨ। ਭਾਈ ਸਾਹਿਬ ਨੂੰ ਪ੍ਰਕ੍ਰਿਤੀ ਵਿਚ ਵਿਆਪਤ ਚੇਤੰਨਤਾ ਇਹ ਜਾਣਨ ਲਈ ਉਤਸਕ ਕਰਦੀ ਹੈ ਕਿ ਪ੍ਰਕ੍ਰਿਤੀ ਵਿਚ ਵੀ ਆਤਮਾ ਹੈ, ਜਿਸ ਵਿਚ ਮਾਨਵ ਹਿਰਦੇ ਦੇ ਸਮਾਨ ਅਭਿਲਾਖਾਵਾਂ ਤਰੰਗਿਤ ਹੁੰਦੀਆਂ ਹਨ। ਇਸੇ ਲਈ ਭਾਈ ਸਾਹਿਬ ਨੂੰ 'ਵੈਰੀ ਨਾਗ ਦੇ ਪਹਿਲੇ ਝਲਕੇ' ਵਿਚ ਹੀ ਝੀਲ ਦੀ ਸੁੰਦਰਤਾ ਕਿਸੇ

---

129. ਰਾਣਾ ਸੂਰਤ ਸਿੰਘ, ਪੰਨਾ 94, ਪੰਕਤੀ 252-257   130. ਰਾਣਾ ਸੂਰਤ ਸਿੰਘ, ਪੰਨਾ 135
131. ਉਹੀ, ਪੰਨਾ 182   132. ਜੀਵਨ ਕੀ ਹੈ, ਲਹਿਰਾਂ ਦੇ ਹਾਰ, 59

ਇਲਾਹੀ ਮੁਕਤੀ ਵਲ ਸੰਕੇਤ ਕਰਦੀ ਪ੍ਰਤੀਤ ਹੁੰਦੀ ਹੈ:

ਨਾ ਕੁਈ ਨਾਦ ਸਰੋਦ ਸੁਣੀਵੇਂ ਫਿਰ 'ਸੰਗੀਤ-ਰਸ' ਛਾਇਆ।
'ਚੁਪ-ਚਾਨ' ਫਿਰ ਰੂਪ ਤਿਰੇ ਵਿਚ ਕਵਿਤਾ ਰੰਗ ਜਮਾਇਆ।[133]

ਇਸੇ ਤਰ੍ਹਾਂ 'ਕਿਆ ਬਲ'[134] ਦੇ ਨਾਦ ਨੂੰ ਸੁਣ ਕੇ 'ਭਰ ਸਰੂਰ ਸਿਰ ਵਿਚ ਇਕ ਜਾਂਦਾ ਝੂਮ ਇਲਾਹੀ ਲੈਂਦਾ' ਦੇ ਰੰਗ ਵਿਚ ਰੰਗੀਜ ਜਾਂਦੇ ਹਨ। 'ਪ੍ਰੇਮ ਤਰੰਗੀ'[135] ਵਿਚ ਪ੍ਰੀਨਿਆਂ ਨੂੰ ਸੁਰ- ਸਾਗਰ ਦੀ ਅਰਸ਼ ਵਲ ਖਿੱਚ ਪਿੱਛੇ 'ਪ੍ਰੀਤਮ ਦਾ ਦਿਲ ਪ੍ਰੇਮ ਤਰੰਗੀ' ਦਾ ਉਛਾਲਾ ਹੀ ਹੈ। 'ਚਸ਼ਮਾ ਅਨੰਤ ਨਾਗ'[136] ਨਿਰਮਲ ਜਲ ਦੀ ਠੰਢ ਵੰਡਦਾ 'ਅਨੰਤ ਦੀ ਯਾਦ' ਕਰਾਉਂਦਾ ਹੈ। 'ਵੂਲਰ'[137] ਦੀ 'ਨਿਰਜਨ ਛਬਨ' ਤੇ ਕੁਆਰੀ ਰੰਗਤ ਵਿਚੋਂ ਵੀ 'ਰਸ ਅਨੰਤ ਦਾ ਵਰ੍ਹਿਆ' ਪ੍ਰਤੀਤ ਹੁੰਦਾ ਹੈ। ਇਵੇਂ ਇਥੇ ਪ੍ਰਕ੍ਰਿਤੀ ਕਿਸੇ ਪਰੋਖ ਸੱਤਾ ਦੀ ਹੋਂਦ ਦੇ ਰਹੱਸ ਬਾਰੇ ਸੰਕੇਤ ਕਰਦੀ ਹੈ।

<u>ਦਾਰਸ਼ਨਿਕ ਤੱਥ -</u>

ਪ੍ਰਕ੍ਰਿਤੀ ਦੇ ਉਦੀਪਨ ਰੂਪ ਵਿਚ ਭਾਈ ਸਾਹਿਬ ਨੇ ਦਾਰਸ਼ਨਿਕ ਭਾਵਾਂ ਨੂੰ ਵੀ ਉਜਾਗਰ ਕੀਤਾ ਹੈ। ਉਨ੍ਹਾਂ ਨੂੰ ਪ੍ਰਕ੍ਰਿਤੀ ਵਿਚੋਂ ਜੀਵਨ ਦੀ ਅਨੰਤ ਚਾਲ, ਨਾਸ਼ਮਾਨਤਾ, ਅਮਰਤਾ ਆਦਿ ਦੇ ਭਾਵਾਂ ਦੀ ਪੁਸ਼ਟੀ ਮਿਲਦੀ ਹੈ। ਪ੍ਰਕ੍ਰਿਤੀ ਭਾਈ ਸਾਹਿਬ ਨੂੰ ਜੀਵਨ ਦੇ ਅਜ਼ਲੀ ਪ੍ਰਸ਼ਨਾਂ ਦਾ ਉੱਤਰ ਵੀ ਸਹਜ ਹੀ ਦੇ ਜਾਂਦੀ ਹੈ। ਦਾਰਸ਼ਨਿਕ ਤੱਥਾਂ ਨੂੰ ਸਥਾਪਤ ਕਰਨ ਲਈ ਭਾਈ ਸਾਹਿਬ ਨੇ ਇਕ ਨਵੀਂ ਵਿਧੀ ਨੂੰ ਅਪਣਾਇਆ ਸੀ। ਉਹ ਸੀ ਪ੍ਰਕਿਰਤੀ ਦੇ ਰੂਪਾਂ ਨੂੰ ਸੰਬੋਧਨ ਕਰਨਾ ਤੇ ਉਸ ਤੋਂ ਕੋਈ ਤੱਥ ਕੱਢ ਕੇ ਪ੍ਰਗਟ ਕਰਨਾ। ਅਜੇਹੀ ਗੱਲਬਾਤ ਕਵੀ ਦੇ ਅੰਤਰਮੁਖੀ ਭਾਵਾਂ ਦਾ ਹੀ ਉਪ-ਰੂਪ ਹੁੰਦੀ ਹੈ।[138] 'ਚਸ਼ਮਾ ਇਛਾਬਲ ਤੇ ਡੂੰਘੀਆਂ ਸ਼ਾਮਾਂ' ਵਿਚ ਭਾਈ ਸਾਹਿਬ ਚਸ਼ਮੇ ਨਾਲ ਸੰਵਾਦ ਕਰਦਿਆਂ ਉਸ ਦੇ ਹਮੇਸ਼ਾ ਵਗਦੇ ਪਾਣੀ ਦੇ ਵਹਣ ਰਾਹੀਂ ਜੀਵਨ ਦੀ ਅਨੰਤ ਚਾਲ ਵੱਲ ਸੰਕੇਤ ਕਰਦੇ ਹਨ, ਜਿਵੇਂ:

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ ? ਓ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ,[139]
ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।

---

133. ਵੈਰੀ ਨਾਗ ਦਾ ਪਹਲਾ ਝਲਕਾ, ਮਟਕ ਹੁਲਾਰੇ, 98  134. ਮਟਕ ਹੁਲਾਰੇ, 90

135. ਮਟਕ ਹੁਲਾਰੇ, 41  136. ਉਹੀ, 88

137. " 120

138. " The conversations are internal dialogues. They are a mind making itself up in a flux and re-flux, not an over-bearing iteration of pre-rehearsed assertions---- Here the physical environments in which the thinking solitary is placed becomes a living partner in the thinking. It provides objective correlatives of the personal processes."
( John ... Danby, The Simple Wordsworth, Brittain, 1960, P. 91)

139. ਮਟਕ ਹੁਲਾਰੇ, 95

'ਅਟਕ'[140] ਵਿਚ ਨਿਰੰਤਰ ਵਗਦਾ ਪਾਣੀ ਜੀਵਨ ਦੀ ਅਟਿਕ ਚਾਲ ਦਾ ਸੂਚਕ ਹੈ। ਇਵੇਂ ਪ੍ਰਕ੍ਰਿਤੀ ਦੇ ਦ੍ਰਿਸ਼ ਭਾਈ ਸਾਹਿਬ ਨੂੰ ਸਵੈ-ਇਕਾਗਰਤਾ (Self-Unification) ਅਤੇ ਸਵੈ-ਸੇਧ (Self-direction) ਸਵੈ-ਨਿਰੀਖਣ ( Self-Inspection ) ਲਈ ਪ੍ਰੇਰਦੇ ਹਨ।

<u>ਉਪਦੇਸ਼ਾਤਮਿਕ ਪ੍ਰਕ੍ਰਿਤੀ ਚਿਤ੍ਰਨ</u> –

ਭਾਈ ਸਾਹਿਬ ਨੇ ਕਈ ਥਾਂ ਪ੍ਰਕ੍ਰਿਤੀ ਨੂੰ ਸਿੱਧੇ ਉਪਦੇਸ਼ ਦੇ ਰੂਪ ਵਿਚ ਵਰਤਿਆ ਹੈ, ਭਾਵੇਂ ਆਧੁਨਿਕ ਦ੍ਰਿਸ਼ਟੀ ਵਿਚ ਨੈਤਿਕਤਾ ਦਾ ਸਿੱਧਾ ਉਪਦੇਸ਼ ਕਲਾਹੀਣ ਸਮਝਿਆ ਜਾਂਦਾ ਹੈ। ਵੈਸੇ ਉਪਦੇਸ਼ਾਤਮਿਕ ਪ੍ਰਣਾਲੀ ਵਿਚ ਪ੍ਰਕ੍ਰਿਤੀ ਦਾ ਅੰਕਣ ਪੰਜਾਬੀ ਦੇ ਪ੍ਰਾਚੀਨ ਕਵੀਆਂ ਵਿਚ ਵਿਸ਼ੇਸ਼ ਰੂਪ ਵਿਚ ਮਿਲਦਾ ਹੈ। 'ਰਾਣਾ ਸੂਰਤ ਸਿੰਘ' ਵਿਚ ਅਨੇਕ ਥਾਵਾਂ ਤੇ ਪ੍ਰਕ੍ਰਿਤੀ ਦਾ ਆਸਰਾ ਲੈ ਕੇ ਸਿੱਧਾ ਉਪਦੇਸ਼ ਦਿੱਤਾ ਹੈ। 'ਪਲੰਘ' ਵਾਲੇ ਪ੍ਰਕਰਣ ਵਿਚ ਸੰਝ ਦੀ ਓਟ ਲੈ ਕੇ ਭਾਈ ਸਾਹਿਬ ਨੇ ਸਿੱਧਾ ਨਾਮ ਸਿਮਰਣ ਦੀ ਮਹੱਤਤਾ ਨੂੰ ਦੱਸਿਆ ਹੈ, ਜਿਵੇਂ:

'ਸੰਧੀ ਕਹਿੰਦੇ ਕਾਲ ਸਮੇਂ ਸੁ ਏਸ ਨੂੰ
'ਜੀਵ ਪ੍ਰਭੂ ਦੇ ਸੰਧ ਮਿਲਨੇ ਦਾ ਸਮਾਂ
'ਜਿਉਂ ਆਪਣੇ ਨਾਲ ਵੇਲੇ ਸੰਝ ਦੇ
' ਇਹ ਮਿਲਨੇ ਦਾ ਕਾਲ ਕਦੀ ਨ ਖੋਵਣਾ।[141]

ਇਵੇਂ 'ਤ੍ਰੇਲ[142] ਵਿਚ' ਬੱਦਲ 'ਤੇ ਵਿਚ ਕਾਰ ਤੁਸਾਂ ਮੈਂ ਕਰਨੀ– ਸਭ ਮਾਲਕ ਦੀ ਮਾਇਆ' ਦਾ ਉਪਦੇਸ਼ ਦਿੰਦਾ ਹੈ। 'ਮੇਰੀਆਂ ਗੁਲਦਾਊਦੀਆਂ ਦੀ ਵਿਦੈਗੀ'[143] ਵਿਚ ਗੁਲਦਾਊਦੀਆਂ ਮਨੁੱਖ ਨੂੰ ਦੁਨੀਆਂ ਵਿਚ 'ਕੁਝਦੇ ਖਿੜਦੇ ਸਕਦੇ— ਤੇ ਕੁਮਲਾਏ ਮੁਰਝਾਏ' ਦਸਦੀਆਂ ਹਨ।

<u>ਪ੍ਰਕ੍ਰਿਤੀ ਦਾ ਮਾਨਵੀ-ਕਰਨ</u> –

ਭਾਈ ਸਾਹਿਬ ਨੇ ਕਈ ਥਾਵਾਂ ਤੇ ਪ੍ਰਕ੍ਰਿਤੀ ਨੂੰ ਮਾਨਵ ਦਾ ਰੂਪ ਪ੍ਰਦਾਨ ਕੀਤਾ ਹੈ। ਪ੍ਰਕ੍ਰਿਤੀ ਨੂੰ ਮਾਨਵੀ ਰੂਪ ਪ੍ਰਦਾਨ ਕਰਨ ਦਾ ਉਦੇਸ਼ ਹੁੰਦਾ ਹੈ– ਵਸ਼ਿਸ਼ਟ ਭਾਵਾਂ ਦੀ ਵਿਅੰਜਨਾ। ਮਾਨਵੀ-ਕਰਨ ਦੀ ਇਹ ਭਾਵਨਾ ਚੇਤਨੀਕਰਨ ਜਾਂ ਮੂਰਤੀਕਰਨ ਦਾ ਇਕ ਢੰਗ ਹੈ। ਅਚੇਤਨ ਪ੍ਰਕ੍ਰਿਤੀ ਦੇ ਰੂਪਾਂ ਵਿਚ ਜਦੋਂ ਕਵੀ ਚੇਤਨ ਭਾਵ ਪ੍ਰੇਰਿਤ ਚੇਸ਼ਟਾਵਾਂ ਦਾ ਆਰੋਪ ਕਰਦਾ ਹੈ, ਉਸ ਨੂੰ ਚੇਤਨੀਕਰਨ ਕਹਿਆ ਜਾਂਦਾ ਹੈ। ਜਦੋਂ ਪ੍ਰਕ੍ਰਿਤੀ ਦੇ ਰੂਪਾਂ ਨੂੰ ਮੂਰਤੀਮਾਨ ਕਰਕੇ ਉਸ ਦੀ ਸੁੰਦਰਤਾ ਦੇ ਅੰਗ, ਪ੍ਰਤਿਅੰਗ ਤੇ ਚੇਸ਼ਟਾਵਾਂ ਦਾ ਚਿੱਤ੍ਰ ਅੰਕਣ ਕੀਤਾ ਜਾਂਦਾ ਹੈ, ਉਸ ਨੂੰ ਮੂਰਤੀਕਰਨ ਕਹਿਆ ਜਾਂਦਾ ਹੈ। ਭਾਈ ਸਾਹਿਬ ਦੇ ਕਾਵਿ ਵਿਚ ਪ੍ਰਕ੍ਰਿਤੀ ਦੇ ਮਾਨਵੀ-ਕਰਨ ਅਧੀਨ ਕਈ ਥਾਂ ਚੇਤਨੀਕਰਨ, ਕਈ ਥਾਂ ਮੂਰਤੀਕਰਨ ਅਤੇ ਕਈ ਥਾਂ ਇਨ੍ਹਾਂ ਦੋਹਾਂ ਦਾ ਸੰਜੁਗਤ ਪ੍ਰਗਟਾਵਾ ਮਿਲਦਾ ਹੈ।

---

140. ਬਿਜਲੀਆਂ ਦੇ ਹਾਰ, 46
141. ਰਾਣਾ ਸੂਰਤ ਸਿੰਘ, ਪੰਨਾ 121
1[illegible]2. ਲਹਿਰਾਂ ਦੇ ਹਾਰ, ਪੰਨਾ 21
143. ਲਹਿਰਾਂ ਦੇ ਹਾਰ, ਪੰਨਾ 83
[illegible].

ਚੇਤਨੀਕਰਣ—

'ਰਾਣਾ ਸੂਰਤ ਸਿੰਘ' ਦੇ ਮਗਨਤਾ ਵਾਲੇ ਪ੍ਰਕਰਣ ਵਿਚ ਰਾਤ ਦਾ ਚੇਤਨੀਕਰਣ ਮਿਲਦਾ ਹੈ। ਇਥੇ ਰਾਤ ਨੂੰ 'ਚੁਪ, ਹਨੇਰਾ, ਸ਼ਾਂਤ, ਸੀਤ, ਸਹਾਉ' ਦੀ ਸੁਆਮਣ ਦੱਸ ਕੇ ਦੱਬੇ ਪੈਰ ਮਲਕੜੇ ਜਹੇ ਟੁਰਦਿਆਂ ਦੱਸਿਆ ਹੈ, ਜਿਵੇਂ:

ਜਾਗੀ ਸੀ ਜੋ ਰਾਤ ਤਿਲਕੀ ਜਾਂਵਦੀ,
ਲੈਂਦੀ ਜਾਂਦੀ ਨਾਲ ਅਪਨਾ ਮਾਲ ਭੀ:
ਚੁੱਪ ਹਨੇਰਾ, ਸ਼ਾਂਤ, ਸੀਤ ਸੁਹਾਓ ਭੀ
ਭਿੰਨੀ ਭਿੰਨੀ ਮੌਜ ਤ੍ਰੇਲ ਫੁਹਾਰ ਦੀ
ਰਹੀ ਜੁ ਅੰਬਰ ਛਾਇ ਸੁਹਣੀ ਸੁੰਦ੍ਰਤਾ
ਜੋੜਨਹਾਰ ਇਕਾਂਤ, ਅੰਮ੍ਰਿਤ ਚਾਂਦਨੀ,
ਸਭ ਕੁਛ ਮੋਢੇ ਚੁੱਕ ਤੁਰਦੀ ਜਾ ਰਹੀ,
ਦਬੇ ਪੈਰ ਸਾਹ ਵੱਟ ਲੰਘੀ ਅੰਕਰਾ[144]
ਪਤਾ ਨ ਲੱਗਾ ਮੂਲ ਜਾਂਦੀ ਦਾ ਕਿਸੇ।

'ਪਰੀ ਮਹਲ— ਚੜ੍ਹਾਈ' ਵਾਲੇ ਪ੍ਰਕਰਣ ਵਿਚ ਬੱਦਲਾਂ ਨੂੰ ਚੇਤੰਨ ਕਰਕੇ ਰਾਣੀ ਤੇ ਰਾਜਾ ਨੂੰ ਪਰੀ ਮਹਲ ਵਲ ਜਾਂਦਿਆਂ ਸੂਰਜ ਦੀ ਧੁੱਪ ਤੋਂ ਬਚਾਉਣ ਲਈ ਛਾਂ ਕਰਦੇ ਦੱਸਿਆ ਹੈ।[145] 'ਬ੍ਰਿਛ'[146] ਨੂੰ ਧਰਤੀ ਦੇ ਲੋਕ ਤੰਗਦਿਲ ਪ੍ਰਤੀਤ ਹੁੰਦੇ ਹਨ ਅਤੇ ਕਿੱਕਰ[147] ਵੀ ਇਹੀ ਗਿਲਾ ਕਰਦਾ ਹੈ— 'ਮੇਰੇ ਜੋਗ ਖੀ ਤੂੰ ਧੌਲੇ ਹਾਇ ਕੁਹਾੜਾ ਢੂੰਡਿਆ'। 'ਨਿਸ਼ਾਤ ਤੇ ਨੂਰ ਜਹਾਂ' ਵਿਚ ਨਿਸ਼ਾਤ ਬਾਗ਼ ਆਪਣੀ ਜ਼ਬਾਨੀ ਦਸਦਾ ਹੈ ਕਿ ਉਸ ਦੇ ਬੜੇ ਕਦਰਦਾਨ ਆਉਂਦੇ ਹਨ ਪਰ ਜੋ ਪ੍ਰਸੰਨਤਾ ਉਸ ਨੂੰ ਨੂਰ ਜਹਾਂ ਦੇ ਨੈਣਾਂ ਨੂੰ ਵੇਖ ਕੇ ਹੁੰਦੀ ਸੀ, ਉਸ ਦਾ ਸਾਨੀ ਕੋਈ ਨਹੀਂ ਮਿਲਿਆ; ਜਿਵੇਂ:

ਇਤਨਾ ਮਾਲ ਹੁਸਨ ਦਾ ਪਾ ਕੇ ਕਿਉਂ ਦਿਲਗੀਰੀਆਂ ਪਾਵਨ ?
ਮੁਝ ਇਹ ਵਾਕ ਬਾਗ਼ ਜੀ ਰੋਏ ਛੀਟੀ ਰਾਣਿ ਸੁਣਾਵਣ

* * *

ਕਮੀ ਨਹੀਂ ਮੈਂ ਰਹੀ ਕਿਸੇ ਗੱਲ ਖੇੜੇ, ਸੁਹਜ ਸੁਹਾਵਨ
ਅੱਖੀਂ ਭੀ ਲੱਖਾਂ ਆ ਆ ਕੇ ਮੇਰੀ ਕਦਰ ਕਰਾਵਨ,
ਵਾਹ ਵਾਹ ਕਰਨ, ਖਿੜਨ, ਖੁਸ਼ ਹੋਵਨ, ਉਸਤਤਿ ਮੇਰੀ ਗਾਵਨ,
ਅੰਪਰ ਨੈਣ ਓ ਨੂਰ ਜਹਾਂ ਦੇ ਜੋ ਖਿੱਚਾਂ ਵਿਚ ਆਵਨ
ਬਹੁਰੇ ਹੋ ਆਪੇ ਵਿਚ ਖਿਚਦੇ ਨੈਣੀਂ ਨੈਣ ਜਮਾਵਨ।[148]

ਮੂਰਤੀਕਰਣ— 'ਰਾਣਾ ਸੂਰਤ ਸਿੰਘ' ਵਿਚ 'ਬਾਗ਼' ਵਾਲੇ ਪ੍ਰਕਰਣ ਵਿਚ ਊਸ਼ਾ ਦਾ ਸੁੰਦਰ ਮੂਰਤੀਕਰਣ ਮਿਲਦਾ ਹੈ। ਊਸ਼ਾ ਨੂੰ ਸੁਰਮੀਲੀ ਨਾਰ ਵਾਂਗ ਉਸ ਸਮੇਂ ਘੁੰਡ ਚੁਕ ਕੇ ਦਰਸ ਦਿਖਾਉਂਦਿਆਂ ਦੱਸਿਆ ਹੈ ਜਦ

---

144. ਰਾਣਾ ਸੂਰਤ ਸਿੰਘ, ਪੰਨਾ 39, ਪੰਕਤੀ 152-161
145. ਰਾਣਾ ਸੂਰਤ ਸਿੰਘ, ਪੰਨਾ 57 146. ਲਹਿਰਾਂ ਦੇ ਹਾਰ, ਪੰਨਾ 25
147. ਲਹਿਰਾਂ ਦੇ ਹਾਰ, " 70 148. ਮਟਕ ਹੁਲਾਰੇ, 135-136

ਸੂਰਜ- ਚੰਨ ਤੇ ਸਿਤਾਰੇ ਅਲੋਪ ਹੋ ਜਾਂਦੇ ਹਨ, ਜਿਵੇਂ:

ਇਸ ਨੂੰ "ਊਸ਼ਾ" ਪ੍ਰਕਾਸ਼ ਪੰਡਤ ਆਖਦੇ
ਦੋ ਵੇਲੇ ਦੀਦਾਰ ਹੈ ਏ ਦੇਂਵਦੀ।
ਏ ਸੁਰਮੀਲੀ ਨਾਰ, ਚਿੱਟੀ, ਸੋਹਣੀ
ਜਦ ਬੀਤੇ ਹੈ ਰਾਤ ਨਿਕਲੇ ਹੈ ਤਦੋਂ ,-
ਨਾ ਸੂਰਜ ਨਾ ਚੰਦ ਤਾਰੇ ਹੋਣ ਨਾ
ਤਦ ਚੁਕਦੀ ਏ ਘੁੰਡ ਦਰਸ ਦਿਖਾਂਵਦੀ।[149]

'ਰਾਣਾ ਸੂਰਤ ਸਿੰਘ'[150] ਵਿਚ 'ਸਤਿਸੰਗ- ਅਰਦਾਸ' ਵਾਲੇ ਪ੍ਰਕਰਣ ਵਿਚ ਆਕਾਸ਼ ਵਿਚ ਸਿਤਾਰਿਆਂ ਨੂੰ ਇਕ ਸਭਾ ਦੇ ਰੂਪ ਵਿਚ ਬੈਠਿਆਂ ਉਲੀਕਿਆ ਗਇਆ ਹੈ, ਜਿਸ ਦੀ ਪ੍ਰਧਾਨਗੀ ਧ੍ਰੂ ਰਾਜ ਕਰ ਰਹਿਆ ਹੈ।

ਪ੍ਰਕ੍ਰਿਤੀ ਦਾ ਮਾਨਵੀਕਰਨ ਕਰਕੇ ਭਾਈ ਸਾਹਿਬ ਨੇ ਪ੍ਰਕ੍ਰਿਤੀ ਦੇ ਲੌਕਿਕ( Secular) ਰੂਪ ਨੂੰ ਵੀ ਉਘਾੜਿਆ ਹੈ। 'ਚੰਪਕ ਦਾ ਚਸ਼ਮਾ'[151] ਬਿਨਾਂ ਕਿਸੇ ਪਖਪਾਤ ਦੇ ਰੋਗੀਆਂ ਤੇ ਪਤਿਤਾਂ ਦੇ ਰੋਗਾਂ ਨੂੰ ਠੀਕ ਕਰਦਾ ਹੈ। 'ਇੱਛਾਬਲ'[152] ਦਾ ਪਾਣੀ ਵੀ ਦੱਸਦਾ ਹੈ ਕਿ ਉਸ ਦੇ ਕਿਨਾਰੇ ਸ਼ਹਨਸ਼ਾਹ, ਅਮੀਰ, ਕੰਗਲੇ, ਗ਼ਰੀਬ ਸਾਰੇ ਆ ਕੇ ਇਕੋ ਜੇਹਾ ਸੁੱਖ ਪ੍ਰਾਪਤ ਕਰ ਗਏ ਹਨ। ਭਾਈ ਸਾਹਿਬ ਨੂੰ ਪ੍ਰਕ੍ਰਿਤੀ ਦਰਗਤ-ਵਰਗ ਵਾਂਗ ਮਾਂ ਦੇ ਰੂਪ ਵਿਚ ਹਮਦਰਦ ਅਤੇ ਪਰਉਪਕਾਰ ਭਰੀ ਲਗਦੀ ਹੈ। 'ਗਾਂਧਰ ਬਲ'ਦੀ ਪ੍ਰਕ੍ਰਿਤਕ ਸੁੰਦਰਤਾ ਭਰਪੂਰ ਵਾਯੂਮੰਡਲ ਮਾਂ ਵਰਗਾ ਸੁੱਖ ਦਿੰਦਾ ਹੈ।[153]

**ਪ੍ਰਤੀਕਾਤਮਿਕ ਅਤੇ ਅਲੰਕਾਰਕ ਪ੍ਰਕ੍ਰਿਤੀ ਚਿੱਤ੍ਰਨ -**

ਭਾਈ ਸਾਹਿਬ ਨੇ ਪ੍ਰਕ੍ਰਿਤੀ ਦੀ ਪ੍ਰਤੀਕਾਤਮਿਕ ਅਤੇ ਅਲੰਕਾਰ ਯੋਜਨਾ ਲਈ ਵੀ ਕਾਫ਼ੀ ਵਰਤੋਂ ਕੀਤੀ ਹੈ। ਉਨ੍ਹਾਂ ਨੇ ਭਾਵ- ਵਿਅੰਜਨਾ ਦੇ ਖੇਤਰ ਵਿਚ ਇਨ੍ਹਾਂ ਦੀ ਮਹੱਤਤਾ ਨੂੰ ਪੂਰੀ ਤਰ੍ਹਾਂ ਸਮਝਿਆ ਹੈ। ਭਾਈ ਸਾਹਿਬ ਜਾਣਦੇ ਸਨ ਕਿ ਪ੍ਰਤੀਕਾਂ ਅਤੇ ਅਲੰਕਾਰਾਂ ਦੁਆਰਾ ਸਭ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਮਾਰਮਿਕ ਰੂਪ ਵਿਚ ਪ੍ਰਗਟ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਇਸ ਵਿਧੀ ਦਾ ਪ੍ਰਯੋਗ ਕੇਵਲ ਸਜਾਵਟ ਲਈ ਨਹੀਂ ਕੀਤਾ, ਸਗੋਂ ਇਸ ਨੂੰ ਕਵਿਤਾ ਦਾ ਆਧਾਰ ਭੂਤ ਅੰਗ ਬਣਾ ਕੇ ਕੀਤਾ ਹੈ।

ਕਵੀ ਦੇ ਭਾਵ- ਆਵੇਸ਼ ਨਾਲ ਭਰਪੂਰ ਪ੍ਰਤੀਕ ਪਾਠਕਾਂ ਵਿਚ ਵੀ ਭਾਵਨਾ ਜਗਾਣ ਦੇ ਸਮਰਥ ਹੁੰਦੇ ਹਨ। ਭਾਈ ਸਾਹਿਬ ਦੀ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਪ੍ਰਕ੍ਰਿਤੀ ਵਿਚੋਂ ਨਵੇਂ ਪ੍ਰਤੀਕ ਲੱਭਣ ਦਾ ਯਤਨ ਕੀਤਾ ਹੈ। 'ਮਟਕ ਹੁਲਾਰੇ' ਵਿਚ 'ਕਸ਼ਮੀਰ ਨਜ਼ਾਰਿਆਂ' ਨੂੰ ਨਵੇਂ ਪ੍ਰਤੀਕਾਂ ਦੇ ਰੂਪ ਵਿਚ ਵਰਤ ਕੇ ਭਾਈ ਸਾਹਿਬ ਨੇ ਮੌਲਿਕਤਾ ਦੀ ਸਾਖ ਭਰੀ ਹੈ। 'ਚਸ਼ਮਾ ਸ਼ਾਹੀ'[154] ਪਰਉਪਕਾਰ ਦਾ ਪ੍ਰਤੀਕ ਹੈ। 'ਚੰਬੇ ਚਾਰਵਨ[155]

---

149. ਰਾਣਾ ਸੂਰਤ ਸਿੰਘ, ਪੰਨਾ 42
150. ਰਾਣਾ ਸੂਰਤ ਸਿੰਘ, ਪੰਨਾ 180
151. ਮਟਕ ਹੁਲਾਰੇ, 89
152. ਮਟਕ ਹੁਲਾਰੇ, 92
153. ਸੁਖ ਦਾ ਪਿੜ ਇਹ ਥਾਉਂ ਕੁਦਰਤ ਸੋਹਣੀ
ਵਾਙੂੰ ਪਯਾਰੀ ਮਾਊਂ ਬਾਲਾਂ ਵਾਸਤੇ
(ਉਹੀ, 119)
154. ਮਟਕ ਹੁਲਾਰੇ, 92
155. ਉਹੀ, 83

'ਅਨੰਤ ਨਾਗ'[156], 'ਇੰਛਾਬਲ ਦਾ ਨਾਦ'[157], 'ਲਿੱਪੜ ਨੈਂ'[158], 'ਪਹਿਲ ਗਾਮ'[159] ਇਲਾਹੀ ਖੇੜੇ ਦੇ ਪ੍ਰਤੀਕ ਹਨ। 'ਭੂੰਡਿਆ ਤੋਤਾ'[160], 'ਗੰਗਾ ਰਾਮ'[161], 'ਬਿਸਮਿਲ ਮੋਰ'[162] ਬਦੇਸ਼ੀ ਗੁਲਾਮੀ ਵਿਚ ਵਲੂੰਧਰੀ ਆਤਮਾ ਦੇ ਪ੍ਰਤੀਕ ਹਨ। 'ਹਿਮਾਲਯ- ਗੰਗਾ- ਸਮੁੰਦਰ'[163], 'ਅਟਕ'[164], 'ਜਮਨਾ'[165] ਜੀਵਨ ਦੀ ਅਨੰਤ ਚਾਲ ਦੇ ਸੰਕੇਤ ਹਨ। ਇਵੇਂ ਭਾਈ ਸਾਹਿਬ ਦੀ ਪ੍ਰਤੀਕਾਂ ਦੀ ਚੋਣ ਵਿਚ ਨਵੀਨਤਾ ਅਤੇ ਪ੍ਰਭਾਵ ਦੇ ਲਈ ਨਵੇਂ ਨਵੇਂ ਪ੍ਰਤੀਕਾਂ ਦੀ ਉਦਭਾਵਨਾ ਸਪਸ਼ਟ ਮਿਲਦੀ ਹੈ।

ਭਾਈ ਸਾਹਿਬ ਨੇ ਪ੍ਰਕ੍ਰਿਤੀ ਨਾਲ ਡੂੰਘੀ ਸਾਂਝ ਸਥਾਪਤ ਕੀਤੀ ਸੀ ਅਤੇ ਪ੍ਰਕ੍ਰਿਤੀ ਨੇ ਉਨ੍ਹਾਂ ਨੂੰ ਨਵੇਂ ਅਲੰਕਾਰਾਂ ਦੀ ਯੋਜਨਾ ਵਿਚ ਵੀ ਬਹੁਤ ਸਹਾਇਤਾ ਕੀਤੀ ਸੀ। ਕੁਝ ਉਦਾਹਰਣਾਂ ਪ੍ਰਸਤੁਤ ਹਨ:

1. ਖਿੜੀ ਚਾਂਦਨੀ ਵਾਂਗ ਪਾਰੇ ਛੰਭ ਦੇ[166]
2. ਹੁਣ ਖੁਲ੍ਹੇ ਬੁਲ੍ਹ ਸਿੱਪ ਨਿਕਲੇ ਚਾਕ ਏ,[167]
3. ਸਰਪ ਕੁੰਜ ਦੇ ਵਾਂਗ ਸਿੱਖ ਤਿਆਗਦੇ[168]
   ਦੇਹੀ ਨੂੰ ਖਿਹ ਜਾਣ ਹੈ ਛਿਨ ਭੰਗਰੀ
4. ਦੂਹੁੰ ਵੱਲੋਂ ਕੁਈ ਵਾਜ ਨ ਆਈ,—
   ਕਿਰਨ ਜਿਵੇਂ ਮਿਲਿ ਕਿਰਨ ਸਮਾਈ।[169]
5. ਛੁੱਟੀ ਕੂੰਜ ਜਿਉਂ ਡਾਰੋਂ
   ਆਪਣੇ ਕੰਤੋਂ ਵਿਛੁੰਨੀ[170]
6. ਪਾਰੇ ਦੇ ਡਲ ਵਾਂਗ ਛੰਭ ਇਕ
   ਚਿੱਟਾ ਸਾਫ਼ ਸੁਹਾਵਾ[171]

ਭਾਈ ਸਾਹਿਬ ਦੇ ਪ੍ਰਕ੍ਰਿਤੀ ਦੇ ਖੇਤਰ ਤੋਂ ਲਏ ਅਲੰਕਾਰਾਂ ਦੀ ਇਕ ਹੋਰ ਵਿਸ਼ੇਸ਼ਤਾ ਇਹ ਵੀ ਹੈ ਕਿ ਉਨ੍ਹਾਂ ਨੇ ਪ੍ਰਕ੍ਰਿਤੀ ਦੇ ਖੇਤਰ ਵਿਚੋਂ ਵਿਗਿਆਨ( Science ) ਅਤੇ ਜੀਵ- ਵਿਗਿਆਨ( Biology) ਦੀਆਂ ਸਥਾਪਤ ਕੀਤੀਆਂ ਸਚਾਈਆਂ ਰਾਹੀਂ ਆਪਣੇ ਡੂੰਘੇ ਭਾਵਾਂ ਨੂੰ ਸਪਸ਼ਟ ਕੀਤਾ ਹੈ। ਨਿਊਟਨ ਨੇ ਗੁਰਤਵਾਕਰਸ਼ਣ ਦੇ ਸਿੱਧਾਂਤ ( Law of Gravitation) ਵਿਚ ਦੱਸਿਆ ਹੈ ਕਿ ਧਰਤੀ ਵਿਚ ਖਿੱਚਣ ਦੀ ਸ਼ਕਤੀ ਹੈ ਤੇ ਇਸ ਖਿੱਚ ਤੱਤ ਕਾਰਨ ਸੰਸਾਰ ਦੀਆਂ ਸਭ ਵਸਤੂਆਂ ਵਿਚ ਖਿੱਚ ਸ਼ਕਤੀ ਵਿਦਮਾਨ ਹੈ। ਭਾਈ ਸਾਹਿਬ ਵੀ ਇਸ ਦਾ ਉਲੇਖ ਕਰਦੇ ਹਨ:

---

156. ਮਟਕ ਹੁਲਾਰੇ, 88
157. ਮਟਕ ਹੁਲਾਰੇ 90
158. ਉਹੀ, 107
159. ਉਹੀ 109
160. ਲਹਿਰਾਂ ਦੇ ਹਾਰ 187
161. ਬਿਜਲੀਆਂ ਦੇ ਹਾਰ, 88
162. ਉਹੀ 171
163. ਲਹਿਰਾਂ ਦੇ ਹਾਰ, 102
164. ਬਿਜਲੀਆਂ ਦੇ ਹਾਰ, 44
165. ਉਹੀ, 89
166. ਰਾਣਾ ਸੂਰਤ ਸਿੰਘ, ਪੰਨਾ 21
167. ਰਾਣਾ ਸੂਰਤ ਸਿੰਘ ਪੰਨਾ 28
168. ਉਹੀ, ਪੰ: 49
169. ਪ੍ਰੀਤ ਵੀਣਾ ਪੰ: 13
170. ਕੰਤ ਮਹੇਲੀ, ਪੰ: 10
171. ਜੀਵਨ ਕੀ ਹੈ, ਲਹਿਰਾਂ ਦੇ ਹਾਰ, 43

ਫਿਰ 'ਜਜ਼ੁ ਸ੍ਰਿਸ਼ਟੀ- ਪ੍ਰੇਮ' ਹੋਵੇ ਤੇਰ੍ਹਵਾਂ
ਇਕ ਦੂਏ ਵਲ ਖਿੱਚ ਤੱਤ ਸੰਸਾਰ ਦੇ -.....
ਚੁੰਬਕ ਪੱਥਰ ਵਿਚ ਵੀ ਇਕ ਖਿੱਚ ਹੈ,
ਤੱਤਾਂ ਤੱਤਾਂ ਵਿਚ ਕਈ ਇਕ ਭੌਲ ਹੈ
ਖਿੱਚ ਰਹੀ ਹੈ ਵਯਾਪ ਸਾਰੇ ਦੇਖ ਲੈ।
ਅਣੂ ਪ੍ਰਮਾਣੂ ਵਿਚ ਵਯਾਪੀ ਖਿੱਚ ਹੈ।[172]

* * *

ਇਹ ਵੀ ਇਕ ਵਿਗਿਆਨਕ ਸੱਚ ਹੈ ਕਿ ਚੰਦਰਮਾ ਆਪਣੀ ਰੋਸ਼ਨੀ ਸੂਰਜ ਤੋਂ ਪ੍ਰਾਪਤ ਕਰਦਾ ਹੈ। ਇਸੇ ਆਧਾਰ ਤੇ ਰਾਣੀ ਰਾਜ ਕੌਰ ਵੀ ਆਪਣੇ ਆਪ ਨੂੰ ਚੰਦਰਮਾ ਸਮਝ ਕੇ ਸੂਰਜ ਰੂਪ ਰਾਣਾ ਸੂਰਤ ਸਿੰਘ ਤੋਂ ਰੋਸ਼ਨੀ ਲਈ ਅਰਜ਼ੋਈ ਕਰਦੀ ਹੈ,ਜਿਵੇਂ:

'ਜਿਕੁਰ ਟੁਕੜੀ ਚੰਦ ਚਮਕੇ ਸੱਖਣੀ,
'ਭਰੀ ਹਨੇਰੇ ਨਾਲ ਮੈਲੇ ਰੰਗ ਹੈ
'ਪਰ ਸੂਰਜ ਕਿਰਪਾਲ ਤੇਜ ਰੂਪ ਚੜ੍ਹਾਵਦੀ
'ਟੁਕੜੀ ਚੰਦ ਚਮਕ ਤਦ ਹੈ ਉਠਦੀ

* * * * * * *

'ਤਿਵੇਂ ਹੀ ਸੂਰਜ ਆਪ ਆਪਣੇ ਤੇਜ ਦੇ
' ਮੈਨੂੰ ਨੂਰੋ ਨੂਰ ਨੂਰੋਂ ਆਪਣੇ -[173]
' ਕਰਕੇ ਕਦੀ ਨ ਦੂਰ ਮੈਥੋਂ ਹੋਵਣਾ।

ਜੀਵ- ਵਿਗਿਆਨ ਵਿਚ ਇਹ ਮੰਨਿਆ ਜਾਂਦਾ ਹੈ ਕਿ ਤਿੱਤਲੀ ਦਾ ਵਿਕਾਸ ਸੁੰਡੀ (Cater-piller)ਤੋਂ ਹੁੰਦਾ ਹੈ। ਸੁੰਡੀ ਕੋਏ ਵਿਚ ਹੀ ਵਿਕਸਿਤ ਹੋ ਕੇ ਤਿੱਤਲੀ ਦੇ ਰੂਪ ਵਿਚ ਵਿਕਸਿਤ ਹੁੰਦੀ ਹੈ। ਭਾਈ ਸਾਹਿਬ ਨੇ ਵੀ ਸੁੰਡੀ ਦੇ ਅਲੰਕਾਰ ਰਾਹੀਂ ਸਪਸ਼ਟ ਕੀਤਾ ਹੈ ਕਿ ਪਰਮਾਤਮਾ ਤੋਂ ਵਿਛੜ ਕੇ ਅਸੀਂ ਸੁੰਡੀ [illegible] ਵਾਂਗ ਨਿਕਾਰੇ ਹੋ ਜਾਂਦੇ ਹਾਂ, ਪਰ ਜਦ ਅੰਤਰ- ਗਿਆਨ ਦੁਆਰਾ ਪ੍ਰਭੂ ਦੀ ਪਛਾਣ ਹੁੰਦੀ ਹੈ, ਜੀਵਨ ਵੀ ਤਿਤਲੀ ਵਾਂਗ ਵਿਕਾਸ ਕਰਕੇ ਰੱਬੀ- ਰੰਗ ਵਿਚ ਰੰਗਿਆ ਜਾਂਦਾ ਹੈ,ਜਿਵੇਂ:

ਮੈਂ ਸੁੰਡੀ ਸਾਂ ਭੁੰਞੇ ਰੁਲਦੀ ਕੀੜਯੋਂ ਵੱਧ ਨਿਕਾਰੀ
ਮੈਨੂੰ ਕਯਾਤ ਛੁਰੀ: ਹਾਂ ਮੈਂ ਭੀ ਜੋਤਿ ਸੁੰਦਰਤਾ ਸਾਰੀ;
ਏਸ ਖੁਸ਼ੀ ਬੇਹੋਸ਼ ਹੋ ਗਈ, ਮੁੜੀ ਹੋਸ਼ ਕੀ ਵੇਖਾਂ ?[174]
ਨਿਕਲ ਪਏ ਪਰ ਮੀਨਾਕਾਰੀ,ਵਾਸ ਫੁੱਲਾਂ ਦੀ ਵਾੜੀ !

ਇਸੇ ਤਰ੍ਹਾਂ ਹੋਰ ਵੀ ਅਨੇਕ ਥਾਂਵਾਂ ਤੇ ਭਾਈ ਸਾਹਿਬ ਨੇ ਅਲੰਕਾਰ ਯੋਜਨਾ ਲਈ ਪ੍ਰਕ੍ਰਿਤੀ ਨੂੰ ਵੰਨ-ਸੁ-ਵੰਨੇ ਰੂਪ ਵਿਚ ਵਰਤਿਆ ਹੈ। ਇਹ ਪ੍ਰਯੋਗ ਬਹੁ- ਰੰਗੀ ਤੇ ਕਈ ਪੱਖੋਂ ਨਵੀਨ,ਵਾਸਤਵਿਕ ਅਤੇ ਵਿਗਿਆਨਕ ਹੈ।

---

172. ਰਾਣਾ ਸੂਰਤ ਸਿੰਘ,ਪੰਨਾ 133
173. ਉਹੀ,ਪੰਨਾ 183,ਪੰਕਤੀ 202-212
174. ਬਿਜਲੀਆਂ ਦੇ ਹਾਰ,ਪੰਨਾ 36.

**ਨਿਸ਼ਕਰਸ਼ :-**

ਸੰਖੇਪ ਵਿਚ ਇਹ ਸਵੀਕਾਰ ਕਰਨਾ ਪੈਂਦਾ ਹੈ ਕਿ ਆਧੁਨਿਕ ਪੰਜਾਬੀ ਕਾਵਿ ਵਿਚ ਸਭ ਤੋਂ ਪਹਿਲਾਂ ਭਾਈ ਸਾਹਿਬ ਨੇ ਹੀ ਸੁਚੇਤ ਤੌਰ ਤੇ ਆਪਣੀ ਕਵਿਤਾ ਵਿਚ ਪ੍ਰਕ੍ਰਿਤੀ ਦੇ ਭਰਪੂਰ ਤੇ ਬਹੁ-ਮੁਖੀ ਚਿੱਤ੍ਰਨ ਦੀ ਪਰੰਪਰਾ ਨੂੰ ਸ਼ੁਰੂ ਕੀਤਾ ਹੈ,ਜਿਸ ਕਰਕੇ ਪ੍ਰਕ੍ਰਿਤੀ ਚਿੱਤ੍ਰਨ ਉਨ੍ਹਾਂ ਦੇ ਕਾਵਿ ਦੀ ਇਕ ਪ੍ਰਮੁੱਖ ਵਸ਼ਿਸ਼ਟਤਾ ਬਣ ਗਇਆ ਹੈ। ਪ੍ਰਕ੍ਰਿਤੀ ਪ੍ਰੇਮ ਭਾਈ ਸਾਹਿਬ ਦੇ ਸੰਸਕਾਰਾਂ ਵਿਚ ਗੁਸਿਆ ਸੀ ਅਤੇ ਪ੍ਰਕ੍ਰਿਤੀ ਸੰਬੰਧੀ ਉਨ੍ਹਾਂ ਦਾ ਦ੍ਰਿਸ਼ਟੀਕੋਣ ਬੜਾ ਸਵਸਥ ਤੇ ਨੈਸਰਗਿਕ ਸੀ। ਭਾਈ ਸਾਹਿਬ ਲਈ ਪ੍ਰਕ੍ਰਿਤੀ ਜੜ੍ਹ ਨਹੀਂ, ਸਗੋਂ ਸਚੇਤਨ ਸੱਤਾ ਸੀ। ਇਸੇ ਲਈ ਉਨ੍ਹਾਂ ਦਾ ਪ੍ਰਕ੍ਰਿਤੀ ਚਿੱਤ੍ਰਨ ਸਜੀਵ ਤੇ ਸੁਭਾਵਿਕ ਹੈ। ਭਾਈ ਸਾਹਿਬ ਤਾਂ ਪ੍ਰਕ੍ਰਿਤੀ ਦੀ ਸੁੰਦਰਤਾ ਦੇ ਸਾਮ੍ਹਣੇ ਅਨੰਦ-ਅਨੁਭੂਤ ਹੋ ਕੇ ਭਾਵਾਤਮਿਕ ਮਨ-ਸਥਿਤੀ ਵਿਚ ਸਭ ਕੁਝ ਭੁੱਲ ਜਾਂਦੇ ਸਨ। ਪ੍ਰਕ੍ਰਿਤੀ ਦੀ ਸੁੰਦਰਤਾ ਜਿੱਥੇ ਉਨ੍ਹਾਂ ਨੂੰ ਕੀਲ ਲੈਂਦੀ ਸੀ,ਉਥੇ ਇਸੇ ਦੀ ਸਹਾਇਤਾ ਨਾਲ ਉਹ ਆਪਣੇ ਗੁੱਝੇ ਰਹੱਸ ਦੇ ਭੇਦਾਂ ਨੂੰ ਸਹਜੇ ਹੀ ਅਭਿਵਿਅਕਤ ਕਰ ਜਾਂਦੇ ਸਨ। ਪ੍ਰਕ੍ਰਿਤੀ ਆਪਣੇ ਆਪ ਵਿਚ ਰਹੱਸਮਈ,ਸੁੰਦਰਤਾ ਭਰਪੂਰ,ਮੁਕਤ ਅਤੇ ਆਵੇਸ਼ਪੂਰਣ ਹੈ। ਇਸ ਦੇ ਇਨ੍ਹਾਂ ਗੁਣਾਂ ਦੀ ਸਹਾਇਤਾ ਨਾਲ ਭਾਈ ਸਾਹਿਬ ਨੇ ਆਪਣੇ ਮਨ ਦਾ ਉਲਾਸ ਅਤੇ ਅੰਦੋਲਨ ਵਿਅੰਜਿਤ ਕੀਤਾ ਸੀ। ਸਾਰੀ ਪ੍ਰਕ੍ਰਿਤੀ ਉਨ੍ਹਾਂ ਦੀ ਮੁਕਤ ਕਲਪਨਾ ਦਾ ਖੇਤਰ ਬਣ ਗਈ ਸੀ ਅਤੇ ਇਸ ਵਿਚ ਹੀ ਉਹ ਆਪਣੇ ਆਦਰਸ਼ ਸੁਪਨਿਆਂ ਦੀ ਛਾਇਆ ਵੇਖਦੇ ਸਨ।

ਭਾਈ ਸਾਹਿਬ ਨੇ ਪ੍ਰਕ੍ਰਿਤੀ ਨੂੰ ਜੀਵਨ ਅਤੇ ਭਾਵਾਂ ਦੇ ਪੱਧਰ ਤੇ ਗ੍ਰਹਣ ਕਰਨ ਦੇ ਨਾਲ ਇਸ ਨੂੰ ਜਿਸ ਵਿਆਪਕ ਚੇਤਨਾ ਨਾਲ ਉਦਭਾਸਿਤ ਅੰਕਿਤ ਕੀਤਾ ਹੈ, ਉਸ ਵਿਚ ਕਲਪਨਾਤਮਿਕ ਸੌਂਦ੍ਰਯ ਬੋਧ ਦਾ ਰੰਗ ਵੀ ਸਮਾਇਆ ਹੋਇਆ ਹੈ। ਉਨ੍ਹਾਂ ਨੇ ਪ੍ਰਕ੍ਰਿਤੀ ਨੂੰ ਮਨੁੱਖੀ ਭਾਵਾਂ ਦੇ ਨਾਲ ਅਨੇਕ ਸੂਖਮ ਸੰਕੇਤਾਂ ਅਤੇ ਵਿਅੰਜਨਾਵਾਂ ਰਾਹੀਂ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਪ੍ਰਕ੍ਰਿਤੀ ਨੂੰ ਸਿਰਫ਼ ਕਥਾ ਦੇ ਆਧਾਰ ਜਾਂ ਪਿਠ-ਭੂਮੀ ਦੇ ਤੌਰ ਤੇ ਹੀ ਨਹੀਂ ਵਰਤਿਆ,ਸਗੋਂ ਇਥੇ ਪ੍ਰਕ੍ਰਿਤੀ ਅਤੇ ਜੀਵਨ ਇਕ ਦੂਸਰੇ ਵਿਚ ਸਮੋਏ ਹੋਏ ਮਿਲਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਲਈ ਪ੍ਰਕ੍ਰਿਤੀ ਅਨੁਭਵ ਜਾਂ ਸੰਵੇਦਨ ਦਾ ਵਸਤੂ-ਰੂਪ ਆਲੰਬਨ ਮਾਤ੍ਰ ਹੀ ਨਹੀਂ,ਸਗੋਂ ਇਹ ਉਨ੍ਹਾਂ ਦਾ ਵਿਆਪਕ ਕਲਪਨਾ ਖੇਤਰ ਹੈ। ਇਵੇਂ ਰੂਪ ਤੇ ਭਾਵ ਦੀ ਵਿਅੰਜਨਾ ਦੇ ਆਧਾਰ ਤੇ ਉਨ੍ਹਾਂ ਦੇ ਪ੍ਰਕ੍ਰਿਤੀ ਚਿੱਤ੍ਰ ਸਾਰੇ ਵਾਤਾਵਰਣ ਨੂੰ ਸਜੀਵਤਾ ਨਾਲ ਪੇਸ਼ ਕਰਦੇ ਹਨ। ਉਨ੍ਹਾਂ ਨੇ ਮਾਨਵੀ ਸਰੀਰ,ਮਧ-ਕ੍ਰੀੜਾਵਾਂ ਅਤੇ ਸੰਵੇਗਾਂ ਦਾ ਆਰੋਪ ਪ੍ਰਕ੍ਰਿਤੀ ਤੇ ਕੀਤਾ ਹੈ ਅਤੇ ਇਸ ਪ੍ਰਕਾਰ ਦੇ ਆਰੋਪਾਂ ਨਾਲ ਰੂਪ-ਚਿੱਤ੍ਰ ਦੇ ਸਥਾਨ ਤੇ ਭਾਵਾਂ ਦੀ ਵਿਅੰਜਨਾ ਪ੍ਰਮੁੱਖ ਹੋ ਗਈ ਹੈ।

ਭਾਈ ਸਾਹਿਬ ਦੇ ਪ੍ਰਕ੍ਰਿਤੀ-ਚਿੱਤ੍ਰਨ ਦੇ ਵਿਭਿੰਨ ਪ੍ਰਯੋਗਾਂ ਤੋਂ ਸਪਸ਼ਟ ਹੈ ਕਿ ਉਨ੍ਹਾਂ ਨੇ ਪ੍ਰਕ੍ਰਿਤੀ-ਚਿੱਤ੍ਰਨ ਦੇ ਪੁਰਾਣੇ ਢੰਗਾਂ ਨੂੰ ਵੀ ਅਪਣਾਇਆ ਹੈ,ਜਿਸ ਵਿਚ ਇਹ ਪਹਿਲਾਂ ਵਰਤੀ ਜਾਂਦੀ ਸੀ ਅਤੇ ਪ੍ਰਕ੍ਰਿਤੀ-ਚਿੱਤ੍ਰਨ ਦੇ ਨਵੇਂ ਰੂਪਾਂ ਨੂੰ ਜੋ ਆਧੁਨਿਕ ਸਮੇਂ ਵਿਚ ਪ੍ਰਚਲਿਤ ਹੋਏ ਸਨ,ਨੂੰ ਵੀ ਵਰਤਿਆ ਹੈ।

ਪੁਰਾਤਨ ਤੇ ਮੱਧ-ਕਾਲੀਨ ਕਾਲ ਵਿਚ ਪ੍ਰਕ੍ਰਿਤੀ ਦ੍ਰਿਸ਼-ਵਰਣਨ, ਪਰਮ-ਸੱਤਾ ਦੇ ਨਿਵਾਸ ਅਸਥਾਨ, ਆਪਣੇ ਤੇ ਹੋਰਾਂ ਦੀ ਮਾਨਸਿਕ-ਅਵਸਥਾ ਦੇ ਪ੍ਰਗਟਾਵੇ ਦਾ ਪਿਛੋਕੜ ਚਿੰਨ੍ਹ, ਅਲੰਕਾਰ ਅਤੇ ਪ੍ਰਤੀਕਾਂ ਦੇ ਰੂਪ ਵਿਚ ਵਰਤੀ ਜਾਂਦੀ ਸੀ। ਭਾਈ ਸਾਹਿਬ ਨੇ ਪ੍ਰਕ੍ਰਿਤੀ-ਚਿੱਤ੍ਰਨ ਦੀਆਂ ਇਨ੍ਹਾਂ ਵਿਧੀਆਂ ਨੂੰ ਵੀ ਅਪਣਾਇਆ ਹੈ ਅਤੇ ਇਸ ਦੇ ਨਾਲ ਹੀ ਪ੍ਰਕ੍ਰਿਤੀ-ਚਿੱਤ੍ਰਨ ਦੇ ਨਵੇਂ ਪ੍ਰਯੋਗਾਂ ਵਿਚੋਂ ਕੁਦਰਤੀ ਦ੍ਰਿਸ਼ਾਂ ਨਾਲ ਸੰਬੰਧਿਤ ਮਨੁੱਖੀ ਭਾਵਾਂ, ਪ੍ਰਕ੍ਰਿਤੀ ਦਾ ਇੰਦ੍ਰਿਆਵੀ ਗਿਆਨ, ਪ੍ਰਾਕ੍ਰਿਤਕ ਨਜ਼ਾਰਿਆਂ ਵਿਚੋਂ ਉਪਦੇਸ਼ ਦੀ ਭਾਲ ਅਤੇ ਇਨ੍ਹਾਂ ਨਾਲ ਮਨੁੱਖੀ ਉਦਗਾਰਾਂ ਦੀ ਇਕ ਰੂਪਤਾ, ਪ੍ਰਕ੍ਰਿਤੀ ਨੂੰ ਸਵੈ-ਪ੍ਰਗਟਾਵੇ ਦੇ ਉਹਲੇ ਦੇ ਰੂਪ ਵਿਚ ਅਤੇ ਕੁਦਰਤ ਵਿਚੋਂ ਕਿਸੇ ਅਦੁੱਤੀ ਪ੍ਰਭੂਤਾ ਦੇ ਦਰਸ਼ਨ ਦੇ ਢੰਗਾਂ ਨੂੰ ਵੀ ਵਰਤਿਆ ਹੈ।

ਭਾਈ ਸਾਹਿਬ ਨੇ ਪ੍ਰਕ੍ਰਿਤੀ-ਚਿੱਤ੍ਰਨ ਦੇ ਬਹੁ-ਪੱਖੀ ਪ੍ਰਯੋਗਾਂ ਨਾਲ ਆਧੁਨਿਕ ਪੰਜਾਬੀ ਕਾਵਿ ਵਿਚ ਜੋ ਨਵੀਂ ਪਰੰਪਰਾ ਸ਼ੁਰੂ ਕੀਤੀ ਸੀ, ਉਸ ਦਾ ਪ੍ਰਭਾਵ ਧਨੀ ਰਾਮ ਚਾਤ੍ਰਿਕ (ਚੰਦਨਵਾੜੀ), ਪ੍ਰੋ. ਪੂਰਨ ਸਿੰਘ (ਖੁਲ੍ਹੇ ਮੈਦਾਨ, ਖੁਲ੍ਹੇ ਘੁੰਡ ਅਤੇ ਪਾਰ ਦੇ ਰੰਗ), ਕਿਰਪਾ ਸਾਗਰ (ਲਖਸ਼ਮੀ ਦੇਵੀ) ਆਦਿਕ ਤੇ ਭਰਪੂਰ ਰੂਪ ਵਿਚ ਪਇਆ ਸੀ। ਭਾਈ ਸਾਹਿਬ ਦੇ ਪ੍ਰਕ੍ਰਿਤੀ-ਚਿੱਤ੍ਰਨ ਦੇ ਪ੍ਰਭਾਵ ਕਾਰਨ ਹੀ 1930 ਈ. ਤਕ ਅਰਥਾਤ ਵੀਹਵੀਂ ਸ਼ਤਾਬਦੀ ਦੇ ਪਹਲੇ ਤਿੰਨ ਦਹਾਕਿਆਂ ਦੀ ਪੰਜਾਬੀ ਕਵਿਤਾ ਵਿਚ ਪ੍ਰਕ੍ਰਿਤੀ ਨੂੰ ਪ੍ਰਮੁੱਖ ਥਾਂ ਮਿਲੀ ਸੀ, ਭਾਵੇਂ ਪਿੱਛੋਂ ਇਹ ਰੰਗ ਕੁਝ ਮੱਧਮ ਪੈ ਤੇ ਕਿਸੇ ਹੋਰ ਰੰਗ ਵਿਚ ਵਟ ਗਇਆ ਸੀ।

ਭਾਈ ਸਾਹਿਬ ਨੇ ਜਿੱਥੇ ਪ੍ਰਕ੍ਰਿਤੀ ਦੀ ਅੰਤਰ-ਆਤਮਾ ਨਾਲ ਹਲੂਲ ਹੋ ਕੇ ਅਤਿ ਸੂਖਮ ਭਾਵ ਪ੍ਰਗਟ ਕੀਤੇ ਸਨ, ਉਥੇ ਚਾਤ੍ਰਿਕ ਜੀ (ਹਿਮਾਲਾ, ਬਸੰਤ, ਸਾਉਣ, ਗੰਗਾ, ਰਾਤ— ਚੰਦਨਵਾੜੀ) ਨੇ ਪ੍ਰਕ੍ਰਿਤੀ ਦੀ ਬਾਹਰਮੁਖੀ ਸੁੰਦਰਤਾ ਨੂੰ ਬੜੀ ਬਰੀਕੀ ਨਾਲ ਚਿੱਤ੍ਰਿਆ ਅਤੇ ਵੇਰਵੇ ਦੀ ਨਿੱਕੀ ਨਿੱਕੀ ਮੀਨਾਕਾਰੀ ਵਿਚ ਕਮਾਲ ਕਰ ਵਿਖਾਈ ਸੀ ਅਤੇ ਪ੍ਰੋ. ਪੂਰਨ ਸਿੰਘ (ਸਾਵਣ ਦੀ ਝੋਕ, ਖੂਹ ਉਤੇ, ਦਰਿਆ ਕਿਨਾਰੇ, ਕੰਵਾਰੀ ਪਦਮਨੀ, ਬਸੰਤ— ਖੁਲ੍ਹੇ ਮੈਦਾਨ) ਨੇ ਕੁਦਰਤ ਨੂੰ ਜਜ਼ਬਿਆਂ ਵਿਚ ਛੁਹੰਦਿਆਂ ਟੋਹੰਦਿਆਂ, ਮਾਣਦਿਆਂ ਅਤੇ ਮਹਸੂਸਦਿਆਂ ਵਰਣਨ ਕੀਤਾ ਸੀ।

1930 ਤੋਂ ਬਾਅਦ ਦੇ ਕਵੀਆਂ ਵਿਚੋਂ ਪ੍ਰੋ. ਮੋਹਨ ਸਿੰਘ ਨੇ ਮੁੱਢ ਵਿਚ ਪ੍ਰਕ੍ਰਿਤੀ-ਚਿੱਤ੍ਰਨ ਦੀ ਬਾਹਰਮੁਖੀ ਸੁੰਦਰਤਾ (ਕਸ਼ਮੀਰ, ਲਿਧੜ ਨੈਂ, ਤਵੀ— ਕਸੁੰਭੜਾ) ਦਾ ਧਿਆਨ ਕੀਤਾ ਸੀ ਅਤੇ ਪਿੱਛੋਂ ਪ੍ਰਗਤੀਵਾਦੀ-ਰੋਮਾਂਸਿਕ ਲਹਰ ਦੇ ਪ੍ਰਭਾਵ ਹੇਠਾਂ ਉਸ ਨੇ ਹੋਰ ਕਵੀਆਂ— ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫ਼ੀਰ, ਬਾਵਾ ਬਲਵੰਤ ਆਦਿਕ ਵਾਂਗੂੰ ਪ੍ਰਕ੍ਰਿਤੀ ਦੇ ਸਿੱਧੇ ਬਿਆਨ ਦੀ ਥਾਂ ਇਸ ਨੂੰ ਵਧੇਰੇ ਪਿਛੋਕੜ, ਪ੍ਰਤੀਕ ਅਤੇ ਸੰਕੇਤ ਰੂਪ ਵਿਚ ਵਰਤਣਾ ਸ਼ੁਰੂ ਕੀਤਾ ਸੀ ਜੋ ਰੁਚੀ ਹੁਣ ਤਕ ਕਿਸੇ ਨਾ ਕਿਸੇ ਰੂਪ ਵਿਚ ਚਲੀ ਆ ਰਹੀ ਹੈ।

ਭਾਈ ਸਾਹਿਬ ਦੇ ਸਾਰੇ ਪ੍ਰਕ੍ਰਿਤੀ ਚਿੱਤ੍ਰਨ ਵਿਚ 'ਕਸ਼ਮੀਰ ਨਜ਼ਾਰੇ' (ਮਟਕ ਹੁਲਾਰੇ) ਵਿਸ਼ੇਸ਼ ਤੌਰ ਤੇ ਨਿਖਰਵੇਂ ਰੂਪ ਵਿਚ ਉਘੜੇ ਹਨ। ਇਨ੍ਹਾਂ ਦਾ ਪੰਜਾਬੀ ਪ੍ਰਕ੍ਰਿਤੀ ਕਾਵਿ ਵਿਚ ਸਦਾ ਆਪਣਾ ਹੀ ਸਥਾਨ ਰਹੇਗਾ। ਇਨ੍ਹਾਂ ਦੇ ਪ੍ਰਭਾਵ ਹੇਠ ਹੀ ਚਾਤ੍ਰਿਕ ਜੀ ਦੀਆਂ ਕਵਿਤਾਵਾਂ 'ਝਰਨਾ', 'ਦੁਹਾਗ', 'ਚਿਨਾਰ ਦਾ ਰੁੱਖ', 'ਨਿਸ਼ਾਤ ਬਾਗ', 'ਗੁਲਮਰਗ', 'ਸਫੈਦੇ ਦੇ ਰੁਖ' (ਚੰਦਨਵਾੜੀ), ਗਿਆਨੀ ਗੁਰਦਿੱਤ ਸਿੰਘ ਜੀ ਦੀਆਂ ਕਸ਼ਮੀਰ ਸਬੰਧੀ ਕਵਿਤਾਵਾਂ (ਨਾਗਾਂ ਦਾ ਦੇਸ਼) ਅਤੇ ਪ੍ਰੋ. ਬਲਬੀਰ ਸਿੰਘ ਦਿਲ ਦੀ ਕਵਿਤਾ 'ਗੁਲਮਰਗ' (ਅਣਛੂਹ ਸਿਖਰਾਂ) ਆਦਿ ਲਿਖੀਆਂ ਮਿਲਦੀਆਂ ਹਨ। ਇਸ ਗੱਲੋਂ ਕਸ਼ਮੀਰ ਦੀ ਧਰਤੀ ਤੇ ਲੋਕਾਂ ਨੂੰ ਭਾਈ ਸਾਹਿਬ ਦਾ ਰਿਣੀ ਹੋਣਾ ਚਾਹੀਦਾ ਹੈ, ਜਿਨ੍ਹਾਂ ਨੇ ਉਸ ਧਰਤੀ ਦੇ ਨਜ਼ਾਰਿਆਂ ਨੂੰ ਪੰਜਾਬੀ ਪਾਠਕਾਂ ਵਿਚ ਹਮੇਸ਼ਾਂ ਲਈ ਹਰਮਨ-ਪਿਆਰਾ ਬਣਾ ਦਿੱਤਾ ਹੈ।

***

## ਉਪਸੰਹਾਰ

ਭਾਈ ਵੀਰ ਸਿੰਘ ਜੀ ਦਾ ਆਧੁਨਿਕ ਪੰਜਾਬੀ ਕਾਵਿ ਦੇ ਖੇਤਰ ਵਿਚ ਕਰਤਵ ਮਹਾਨ ਹੈ ਅਤੇ ਉਨ੍ਹਾਂ ਦੀ ਸਿਰਜਣ ਸ਼ਕਤੀ ਅਤੁੱਲ ਹੈ। ਉਨ੍ਹਾਂ ਨੇ ਵੀਹਵੀਂ ਸ਼ਤਾਬਦੀ ਦੇ ਮੁੱਢ ਨਾਲ ਪੰਜਾਬੀ ਕਵਿਤਾ ਦੇ ਖੇਤਰ ਵਿਚ ਪ੍ਰਵੇਸ਼ ਕਰਕੇ ਸਮੇਂ ਦੀ ਗਤੀ, ਜਨਤਾ ਦੀ ਚਿੱਤ ਬ੍ਰਿਤੀ ਅਤੇ ਯੁਗ ਦੀ ਚੇਤਨਾ ਨੂੰ ਪਛਾਣਦਿਆਂ ਪੰਜਾਬੀ ਕਾਵਿ ਦੀ ਉਚ ਪਰੰਪਰਾ ਜੋ ਅਧਿਆਤਮਿਕ ਤੇ ਰਹੱਸਵਾਦੀ ਕਾਵਿ, ਕਿੱਸਾ- ਕਾਵਿ, ਬੀਰ- ਰਸੀ ਕਾਵਿ ਅਤੇ ਲੋਕ- ਗੀਤਾਂ ਦੀਆਂ ਵਿਭਿੰਨ ਪ੍ਰਣਾਲੀਆਂ ਦੀਆਂ ਸਿਖਰਾਂ ਨੂੰ ਛੂਹ ਕੇ 1850 ਈ. ਤੋਂ ਬਾਅਦ ਪੰਜਾਬ ਵਿਚ ਅੰਗ੍ਰੇਜ਼ੀ ਸਾਮਰਾਜ ਦੀ ਸਥਾਪਤੀ ਨਾਲ ਹੋਣੀ ਵਾਦ, ਦੁਨਿਆਵੀ ਜੀਵਨ ਪ੍ਰਤਿ ਉਦਾਸੀਨਤਾ, ਨੈਤਿਕ ਗਿਰਾਵਟ, ਰਾਜਨੀਤਿਕ ਅਧੋਗਤੀ ਉਤੇ ਵਿਰਲਾਪ ਅਤੇ ਰੋਮਾਂਚਿਕ ਵਿਲਾਸ ਦੇ ਸੁਰਾਂ ਦੀ ਅਭਿਵਿਅੰਜਨਾ ਵਿਚ ਭਾਸ਼ਾਈ ਚਤੁਰਤਾ, ਸ਼ਬਦ ਕਲੋਲ, ਛੰਦ ਬੰਦੀ ਦੇ ਚੱਕਰ, ਮਨੋਰੰਜਨ ਅਤੇ ਥੋਥੇ ਰੂਪਵਾਦ ਦੇ ਗ਼ੈਰ ਜ਼ਰੂਰੀ ਮਨੋਰਥਾਂ ਵਿਚ ਉਲਝ ਗਈ ਸੀ, ਦਾ ਨਵ- ਸੰਸਕ੍ਰਿਤਕ ਜਾਗ੍ਰਤੀ ਦੇ ਪ੍ਰਭਾਵ ਹੇਠ ਪੁਨਰ-ਨਿਰਮਾਣ ਦਾ ਬੀੜਾ ਆਰੰਭਿਆ।

ਭਾਈ ਸਾਹਿਬ ਦੇ ਸਾਮ੍ਹਣੇ ਕਵਿਤਾ ਦਾ ਇਕ ਨਿਸਚਿਤ ਸਿੱਧਾਂਤ ਸੀ। ਉਨ੍ਹਾਂ ਦੇ ਵਿਸ਼ਵਾਸ਼ ਵਿਚ ਕਵਿਤਾ ਸਤ ਦਾ ਪ੍ਰਕਾਸ਼ ਹੈ ਜੋ ਕਵੀ ਨੂੰ ਆਵੇਸ਼ ਦੇ ਪਲਾਂ ਵਿਚ ਪ੍ਰਗਟ ਹੁੰਦਾ ਹੈ; ਕਵੀ ਦਾ ਕਰਤਵ ਸਤ ਦੇ ਪ੍ਰਗਟਾਵੇ ਰਾਹੀਂ ਜਗਤ ਨੂੰ ਰੋਸ਼ਨੀ, ਸੁਖ ਤੇ ਅਨੰਦ ਦੇਣਾ ਹੈ ਅਤੇ ਕਵਿਤਾ ਆਪਣੀ ਸਾਤਵਿਕ ਸ਼ਕਤੀ ਨਾਲ ਮਨੁੱਖ ਨੂੰ ਜੀਵਨ-ਛੁਹ ਲਾਉਣ ਦੀ ਸਮਰੱਥਾ ਰੱਖਦੀ ਹੈ। ਕਵਿਤਾ ਦੇ ਸਰੂਪ ਬਾਰੇ ਉਹ ਮੰਨਦੇ ਸਨ ਕਿ ਕਵਿਤਾ ਸੁੰਦਰ ਜਾਮੇ ਅਰਥਾਤ ਸੁੰਦਰ ਰੂਪ ਵਿਚ ਹੀ ਨਿਖਰ ਸਕਦੀ ਹੈ। ਉਨ੍ਹਾਂ ਦੇ ਕਾਵਿ ਸੰਬੰਧੀ ਇਹ ਵਿਚਾਰ 'ਸਤਿਅੰ, ਸ਼ਿਵੰ ਅਤੇ ਸੁੰਦਰਮ' ਦੇ ਸਿੱਧਾਂਤ ਨਾਲ ਕਾਫ਼ੀ ਮੇਲ ਖਾਂਦੇ ਸਨ। ਭਾਈ ਸਾਹਿਬ ਨੇ ਕਾਵਿ ਦੇ ਇਸੇ ਸਿੱਧਾਂਤ ਨੂੰ ਸਨਮੁੱਖ ਰੱਖ ਕੇ ਕਰਤਵ ਭਾਵਨਾ ਤੋਂ ਪ੍ਰੇਰਿਤ ਹੋ ਕੇ ਆਪਣੇ ਕਾਵਿ ਦੀ ਰਚਨਾ ਕੀਤੀ ਸੀ।

ਭਾਈ ਸਾਹਿਬ ਨੇ ਬੁੱਧੀ ਅਤੇ ਕਲਪਨਾ ਦੇ ਯੋਗ ਨਾਲ ਆਪਣੇ ਕਾਵਿ ਵਿਚ ਵਿਆਪਕ ਜੀਵਨ ਦੀ ਚੇਤਨਾ ਨੂੰ ਪ੍ਰਗਟਾਉਂਦਿਆਂ ਜਿਨ੍ਹਾਂ ਆਦਰਸ਼ਾਂ ਦਾ ਨਿਰਮਾਣ ਕੀਤਾ ਹੈ, ਉਸ ਵਿਚ ਸੰਪੂਰਣ ਜੀਵਨ ਦੇ ਸੰਕੇਤ ਮਿਲਦੇ ਹਨ। ਉਨ੍ਹਾਂ ਨੇ ਆਪਣੇ ਸਮੇਂ ਦੇ ਜੀਵਨ ਦੀਆਂ ਸਮੱਸਿਆਵਾਂ ਵਿਚ ਅਧਰਮੀਪੁਣੇ, ਆਦਰਸ਼ਹੀਣਤਾ ਅਸ਼ਾਂਤੀ, ਗ਼ੁਲਾਮੀ, ਅਸੰਤੋਖ, ਅਤ੍ਰਿਪਤੀ, ਦ੍ਵੈਤ- ਵਿਅਕਤਿਤਵ, ਵਿਖੰਡਤ ਆਪਾ ਅਤੇ ਦਿਸ਼ਾ ਹੀਣਤਾ ਨੂੰ ਸਮਝ ਕੇ ਇਕ ਜੀਵਨ ਮਾਰਗ ਦੱਸਣ ਦਾ ਯਤਨ ਕੀਤਾ ਹੈ, ਜਿਸ ਕਰਕੇ ਉਨ੍ਹਾਂ ਦੀ ਵਿਚਾਰਧਾਰਾ ਵਿਚ ਮਾਨਵੀ ਸ੍ਵਰ ਪ੍ਰਧਾਨ ਹੋ ਜਾਂਦਾ ਹੈ।

ਮਹਾਨ ਕਲਾਕਾਰਾਂ ਦੀ ਵਿਸ਼ੇਸ਼ਤਾ ਹੁੰਦੀ ਹੈ ਕਿ ਜੀਵਨ ਦੇ ਜਿਨ੍ਹਾਂ ਅੰਸ਼ਾਂ ਨੂੰ ਉਹ ਲੈਂਦੇ ਹਨ, ਉਹ ਵਿਵਿਧ ਅਤੇ ਸਦੀਵੀ ਹੁੰਦੇ ਹਨ। ਸਮਾਜ ਅਤੇ ਯੁਗ ਪਰਿਵਰਤਤ ਹੋ ਜਾਂਦੇ ਹਨ, ਪਰ ਮਾਨਵੀ ਭਾਵਨਾਵਾਂ ਵਿਚ ਕੋਈ ਕ੍ਰਾਂਤੀਕਾਰੀ ਅੰਤਰ ਨਹੀਂ ਆਉਂਦਾ। ਭਾਈ ਸਾਹਿਬ ਦਾ ਆਸ਼ਾ ਜੋ ਉਨ੍ਹਾਂ ਦੇ ਕਾਵਿ ਰਾਹੀਂ ਪ੍ਰਗਟ ਹੁੰਦਾ

ਹੈ, ਵੀ ਅਜੇਹਾ ਹੈ, ਜਿਸ ਨਾਲ ਜੀਉਂਦਾ ਜੀਵਨ ਸਦਾ ਮੇਲ ਕਰਦਾ ਰਹੇਗਾ। ਆਤਮਾ- ਪਰਮਾਤਮਾ ਦਾ ਰਹੱਸ, ਮਨ ਦੀ ਸਥਿਰਤਾ ਕਿਵੇਂ ਹੋਵੇ ਅਤੇ ਉਸ ਦੇ ਟਿਕਾਣੇ ਘਾਟ ਦਾ ਕਾਰਨ, ਪਾਪ ਤੇ ਪੁੰਨ, ਜੀਵਨ ਤੇ ਮੌਤ, ਮੋਖ ਤੇ ਬੰਧ, ਸੁੱਖ- ਦੁੱਖ, ਮਾਨਵੀ ਜੀਵਨ ਤੇ ਕੁਦਰਤ ਨਾਲ ਸਾਂਝੀ ਸਾਂਝ ਕੀ ਹੈ, ਮਨੁੱਖ ਆਪਣਾ ਆਪ ਕਿਵੇਂ ਹੋਵੇ ਅਰਥਾਤ ਸਵੈ-ਸਰੂਪ ਨੂੰ ਲਖ ਕੇ ਉਸ ਨਾਲ ਕਿਵੇਂ ਇਕ ਮਿਕ ਹੋਵੇ, ਆਤਮਾ ਨੂੰ ਇਸ ਪਲ ਪਲ ਵਟਦੀ ਦੁਨੀਆਂ ਵਿਚ ਕਿਵੇਂ ਸਦੀਵੀ ਖੇੜੇ ਵਿਚ ਰੱਖਿਆ ਜਾ ਸਕਦਾ ਹੈ, ਦੇ ਪ੍ਰਸ਼ਨ ਜਿਨ੍ਹਾਂ ਨੂੰ ਭਾਈ ਸਾਹਿਬ ਨੇ ਛੋਹਿਆ ਹੈ, ਉਹ ਅਜੇਹੇ ਹਨ ਜੋ ਮਨੁੱਖ ਨੂੰ ਸਦਾ ਝੰਜੋੜਦੇ ਰਹਿਣਗੇ। ਭਾਈ ਸਾਹਿਬ ਨੇ ਆਪਣੀਆਂ ਦਾਰਸ਼ਨਿਕ ਤੇ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਪ੍ਰਵਿਰਤੀਆਂ ਅਧੀਨ ਇਨ੍ਹਾਂ ਸਮੱਸਿਆਵਾਂ ਦੇ ਮੂਲ ਵਿਚ ਜਾ ਕੇ ਵਿਚਾਰ ਕੀਤੀ ਹੈ ਅਤੇ ਆਪਣੇ ਡੂੰਘੇ ਅਧਿਐਨ, ਚਿੰਤਨ ਅਤੇ ਵਿਸ਼ਵਾਸ਼ ਤੋਂ ਉਹ ਜਿਨ੍ਹਾਂ ਨਤੀਜਿਆਂ ਤੇ ਪਹੁੰਚੇ ਹਨ, ਨੂੰ ਉਨ੍ਹਾਂ ਨੇ ਆਪਣੇ ਕਾਵਿ ਅੰਦਰ ਕਲਪਨਾਮਈ ਰੂਪ ਵਿਚ ਪ੍ਰਕਾਸ਼ਿਤ ਕੀਤਾ ਹੈ।

ਭਾਈ ਸਾਹਿਬ ਦੀ ਵਿਚਾਰਧਾਰਾ ਦਾ ਮੂਲ ਆਧਾਰ ਗੁਰਮਤਿ ਦਰਸ਼ਨ ਹੈ, ਜੋ ਭਾਰਤੀ ਦਰਸ਼ਨ ਦਾ ਹੀ ਇਕ ਵਿਕਸਿਤ ਤੇ ਨਵਾਂ ਸਰੂਪ ਹੈ, ਜਿਸ ਦੇ ਕਲੇਵਰ ਵਿਚ ਵਿਸ਼ਵ ਦੇ ਵਿਭਿੰਨ ਦਰਸ਼ਨਾਂ ਦੇ ਜੀਵਨ- ਵਿਕਾਸ ਲਈ ਉਪਯੋਗੀ ਚਿੰਤਨ ਤੱਤਾਂ ਦਾ ਸੰਜੋਗ ਹੋਇਆ ਮਿਲਦਾ ਹੈ। ਗੁਰਮਤਿ ਦਰਸ਼ਨ ਦੀ ਸੰਸਾਰ ਨੂੰ ਵਿਸ਼ੇਸ਼ ਦੇਣ ਜੀਵਨ ਦੀਆਂ ਅਸਲੀ ਕੀਮਤਾਂ ਨੂੰ ਸਿੱਧਾਂਤਕ ਤੇ ਦਾਰਸ਼ਨਿਕ ਗੋਰਖ- ਜਾਲ ਤੋਂ ਉਤੇ ਚੁੱਕ ਕੇ ਜੀਵਨ ਵਿਚ ਮਾਨਵੀ ਕੀਮਤਾਂ ਨੂੰ ਵਿਵਹਾਰਕ ਰੂਪ ਵਿਚ ਗੁਣਦਾਇਕ ਬਣਾ ਕੇ ਪੇਸ਼ ਕਰਨਾ ਹੈ। ਗੁਰਮਤਿ ਦਾ ਆਦਰਸ਼ ਮਨੁੱਖਾ ਜੀਵਨ ਲਈ ਕੇਵਲ ਬੁੱਤ- ਪੂਜਾ, ਅਵਤਾਰ-ਪ੍ਰਾਪਤੀ, ਕਰਮ-ਕਾਂਡ, ਤਿਆਗ ਤੇ ਹਠ-ਜੋਗ ਤੇ ਜਾਤ ਅਭਿਮਾਨ ਦੀ ਵਿਰੋਧਤਾ ਹੀ ਨਹੀਂ ਸਗੋਂ ਜੀਉਂਦੇ ਜੀਵਨ ਨੂੰ ਮਾਨਣ ਦਾ, ਘਰ ਬੈਠਣ ਦਾ ਉਪਜੀਵਕਾ ਲਈ ਕਿਰਤ ਕਰਨ ਦਾ ਅਤੇ ਵੰਡ ਕੇ ਖਾਣ ਦਾ ਇਕ ਸਰਬ- ਸਾਂਝਾ ਮਾਰਗ ਦੱਸਣਾ ਹੈ। ਇਸੇ ਆਧਾਰ ਤੇ ਭਾਈ ਸਾਹਿਬ ਦਾ ਵਿਸ਼ਵਾਸ਼ ਹੈ ਕਿ ਸੰਪੂਰਣ ਸੰਸਾਰ ਵਿਸ਼ਵ- ਆਤਮਾ ਜੋ ਸਤ-ਚਿਤ- ਅਨੰਦ ਹੈ, ਦੇ ਮਹਾਨ ਵਿਅਕਤਿਤਵ ਦਾ ਪ੍ਰਕਾਸ਼ਨ ਹੈ। ਇਸ ਵਿਚ ਵਿਰੋਧੀ- ਸ਼ਕਤੀਆਂ ਆਪਸ ਵਿਚ ਸੰਘਰਸ਼ ਕਰਦਿਆਂ ਆਪਣੀ ਸ਼ਕਤੀ ਨਸ਼ਟ ਕਰਦੀਆਂ ਰਹਿੰਦੀਆਂ ਹਨ। ਇਨ੍ਹਾਂ ਨੂੰ ਉਸ ਧੁਰ- ਅਸਲੀਅਤ ਨਾਲ ਜੋੜਿਆਂ ਹੀ ਜੀਵਨ ਸੁਖੀ ਹੋ ਸਕਦਾ ਹੈ। ਗੁਰਮਤਿ ਦਰਸ਼ਨ ਦੇ ਮੂਲ ਵਿਚ ਧੁਰ- ਅਸਲੀਅਤ ਨਾਲ ਇਕ ਮਿਕ ਕਰਨ ਵਾਲਾ 'ਸਹਜ ਅਨੰਦ' ਦਾ ਸਿੱਧਾਂਤ ਹੈ ਜੋ ਗਿਆਨ, ਕਰਮ ਤੇ ਪ੍ਰੇਮ ਦੇ ਸੰਤੁਲਨ ਤੋਂ ਪੈਦਾ ਹੁੰਦਾ ਹੈ ਅਤੇ ਜੋ ਪਰੰਪਰਾਵਾਦੀ 'ਆਨੰਦਵਾਦ' ਦੇ ਸਿੱਧਾਂਤ ਦੀ ਨਵੀਂ ਵਿਸਤ੍ਰਿਤੀ ਹੈ, ਜਿਸ ਦਾ ਆਸ਼ਾ ਸੰਤੁਲਿਤ ਮਾਨਸਿਕ ਸਹਜ ਅਵਸਥਾ ਦੀ ਪ੍ਰਾਪਤੀ ਹੈ। ਇਸ ਦੀ ਪ੍ਰਤਿਕ੍ਰਿਆ ਭਾਈ ਸਾਹਿਬ ਦੀ ਵਿਚਾਰ- ਧਾਰਾ ਦੇ ਕੇਂਦਰਬਿੰਦੂ 'ਖੇੜੇ' ਦੇ ਸਿੱਧਾਂਤ ਵਿਚ ਪ੍ਰਾਪਤ ਹੁੰਦੀ ਹੈ। ਭਾਈ ਸਾਹਿਬ ਦਾ ਖੇੜੇ ਤੋਂ ਭਾਵ ਜੀਵਨ ਨੂੰ ਧੁਰ- ਅਸਲੀਅਤ ਨਾਲ ਏਕਾਕਾਰ ਕਰਕੇ ਸਦਾ ਅਨੰਦ ਦੀ ਅਵਸਥਾ ਵਿਚ ਰਹਿਣਾ ਹੈ, ਜੋ ਦ੍ਵੈਤ- ਮੁਕਤ, ਅਦ੍ਵੈਤ- ਅਨੁਭੂਤੀ- ਯੁਕਤ ਅਤੇ ਬ੍ਰਹਮ-ਸਰੂਪ ਹੋਣ ਦੀ ਅਵਸਥਾ ਹੈ। ਭਾਈ ਸਾਹਿਬ ਦੇ ਅਨੁਸਾਰ ਇਸ 'ਖੇੜੇ' ਦੀ

ਪ੍ਰਾਪਤੀ ਲਈ ਦੁਨੀਆਂ ਦਾ ਤਿਆਗ, ਕਰਮਕਾਂਡ ਤੇ ਕਿਸੇ ਵਿਸ਼ੇਸ਼ ਭੇਖ ਦੀ ਲੋੜ ਨਹੀਂ, ਇਹ ਪ੍ਰਭੂ ਦੀ ਵਿਰਾਟ ਸ੍ਰਿਸ਼ਟੀ ਦੇ ਜੀਵਨ ਤੇ ਸੌਂਦ੍ਰਯ ਨੂੰ ਮਾਣਦਿਆਂ, ਗੁਰੂ ਰੂਪੀ ਸ਼ਬਦ ਦੇ ਗਿਆਨ ਦੀ ਸਹਾਇਤਾ ਨਾਲ ਈਸ਼ਵਰੀ-ਕ੍ਰਿਪਾ ਸਦਕਾ ਨਾਮ ਜਪਦਿਆਂ, ਰੱਬੀ ਰਜ਼ਾ ਵਿਚ ਵਿਚਰਦਿਆਂ, ਜੀਵਨ ਦੇ ਸਦ੍ਗੁਣਾਂ ਨੂੰ ਅਪਣਾਉਂਦਿਆਂ, ਪਰਉਪਕਾਰਮਈ ਜੀਵਨ ਬਤੀਤ ਕਰਦਿਆਂ ਹੀ ਸੰਭਵ ਹੈ।

ਭਾਈ ਸਾਹਿਬ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਸ੍ਰਿਸ਼ਟੀ ਅਰਥਾਤ ਮਾਇਆ ਭਰਮ ਨਹੀਂ, ਜਥਾਰਥ ਹੈ, ਪਰ ਦੁਨੀਆਂ ਵਿਚ ਵਿਚਰਦਿਆਂ ਕੇਵਲ ਮਾਇਆ ਵਿਚ ਹੀ ਲਿਪਤ ਨਹੀਂ ਹੋਣਾ। ਇਵੇਂ ਉਹ ਪਰਾ-ਭੌਤਿਕ ਅਤੇ ਭੌਤਿਕ ਦੋਹਾਂ ਦੀ ਸਚਾਈ ਨੂੰ ਸਵੀਕਾਰ ਕਰਕੇ ਪਰਾ-ਭੌਤਿਕ ਆਦਰਸ਼ ਅਤੇ ਭੌਤਿਕ ਨੂੰ ਪੱਖ ਭਰਪੂਰ ਤੇ ਜ਼ੋਰ ਦਿੰਦੇ ਹਨ। ਭਾਈ ਸਾਹਿਬ ਸਮਝਦੇ ਹਨ ਕਿ ਧੇਯ ਦੀ ਪ੍ਰਾਪਤੀ ਨਾਲ ਜੀਵ ਜੀਵਨ ਵਿਚ ਰਹਿੰਦਿਆਂ, ਜੀਵਨ ਮੁਕਤ ਹੋ ਕੇ, ਸ਼ੁੱਭ ਕਰਮਾਂ, ਉਚ ਵਿਚਾਰਾਂ, ਸਦਾਚਾਰੀ ਬ੍ਰਿਤੀਆਂ ਅਤੇ ਪਰਉਪਕਾਰ ਦੇ ਗੁਣਾਂ ਦਾ ਸੁਆਮੀ ਹੋ ਜਾਂਦਾ ਹੈ। ਇਸ ਤਰ੍ਹਾਂ ਭਾਈ ਸਾਹਿਬ ਦਾ ਅਧਿਆਤਮਿਕ ਦ੍ਰਿਸ਼ਟੀਕੋਣ ਸਦ੍ਰਿੜ, ਸੰਜੋਗ, ਪਲਾਇਨਵਾਦਿਤਾ ਰਹਿਤ ਅਤੇ ਜੀਵਨ ਨੂੰ ਇਕ ਸੰਗਰਾਮ ਦੇ ਰੂਪ ਵਿਚ ਸਵੀਕਾਰ ਕਰਨ ਵਾਲਾ ਹੈ।

ਭਾਈ ਸਾਹਿਬ ਨੇ ਸਮਾਜਿਕ ਤੇ ਸਦਾਚਾਰਕ ਆਦਰਸ਼ ਵਿਚ ਵਿਅਕਤੀ ਦੀ ਪੂਰਣਤਾ ਆਦਰਸ਼ ਸਮਾਜ ਲਈ ਜ਼ਰੂਰੀ ਮੰਨੀ ਹੈ। ਉਹ ਸਮਾਜ ਵਿਚ ਜ਼ੋਰਾਵਰ ਦੇ ਧੱਕੇ ਅਤੇ ਮਨੁੱਖਾਂ ਦਾ ਸਵਾਰਥ ਵੱਸ ਹੋ ਕੇ ਜਾਤਾਂ, ਨਸਲਾਂ ਤੇ ਕੌਮਾਂ ਦੀਆਂ ਵੰਡੀਆਂ ਜੋ ਮਨੁੱਖਾਂ ਦੇ ਆਪਸੀ ਝਗੜੇ ਦਾ ਕਾਰਨ ਹਨ, ਉਤੇ ਦੁਖੀ ਹੁੰਦੇ ਹਨ। ਭਾਈ ਸਾਹਿਬ ਮਨੁੱਖ ਨੂੰ ਸਮਾਜ ਦੀ ਇਸ ਕਠੋਰ ਹਕੀਕਤ ਤੋਂ ਚੇਤੰਨ ਕਰਕੇ ਸਵੈ-ਪ੍ਰਯਤਨਸ਼ੀਲ ਅਤੇ ਸਵੈ-ਸਵਤੰਤ੍ਰ ਬਣਨ ਦੀ ਲੋੜ ਤੇ ਜ਼ੋਰ ਦਿੰਦਿਆਂ, ਨੇਕੀ, ਨਿਮਰਤਾ ਤੇ ਪਰਉਪਕਾਰ ਦੇ ਗੁਣਾਂ ਭਰਪੂਰ ਬਣਨ ਲਈ ਪ੍ਰੇਰਦੇ ਹਨ। ਉਹ ਪਰਸਪਰ ਵਿਵਹਾਰ ਦੀ ਸਵੱਛਤਾ ਦੇ ਨਾਲ ਪਰਿਵਾਰਿਕ ਜੀਵਨ ਦੀ ਸੁੱਖ-ਸ਼ਾਂਤੀ, ਨਾਰੀ ਦੀ ਕਦਰ, ਰੀਤੀਨੀਤੀ ਤੇ ਸ਼ਿਸ਼ਟਾਚਾਰ ਦੀ ਪਾਲਣਾ ਅਤੇ ਵਿਦਿਆ ਦੇ ਪ੍ਰਸਾਰ ਤੇ ਜ਼ੋਰ ਦਿੰਦੇ ਹਨ।

ਭਾਈ ਸਾਹਿਬ ਦੇ ਭਾਰਤੀ ਇਤਿਹਾਸ ਅਤੇ ਸੰਸਕ੍ਰਿਤੀ ਦੇ ਪ੍ਰਤਿ ਅਨੁਰਾਗ ਦੇ ਮੂਲ ਵਿਚ ਰਾਸ਼ਟ੍ਰੀ ਭਾਵਨਾ ਹੀ ਕੰਮ ਕਰ ਰਹੀ ਹੈ। ਉਨ੍ਹਾਂ ਦੇ ਯੁਗ ਵਿਚ ਭਾਰਤ ਅੰਗ੍ਰੇਜ਼ੀ ਗੁਲਾਮੀ ਦੇ ਬੰਧਨਾਂ ਤੋਂ ਮੁਕਤ ਹੋਣ ਦਾ ਯਤਨ ਕਰ ਰਿਹਾ ਸੀ। ਭਾਈ ਸਾਹਿਬ ਸਮਝਦੇ ਸਨ ਕਿ ਭਾਰਤਵਾਸੀਆਂ ਦੀ ਗੁਲਾਮੀ ਦਾ ਕਾਰਨ ਆਚਰਣ-ਹੀਣਤਾ ਤੇ ਸਵਾਰਥ ਸਨ ਅਤੇ ਗੁਲਾਮੀ ਨੂੰ ਦੂਰ ਕਰਨ ਲਈ ਕੌਮੀਅਤ ਦੀ ਭਾਵਨਾ ਦੀ ਲੋੜ ਹੈ। ਵੈਸੇ ਭਾਈ ਸਾਹਿਬ ਦੀ ਰਾਸ਼ਟ੍ਰੀ ਭਾਵਨਾ ਸਾਧਾਰਣ ਰਾਸ਼ਟ੍ਰਵਾਦੀ ਕਵੀਆਂ ਤੋਂ ਭਿੰਨ ਹੈ। ਉਹ ਇਕ ਕ੍ਰਾਂਤੀਕਾਰੀ ਕਵੀ ਵਾਂਗ ਉਦਬੋਧਕ ਗੀਤ ਹੀ ਨਹੀਂ ਗਾਉਂਦੇ, ਉਹ ਇਕ ਅਜੇਹੀ ਪਰਿਸਥਿਤੀ ਦੀ ਯੋਜਨਾ ਕਰਦੇ ਹਨ, ਜਿਸ ਵਿਚ ਭਾਰਤ ਹੀ ਨਹੀਂ, ਸਾਰਾ ਸੰਸਾਰ ਗੁਲਾਮੀ ਦੇ ਬੰਧਨ ਤੋਂ ਮੁਕਤ ਹੋ ਜਾਏ। ਭਾਈ ਸਾਹਿਬ ਚੰਗੇ ਰਾਜ ਤੇ ਸ਼ਾਸਨ ਦਾ ਆਦਰਸ਼ ਲੋਕ ਸੇਵਾ ਤੇ ਇਨਸਾਫ਼, ਜਨਤਾ ਤੋਂ ਵਸੂਲ ਕੀਤੀ ਆਮਦਨ ਦਾ ਜਨਤਕ-ਭਲਾਈ ਦੇ ਕੰਮਾਂ ਤੇ ਲਗਣਾ, ਕੋੜ੍ਹਿਆਂ, ਮੁਥਾਜਾਂ ਤੇ ਰੋਗੀਆਂ ਦੀ ਸਹਾਇਤਾ, ਪਰਜਾ ਦੀ ਰਾਖੀ, ਵਿਦਿਆ ਤੇ ਹੁਨਰ ਦਾ ਪ੍ਰਸਾਰ, ਵਪਾਰ ਦਾ ਵਾਧਾ, ਯੋਗ ਅਧਿਕਾਰੀਆਂ ਰਾਹੀਂ ਚੰਗਾ ਸ਼ਾਸਨ ਤੇ ਬੇਤਅੱਸਬ ਵਤੀਰਾ ਸਮਝਦੇ ਹਨ।

ਭਾਈ ਸਾਹਿਬ ਦੀ ਅੰਤਰ- ਦੇਸ਼ੀ ਭਾਵਨਾ ਦਾ ਵਿਕਾਸ ਕਰਮ ਇੱਥੋਂ ਤਕ ਮਿਲਦਾ ਹੈ ਕਿ ਉਹ ਸਾਰੀ ਮਾਨਵਤਾ ਤੇ ਸੰਸਾਰ ਨੂੰ ਇਕ ਸੂਤਰ ਵਿਚ ਪਰੋਣ ਲਈ ਵਿਸ਼ਵ ਦੇ ਇਕ ਸਾਂਝੇ ਪ੍ਰੇਮ ਰਾਜ (One World Government ) ਦਾ ਸੰਕਲਪ ਕਰਦੇ ਹਨ, ਜਿਸ ਵਿਚ ਸਾਰੀਆਂ ਵਿੱਥਾਂ ਤੇ ਵਿਤਕਰਿਆਂ ਦੀ ਥਾਂ ਕੇਵਲ ਮਾਨਵ ਪ੍ਰੇਮ ਦੇ ਆਧਾਰ ਤੇ ਮਾਨਵ- ਜੀਵਨ ਦਾ ਨਿਰਮਾਣ ਹੋ ਸਕੇ।

ਇਵੇਂ ਮਨੁੱਖਤਾ ਦੀ ਸਾਂਝ, ਅੰਤਰ- ਰਾਸ਼ਟਰੀ, ਰਾਸ਼ਟਰੀ ਅਤੇ ਸਮਾਜਿਕ ਸਾਂਝ ਦੇ ਉਥਾਨ ਲਈ ਜੋ ਵਿਚਾਰ ਤੇ ਭਾਵ ਭਾਈ ਸਾਹਿਬ ਨੇ ਪ੍ਰਗਟ ਕੀਤੇ ਹਨ, ਉਹ ਬਹੁਤ ਉਚੇਰੇ ਹਨ। ਉਨ੍ਹਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਮਨੁੱਖਵਾਦ ਜਜ਼ਬਾਤੀ ਨਾਅਰਿਆਂ, ਕੇਵਲ ਵਿਚਾਰਾਂ ਜਾਂ ਉਪਯੋਗਤਾ ਉਤੇ ਆਧਾਰਤ ਨਹੀਂ ਰਹਿ ਸਕਦਾ। ਇਸ ਦੀ ਪ੍ਰਾਪਤੀ ਲਈ ਡੂੰਘੇ ਦਾਰਸ਼ਨਿਕ ਵਿਸ਼ਵਾਸਾਂ ਦੇ ਤੱਤ ਹੋਣੇ ਚਾਹੀਦੇ ਹਨ। ਮਨੁੱਖੀ ਬਰਾਬਰੀ ਦਾ ਵਿਸ਼ਵਾਸ ਜ਼ੋਰ ਜਾਂ ਕੇਵਲ ਇਨਕਲਾਬੀ ਤਬਦੀਲੀਆਂ ਰਾਹੀਂ ਨਹੀਂ ਉਪਜਾਇਆ ਜਾ ਸਕਦਾ, ਜਿਸ ਦੇ ਬੀਜ ਮਾਨਵ ਹਿਰਦੇ ਅਤੇ ਮਾਨਵ ਬੁੱਧੀ ਵਿਚ ਹੋਣੇ ਜ਼ਰੂਰੀ ਹਨ। ਉਹ ਸਮਝਦੇ ਸਨ ਕਿ ਜਦ ਤਕ ਮਨੁੱਖੀ ਮਨ ਤੇ ਬੁੱਧੀ ਵਿਚ ਮਾਇਆ ਦੀ ਅਸਥਿਰਤਾ ਦਾ ਗਿਆਨ ਨਾ ਹੋਵੇ ਅਤੇ ਇਸ ਦੀ ਥੋੜ ਕੀਮਤ ਦਾ ਮਨੁੱਖ ਨੂੰ ਪਤਾ ਨਾ ਦਿੱਤਾ ਜਾਵੇ, ਉਦੋਂ ਤਕ ਮਾਨਵ- ਸਾਂਝ ਦਾ ਗਿਆਨ ਮੁਸ਼ਕਲ ਹੈ। ਇਸ ਮੰਤਵ ਲਈ ਭਾਈ ਸਾਹਿਬ ਨੇ ਦਰਸ਼ਨ ਦੇ ਤੱਤਾਂ ਨੂੰ ਮਾਨਵ ਜੀਵਨ ਨਾਲ ਜੋੜਿਆ ਹੈ। ਉਨ੍ਹਾਂ ਦੇ ਅਨੁਸਾਰ ਸਾਰੀ ਮਨੁੱਖਤਾ ਵਿਚ ਸਾਂਝ ਉਤਪੰਨ ਕਰਨ ਵਾਲਾ ਮੁੱਢਲਾ ਵਿਸ਼ਵਾਸ਼ ਪਰਮਾਤਮਾ ਦੀ ਹੋਂਦ ਦਾ ਹੈ। ਇਹ ਇਕ ਸਾਂਝਾ ਨੁਕਤਾ ਹੈ ਜਿਸ ਤੋਂ ਸਾਰਾ ਸੰਸਾਰਕ ਵਿਕਾਸ ਆਰੰਭ ਹੋਇਆ ਹੈ। ਇਸ ਤਰ੍ਹਾਂ ਉਨ੍ਹਾਂ ਸਪਸ਼ਟ ਕੀਤਾ ਹੈ ਕਿ ਸਾਰੇ ਜੀਵਾਂ ਵਿਚ ਪਰਮਾਤਮਾ ਦਾ ਕੁਝ ਅੰਸ਼ ਆਤਮਾ ਦੇ ਰੂਪ ਵਿਚ ਸਮਾਇਆ ਹੋਇਆ ਹੈ, ਜੋ ਸਭ ਦੀ ਅਸਲੀਅਤ ਤੇ ਜੀਵਨ ਦਾ ਆਧਾਰ ਹੈ। ਇਹ ਅੰਸ਼ ਸਭ ਵਿਚ ਸਮਾਨ ਹੈ। ਇਸ ਲਈ ਸਭ ਵਿਚ ਸਮਾਨਤਾ ਤੇ ਬੁਨਿਆਦੀ ਬਰਾਬਰੀ ਮੌਜੂਦ ਹੈ। ਉਹ ਇਹ ਵੀ ਦਸਦੇ ਹਨ ਕਿ ਕੇਵਲ ਮਾਇਕ ਤੇ ਪਦਾਰਥਕ ਚੀਜ਼ਾਂ ਦੇ ਰਸ ਵਿਚ ਖਚਤ ਹੋ ਕੇ ਸਦਾਚਾਰਕ ਕੀਮਤਾਂ ਤੇ ਸਹਜ ਸੰਜਮ ਨੂੰ ਭੁੱਲ ਜਾਣਾ ਠੀਕ ਨਹੀਂ। ਜੀਵਨ ਦਾ ਰਸ ਕਸ ਨਾਲੋਂ ਕੋਈ ਉਚੇਰਾ ਮੰਤਵ ਵੀ ਹੈ। ਇਸ ਤਰ੍ਹਾਂ ਭਾਈ ਸਾਹਿਬ ਨੇ ਸਾਂਝ ਤੇ ਏਕਤਾ ਅਤੇ ਮਾਨਵਤਾ ਤੇ ਸਮਤਾ ਦੇ ਜਿਨ੍ਹਾਂ ਵਿਚਾਰਾਂ ਨੂੰ ਵਿਆਖਿਆਇਆ ਹੈ, ਇਨ੍ਹਾਂ ਤੋਂ ਉਚੇਰੇ ਕਿਸੇ ਹੋਰ ਅੰਤਰ- ਰਾਸ਼ਟਰੀ ਜਾਂ ਰਾਸ਼ਟਰੀ ਆਦਰਸ਼ ਦਾ ਹੋਣਾ ਸੰਭਵ ਨਹੀਂ।

ਇਸ ਢੰਗ ਨਾਲ ਭਾਈ ਸਾਹਿਬ ਨੇ ਮਾਨਵ ਨੂੰ ਸਭ ਤੋਂ ਉਤੇ ਸਵੀਕਾਰ ਕਰਦਿਆਂ ਮਾਨਵ ਜੀਵਨ ਦੀਆਂ ਹੀ ਵਿਸਤ੍ਰਿਤ ਸਮੱਸਿਆਵਾਂ ਤੇ ਵਿਚਾਰ ਕੀਤੀ ਹੈ। ਉਨ੍ਹਾਂ ਦੇ ਸੰਦੇਸ਼ ਦੀ ਮਹੱਤਤਾ ਸਾਰੀ ਮਾਨਵਤਾ ਲਈ ਹੈ। ਉਨ੍ਹਾਂ ਦਾ ਮਨੋਰਥ ਕਿਸੇ ਸੰਪਰਦਾਇਕ ਵਾਤਾਵਰਣ ਦਾ ਨਿਰਮਾਣ ਨਹੀਂ। ਇਹ ਠੀਕ ਹੈ ਕਿ ਉਨ੍ਹਾਂ ਦੀ ਦ੍ਰਿਸ਼ਟੀ ਪਹਿਲੇ ਸਿੱਖ, ਫਿਰ ਭਾਰਤੀ ਅਤੇ ਫਿਰ ਅੰਤਰ- ਰਾਸ਼ਟਰੀ ਹੈ, ਪਰ ਉਨ੍ਹਾਂ ਦਾ ਗੁਰਸਿੱਖ ਹੋਣਾ ਭਾਰਤੀਅਤਾ ਦਾ ਅਤੇ ਭਾਰਤੀਅਤਾ ਅੰਤਰ- ਰਾਸ਼ਟਰੀਅਤਾ ਦਾ ਵਿਰੋਧ ਨਹੀਂ ਕਰਦੀ। ਦੇਸ਼ ਅਤੇ ਜਾਤੀ ਦਾ ਸੁਭਾਵਿਕ ਗਰਬ ਹੁੰਦਿਆਂ ਵੀ ਉਨ੍ਹਾਂ ਵਿਚ ਸਹਨਸ਼ੀਲਤਾ ਅਤੇ ਵਿਆਪਕਤਾ ਦੀ ਭਾਵਨਾ ਉਨ੍ਹਾਂ ਨੂੰ ਮਾਨਵਤਾ ਦੇ ਵਿਸਤ੍ਰਿਤ ਧਰਾਤਲ ਤੇ ਲੈ ਜਾਂਦੀ ਹੈ। ਇਸੇ ਲਈ ਆਧੁਨਿਕ ਸਮੇਂ ਦੀ ਯੋਗਿਕਤਾ,

ਭੌਤਿਕਵਾਦ ਅਤੇ ਵਿਗਿਆਨਵਾਦ ਤੋਂ ਤ੍ਰਹਿਦੀ ਮਾਨਵਤਾ ਲਈ ਉਨ੍ਹਾਂ ਦਾ ਮਾਨਵਤਾ- ਆਦਰਸ਼ਵਾਦੀ ਸੰਦੇਸ਼ ਹੋਰ ਵੀ ਮਹੱਤਵ-ਪੂਰਨ ਹੋ ਜਾਂਦਾ ਹੈ।

ਇਸੇ ਮਹਾਨ ਉਦੇਸ਼ ਨੂੰ ਲੈ ਕੇ ਭਾਈ ਸਾਹਿਬ ਨੇ ਭਾਵਾਤਮਿਕ ਅਤੇ ਤਜਰਬੇ ਨਾਲ ਪ੍ਰਫੁਲਤ ਕਾਵਿ ਤੋਂ ਲੈ ਕੇ ਸ਼ੁੱਧ ਉਪਦੇਸ਼ਾਤਮਿਕ ਅਤੇ ਨੀਤੀ- ਭਰਪੂਰ ਕਾਵਿ ਤਕ ਦੀ ਰਚਨਾ ਕੀਤੀ ਹੈ। ਭਾਈ ਸਾਹਿਬ ਨੇ ਆਧੁਨਿਕ ਯੁਗ ਵਿਚ ਵੀ ਆਪਣੀ ਅਧਿਆਤਮਿਕ ਵਿਚਾਰਧਾਰਾ ਨੂੰ ਭਾਵਨਾਮਈ ਰਹੱਸਵਾਦੀ ਪ੍ਰਵਿਰਤੀ ਦੇ ਰੰਗ ਵਿਚ ਰੰਗ ਕੇ ਅਪਣਾ ਨਾਤਾ ਪੰਜਾਬੀ ਕਾਵਿ ਦੀ ਮੁੱਢਲੀ ਰਹੱਸਵਾਦੀ ਪਰੰਪਰਾ ਨਾਲ ਜੋੜਿਆ ਹੈ, ਜਿਸ ਦਾ ਮੁੱਢ ਬਾਬਾ ਫ਼ਰੀਦ ਜੀ ਦੇ ਕਾਵਿ ਨਾਲ ਬੱਝਿਆ ਸੀ, ਜਿਸ ਨੂੰ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਨਾਲ ਨਿਖਾਰਿਆ ਸੀ ਅਤੇ ਜਿਸ ਨੂੰ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਵਰਗੇ ਸੂਫ਼ੀ ਰਹੱਸਵਾਦੀਆਂ ਨੇ ਆਪਣੇ ਕਾਵਿ ਰਾਹੀਂ ਵਿਕਸਾਇਆ ਸੀ। ਉਨ੍ਹਾਂ ਨੇ ਨਵੇਂ ਯੁਗ ਵਿਚ ਆਪਣੀ ਭਾਵਨਾਤਮਕ ਅਤੇ ਪ੍ਰੇਮ ਮੂਲਕ ਰਹੱਸਵਾਦੀ ਪ੍ਰਵਿਰਤੀ ਨੂੰ ਲੋਕ ਰੁਚੀ ਅਨੁਕੂਲ ਬਣਾ ਕੇ ਪ੍ਰਗਟ ਕੀਤਾ ਹੈ। ਇਸੇ ਲਈ ਉਨ੍ਹਾਂ ਦੇ ਕਾਵਿ ਦਾ ਮੁੱਖ ਸਵਰ ਸੁਨਿਸ਼ਚਿਤ ਵਿਅਕਤੀ ਦੀ ਅਟੁੱਟ ਮਾਨਸਿਕ ਵੇਦਨਾ ਅਤੇ ਅਨੰਤ ਦੀ ਭਾਲ ਹੋ ਜਾਂਦਾ ਹੈ। ਇਸ ਵਿਚ ਭਾਈ ਸਾਹਿਬ ਅਸੀਮ ਤੇ ਅਗੋਚਰ ਪ੍ਰਭੂ ਨੂੰ ਆਪਣੇ ਅਨੁਭਵ ਦੀ ਪਕੜ ਵਿਚ ਬੰਨ੍ਹਣਾ ਲੋਚਦੇ ਹਨ ਅਤੇ ਇਸ 'ਅਸੀਮ ਤੋਂ ਸਸੀਮ' ਕਰਨ ਦੀ ਪ੍ਰਵਿਰਤੀ ਕਾਰਨ ਇਕ ਵਿਸ਼ੇਸ਼ ਪ੍ਰਕਾਰ ਦੇ ਅਨੂਠੇ ਅਨੰਦ ਦੇ ਮਨੋਭਾਵਾਂ ਤੇ ਆਤਮਿਕ ਅਨੁਭਵ ਨੂੰ ਜਗਾਉਂਦੇ ਹਨ।

ਭਾਈ ਸਾਹਿਬ ਆਪਣੇ ਇਨ੍ਹਾਂ ਯਤਨਾਂ ਨਾਲ ਜਿੱਥੇ ਪੰਜਾਬੀ ਕਵਿਤਾ ਦੇ ਵਸਤੂ ਵਿਚ ਨਵੇਂ ਸਿਰੇ ਤੋਂ ਗੰਭੀਰਤਾ ਨੂੰ ਲਿਆਉਂਦੇ ਹਨ, ਉਥੇ ਉਨ੍ਹਾਂ ਦੀ ਪੰਜਾਬੀ ਕਾਵਿ ਨੂੰ ਵਿਸ਼ੇਸ਼ ਦੇਣ ਨਵੇਂ ਮਾਰਗਾਂ ਨਾਲ ਜਾਣਕਾਰੀ ਕਰਾਉਣ ਤੋਂ ਵੀ ਹੈ। ਉਨ੍ਹਾਂ ਨੇ ਨਵੇਂ ਪੱਛਮੀ ਪ੍ਰਭਾਵਾਂ ਹੇਠ ਸਾਰੇ ਆਧੁਨਿਕ ਕਾਵਿ ਰੂਪਾਂ ਨੂੰ ਅਪਣਾ ਕੇ ਨਵੀਆਂ ਲੀਹਾਂ ਪਾਈਆਂ ਹਨ।

ਭਾਈ ਸਾਹਿਬ ਨੇ 'ਰਾਣਾ ਸੂਰਤ ਸਿੰਘ' ਨਾਲ ਪੰਜਾਬੀ ਵਿਚ ਪਹਿਲੀ ਵੇਰ ਮਹਾਂਕਾਵਿ ਦੀ ਪਰੰਪਰਾ ਨੂੰ ਸ਼ੁਰੂ ਕੀਤਾ ਸੀ। 'ਰਾਣਾ ਸੂਰਤ ਸਿੰਘ' ਜੀਵਨ ਅਤੇ ਅਸਤਿਤਵ ਦੇ ਭਾਵਾਰਥ ਦੀ ਭਾਲ ਵਿਚ ਆਤਮਾ ਦੀ ਅੰਤਰਿਕ ਯਾਤਰਾ ਦਾ ਵਰਣਨ ਹੈ। ਕਥਾਨਕ ਦੇ ਰੂਪ ਵਿਚ 'ਰਾਣਾ ਸੂਰਤ ਸਿੰਘ' ਸੰਪੂਰਣ ਜੀਵਨ ਨੂੰ ਲੈ ਕੇ ਚਲਦਾ ਹੈ। ਰਾਣਾ ਸੂਰਤ ਸਿੰਘ ਆਦਰਸ਼ਕ ਮਾਨਵ ਅਤੇ ਰਾਣੀ ਰਾਜ ਕੌਰ ਮਾਨਵ ਦੇ ਜੀਵਨ- ਵਿਕਾਸ ਦੀ ਕਥਾ ਨੂੰ ਪ੍ਰਗਟ ਕਰਦੀ ਹੈ। ਇਸ ਮਹਾਂ-ਕਾਵਿ ਵਿਚ ਭਾਈ ਸਾਹਿਬ ਨੇ ਵਸਤੂ-ਨਿਸ਼ਠ(Objective ) ਵਰਣਨ ਨੂੰ ਵਧੇਰੇ ਆਤਮਨਿਸ਼ਠ(Subjective ) ਤੇ ਭਾਵਾਤਮਿਕ ਰੂਪ ਵਿਚ ਪੇਸ਼ ਕੀਤਾ ਹੈ। ਇਸ ਵਿਚ ਭਾਈ ਸਾਹਿਬ ਨੇ ਘਟਨਾਵਾਂ ਦੀ ਭਰਮਾਰ ਨੂੰ ਪ੍ਰਗਟ ਕਰਨ ਦੀ ਥਾਂ ਰਾਣੀ ਰਾਜ ਕੌਰ ਦੇ ਆਤਮ- ਸੰਤਾਪ ਦੀ ਅਲਪ ਜਹੀ ਕਥਾ ਨੂੰ ਲੈ ਕੇ ਕੇਂਦਰੀਕਰਣ ਵਲ ਹੀ ਵਧੇਰੇ ਉਨਮੁਖ ਰਹੇ ਹਨ। 'ਰਾਣਾ ਸੂਰਤ ਸਿੰਘ' ਕਾਵਿ ਵੈਭਵ, ਚਿੰਤਨ ਪੱਖ ਦੀ ਪ੍ਰੌਢਤਾ, ਸਵਸਥ ਜੀਵਨ ਦਰਸ਼ਨ ਅਤੇ ਮਾਨਵੀ ਭਾਵਨਾਵਾਂ ਦੇ ਵਿਸ਼ਲੇਸ਼ਣ ਦੇ ਗੁਣਾਂ ਕਰਕੇ ਭਾਈ ਸਾਹਿਬ ਦੇ ਵਿਅਕਤਿਤਵ ਦੀ ਸੰਪੂਰਣ ਅਭਿਵਿਅਕਤੀ

ਕਰਦਾ ਹੈ। ਇਸ ਦੀ ਵਿਸ਼ੇਸ਼ਤਾ ਹੈ ਕਿ ਜਿਥੇ ਇਹ ਇਕ ਪਾਸੇ ਪੰਜਾਬੀ ਵਿਚ ਮਹਾਂਕਾਵਿ ਦੀ ਘਾਟ ਨੂੰ ਪੂਰਾ ਕਰਦਾ ਹੈ, ਉਥੇ ਨਾਲ ਹੀ ਆਉਣ ਵਾਲੇ ਪੰਜਾਬੀ ਮਹਾਂਕਾਵਿ ਰਚਣ ਵਾਲੇ ਕਵੀਆਂ ਦਾ ਪੱਥ- ਪ੍ਰਦਰਸ਼ਨ ਵੀ ਕਰਦਾ ਹੈ। ਇਸ ਰਚਨਾ ਨਾਲ ਪੰਜਾਬੀ ਵਿਚ ਹੀ ਨਹੀਂ, ਸਗੋਂ ਵਿਸ਼ਵ ਮਹਾਂਕਾਵਿ ਪਰੰਪਰਾ ਵਿਚ ਇਕ ਨਿੱਗਰ ਵਾਧਾ ਹੋਇਆ ਹੈ।

ਭਾਈ ਸਾਹਿਬ ਨੇ ਆਪਣੀਆਂ ਲੰਮੇਰੀਆਂ ਕਵਿਤਾਵਾਂ ਨਾਲ ਸਹੀ ਅਰਥਾਂ ਵਿਚ ਪੰਜਾਬੀ ਵਿਚ ਆਧੁਨਿਕ ਢੰਗ ਦੀਆਂ ਲੰਮੇਰੀਆਂ ਕਵਿਤਾਵਾਂ ਦੀ [illegible] ਪ੍ਰਥਾ ਨੂੰ ਸ਼ੁਰੂ ਕੀਤਾ ਹੈ। ਉਨ੍ਹਾਂ ਤੋਂ ਪਹਿਲਾਂ ਲੰਮੇਰੀਆਂ ਕਵਿਤਾਵਾਂ ਪੁਰਾਤਨ ਢੰਗ ਦੀਆਂ ਸੀਹਰਫ਼ੀਆਂ, ਬਾਰਾਮਾਹਿਆਂ ਤੇ ਪ੍ਰਬੰਧ- ਕਾਵਿ ਦੇ ਰੂਪਾਂ ਵਿਚ ਹੀ ਮਿਲਦੀਆਂ ਸਨ। ਭਾਈ ਸਾਹਿਬ ਦੀਆਂ ਲੰਮੇਰੀਆਂ ਕਵਿਤਾਵਾਂ ਵਿਚ ਦਾਰਸ਼ਨਿਕ ਤੇ ਆਦਰਸ਼ ਵਿਸ਼ੈਨਕ, ਉਪਦੇਸ਼ਾਤਮਿਕ ਤੇ ਨੀਤੀਵਾਦੀ, ਵਿਵਰਣਾਤਮਿਕ ਤੇ ਵਰਣਨਾਤਮਿਕ, ਦੇਸ਼ ਭਗਤੀ ਅਤੇ ਸਾਮਿਅਕ ਜੀਵਨ ਸੰਬੰਧੀ ਵਿਸ਼ੇ ਸਮਾਏ ਹੋਏ ਮਿਲਦੇ ਹਨ। ਭਾਈ ਸਾਹਿਬ ਦੀਆਂ ਲੰਮੇਰੀਆਂ ਕਵਿਤਾਵਾਂ ਵਿਚੋਂ ਉਨ੍ਹਾਂ ਦੀ ਅੰਤਰਮੁਖੀ ਪ੍ਰਵਿਰਤੀ ਵੱਲ ਵੀ ਸਪਸ਼ਟ ਸੰਕੇਤ ਮਿਲਦਾ ਹੈ। ਇਨ੍ਹਾਂ ਵਿਚ ਭਾਈ ਸਾਹਿਬ ਦੀ ਬਿਆਨੀਆ ਯੁਕਤੀ ਤੇ ਵੈਦਿਕ ਰੂਪਾਂ ਦਾ ਸੰਜੋਗ ਮਿਲਦਾ ਹੈ। ਇਨ੍ਹਾਂ ਰਾਹੀਂ ਕਿਸੇ ਕਥਾ ਨੂੰ ਬਿਆਨ ਕਰਨਾ ਹੀ ਭਾਈ ਸਾਹਿਬ ਦਾ ਮਨੋਰਥ ਨਹੀਂ, ਉਹ ਕਿਸੇ ਅਲਪ ਜਹੀ ਕਥਾ, ਘਟਨਾ, ਦ੍ਰਿਸ਼ ਜਾਂ ਪਾਤਰਾਂ ਨੂੰ ਆਧਾਰ ਬਣਾ ਕੇ ਬੜੇ ਮਾਰਮਿਕ ਢੰਗ ਨਾਲ ਇਨ੍ਹਾਂ ਨੂੰ ਦੀਰਘ ਭਾਵ ਚਿੰਤਨ ਦਾ ਮਾਧਿਅਮ ਬਣਾ ਲੈਂਦੇ ਹਨ। ਲੰਮੇਰੀਆਂ ਕਵਿਤਾਵਾਂ ਨੂੰ ਉਲੀਕਣ ਵਿਚ ਭਾਈ ਸਾਹਿਬ ਨੇ ਵਿਭਿੰਨ ਵਿਧੀਆਂ; ਸੰਵਾਦਾਤਮਿਕ( Dialogues ) ਨਾਟਕੀ- ਏਕਾਲਾਪ ਅਥਵਾ ਆਤਮ ਸੰਲਾਪਾਤਮਿਕ( Dramatic Monologues ) ਅਤੇ ਵਰਣਨਾਤਮਿਕ- ਬਿਰਤਾਂਤਕ- ਸੰਵਾਦਾਤਮਿਕ ਮਿਸ਼ਰਣ ਦੀ ਵਿਧੀ ਨੂੰ ਅਪਣਾਇਆ ਹੈ। ਇਨ੍ਹਾਂ ਵਿਚ ਭਾਈ ਸਾਹਿਬ ਦੀ ਦ੍ਰਿਸ਼ਟੀ, ਸ਼ੈਲੀ ਤੇ ਪਾਤਰ ਉਨ੍ਹਾਂ ਦੇ ਆਪਣੇ ਹੀ ਰਹੇ ਹਨ। ਭਾਈ ਸਾਹਿਬ ਦੀਆਂ ਲੰਮੇਰੀਆਂ ਕਵਿਤਾਵਾਂ ਵਿਅਕਤਿਤਵ ਨਿਸ਼ਠ, ਆਤਮ ਅਭਿਮੁਖੀ ਅਤੇ ਭਾਵ- ਪ੍ਰਧਾਨ ਹਨ। ਇਨ੍ਹਾਂ ਵਿਚ ਜ਼ਿਆਦਾ ਤਰ ਭਾਈ ਸਾਹਿਬ ਦਾ ਬਿਆਨ ਬੜਾ ਕਲਾਤਮਿਕ ਹੈ, ਪਰ ਜਿਥੇ ਉਹ ਆਦੇਸ਼- ਉਪਦੇਸ਼ ਅਤੇ ਆਵੇਦਨ- ਨਿਵੇਦਨ ਵਿਚ ਘੁਮ ਜਾਂਦੇ ਹਨ, ਉਥੇ ਉਹ ਕਲਾਕਾਰ ਰੂਪ ਤੇ ਕੁਝ ਭਾਰੂ ਹੁੰਦੇ ਹਨ। ਭਾਈ ਸਾਹਿਬ ਨੇ ਪੰਜਾਬੀ ਵਿਚ ਹਾਲੀ ਤਕ ਦੇ ਕਵੀਆਂ ਵਿਚੋਂ ਸਭ ਤੋਂ ਵਧੇਰੇ 31 ਦੇ ਕਰੀਬ ਕਵਿਤਾਵਾਂ ਲਿਖੀਆਂ ਹਨ ਅਤੇ ਇਨ੍ਹਾਂ ਰਾਹੀਂ ਉਨ੍ਹਾਂ ਦੇ ਕਾਵਿ ਦੇ ਬਿਆਨੀਆ ਪੱਖ ਦੀ ਵਿਭਿੰਨਤਾ ਅਤੇ ਵਿਸ਼ਾਲਤਾ ਦਾ ਪ੍ਰਦਰਸ਼ਨ ਵੀ ਹੁੰਦਾ ਹੈ। ਭਾਈ ਸਾਹਿਬ ਨੇ ਲੰਮੇਰੀਆਂ ਕਵਿਤਾਵਾਂ ਦੀ ਪ੍ਰਣਾਲੀ ਸ਼ੁਰੂ ਕਰਕੇ ਆਉਣ ਵਾਲੇ ਕਵੀਆਂ ਨੂੰ ਵੀ ਕਾਫ਼ੀ ਪ੍ਰਭਾਵਿਤ ਕੀਤਾ ਹੈ।

ਭਾਈ ਸਾਹਿਬ ਨੇ ਪੰਜਾਬੀ ਵਿਚ ਆਧੁਨਿਕ ਛੋਟੀਆਂ ਕਵਿਤਾਵਾਂ ਤੇ ਗੀਤਾਂ ਦੀ ਪਰੰਪਰਾ ਨੂੰ ਵੀ ਸ਼ੁਰੂ ਕੀਤਾ ਹੈ। ਮੁਕਤਕ ਕਾਵਿ ਦੀ ਪਰੰਪਰਾ ਤੋਂ ਪੰਜਾਬੀ ਕਵਿਤਾ ਪਹਿਲਾਂ ਵੀ ਅਚੇਤ ਨਹੀਂ ਸੀ, ਪਰ ਸਵਤੰਤਰ ਮਜ਼ਮੂਨ ਲੈ ਕੇ ਵੱਖ ਵੱਖ ਸਿਰਲੇਖਾਂ ਹੇਠ ਨਿੱਕੀ ਕਵਿਤਾ ਰਚਣ ਦੀ ਪਿਰਤ ਭਾਈ ਸਾਹਿਬ ਦੀਆਂ

ਛੋਟੀਆਂ ਕਵਿਤਾਵਾਂ ਨਾਲ ਹੀ ਸ਼ੁਰੂ ਹੁੰਦੀ ਹੈ। ਛੋਟੀਆਂ ਕਵਿਤਾਵਾਂ ਵਿਚ ਉਨ੍ਹਾਂ ਨੇ ਅਧਿਆਤਮਿਕ ਤੇ ਰਹੱਸ-ਵਾਦੀ ਰਮਜ਼ਾਂ, ਭਗਤੀ ਰਸ ਵਿਚ ਰੰਗੀ ਪ੍ਰੇਮ ਤੇ ਕੁਦਰਤ ਦੀ ਮਰਮ- ਕਥਾ, ਉਸ ਤੋਂ ਉਪਜੇ ਸਰੂਰ ਤੇ ਮਸਤੀ, ਸਦਾਚਾਰਕ ਸਚਾਈਆਂ, ਜੀਵਨ ਦੀਆਂ ਤਲਖੀਆਂ ਤੇ ਉਸ ਦੇ ਰਾਜ਼ , ਸਮਾਜਿਕ ਤੇ ਭਾਈਚਾਰਕ ਰਿਸ਼ਤੇ ਅਤੇ ਸਾਮਿਅਕ ਸਮੱਸਿਆਵਾਂ ਸਭ ਕੁਝ ਨੂੰ ਪ੍ਰਗਟਾਇਆ ਹੈ।

ਭਾਈ ਸਾਹਿਬ ਦੀਆਂ ਨਿੱਕੀਆਂ ਕਵਿਤਾਵਾਂ ਵਿਚੋਂ ਬਹੁਤੀਆਂ ਸੁਤੇ ਸਿੱਧ ਹੀ ਗੀਤ ਹਨ ਅਤੇ ਕਈ ਗੀਤ ਹੀ ਉਚਾਰਨ ਹੋਈਆਂ ਹਨ ਕਿਉਂਕਿ ਇਨ੍ਹਾਂ ਵਿਚ ਪ੍ਰਬਲ ਵੇਗ, ਲੈਅ ਅਤੇ ਜਜ਼ਬੇ ਦੇ ਗੁਣ ਭਰਪੂਰ ਰੂਪ ਵਿਚ ਮਿਲਦੇ ਹਨ। ਇਸੇ ਲਈ ਉਨ੍ਹਾਂ ਦੀਆਂ ਛੋਟੀਆਂ ਕਵਿਤਾਵਾਂ ਵਿਚ ਸਾਹਿਤਿਕ ਗੀਤਾਂ, ਲੋਕ ਗੀਤਾਂ ਅਤੇ ਧਾਰਮਿਕ ਗੀਤਾਂ ਦੀ ਬਹੁਤਾਤ ਹੈ। ਇਨ੍ਹਾਂ ਗੀਤਾਂ ਵਿਚ ਜਜ਼ਬਾ ਆਪਣਾ ਰਾਹ, ਆਪਣੀ ਲੈਅ ਅਤੇ ਆਪ ਆਪੇ ਸਿਰਜ ਲੈਂਦਾ ਹੈ, ਜਿਸ ਕਰਕੇ ਇਨ੍ਹਾਂ ਵਿਚ ਟੁੰਬਣ ਤੇ ਕੀਲਣ ਦੀ ਸ਼ਕਤੀ ਵੱਧ ਜਾਂਦੀ ਹੈ। ਇਨ੍ਹਾਂ ਵਿਚ ਭਾਈ ਸਾਹਿਬ ਦੀ ਕਾਵਿ- ਅਨੁਭੂਤੀ ਦੀ ਤੀਬਰਤਾ ਦੇ ਨਾਲ ਬੌਧਿਕ ਚਿੰਤਨ ਦੀ ਸਮਾਇਆ ਹੋਇਆ ਹੈ। ਭਾਈ ਸਾਹਿਬ ਨੇ ਲੋਕ ਗੀਤਕ ਧਾਰਨਾਵਾਂ ਦੇ ਆਧਾਰ ਤੇ ਗੀਤ ਰਚਣ ਦੀ ਜੋ ਵਿਧੀ ਤੋਰੀ ਸੀ, ਉਹ ਬਾਅਦ ਵਿਚ ਪ੍ਰੋ. ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਦੇ ਹੱਥਾਂ ਵਿਚ ਖ਼ਾਸ ਤੌਰ ਤੇ ਨਿਖਰੀ ਹੈ।

ਭਾਈ ਸਾਹਿਬ ਨੇ ਆਪਣੇ ਧਾਰਮਿਕ ਸੰਗੀਤਕ ਗੀਤਾਂ ਨੂੰ ਵਧੇਰੇ ਸ਼ਾਸਤ੍ਰ ਵਿਚ ਮਿਥੇ ਰਾਗ- ਰਾਗਨੀਆਂ ਵਿਚ ਬੰਨ੍ਹਦਿਆਂ ਇਨ੍ਹਾਂ ਦੇ ਗਾਇਨ ਲਈ ਰਾਗ, ਤਾਲ, ਗਤ, ਮਾਤ੍ਰਾ, ਲੈਅ ਅਤੇ ਸੁਰ ਦਾ ਵੀ ਉਲੇਖ ਕੀਤਾ ਹੈ। ਉਨ੍ਹਾਂ ਦੇ ਧਾਰਮਿਕ ਗੀਤ ਰਾਗ ਪੂਰੀਆਂ, ਮਲ੍ਹਾਰ, ਜੋਗੀਆ, ਪੀਲੋ, ਪਹਾੜੀ, ਗੰਧਾਰੀ, ਟੋਡੀ, ਭੈਰਵੀ, ਮਾਲਕੌਂਸ, ਆਸਾਵਰੀ, ਕਾਮਦਨੀ, ਕਾਲੰਗੜਾ, ਭੀਮ ਪਲਾਸ, ਜੋਗ, ਮਾਂਡ, ਸਿੰਧੜਾ, ਸਿੰਧ ਭੈਰਵੀ, ਬਿਹਾਗ, ਖਮਾਚ ਆਦਿਕ ਵਿਚ ਰਚੇ ਮਿਲਦੇ ਹਨ। ਉਨ੍ਹਾਂ ਨੇ ਧਾਰਮਿਕ ਗੀਤਾਂ ਵਿਚ ਗਾਇਨ ਦੀ ਪਰੰਪਰਾ ਨੂੰ ਅੱਗੇ ਤੋਰਨ ਲਈ ਪ੍ਰਚਲਿਤ ਟੇਕਾਂ ਤੇ ਧਾਰਨਾਵਾਂ, ਖਿਆਲ ਤੇ ਠੁਮਰੀ ਦੇ ਪ੍ਰਯੋਗ ਵੀ ਕੀਤੇ ਹਨ।

ਭਾਈ ਸਾਹਿਬ ਦੀਆਂ ਛੋਟੀਆਂ ਕਵਿਤਾਵਾਂ ਵਿਚ ਉਪਦੇਸ਼ਾਤਮਿਕ ਤੇ ਨੀਤੀਪਰਕ ਕਵਿਤਾਵਾਂ ਵੀ ਪ੍ਰਾਪਤ ਹੁੰਦੀਆਂ ਹਨ, ਜਿਨ੍ਹਾਂ ਵਿਚੋਂ ਉਨ੍ਹਾਂ ਦੀ ਕਾਵਿ- ਪ੍ਰਕਿਰਿਆ ਦੇ ਸਰੂਪ ਮਾਤ੍ਰ ਦਾ ਪ੍ਰਗਟਾਵਾ ਹੁੰਦਾ ਹੈ। ਉਨ੍ਹਾਂ ਨੇ ਸਾਮਿਅਕ ਪਰ- ਰਚਨਾਵਾਂ ਵਿਚ ਅਵਸਰਾਂ, ਘਟਨਾਵਾਂ, ਪੁਰਬਾਂ, ਵਿਅਕਤੀਆਂ ਅਤੇ ਸੰਸਥਾਵਾਂ ਦੇ ਸੰਬੰਧ ਵਿਚ ਕਰਤਵ ਭਾਵਨਾ ਤੋਂ ਪ੍ਰੇਰਿਤ ਹੋ ਕੇ ਕਾਵਿ- ਰਚਨਾ ਕੀਤੀ ਹੈ, ਭਾਵੇਂ ਇਨ੍ਹਾਂ ਵਿਚ ਜਿਤਨਾ ਕਵਿਤਵ ਹੈ, ਉਤਨਾ ਕਾਵਿ- ਤਤ੍ਵ ਨਹੀਂ। ਭਾਈ ਸਾਹਿਬ ਦੇ ਕਾਵਿ ਵਿਚ ਪੁਰਾਤਨ ਪਰਿਪਾਟੀ ਦੇ ਆਧਾਰ ਤੇ ਕੁਝ ਫੁਟਕਲ ਦੋਹੇ ਤੇ ਸੋਰਠੇ ਵੀ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਵਿਚ ਉਨ੍ਹਾਂ ਦੀ ਆਦਰਸ਼ਵਾਦੀ ਅਤੇ ਉਪਦੇਸ਼ਕ ਬਿਰਤੀ ਨਿਰੂਪਤ ਹੋਈ ਮਿਲਦੀ ਹੈ।

ਭਾਈ ਸਾਹਿਬ ਨੇ ਆਪਣੇ ਕਾਵਿ ਵਿਚ ਅਭਿਵਿਅੰਜਨਾ ਦੀਆਂ ਸਾਰੀਆਂ ਸ੍ਰੇਸ਼ਟ ਪ੍ਰਣਾਲੀਆਂ ਨੂੰ ਅਪਣਾਉਂਦਿਆਂ ਚਿੱਤ੍ਰ ਵਿਧਾਨ, ਬਿੰਬ- ਚਿੱਤ੍ਰਨ, ਅਲੰਕਾਰ ਤੇ ਮਾਨਵੀਕਰਨ ਦੇ ਵਿਭਿੰਨ ਪ੍ਰਯੋਗ ਕੀਤੇ ਹਨ। ਭਾਈ ਸਾਹਿਬ ਨੇ ਅਭਿਵਿਅੰਜਨਾ ਦੀ ਖੁਲ੍ਹੀ ਡੁਲ੍ਹੀ ਸਪਸ਼ਟ ਸ਼ੈਲੀ ਦੀ ਥਾਂ ਰਮਜ਼ਾਂ ਭਰੀ ਸੂਖਮ, ਸੰਕੇਤਕ ਤੇ

ਚਿਤ੍ਰਾਤਮਿਕ ਅਤੇ ਮੰਤਿਰਵੀਂ ਸ਼ੈਲੀ ਦੀ ਵਰਤੋਂ ਨੂੰ ਸ਼ੁਰੂ ਕੀਤਾ ਹੈ ਅਤੇ ਪੰਜਾਬੀ ਕਵਿਤਾ ਨੂੰ ਰੂਮੀਟ ਪ੍ਰਭਾਵਾਂ ਤੋਂ ਦੂਰ ਲਿਜਾ ਕੇ ਸੁਹਜੀ ਸ਼੍ਰਿਸ਼ਟਾਚਾਰਕ ਸ਼ੈਲੀ ਬਖ਼ਸ਼ੀ ਹੈ।

ਭਾਈ ਸਾਹਿਬ ਨੇ ਆਪਣੇ ਵਿਚਾਰਾਂ ਨੂੰ ਜ਼ਿਆਦਾ ਤਰ ਚਿੱਤ੍ਰਮਈ ਰੂਪ ਵਿਚ ਸੁਲੀਕਿਆ ਹੈ,ਜਿਸ ਕਰਕੇ ਉਨ੍ਹਾਂ ਦੀ ਸ਼ੈਲੀ ਵਰਣਨਾਤਮਿਕ ਹੋਣ ਦੀ ਥਾਂ ਭਾਵ- ਵਿਅੰਜਕ ਬਣ ਗਈ ਹੈ। ਭਾਈ ਸਾਹਿਬ ਨੇ ਬਿੰਬ ਵਿਧਾਨ ਦੇ ਖੇਤਰ ਵਿਚ ਜੀਵਨ ਅਤੇ ਜਗਤ ਨੂੰ ਆਪਣੀ ਭਰਪੂਰਤਾ ਨਾਲ ਗ੍ਰਹਿਣ ਕਰਕੇ ਕਾਫ਼ੀ ਮੌਲਿਕਤਾ ਦੱਸੀ ਹੈ। ਪਹਿਲੀ ਪਰੰਪਰਾ ਵਾਂਗੂੰ ਕੇਵਲ ਪੇਂਡੂ ਜੀਵਨ ਤੋਂ ਬਿੰਬ ਚੁਣਨ ਦੀ ਥਾਂ ਸਾਹਿਤਿਕ ਤੇ ਸੁਗਿਆਨਕ ਵਿਦਵਤਾ ਤੋਂ ਕਾਫ਼ੀ ਪ੍ਰਭਾਵ ਕਬੂਲਿਆ ਹੈ। ਭਾਈ ਸਾਹਿਬ ਦੀ ਬਿੰਬਾਵਲੀ ਨਿਛਾਵੀਂ ਤੇ ਉਨ੍ਹਾਂ ਦੇ ਕਾਵਿ ਤੇ ਭਾਰੂ ਨਹੀਂ। ਇਸ ਨਾਲ ਉਨ੍ਹਾਂ ਦੀ ਅਭਿਵਿਅਕਤੀ ਵਿਚ ਤਾਜ਼ਗੀ ਆਈ ਹੈ ਅਤੇ ਸੂਖਮ- ਮੁਕਤੀ ਵਿਚ ਵਾਧਾ ਹੋਇਆ ਹੈ। ਭਾਈ ਸਾਹਿਬ ਦੇ ਬਿੰਬਾਵਲੀ ਦੇ ਖੇਤਰ ਵਿਚ ਕੀਤੇ ਪ੍ਰਯੋਗ ਇਸ ਗੱਲੋਂ ਵੀ ਮਾਰਗ ਪ੍ਰਦਰਸ਼ਕ ਕਰ ਸਕਦੇ ਹਨ ਕਿ ਕਵੀ ਵਿਚ ਨਾ ਸਿਰਫ਼ ਅੰਨ੍ਹੇ ਅਨੁਕਰਣ ਦੀ ਰੁਚੀ ਹੋਵੇ ਤੇ ਨਾ ਹੀ ਕੇਵਲ ਨਵੇਂ ਪ੍ਰਯੋਗਾਂ ਦੀ ਲਿਲ੍ਹ। ਉਨ੍ਹਾਂ ਦੀ ਬਿੰਬਾਵਲੀ ਦੀ ਉਨ੍ਹਾਂ ਦੀ ਵਿਚਾਰਧਾਰਾ ਨਾਲ ਇਕਸੁਰਤਾ ਕਾਇਮ ਹੈ ਅਤੇ ਇਹ ਆਮ ਲੋਕਾਂ ਦੇ ਅਨੁਭਵ ਗੋਚਰ ਵੀ ਹੈ। ਇਸੇ ਦੀ ਸਹਾਇਤਾ ਨਾਲ ਉਨ੍ਹਾਂ ਨੇ ਆਤਮ- ਅਨਾਤਮ ਦੇ ਬੱਝਵੇਂ ਹੁਸਨ ਦੇ ਦਰਸ਼ਨ ਕਰਾਏ ਹਨ। ਭਾਈ ਸਾਹਿਬ ਦੀ ਅਭਿਵਿਅੰਜਨਾ ਵਿਚ ਦ੍ਰਿਸ਼ ਚਿਤ੍ਰਨ ਵਿਚ ਸਥਿਰ ਬਿੰਬਾਂ ਦੇ ਨਾਲ ਗਤੀਮਾਨ ਬਿੰਬ ਵੀ ਚੰਗੇ ਉਘੜੇ ਹਨ। ਭਾਈ ਸਾਹਿਬ ਨੇ ਜਿੱਥੇ ਸੰਭਵ ਹੋ ਸਕਿਆ ਹੈ, ਵਰਣ-ਯੋਜਨਾ ਦਾ ਖ਼ਿਆਲ ਰੱਖਿਆ ਹੈ। ਉਨ੍ਹਾਂ ਦੀ ਵਰਣ- ਯੋਜਨਾ ਵਿਚ ਚਮਕੀਲੇ ਅਤੇ ਉਜਲ ਰੰਗਾਂ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ।

ਭਾਈ ਸਾਹਿਬ ਦੇ ਕਾਵਿ ਵਿਚ ਅਲੰਕਾਰਾਂ ਦਾ ਖੇਤਰ ਵੀ ਕਾਫ਼ੀ ਵਿਸਤ੍ਰਿਤ ਹੈ। ਉਨ੍ਹਾਂ ਦੀ ਅਲੰਕਾਰ-ਯੋਜਨਾ ਵਿਚ ਪਰੰਪਰਾਗਤ ਅਤੇ ਨਵੇਂ ਮੌਲਿਕ ਅਲੰਕਾਰਾਂ ਦੀ ਸੰਧੀ ਸਪਸ਼ਟ ਮਿਲਦੀ ਹੈ। ਉਨ੍ਹਾਂ ਨੇ ਅਲੰਕਾਰਾਂ ਦੇ ਖੇਤਰ ਵਿਚ ਉਪਮਾ ਨਾਲੋਂ ਰੂਪਕ ਨੂੰ ਵਧੇਰੇ ਥਾਂ ਦਿੱਤੀ ਹੈ। ਵੈਸੇ ਵੀ ਆਧੁਨਿਕ ਕਵੀ ਉਪਮਾ ਨੂੰ ਕੁਝ ਤਿਲਾਂਜਲੀ ਦੇ ਕੇ ਰੂਪਕ ਪ੍ਰਤਿ ਵਧੇਰੇ ਸਚੇਸ਼ਟ ਹੋ ਰਹੇ ਹਨ। ਭਾਈ ਸਾਹਿਬ ਦੀ ਕਵਿਤਾ ਅਲੰਕਾਰ ਯੁਕਤ ਤਾਂ ਹੈ, ਪਰ ਇਸ ਵਿਚ ਕੇਵਲ ਅਲੰਕਾਰਾਂ ਨੂੰ ਹੀ ਮੁੱਖ ਨਹੀਂ ਰੱਖਿਆ ਗਇਆ।

ਭਾਈ ਸਾਹਿਬ ਨੇ ਭਾਵਨਾ ਪ੍ਰਕਾਸ਼ਨ ਲਈ ਵਿਵਿਧ ਪ੍ਰਕਾਰ ਦੇ ਛੰਦਾਂ ਦੀ ਵਰਤੋਂ ਕਰਦਿਆਂ ਪੰਜਾਬੀ ਵਿਚ ਪ੍ਰਚਲਿਤ ਛੰਦਾਂ ਵਿਚੋਂ ਸਿਰਖੰਡੀ,ਦਵੱਯਾ,ਗੀਆ ਮਾਲਤੀ,ਲਲਿਤ ਪਦ,ਦੋਹਿਰਾ, ਸੋਰਠਾ,ਸਵੈਯਾ,ਹੰਸ ਗਤਿ,ਕਬਿੱਤ,ਦਿਗਪਾਲ,ਬੈਂਤ ਆਦਿਕ ਦੇ ਕੁਸ਼ਲ ਪ੍ਰਯੋਗ ਕਰਦਿਆਂ ਜ਼ਿਆਦਾ ਮਾਤ੍ਰਿਕ ਛੰਦਾਂ ਦੀ ਹੀ ਵਰਤੋਂ ਕੀਤੀ ਹੈ। ਇੱਥੇ ਖ਼ੂਬੀ ਇਹ ਹੈ ਕਿ ਭਾਈ ਸਾਹਿਬ ਦੇ ਨਵੇਂ ਪ੍ਰਗਟਾ ਢੰਗ ਵਿਚ ਇਹ ਪੁਰਾਣੇ ਛੰਦ ਵੀ ਨਵੇਂ ਲਗਦੇ ਹਨ। ਛੰਦ- ਯੋਜਨਾ ਦੇ ਚੰਗੇ ਅਧਿਕਾਰੀ ਹੋਣ ਕਾਰਨ ਭਾਈ ਸਾਹਿਬ ਛੰਦਾਂ ਦੇ ਸਰੂਪ ਵਿਚ ਪਰਿਵਰਤਨ ਕਰਨ ਵਾਲੇ ਸੁਘੜ ਸ਼ਿਲਪੀ ਵੀ ਸਿੱਧ ਹੋਏ ਹਨ। ਬੀਰ-ਰਸ ਲਈ ਵਰਤੇ ਜਾਂਦੇ 'ਸਿਰਖੰਡੀ ਛੰਦ' ਨੂੰ 'ਰਾਣਾ ਸੂਰਤ ਸਿੰਘ' ਤੇ ਹੋਰ ਕਈ ਕਵਿਤਾਵਾਂ ਵਿਚ 'ਸ਼ਾਂਤ ਰਸ' ਦੀ ਉਤਪਤੀ ਲਈ ਵਰਤ ਕੇ ਪੰਜਾਬੀ ਕਾਵਿ ਵਿਚ ਉਨ੍ਹਾਂ ਨੇ ਇਕ ਨਵੀਂ ਪਿਰਤ ਚਲਾਈ ਹੈ। ਸ਼ੁਰਦੂ-

ਫ਼ਾਰਸੀ ਕਾਵਿ ਦੇ ਪ੍ਰਭਾਵ ਹੇਠਾਂ ਉਨ੍ਹਾਂ ਨੇ ਰੁਬਾਈ ਤੇ ਗ਼ਜ਼ਲ ਦੇ ਕਾਵਿ ਭੇਦਾਂ ਨੂੰ ਵੀ ਵਰਤਣਾ ਸ਼ੁਰੂ ਕੀਤਾ ਹੈ। ਕਵਿਤਾ ਦੀ ਛੰਦਕ-ਚਾਲ ਵਿਚ ਦਵੱਈਆ ਦੇ ਆਧਾਰ ਤੇ ਫ਼ਾਰਸੀ ਰੁਬਾਈ ਦੇ ਰੂਪਾਂਤਰ ਤ੍ਰਿਵਿਆਈ ਦੀ ਕਾਢ ਨਾਲ ਭਾਈ ਸਾਹਿਬ ਨੇ ਛੋਟੀ ਕਵਿਤਾ ਦੇ ਖੇਤਰ ਵਿਚ ਇਕ ਨਵੇਂ ਕਾਵਿ-ਭੇਦ ਨੂੰ ਤੋਰਿਆ ਹੈ ਅਤੇ ਇਸ ਨੂੰ ਮੁੱਢ ਤੋਂ ਹੀ ਕਲਾਤਮਿਕ ਤੌਰ ਤੇ ਸਿਖਰ ਤੇ ਪਹੁੰਚਾ ਦਿੱਤਾ ਹੈ। ਉਨ੍ਹਾਂ ਦੇ ਅਸੰਗ੍ਰਹਿਤ ਕਾਵਿ ਵਿਚ ਗ਼ਜ਼ਲਾਂ ਦੇ ਵੀ ਕੁਝ ਚੰਗੇ ਪ੍ਰਯੋਗ ਮਿਲਦੇ ਹਨ।

ਭਾਈ ਸਾਹਿਬ ਦੀ ਬਹੁਤੀ ਕਾਵਿ ਰਚਨਾ ਛੰਦ-ਬੱਧ ਹੈ, ਪਰ ਮੇਰੇ ਸਾਂਈਆਂ ਜੀਓ ਵਿਚ ਛੰਦ-ਰਹਿਤ ਖੁੱਲ੍ਹੀਆਂ ਕਵਿਤਾਵਾਂ ਦੇ ਸਫ਼ਲ ਪ੍ਰਯੋਗ ਵੀ ਮਿਲਦੇ ਹਨ, ਜਿੱਥੇ ਉਨ੍ਹਾਂ ਨੇ ਛੰਦ ਦੀ ਥਾਂ ਲੈਅ ਤੇ ਗਤੀ ਦਾ ਕਾਫ਼ੀ ਹੱਦ ਤਕ ਖ਼ਿਆਲ ਰੱਖਿਆ ਹੈ।

ਭਾਈ ਸਾਹਿਬ ਨੇ ਜਿਤਨੇ ਵੀ ਛੋਟੇ ਵੱਡੇ ਛੰਦਾਂ ਵਿਚ ਲਿਖਿਆ ਹੈ, ਵਰਤਮਾਨ ਪੰਜਾਬੀ ਕਾਵਿ ਵਿਚ ਇਤਨਾ ਹੋਰ ਕਿਸੇ ਨਹੀਂ ਲਿਖਿਆ। ਛੰਦ-ਯੋਜਨਾ ਵਿਚ ਪ੍ਰਬੀਨ ਹੋਣ ਤੇ ਵੀ ਭਾਈ ਸਾਹਿਬ ਦੀ ਛੰਦ-ਯੋਜਨਾ ਵਿਚ ਇਕ ਊਣਤਾਈ ਮਿਲਦੀ ਹੈ ਕਿ ਉਨ੍ਹਾਂ ਨੇ ਛੰਦਾਂ ਦੇ ਨਿਯਮਾਂ ਦੀ ਕਰੜੇ ਢੰਗਾਂ ਨਾਲ ਪਾਲਣਾ ਕਰਦਿਆਂ ਕਈ ਥਾਂ ਮਾਤ੍ਰਾਂ ਦੀ ਪੂਰਤੀ ਲਈ ਮਾਤ੍ਰਾਂ ਨੂੰ ਗ਼ੈਰ-ਟਕਸਾਲੀ ਰੂਪ ਵਿਚ ਵਰਤਿਆ ਹੈ। ਇਸ ਦੇ ਨਾਲ ਹੀ ਕਈ ਛੰਦਾਂ ਦੇ ਪ੍ਰਯੋਗ ਵਿਚ ਕੁਝ ਚਰਣਾਂ ਵਿਚ ਮਾਤ੍ਰਾਂ ਨੂੰ ਵੀ ਘਟਾ ਵਧਾ ਦਿੱਤਾ ਹੈ। ਜਿਵੇਂ ਸ਼ਬਦ-ਜੋੜਾਂ ਦੀਆਂ ਮਾਤ੍ਰਾਂ ਦੀ ਪੂਰਤੀ ਲਈ ਕੀਤੀਆਂ ਤਬਦੀਲੀਆਂ ਦੇ ਬਾਵਜੂਦ ਵੀ ਉਨ੍ਹਾਂ ਦੇ ਛੰਦਾਂ ਦੇ ਪ੍ਰਯੋਗ ਵਿਚ ਕਈ ਥਾਂ ਮਾਤ੍ਰਾਂ ਦਾ ਅੰਤਰ ਸਾਫ਼ ਮਿਲਦਾ ਹੈ। ਭਾਈ ਸਾਹਿਬ ਦੀ ਛੰਦ-ਯੋਜਨਾ ਸੰਬੰਧੀ ਇਸ ਰੁਚੀ ਨੂੰ ਕੋਈ ਜ਼ਿਆਦਾ ਉਸਾਰੂ ਨਹੀਂ ਕਹਿਆ ਜਾ ਸਕਦਾ। ਇਸੇ ਕਰਕੇ ਗੁਰਬਾਣੀ ਵਿਚ ਛੰਦਾਂ ਦੀ ਵਰਤੋਂ ਵਿਚ ਕੇਵਲ ਮਾਤ੍ਰਾਂ ਦੀ ਥਾਂ ਜ਼ਿਆਦਾ ਲੈਅ ਤੇ ਰਾਗ ਦਾ ਖ਼ਿਆਲ ਰੱਖਿਆ ਗਇਆ ਸੀ।

ਭਾਈ ਸਾਹਿਬ ਦੀ ਪੰਜਾਬੀ ਭਾਸ਼ਾ ਨੂੰ ਦੇਣ ਅਪੂਰਵ ਹੈ। ਆਧੁਨਿਕ ਕਾਲ ਵਿਚ ਉਨ੍ਹਾਂ ਨੇ ਪੰਜਾਬੀ ਦਾ ਸਰੂਪ ਨਿਰਧਾਰਣ ਅਤੇ ਇਸ ਦੇ ਵਿਕਾਸ ਵਿਚ ਵਿਸ਼ੇਸ਼ ਹਿੱਸਾ ਪਾਂਦਿਆਂ ਇਸ ਨੂੰ ਕਾਵਿ ਉਪਯੁਕਤ ਭਾਸ਼ਾ ਬਣਾਇਆ ਹੈ। ਪੰਜਾਬੀ ਭਾਸ਼ਾ ਦੀ ਵਰਤੋਂ ਭਾਵੇਂ ਪੰਜਾਬੀ ਦੇ ਜਨਮ-ਕਾਲ ਤੋਂ ਕਿਸੇ ਨਾ ਕਿਸੇ ਰੂਪ ਵਿਚ ਹੁੰਦੀ ਆਈ ਹੈ, ਪਰ ਆਧੁਨਿਕ ਕਾਲ ਦੇ ਆਰੰਭ ਤੋਂ ਪਹਿਲਾਂ ਇਕ ਬੰਨੇ ਵਿਦਵਾਨਾਂ ਵਿਚ ਸ਼ੁੱਧ ਪੰਜਾਬੀ ਦੇ ਉਲਟ ਬ੍ਰਿਜੀ ਦਾ ਵਿਵਹਾਰ ਵਧੇਰੇ ਸੀ ਅਤੇ ਦੂਜੇ ਪਾਸੇ ਪੰਜਾਬੀ ਦਾ ਗ੍ਰਾਮੀਣ ਲੌਕਿਕ ਰੂਪ ਹੀ ਜ਼ਿਆਦਾ ਪ੍ਰਚਲਿਤ ਸੀ, ਜਿਸ ਕਰਕੇ ਪੰਜਾਬੀ ਭਾਸ਼ਾ ਦੀ ਸਾਹਿਤਿਕ ਕਾਵਿ ਉਪਯੁਕਤਤਾ ਵਿਚ ਸਾਹਿਤਕਾਰਾਂ ਦਾ ਸੰਦੇਹ ਬਣਿਆ ਹੋਇਆ ਸੀ। ਭਾਈ ਸਾਹਿਬ ਨੇ ਵਿਦਵਤਾ ਪੂਰਵਕ ਢੰਗ ਨਾਲ ਨਿਧੜਕ ਹੋ ਕੇ ਬ੍ਰਿਜ ਭਾਸ਼ਾ ਤੇ ਗ੍ਰਾਮੀਣ ਪੰਜਾਬੀ ਦੇ ਜੂਲੇ ਨੂੰ ਲਾਹ ਕੇ ਠੇਠ-ਪੰਜਾਬੀ ਨੂੰ ਸੁੰਦਰ ਤੇ ਸੁਘੜ ਕਾਵਿ ਭਾਸ਼ਾ ਬਣਾ ਕੇ ਸਾਨੂੰ ਇਸ ਦਾ ਉੱਤਰ ਅਧਿਕਾਰੀ ਬਣਾਇਆ ਹੈ। ਜਿਵੇਂ ਜਿਸ ਪੰਜਾਬੀ ਦੀਆਂ ਕਲਾਤਮਿਕ ਸੰਭਾਵਨਾਵਾਂ ਤੇ ਲਾਖਣਿਕ ਸ਼ਕਤੀਆਂ ਦਾ ਅੱਜ ਪੂਰਨ ਵਿਕਾਸ ਮਿਲਦਾ ਹੈ, ਉਸ ਦੇ ਮੂਲ ਵਿਚ ਭਾਈ ਸਾਹਿਬ ਦਾ ਹੀ ਯੋਗਦਾਨ ਹੈ। ਭਾਈ ਸਾਹਿਬ ਦੀ ਇਹ ਵੀ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਪੰਜਾਬੀ ਨੂੰ ਆਮ ਲੋਕਾਂ ਵਿਚ ਹੀ ਮਕਬੂਲ ਨਹੀਂ ਬਣਾਇਆ, ਸਗੋਂ ਆਪਣੀ ਅਮੀਰ ਸਮਾਜਿਕ

ਅਵਸਥਾ ਸਦਕਾ ਵਿਦਵਾਨਾਂ ਤੇ ਉਪਰਲੀ ਸ਼੍ਰੇਣੀ ਵਿਚ ਵੀ ਇਸ ਨੂੰ ਹਰਮਨ-ਪਿਆਰਾ ਬਣਾ ਕੇ ਇਸ ਦਾ ਸਤਿਕਾਰ ਪੈਦਾ ਕੀਤਾ ਹੈ।

ਭਾਈ ਸਾਹਿਬ ਨੇ ਜਿਥੇ ਪੰਜਾਬੀ ਦੇ ਠੇਠ ਸਰੂਪ ਦੀ ਸਥਾਪਨਾ ਕਰਕੇ ਇਸ ਦੇ ਵੇਗਵਦ-ਵਿਕਾਸ ਵਿਚ ਸਹਾਇਤਾ ਕੀਤੀ ਹੈ, ਉਥੇ ਪੰਜਾਬੀ ਵਿਚ ਸ਼ਬਦ ਨੂੰ ਸੁਚੱਜੇ ਕਾਰੀਗਰ ਵਾਂਗ ਛਿੱਲ ਤਰਾਸ਼ ਕੇ ਵਰਤਣ ਦੀ ਪਿਰਤ/ਸ਼ੁਰੂ ਵੀ ਕੀਤੀ ਹੈ। ਉਨ੍ਹਾਂ ਨੇ ਆਉਣ ਵਾਲੇ ਕਵੀਆਂ ਨੂੰ ਦੱਸਿਆ ਕਿ ਅਨੁਭਵ ਦੀ ਅਭਿਵਿਅਕਤੀ ਲਈ ਢੁਕਵੇਂ ਸ਼ਬਦਾਂ ਦੀ ਚੋਣ ਅਨਿਵਾਰੀ ਹੈ ਅਤੇ ਹਰ ਕਵੀ ਨੂੰ ਆਪਣੀ ਕਲਾ ਨੂੰ ਸੰਪੂਰਣ ਬਣਾਉਣ ਲਈ ਸ਼ਬਦ-ਚੋਣ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।

ਭਾਈ ਸਾਹਿਬ ਨੇ ਪ੍ਰਕ੍ਰਿਤੀ-ਚਿੱਤ੍ਰਨ ਨੂੰ ਵੀ ਆਪਣੇ ਕਾਵਿ ਦੀ ਇਕ ਪ੍ਰਮੁੱਖ ਵਸ਼ਿਸ਼ਟਤਾ ਬਣਾਇਆ ਹੈ। ਪ੍ਰਕ੍ਰਿਤੀ ਚਿੱਤ੍ਰਨ ਨੂੰ ਪੰਜਾਬੀ ਕਾਵਿ ਦੀ ਪਹਿਲੀ ਪਰੰਪਰਾ ਵਿਚ ਵੀ ਸਥਾਨ ਪ੍ਰਾਪਤ ਸੀ, ਪਰ ਸੁਚੇਤ ਤੌਰ ਤੇ ਆਧੁਨਿਕ ਢੰਗ ਦੇ ਭਰਪੂਰ ਤੇ ਬਹੁ-ਪੱਖੀ ਪ੍ਰਕ੍ਰਿਤੀ ਚਿੱਤ੍ਰਨ ਦੀ ਪਰੰਪਰਾ ਭਾਈ ਸਾਹਿਬ ਨਾਲ ਹੀ ਸ਼ੁਰੂ ਹੁੰਦੀ ਹੈ। ਭਾਈ ਸਾਹਿਬ ਨੇ ਪੁਰਾਤਨ ਤੇ ਮਧ-ਕਾਲੀਨ ਕਾਵਿ ਵਾਂਗ ਪ੍ਰਕ੍ਰਿਤੀ ਨੂੰ ਦ੍ਰਿਸ਼-ਵਰਣਨ, ਪਰਮ-ਸੱਤਾ ਦੇ ਨਿਵਾਸ ਅਸਥਾਨ ਆਪਣੇ ਤੇ ਹੋਰਾਂ ਦੀ ਮਾਨਸਿਕ ਅਵਸਥਾ ਦੇ ਪ੍ਰਗਟਾਵੇ, ਚਿੰਨ੍ਹ, ਅਲੰਕਾਰ ਤੇ ਪ੍ਰਤੀਕਾਂ ਦੇ ਰੂਪ ਵਿਚ ਵੀ ਵਰਤਿਆ ਹੈ ਅਤੇ ਨਾਲ ਹੀ ਪ੍ਰਕ੍ਰਿਤੀ ਚਿੱਤ੍ਰਨ ਦੇ ਨਵੇਂ ਪ੍ਰਯੋਗਾਂ ਵਿਚੋਂ ਪ੍ਰਕ੍ਰਿਤੀ ਦੀ ਸੁੰਦਰਤਾ, ਕੁਦਰਤੀ ਦ੍ਰਿਸ਼ਾਂ ਨਾਲ ਸੰਬੰਧਿਤ ਮਨੁੱਖੀ ਯਾਦਾਂ, ਪ੍ਰਕ੍ਰਿਤੀ ਦਾ ਇੰਦ੍ਰਿਆਈ ਧਿਆਨ, ਪ੍ਰਾਕ੍ਰਿਤਕ ਨਜ਼ਾਰਿਆਂ ਵਿਚੋਂ ਉਪਦੇਸ਼ ਦੀ ਭਾਲ ਅਤੇ ਇਨ੍ਹਾਂ ਨਾਲ ਮਨੁੱਖੀ ਉਦਗਾਰਾਂ ਦੀ ਇਕ ਰੂਪਤਾ ਅਤੇ ਪ੍ਰਕ੍ਰਿਤੀ ਨੂੰ ਸਵੈ-ਪ੍ਰਗਟਾਵੇ ਦੇ ਉਹਲੇ ਦੇ ਰੂਪ ਵਿਚ ਵਰਤਣ ਦੇ ਢੰਗ ਨੂੰ ਵੀ ਅਪਣਾਇਆ ਹੈ। ਇਸ ਦੇ ਨਾਲ ਹੀ ਭਾਈ ਸਾਹਿਬ ਪ੍ਰੀਤਮ ਦੀ ਸੁੰਦਰਤਾ ਤੇ ਖੇੜੇ ਨੂੰ ਪ੍ਰਕ੍ਰਿਤੀ ਦੇ ਕਣ ਕਣ ਵਿਚ ਵੇਖਦੇ ਸਨ ਅਤੇ ਪ੍ਰਕ੍ਰਿਤੀ ਦੀ ਸੁੰਦਰਤਾ ਦੇ ਸਾਹਮਣੇ ਉਹ ਅਨੰਦ ਅਨੁਭੂਤ ਹੋ ਕੇ ਭਾਵਾਤਮਿਕ ਮਨ-ਸਥਿਤੀ ਵਿਚ ਸਭ ਕੁਝ ਭੁੱਲ ਜਾਂਦੇ ਸਨ। ਪ੍ਰਕ੍ਰਿਤੀ ਦੀ ਸੁੰਦਰਤਾ ਜਿਥੇ ਉਨ੍ਹਾਂ ਨੂੰ ਕੀਲ ਲੈਂਦੀ ਸੀ, ਉਥੇ ਪ੍ਰਕ੍ਰਿਤੀ ਦੀ ਸਹਾਇਤਾ ਨਾਲ ਉਹ ਆਪਣੇ ਗੂੜ੍ਹੇ ਰਹੱਸ ਦੇ ਭੇਦਾਂ ਨੂੰ ਸਹਜੇ ਹੀ ਅਭਿਵਿਅਕਤ ਕਰ ਜਾਂਦੇ ਸਨ।

ਭਾਈ ਸਾਹਿਬ ਦੇ ਪ੍ਰਕ੍ਰਿਤੀ ਚਿੱਤ੍ਰਨ ਵਿਚ 'ਕਸ਼ਮੀਰ ਨਜ਼ਾਰੇ' (ਮਟਕ ਹੁਲਾਰੇ) ਵਿਸ਼ੇਸ਼ ਤੌਰ ਤੇ ਨਿੱਖਰਵੇਂ ਰੂਪ ਵਿਚ ਉਘੜੇ ਹਨ ਤੇ ਇਨ੍ਹਾਂ ਦਾ ਪੰਜਾਬੀ ਪ੍ਰਕ੍ਰਿਤੀ ਕਾਵਿ ਵਿਚ ਸਦਾ ਵਿਸ਼ੇਸ਼ ਸਥਾਨ ਰਹੇਗਾ। ਭਾਈ ਸਾਹਿਬ ਦੇ ਪ੍ਰਕ੍ਰਿਤੀ-ਕਾਵਿ ਦੀ ਪਰੰਪਰਾ ਦਾ ਧਨੀ ਰਾਮ ਚਾਤ੍ਰਿਕ, ਪ੍ਰੋ. ਪੂਰਨ ਸਿੰਘ, ਲਾਲਾ ਕਿਰਪਾ ਸਾਗਰ ਤੇ ਕਾਫ਼ੀ ਪ੍ਰਭਾਵ ਪਇਆ ਸੀ, ਭਾਵੇਂ 1930 ਤੋਂ ਬਾਅਦ ਦੇ ਕਵੀਆਂ ਵਿਚ ਪ੍ਰਕ੍ਰਿਤੀ ਦੇ ਸਿੱਧੇ ਬਿਆਨ ਦੀ ਥਾਂ ਪ੍ਰਕ੍ਰਿਤੀ ਵਧੇਰੇ ਪਿਛੋਕੜ ਤੇ ਸੰਕੇਤ ਰੂਪ ਵਿਚ ਹੀ ਵਰਤੀ ਮਿਲਦੀ ਹੈ।

ਭਾਈ ਸਾਹਿਬ ਦੇ ਕਾਵਿ ਨਾਲ ਆਧੁਨਿਕ ਪੰਜਾਬੀ ਕਵਿਤਾ ਵਿਚ ਜਿਥੇ ਸਮਾਜਿਕ ਚੇਤੰਨਤਾ ਦਾ ਗੁਣ ਪ੍ਰਵੇਸ਼ ਕਰਦਾ ਹੈ, ਉਥੇ ਨਾਲ ਹੀ ਸੁਹਜ-ਸੁਆਦ ਦੀ ਵਿਅਕਤੀਵਾਦੀ ਰੁਚੀ ਅਧੀਨ ਸੁਹਜ-ਸੁਆਦ ਦੀ ਪੂਰਤੀ ਲਈ ਵੀ ਕਵਿਤਾ ਦੀ ਰਚਨਾ ਸ਼ੁਰੂ ਹੁੰਦੀ ਹੈ। ਇਸ ਨਾਲ ਪੰਜਾਬੀ ਕਵਿਤਾ ਪਿੜਾਂ ਤੇ ਡਾਇਰਿਆਂ ਵਿਚੋਂ ਨਿਕਲ ਕੇ ਇਕੱਲ ਦੇ ਸਾਥ ਵਿਚ ਰਹਣ ਵਾਲੇ ਵਿਚਾਰਵਾਨ ਪਾਠਕਾਂ ਦੇ ਮਹੌਲ

ਵਿਚ ਵਿਚਰਨਾ ਸ਼ੁਰੂ ਕਰਦੀ ਹੈ। ਅਜੇਹੀ ਪ੍ਰਕਿਰਿਆ ਦੁਆਰਾ ਪੰਜਾਬੀ ਕਵਿਤਾ ਜ਼ਿਆਦਾਤਰ ਅੰਤਰਮੁਖੀ ਹੋ ਜਾਂਦੀ ਹੈ ਅਤੇ ਇਹ ਅਨੁਭਵ ਵਿਚ ਜੋ ਕੁਝ ਨਿਰੋਲ ਨਿੱਜੀ ਅਤੇ ਜ਼ਾਤੀ ਹੈ, ਦਾ ਵਾਹਕ ਬਣਦੀ ਹੈ। ਇਸ ਵਿਚ ਕਵੀ ਦੀ ਸ਼ਖ਼ਸੀਅਤ ਇਤਨੀ ਹਾਵੀ ਹੋ ਜਾਂਦੀ ਹੈ ਕਿ ਕਵੀ ਨੂੰ ਫਿਰ ਹਰ ਕਵਿਤਾ ਨਾਲ ਆਪਣਾ ਨਾਂ ਦੇਣ ਦੀ ਲੋੜ ਨਹੀਂ ਰਹਿੰਦੀ। ਭਾਈ ਸਾਹਿਬ ਇਸ ਤਰ੍ਹਾਂ ਪੰਜਾਬੀ ਕਾਵਿ ਵਿਚ ਕਵੀਆਂ ਨੂੰ ਹਰ ਕਵਿਤਾ ਨਾਲ ਆਪਣਾ ਨਾਂ ਦੇਣ ਦੀ ਪ੍ਰਥਾ ਤੋਂ ਵੀ ਵਿਮੁਕਤ ਕਰ ਦਿੰਦੇ ਹਨ।

ਭਾਈ ਸਾਹਿਬ ਦੀ ਅਭਿਵਿਅੰਜਨਾ ਵਿਚ ਇਤਨੀ ਸ਼ਕਤੀ ਸੀ ਕਿ ਉਨ੍ਹਾਂ ਦੇ ਕਾਵਿ ਵਿਚ ਮੁੜ ਮੁੜ ਕੇ ਦੁਹਰਾਏ ਵਿਚਾਰ ਵੀ ਸਦਾ ਸੱਜਰੇ ਤੇ ਰਸਦਾਇਕ ਲਗਦੇ ਹਨ। ਉਨ੍ਹਾਂ ਦੀ ਅਭਿਵਿਅੰਜਨਾ ਨੂੰ ਬਿਲਕੁਲ ਸਰਲ ਨਹੀਂ ਕਹਿਆ ਜਾ ਸਕਦਾ। ਸੰਸਕ੍ਰਿਤਕ ਧਰਾਤਲ ਤੇ ਕਾਇਮ ਕਰਨ ਕਰਕੇ ਭਾਈ ਸਾਹਿਬ ਦਾ ਕਾਵਿ ਕਈ ਸੱਥਲਾਂ ਤੇ ਪਾਠਕਾਂ ਨੂੰ ਕੁਝ ਕਠਿਨ ਪ੍ਰਤੀਤ ਹੁੰਦਾ ਹੈ, ਪਰ ਵਿਸ਼ਵ ਦੇ ਸਾਰੇ ਮਹਾਨ ਕਲਾਕਾਰਾਂ ਦੇ ਕਾਵਿ ਵਿਚ ਕੁਝ ਕਠਿਨ ਸਥੱਲ ਜ਼ਰੂਰ ਮਿਲਦੇ ਹੁੰਦੇ ਹਨ।

ਭਾਈ ਸਾਹਿਬ ਦੇ ਕਾਵਿ ਦੀਆਂ ਵਿਸ਼ੇਸ਼ਤਾਈਆਂ ਨੂੰ ਸਮਝ ਕੇ ਜਦੋਂ ਪੰਜਾਬੀ ਕਾਵਿ ਵਿਚ ਉਨ੍ਹਾਂ ਦਾ ਸਥਾਨ ਨਿਰਧਾਰਿਤ ਕਰਨ ਲਈ ਸੰਪੂਰਣ ਪੰਜਾਬੀ ਕਾਵਿ ਤੇ ਅਸੀਂ ਦ੍ਰਿਸ਼ਟੀਪਾਤ ਕਰਦੇ ਹਾਂ, ਤਾਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਪ੍ਰਾਚੀਨ ਕਵੀਆਂ ਵਿਚੋਂ ਗੁਰਬਾਣੀ ਦੇ ਰਚਨਾਕਾਰਾਂ ਅਤੇ ਭਾਈ ਗੁਰਦਾਸ ਤੋਂ ਛੁੱਟ ਹੋਰ ਕੋਈ ਉਨ੍ਹਾਂ ਤੋਂ ਸ੍ਰੇਸ਼ਠ ਨਹੀਂ। ਵਾਰਸ ਸ਼ਾਹ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਹਾਸ਼ਮ ਦੇ ਕਾਵਿ ਵਿਚ ਉਚਤਾ ਦੇ ਕੁਝ ਗੁਣ ਵਿਦਮਾਨ ਹਨ, ਪਰ ਉਨ੍ਹਾਂ ਦੇ ਕਾਵਿ ਵਿਚ ਵਿਸ਼ੈ- ਵਸਤੂ ਤੇ ਰੂਪ ਦੀ ਉਹ ਵਿਭਿੰਨਤਾ ਨਹੀਂ ਮਿਲਦੀ, ਜੋ ਭਾਈ ਸਾਹਿਬ ਦੇ ਕਾਵਿ ਵਿਚ ਪ੍ਰਾਪਤ ਹੁੰਦੀ ਹੈ। ਆਧੁਨਿਕ ਪੰਜਾਬੀ ਕਵੀਆਂ ਵਿਚੋਂ ਵੀ ਭਾਈ ਸਾਹਿਬ ਦਾ ਸਥਾਨ ਹਾਲੀ ਤਕ ਸਭ ਤੋਂ ਉਤੇ ਇਸ ਲਈ ਹੈ ਕਿ ਉਨ੍ਹਾਂ ਦੇ ਕਾਵਿ ਵਿਚ ਜਿੱਥੇ ਇਕ ਦਾਰਸ਼ਨਿਕ ਸੋਧ, ਗੰਭੀਰਤਾ, ਕਲਪਨਾ, ਸੌਂਦ੍ਰਯ- ਬੋਧ, ਸਰੋਦੀ ਗੁਣ ਅਤੇ ਕਲਾਤਮਿਕ ਅਭਿਵਿਅੰਜਨਾ ਦੇ ਸਾਰੇ ਅੰਸ਼ ਸੰਗਠਿਤ ਰੂਪ ਵਿਚ ਮਿਲਦੇ ਹਨ, ਉਥੇ ਬਾਕੀ ਦੇ ਕਵੀਆਂ ਵਿਚ ਇਹ ਖਿਖਰੇ ਦਿਸਦੇ ਹਨ। ਪ੍ਰੋ. ਪੂਰਨ ਸਿੰਘ ਜੀ ਇਕ ਬਲਵਾਨ ਸ਼ਖ਼ਸੀਅਤ ਤੇ ਭਰਪੂਰ ਵਿਚਾਰਧਾਰਾ ਦੇ ਸੁਆਮੀ ਹੋ ਕੇ ਅਤੇ ਨਵੇਂ ਮੌਲਿਕ ਅਭਿਵਿਅਕਤੀ ਦੇ ਢੰਗਾਂ ਨੂੰ ਅਪਣਾ ਕੇ ਵੀ ਵਧੇਰੇ ਛਾਇਆਵਾਦੀ ਤੇ ਕੇਵਲ ਖੁਲ੍ਹੀ ਕਵਿਤਾ ਨਾਲ ਬੱਝੇ ਹੋਣ ਕਰਕੇ ਲੋਕਾਂ ਨਾਲ ਜ਼ਿਆਦਾ ਜੁੜ ਨਹੀਂ ਸਕੇ। ਧਨੀ ਰਾਮ ਚਾਤ੍ਰਿਕ ਅਭਿਵਿਅਕਤੀ ਦੇ ਸਾਧਨਾਂ ਦੇ ਉਸਤਾਦ ਜ਼ਰੂਰ ਸਨ, ਪਰ ਉਨ੍ਹਾਂ ਪਾਸ ਕਿਸੇ ਮੌਲਿਕ ਡੂੰਘੇ ਅਨੁਭਵ ਦੀ ਘਾਟ ਸੀ। ਪ੍ਰੋ. ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਪਾਸ ਕਵਿਤਾ ਦੀ ਦਾਤ ਬਹੁਤ ਹੈ, ਪਰ ਉਨ੍ਹਾਂ ਦਾ ਵਿਅਕਤਿਤਵ ਉਨ੍ਹਾਂ ਦਾ ਪੂਰਾ ਸਾਥ ਨਹੀਂ ਦਿੰਦਾ। ਕਾਵਿ ਕਲਾ ਤੇ ਪੂਰਾ ਅਧਿਕਾਰ ਰਖਦਿਆਂ ਵੀ ਉਹ ਆਪਣੇ ਵਿਸ਼ੈ- ਵਸਤੂ ਵਿਚ ਜ਼ਿਆਦਾ ਗੰਭੀਰ ਤੇ ਉਚੇਰੇ ਨਹੀਂ ਹੋ ਸਕੇ। ਡਾ. ਮੋਹਨ ਸਿੰਘ ਜੀ ਦਾ ਅਨੁਭਵ ਬੜਾ ਵਿਸ਼ਾਲ ਹੈ, ਪਰ ਉਨ੍ਹਾਂ ਦੀ ਕਾਵਿ- ਅਭਿਵਿਅਕਤੀ ਪੂਰੀ ਤਰ੍ਹਾਂ ਨਿਖਰੀ ਨਹੀਂ। ਬਾਕੀ ਦੇ ਨਵੀਨ ਕਵੀਆਂ ਵਿਚੋਂ ਹਾਲੀ ਤਕ ਕਿਸੇ ਦੀ ਵੀ ਸ਼ਖ਼ਸੀਅਤ ਭਰਪੂਰ ਰੂਪ ਵਿਚ ਪੂਰੀ ਤਰ੍ਹਾਂ ਨਹੀਂ ਨਿਖਰੀ, ਉਹ ਹਾਲੀ ਵਿਕਾਸ-

ਪੱਧ ਤੇ ਵਿਚਰ ਰਹੇ ਹਨ, ਇਸ ਲਈ ਉਨ੍ਹਾਂ ਨਾਲ ਭਾਈ ਸਾਹਿਬ ਦੀ ਤੁਲਨਾ ਸੰਭਵ ਨਹੀਂ।

ਮਹਾਨ ਕਵੀ ਆਪਣੇ ਪਿੱਛੇ ਪਦ-ਚਿੰਨ੍ਹ ਛੋੜ ਜਾਂਦੇ ਹਨ, ਜਿਨ੍ਹਾਂ ਤੇ ਭਵਿੱਖ ਦੇ ਕਲਾਕਾਰ ਚਲਣ ਦਾ ਯਤਨ ਕਰਦੇ ਹਨ। ਉਨ੍ਹਾਂ ਤੋਂ ਸਾਹਿਤ ਅਤੇ ਸਮਾਜ ਨੂੰ ਨਵੀਂ ਪ੍ਰੇਰਨਾ ਪ੍ਰਾਪਤ ਹੁੰਦੀ ਰਹਿੰਦੀ ਹੈ ਅਤੇ ਉਹ ਆਦਰਸ਼ ਰੂਪ ਵਿਚ ਵੇਖੇ ਜਾਂਦੇ ਹਨ। ਭਾਈ ਸਾਹਿਬ ਆਧੁਨਿਕ ਪੰਜਾਬੀ ਕਾਵਿ ਵਿਚ ਇਕ ਸੰਸਥਾ ਬਣ ਗਏ ਸਨ। ਪੰਜਾਬੀ ਦੇ ਪ੍ਰਸਿੱਧ ਕਵੀ ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਲਾਲਾ ਕਿਰਪਾ ਸਾਗਰ, ਚਰਨ ਸਿੰਘ ਸ਼ਹੀਦ ਉਨ੍ਹਾਂ ਦੀ ਸਿੱਧੀ ਛੂਹ ਦਾ ਸਿੱਟਾ ਸਨ। ਇਨ੍ਹਾਂ ਦੇ ਨਾਲ ਪੰਜਾਬੀ ਕਵੀਆਂ ਦੀ ਇਕ ਹੋਰ ਢਾਣੀ, ਜਿਸ ਵਿਚ ਜਗਜੀਤ ਸਿੰਘ ਕੁਲੇਰੀਆ, ਬਲਜੀਤ ਕੌਰ ਤੁਲਸੀ, ਬੀਬੀ ਹਰਨਾਮ ਕੌਰ ਤੇ ਅਮਰ ਕੌਰ ਸ਼ਾਮਿਲ ਹਨ, ਸੁਚੇਤ ਕੌਰ ਤੇ ਭਾਈ ਸਾਹਿਬ ਦੇ ਅਧਿਆਤਮਿਕ ਰਹੱਸਵਾਦ ਦੀਆਂ ਲੀਹਾਂ ਉਤੇ ਚਲਣ ਦਾ ਯਤਨ ਕਰ ਰਹੀ ਹੈ।

ਭਾਈ ਸਾਹਿਬ ਦੇ ਕਾਵਿ ਵਸਤੂ ਤੇ ਰੂਪਾਂ ਦੋਹਾਂ ਦੇ ਪ੍ਰਭਾਵ ਨੂੰ ਪੰਜਾਬੀ ਕਵੀਆਂ ਨੇ ਕਾਫ਼ੀ ਕਬੂਲਿਆ ਹੈ। ਭਾਈ ਸਾਹਿਬ ਨੇ ਗੁਰਮਤਿ ਦੀ ਵਿਚਾਰਧਾਰਾ ਨੂੰ ਆਧਾਰ ਬਣਾ ਕੇ ਇਕ ਸਵਸਥ ਦਾਰਸ਼ਨਿਕ ਦ੍ਰਿਸ਼ਟੀਕੋਣ ਨੂੰ ਅਪਣਾ ਕੇ ਆਪਣੇ ਕਾਵਿ ਵਿਚ ਗੰਭੀਰ ਵਿਚਾਰਾਂ ਨੂੰ ਅਪਣਾਉਣ ਦੀ ਪ੍ਰਥਾ ਸ਼ੁਰੂ ਕੀਤੀ ਸੀ, ਜਿਸ ਨੂੰ ਪੰਜਾਬੀ ਦੇ ਪ੍ਰਸਿੱਧ ਕਵੀਆਂ ਵਿਚੋਂ ਡਾ. ਮੋਹਨ ਸਿੰਘ, ਪ੍ਰੀਤਮ ਸਿੰਘ ਸਫ਼ੀਰ, ਡਾ. ਦੀਵਾਨ ਸਿੰਘ ਦਰਦੀ, ਅਵਤਾਰ ਸਿੰਘ ਆਜ਼ਾਦ ਆਦਿਕ ਨੇ ਕਾਫ਼ੀ ਹੱਦ ਤਕ ਅਪਣਾਇਆ ਹੈ। ਇਸੇ ਮਜ਼ਬੂਤ ਆਧਾਰ ਕਾਰਨ ਸ਼ੁਰੂ ਤੋਂ ਲੈ ਕੇ ਹੁਣ ਤਕ ਇਹ ਕਵੀ ਆਪਣੇ ਕਾਵਿ ਵਿਚ ਆਂਤਰਿਕ ਦ੍ਰਿੜ੍ਹਤਾ ਸਦਕਾ ਹਰ ਛਿਣ ਨਾਲ ਨਿਸ਼ਠੁਰ ਤੇ ਨੀਰਸ ਹੁੰਦੇ ਜਾ ਰਹੇ ਸੰਸਾਰ ਵਿਚ ਆਪਣੇ ਸੰਤੁਲਨ ਨੂੰ ਆਤਮ-ਵਿਸ਼ਵਾਸ਼ ਦੁਆਰਾ ਕਾਇਮ ਰੱਖ ਸਕੇ ਹਨ। ਇਨ੍ਹਾਂ ਦੇ ਉਲਟ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ ਆਦਿਕ ਨੇ ਇਸ ਪਰੰਪਰਾ ਨਾਲੋਂ ਨਾਤਾ ਤੋੜ ਕੇ ਪ੍ਰਗਤੀਵਾਦੀ ਰੋਮਾਂਸਿਕ ਕਾਵਿਧਾਰਾ [illegible]ਨ ਵਕਤੀ ਲਗਾਓ ਕਾਰਨ ਨਾਤਾ ਜੋੜਦਿਆਂ ਜੀਵਨ ਦੇ ਖਰ੍ਹਵੇਂ ਤੇ ਕਠੋਰ ਯਥਾਰਥ ਨੂੰ ਬੜੇ ਕਲਾਮਈ ਢੰਗ ਨਾਲ ਪ੍ਰਗਟ ਜ਼ਰੂਰ ਕੀਤਾ ਹੈ, ਪਰ ਉਹ ਆਪਣੀਆਂ ਕਾਵਿ-ਸਿਖਰਾਂ ਨੂੰ ਛੂਹ ਕੇ ਵੀ ਕਿਸੇ ਵਿਆਪਕ ਦ੍ਰਿਸ਼ਟੀਕੋਣ ਨਾਲ ਬੱਝੇ ਨਾ ਹੋਣ ਕਰਕੇ ਦਿਸ਼ਾ-ਹੀਣਤਾ ਦੀ ਘਾਟੀ ਵਿਚ ਭਰਮ ਕੇ ਇਕੱਲ ਤੇ ਮਾਯੂਸੀ ਵਿਚ ਉਲਝ ਕੇ ਵਿਸ਼ੈ ਵਸਤੂ ਉਤੇ ਕਾਬੂ ਹੋਣ ਤੋਂ ਵਾਂਝੇ ਹੋ ਰਹੇ ਹਨ। ਨਵੀਨ ਕਵੀਆਂ ਵਿਚੋਂ ਵੀ ਕੇਵਲ ਡਾ. ਹਰਭਜਨ ਸਿੰਘ ਅਤੇ ਡਾ. ਜਸਵੰਤ ਸਿੰਘ ਨੇਕੀ ਵਰਗੇ ਕਵੀਆਂ ਜਿਨ੍ਹਾਂ ਨੇ ਗਿਆਨ ਅਤੇ ਸੂਫ਼ੀਆਂ ਰਹੱਸਵਾਦੀ ਪਰਿਕਲਪਣਾ ਦੇ ਆਧਾਰ ਤੇ ਇਕ ਕੋਮਲ ਮਾਨਵ ਦ੍ਰਿਸ਼ਟੀ ਅਤੇ ਵਿਵਾਦਪੂਰਨ ਅਸੁਰੱਖਿਅਤ ਜਗਤ ਦੇ ਅੰਤਰਗਤ ਇਕ ਦ੍ਰਿੜ੍ਹ ਆਤਮ ਵਿਸ਼ਵਾਸ਼ ਨੂੰ ਕਾਇਮ ਰੱਖਿਆ ਹੈ, ਉਹੀ ਇਕ ਸੇਧ ਤੇ ਵਿਚਰ ਸਕੇ ਹਨ।

ਜਿੱਥੋਂ ਤਕ ਭਾਈ ਸਾਹਿਬ ਦੇ ਕਾਵਿ ਦੇ ਰੂਪਕ ਪੱਖ ਦੇ ਪ੍ਰਭਾਵ ਦਾ ਪ੍ਰਸ਼ਨ ਹੈ, ਉਨ੍ਹਾਂ ਦੇ ਸਮਕਾਲੀ ਤੇ ਬਾਅਦ ਵਿਚ ਆਉਣ ਵਾਲੇ ਸਾਰੇ ਕਵੀਆਂ ਨੇ ਉਨ੍ਹਾਂ ਦੀਆਂ ਪਾਈਆਂ ਲੀਹਾਂ ਵਿਚੋਂ ਮਹਾਂਕਾਵਿ ਲੰਮੇਰੀਆਂ ਕਵਿਤਾਵਾਂ, ਛੋਟੀਆਂ ਕਵਿਤਾਵਾਂ ਦੇ ਰੂਪ, ਵਿਅਕਤੀਗਤ ਆਂਤਰਿਕ ਪ੍ਰਗਟਾਵੇ ਲਈ ਨਿੱਜੀ ਸਰੋਦੀ ਰੰਗ ਦੀ ਪੇਸ਼ਕਾਰੀ, ਰਮਜ਼ਾਂ ਭਰੀ ਸੁਝਾਊ ਸੰਕੇਤਕ ਸ਼ੈਲੀ, ਮੌਲਿਕ ਬਿੰਬਾਂ ਦੇ ਸੰਚਾਰ, ਅਲੰਕਾਰ ਦੀ ਸੁਯੋਗ ਵਰਤੋਂ,

ਛੰਦ ਦਾ ਕਲਾਤਮਿਕ ਨਿਭਾ ਸੁਭਾਵਾਂ ਦੀ ਕੀਮਤ ਨੂੰ ਸਮਝਣਾ ਅਤੇ ਠੇਠ ਪੰਜਾਬੀ ਲਹਿਜੇ ਦੇ ਪ੍ਰਯੋਗ ਦੇ ਗੁਣਾਂ ਨੂੰ ਕਿਸੇ ਨ ਕਿਸੇ ਰੂਪ ਵਿਚ ਅਪਣਾਇਆ ਹੈ।

ਭਾਈ ਸਾਹਿਬ ਨੇ ਕਾਵਿ ਦੀਆਂ ਪੂਰਬੀ ਤੇ ਪੱਛਮੀ ਕੀਮਤਾਂ ਦਾ ਸੰਜੋਗ ਕਰਕੇ ਕਾਵਿ ਦੇ ਸਾਰੇ ਅੰਗਾਂ ਦੀ ਕੀਮਤ ਨੂੰ ਪਛਾਣਦਿਆਂ ਇਕ ਚੌਖਵੀਂ ਸੇਧ ਦੱਸੀ ਹੈ, ਜਿਸ ਨਾਲ ਪੰਜਾਬੀ ਕਵਿਤਾ ਗੰਭੀਰਤਾ ਤੇ ਕਲਾਤਮਿਕ ਸਿਖਰਾਂ ਨੂੰ ਛੂਹੰਦਿਆਂ ਵੀ ਲੋਕਾਂ ਨੂੰ ਇਕ ਵਿਆਪਕ ਚੇਤਨਾ ਰਾਹੀਂ ਜੀਵਨ-ਆਦਰਸ਼ ਵਲ ਪ੍ਰੇਰਨ ਦੇ ਸਮਰੱਥ ਹੋ ਸਕਦੀ ਹੈ। ਉਨ੍ਹਾਂ ਤੋਂ ਬਾਅਦ ਪੰਜਾਬੀ ਕਵਿਤਾ ਵਿਚ ਰੋਮਾਂਸਿਕ-ਪ੍ਰਗਤੀਵਾਦੀ ਵਿਚਾਰਧਾਰਾ, ਪ੍ਰਯੋਗਸ਼ੀਲ ਲਹਿਰ ਤੇ ਨਵੀਨ ਕਵਿਤਾ ਦੀ ਲਹਿਰ ਨਿਰੋਲ ਯਥਾਰਥਵਾਦ, ਪ੍ਰਗਤੀਵਾਦ, ਮਨੋਵਿਗਿਆਨਕ ਵਿਅਕਤੀਗਤ ਅਸਤਿਤਵਵਾਦ ਤੇ ਨਿੱਜਵਾਦ ਦੇ ਵਾਦਾਂ ਵਿਚ ਉਲਝ ਕੇ, ਕਲਾ ਪੱਖ ਤੋਂ ਮੌਲਿਕ ਪ੍ਰਯੋਗ ਕਰਕੇ ਵੀ, ਗੰਭੀਰ ਆਦਰਸ਼ ਤੇ ਕਰਮਸ਼ੀਲਤਾ ਦੀ ਘਾਟ ਕਰਕੇ ਮੰਤਵਹੀਣ ਹੋ ਕੇ, ਕੇਵਲ ਆਧੁਨਿਕ ਮਨੁੱਖ ਦੇ ਮਨ ਵਿਚਲੇ ਅੰਤਰ-ਵਿਰੋਧ ਨੂੰ ਨਵੀਨ ਚਿੰਨ੍ਹਾਂ ਤੇ ਬਿੰਬਾਂ ਰਾਹੀਂ ਵਿਅਕਤ ਕਰਨ ਤਕ ਸੀਮਤ ਹੋ ਕੇ, ਇਕ ਸਾਰ ਰਹਿਤ ਭਾਸ਼ਾ ਤੇ ਸਿਰਫ਼ ਗਦ-ਕਾਵਿ ਨਾਲ ਬੱਝ ਕੇ ਸ਼ਖ਼ਸੀਅਤ ਰਹਿਤ ਬਣ ਕੇ ਲੋਕਾਂ ਨੂੰ ਕੋਈ ਸੇਧ ਦੱਸਣ ਤੋਂ ਅਸਮਰਥ ਹੋ ਗਈ ਹੈ।[1] ਅਜੇਹੀ ਸੰਕਟ ਦੀ ਸਥਿਤੀ ਵਿਚ ਭਾਈ ਸਾਹਿਬ ਦੀ ਕਵਿਤਾ ਇਕ ਨਵੀਂ ਸੇਧ ਦੱਸ ਸਕਦੀ ਹੈ ਕਿ ਕਵੀਆਂ ਨੂੰ ਆਪਣੀ ਸ਼ਖ਼ਸੀਅਤ ਨੂੰ ਅਧਿਐਨ, ਚਿੰਤਨ, ਵਿਸ਼ਵਾਸ਼ ਤੇ ਸਾਧਨਾ ਦੁਆਰਾ ਕਿਸੇ ਦਾਰਸ਼ਨਿਕ ਢਾਂਚੇ ਦੇ ਆਧਾਰ ਤੇ ਗੰਭੀਰ ਬਣਾ ਕੇ ਕਲਾ ਦੇ ਸਾਰੇ ਅੰਗਾਂ ਨੂੰ ਸਮਝਦਿਆਂ ਲੋਕ-ਨਿਰਮਾਣ ਦੇ ਆਸ਼ੇ ਹਿਤ ਕਾਵਿ ਰਚਨਾ ਦੇ ਮਾਰਗ ਨੂੰ ਅਪਣਾਉਣਾ ਚਾਹੀਦਾ ਹੈ। ਚੰਗੇ ਕਵੀ ਦਾ ਕਰਤਵ ਮਨੁੱਖੀ ਜੀਵਨ ਦੀਆਂ ਸਮੱਸਿਆਵਾਂ ਨੂੰ ਸਮਝਦਿਆਂ ਕਿਸੇ ਆਸ਼ਾਵਾਦੀ ਦ੍ਰਿਸ਼ਟੀਕੋਣ ਦੇ ਆਧਾਰ ਤੇ ਮਾਨਵ ਨੂੰ ਸੱਚਾ-ਮਾਰਗ ਦੱਸ ਕੇ ਉਤਸ਼ਾਹ ਦੇਣਾ ਹੈ, ਨਾ ਕਿ ਕੇਵਲ ਜੀਵਨ ਦੇ ਅੰਤਰ-ਦੁਅੰਦ ਦੇ ਪ੍ਰਗਟਾਵੇ ਵਿਚ ਉਲਝ ਕੇ ਖੁਦ ਜੀਵਨ ਤੋਂ ਉਪਰਾਮ ਹੋ ਕੇ ਮਾਨਵ ਨੂੰ ਉਪਰਾਮ ਕਰਨਾ।

ਭਾਈ ਸਾਹਿਬ ਦੀ ਪੰਜਾਬੀ ਕਾਵਿ ਨੂੰ ਵਿਸ਼ੇਸ਼ ਦੇਣ ਕਰਕੇ ਉਨ੍ਹਾਂ ਦਾ ਪੰਜਾਬੀ ਜਗਤ ਵਿਚ ਬੜਾ ਸਨਮਾਨਿਤ ਸਥਾਨ ਤੇ ਮਹੱਤਵ ਹੈ। ਉਨ੍ਹਾਂ ਨੇ ਇਸ ਸਦੀ ਦੇ ਪਹਿਲੇ ਅੱਧ ਵਿਚ ਪੰਜਾਬੀ ਸਮਾਜ ਤੇ ਸਾਹਿਤ ਨੂੰ ਜਿਥੇ ਸੇਧ ਅਗਵਾਈ ਦਿੱਤੀ ਹੈ, ਉਥੇ ਹੁਣ ਵੀ ਉਨ੍ਹਾਂ ਦਾ ਕਾਵਿ ਜੀਵਨ ਮਾਰਗ ਦੱਸਣ ਦੇ ਸਮਰੱਥ ਹੈ। ਉਨ੍ਹਾਂ ਦੀ ਹਰਮਨ-ਪਿਆਰਤਾ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੋ ਜਾਂਦੀ ਹੈ ਕਿ ਹਾਲੀ ਤਕ ਉਨ੍ਹਾਂ ਦੀਆਂ ਕਾਵਿ ਰਚਨਾਵਾਂ ਲੋਕਾਂ ਵਿਚ ਬੜੇ ਸਤਿਕਾਰ ਤੇ ਪਿਆਰ ਨਾਲ ਪੜ੍ਹੀਆਂ ਜਾਂਦੀਆਂ ਹਨ। ਇਸ ਤੋਂ ਵੀ ਜ਼ਿਆਦਾ ਇਹ ਭਾਈ ਸਾਹਿਬ ਦੇ ਕਾਵਿ ਦੀ ਸ਼ਕਤੀ ਕਰਕੇ ਹੀ ਹੈ ਕਿ ਭਾਰਤ ਦੇ ਪਿੰਡਾਂ ਤੇ ਸ਼ਹਿਰਾਂ ਅਤੇ ਬਦੇਸ਼ਾਂ ਵਿਚ ਜਿਥੇ ਜਿਥੇ ਪੰਜਾਬੀ ਪਿਆਰੇ ਵੱਸੇ ਹੋਏ ਹਨ, ਉਹ 'ਭਾਈ ਵੀਰ ਸਿੰਘ ਸਟਡੀ ਸਰਕਲ' ਸਥਾਪਤ ਕਰਕੇ ਉਨ੍ਹਾਂ ਦੇ ਕਾਵਿ ਤੋਂ ਜੀਵਨ-ਅਗਵਾਈ ਲੈਣ ਲਈ ਮਜਬੂਰ ਹੋ ਰਹੇ ਹਨ।

* * *

---

1. ਸਮਕਾਲੀ ਪੰਜਾਬੀ ਸਾਹਿਤ- ਇਕ ਅਧਿਐਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 71-80,105-11 143-146,148-14 .

## ਪਰਿਸ਼ਿਸ਼ਟ ਨੰ. 1

ਭਾਈ ਵੀਰ ਸਿੰਘ ਜੀ ਦੀਆਂ 'ਖਾਲਸਾ ਸਮਾਚਾਰ' ਸਪਤਾਹਕ ਵਿਚ ਛਪੀਆਂ ਕਵਿਤਾਵਾਂ ਜੋ ਹਾਲੀ ਤਕ ਕਿਸੇ ਪੁਸਤਕ-ਆਕਾਰ ਵਿਚ ਸੰਗ੍ਰਹਿਤ ਨਹੀਂ ਹੋਈਆਂ, ਦੀ ਸੂਚੀ:

| ਲੜੀ ਨੰ. | ਕਵਿਤਾ ਦਾ ਸਿਰਲੇਖ | ਖਾਲਸਾ ਸਮਾਚਾਰ ਵਿਚ ਛਪਣ ਦੀ ਮਿਤੀ | ਜਿਲਦ ਨੰ: | ਅੰਕ ਨੰ: |
|---|---|---|---|---|
| 1 | 2 | 3 | 4 | 5 |
| 1. | ਹੇ ਪੌਣ ਸਾਨੂੰ ਨ ਛੇੜ | 9-3-1904 | 5 | 15 |
| 2. | ਤੂੰਹੀ ਤੂੰ ਰੂਪ ਅਪਾਰ ਤੇਰਾ ਮਰਤਬਾ | 13-1-10 | 11 | 7 |
| 3. | ਦਰਦ ਨਜ਼ਾਰਾ | 18-7-1912 | 13 | 36 |
| 4. | ਕਿਉਂ ਛੇਤੀ ਚਲੇ ਗਏ (ਪ੍ਰੋ. ਪੂਰਨ ਸਿੰਘ ਦੀ ਯਾਦ ਵਿਚ) | 21.5.1931 | 32 | 28 |
| 5. | ਆਸ ਦੀ ਭੁਲਵਾਂਕੀ | 26-5-1932 | 33 | 26 |
| 6. | ਵਿਦਿਆ ਗੁੰਜਾਰ | 14-2-35 | 36 | 12 |
| 7. | ਪੰਥਕ ਦਸ਼ਾ ਤੇ ਚਾਰ ਅਥਰੂ | 3-10-35 | 36 | 44 |
| 8. | ਦਰਸ਼ਨ ਦਾਤ | 7-11-35 | 37 | 1 |
| 9. | ਏਕਤਾ ਇਤਫ਼ਾਕ | 20-2-36 | 37 | 15 |
| 10. | ਲਾਜਵੰਤੀ | 2-4-36 | 37 | 21 |
| 11. | ਬੇੜੇ ਦੀ ਝੋਲ | 9-4-36 | 37 | 22 |
| 12. | ਅਨੋਖੀ ਛੁਹ | 16-4-36 | 37 | 23 |
| 13. | ਅਨੰਤ ਖਿਮਾਂ | 23-4-36 | 37 | 24 |
| 14. | ਲਪਟ | 30-4-36 | 37 | 25 |
| 15. | ਸੁੱਤਿਆਂ ਦਾ ਸੁਪਨਾ | 7-5-36 | 37 | 26 |
| 16. | ਆਪ ਪਿੰਜਰੇ ਪਾਇਆ | 21-5-36 | 37 | 28 |
| 17. | ਸਰਦਾਰ ਹਰਬੰਸ ਸਿੰਘ ਜੀ ਦੀ ਯਾਦ | 4-6-36 | 37 | 30 |
| 18. | ਮਹਿੰਗੇ ਬੇੜੇ | 11-6-36 | 37 | 31 |
| 19. | ਨਕ ਲਾਏ ਦੀ ਲਾਜ | 30-7-36 | 37 | 38 |
| 20. | ਕੋਈ | 1-10-36 | 37 | 47 |
| 21. | ਸਰਦਾਰ ਸੁੰਦਰ ਸਿੰਘ ਮਜੀਠੀਏ ਦੀ ਯਾਦ (ਇਕ ਖ਼ਿਆਲ) | 10-4-41 | 42 | 21 |
| 22. | ਵਿਦਿਆ ਦੀ ਦੇਵੀ ਦੀ ਸੱਦ | 22-4-43 | 44 | 22 |
| 23. | ਸਮੁੰਦਰ ਤੇ ਗੋਦਾਵਰੀ | 30-12-1943 | 45 | 7 |
| 24. | ਤੈਂ ਬਿਨ ਸਤਿਗੁਰ ਨਾਨਕ ਮੇਰੇ | 15-11-45 | 47 | 1 |
| 25. | ਖਹਿੜਾ ਛੁੱਟਾ ਸ਼ੌਕ ਦਾ | * | * | * |
| 26. | ਭ੍ਰਮ | 15-8-1957 | 58 | 38 |
| 27. | ਤੜਫ਼ ਅਮੁਕਵੀਂ | 22-8-1957 | 58 | 39 |

| 1 | 2 | 3 | 4 | 5 |
|---|---|---|---|---|
| 28. | ਵਾਜਾਂ ਮਾਰਨ | 29-8-1957 | 58 | 40 |
| 29. | ਕੂਕ | 5-9-1957 | " | 41 |
| 30. | ਨਿਤਾਣੇ ਦਾ ਪਿਆਰ | 12-9-1957 | " | 42 |
| 31. | ਸਮੇਂ ਦੀ ਅਸਮਰੱਥਤਾ | 19-9-1957 | " | 43 |
| 32. | ਤਾਂਘੀ ਦਿਲ | 26-9-1957 | " | 44 |
| 33. | ਇਕ ਸਾਧਕ ਦੇ ਦਿਲ-ਅਰਮਾਨ | 3-10-1957 | " | 45 |
| 34. | ਅਜੀਮੀ ਭੁੱਖ | 10-10-57 | " | 46 |
| 35. | ਨੈਣ ਝਮਕਾ | 24-10-1957 | " | 48 |
| 36. | ਸੁਹਣੇ ਤੇ ਮਿੱਠੇ ਮਾਹੀ | 7-11-1957 | 59 | 1 |
| 37. | ਤੂੰ ਖੇਵੇਂ ਅਸੀਂ ਤਰੀਏ | 14-11-57 | 59 | 2 |
| 38. | ਕਮਲ ਸੂਰਜ ਨੂੰ | 21-11-1957 | " | 3 |
| 39. | ਕੇਵੇਂ ਤਰ ਤਰ੍ਹ ਰੁਲ ਰਹੇ (ਸੋਰਠਾ) ਰਹਿ ਭੁਲੇ, (ਦੋਹਾ) | 28-11-57 | " | 4 |
| 40. | ਖਾਲ ਦੀ ਜਲ ਚੰਬਕ | 5-12-57 | " | 5 |
| 41. | ਨੈਣਾਂ ਨਾਲ ਅੰਮ੍ਰਿਤ ਪੀ | 12-12-1957 | " | 6 |
| 42. | ਨਾਮ ਤੇਰੇ ਦੀ ਪਿਉਂਦ | 26-12-1957 | " | 7-8 |
| 43. | ਦੁੱਖ ਵਿਚ ਸਵਾਦ (ਦੋਹਾ) | 9-1-1958 | " | 9 |
| 44. | ਯਾਦ | 16-1-1958 | " | 10 |
| 45. | ਗਏ ਨੈਣ ਨਾ ਮੁੜੇ | 23-1-58 | " | 11 |
| 46. | ਕੰਡਾ | 30-1-1958 | " | 12 |
| 47. | ਹਜੂਰੇ | 6-2-1958 | " | 13 |
| 48. | ਖੇਤਾ ਦਿਲ ਗੁਣ-ਹਾਰ ਪਰੋਂਦਾ | 13- 2-58 | " | 14 |
| 49. | ਟੁਟ ਫੁਟ | 20-2-1958 | " | 15 |
| 50. | ਪ੍ਰੇਮ | 6-3-1958 | " | 17 |
| 51. | ਮਿਹਰ ਦੀ ਛਾਂਉ | 13-3-1958 | " | 18 |
| 52. | ਰੂਪ | 20-3-1958 | " | 19 |
| 53. | ਲਗੀ ਨਿਭੇ (ਦੋਹਾ) | 27-3-1958 | " | 20 |
| 54. | ਸੁਗਾਮ ਚਮ੍ਹਮੇ ਤੇ ਬਟ ਬ੍ਰਿਛ ਨੂੰ | 3-4-1958 | " | 21 |
| 55. | ਹੁਣ ਖੇਡੇ ਨੂੰ ਵਿਰ ਲੈ | 10-4-1958 | 59 | 22 |
| 56. | ਸਨਮੁਖ ਪ੍ਰੇਮ | 17-4-1958 | " | 23 |
| 57. | ਦੇਸ਼ ਪ੍ਰਦੇਸ਼ | 14-4-58 | " | 24 |
| 58- | ਭੂਰ | 1-5-1958 | " | 25 |
| 59. | ਵਿਟੰਗ | 8-5-1958 | " | 26 |
| 60. | ਸ਼ੁਕਰ | 15.-5-1958 | " | 27 |
| 61. | ਤੇਰੀ ਪਿਆਰ ਵਿੱਟੰਗ | 22-5-1958 | " | 28 |
| 62. | ਹਜ਼ੂਰੀ ਦੀ ਪਹੁੰਚ | 29-5-1958 | " | 29 |
| 63. | ਤੁਹਾਡੇ ਪਿਆਰ ਦਾ ਚਸਕਾ | 5-6-1958 | " | 30 |
| 64. | ਨੀਮੀ ਤੇ ਛੋਟੀ ਉਮਰ | 12-6-1958 | " | 31 |
| 65. | ਖੇਡੇ ਦੀ ਖੇਲ | 19-6-1958 | " | 32 |

| 1 | 2 | 3 | 4 | 5 |
|---|---|---|---|---|
| 66. | ਸੁਰ ਮੇਲ | 26-6-1958 | 59 | 33 |
| 67. | ਮਹਿੰਗੇ ਸੌਦੇ | 3-7-1958 | " | 34 |
| 68. | ਸੁਹਣਿਆਂ ਦਾ ਸੁਹਣਾ | 10-7-1958 | " | 35 |
| 69. | ਲਗ ਲਾਏ ਦੀ ਲਾਜ | 17-7-1958 | " | 36 |
| 70. | ਨਿਰਾਸਤਾ ਵਿਚ ਆਸ | 24-7-1958 | " | 37 |
| 71. | ਸੁਹਣਿਆਂ ਦਾ ਸੁਹਣਾ | 31-7-1958 | " | 38 |
| 72. | ਲਪਟ | 7-8-1958 | " | 39 |
| 73. | ਘਾਟ ਮੋਲਾ ਦੀ | 14-8-1958 | " | 40 |
| 74. | ਸਦੈਵੀ ਛਿਨ | 21-8-1958 | " | 41 |
| 75. | ਦਰਦਰ ਅੰਦਰੋਂ | 28-8-1958 | " | 42 |
| 76. | ਜਾਓ ਨਾ | 4-9-1958 | " | 43 |
| 77. | ਲੋਹਾ ਤੇ ਫੌਲਾਦ | 11-9-1958 | " | 44 |
| 78. | ਨੱਸ ਗਿਓ | 18-9-1958 | " | 45 |
| 79. | ਕੋਈ ਮੰਤਰ ਐਸਾ ਪੂਕੋ | 25-9-1958 | " | 46 |
| 80. | ਭਾਵੇ ਸੁ ਓਦਾਂ ਕਰ ਦਈਂ | 2-10-1958 | " | 47 |
| 81. | ਹੋ ਜਾ | 9-10-1958 | " | 48 |
| 82. | ਅਕੰਟਕ ਸੁੱਖ | 16-10-1958 | " | 49 |
| 83. | ਕਸ਼ਮੀਰ ਨਜ਼ਾਰੇ (ਸੁਗਾਮ) | 23-10-1958 | " | 50 |
| 84. | ਤੇਰੀ ਛੁਹ | 30-10-1958 | " | 51 |
| 85. | ਆਤਮਾ | 6-11-1958 | " | 52 |
| 86. | ਚਿਣਗ ਦਰਸ | 20-11-1958 | 60 | 1-2 |
| 87. | ਕੋਟੀ | 4-12-1958 | " | 3 |
| 88. | ਸੁੰਦਰਤਾ ਵਿਚ ਸੁੰਦਰ | 11-12-1958 | " | 4 |
| 89. | ਦਿਲ ਤੁਲਨਾ | 18-12-1958 | " | 5 |
| 90. | ਕੁਪਾਤੇ | 25-12-1958 | " | 6 |
| 91. | ਤੇਰੀ ਖਿੱਚ | 8-1-1959 | " | 8 |
| 92. | ਸੁਹਣੇ ਦਰਸ਼ਨ | 22-1-1959 | " | 9 |
| 93. | ਉਹ ਥਾਂ ਕਿੱਥੇ | 29-1-1959 | " | 10 |
| 94. | ਬਿਜਲੀ ਤੋਂ ਪੁੱਛ | 5-2-1959 | " | 11 |
| 95. | ਦਿਲ ਦਾ ਹਿਰਨ ਵਾਲਾ | 12-2-1959 | " | 12 |
| 96. | ਇਕ, ਦੋ, ਚਾਰ | 19-2-1959 | " | 13 |
| 97. | ਅੰਗਾਰ ਸੰਗਾਰ | 26-2-1959 | " | 14 |
| 98. | ਟਿਕਾਓ | 5-3-1959 | " | 15 |
| 99. | ਨਰਕ | 12-3-1959 | " | 16 |
| 100. | ਆਪ ਸਹਾਰੇ | 19-3-1959 | " | 17 |
| 101. | ਬਿਨ ਮਾਵਾਂ | 26-3-1959 | " | 18 |
| 102. | ਲੁਕ ਕਿਉਂ ਬਹਿਨੈਂ | 2-4-1959 | " | 19 |
| 103. | ਆਕਾਸ਼ ਬਾਣੀ | 9-4-1959 | " | 20 |

| 1 | 2 | 3 xx | 4 | 5 |
|---|---|---|---|---|
| 104. | ਕਿਝ ਭਰ ਲੀ ਕਲਾਵੇ | 23-4-1959 | 60 | 21 |
| 105. | ਮਿਲ ਪਉ | 30-4-1959 | " | 22 |
| 106. | ਹਨੇਰੀ ਨਾਲ ਝੰਬੀ ਪਈ ਅੰਬੀ | 7-5-1959 | " | 23 |
| 107. | ਨਿਆਂ ਤੇ ਤਰਸ | 14-5-1959 | " | 24 |
| 108. | ਸੋਨੇ ਦੀ ਲੁੱਟ | 21-5-1959 | " | 25 |
| 109. | ਲੇਖ ਮਿਟਾਉਣ ਦੀ ਜੁਗਤਿ | 28-5-1959 | " | 26 |
| 110. | ਭੁਚ | 4-6-1959 | " | 27 |
| 111. | ਹੰਸ | 11-6-1959 | " | 28 |
| 112. | ਮੁਸ਼ਕ ਦੇ ਕਿੱਕਰ ਦੀ ਲੂਕ | 18-6-1959 | " | 29 |
| 113. | ਜ਼ੋਰਾਵਰ ਦਾ ਧੱਕਾ | 25-6-1959 | " | 30 |
| 114. | ਤੁਲਦਾ ਤੇਲ | 2-7-1959 | " | 31 |
| 115. | ਕਿਉਂ ਖੜਿਆ ? | 9-7-1959 | " | 32 |
| 116. | ਧਨੀ ਤੇ ਹਰ ਧਨੀ | 16-7-1959 | " | 33 |
| 117. | ਨਦੀ | 23-7-1959 | " | 34 |
| 118. | ਅਰਦਾਸ | 30-7-1959 | " | 35 |
| 119. | ਲਾਦਣ ਵਾਲੇ ਦੀ ਝੂਮ | 6-8-1959 | " | 36 |
| 120. | ਪਿਆਰ ਕੈਦੀ ਵਿਚ ਪੀੜ | 13-8-1959 | " | 37 |
| 121. | ਨਿਰਜਨ ਬਨ ਦੇ ਬ੍ਰਿਛਾਂ ਦੀ ਮਨੁੱਖ ਨੂੰ ਉਪਦੇਸ਼ | 20-8-1959 | " | 38 |
| 122. | ਮੁਸ਼ਕਤ ਦਾ ਮੁਖ/ਫਲ | 27-8-1959 | " | 39 |
| 123. | ਯਾਦ | 3-9-1959 | " | 40 |
| 124. | ਛਾਵਲਾ | 10-9-1959 | " | 41 |
| 125 | ਅਨ- ਖੇੜੇ ਤੋਂ ਬੇਪ੍ਰਵਾਹ | 17-9-1959 | " | 42 |
| 126. | ਅਰਦਾਸ | 24-9-1959 | " | 43 |
| 127. | ਕਿੱਥੇ ਗਏ | 1-10-1959 | " | 44 |
| 128. | ਅਮਾਨ | 8-10-1959 | " | 45 |
| 129. | ਦਰਦੇ ਦਿਲ | 15-10-1959 | " | 46 |
| 130. | ਦਰ ਚੌਣਟੀ | 22-10-1959 | " | 47 |
| 131. | ਤਿੱਤਰ | 5-11-1959 | " | 48 |
| 132. | ਮੇਰੀ ਝੋਲੀ ਤੇਰੀ ਤੌਫ਼ੀਕ | 12-11-1959 | 61 | 1 |
| 133. | ਅਨੰਤ ਖਿਮਾ | 19-11-1959 | 61 | 2 |
| 134. | ਡੂੰਘਾ ਗਗਨੀ ਨੀਲ | 26-12-1959 | " | 3 |
| 135. | ਦਿਲ ਤੁਲਨਾ ਦੀ ਗੀਟਕ ਅੰਸ਼ | 3-12-1959 | " | 4 |
| 136. | ਕੰਘੀ ਤੇ ਹੱਥ ਫੇਰ | 10-12-1959 | " | 5 |
| 137. | ਮੁੱਖਾਂ ਦੀ ਸਾਰ | 17-12-1959 | " | 6 |
| 138. | ਲਖਨੌਰ ਯਾਤਰਾ | 31-12-1959 | " | 7 |
| 139. | ਗੀਤ ਗਗਨ ਦੇ ਪੰਛੀ | 14-1-1959 | " | 9 |
| 140. | ਨਵਾਂ ਸਾਲ | 21-1-1960 | " | 10 |
| 141. | ਅਚਿੰਤਤਾਈ | 28-1-1960 | " | 11 |
| 142. | ਦੁੱਖ ਸੁੱਖ | 4-2-1960 | " | 12 |

| 1. | 2 | 3 | 4 | 5 |
|---|---|---|---|---|
| 143. | ਪਰਦੇ ਹੇਠਾਂ | 11-2-1960 | 61 | 13 |
| 144. | ਪਾਰਸ ਛੂਹ | 18-2-1960 | " | 14 |
| 145. | ਤੁਹਾਡੀ ਸੁਗੰਧੀ | 25-2-1960. | " | 15 |
| 146. | ਨੂਰ ਲੱਦਾ ਜਾ | 3-3-1960 | " | 16 |
| 147. | ਮੇਲਾ | 10-3-1960 | " | 17 |
| 148. | ਦਾਖਾਂ ਤੇ ਦਾਰੂ | 17-3-1960 | " | 18 |
| 149. | ਅਨੰਤ ਲਗਨ | 24-3-1960 | " | 19 |
| 150. | ਇਕ ਸਦ੍ਰਤਾ (ਗ਼ਜ਼ਲ) | 31-3-1960 | " | 20 |
| 151. | ਨੈਣਾਂ ਵਾਲੇ ਨੈਣ | 7-4-1960 | " | 21 |
| 152. | ਹਾਜ਼ਰ ਤੇ ਹਜ਼ੂਰੀ | 21-4-1960 | " | 22 |
| 153. | ਪਰ ਖਲੋਤੀ ਨਜ਼ਰ | 28-4-1960 | " | 23 |
| 154. | ਰਮਜ਼ ਦਏ ਪਰ | 5-5-1960 | " | 24 |
| 155. | ਮਾਨਸ ਬਲ | 12-5-1960 | " | 25 |
| 156. | ਦਿਲ ਗਿਆ ਦਿਦਾਰ ਵੱਲ | 19-5-1960 | " | 26 |
| 157. | ਉਹੀ | 26-5-1960 | " | 27 |
| 158. | ਪ੍ਰਤੀਕ | 9-6-1960 | " | 28 |
| 159. | ਵਿਛੜੇ ਦੀ ਯਾਦ | 16-6-1960 | " | 29 |
| 160. | ਪਯਾਰ ਨਕਸ਼ | 23-6-1960 | " | 30 |
| 161. | ਖੁਸ਼ੀ ਰਹਿਣ | 30-6-1960 | " | 31 |
| 162. | ਸੰਗ ਸੰਗ ਗਏ ਹੱਥ | 7-7-1960 | " | 32 |
| 163. | ਘੱਪਲੇ | 14-7-1960 | " | 33 |
| 164. | ਹਸਦੇ | 21-7-1960 | " | 34 |
| 165. | ਨਾ ਮਹਿਰਮ | 28-7-1960 | " | 35 |
| 166. | ਖ਼ਾਤਰ | 4-8-1960 | " | 36 |
| 167. | ਮਹਿਰਮ ਦਾ ਸੰਗ | 11-8-1960 | " | 37 |
| 168. | ਨਿਰਲੇਪ | 18-8-1960 | " | 38 |
| 169. | ਘਟੇ ਤੇ ਪੇਉਂਦ | 25-8-1960 | " | 39 |
| 170. | ਦੁੱਖ | 1-9-1960 | " | 40 |
| 171. | ਬੁਝਾਰਤ | 8-9-1960 | " | 41 |
| 172. | ਦੂਰ ਮੰਜ਼ਲਾਂ ਦਾ ਝਾਕਾ | 15-9-1960 | " | 42 |
| 173. | ਕਾਇਰਾਂ ਨੂੰ | 22-9-1960 | " | 43 |
| 174. | ਰਾਗੀਆਂ ਨੂੰ | 29-9-1960 | " | 44 |
| 175. | ਕੁਰ ਪਾਸ ਯਾਤਰਾ | 6-10-1960 | " | 45 |
| 176. | ਵਲ | 13-10-1960 | " | 46 |
| 177. | ਵੇਲੇ ਸਿਰ ਦਾ ਦਿੱਤਾ | 20-10-1960 | " | 47 |
| 178. | ਕਿਨਾ ਮਿਲੇ ਜਾ ਜੁੜੇ (ਦੋਹਾ) | 3-11-1960 | 62 | 1 |
| 179. | ਕਾਫ਼ਲੀ ਵਿਚ ਬੀਤੀ ਦਾ ਜਾਣਾ | 10-11-1960 | " | 2 |
| 180. | ਸੂਰਜ ਡੁੱਬਣਿਆਂ ਪਿਛੋਂ ਫਰਜ਼ਾਂ ਦੇ ਰੰਗ | 17-11-1960 | " | 3 |

| 1 | 2 | 3 | 4 | 5 |
|---|---|---|---|---|
| 181. | ਮਾਇਆ ਨਾਰੀ | 24-11-1960 | 62 | 4 |
| 182. | ਨਾਮ ਰੂਪ | 1-12-60 | " | 5 |
| 183. | ਗੈਬ ਦੀ ਆਵਾਜ਼ | 8-12-1960 | " | 6 |
| 184. | ਸ਼ਿਕਵਾ | 15-12-1960 | " | 7 |
| 185. | ਪਾਗਲੇ ਖਾਤ | 22.12-1960 | | 8 |
| 186. | ਸੁਣ ਵੇ ਮਲਾਹਾ | 5-1-1961 | " | 9 |
| 187. | ਫ਼ਨ | 12-1-1961 | " | 10 |
| 188. | ਦੋ ਦੋਹੇ | 19-1-1961 | " | 11 |
| 189. | ਆਤਮ ਸੁਤੰਤਰਤਾ | 26-1-1961 | " | 12 |
| 190. | ਬੇਖਾ ਪਾਣੀ | 2-2-1961 | " | 13 |
| 191. | ਜਗਤ ਦੇ ਚਾਲੇ | 9-2-1961 | " | 14 |
| 192. | ਇਸ ਦੁਨੀਆਂ ਮੇਂ ਕਉਨ ਹਮਾਰਾ | 16-2-1961 | " | 15 |
| 193. | ਗੱਲ ਲਾ ਲੈ | 23-2-1961 | " | 16 |
| 194. | ਮੌਤ ਤੇ ਮਿਲਾਪ | 2-3-1961 | " | 17 |
| 195. | ਯਾਦ | 9-3-1961 | " | 18 |
| 196. | ਸੁਆਦ(ਸੋਰਠਾ) | 16-3-1961 | " | 19 |
| 197. | ਮੇਰੀ ਰਸਨਾ | 23-3-1961 | " | 20 |
| 198. | ਪਿੰਜਰਿਓਂ ਛੁੱਟੀ ਬੁਲਬੁਲ | 30-3-1961 | " | 21 |
| 199 | ਕਰਤਾ | 13-4-1961 | " | 22 |
| 200. | ਆ ਮਿਲੋ ਮੈਨੂੰ | 20-4-1961 | " | 23 |
| 201 | ਨਿੰਦਿਆ | 27-4-1961 | " | 24 |
| 202. | ਬੁਲਬੁਲ ਅਤਾਰ ਨੂੰ | 4-5-1961 | " | 25 |
| 203. | ਦਾਮਨੀ ਲਿਸ਼ਕ | 11-5-1961 | " | 26 |
| 204. | ਰਤੂੜੀਆਂ ਕਲਾਂ | 18-5-1961 | " | 27 |
| 205. | ਭਵ- ਸਾਗਰ ਦਾ ਨੀਅ | 25-5-1961 | " | 28 |
| 206. | ਸੁਹਾਵੀ ਚੇਤ੍ਰ | 1-6-1961 | " | 29 |
| 207. | ਵੈਰਾਗ ਅਥਰੂ | 8-6-1961 | " | 30 |
| 208. | ਪ੍ਰੇਮ ਲੇਖ ਚੱਕ੍ਰਾਕਾਰ ਹੈ | 15-6-1961 | " | 31 |
| 209. | ਨਾਮ ਮਹਿਰਮ | 29-6-1961 | " | 32 |
| 210 | ਦਰਦ ਦਾ ਦਾਰੂ (ਗ਼ਜ਼ਲ) | 6-7-1961 | " | 33 |
| 211. | ਵਿਰਹਣੀ/ਚੰਦਨ ਨੂੰ | 13-7-1961 | " | 34 |
| 212 | ਮਿੱਠੀਆਂ ਚੁਸਕੀਆਂ } | 20-7-1961 | " | 35 |
| [illegible] | ਉਹੀ } | 27-7-1961 | " | 36 |
| [illegible] | ਉਹੀ } | 3-8-1961 | " | 37 |
| 21[illegible]. | ਫੁਟਸ ਨਾਏ | 10-8-1961 | " | 38 |
| 21[illegible]. | ਨਾਚ ਕੁਆਰੀ | 17-8-61 | " | 39 |
| 21[illegible]. | ਅਰਦਾਸ | 24-8-1961 | " | 40 |

| 1 | 2 | 3 | 4 | 5 |
|---|---|---|---|---|
| | ਅਰਦਾਸ) | 31-8-1961 | 62 | 41 |
| | ਉਹੀ | 7-9-1961 | " | 42 |
| | ਉਹੀ | 14-9-1961 | " | 43 |
| | ਉਹੀ | 21-9-1961 | " | 44 |
| 216 | ਪੰਛੀ ਤੁਮਾਂ ਨੂੰ | 28-9-1961 | " | 45 |
| 217. | ਹੰਜ (ਗ਼ਜ਼ਲ) | 5-10-1961 | " | 46 |
| 218. | ਤੂਹ ਸਾਧੂ ਮੈਂ ਚਾਕ | 12-10-1961 | " | 47 |
| 219. | ਪ੍ਰੇਮ ਦੀ ਹੱਟੀ | 19-10-1961 | " | 48 |
| 220. | ਚਿਰਾਗ਼ ਤੇ ਵੱਛਾ | 26-10-1961 | " | 49 |
| 221. | ਕੰਡਾ ਤੇ ਬੁਲਬੁਲ | 2-11-1961 | " | 50 |
| 222. | ਸਾਈਂ ਦੀ ਸੰਭਾਲ | 9-11-1961 | " | 51 |
| 223. | ਤੇਰੀ ਖ਼ਿਆਲ ਸੈਨਤ ਮਸਤਾਂ ਦੇ ਸਰਵਰਾਂ | 16-11-1961 | 63 | 1 |
| 224. | ਤੂਹੀ ਹੋਵੇ ਲੋਅ | 7-12-1961 | 63 | 3 |
| 225. | ਨੈਣ ਤੇ ਕਮਲ | 14-12-1961 | " | 4 |
| 226. | ਘਟਾ ਤੇ ਚੰਦ | 21-12-1961 | " | 5 |
| 227. | ਹਿਮਾਲਯ | 28-12-1961 | " | 6 |
| 228. | ਦਿਲਦਾਰ ਰੁੱਖ | 11-1-1962 | " | 7 |
| 229. | ਮੋਤੀ ਤੇ ਚਨੇਰੀ | 18-1-1962 | " | 8 |
| 230. | ਪੂਰਣ ਦੀ ਤਾਣ | 25-1-62 | " | 9 |
| 231. | ਰੰਗਲਿਆਂ ਵਿਚ ਵਾਸ | 1-2-1962 | " | 10 |
| 232. | ਪਾਰ ਨਾ ਪਾਇਆ ਜਾਵੇ | 8-2-1962 | " | 11 |
| 233. | ਸੇਬ ਦੇ ਲਾਲ ਲਾਲ ਦਿਲ ਖਿੜਦਾ ਹੈ | 15-2-1962 | " | 12 |
| 234. | ਤੇਰੀ ਤੁਰੀ ਰਹੇ ਖ਼ੁਸ਼ਬੋ | 22-2-1962 | " | 13 |
| 235. | ਨੀਰ | 1-3-1962 | " | 14 |
| 236. | ਜ਼ਹਿਰੀਲੇ ਫੁੱਲ | 8-3-1962 | " | 15 |
| 237 | ਹਰਿ ਸੋ ਬਧੈ ਸਨੇਹ | 15-3-1962 | " | 16 |
| 238. | ਬੁਸ਼ਾਰਤ (ਖ਼ੁਸ਼ ਖ਼ਬਰੀ) | 22-3-1962 | " | 17 |
| 239. | ਚਾਰ ਨਦੀਆਂ ਦਾ ਸੰਗਮ | 5-4-1962 | " | 18 |
| 240. | ਕਹੇ ਇਹਨਾਂ ਦੇ ਨ ਪੀਵੀਂ (ਗ਼ਜ਼ਲ) | 12-4-1962 | " | 19 |
| 241. | ਸੰਸਾਰ ਦਾ ਕੰਡਾ ਪਣ (ਗ਼ਜ਼ਲ) | 19-4-1962 | " | 20 |
| 242. | ਹਰਿ ਰਸ ਕੀ ਪਨਿਹਾਰ | 26-4-1962 | " | 21 |
| 243. | ਫੁੱਲਣ ਦਾ ਨਜ਼ਾਰਾ | 3-5-1962 | " | 22 |
| 244. | ਵੀਰ ਆਗਮ | 10-5-1962 | " | 23 |
| 245. | ਦਰ ਖੁਲ੍ਹ ਅੰਮ੍ਰਿਤ | 17-5-1962 | " | 24 |
| 246. | ਫਲਦਾਰ ਬ੍ਰਿਛ | 24-5-1962 | " | 25 |
| 247. | ਟੁੱਟੀ ਹੋਈ ਕਲੀ | 3 -5-1962 | " | 26 |

| 1 | 2 | 3 | 4 | 5 |
|---|---|---|---|---|
| 248. | ਜੀਵਨ ਮੁਕਤ | 7-6-1962 | 63 | 27 |
| 249. | ਲਾ ਮਕਾਂ ਦਾ ਅੰਬਰ | 14-6-1962 | " | 28 |
| 250. | ਉੱਠਣ ਦਾ ਤਾਣ | 21-6-1962 | " | 29 |
| 251 | ਵਿਛੋੜਾ | 28-6-1962 | " | 30 |
| 252. | ਏਹ ਨ ਮਿਲੈ ਸੀ ਰੰਜ | 5-7-1962 | " | 31 |
| 253 | ਜਿਵ ਤੁਲੈ ਜਿਵ ਨਾਲ | 12-7-1962 | " | 32 |
| 254. | ਵੇਲਣ ਘਾਣੇ ਆਇਆ | 19-7-1962 | " | 33 |
| 255. | ਨਿਤਾਣੀ ਤੁੱਲ ਖੀਵੜੀ | 26-7-1962 | " | 34 |
| 256. | ਸੂਰਜ ਤੇ ਰੂਹ | 2-8-1962 | " | 35 |
| 257. | ਬਿਹਬਲ ਬਿਰਹਣੀ ਤੇ ਕੋਇਲ ) | 9-8-1962 | " | 36 |
| | ਦੂਜੀ } | 16-8-1962 | " | 37 |
| 258. | ਅਜ਼ਲਾਂ ਨਾਲ ਰੂਹਾਂ ਦਾ ਵਾਦਾ | 23-8-1962 | " | 38 |
| 259. | ਹੁਕਮ ਦੀ ਕਾਰ | 30-8-1962 | " | 39 |
| 260. | ਫਰਿਆਦ ) | [illegible]1962 | " | 40 |
| [illegible]. | ਦੂਜੀ } | 13-9-1962 | " | 41 |
| 261. | ਸੁਖ ਸਬੀਲੇ ਦੀ ਜਾਚ | 20- 9- 1962 | " | 42 |
| 262. | ਘਾਹ ਦੇ ਤੁਕੜੇ ਤੋਂ | 27-9-1962 | " | 43 |
| 263. | ਵਿੱਤ | 4-10-1962 | " | 44 |
| 264. | ਸਾਥੇ ਨਾਲ ਮੇਲ | 11-10-1962 | " | 45 |
| 265. | ਖੁਸ਼ੀ ਵਿਚ ਖੁਸ਼ੀ | 18-10-1962 | " | 46 |
| 266. | ਆਂਦਰਾਂ ਠਰਠਰ ਰਹੀਆਂ | 25-10-1962 | " | 47 |
| 267. | ਕੋਈ ਬਿਜਲੀ ਹੈ ਕੈ ਆ ਕੂਹੀ | 8-11-1962 | 64 | 1 |
| 268. | ਨਾਮ ਨਸ਼ਾ, ਮਾਨ ਨਸ਼ਾ | 15-11-1962 | " | 2 |
| 269 | ਬ੍ਰਹਮ ਮ੍ਰਮਤਾ | 21-11-1962 | " | 3 |
| 270. | ਮਾਂ ਦੀਆਂ ਮੋਹ ਤਰਾਵਾਂ | 31-1-1963 | " | 12 |
| 271. | ਰਜ਼ਾਈ ਇਨਸਾਨ ਨੂੰ | 7-2-1963 | " | 13 |
| 272. | ਬੋਰੁ ਕਰ, ਬੋਰੁ ਨਾ ਕਰ | 14-2-1963 | " | 14 |
| 273. | ਸੰਗੀਤਕ ਠੇਕ | 21-2-1963 | " | 15 |
| 274. | ਸੁਭਾਰਤ | 28-2-1963 | " | 16 |
| 275. | ਜਾਲਕ੍ਰਮ ਤੇ ਕਮਲ | 7-3-1963 | " | 17 |
| 276. | ਵਿਦਾਇਗੀ | 14-3-1963 | " | 18 |
| 277. | ਰਮਜ਼ ਫਕੀਰੀ | 28-3-1963 | " | 20 |
| 278. | ਵਿਖਮਤਾ ਹੇਠ ਸਦ੍ਰਿਸ਼ਤਾ | 11-4-1963 | " | 21 |
| 279. | ਨਵੇਂ ਜੁਗ ਦਾ ਜੋ ਇਕ ਇਕ ਨਾਮ | 6-6-1963 | " | 30 |
| 280. | ਸੁਹਾਵੀ ਰੂਹ | 5-9-1963 | " | 43 |
| 281. | ਕੰਡੇ ਫੁੱਲ | 12-9-1963 | " | 44 |
| 282. | ਉਮਰ ਵਿਛੋੜਾ | 26-9-1963 | " | 45 |
| 283. | ਫਕੀਰਾ | 3-10-1963 | " | 46 |

| 1 | 2 | 3 | 4 | 5 |
|---|---|---|---|---|
| 284. | ਨੂਰੀ ਦਰਸ਼ਨ | 5-12-1963 | 65 | 7 |
| 285. | ਜਿੰਦ ਤੇ ਸਰੀਰ | 12-12-1963 | 65 | 8 |
| 286. | ਮੰਗਤ ਮੰਗ | 19/26-12-1963 | " | 9-10 |
| 287. | ਨਾ ਖਾਰਜ ਤੂੰ ਕਰੇਂ ਖਰਜ਼ੀ | 2-1-1964 | " | 11 |
| 288. | ਦੇਵ ਭੇਵ | 9-1-1964 | " | 12 |
| 289. | ਨੇਕ ਸਲਾਹ | 16-1-1964 | " | 13 |
| 290. | ਨਵਾਂ ਪ੍ਰੇਮ ਰਾਜ | 23-1-1964 | " | 14 |
| 291. | ਪੂਰਨ ਜਹਾਜ਼ਾਂ ਦਾ ਸੰਦੇਸ਼ | 30-1-1964 | " | 15 |
| 292. | ਨਾਥ ਕਿ ਅਨਾਥ | 6-2-1964 | " | 16 |
| 293. | ਪ੍ਰੇਮ ਪਿਆਲੀ | 13-2-1964 | " | 17 |
| 294. | ਲਾ ਵਾਰਿਸ ਤੇ ਵਾਰਿਸ | 20-2-1964 | " | 18 |
| 295. | ਮੁੱਰਾ ਦਿਲ | 27-2-1964 | " | 19 |
| 296. | ਹਿਜਰ ਵਿਚ ਰੋਣਾ | 5-3-1964 | " | 20 |
| 297. | ਆਪ ਛੁਪਾਵਣ | 12-3-1964 | " | 21 |
| 298. | ਮੇਲ ਖੇਲ | 4-6-1964 | " | 33 |
| 299. | ਨੇਕੀ ਕਰਨੀ | 25-6-1964 | " | 34 |
| 300. | ਅਰਸ਼ੀ ਸਾਥੀ ਤ੍ਰੈਲ | 2-7-1964 | " | 37 |
| 301. | ਇਕ ਪ੍ਰਸ਼ਨ | 9-7-1964 | " | 38 |
| 302. | ਅਸਲੀਅਤ ਦੀ ਦੁਲਹਨ | 16-7-1964 | " | 39 |
| 303. | ਲਿਖਾਰੀ ਨੂੰ | 23-7-1964 | " | 40 |
| 304. | ਤੇਜ ਪੰਛੂ ਦਾ ਬ੍ਰਿਛ | 30-7-1964 | " | 41 |
| 305. | ਕੋਮਲ ਹੁਨਰ ਕੂੰਕਾਂ ਕਿ ਬੋਲਣਾ | 6-8-1964 | " | 42 |
| 306 | ਅਸਲੀ ਸੁਖੀ ਜੀਵਨ | 13-8-1964 | " | 43 |
| 307. | ਚਿੱਟਾ ਨੂਰ | 20-8-1964 | " | 44 |
| 308. | ਸਚ ਖੰਡ ਸ੍ਰੀ ਹਜ਼ੂਰ ਸਾਹਿਬ | 27-8-1964 | " | 45 |
| 309. | ਸ੍ਰੀ ਹਜ਼ੂਰ ਸਾਹਿਬ 'ਰਸ-ਸਾਦ' | 3-9-1964 | " | 46 |
| 310. | ਕੀ ਕਰਾਂ ਰੂਪਾ ? | 10-9-1964 | " | 47 |
| 311. | ਦੁਮੇਲ ਦੇ ਪਾਣੀਆਂ ਦਾ ਨਾਚ (ਕਸ਼ਮੀਰ ਦਾ ਇਤਿਹਾਸ) | 17-9-1964 | " | 48 |
| 312. | ਕਰਨੀ ਤੇ | 24-9-1964 | " | 49 |
| 313 | ਅਲ ਪੈਂਘਰ ਦੀ ਗੋਦ | 1-10-1964 | " | 50 |
| 314. | ਛੂਹੀ ਮੂਹੀ ਬੂਟੀ | 8-10-1964 | " | 51 |
| 315. | ਅਫ਼ਰਵਾਟ ਚੋਟੀ ਤੇ | 15-10-1964 | " | 52 |
| 316. | ਸ੍ਰਾਧਿ ਪ੍ਰਭਾ (ਪੰਡਿਤ ਜੈਪੁਰ ਤੇ ਚਾਂਦਨੀ) | 22-10-1964 | " | 53 |
| 317. | ਇਸ਼ਕ ਤੇ ਖੇੜਾ (ਗ਼ਜ਼ਲ) | 29-10-1964 | " | 54 |
| 318. | ਮੁਰਸ਼ਿਦ ਤੇ ਸ਼ਾਗਿਰਦ | 5-11-1964 | " | 55 |
| 319. | ਢੌਂਗੀ ਗੁਰੂ ਮਤਲਬੀ ਚੇਲੇ | 26-11-1964 | 66 | 3 |
| 320. | ਇਕ ਪ੍ਰਸ਼ਨ | 3-12-1964 | " | 4 |
| 321. | ਨਿਮਰਤਾ ਤੇ ਹੰਕਾਰ (ਸੋਰਠਾ) | 10-12-1964 | " | 5 |

| 1 | 2 | 3 | 4 | 5 |
|---|---|---|---|---|
| 322. | ਸੌਦਾਗਰੀ ਸ਼ੀਸ਼ਾ | 24-2-1966 | 67 | 17 |
| | ਉਹੀ | 3-3-1966 | " | 18 |
| | " | 10-3-1966 | " | 19 |
| | " | 17-3-1966 | " | 20 |
| | " | 24-3-1966 | " | 21 |
| | " | 31-3-1966 | " | 22 |
| | " | 7-4-1966 | " | 23 |
| | " | 14-4-1966 | " | 24 |
| | " | 21-4-1966 | " | 25 |
| | " | 28-4-1966 | " | 26 |
| | " | 5-5-1966 | " | 27 |
| | " | 12-5-1966 | " | 28 |
| | " | 19-5-1966 | " | 29 |
| | " | 26-5-1966 | " | 30 |
| | " | 2-6-1966 | " | 31 |
| | " | 9-6-1966 | " | 32 |
| | " | 16-6-1966 | " | 33 |
| | " | 23-6-1966 | " | 34 |
| | " | 30-6-1966 | " | 35 |
| | " | 7-7-1966 | " | 36 |
| | " | 14-7-1966 | " | 37 |
| | " | 21-7-1966 | " | 38 |
| | " | 28-7-1966 | " | 39 |
| 323. | ਪ੍ਰੀਤ ਰੀਤ | 15-9-1966 | 67 | 46 |
| 324. | ਜੈ ਪੁਰ | 22-9-1966 | " | 47 |
| 325 | ਦੋ ਲੜਾਕੇ ਬੁੱਤ | 29-9-1966 | " | 48 |
| 326. | ਨਾਸੂਰ | 6-10-1966 | " | 49 |
| 327. | ਦਰਵੇਸ਼ | 13-10-1966 | " | 50 |
| 328. | ਗਗਨੀ ਤੀਰ | 20-10-1966 | " | 51 |
| 329. | ਮੁਕ੍ਰਾਬਲ | 27-10-1966 | " | 52 |
| 330. | ਪੈਨ ਕਾਗਜ਼ | 3-11-1966 | " | 53 |
| 331. | ਟੱਲੀਆਂ ਦੀ ਆਵਾਜ਼ | 10-11-1966 | " | 54 |
| 332. | ਗਰੀਬ | 15-12-1966 | 68 | 4 |
| 333. | ਜ਼ਰਾ ਸੰਭਲ ਕੇ ਲੰਘਣਾ | 2-1-1967 | " | 7 |
| 334. | ਮੁਮਾਖ (ਗ਼ਜ਼ਲ) | 26-1-1967 | " | 9 |
| 335. | ਦੈਵੀ ਸੁੰਦਰਤਾ | 2-2-1967 | " | 10 |
| 336. | ਏਹ ਨੈਣ ਬਿਦੋਸ਼ੇ | 9-2-1967 | " | 11 |
| 337. | ਤੂੰ ਮਿਹਰਾਂ ਦੇ ਤਕੀਏ | 16-2-1967 | " | 12 |

| 1 | 2 | 3 | 4 | 5 |
|---|---|---|---|---|
| 338. | ਮਸੂਰੀ ਨੂੰ | 23-2-1967 | 68 | 13 |
| 339. | ਆਗਤ ਪਤਿਕਾ | 2-3-1967 | " | 14 |
| [illegible] | ਉਹੀ | 9-3-1967 | " | 15 |
| | " | 16-3-1967 | " | 16 |
| 340 | ਲਾਲਨ ਦੀ ਦਸਤਾਰ | 23-3-1967 | " | 17 |
| 341 | ਬੋਲਣ ਆਇਆ | 30-3-1967 | " | 18 |
| | ਉਹੀ | 6-4-1967 | " | 19 |
| | " | 20-4-1967 | " | 20 |
| | " | 27-4-1967 | " | 21 |
| 342 | ਨੈਨ ਮਾਰਗ(ਦੋਹਾ) | 10-8-1967 | " | 36 |
| 343 | ਨਾਮ ਰੂਪ | 31-8-1967 | " | 38 |
| 344. | ਪਿਆਰ ਨਿਸ਼ਾਨੀ | 7-9-1967 | " | 39 |
| 345. | ਯਾਦ | 14-9-1967 | " | 40 |
| 346. | ਜੁਦਾਈ | 21-9-1967 | " | 41 |
| 347. | ਬਚੀਏ ਖਾਹਾਂ ਉਲਾਰ | 28-9-1967 | " | 42 |
| 348. | ਪੁਕਾਰ | 5-10-1967 | " | 43 |
| 349. | ਝਲਕ ਤਾਂਘ | 12-10-1967 | " | 44 |
| 350. | ਟਿਕਾਣਾ | 19-10-1967 | " | 45 |
| 351. | ਉੱਚਾ ਉਠ | 26-10-1967 | " | 46 |
| 352. | ਯਾਦ ਤੇਰੀ | 2-11-1967 | " | 47 |
| 353. | ਪਾ ਗਏ ਝਾਤ | 7-12-1967 | 69 | 4 |
| 354. | [illegible] ਬਾਲਕ ਬੋਲੀ | 21-12-1967 | 69 | 6 |

***
**
*

## ਪਰਿਸ਼ਿਸ਼ਟ ਨੰ. 2

## ਸਹਾਇਕ ਪੁਸਤਕ-ਸੂਚੀ

ਭਾਈ ਵੀਰ ਸਿੰਘ ਜੀ ਦੀਆਂ ਰਚਨਾਵਾਂ

ਡਾ ਸੁਰਜ ਸਿੰਘ

ਲਹਿਰਾਂ ਦੇ ਹਾਰ
ਮਟਕ ਹੁਲਾਰੇ
ਬਿਜਲੀਆਂ ਦੇ ਹਾਰ
ਨਿਨਾਣ ਭਰਜਾਈ ਦਾ ਸਿਖਿਆਦਾਇਕ ਵਾਰਤਾਲਾਪ
ਪ੍ਰੀਤ ਵੀਣਾ
ਕੰਬਦੀ ਕਲਾਈ
ਕੰਤ ਮਹੇਲੀ ਦਾ ਬਾਰਾਮਾਹ
ਮੇਰੇ ਸਾਂਈਆਂ ਜੀਓ
'ਖਾਲਸਾ ਸਮਾਚਾਰ' ਸਪਤਾਹਿਕ ਵਿਚ ਪ੍ਰਕਾਸ਼ਿਤ ਅਸੰਗ੍ਰਹਿਤ

ਸੁੰਦਰੀ
ਤਿਜੈ ਸਿੰਘ
ਸਤਵੰਤ ਕੌਰ ਭਾਗ 1 ਤੇ 2
ਪੰਜ ਗ੍ਰੰਥੀ ਸਟੀਕ
ਬਾਬਾ ਨੌਧ ਸਿੰਘ
ਰਾਜਾ ਲਖਦਾਤਾ ਸਿੰਘ
ਭਰਥਰੀ ਹਰੀ ਜੀਵਨ ਤੇ ਨੀਤੀਸ਼ਤਕ
ਸ੍ਰੀ ਗੁਰੂ ਕਲਗੀਧਰ ਚਮਤਕਾਰ
ਗੁਰੂ ਪ੍ਰਤਾਪ ਸੂਰਜ ਗ੍ਰੰਥ (ਸੰਪਾਦਨਾ)
ਗੁਰੂ ਨਾਨਕ ਚਮਤਕਾਰ ਭਾਗ 1 ਤੇ 2
ਦੇਵੀ ਪੂਜਨ ਪੜਤਾਲ
ਸੰਤ ਗਾਥਾ ਭਾਗ 1
ਟੀਕਾ ਭਾਈ ਗੁਰਦਾਸ ਸਕੰਧ 2
ਅਸ਼ਟ ਗੁਰੂ ਚਮਤਕਾਰ ਭਾਗ ,1 ਤੇ ੨
ਗੁਰ ਬਾਲਮ ਸਾਖੀਆਂ, ਪਾਤਿਸ਼ਾਹੀ 1
ਗੁਰ ਬਾਲਮ ਸਾਖੀਆਂ ਪਾਤਿਸ਼ਾਹੀ 20
ਸਰਵ-ਪ੍ਰਿਯ ਸਿੱਖ ਧਰਮ
ਸਿੱਖਾਂ ਦੀ ਭਗਤ ਮਾਲਾ

ਪ੍ਰਾਚੀਨ ਪੰਥ ਪ੍ਰਕਾਸ਼ (ਸੰਪਾਦਨਾ)
ਪੁਰਾਤਨ ਜਨਮ ਸਾਖੀ (ਸੰਪਾਦਨਾ)
ਗੁਰੂ ਗ੍ਰੰਥ ਸਾਹਿਬ ਦਾ ਟੀਕਾ(ਤਕਰੀਬਨ 600 ਪੰ

ਅ.


**<u>ਪੰਜਾਬੀ ਪੁਸਤਕਾਂ</u>**

| | |
|---|---|
| ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਰਚਨਾ | ਸ. ਹਰਬੰਸ ਸਿੰਘ |
| ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁਗ | ਸ. ਸੰਤ ਸਿੰਘ ਸੇਖੋਂ |
| ਭਾਈ ਵੀਰ ਸਿੰਘ | ਸੁਰਿੰਦਰ ਸਿੰਘ ਨਰੂਲਾ |
| ਭਾਈ ਵੀਰ ਸਿੰਘ– ਇਕ ਅਧਿਐਨ | ਪੰਜਾਬੀ ਯੂਨੀਵਰਸਿਟੀ, ਪਟਿਆਲਾ |
| ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ | |
| ਭਾਈ ਵੀਰ ਸਿੰਘ ਅੰਕ | ਸਾਹਿਤ ਸਮਾਚਾਰ |

**<u>ਭਾਈ ਵੀਰ ਸਿੰਘ ਸੰਬੰਧੀ ਹੋਰ ਪੱਤਰ ਪੱਤਰਕਾਵਾਂ ਵਿਚ ਲੇਖ</u>**

| | |
|---|---|
| ਸ੍ਰੀ ਚਰਣ ਹਰਿ ਵਿਸਥਾਰ, ਭਾਗ 1 ਤੇ 2 | ਡਾ. ਬਲਬੀਰ ਸਿੰਘ |
| ਕਲਮ ਦੀ ਕਰਾਮਾਤ | ਡਾ. ਬਲਬੀਰ ਸਿੰਘ |
| ਪੰਜਾਬੀ ਸਾਹਿਤ ਦਾ ਇਤਿਹਾਸ (ਤਿੰਨ ਭਾਗ) | ਭਾਸ਼ਾ ਵਿਭਾਗ, ਪੰਜਾਬ, ਪਟਿਆਲਾ |
| ਪੰਜਾਬੀ ਸਾਹਿਤ ਦਾ ਇਤਿਹਾਸ | ਡਾ. ਸੁਰਿੰਦਰ ਸਿੰਘ ਕੋਹਲੀ |
| ਪੰਜਾਬੀ ਸਾਹਿਤ ਦਾ ਇਤਿਹਾਸ | ਡਾ. ਗੋਪਾਲ ਸਿੰਘ ਦਰਦੀ |
| ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ | ਪ੍ਰੋ. ਕ੍ਰਿਪਾਲ ਸਿੰਘ ਕਸੇਲ ਤੇ ਪਰਮਿੰਦਰਸਿੰਘ |
| ਪੰਜਾਬੀ ਸਾਹਿਤ ਦਾ ਇਤਿਹਾਸ (1700 ਈ. ਤਕ) | ਡਾ. ਗੋਪਾਲ ਸਿੰਘ |
| ਪੰਜਾਬੀ ਸਾਹਿਤ (1700-1850 ਤਕ) | ਡਾ. ਸੁਰਿੰਦਰ ਸਿੰਘ ਕੋਹਲੀ |
| ਸਾਹਿਤ ਪਰਿਚਯ (1850- 1960 ਤਕ) | ਪ੍ਰੋ. ਪਿਆਰ ਸਿੰਘ |
| ਪੰਜਾਬੀ ਜ਼ੁਬਾਨ ਦਾ ਅਦਬ ਤੇ ਤਾਰੀਖ਼ (ਪਰਸ਼ੀਅਨ ਸਕ੍ਰਿਪਟ) | ਅਬਦੁੱਲ ਗਫ਼ੂਰ ਕੁਰੈਸ਼ੀ |
| ਪੰਜਾਬ ਦੇ ਹੀਰੇ | ਮੌਲਾ ਬਖ਼ਸ਼ ਕੁਸ਼ਤਾ |
| ਪੰਜਾਬੀ ਸ਼ਾਇਰਾਂ ਦਾ ਤਜ਼ਕਰਾ (ਪਰਸ਼ੀਅਨ ਸਕ੍ਰਿਪਟ) | ਉਹੀ |
| ਹੰਸ ਚੋਗ | ਬਾਵਾ ਬੁੱਧ ਸਿੰਘ |
| ਕੋਇਲ ਕੂ | ਉਹੀ |
| ਬੰਬੀਹਾ ਬੋਲ | ਉਹੀ |
| ਸਾਹਿਤ ਦਰਸ਼ਨ | ਪ੍ਰਿੰ. ਤੇਜਾ ਸਿੰਘ |
| ਪੰਜਾਬੀ ਕਾਵਿ ਸ਼ਿਰੋਮਣੀ | ਸੰਤ ਸਿੰਘ ਸੇਖੋਂ |
| ਪ੍ਰਸਿੱਧ ਪੰਜਾਬੀ ਕਵੀ | ਉਹੀ |
| ਪੰਜਾਬੀ ਕਵਿਤਾ ਦੇ ਸੌ ਸਾਲ | ਪਿਆਰਾ ਸਿੰਘ ਭੋਗਲ |
| ਆਧੁਨਿਕ ਪੰਜਾਬੀ ਕਵਿਤਾ | ਡਾ. ਮੋਹਨ ਸਿੰਘ ਦੀਵਾਨਾ |
| ਪੰਜਾਬੀ ਕਵਿਤਾ- ਪਰੰਪਰਾ ਤੇ ਵਿਕਾਸ | ਪ੍ਰੋ. ਪਿਆਰ ਸਿੰਘ |
| ਪੁਰਾਤਨ ਪੰਜਾਬੀ ਕਾਵਿ ਦਾ ਵਿਕਾਸ | ਸ.ਸ. ਅਮੋਲ |
| ਕਾਵਿ ਦਰਸ਼ਨ | ਪ੍ਰੋ. ਸੁਖਪਾਲਵੀਰ ਸਿੰਘ ਹਸਰਤ |
| ਆਧੁਨਿਕ ਕਾਵਿ ਅੰਕ | ਸਾਹਿਤ ਸਮਾਚਾਰ |
| ਕਾਵਿ ਅਧਿਐਨ | ਪ੍ਰੋ. ਅਤਰ ਸਿੰਘ |
| ਦ੍ਰਿਸ਼ਟੀਕੋਣ | ਉਹੀ |
| ਵਿਚਾਰਧਾਰਾ | ਡਾ. ਰਤਨਸਿੰਘ ਜੱਗੀ |
| ਸਾਹਿਤ ਵਿਵੇਚਨ | ਪ੍ਰੋ. ਪ੍ਰੇਮਪ੍ਰਕਾਸ਼ ਸਿੰਘ |
| ਭਾਰਤੀ ਕਾਵਿ ਸ਼ਾਸਤਰ | ਉਹੀ |
| ਪ੍ਰਯੋਗਸ਼ੀਲ ਲਹਿਰ ਦਾ ਸਿਧਾਂਤਿਕ ਪਿਛੋਕੜ | ਡਾ. ਜਸਬੀਰ ਸਿੰਘ ਆਹਲੂਵਾਲੀਆ |

## ੲ.


| | |
|---|---|
| ਆਲੋਚਨਾ ਦੇ ਸਿੱਧਾਂਤ | ਡਾ. ਰੋਸ਼ਨ ਲਾਲ ਆਹੂਜਾ |
| ਪੱਛਮੀ ਆਲੋਚਨਾ ਦੀ ਪਰੰਪਰਾ ਤੇ ਮੁੱਖ ਆਲੋਚਕਾਂ ਦੇ ਸਿੱਧਾਂਤ | ਉਹੀ |
| ਸਾਹਿਤ ਸ਼ਾਸਤਰ | ਉਹੀ |
| ਅਰਸਤੂ ਦਾ ਕਾਵਿ ਸਿੱਧਾਂਤ | ਡਾ. ਨਗੇਂਦਰ |
| ਪੰਜਾਬੀ ਸਾਹਿਤ ਵਸਤੂ ਤੇ ਵਿਚਾਰ | ਡਾ. ਸੁਰਿੰਦਰ ਸਿੰਘ ਕੋਹਲੀ |
| ਸਾਹਿਤ ਦੇ ਰੂਪ | ਪ੍ਰੋ. ਕ੍ਰਿਪਾਲ ਸਿੰਘ ਕਸੇਲ ਤੇ<br>ਪ੍ਰੋ. ਪਰਮਿੰਦਰ ਸਿੰਘ |
| ਸਾਹਿਤ ਦੀ ਰੂਪ ਰੇਖਾ | ਡਾ. ਗੁਰਚਰਨ ਸਿੰਘ |
| ਰੁਮਾਂਟਿਕ ਪੰਜਾਬੀ ਕਵੀ | ਡਾ. ਗੋਪਾਲ ਸਿੰਘ ਦਰਦੀ |
| ਸਮਕਾਲੀ ਪੰਜਾਬੀ ਸਾਹਿਤ-ਇਕ ਅਧਿਐਨ | ਪੰਜਾਬੀ ਯੂਨੀਵਰਸਿਟੀ, ਪਟਿਆਲਾ |
| ਕਾਮਾਇਨੀ | ਜੈਸ਼ੰਕਰ ਪ੍ਰਸਾਦ |
| ਬਾਂਗਿ ਦਰਾ | ਡਾ. ਇਕਬਾਲ |
| ਸਾਹਿਤ ਮੁਲਿਆਂਕਣ | ਅਮਰਜੀਤ ਸਿੰਘ |
| ਗੁਰੂ ਨਾਨਕ ਦਰਸ਼ਨ | ਡਾ. ਕਾਲਾ ਸਿੰਘ ਬੇਦੀ |
| ਗੁਰੂ ਨਾਨਕ ਚਿੰਤਨ ਤੇ ਕਲਾ | ਡਾ. ਤਾਰਨ ਸਿੰਘ |
| ਸੂਫ਼ੀਵਾਦ ਤੇ ਹੋਰ ਲੇਖ | ਪ੍ਰੋ. ਦੀਵਾਨ ਸਿੰਘ |
| ਪੂਰਨ ਸਿੰਘ ਜੀਵਨ ਤੇ ਰਚਨਾ | ਮਹਿੰਦਰ ਸਿੰਘ ਰੰਧਾਵਾ |
| ਮੋਹਨ ਸਿੰਘ ਤੇ ਉਸ ਦੀ ਕਵਿਤਾ | ਗੁਰਚਰਨ ਸਿੰਘ |
| ਮੋਹਨ ਸਿੰਘ ਦੀ ਕਾਵਿ ਕਲਾ | ਬਲਬੀਰ ਸਿੰਘ ਦਿਲ |
| ਅੰਮ੍ਰਿਤਾ ਪ੍ਰੀਤਮ ਦੀ ਕਾਵਿ ਕਲਾ | ਗੁਰਮੁਖ ਸਿੰਘ ਜੀਤ |
| ਕਵੀ ਚਾਤ੍ਰਿਕ | ਸੁਰਜੀਤ ਸਿੰਘ ਸੇਠੀ |
| ਮਹਾਕਵੀ ਚਾਤ੍ਰਿਕ ਦੀ ਚੋਣਵੀਂ ਕਵਿਤਾ | ਪ੍ਰੋ. ਦੀਵਾਨ ਸਿੰਘ ਤੇ ਡਾ.ਰੋਸ਼ਨ ਲਾਲ ਅ |
| ਬਾਵਾ ਬਲਵੰਤ-ਇਕ ਅਧਿਐਨ | ਧਰਮਪਾਲ ਸਿੰਗਲ |
| ਖੁਲ੍ਹੇ ਲੇਖ | ਪ੍ਰੋ. ਪੂਰਨ ਸਿੰਘ |
| ਪੁਰਾਣਾ ਸਾਖਿਓਂ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਦੁਮੇਲ | ਉਹੀ |
| ਪਰਖ- ਪੜਚੋਲ | ਉਹੀ |
| ਚਾਤ੍ਰਿਕ ਅਭਿਨੰਦਨ ਗ੍ਰੰਥ | |
| ਪੰਜਾਬ ਦੀਆਂ ਲਹਿਰਾਂ | ਸ਼ਮਸ਼ੇਰ ਸਿੰਘ ਅਸ਼ੋਕ |
| ਭਗਤ ਮਤਿ ਤੇ ਗੁਰਮਤਿ | ਗਿਆਨੀ ਲਾਲ ਸਿੰਘ |
| ਗੁਰਮਤਿ ਦਰਸ਼ਨ | ਡਾ. ਸ਼ੇਰ ਸਿੰਘ |
| ਗੁਰਮਤਿ ਨਿਰਣੈ | ਭਾਈ ਜੋਧ ਸਿੰਘ |
| ਗੁਰਮਤਿ ਫਿਲਾਸਫ਼ੀ | ਗਿਆਨੀ ਪਰਤਾਪ ਸਿੰਘ |
| ਪੰਜਾਬੀ ਭਾਸ਼ਾ ਦਾ ਇਤਿਹਾਸ | ਵਿਦਿਆ ਭਾਸਕਰ ਅਰੁਣ |
| ਪੰਜਾਬੀ ਬੋਲੀ ਦਾ ਇਤਿਹਾਸ | ਸੰਤ ਸਿੰਘ ਸੇਖੋਂ |
| ਗੁਰਮੁਖੀ ਲਿੱਪੀ ਦਾ ਜਨਮ ਤੇ ਵਿਕਾਸ | ਜੀ.ਬੀ. ਸਿੰਘ |
| ਗੁਰ ਛੰਦ ਦਿਵਾਕਰ | ਕਾਨ੍ਹ ਸਿੰਘ |
| ਗੁਰ ਸ਼ਬਦ ਅਲੰਕਾਰ | ਉਹੀ |

ਸ.


| | |
|---|---|
| ਪਿੰਗਲ ਤੇ ਅਰੂਜ਼ | ਪ੍ਰੋ. ਜੋਗਿੰਦਰ ਸਿੰਘ |
| ਪਿੰਗਲ | ਪ੍ਰੋ. ਰਾਮ ਸਿੰਘ |
| ਨਵੀਨ ਪੰਜਾਬੀ ਪਿੰਗਲ | ਪ੍ਰੋ. ਕਰਤਾਰ ਸਿੰਘ |
| ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ | ਭਾਈ ਕਾਨ੍ਹ ਸਿੰਘ |
| ਪੁਰਾਤਨ ਤੇ ਆਧੁਨਿਕ ਕਵੀਆਂ ਦੀਆਂ ਕਾਵਿ ਰਚਨਾਵਾਂ | |

**<u>ਪੰਜਾਬੀ ਪੱਤਰ- ਪੱਤਰਕਾਵਾਂ</u>**

ਪੰਜਾਬੀ ਦੁਨੀਆਂ ਦੇ ਪਿਛਲੇ ਪਰਚੇ ਤੇ ਅੰਕ

ਆਲੋਚਨਾ ਦੇ ਪਿਛਲੇ ਪਰਚੇ ਤੇ ਅੰਕ

ਸਾਹਿਤ ਸਮਾਚਾਰ ਦੇ ਪਿਛਲੇ ਪਰਚੇ

ਖਾਲਸਾ ਸਮਾਚਾਰ ਸਪਤਾਹਿਕ ਤੇ ਪਿਛਲੇ ਪਰਚੇ

ਨਿਰਗੁਣਿਆਰਾ ਟ੍ਰੈਕਟ ਦੇ ਪਿਛਲੇ ਪਰਚੇ

**<u>ਹਿੰਦੀ ਪੁਸਤਕਾਂ</u>**

| | |
|---|---|
| ਹਿੰਦੀ ਸਾਹਿਤਯ ਕਾ ਇਤਿਹਾਸ | ਰਾਮ ਚੰਦਰ ਸ਼ੁਕਲ |
| ਹਿੰਦੀ ਕਾਵਿਲੰਕਾਰ ਸੂਤ੍ਰ (ਭੂਮਿਕਾ) | ਡਾ. ਨਗੇਂਦ੍ਰ |
| ਕਾਵਿ ਮੇਂ ਅਪ੍ਰਸਤੁਤ ਯੋਜਨਾ | ਰਾਮ ਦਹਿਨ ਮਿਸ਼੍ਰ |
| ਸਮੀਖਿਆ ਸ਼ਾਸਤ੍ਰ | ਦਸ਼ਰਥ ਓਝਾ |
| ਗਿਆਨਯੋਗ | ਵਿਵੇਕਾ ਨੰਦ |
| ਕਾਵ੍ਯ ਮੇਂ ਅਭਿਵਿਅੰਜਨਾਵਾਦ | ਲਕਸ਼ਮੀਨਾਰਾਇਣ 'ਸੁਧਾਂਸ਼ੂ' |
| ਪ੍ਰਕ੍ਰਿਤੀ ਔਰ ਕਾਵ੍ਯ | ਡਾ. ਰਘੁਵੰਸ਼ |
| ਸੂਫ਼ੀ ਮੱਤ ਔਰ ਹਿੰਦੀ ਸਾਹਿਤ੍ਯ | ਡਾ. ਵਿਮਲ ਕੁਮਾਰ ਜੈਨ |
| ਸੰਤ ਕਾਵ੍ਯ ਕਾ ਦਾਰਸ਼ਨਿਕ ਵਿਸ਼ਲੇਸ਼ਣ | ਡਾ. ਮਨਮੋਹਨ ਸਿੰ ਸਹਗਲ |
| ਭਾਰਤੀ ਦਰਸ਼ਨ | ਡਾ. ਬਲਦੇਵ ਉਪਾਧਿਆ |
| ਰਾਜਨੀਤੀ ਕੇ ਮੂਲ ਤੱਤ੍ਵ (ਏ ਗ੍ਰਾਮਰ ਆਫ਼ ਪਾਲਿਟਿਕਸ ਕਾ ਅਨੁਵਾਦ) | ਲਾਸਕੀ |

**<u>ਉਰਦੂ</u>**

| | |
|---|---|
| ਤਵਾਰੀਖ ਉਰਦੂ ਅਦਬ | ਰਾਮ ਬਾਬੂ ਸਕਸੈਨਾ |
| ਆਇਨੇ ਬਿਲਾਗ਼ਤ | ਮਿਰਜ਼ਾ ਮੁਹੰਮਦ ਅਸ਼ਕਰੀ |
| ਮੁਸੱਦਸੇ ਹਾਲੀ | ਅਲਤਾਫ਼ ਹੁਸੈਨ ਹਾਲੀ |
| ਸ਼ਮੀਮੇ ਅਦਬ | ਤਲੋਕ ਚੰਦ ਮਹਰੂਮ |


* * *

English

| | |
|---|---|
| Oxford Lecturers on Poetry | A.C. Bradley |
| Modern Poetry and the Tradition | C. Brooks |
| Poetry at Present | C. Williams |
| Aspects of Modern Poetry | E. Sitwell |
| Convention and Revolt in Poetry | John Livingston Lowes |
| A Critical History of English Poetry | Grierson |
| Aristotles Poetics | Butcher |
| Aristotle on the Art of Poetry | Ingram Bywater |
| The Idea of Great Poetry | L. Abercrombie |
| The Name and Nature of Poetry | A.E. Houseman |
| Theory of Literature | Welleck and Warren |
| The Making of Literature | R.A.Scott James |
| Personality in Literature | R.A. Scott James |
| Main Currents of Nineteenth Century Poetry | G.Brandes. |
| An Introduction to the study of Literature | W.H.Hudson |
| The Romantic Movement in English Literature | A Symons |
| Judgement in Literature | W. Basil Worsfold |
| Illusion and Reality | C.Caudwell |
| The outline of Literature | John Drinkwater |
| What is Classic | T.S. Eliot |
| Selected Prose (Essays) | T.S. Eliot |
| A History of English Literature | Emile Legouis and Louis Cazamian |
| A Short History of English Literature | Sir Ifor Evans |
| The Epic | Abercrombie |
| The Book of Epic | H.A.Guerber |
| Epic and Romance | W.P. Ker |
| The Forms of Poetry | Louis Untermeyer |

| | |
|---|---|
| The Anatomy of Poetry | Marjorie Boulton |
| The Nature of English Poetry | L.S. Harris |
| Narrative English Poems | Edited by W.L. Macdonald and F.C. Walker |
| The Narrative Art in Verse | N.L. Clay |
| Lyrical Forms in English | Edited by Norman Hepple |
| Longer English Poems | Edited by Len R. Gibbs |
| Poems Old and New | A.S. Cairncross |
| Metaphysical Lyrics and Poems of the Seventeenth Century | Herbert J.C. Grierson |
| Types of English Poetry | Rudolf Kirk and Clara Marburg Kirk (New York) |
| English Religious Verse | Compiled by G.Lacey |
| Five Metaphysical Poets | John Bennet |
| A Book of Narrative Verse | Treble |
| A Book of Narrative Verse | V.H. Collins |
| The Dramatic Mololgues in Modern Literary Tradition | Robert Langbaum |
| The Norton Authology of English Literature Vol. 2. | |
| Matthew Arnold | Edited by E.K. Chambers |
| Creative Imagination | J.E.Downey |
| Forms and Style of Poetry | W.P. Ker |
| Poetic Image | C.Dey Lewis |
| Metaphor in Poetry | O.G. Jerkins |
| English Prosody | Saintsbury |
| English Verse ( Five Volumes ) | Edited by W. Peacock |
| Heritage of Symbolism | C.M. Bowra |
| Divine Comedy | Dante |
| Aenied | Virgil |
| Odyssey | Homer |
| Illiad | Homer |
| Faust | Goethe |

Indian Philosophy Vol. I & II — DR. Radhakrishnan

The Religion of Veda — Bloomfield

Comparative Religion — A.C. Bouquett.

Real Hinduism — Gokal Chand Narang

An Idealist view of life — DR. Radhakrishnan

The Essential Unity of All Religions — Bhagwan Dass

Bhagwat Gita — C. Rajgopalachari

Yoga as Philosophy and Religion — Das Gupta

Sacred Books of the East — ~~The Philosophy of Religion~~ Max Muller

The Philosophy of Religion — G. Galloway

Aryan Rule in India — Havel

The Cultural Heritage of India Vol. I & II

Philosophy of Sikhs — Dr. Sher Singh

The Gospel of Guru Granth — Duncan Greenless

Sikhism — Principal Teja Singh

Some studies in Sikhism — Bhai Jodh Singh

History and Philosophy of the Sikh Religion: — Khazan Singh

The Sikh Religion — M.A. Macauliffe

The Ten Masters — Prof. Puran Singh

The Mystics Ascetics and Saints of India — John Campbell Oman

Mysticism — Evelyn Under hill

An Introduction to the History of Sufism — A.J. Arberry

The Mystic of Islam — R. A. Nicholson

In an Eastern Rose Garden — Published by the Sufi Movement

Al-Ghazzali: The Mystic — Margaret Smith.

Studies in Early Mysticism in the Near and Middle East. — Margaret Smith.

Outlines of Islami Culture Vol.II — A.M.A. Shustery.

| | |
|---|---|
| Philosophy of Religion Vol. I | Hegel |
| A Manual of Psychology | G.F. Stout |
| Basic Writings of Sigmund Freud | DR.A.A. Brill |
| An outline of Psychology | W. Mc. Dougall |
| Inquiries into Human Faculty and its Development | F. Galton. |
| The Human Mind | James Sully |
| Principles of Psychology Vol.II | William James |
| Collected Papers Vol.IV | Freud |
| A short History of the world | H.G. Wells |
| India- A Short Cultural History | Rawlinson |
| The English in India | J.A.R. Marriot |
| India Through Past and Present | H.[illegible] Frazer. |
| Social Background of Indian Nationalism | A.R.Desai. |
| Freedom Movement in India (1857-19[illegible]) Thesis | M.[illegible]. Ahluwalia |
| Subject India | H.N. Brailsford |
| A History of Indian Mutiny | Kaye and Malleson |
| The Indian War of Independence | V.D. Savarker |
| The Indian Constitutional Development and National movement. | J.[illegible]. Suda |
| Modern Religious Movement in India | J.N. Farquhar |
| Whither Minorities | [illegible].L. Dalal |
| A Brief Account of Namdharis | Shakuntala |
| The Indian Mussalmans | W.W. Hunter |
| The Indian National Congress | Nateson |
| Problem of Minorities | [illegible].L. Krishna |
| The Renaissance of India | Aurbindo Ghose |
| The British Parliamentary Debates Volumes. | Hansard |
| The Awakening of India | J. Ramsay MacDonald |

A Consolidated Glossary of Technical Terms : Central Hindi Directorate Govt. of India.

LIBRARY UNIVERSITY